# ਮਾਂ

## ਮੈਕਸਿਮ ਗੋਰਕੀ



## ਮੈਕਸਿਮ ਗੋਰਕੀ

# ਮਾਂ

# MOTHER
by M. Gorky


*in Punjabi*

ਅਨੁਵਾਦਕ : ਪ੍ਰੀਤਮ ਸਿੰਘ ਮਨਚੰਦਾ

ਪਹਿਲੀ ਵਾਰ : ਅਕਤੂਬਰ 2012

ਪ੍ਰਕਾਸ਼ਕ :
ਸ਼ਹੀਦ ਭਗਤ ਸਿੰਘ ਭਵਨ, ਸ਼ੀਲੋ ਆਣੀ ਰੋਡ, ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
**ਫੋਨ ਨੰ. 098155-87807. ਈਮੇਲ : janchetnapb@gmail.com**
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ-ਲਖਨਊ)
69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ-226006

ਛਾਪਕ : ਬ੍ਰਾਈਟ ਪ੍ਰਿੰਟਰਜ਼, ਲਕਸ਼ਮੀਪੁਰਾ, ਨੇੜੇ ਪੂਰੀ ਮਾਰਕਿਟ, ਜਲੰਧਰ



**ਮੈਕਸਿਮ ਗੋਰਕੀ**

**(29 ਮਾਰਚ 1868 - 18 ਜੂਨ 1936)**

# ਮੁਖਬੰਦ

ਹਰ ਬੋਲੀ ਵਿੱਚ ਅਜਿਹੀਆਂ ਕਿਤਾਬਾਂ ਹੁੰਦੀਆਂ ਹਨ, ਜਿਹੜੀਆਂ ਉਸ ਬੋਲੀ ਦੇ ਸਾਹਿਤ ਵਿੱਚ ਮੀਲ-ਪੱਥਰ, ਸਗੋਂ ਮੋੜ ਸਾਬਤ ਹੁੰਦੀਆਂ ਹਨ। ਰੂਸੀਆਂ ਲਈ ਅਜਿਹੀ ਇੱਕ ਕਿਤਾਬ ਮੈਕਸਿਮ ਗੋਰਕੀ ਦੀ "ਮਾਂ" ਹੈ, ਕਿਉਂਕਿ ਭਾਵੇਂ ਇਹ ਸੋਵੀਅਤ ਸੱਤਾ ਦੀ ਸਥਾਪਤੀ ਤੋਂ ਦਸ ਵਰ੍ਹੇ ਪਹਿਲਾਂ ਲਿਖੀ ਗਈ, ਅਸੀਂ ਇਹਨੂੰ ਸੋਵੀਅਤ ਸਾਹਿਤ ਦੀ ਨੀਂਹ ਵਿੱਚ ਰੱਖਿਆ ਪਹਿਲਾ ਪੱਥਰ ਸਮਝਦੇ ਹਾਂ।

"ਮਾਂ" ਪਹਿਲੀ ਵਾਰ ਰੂਸ ਵਿੱਚ 1907 ਵਿੱਚ ਛਾਪੀ ਗਈ। ਗੋਰਕੀ ਨੇ ਇਹਨੂੰ ਇੱਕ ਹੰਢੇ ਵਰਤੇ ਉਸਤਾਦ ਵਜੋਂ ਲਿਖਿਆ, ਜਿਸਨੂੰ ਆਪਣੇ ਇਤਿਹਾਸਕ ਮਿਸ਼ਨ ਦੀ ਪੂਰੀ ਸੋਝੀ ਸੀ। ਉਸ ਸਮੇਂ ਉਹਦੀ ਉਮਰ ਲਗਭਗ ਚਾਲ੍ਹੀ ਵਰ੍ਹੇ ਸੀ। ਪੰਦਰਾਂ ਵਰ੍ਹਿਆਂ ਤੋਂ ਉਹਨੇ ਆਪਣੇ ਆਪ ਨੂੰ ਸਾਹਿਤ ਅਤੇ ਜਨਤਕ ਸਰਗਰਮੀਆਂ ਦੇ ਅਰਪਨ ਕੀਤਾ ਹੋਇਆ ਸੀ। ਉਹ ਪਹਿਲਾਂ ਹੀ ਨਾਵਲ, ਕਹਾਣੀਆਂ ਅਤੇ ਨਾਟਕ ਲਿਖ ਚੁੱਕਾ ਸੀ, ਜਿਨ੍ਹਾਂ ਉਹਦੇ ਲਈ ਕੌਮਾਂਤਰੀ ਪ੍ਰਵਾਨਗੀ ਲਿਆਂਦੀ ਸੀ। ਉਹਦੀਆਂ ਰਾਜਸੀ ਸਰਗਰਮੀਆਂ ਅਤੇ ਬਾਲਸ਼ਵਿਕ ਪਾਰਟੀ ਨਾਲ਼ ਉਹਦੇ ਸਬੰਧਾਂ ਕਾਰਨ ਜ਼ਾਰਸ਼ਾਹੀ ਹਕੂਮਤ ਨੇ ਉਹਦੇ ਉੱਤੇ ਜਬਰ ਕੀਤਾ। ਉਹ ਇੱਕ ਤੋਂ ਵੱਧ ਵਾਰ ਗ੍ਰਿਫ਼ਤਾਰ ਕੀਤਾ ਗਿਆ। ਪਰ ਇਸ ਕਾਰਨ ਉਹ ਯਰਕਿਆ ਨਾਂਹ। 1905 ਦੇ ਰੂਸੀ ਇਨਕਲਾਬ ਦੌਰਾਨ-ਅਰਥਾਤ, ਰੂਸ ਵਿੱਚ "ਮਾਂ" ਦੇ ਪ੍ਰਕਾਸ਼ਤ ਹੋਣ ਤੋਂ ਦੋ ਵਰ੍ਹੇ ਪਹਿਲਾਂ-ਉਹ ਵਲਾਦੀਮੀਰ ਲੈਨਿਨ ਨੂੰ ਮਿਲਿਆ, ਜਿਹੜਾ ਉਹਦਾ ਗੂੜ੍ਹਾ ਮਿੱਤਰ ਬਣ ਗਿਆ।

ਨੱਬੇਵਿਆਂ ਵਿੱਚ ਉਹਦੇ ਰੂਸ ਵਿੱਚ ਆਵਾਰਾਗਰਦ ਭਰਮਣ, ਉਹਦੀ ਸਮਾਜੀ ਚੇਤਨਤਾ ਅਤੇ ਉਹਦੇ ਇਨਕਲਾਬੀ ਆਗਮ-ਗਿਆਨ ਨੇ ਉਹਨੂੰ ਇਸ ਯੋਗ ਬਣਾਇਆ ਕਿ ਉਹ ਰੂਸ ਨੂੰ ਆਪਣੇ ਕਿਸੇ ਹੋਰ ਸਮਕਾਲੀ ਨਾਲ਼ੋਂ ਚੰਗੇਰੀ ਤਰ੍ਹਾਂ ਵੇਖੇ ਅਤੇ ਸਮਝੇ। ਆਪਣੇ ਵਤਨ ਦੀ ਵਿਸ਼ਾਲਤਾ ਅਤੇ ਇਹਦੇ ਦ੍ਰਿਸ਼ਾਂ ਦੇ ਹੁਸਨ ਅਤੇ ਵੰਨ-ਸੁਵੰਨਤਾ ਤੋਂ ਉਹ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਅਤੇ ਨਾਲ਼ ਹੀ ਨਾਲ਼ ਆਪਣੇ ਦੇਸ਼ ਵਾਸੀਆਂ ਦੀ ਅਗਿਆਨਤਾ, ਗ਼ਰੀਬੀ ਅਤੇ ਅਕਾਰਨ ਦੁੱਖਾਂ ਨੇ ਉਹਨੂੰ ਭੈ-ਭੀਤ ਕੀਤਾ।

ਗੋਰਕੀ ਦੀਆਂ ਸਭਨਾਂ ਕਿਰਤਾਂ ਵਿੱਚ ਸਮਾਜੀ ਚੇਤਨਤਾ ਕੋਈ ਅਣੋਖੀ ਗੱਲ ਨਹੀਂ ਸੀ। ਇਹ ਦਸੰਬਰੀਆਂ ਵਿੱਚੋਂ ਕਵੀਆਂ ਦੀਆਂ ਕਿਰਤਾਂ ਵਿੱਚ ਮਿਲਦੀ ਹੈ, ਜਿਨ੍ਹਾਂ ਨੂੰ ਗੋਰਕੀ ਨੇ ਰੂਸੀ ਇਨਕਲਾਬੀਆਂ ਦੀ ਪਹਿਲੀ ਪੀੜ੍ਹੀ ਕਿਹਾ। ਇਹ ਕਵੀ, ਜਿਨ੍ਹਾਂ 14 ਦਸੰਬਰ 1825 ਨੂੰ ਬਾਦਸ਼ਾਹੀ ਅਤੇ ਖੇਤ-ਗੁਲਾਮੀ ਵਿਰੁੱਧ ਬਗਾਵਤ ਵਿੱਚ ਹਿੱਸਾ ਲਿਆ, ਦਿਲੋਂ ਜਮਹੂਰੀਅਤ

ਪਸੰਦ ਸਨ ਅਤੇ ਆਪਣੇ ਰਚਨਾਤਮਕ ਜਤਨਾਂ ਨੂੰ ਜਨਤਾ ਦੀ ਸੇਵਾ ਕਰਨ ਅਤੇ ਚੰਗੇਰੇ ਭਵਿੱਖ ਲਈ ਉਹਨਾਂ ਦੀਆਂ ਆਸਾਂ ਦੀ ਹਮਾਇਤ ਕਰਨ ਦੇ ਸਾਧਨ ਸਮਝਦੇ ਸਨ। ਦਸੰਬਰੀਆਂ ਨੇ ਪੂਸ਼ਕਿਨ, ਲੇਰਮਨਤੋਵ, ਹਰਜ਼ਨ ਜਿਹੇ ਲੇਖਕਾਂ, ਅਤੇ ਇੱਥੋਂ ਤੱਕ ਕਿ ਲੇਵ ਤੋਲਸਤੋਏ ਦੀਆਂ ਕਿਰਤਾਂ ਉੱਤੇ ਵੀ ਪ੍ਰਭਾਵ ਪਾਇਆ, ਜਿਸ ਦੀ ਨੀਅਤ ਉਹਨਾਂ ਬਾਰੇ ਇੱਕ ਨਾਵਲ ਲਿਖਣ ਦੀ ਸੀ ਅਤੇ 'ਜੰਗ ਅਤੇ ਅਮਨ'' ਵਿੱਚ ਉਹਨੇ ਇਨਕਲਾਬੀ ਵਿਸ਼ੇ ਨੂੰ ਛੂਹਿਆ।

ਸਦੀ ਦੇ ਮੱਧ ਦੇ ਰਾਜ਼ਨੋਚਿੰਤਸੀ* ਇਨਕਲਾਬੀ, ਜਿਨ੍ਹਾਂ ਦੇ ਮੁਖੀ ਚੇਰਨੀਸ਼ੇਵਸਕੀ ਅਤੇ ਦੋਬਰੋਲਿਉਬੋਵ ਸਨ ਅਤੇ ਜਿਨ੍ਹਾਂ ਦੀ ਹਮਾਇਤ ਨੇਕਰਾਸੋਵ ਅਤੇ ਸਾਲਤੀਕੋਵ-ਸ਼ਚੈਦਰਿਨ ਜਿਹੇ ਉੱਘੇ ਲੇਖਕ ਕਰਦੇ ਸਨ, ਗੋਰਕੀ ਦੇ ਸੋਚਣ ਦੇ ਢੰਗ ਦੇ ਹੋਰ ਵੀ ਨੇੜੇ ਸਨ। ਇਸ ਸਾਹਿਤਕ ਪੀੜ੍ਹੀ ਦੇ ਲੋਕਾਂ ਦੇ ਵਧੇਰੇ ਵਿਸ਼ਾਲ ਸਮਾਜੀ ਵਿਚਾਰ ਸਨ ਅਤੇ ਉਹ ਉਹਨਾਂ ਦਾ ਐਲਾਨ ਕਰਨ ਵਿੱਚ ਵਧੇਰੇ ਦਲੇਰ ਸਨ।

19 ਵੀਂ ਸਦੀ ਦੇ ਦੂਜੇ ਅੱਧ ਦੇ ਰੂਸੀ ਨਾਵਲਾਂ ਨੇ ਰੂਸੀ ਸਾਹਿਤ ਲਈ ਪ੍ਰਸਿੱਧੀ ਲਿਆਂਦੀ। ਭਾਵੇਂ ਇਹ ਨਾਵਲ ਵੰਨ-ਸੁਵੰਨੇ ਸਨ, ਉਹਨਾਂ ਸਭਨਾਂ ਨੇ ਉਸ ਅੜੇ ਵਿੱਚੋਂ ਬਾਹਰ ਨਿਕਲਣ ਦਾ ਰਾਹ ਲੱਭਣ ਦਾ ਜਤਨ ਕੀਤਾ, ਜਿਸ ਵਿੱਚ ਰੂਸੀ ਸਮਾਜੀ ਜੀਵਨ ਫਸ ਗਿਆ ਸੀ। ਇਹ ਗੱਲ ਸਦੀ ਦੇ ਅੰਤ ਦੇ ਸਮਾਜੀ-ਮਨੋਵਿਗਿਆਨਕ ਨਾਵਲ ਲਿਖਣ ਵਾਲ਼ੇ ਸਭਨਾਂ ਤੋਂ ਮਹਾਨ ਲੇਖਕਾਂ ਤੋਲਸਤੋਏ ਅਤੇ ਦੋਸਤੋਯੇਵਸਕੀ ਉੱਤੇ ਸਾਵੀਂ ਤਰ੍ਹਾਂ ਲਾਗੂ ਹੁੰਦੀ ਹੈ (ਇਹ ਇੱਕ ਪਹਿਲੇ ਸਮੇਂ ਦੇ ਪੂਸ਼ਕਿਨ, ਗੋਗੋਲ, ਲੇਰਮਨਤੋਵ, ਤੁਰਗੇਨੇਵ ਅਤੇ ਗੋਨਚਾਰੋਵ ਉੱਤੇ ਵੀ ਲਾਗੂ ਹੁੰਦੀ ਹੈ)।

ਮੈਕਸਿਮ ਗੋਰਕੀ ਨੂੰ ਰੂਸੀ ਕਲਾਸੀਕੀ ਸਾਹਿਤ ਦੀਆਂ ਸਮਾਜੀ ਪ੍ਰੰਪਰਾਵਾਂ ਨਾਲ਼ ਪਿਆਰ ਸੀ। ਨਿਰਸੰਦੇਹ, ਉਹਨੇ ਖੁੱਲ੍ਹਮ-ਖੁੱਲ੍ਹਾ ਉਸ ਕਰਜ਼ੇ ਦਾ ਐਲਾਨ ਕੀਤਾ, ਜਿਸ ਲਈ ਉਹ ਕਲਮ ਦੇ ਮਹਾਨ ਵਡੇਰੇ ਭਰਾਵਾਂ ਤੋਲਸਤੋਏ ਅਤੇ ਚੈਖ਼ੋਵ ਦਾ ਦੇਣਦਾਰ ਸੀ। ਉਹਨਾਂ ਉਹਨੂੰ ਕੇਵਲ ਸਾਹਿਤਕ ਕਿੱਤਾ ਹੀ ਨਹੀਂ ਸਿਖਾਇਆ; ਉਹਨਾਂ ਉਹਨੂੰ ਰੂਸ ਅਤੇ ਰੂਸੀਆਂ ਨੂੰ ਜਾਣਨਾ, ਉਹਨਾਂ ਦੇ ਆਤਮਕ ਜੀਵਨ ਅਤੇ ਸਦਾਚਾਰਕ ਆਸ਼ਾਵਾਂ ਨੂੰ ਸਮਝਣਾ ਵੀ ਸਿਖਾਇਆ।

ਸੋ ਅਸੀਂ ਵੇਖਦੇ ਹਾਂ ਕਿ ਮੈਕਸਿਮ ਗੋਰਕੀ ਨੇ ਰੂਸੀ ਕਲਾਸੀਕੀ ਸਾਹਿਤ ਦੀਆਂ ਸਰਵਉੱਤਮ ਪ੍ਰੰਪਰਾਵਾਂ ਜਾਰੀ ਰੱਖੀਆਂ। ਪਰ ਇਹਦੇ ਨਾਲ਼ ਹੀ ਨਾਲ਼ ਉਹ ਇੱਕ ਜੁਗਤੀ ਵੀ ਸੀ, ਸੋਵੀਅਤ ਸਾਹਿਤ ਦਾ ਮੋਢੀ। ਸੋਵੀਅਤ ਲੇਖਕਾਂ ਵਿੱਚੋਂ ਇੱਕ ਸਭ ਤੋਂ ਮਹਾਨ ਲੇਖਕ ਅਲੈਕਸੇਈ ਤੋਲਸਤੋਏ ਨੇ ਗੋਰਕੀ ਨੂੰ ਕਲਾਸੀਕੀ ਅਤੇ ਸੋਵੀਅਤ ਸਾਹਿਤ ਵਿਚਕਾਰ "ਜਿਊਂਦਾ ਪੁਲ" ਕਿਹਾ। ਅੱਜ ਅਸੀਂ ਬਿਨਾਂ ਕਿਸੇ ਰੱਖ ਰਖਾ ਦੇ ਗੋਰਕੀ ਨੂੰ ਰੂਸ ਦੇ ਕਲਾਸੀਕੀ ਲੇਖਕਾਂ ਵਿੱਚ ਸਥਾਨ ਦੇਂਦੇ ਹਾਂ, ਜਿਨ੍ਹਾਂ ਵਿੱਚੋਂ ਪਹਿਲਾਂ ਪੁਸ਼ਕਿਨ ਸੀ। ਉਹਦੀਆਂ ਮੁੱਢਲੀਆਂ

---

* ਰੂਸੀ ਸਮਾਜ ਦੀ ਉਹ ਪਰਤ ਜਿਹੜੀ 18-19 ਵੀਂ ਸਦੀ ਵਿੱਚ ਬਣੀ, ਇਸ ਵਿੱਚ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧ ਸਨ — ਵਪਾਰੀ, ਨਿੱਕ-ਬੁਰਜੂਆ, ਪਾਦਰੀ, ਕਿਸਾਨ, ਕਲਰਕ। ਉਹਨਾਂ ਇੱਕਪੁਰਖੀ ਰਾਜ ਅਤੇ ਖੇਤ-ਗ਼ੁਲਾਮੀ ਵਿਰੁੱਧ ਲੜਨ-ਘੁਲਣ ਵਾਲ਼ਿਆਂ ਦੀ ਇੱਕ ਪੂਰੀ ਪੀੜ੍ਹੀ ਪੈਦਾ ਕੀਤੀ। — **ਅਨੁ:**

ਕਿਰਤਾਂ ਵਿੱਚ ਅਸੀਂ ਸਭਨਾਂ ਕੌਮਾਂ, ਸਮੁੱਚੀ ਮਨੁੱਖਤਾ ਦੇ ਭਾਈਚਾਰੇ ਦੀ ਭਾਵਨਾ ਨੂੰ ਵੇਖਦੇ ਹਾਂ, ਜਿਹੜੀ ਪੁਸ਼ਕਿਨ ਤੋਂ ਲੈ ਕੇ ਚੈਖ਼ੋਵ ਤੱਕ ਸਾਡੇ ਮਹਾਨਤਮ ਲੇਖਕਾਂ ਦੀ ਲਖਣਾਇਕ ਹੈ। ਸਾਡੇ ਆਪਣੇ ਰੂਸੀ ਸਮਾਜ ਦੇ ਪ੍ਰਸ਼ਨਾਂ ਦੇ ਨਾਲ਼ ਹੀ ਨਾਲ਼ ਉਹ ਸਮੁੱਚੀ ਮਨੁੱਖਤਾ ਦੇ ਪ੍ਰਸ਼ਨਾਂ ਨੂੰ ਅਤੇ ਵਿਅਕਤੀ ਦੇ ਹੱਕਾਂ ਅਤੇ ਫਰਜ਼ਾਂ ਨੂੰ ਵੀ ਪੇਸ਼ ਕਰਦੇ ਹਨ। ਰੂਸੀ ਸਾਹਿਤ ਦੀ ਇਹੋ ਸਿਫ਼ਤ ਸੀ, ਖ਼ਾਸ ਤੌਰ ’ਤੇ ਜਿਵੇਂ ਇਹ ਤੋਲਸਤੋਏ ਅਤੇ ਦੋਸਤੋਯੇਵਸਕੀ ਦੀਆਂ ਕਿਰਤਾਂ ਵਿੱਚ ਪ੍ਰਗਟ ਹੋਈ, ਜਿਸਨੇ ਇਹਦੇ ਲਈ ਸੰਸਾਰ ਦੀ ਸ਼ਲਾਘਾ ਅਤੇ ਸ਼ੋਭਾ ਖੱਟੀ। ਭਾਵੇਂ ਗੋਰਕੀ ਨੇ ਤੋਲਸਤੋਏ ਅਤੇ ਦੋਸਤੋਯੇਵਸਕੀ ਦੇ ਵਿਚਾਰਾਂ ਉੱਤੇ ਪੜਚੋਲ ਕੀਤੀ ਅਤੇ ਉਹ ਉਹਨਾਂ ਦੇ ਸਮਾਜ ਨੂੰ ਮੁੜ-ਘੜਨ ਦੇ ਵਿਚਾਰਾਂ ਨਾਲ਼ ਅਸਹਿਮਤ ਸੀ, ਉਹਨੇ ਸਦਾ ਹੀ, ਬਹਿਸ ਦੀ ਗਰਮੀ ਵਿੱਚ ਵੀ, ਇਹ ਗੱਲ ਪ੍ਰਵਾਨ ਕੀਤੀ ਕਿ ਉਹ ਮਨੁੱਖੀ ਆਤਮਾ ਦੀ ਥਾਹ ਲੈਣ ਅਤੇ ਇਤਿਹਾਸਕ ਪ੍ਰਸਥਿਤੀਆਂ ਨੂੰ ਸਮਝਣ ਵਿੱਚ ਬੇਮਿਸਾਲ ਸਨ।

ਇਹ ਕਹਿਣ ਤੋਂ ਕਿ ਰੂਸੀ ਸਾਹਿਤ ਦੀਆਂ ਸਰਵਉੱਤਮ ਪ੍ਰੰਪਰਾਵਾਂ ’ਤੇ ਚੱਲਦਾ ਹੋਇਆ ਗੋਰਕੀ ਨਾਲ਼ ਹੀ ਨਾਲ਼ ਇੱਕ ਜੁਗਤੀ ਵੀ ਸੀ, ਸਾਡਾ ਅਰਥ ਇਹ ਕਹਿਣਾ ਨਹੀਂ ਕਿ ਉਹ ਇਕੱਲਾ ਉਸ ਮੋੜ ਲਈ ਜ਼ਿੰਮੇਵਾਰ ਹੈ ਜਿਹੜਾ ਰੂਸੀ ਸਾਹਿਤ ਨੇ ਕੱਟਿਆ। ਇਹ ਅਮਲ ਦਰਜੇਵਾਰ ਅਤੇ ਪੇਚਦਾਰ ਸੀ। ਗੋਰਕੀ ਦੇ ਇੱਕ ਉੱਕਾ ਹੀ ਨਵੀਂ ਕਿਸਮ ਦਾ ਨਾਵਲ ਲਿਖਣ ਤੋਂ ਐਨ ਪਹਿਲਾਂ (ਅਸੀਂ ਉਸ ਨਿੱਕੀ ਪੁਸਤਕ ਦੀ ਗੱਲ ਕਰ ਰਹੇ ਹਾਂ ਜਿਹੜੀ ਪਾਠਕ ਦੇ ਹੱਥਾਂ ਵਿੱਚ ਹੈ) ਲੇਖਕ ਨਵੇਂ ਪ੍ਰਗਟਾਊ ਰੂਪਾਂ ਲਈ ਖੋਜ ਕਰ ਰਹੇ ਸਨ। ਅਸੀਵਿਆਂ ਦੇ ਮੁੱਢ ਵਿੱਚ ਰੂਸੀ ਸਾਹਿਤ ਲਈ ਪ੍ਰਸਿੱਧੀ ਲਿਆਉਣ ਵਾਲ਼ਾ ਆਖ਼ਰ ਵੱਡਾ ਸਮਾਜੀ ਅਤੇ ਮਨੋਵਿਗਿਆਨਕ ਨਾਵਲ ਲਿਖਿਆ ਗਿਆ। ਦੋਸਤੋਯੇਵਸਕੀ ਦੀ ਮੌਤ ਹੋ ਗਈ। ਮੌਤ ਤੋਂ ਛੇ ਵਰ੍ਹੇ ਪਹਿਲਾਂ ਆਪਣਾ ਅਖ਼ੀਰੀ ਨਾਵਲ ਲਿਖਣ ਪਿੱਛੋ ਤੁਰਗੇਨੇਵ ਦੀ ਮੌਤ ਹੋ ਗਈ। ਤੋਲਸਤੋਏ ਨੇ 1877 ਵਿੱਚ “ਅੱਨਾ ਕਰੇਨੀਨਾ” ਲਿਖਿਆ ਅਤੇ ਵੀਹ ਵਰ੍ਹੇ ਪਿੱਛੋਂ ਤੱਕ — ਉਨ੍ਹੀਵੀਂ ਸਦੀ ਦੇ ਅਖ਼ੀਰੀ ਵਰ੍ਹੇ ਤੱਕ — “ਮੋਇਆਂ ਦੀ ਜਾਗ” ਮੁਕੰਮਲ ਨਾ ਕੀਤਾ। ਨਾਟਕਾਂ ਅਤੇ ਨਿੱਕੀਆਂ ਕਹਾਣੀਆਂ ਦੇ ਲੇਖਕ ਅਨਤੋਨ ਚੈਖ਼ੋਵ ਨੇ ਕੋਈ ਨਾਵਲ ਨਾ ਲਿਖਿਆ ਭਾਵੇਂ ਉਹ ਅਜਿਹਾ ਕਰਨ ਨੂੰ ਤਾਂਘਦਾ ਸੀ। ਉਹਨੇ ਆਪਣੇ ਨਾਵਲ ਲਿਖਣ ਦੀ ਨਿਰਯੋਗਤਾ ਦੀ ਵਿਆਖਿਆ ਇਹ ਕਹਿ ਕੇ ਕੀਤੀ ਕਿ ਉਹਨੂੰ ਯੋਗ ਨਾਇਕ ਨਾ ਲੱਭ ਸਕਿਆ। ਉਹਨੀਂ ਦਿਨੀਂ ਤੋਲਸਤੋਏ ਨੂੰ ਆਪਣੇ ਨਾਵਲ “ਮੋਇਆਂ ਦੀ ਜਾਗ” ਲਈ ਦਮਿਤਰੀ ਨੇਖਲੂਦੋਵ, ਇੱਕ ਨਿਰਾਸ਼ ਕਰਨ ਵਾਲ਼ਾ ਨਾਇਕ ਲੱਗਾ, ਜਿਸਨੂੰ ਉਹ ਪਿਛੋਕੜ ਵਿੱਚ ਧੱਕਦਾ ਰਿਹਾ। ਇਨਕਲਾਬੀ ਵਿਸ਼ਾ ਤੋਲਸਤੋਏ ਦੇ ਇਸ ਅਖ਼ੀਰੀ ਨਾਵਲ ਵਿੱਚ ਘੁਸ ਆਇਆ, ਜਿਹੜਾ 19 ਵੀਂ ਸਦੀ ਦਾ ਅਖ਼ੀਰੀ ਰੂਸੀ ਨਾਵਲ ਵੀ ਸੀ। ਭਾਵੇਂ ਆਪਣੇ ਜੀਵਨ ਦੇ ਅਖ਼ੀਰ ਤੱਕ ਤੋਲਸਤੋਏ ਸਮਾਜ ਦੇ ਸੁਧਾਰ ਦੇ ਇਨਕਲਾਬੀ ਤਰੀਕਿਆਂ ਦਾ ਵਿਰੋਧੀ ਰਿਹਾ ਪਰ ਪ੍ਰਤਿਭਾ ਦੀ ਅੰਤਰ-ਦ੍ਰਿਸ਼ਟੀ ਨਾਲ਼ ਉਹਨੇ ਇਨਕਲਾਬੀ ਲਹਿਰ ਨੂੰ ਜਨਮ ਦੇਣ ਵਾਲ਼ੇ ਸੋਮੇ ਵੇਖ ਲਏ। ਇਸ ਤੋਂ ਵੀ ਵੱਧ, ਤੋਲਸਤੋਏ ਇਨਕਲਾਬੀ ਲਹਿਰ ਦੇ ਮਿਸਾਲੀ ਮੈਂਬਰਾਂ ਨੂੰ ਅਤਿ-ਅੰਤ ਹਮਦਰਦ ਢੰਗ ਨਾਲ਼ ਪੇਸ਼ ਕਰਦਾ ਹੈ।

"ਮਾਂ" ਵਿੱਚ ਗੋਰਕੀ ਪ੍ਰੰਪਰਾਗਤ ਨਾਵਲ ਨੂੰ ਇੱਕ ਨਵੀਂ ਧਰਤੀ ਵਿੱਚ ਗੱਡਦਾ ਹੈ। ਕੇਵਲ ਇਸ ਢੰਗ ਨਾਲ਼ ਹੀ ਜੀਵਨ ਨੂੰ ਨਵੀਨਿਆਇਆ ਜਾ ਸਕਦਾ ਹੈ। ਇਹ ਰੂਸੀ ਸਾਹਿਤ ਵਿੱਚ ਕਿਰਤੀ ਸ਼੍ਰੇਣੀ ਬਾਰੇ ਪਹਿਲਾ ਨਾਵਲ ਹੈ, ਅਤੇ ਉਹ ਵੀ ਅਜਿਹਾ ਜਿਸ ਵਿੱਚ ਇਸ ਸ਼੍ਰੇਣੀ ਨੂੰ ਮਨੁੱਖ ਜਾਤੀ ਵੱਲੋਂ ਇਕੱਤਰ ਕੀਤੀਆਂ ਸਭਨਾਂ ਪਦਾਰਥਕ ਅਤੇ ਆਤਮਕ ਕਦਰਾਂ ਦੀ ਰੱਖਿਆ ਕਰਨ ਯੋਗ ਮਹਾਨ ਮੁਕਤੀਦਾਤੀ ਸ਼ਕਤੀ ਵਜੋਂ ਪੇਸ਼ ਕੀਤਾ ਗਿਆ ਹੈ। ਮੈਕਸਿਮ ਗੋਰਕੀ ਨੇ ਰੂਸੀ ਸਾਹਿਤ ਵਿੱਚ ਇੱਕ ਨਵਾਂ ਨਾਇਕ ਦਾਖਲ ਕੀਤਾ। ਸਪਸ਼ਟ ਤੌਰ 'ਤੇ ਇੱਕ ਨਵਾਂ ਕਲਾਤਮਕ ਢੰਗ, ਆਚਰਣ ਪ੍ਰਗਟ ਕਰਨ ਦੇ ਨਵੇਂ ਢੰਗ, ਰਚਨਾ ਦੇ ਨਵੇਂ ਰੂਪ ਅਖ਼ਤਿਆਰ ਕੀਤੇ ਬਿਨਾਂ ਅਜਿਹਾ ਕਰਨਾ ਅਸੰਭਵ ਹੁੰਦਾ।

ਗੋਰਕੀ ਦੇ "ਮਾਂ" ਲਿਖਣ ਤੋਂ ਬਹੁਤ ਪਹਿਲਾਂ ਕਿਰਤੀ ਸ਼੍ਰੇਣੀ ਦੇ ਪ੍ਰਤੀਨਿਧ ਸਾਹਿਤ ਵਿੱਚ ਪ੍ਰਗਟ ਹੋ ਚੁੱਕੇ ਸਨ ਅਤੇ ਕੇਵਲ ਰੂਸੀ ਸਾਹਿਤ ਵਿੱਚ ਹੀ ਨਹੀਂ। ਡਿਕਨਜ਼ ਅਤੇ ਜਾਰਜ ਐਲੀਅਟ ਨੇ, ਦੋ ਅੰਗ੍ਰੇਜ਼ ਲੇਖਕਾਂ ਦਾ ਜ਼ਿਕਰ ਕਰਨਾ ਹੀ ਕਾਫ਼ੀ ਹੈ, ਕਿਰਤੀ ਸ਼੍ਰੇਣੀ ਬਾਰੇ ਲਿਖਿਆ ਸੀ। ਹੋਰਨਾਂ ਯੂਰਪੀ ਦੇਸ਼ਾਂ ਦੇ ਲੇਖਕਾਂ ਨੇ ਵੀ ਇਹੋ ਕੁਝ ਕੀਤਾ ਸੀ। ਪਰ ਗੋਰਕੀ ਨੇ ਕਿਰਤੀ ਮਨੁੱਖ ਨੂੰ ਇੰਨਾ ਇੱਕ ਅਣਮੁਨਸਫ਼ੀ ਸਮਾਜ ਦੇ ਸ਼ਿਕਾਰ ਵਜੋਂ ਨਹੀਂ ਸਗੋਂ ਆਪਣੇ ਸਮੇਂ ਦੀ ਬੇਇਨਸਾਫ਼ੀ ਵਿਰੁੱਧ ਬਹਾਦਰੀ ਨਾਲ਼ ਲੜਦੇ ਵਿਖਾਇਆ ਹੈ। ਇਉਂ ਉਹਨੇ ਸੰਸਾਰ ਸਾਹਿਤ ਵਿੱਚ ਇੱਕ ਮਿਸਾਲ ਕਾਇਮ ਕੀਤੀ ਅਤੇ ਇਸ ਪੱਖੋ ਉਹਨੂੰ ਇੱਕ ਜੁਗਤੀ ਕਿਹਾ ਜਾ ਸਕਦਾ ਹੈ।

ਗੋਰਕੀ ਦਾ ਸਾਹਿਤਕ ਜੀਵਨ ਹੈਰਾਨ ਕਰਨ ਵਾਲ਼ਾ ਸੀ। ਇੰਨੇ ਥੋੜ੍ਹੇ ਸਮੇਂ ਵਿੱਚ ਲੇਖਕਾਂ ਨੂੰ ਸਫ਼ਲਤਾ ਘੱਟ ਹੀ ਪ੍ਰਾਪਤ ਹੋਈ ਹੈ। 20 ਵੀਂ ਸਦੀਂ ਦੇ ਸ਼ੁਰੂ ਤੇ ਜਿਸਦਾ ਅਰਥ ਹੈ ਸਾਹਿਤ ਵਿੱਚ ਆਪਣੇ ਪ੍ਰਵੇਸ਼ ਤੋਂ ਦਸ ਵਰ੍ਹੇ ਤੋਂ ਘੱਟ ਸਮੇਂ ਵਿੱਚ, ਉਹਦਾ ਨਾਂ ਸਾਰੇ ਸੰਸਾਰ ਵਿੱਚ ਜਾਣਿਆ ਜਾਣ ਲੱਗ ਪਿਆ ਸੀ। ਅਤੇ ਇਹ ਇਸ ਗੱਲ ਦੇ ਬਾਵਜੂਦ ਕਿ ਤੋਲਸਤੋਏ ਅਤੇ ਚੈਖ਼ੋਵ ਜਿਹੇ ਮਹਾਨ ਲੇਖਕ ਉਹਦੇ ਸਮਕਾਲੀ ਸਨ। ਨਵੀਂ ਸਦੀ ਨੇ ਆਪਣਾ ਧਿਆਨ ਗੋਰਕੀ ਉੱਤੇ ਕੇਂਦਰਿਤ ਕੀਤਾ। ਇਬਸਨ, ਬਰਨਾਰਡ ਸ਼ਾ ਅਤੇ ਅਨਾਤੋਲ ਫਰਾਂਸ ਜਿਹੇ ਮਹਾਨ ਨਾਂ ਸ਼ਾਇਦ ਘੱਟ ਉੱਚੀ ਅਵਾਜ਼ ਵਿੱਚ ਲਏ ਜਾਂਦੇ ਸਨ। ਗੋਰਕੀ ਆਪ "ਨੀਵੀਂਆਂ ਡੂੰਘਾਣਾਂ" ਵਿੱਚੋਂ, ਸਮਾਜ ਦੇ ਭੋਰੇ ਵਿੱਚੋਂ ਉੱਭਰਿਆ ਸੀ ਅਤੇ ਇਉਂ ਜਾਪਦਾ ਸੀ ਕਿ ਹੋਣੀ ਉਹਨੂੰ ਉਸ ਸਭ ਕੁਝ ਦਾ ਅਜ਼ਰ ਦੇ ਰਹੀ ਸੀ ਜੋ ਕੁਝ ਉਹਨੇ ਬਚਪਨ, ਗਭਰੇਟ ਦਿਨਾਂ ਅਤੇ ਜਵਾਨੀ ਦੇ ਮੁੱਢ ਵਿੱਚ ਸਹਾਰਿਆ ਸੀ। ਉਹ ਨਵੀਂ ਸਦੀ ਦਾ ਚਹੇਤਾ ਸੀ, ਜਿਵੇਂ ਉਹਦੇ ਵਿੱਚ ਨਵੀਂ ਸਦੀ ਆਪਣੀ ਹੋਂਦ ਦੀ ਅੜਾਉਣੀ ਹੱਲ ਕਰਨਾ ਚਾਹੁੰਦੀ ਹੋਵੇ।

ਪਰ ਸਾਹਿਤ ਦਾ ਇਤਿਹਾਸ ਸਫ਼ਲਤਾ ਦੀਆਂ ਅਨੇਕਾਂ ਮਿਸਾਲਾਂ ਪੇਸ਼ ਕਰਦਾ ਹੈ ਜਿਹੜੀਆਂ ਓਨੀਆਂ ਹੀ ਛਿਣ-ਭੰਗਰੀ ਸਨ ਜਿੰਨੀਆਂ ਲਿਸ਼ਕਦੀਆਂ। ਗੋਰਕੀ ਦੀ ਸਫ਼ਲਤਾ ਅਜਿਹੀ ਨਹੀਂ ਸੀ ਜਿਹੜਾ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਇਹ ਲਗਭਗ ਸੱਤਰ ਵਰ੍ਹੇ ਤੋਂ ਕਾਇਮ ਹੈ। ਇਹਦਾ ਕਾਰਨ ਇਹ ਹੈ ਕਿ ਗੋਰਕੀ ਨੇ ਇੱਕ ਦਮ ਨਵੀਂ, 20 ਵੀਂ ਸਦੀ ਦੀ ਬੁਨਿਆਦੀ ਸੁਰ ਲੱਭ ਲਈ ਅਤੇ ਉਹਨੂੰ ਆਪਣੀਆਂ ਲਿਖਤਾਂ ਦੀ ਬੁਨਿਆਦੀ ਸੁਰ ਬਣਾ

ਲਿਆ। 20 ਵੀਂ ਸਦੀ ਨਾਲ਼ ਕਿਰਤੀ ਮਨੁੱਖ ਇਤਿਹਾਸ ਦੇ ਮੰਚ ਉੱਤੇ ਇੱਕ ਮੁੱਖ ਪਾਤਰ ਵਜੋਂ ਆਇਆ, ਇੱਕ ਅਜਿਹੇ ਪਾਤਰ ਵਜੋਂ ਜਿਹੜਾ ਦ੍ਰਿੜ੍ਹਤਾ ਨਾਲ਼ ਮਾਮਲੇ ਆਪਣੇ ਹੱਥ ਵਿੱਚ ਲੈ ਰਿਹਾ ਸੀ, ਘਟਨਾਵਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਘੜ ਰਿਹਾ ਸੀ। ਮੈਕਸਿਮ ਗੋਰਕੀ ਨੇ ਇੱਕ ਕਿਰਤੀ ਮਨੁੱਖ ਦੀ ਜੀਵਨੀ ਲਿਖੀ ਅਤੇ ਉਹਦੇ ਸੋਹਿਲੇ ਗਾਏ। ਆਪਣੀ ਕਿਸੇ ਪੁਸਤਕ ਵਿੱਚ ਉਹਨੇ "ਮਾਂ" ਨਾਲ਼ੋਂ ਵੱਧ ਪੂਰਨਤਾ ਅਤੇ ਕਲਾਤਮਕ ਢੰਗ ਨਾਲ਼ ਅਜਿਹਾ ਨਹੀਂ ਕੀਤਾ।

ਸਪਸ਼ਟ ਹੈ ਕਿ ਇਹ ਕਿਤਾਬ "ਪੂਰੀ ਤਰ੍ਹਾਂ ਹਥਿਆਰਬੰਦ ਜ਼ੀਉਸ ਦੇ ਸਿਰ ਵਿੱਚੋਂ"* ਨਾ "ਉਗੰਮੀ"। ਹੌਲ਼ੀ ਹੌਲ਼ੀ ਉਹ ਕਿਰਤੀ ਸ਼੍ਰੇਣੀ ਨੂੰ ਪੂਰੀ ਤਰ੍ਹਾਂ ਚਿਤਰਨ ਤੱਕ ਅੱਪੜਿਆ। ਉਹਦੀਆਂ ਮੁੱਢਲੀਆਂ ਕਹਾਣੀਆਂ ਵਿੱਚ, ਜਿਨ੍ਹਾਂ ਦੇ ਪਾਤਰ ਵਧੇਰੇ ਕਰਕੇ "ਸਮਾਜ ਦੀ ਤਿਲਛਟ" ਵਿੱਚੋਂ ਲਏ ਗਏ ਸਨ, ਅਸੀਂ ਉਹਦੇ ਭਵਿੱਖ ਦੇ ਨਾਇਕ ਦਾ ਇੱਕ ਚਰਬਾ ਹੀ ਵੇਖਦੇ ਹਾਂ। ਪਰ ਨਬੇਵਿਆਂ ਦੇ ਅੰਤ ਅਤੇ ਨਵੀਂ ਸਦੀ ਦੇ ਮੁੱਢ 'ਤੇ ਅਸੀਂ ਉਹਨੂੰ ਆਪਣੇ ਨਾਇਕ ਅਤੇ ਆਪਣੇ ਮੁੱਖ ਵਿਸ਼ੇ ਨੂੰ ਪਕੜ ਵਿੱਚ ਲੈਂਦੇ ਵੇਖਦੇ ਹਾਂ। ਇਹ ਗੱਲ ਨਿੱਕੇ ਨਾਵਲ "ਤਿੰਨ" ਵਿੱਚ ਵੇਖੀ ਜਾ ਸਕਦੀ ਹੈ, ਜਿਸ ਵਿੱਚ ਉਹ ਸੋਸ਼ਲਿਸਟ ਮੁਹਾਣ ਵਾਲ਼ੇ ਕਿਰਤੀ ਮਨੁੱਖ ਨੂੰ ਪੇਸ਼ ਕਰਦਾ ਹੈ, ਇਹੋ ਗੱਲ ਉਹਦੇ ਨਾਟਕਾਂ "ਤੰਗ-ਨਜ਼ਰ" ਅਤੇ "ਦੁਸ਼ਮਣ" ਵਿੱਚ ਵੀ ਵੇਖੀ ਜਾ ਸਕਦੀ ਹੈ।

1905 ਦਾ ਰੂਸੀ ਇਨਕਲਾਬ ਲੇਖਕ ਵਜੋਂ ਗੋਰਕੀ ਦੇ ਵਿਕਾਸ ਵਿੱਚ ਇੱਕ ਮੋੜ ਸੀ। ਇਸ ਇਨਕਲਾਬ ਦਾ ਮੁਖੀ ਪ੍ਰੋਲੇਤਾਰੀ ਸੀ। ਇਨਕਲਾਬ ਦੀ ਹਾਰ ਹੋਈ ਪਰ ਇਹ ਸਾਬਤ ਹੋ ਗਿਆ ਕਿ ਉਹ ਹਾਰ ਦੇ ਦੁੱਖ ਭੋਗਣ ਦੀ ਥਾਂ ਜਿੱਤ ਨੂੰ ਮਾਣਨ ਦੇ ਵਧੇਰੇ ਯੋਗ ਸਨ।

1903 ਵਿੱਚ, ਇਨਕਲਾਬ ਦੀਆਂ ਬਰੂਹਾਂ 'ਤੇ ਹੀ ਸੀ ਕਿ ਗੋਰਕੀ ਨੇ ਉਹ ਨਾਵਲ ਚਿਤਵਿਆ ਜਿਹੜਾ ਉਹਦੀਆਂ ਕਿਰਤਾਂ ਅਤੇ ਸਮੁੱਚੇ ਤੌਰ 'ਤੇ ਸੰਸਾਰ ਸਾਹਿਤ ਦੀਆਂ ਕਿਰਤਾਂ ਵਿੱਚ ਉੱਘਾ ਬਣ ਜਾਣਾ ਸੀ।

ਨਾਵਲ ਦਾ ਪਲਾਟ ਸੱਚੀਆਂ ਘਟਨਾਵਾਂ ਉੱਤੇ ਅਧਾਰਤ ਹੈ: 1902 ਵਿੱਚ ਸੋਰਮੋਵੋ ਦੇ ਕਿਰਤੀਆਂ ਦਾ ਮਈ ਦਿਹਾੜੇ ਦਾ ਮੁਜ਼ਾਹਿਰਾ, ਸੋਰਮੋਵੋ ਦੀ ਪਾਰਟੀ ਜਥੇਬੰਦੀ ਦੀਆਂ ਸਰਗਰਮੀਆਂ ਅਤੇ ਮੁਜ਼ਾਹਿਰਾ ਖਿੰਡਾ ਦਿੱਤੇ ਜਾਣ ਪਿੱਛੋਂ ਇਹਦੇ ਮੈਂਬਰਾਂ ਵਿਰੁੱਧ ਚਲਾਇਆ ਗਿਆ ਮੁਕੱਦਮਾ। ਜਿਵੇਂ ਗੋਰਕੀ ਨੇ ਆਪ ਕਿਹਾ: " ਨਿਜ਼੍ਹਨੀ ਨੋਵਗੋਰੋਦ ਵਿਖੇ ਮੈਨੂੰ ਕਿਰਤੀਆਂ ਬਾਰੇ ਨਾਵਲ ਲਿਖਣ ਦਾ ਵਿਚਾਰ ਸੋਰਮੋਵੋ ਦੇ ਮੁਜ਼ਾਹਿਰੇ ਪਿੱਛੋ ਅਹੁੜਿਆ। ਮੈਂ ਇੱਕ ਦਮ ਸਮੱਗਰੀ ਇਕੱਠੀ ਕਰਨੀ ਅਤੇ ਨੋਟ ਤਿਆਰ ਕਰਨੇ ਸ਼ੁਰੂ ਦਿੱਤੇ।" ਦੂਜੇ ਸ਼ਬਦਾਂ ਵਿੱਚ ਗੋਰਕੀ ਦਾ ਨਾਵਲ ਇੱਕ ਤਰ੍ਹਾਂ ਦਾ ਇਤਿਹਾਸਕ ਦਸਤਾਵੇਜ਼ ਹੈ। ਪਰ ਘਟਨਾਵਾਂ ਨੂੰ ਕਲਾਤਮਕ ਢੰਗ

---

* ਜ਼ੀਉਸ, ਯੂਨਾਨੀ ਦੇਵ-ਮਾਲਾ ਵਿੱਚ ਦੇਵਤਿਆਂ ਦਾ ਮੁਖੀ। ਯੂਨਾਨ ਦੀ ਰਾਜਧਾਨੀ ਏਥਨਜ਼ ਦੀ ਸਰਪ੍ਰਸਤ ਦੇਵੀ ਏਥੀਨਾ, ਜਿਸਦੀ ਮਾਂ ਮੇਤੀਸ (ਸਿਆਣੀ ਸਲਾਹ) ਨੂੰ ਜ਼ੀਉਸ ਨਗਲ ਲਿਆ, ਉਹਦੇ ਸਿਰ ਵਿੱਚ ਪੂਰੀ ਤਰ੍ਹਾਂ ਹਥਿਆਰਬੰਦ ਪੈਦਾ ਹੋਈ। ਉਹ ਸਿਆਣਪ ਦਾ ਸਜੀਵ ਰੂਪ ਸਮਝੀ ਜਾਂਦੀ ਹੈ। ਉਹਦੇ ਹੱਥ ਵਿੱਚ ਇੱਕ ਬਰਛੀ ਹੁੰਦੀ ਹੈ, ਜਿਸਦਾ ਹੇਠਲਾ ਹਿੱਸਾ ਸੱਪ ਦੀ ਸ਼ਕਲ ਦਾ ਹੁੰਦਾ ਹੈ। **— ਅਨੁ:**

ਨਾਲ਼ ਨਵੇਂ ਸਿਰਿਉਂ ਘੜਿਆ ਗਿਆ ਹੈ ਅਤੇ ਉਹਦੇ ਨਾਇਕਾਂ ਦੇ ਅਧਾਰ, ਪਿਓਤਰ ਜ਼ਾਲੋਮੋਵ ਅਤੇ ਉਹਦੀ ਮਾਂ ਨੂੰ ਲੇਖਕ ਵੱਲੋਂ ਮੁੜ-ਸਿਰਜਿਆ ਤੇ ਨਵੀਆਂ ਅਤੇ ਨਾਟਕੀ ਪ੍ਰਸਥਿਤੀਆਂ ਵਿੱਚ ਰੱਖਿਆ ਗਿਆ ਹੈ। ਇਹਦਾ ਸਿੱਟਾ 1905 ਦੇ ਇਨਕਲਾਬ ਦੀਆਂ ਬਰੂਹਾਂ ਉੱਤੇ ਰੂਸੀ ਕਿਰਤੀ ਸ਼੍ਰੇਣੀ ਦੇ ਘੋਲ਼ ਦਾ ਇੱਕ ਵਿਸ਼ਾਲ ਅਤੇ ਆਮਿਆਇਆ ਬਿੰਬ ਹੈ।

ਗੋਰਕੀ ਦਾ ਕਿਰਤੀ ਮਨੁੱਖ ਇੱਕ ਅਜਿਹਾ ਮਨੁੱਖ ਹੈ ਜਿਸਨੂੰ ਸਮੁੱਚੇ ਸੰਸਾਰ ਦੀ ਹੋਣੀ ਬਾਰੇ ਫਿਕਰ ਹੈ ਅਤੇ ਕੇਵਲ ਆਪਣੀ ਸ਼੍ਰੇਣੀ ਅਤੇ ਆਪਣੇ ਦੇਸ਼ ਦੀ ਹੋਣੀ ਬਾਰੇ ਨਹੀਂ। ਉਹ ਸ਼ਬਦ ਦੇ ਪੂਰੇ ਅਰਥਾਂ ਵਿੱਚ ਇੱਕ ਬੁੱਧੀਜੀਵੀ ਹੈ। ਉਹ ਅਮਲ ਕਰਨ ਵਾਲ਼ਾ ਮਨੁੱਖ ਵੀ ਹੈ, ਜਿਹੜਾ ਸੋਚਦਾ ਅਤੇ ਦਾਰਸ਼ਨਿਕ ਗੱਲਾਂ ਕਰਦਾ ਹੈ। ਅਤੇ ਉਹ ਇਕੱਲਾ ਹੀ ਅਮਲ ਨਹੀਂ ਕਰਦਾ, ਉਹ ਜਨਤਾ ਦੇ ਪ੍ਰਤੀਨਿਧ ਵਜੋਂ ਅਮਲ ਕਰਦਾ ਹੈ। ਅਤੇ ਉਹ ਸਰਵਉੱਚ ਅਤੇ ਅਤਿ-ਅੰਤ ਮਨੁੱਖ-ਦਰਦੀ ਆਦਰਸ਼ਾਂ ਦੇ ਨਾਂ 'ਤੇ ਅਮਲ ਕਰਦਾ ਹੈ। ਨਾਵਲ "ਮਾਂ" ਨੇ ਕਿਰਤੀ ਸ਼੍ਰੇਣੀ ਦੇ ਰੂਸ ਦੇ ਚੰਗੇਰੇ ਭਵਿੱਖ ਲਈ ਘੋਲ਼ ਦਾ ਆਗੂ ਹੋਣ ਦੀ ਪੁਸ਼ਟੀ ਕਰ ਦਿੱਤੀ। ਇਹ ਆਪਣੇ ਉੱਚੇ ਆਦਰਸ਼ ਪ੍ਰਾਪਤ ਕਰਨ ਲਈ ਅਮਲ ਕਰ ਰਹੀ ਕਿਰਤੀ ਸ਼੍ਰੇਣੀ ਬਾਰੇ ਨਾਵਲ ਹੈ। ਇਹ ਪੁਸਤਕ ਕਿਰਤੀ ਸ਼੍ਰੇਣੀ ਲਈ ਹੈ, ਜਿਹੜੀ ਉਹਨਾਂ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਆਪਣਾ ਮੁੱਲ ਹਾੜ ਲੈਣ ਅਤੇ ਆਪਣੀ ਰਾਜਸੀ ਅਤੇ ਵਿਚਾਰਧਾਰਕ ਕਚਿਆਈ ਵੇਖ ਲੈਣ। ਇਹ ਇੱਕ ਅਜਿਹੀ ਪੁਸਤਕ ਹੈ ਜਿਹੜੀ ਉਸ ਸਮੇਂ ਰੂਸੀ ਕਿਰਤੀ ਸ਼੍ਰੇਣੀ ਅਤੇ ਸਭਨਾਂ ਰੂਸੀ ਲੋਕਾਂ ਲਈ ਬੁਨਿਆਦੀ ਮਹੱਤਤਾ ਵਾਲ਼ੀ ਸੀ। 1907 ਵਿੱਚ ਲੈਨਿਨ ਨੇ ਇਹ ਰਾਏ ਪ੍ਰਗਟ ਕੀਤੀ: "ਇਹ ਕਿਤਾਬ ਲੋੜੀਂਦੀ ਹੈ, ਕਿਉਂਕਿ ਅਨੇਕ ਕਿਰਤੀਆਂ ਨੇ ਅੰਤਰ-ਪ੍ਰੇਰਨਾ ਦੇ ਅਸਰ ਹੇਠ ਅਤੇ ਆਪਮੁਹਾਰੇ ਤੌਰ 'ਤੇ ਇਨਕਲਾਬੀ ਲਹਿਰ ਵਿੱਚ ਹਿੱਸਾ ਲਿਆ ਅਤੇ ਹੁਣ "ਮਾਂ" ਪੜ੍ਹਨ ਨਾਲ਼ ਉਹਨਾਂ ਨੂੰ ਖਾਸ ਲਾਭ ਹੋਵੇਗਾ।"

ਤੋਲਸਤੋਏ ਨੇ ਇੱਕ ਵਾਰ ਕਿਹਾ ਸੀ ਕਿ ਕਿਸੇ ਕਲ਼ਾ ਕਿਰਤ ਦੀ ਜੁੜਤ ਪਾਤਰਾਂ ਦੀ ਜਾਂ ਅਮਲ ਦੀ ਜੁੜਤ ਰਾਹੀਂ ਪ੍ਰਾਪਤ ਨਹੀਂ ਕੀਤੀ ਜਾਂਦੀ ਸਗੋਂ ਲੇਖਕ ਦੀ ਆਤਮਕ ਪੁਜੀਸ਼ਨ ਦੀ ਇਕਤਾ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। "ਮਾਂ" ਵਿੱਚ ਗੋਰਕੀ ਦੀ ਸਦਾਚਾਰਕ ਪੁਜੀਸ਼ਨ ਉਹਦੀ ਨਾਇਕਾ, ਨਿਲੋਵਨਾ ਰਾਹੀਂ ਪ੍ਰਗਟ ਹੁੰਦੀ ਹੈ। ਉਹੋ ਹੀ, ਇੱਕ ਸਾਦੀ ਕਿਰਤੀ ਇਸਤਰੀ ਹੀ, ਪੁਸਤਕ ਨੂੰ ਮਾਂ ਦਾ ਨਾਂ ਦੇਂਦੀ ਹੈ। ਨਾਵਲ ਦੇ ਮੁੱਢ ਵਿੱਚ ਨਿਲੋਵਨਾ ਉਹਨਾਂ ਹੋਰਨਾਂ ਹਜ਼ਾਰਾਂ ਕਿਰਤੀ ਸ਼੍ਰੇਣੀ ਮਾਵਾਂ ਤੋਂ ਵੱਖ ਨਹੀਂ, ਜਿਹੜੀਆਂ ਕਾਰਖ਼ਾਨਿਆਂ ਅਤੇ ਮਿੱਲਾਂ ਵਿੱਚ ਆਪਣੀ ਵਿਤ ਤੋਂ ਬਾਹਰਾ ਕੰਮ ਕਰਦੀਆਂ ਹਨ, ਕੇਵਲ ਘਰੇ ਸ਼ਰਾਬੀ ਖਹਿਬੜਾਂ ਅਤੇ ਕੁੱਟਾਂ ਦਾ ਸ਼ਿਕਾਰ ਹੋਣ ਲਈ। ਪਰ ਜਦੋਂ ਉਹਦਾ ਪੁੱਤਰ ਪਾਵੇਲ ਉਹਨਾਂ ਦੀ ਕਿਰਤੀ ਸ਼੍ਰੇਣੀ ਬਸਤੀ ਵਿੱਚ ਪ੍ਰਵਾਨ ਕੀਤੇ ਜੀਵਨ ਤੋਂ ਇੱਕ ਪਾਸੇ ਹੋ ਜਾਂਦਾ ਹੈ ਅਤੇ ਇੱਕ ਇਨਕਲਾਬੀ ਬਣ ਜਾਂਦਾ ਹੈ ਤਾਂ ਉਹ ਉਹਦੇ ਹੱਕ ਵਿੱਚ ਡਟ ਜਾਂਦੀ ਹੈ ਅਤੇ ਉਹਦੇ ਮੋਢੇ ਨਾਲ਼ ਮੋਢਾ ਜੋੜ ਕੇ ਅੱਗੇ ਵਧਦੀ ਹੈ। ਨਾਵਲ ਵਿੱਚ ਨਿਲੋਵਨਾ ਦਾ ਰਾਹ ਉਸ ਆਮ ਕਿਰਤੀ ਦਾ ਰਾਹ ਹੈ ਜਿਹੜਾ ਇਨਕਲਾਬ ਵੱਲ ਆਉਂਦਾ ਹੈ। ਪਾਠਕ ਦੁਨੀਆਂ ਨੂੰ ਨਿਲੋਵਨਾ ਦੀ ਨਿਗਾਹ ਨਾਲ਼ ਵੇਖਦਾ ਹੈ ਅਤੇ ਘਟਨਾਵਾਂ ਨੂੰ ਉਹਦੀਆਂ ਪੱਧਰਾਂ ਅਨੁਸਾਰ ਪਰਖਦਾ ਹੈ। ਪਾਵੇਲ ਦੇ ਸਾਥੀ ਵੀ ਉਹਨੂੰ ਮਾਂ ਕਹਿ

ਕੇ ਸੱਦਦੇ ਹਨ। ਉਹਦੇ ਰਾਹੀਂ ਹੀ, ਮਾਂ ਵੱਲ ਆਪਣੇ ਵਤੀਰੇ ਰਾਹੀਂ ਹੀ, ਉਹਨਾਂ ਇਨਕਲਾਬੀਆਂ ਨੇ ਆਪਣੀ ਭਰਾਵਲੀ ਸਮਝੀ। ਉਹਦੇ ਰਾਹੀਂ ਉਹਨਾਂ ਨੂੰ ਸਭਨਾਂ ਮਨੁੱਖਾਂ ਦੀ ਭਰਾਤ੍ਰੀਅਤਾ ਦੀ ਸੋਝੀ ਹੁੰਦੀ ਹੈ। ਪਾਵੇਲ ਦਾ ਸਭ ਤੋਂ ਨੇੜਵਾਂ ਮਿੱਤਰ ਆਂਦਰੇਈ ਨਾਖੋਦਕਾ ਕਹਿੰਦਾ ਹੈ: "ਅਸੀਂ ਸਾਰੇ ਇੱਕੋ ਮਾਂ ਦੇ ਪੁੱਤਰ ਹਾਂ, ਜਿੰਨ੍ਹਾਂ ਅੰਦਰ ਸਾਰੇ ਸੰਸਾਰ ਦੇ ਕਿਰਤੀ ਲੋਕਾਂ ਦੇ ਭਾਈਚਾਰੇ ਵਿੱਚ ਅਜਿੱਤ ਭਰੋਸੇ ਦੀ ਲਾਟ ਬਲਦੀ ਏ।" ਕਿਸਾਨ ਰੀਬਿਨ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਹੈ: "ਲੋਕਾਂ ਨੂੰ ਉਹਨਾਂ ਦੀ ਇੱਕਤਾ ਦਾ ਅਨੁਭਵ ਕਰਾਉਣਾ ਬੜੀ ਵੱਡੀ ਗੱਲ ਏ! ਜਦੋਂ ਤੁਸੀਂ ਜਾਣਦੇ ਹੋ ਕਿ ਲਖੂਖਾਂ ਲੋਕ ਉਹੋ ਕੁਝ ਚਾਹੁੰਦੇ ਨੇ ਜੋ ਤੁਸੀਂ ਚਾਹੁੰਦੇ ਹੋ ਤਾਂ ਇਸ ਨਾਲ਼ ਤੁਹਾਡਾ ਦਿਲ ਦਿਆਲ ਹੋ ਜਾਂਦੈ।"

ਜਦੋਂ ਅਸੀਂ ਇੱਕ ਵਾਰ ਇਹ ਵਿਚਾਰ ਪ੍ਰਵਾਨ ਕਰ ਲੈਂਦੇ ਹਾਂ ਕਿ ਕਲਾ ਲੋਕਾਂ ਨੂੰ ਇੱਕਮੁੱਠ ਕਰਨ ਦਾ ਸਾਧਨ ਹੈ ਤਾਂ ਅਸੀਂ ਸਮੁੱਚੇ ਤੌਰ 'ਤੇ ਗੋਰਕੀ ਦੀਆਂ ਕਿਰਤਾਂ ਅਤੇ ਵਿਸ਼ੇਸ਼ ਤੌਰ 'ਤੇ ਉਹਦੀ "ਮਾਂ" ਦੀ ਮਹੱਤਤਾ ਸਮਝੇ ਬਿਨਾਂ ਨਹੀਂ ਰਹਿ ਸਕਦੇ। ਜਿਹਾ ਕਿ ਅਸੀਂ ਪਹਿਲਾਂ ਕਿਹਾ ਹੈ "ਮਾਂ" ਕਿਰਤੀ ਸ਼੍ਰੇਣੀ ਬਾਰੇ ਇੱਕ ਪੁਸਤਕ ਹੈ, ਮਨੁੱਖੀ ਸਬੰਧ ਚੰਗੇਰੇ ਬਣਾਉਣ ਵਿੱਚ ਕਿਰਤੀ ਸ਼੍ਰੇਣੀ ਦੇ ਰੋਲ਼ ਬਾਰੇ। ਇਹਦਾ ਅਰਥ ਹੈ ਕਿ ਇਹ ਪੁਸਤਕ ਕੇਵਲ ਕਿਰਤੀ ਸ਼੍ਰੇਣੀ ਲਈ ਨਹੀਂ ਸਗੋਂ ਸਮੁੱਚੇ ਸੰਸਾਰ ਵਿੱਚ ਸਭਨਾਂ ਲੋਕਾਂ ਲਈ ਹੈ।

"ਸੋਵੀਅਤ ਲੋਕ ਇਨਕਲਾਬ ਦੇ ਸੂਰਮਿਆਂ ਦੇ ਸ਼ਾਨਦਾਰ ਸੂਰਮਾ ਕਾਰਨਾਮਿਆਂ ਦੀ ਬਹੁਤ ਕਦਰ ਕਰਦੇ ਹਨ। ਰੂਸ ਵਿੱਚ ਪਹਿਲੇ ਜਨਤਕ ਇਨਕਲਾਬ ਦਾ ਇਤਿਹਾਸ ਰਚਨਾਤਮਕ ਪ੍ਰੇਰਨਾ ਦਾ ਅਖੁਟ ਸੋਮਾ, ਇਨਕਲਾਬੀ ਘੁਲਾਟੀਆਂ ਦੀਆਂ ਨਵੀਆਂ ਪੀੜ੍ਹੀਆਂ ਲਈ ਰਾਜਸੀ ਘੋਲ਼ ਦਾ ਸਕੂਲ ਹੈ," 1905-1907 ਦੇ ਇਨਕਲਾਬ ਦੀ ਸਤਰਵੀਂ ਵਰ੍ਹੇ-ਗੰਢ ਸਬੰਧੀ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਪ੍ਰਸਤਾਵ ਵਿੱਚ ਕਿਹਾ ਗਿਆ ਹੈ।

ਨਾਵਲ "ਮਾਂ" ਪਹਿਲੇ ਰੂਸੀ ਇਨਕਲਾਬ ਸਬੰਧੀ ਹੈ ਜੋ ਬਦੇਸ਼ਾਂ ਵਿੱਚ 38 ਭਾਸ਼ਾਵਾਂ ਵਿੱਚ 286 ਵਾਰ ਛਾਪਿਆ ਗਿਆ ਹੈ। ਸੋਵੀਅਤ ਯੂਨੀਅਨ ਵਿੱਚ ਇਹ ਨਾਵਲ 197 ਵਾਰ 64,54,000 ਪਰਤੀਆਂ ਵਿੱਚ ਛਪਿਆ ਹੈ। ਗੋਰਕੀ ਦੀ "ਮਾਂ" ਸਭਨਾਂ ਦੇਸ਼ਾਂ ਦੇ ਕਿਰਤੀਆਂ ਵਿੱਚ ਸਭ ਤੋਂ ਵੱਧ ਹਰ-ਮਨ-ਪਿਆਰੀ ਪੁਸਤਕ ਬਣ ਗਈ ਹੈ।

**ਪ੍ਰੋ. ਬ. ਬੁਰਸੋਵ**

# ਪਹਿਲਾ ਭਾਗ

## 1

ਹਰ ਰੋਜ਼ ਕਾਰਖ਼ਾਨੇ ਦੀ ਸੀਟੀ ਕਿਰਤੀਆਂ ਦੀ ਬਸਤੀ ਦੀ ਧੁਆਂਖੀ, ਥਿੰਧੀ ਹਵਾ ਵਿੱਚ ਕੰਬਦੀ ਹੋਈ ਚੀਕਦੀ। ਅਤੇ ਇਹਦੇ ਬੁਲਾਵੇ ਦੀ ਤਾਬਿਆ ਗ਼ੁਸੈਲੇ ਲੋਕ, ਜਿਨ੍ਹਾਂ ਦੇ ਅੰਗਾਂ ਨੂੰ ਅਜੇ ਨੀਂਦ ਨੇ ਨਰੋਆ ਨਹੀਂ ਸੀ ਕੀਤਾ, ਆਪਣੇ ਨਿੱਕੇ ਭੂਰੇ ਮਕਾਨਾਂ ਵਿੱਚੋਂ ਡਰੇ ਹੋਏ ਕਾਕਰੋਚਾਂ ਵਾਂਗ ਰਿੜ੍ਹਦੇ ਹੋਏ ਬਾਹਰ ਆਉਂਦੇ। ਉਹ ਠੰਢੇ ਹਨੇਰੇ ਵਿੱਚ, ਕੱਚੀ ਸੜਕ ਉੱਤੇ ਕਾਰਖ਼ਾਨੇ ਦੀਆਂ ਉੱਚੀਆਂ ਪਥਰੀਲੀਆਂ ਕੋਠੜੀਆਂ ਵੱਲ ਟੁਰ ਪੈਂਦੇ, ਜਿਹੜੀਆਂ ਸੀਤ ਪ੍ਰਸੰਨਤਾ ਨਾਲ਼ ਉਹਨਾਂ ਦੀ ਉਡੀਕ ਕਰ ਰਹੀਆਂ ਹੁੰਦੀਆਂ ਅਤੇ ਜਿਨ੍ਹਾਂ ਦੀਆਂ ਦਰਜਨਾਂ ਚੁਕੋਰ, ਥਿੰਧੀਆਂ ਅੱਖਾਂ ਸੜਕ ਉੱਤੇ ਲੋਅ ਕਰ ਰਹੀਆਂ ਹੁੰਦੀਆਂ। ਉਹਨਾਂ ਦੇ ਪੈਰਾਂ ਹੇਠ ਚਿੱਕੜ ਪਿਚ ਪਿਚ ਕਰਦਾ। ਉਹ ਬੈਠੀਆਂ, ਨਿੰਦਰਾਵਲੀਆਂ ਅਵਾਜ਼ਾਂ ਵਿੱਚ ਉੱਚੀ ਉੱਚੀ ਬੋਲਦੇ ਅਤੇ ਕੋਝੀਆਂ ਗੱਲਾਂ ਹਵਾ ਦੇ ਲੰਗਾਰ ਲਾਹ ਦੇਂਦੀਆਂ ਅਤੇ ਹੋਰ ਅਵਾਜ਼ਾਂ ਤਰਦੀਆਂ ਹੋਈਆਂ ਇਹਨਾਂ ਵਿੱਚ ਮਿਲਣ ਲਈ ਆਉਂਦੀਆਂ : ਮਸ਼ੀਨਾਂ ਦੀ ਭਾਰੀ ਘੂਕਰ ਅਤੇ ਭਾਫ਼ ਦੀ ਸ਼ਾਂ ਸ਼ਾਂ। ਉੱਚੀਆਂ ਕਾਲ਼ੀਆਂ ਚਿਮਨੀਆਂ, ਕਰੜੀਆਂ ਅਤੇ ਉਦਾਸ, ਮੋਟੀਆਂ ਮੁਤਹਿਰਾਂ ਵਾਂਗ, ਬਸਤੀ ਉੱਤੇ ਪਲ੍ਹਮਦੀਆਂ।

ਅਤੇ ਸ਼ਾਮ ਨੂੰ, ਜਦੋਂ ਡੁੱਬਦੇ ਸੂਰਜ ਦੀਆਂ ਲਾਲ ਕਿਰਨਾਂ ਘਰਾਂ ਦੀਆਂ ਬਾਰੀਆਂ ਤੋਂ ਥੱਕੀਆਂ ਹੋਈਆਂ ਪਰਤਦੀਆਂ ਤਾਂ ਕਾਰਖ਼ਾਨਾ ਆਪਣੀਆਂ ਪੱਥਰ ਦੀਆਂ ਆਂਦਰਾਂ ਵਿੱਚੋਂ ਲੋਕਾਂ ਨੂੰ ਇਉਂ ਉਗਲਦਾ ਜਿਵੇਂ ਉਹ ਬਸ ਥੋੜ੍ਹਾ ਜਿਹਾ ਮਨੂਰ ਹੋਣ ਅਤੇ ਉਹ ਇੱਕ ਵਾਰ ਫਿਰ ਸੜਕ ਦੀ ਚੜ੍ਹਾਈ ਚੜ੍ਹਨ ਲੱਗ ਪੈਂਦੇ — ਗੰਦੇ, ਕਲ-ਮੂੰਹੇ, ਉਹਨਾਂ ਦੇ ਭੁੱਖੇ ਦੰਦ ਲਿਸ਼ਕਦੇ, ਉਹਨਾਂ ਦੇ ਪਿੰਡਿਆਂ ਵਿੱਚੋਂ ਮਸ਼ੀਨਾਂ ਦੇ ਤੇਲ ਦੀ ਚਿਪਚਿਪੀ ਹਵਾੜ ਉੱਠਦੀ। ਹੁਣ ਉਹਨਾਂ ਦੀਆਂ ਅਵਾਜ਼ਾਂ ਛੁਹਲੀਆਂ, ਇੱਥੋਂ ਤੱਕ ਕਿ ਖ਼ੁਸ਼ ਸਨ, ਕਿਉਂਕਿ ਇੱਕ ਹੋਰ ਦਿਨ ਦਾ ਹੱਡ-ਭੰਨ ਕੰਮ ਮੁੱਕ ਗਿਆ ਸੀ ਅਤੇ ਘਰਾਂ ਵਿੱਚ ਖਾਣਾ ਅਤੇ ਅਰਾਮ ਉਹਨਾਂ ਦੀ ਉਡੀਕ ਕਰ ਰਹੇ ਸਨ।

ਦਿਨ ਕਾਰਖ਼ਾਨੇ ਨੇ ਹੜਪ ਲਿਆ ਸੀ, ਜਿਸਦੀਆਂ ਮਸ਼ੀਨਾਂ ਕਿਰਤੀਆਂ ਦੇ ਬਲ ਦਾ ਓਨਾ ਹਿੱਸਾ ਚੂਸ ਲੈਂਦੀਆਂ ਜਿੰਨੇ ਦੀ ਉਹਨਾਂ ਨੂੰ ਲੋੜ ਹੁੰਦੀ। ਦਿਨ ਕੱਟ ਦਿੱਤਾ ਗਿਆ ਸੀ, ਬਿਨ੍ਹਾਂ ਕੋਈ ਨਿਸ਼ਾਨ ਛੱਡੇ ਅਤੇ ਮਨੁੱਖ ਆਪਣੀ ਕਬਰ ਵੱਲ ਇੱਕ ਪੈਰ ਹੋਰ ਅੱਗੇ ਵੱਧ ਗਿਆ ਸੀ। ਪਰ ਹੁਣ ਉਹ ਅਰਾਮ ਅਤੇ ਇੱਕ ਧੂੰ-ਭਰੇ ਸ਼ਰਾਬਖ਼ਾਨੇ ਬਾਰੇ ਸੋਚ ਰਿਹਾ ਸੀ ਅਤੇ ਸੰਤੁਸ਼ਟ ਸੀ।

ਐਤਵਾਰ ਨੂੰ ਅਤੇ ਛੁੱਟੀਆਂ ਦੇ ਦਿਨੀਂ ਲੋਕ ਦਸ ਵਜੇ ਤੱਕ ਸੌਂਦੇ ਅਤੇ ਫਿਰ ਸਾਊ ਵਿਆਹੇ ਲੋਕ ਆਪਣੇ ਸਭ ਤੋਂ ਚੰਗੇ ਕੱਪੜੇ ਪਾਉਂਦੇ ਅਤੇ ਜਵਾਨਾਂ ਨੂੰ ਧਰਮ ਵੱਲ ਉਹਨਾਂ ਦੀ ਅਣਗਹਿਲੀ ਲਈ ਕੋਸਦੇ, ਸਵੇਰ ਦੀ ਦੁਆ ਲਈ ਗਿਰਜੇ ਜਾਂਦੇ। ਦੁਆ ਪਿੱਛੋਂ ਉਹ ਘਰ ਮੁੜਦੇ, **ਪਿਰੋਗੀ*** ਖਾਂਦੇ ਅਤੇ ਫਿਰ ਸ਼ਾਮ ਤੱਕ ਸੌਂਦੇ।

ਵਰ੍ਹਿਆਂ ਤੋਂ ਇਕੱਠੇ ਹੋਏ ਥਕੇਵੇਂ ਨੇ ਉਹਨਾਂ ਦੀਆਂ ਭੁੱਖਾਂ ਨੂੰ ਖੁੰਢਾ ਕਰ ਦਿੱਤਾ ਸੀ ਅਤੇ ਉਹ ਬਹੁਤ ਪੀਕੇ ਉਹਨਾਂ ਨੂੰ ਚਮਕਾਉਂਦੇ, ਵੋਦਕਾ ਦੇ ਡੰਗ ਨਾਲ਼ ਉਹ ਆਪਣੇ ਢਿੱਡਾਂ ਨੂੰ ਟੁੰਬਦੇ।

ਸ਼ਾਮੀ ਉਹ ਅਲਸਾਏ ਹੋਏ ਸੜਕਾਂ ਉੱਤੇ ਟਹਿਲਦੇ। ਜਿਨ੍ਹਾਂ ਕੋਲ਼ ਗਾਲੋਸ਼ੇ** ਹੁੰਦੇ ਉਹ ਉਦੋਂ ਵੀ ਪਹਿਨ ਲੈਂਦੇ ਜਦੋਂ ਭੋਂ ਸੁੱਕੀ ਹੁੰਦੀ ਅਤੇ ਜਿਨ੍ਹਾਂ ਕੋਲ਼ ਛਤਰੀਆਂ ਸਨ ਉਹ ਉਦੋਂ ਵੀ ਚੁੱਕੀ ਫਿਰਦੇ ਜਦੋਂ ਅਸਮਾਨ ਖਰਾ ਹੁੰਦਾ।

ਦੋਸਤ ਮਿੱਤਰ ਮਿਲਦੇ ਤਾਂ ਉਹ ਉਹਨਾਂ ਨਾਲ਼ ਕਾਰਖ਼ਾਨੇ ਦੀਆਂ, ਮਸ਼ੀਨਾਂ ਦੀਆਂ ਅਤੇ ਆਪਣੇ ਆਪਣੇ ਫੋਰਮੈਨਾਂ ਦੀਆਂ ਗੱਲਾਂ ਕਰਦੇ। ਉਹ ਕਦੀ ਅਜਿਹੀ ਗੱਲ ਨਾ ਸੋਚਦੇ ਜਾਂ ਉਸ ਬਾਰੇ ਗੱਲ ਨਾ ਕਰਦੇ ਜਿਸਦਾ ਉਹਨਾਂ ਦੇ ਕੰਮ ਨਾਲ਼ ਸਬੰਧ ਨਾ ਹੋਵੇ। ਉਹਨਾਂ ਦੀ ਜ਼ਿੰਦਗੀ ਦੇ ਰੁੱਖੇ ਅਕੇਵੇਂ ਵਿੱਚ ਕਦੀ ਕਦੀ ਲਿੱਸੜ, ਥਿੜਕਦੀਆਂ ਸੋਚਾਂ ਦੀਆਂ ਚੰਗਿਆੜੀਆਂ ਲਿਸ਼ਕਦੀਆਂ। ਜਦੋਂ ਮਰਦ ਘਰ ਮੁੜਦੇ ਤਾਂ ਉਹ ਆਪਣੀਆਂ ਘਰ ਵਾਲ਼ੀਆਂ ਨਾਲ਼ ਖਹਿਬੜਦੇ ਅਤੇ ਅਕਸਰ ਆਪਣੇ ਮੁੱਕੇ ਦੁਖਣ ਦੀ ਪ੍ਰਵਾਹ ਨਾ ਕਰਦੇ ਹੋਏ ਉਹਨਾਂ ਨੂੰ ਕੁੱਟਦੇ। ਜਵਾਨ ਲੋਕ ਸ਼ਰਾਬਖਾਨੇ ਜਾਂ ਆਪਣੇ ਮਿੱਤਰਾਂ ਦੇ ਘਰੀਂ ਜਾਂਦੇ, ਜਿੱਥੇ ਉਹ ਅਕਾਰਡੀਅਨ ਵਜਾਉਂਦੇ, ਫਕੜ, ਗੰਦੇ ਗੀਤ ਗਾਉਂਦੇ, ਨੱਚਦੇ, ਗਾਲ੍ਹਾਂ ਕੱਢਦੇ ਅਤੇ ਪੀਂਦੇ। ਹੱਡ-ਭੰਨ ਕੰਮ ਕਰਦੇ ਉਹ ਹੁਟੇ ਹੋਏ ਤਾਂ ਹੁੰਦੇ ਹੀ ਸਨ, ਸ਼ਰਾਬ ਛੇਤੀ ਹੀ ਉਹਨਾਂ ਦੇ ਸਿਰਾਂ 'ਤੇ ਸਵਾਰ ਹੋ ਜਾਂਦੀ ਅਤੇ ਕੋਈ ਸਮਝ ਨਾ ਆਉਣ ਵਾਲ਼ੀ ਚੁਭਨ ਉਹਨਾਂ ਦੀਆਂ ਛਾਤੀਆਂ ਵਿੱਚ ਰੜਕਦੀ, ਬਾਹਰ ਨਿਕਲਣ ਲਈ ਉਤਾਵਲੀ। ਅਤੇ ਇਸ ਲਈ ਉਹ ਆਪਣੀਆਂ ਭਾਵਨਾਵਾਂ ਤੋਂ ਛੁਟਕਾਰਾ ਪਾਉਣ ਲਈ ਇੱਕ ਦੂਜੇ ਉੱਤੇ ਹੈਸਿਆਰੀ ਵਹਿਸ਼ਤ ਨਾਲ਼ ਟੁੱਟ ਪੈਣ ਦੇ ਕਿਸੇ ਮੌਕੇ ਨੂੰ ਹੱਥੋਂ ਨਾ ਜਾਣ ਦੇਂਦੇ। ਨਤੀਜਾ ਹੁੰਦਾ ਖ਼ੂਨੀ ਲੜਾਈਆਂ। ਕਈ ਵਾਰ ਉਹਨਾਂ ਦਾ ਅੰਤ ਕਿਸੇ ਦੇ ਸਖ਼ਤ ਫੱਟੜ ਹੋਣ ਨਾਲ਼ ਹੁੰਦਾ ਅਤੇ ਕਦੀ ਕਦੀ ਕੋਈ ਮਾਰਿਆ ਜਾਂਦਾ।

ਉਹਨਾਂ ਦੇ ਮਨੁੱਖੀ ਰਿਸ਼ਤਿਆਂ ਉੱਤੇ ਦੁਸ਼ਮਣੀ ਦੀ ਇੱਕ ਛਹਿੜੀ ਭਾਵਨਾ ਭਾਰੂ ਸੀ, ਇੱਕ ਅਜਿਹੀ ਭਾਵਨਾ ਜਿਹੜੀ ਓਨੀ ਹੀ ਪੁਰਾਣੀ ਸੀ ਜਿੰਨਾ ਉਹਨਾਂ ਦੇ ਅੰਗਾਂ ਦਾ ਲਾਇਲਾਜ ਥਕੇਵਾਂ। ਰੂਹ ਦਾ ਇਹ ਰੋਗ ਲੋਕ ਆਪਣੇ ਪਿਉਆਂ ਤੋਂ ਵਿਰਸੇ ਵਿੱਚ ਲੈਕੇ ਜੰਮਦੇ ਅਤੇ ਕਿਸੇ ਕਾਲ਼ੇ ਪਰਛਾਵੇਂ ਵਾਂਗ ਇਹ ਐਨ ਕਬਰ ਤੱਕ ਉਹਨਾਂ ਦੇ ਅੰਗ ਸੰਗ ਰਹਿੰਦਾ, ਉਹਨਾਂ ਤੋਂ ਅਜਿਹੀਆਂ ਹਰਕਤਾਂ ਕਰਾਉਂਦਾ ਜਿਹੜੀਆਂ ਆਪਣੀ ਬੇਅਰਥ ਨਿਰਦੈਤਾ ਕਾਰਨ ਘਿਣਾਉਣੀਆਂ ਹੁੰਦੀਆਂ।

---

* ਇੱਕ ਕਿਸਮ ਦਾ ਸਮੋਸਾ, ਜਿਸ ਵਿੱਚ ਕੀਮਾ, ਚੌਲ, ਆਦਿ ਭਰੇ ਹੁੰਦੇ ਹਨ। — **ਅਨੁ:**

** ਮੀਂਹ ਅਤੇ ਚਿੱਕੜ ਤੋਂ ਬਚਣ ਲਈ ਆਮ ਜੁੱਤੀਆਂ ਦੇ ਉੱਤੇ ਪਾਉਣ ਵਾਲ਼ੇ ਰਬੜ ਦੇ ਬੂਟ। — **ਅਨੁ:**

ਐਤਵਾਰਾਂ ਨੂੰ ਜਵਾਨ ਲੋਕ ਬਹੁਤ ਰਾਤ ਗਏ ਘਰ ਮੁੜਦੇ, ਪਾਟੇ ਕੱਪੜੇ, ਮਿੱਟੀ ਅਤੇ ਚਿੱਕੜ ਨਾਲ਼ ਲਿਬੜੇ, ਅੱਖਾਂ ਦੁਆਲੇ ਨੀਲ ਅਤੇ ਨੱਕ ਲਹੂ-ਲੁਹਾਨ, ਕਈ ਵਾਰ ਉਹ ਬੜੇ ਖੋਰੀ ਢੰਗ ਨਾਲ਼ ਉਹਨਾਂ ਸੱਟਾਂ ਦੀਆਂ ਫੜਾਂ ਮਾਰਦੇ ਜਿਹੜੀਆਂ ਉਹਨਾਂ ਆਪਣੇ ਮਿੱਤਰਾਂ ਨੂੰ ਲਾਈਆਂ ਹੁੰਦੀਆਂ, ਕਈ ਵਾਰ ਆਪਣੀ ਬੇਇੱਜ਼ਤੀ 'ਤੇ ਬਿਸੂੰਗਰਦੇ, ਗੁੱਸੇ ਵਿੱਚ ਗਰਜਦੇ ਜਾਂ ਰੋਂਦੇ, ਉਹਨਾਂ ਨੂੰ ਚੜ੍ਹੀ ਹੁੰਦੀ ਅਤੇ ਉਹ ਤਰਸਯੋਗ, ਦੁਖੀ ਅਤੇ ਘ੍ਰਿਣਤ ਹੁੰਦੇ। ਕਦੀ ਕਦੀ ਮਾਵਾਂ ਜਾਂ ਪਿਉਆਂ ਨੂੰ ਆਪਣੇ ਪੁੱਤਰ ਕਿਸੇ ਜੰਗਲੇ ਦੀ ਛਾਵੇਂ ਜਾਂ ਸ਼ਰਾਬਖਾਨੇ ਦੇ ਫਰਸ਼ ਉੱਤੇ ਚੁਫਾਲ, ਧੁੱਤ ਪਏ ਹੋਏ ਮਿਲਦੇ। ਵਡੇਰੇ ਉਹਨਾਂ ਨੂੰ ਗੰਦੀਆਂ ਗਾਲ੍ਹਾਂ ਕੱਢਦੇ, ਉਹਨਾਂ ਦੇ ਵੋਦਕਾ-ਬਰਿਲੇ ਸਰੀਰਾਂ ਨੂੰ ਘਸੁੰਨ ਮਾਰਦੇ, ਉਹਨਾਂ ਨੂੰ ਘਰ ਲਿਆਉਂਦੇ ਅਤੇ ਕੁਝ ਫ਼ਿਕਰਮੰਦੀ ਨਾਲ਼ ਉਹਨਾਂ ਨੂੰ ਸੰਵਾ ਦੇਂਦੇ, ਬਸ ਸਵੇਰੇ ਉਸ ਸਮੇਂ ਜਗਾ ਦੇਣ ਲਈ ਜਦੋਂ ਪਹੁ-ਫੁਟਾਲੇ ਵਿੱਚੋਂ ਸੀਟੀ ਦੀ ਚੀਕ ਹਨੇਰੇ ਵਹਿਣ ਵਾਂਗ ਆਉਂਦੀ।

ਉਹ ਆਪਣੇ ਬੱਚਿਆਂ ਨੂੰ ਗਾਹਲਾਂ ਕੱਢਦੇ ਅਤੇ ਉਹਨਾਂ ਨੂੰ ਬੇਕਿਰਕੀ ਨਾਲ਼ ਕੁੱਟਦੇ, ਪਰ ਜਵਾਨ ਲੋਕਾਂ ਦਾ ਲੜਨਾ ਅਤੇ ਪੀਣਾ ਸੁਭਾਵਕ ਗੱਲ ਸਮਝੀ ਜਾਂਦੀ ਸੀ। ਜਦੋਂ ਪਿਉ ਜਵਾਨ ਸਨ ਤਾਂ ਉਹ ਵੀ ਲੜਦੇ ਤੇ ਪੀਂਦੇ ਅਤੇ ਆਪਣੀ ਵਾਰੀ ਉਹਨਾਂ ਦੇ ਮਾਵਾਂ ਅਤੇ ਪਿਉਆਂ ਨੇ ਉਹਨਾਂ ਨੂੰ ਕੁੱਟਿਆ ਸੀ। ਜ਼ਿੰਦਗੀ ਸਦਾ ਇਹੋ ਜਿਹੀ ਰਹੀ ਸੀ। ਇਹ ਹੌਲ਼ੀ ਹੌਲ਼ੀ ਅਤੇ ਇੱਕਸਾਰ, ਇੱਕ ਤੋਂ ਪਿੱਛੋਂ ਦੂਜੇ ਵਰ੍ਹੇ ਇੱਕ ਗੰਧਲੀ ਨਦੀਂ ਵਾਂਗ ਵਹਿੰਦੀ ਰਹਿੰਦੀ ਸੀ, ਅਤੇ ਸਭ ਕੁਝ ਨਿੱਤ-ਦਿਹਾੜੇ ਹਰ ਗੱਲ ਬਾਰੇ ਉਸੇ ਤਰ੍ਹਾਂ ਸੋਚਣ ਅਤੇ ਅਮਲ ਕਰਨ ਦੀਆਂ ਡੂੰਘੀਆਂ ਆਦਤਾਂ ਨਾਲ਼ ਬੰਨ੍ਹਿਆ ਹੋਇਆ ਸੀ। ਅਤੇ ਕਿਸੇ ਵਿੱਚ ਇਹਨੂੰ ਤਬਦੀਲ ਕਰਨ ਦੀ ਕੋਈ ਇੱਛਾ ਨਹੀਂ ਸੀ।

ਕਦੀ ਕਦੀ ਨਵੇਂ ਲੋਕ ਕਾਰਖ਼ਾਨੇ ਦੀ ਬਸਤੀ ਵਿੱਚ ਵਸਣ ਲਈ ਆਉਂਦੇ। ਪਹਿਲਾਂ ਪਹਿਲ ਉਹ ਬਸ ਇਸ ਲਈ ਧਿਆਨ ਖਿੱਚਦੇ ਕਿ ਉਹ ਨਵੇਂ ਆਏ ਸਨ, ਫਿਰ ਉਹਨਾਂ ਥਾਵਾਂ ਸੰਬੰਧੀ ਉਹਨਾਂ ਦੇ ਬ੍ਰਿਤਾਂਤਾਂ ਕਾਰਨ, ਜਿੱਥੇ ਉਹਨਾਂ ਕੰਮ ਕੀਤਾ ਸੀ, ਉਹਨਾਂ ਵਿੱਚ ਓਪਰੀ ਜਿਹੀ ਦਿਲਚਸਪੀ ਬਣੀ ਰਹਿੰਦੀ। ਪਰ ਛੇਤੀ ਹੀ ਨਵੀਨਤਾ ਮੁੱਕ ਜਾਂਦੀ, ਲੋਕ ਉਹਨਾਂ ਦੇ ਆਦੀ ਹੋ ਜਾਂਦੇ ਅਤੇ ਉਹਨਾਂ ਵੱਲ ਧਿਆਨ ਦੇਣਾ ਬੰਦ ਕਰ ਦੇਂਦੇ। ਨਵੇਂ ਆਏ ਲੋਕਾਂ ਦੀਆਂ ਗੱਲਾਂ ਤੋਂ ਪਤਾ ਲੱਗਦਾ ਕਿ ਕਿਰਤੀ ਲੋਕਾਂ ਦੀ ਜ਼ਿੰਦਗੀ ਹਰ ਥਾਂ ਇੱਕੋ ਜਿਹੀ ਸੀ। ਜੇ ਇਹ ਸੱਚ ਸੀ ਤਾਂ ਕਰਨ ਵਾਲ਼ੀ ਗੱਲ ਹੀ ਕਿਹੜੀ ਸੀ ?

ਪਰ ਕੁਝ ਨਵੇਂ ਆਏ ਲੋਕ ਅਜਿਹੀਆਂ ਗੱਲਾਂ ਕਰਦੇ ਜਿਹੜੀਆਂ ਬਸਤੀ ਲਈ ਨਵੀਆਂ ਸਨ। ਉਹਨਾਂ ਨਾਲ਼ ਕੋਈ ਬਹਿਸ ਨਾ ਕਰਦਾ, ਪਰ ਉਹਨਾਂ ਦੀ ਗੱਲ ਸ਼ੱਕੀ ਢੰਗ ਨਾਲ਼ ਸੁਣੀ ਜਾਂਦੀ। ਕੁਝ ਇੱਕ ਨੂੰ ਉਹਨਾਂ ਦੀਆਂ ਗੱਲਾਂ 'ਤੇ ਅੰਨ੍ਹੀ ਖਿਝ ਚੜ੍ਹ ਜਾਂਦੀ, ਹੋਰਨਾਂ ਨੂੰ ਅਸਪਸ਼ਟ ਜਿਹਾ ਤੌਖਲਾ ਲੱਗ ਜਾਂਦਾ ਅਤੇ ਕਈ ਹੋਰ ਆਸ ਦੇ ਧੁੰਦਲੇ ਜਿਹੇ ਪਰਛਾਵੇਂ ਕਾਰਨ ਪ੍ਰੇਸ਼ਾਨ ਹੋ ਜਾਂਦੇ, ਅਤੇ ਇਹ ਗੱਲ ਜ਼ਿੰਦਗੀ ਨੂੰ ਕੇਵਲ ਹੋਰ ਗੁੰਝਲਦਾਰ ਬਣਾਉਣ ਵਾਲ਼ੇ ਤੌਖਲਿਆਂ ਨੂੰ ਦੂਰ ਕਰਨ ਲਈ ਉਹਨਾਂ ਨੂੰ ਹੋਰ ਜ਼ਿਆਦਾ ਪੀਣ 'ਤੇ ਮਜ਼ਬੂਰ ਕਰਦੀ।

ਜੇ ਉਹਨਾਂ ਨੂੰ ਕਿਸੇ ਨਵੇਂ ਆਏ ਬਾਰੇ ਕੋਈ ਗੱਲ ਅਸਧਾਰਨ ਦਿਸਦੀ ਤਾਂ ਬਸਤੀ ਦੇ ਲੋਕ

ਇਹ ਗੱਲ ਉਹਦੇ ਵਿਰੁੱਧ ਪੱਲੇ ਬੰਨ੍ਹ ਲੈਂਦੇ ਅਤੇ ਉਹ ਹਰ ਉਸ ਮਨੁੱਖ ਵੱਲੋਂ ਅਚੇਤ ਢੰਗ ਨਾਲ਼ ਸੋਘਵਾਨ ਰਹਿੰਦੇ ਜਿਹੜਾ ਉਹਨਾਂ ਜਿਹਾ ਨਹੀਂ ਸੀ। ਇਉਂ ਜਾਪਦਾ ਸੀ ਕਿ ਉਹ ਇਸ ਗੱਲੋਂ ਡਰਦੇ ਸਨ ਕਿ ਉਹ ਉਹਨਾਂ ਦੀਆਂ ਜ਼ਿੰਦਗੀਆਂ ਦੀ ਅਕਾਊ ਇੱਕਸਾਰਤਾ ਵਿੱਚ ਵਿਘਨ ਪਾ ਦੇਵੇਗਾ, ਜਿਹੜੀ ਭਾਵੇਂ ਕਰੜੀ ਸੀ ਪਰ ਘੱਟੋਂ ਘੱਟ ਗੜਬੜ ਤੋਂ ਬਿਨ੍ਹਾਂ ਸੀ। ਲੋਕ ਇਸ ਗੱਲ ਦੇ ਆਦੀ ਸਨ ਕਿ ਜ਼ਿੰਦਗੀ ਹਰ ਸਮੇਂ ਉਹਨਾਂ ਉੱਤੇ ਇੱਕੋ ਜਿਹੇ ਦਬਾਅ ਨਾਲ਼ ਬੋਝ ਪਾਏ ਅਤੇ ਕਿਉਂਕਿ ਉਹਨਾਂ ਸਾਹਮਣੇ ਛੁਟਕਾਰੇ ਦੀ ਕੋਈ ਆਸ ਨਹੀਂ ਸੀ, ਉਹਨਾਂ ਨੂੰ ਨਿਸ਼ਚਾ ਸੀ ਕਿ ਹਰ ਤਬਦੀਲੀ ਉਹਨਾਂ ਦੀਆਂ ਮੁਸੀਬਤਾਂ ਵਿੱਚ ਵਾਧਾ ਹੀ ਕਰੇਗੀ।

ਕਿਰਤੀ ਲੋਕ ਚੁੱਪ ਚਾਪ ਉਸ ਬੰਦੇ ਤੋਂ ਕੰਨੀ ਕਤਰਾਉਂਦੇ ਜਿਹੜਾ ਨਵੇਂ ਵਿਚਾਰਾਂ ਦੀ ਗੱਲ ਕਰਦਾ। ਸੋ ਨਵੇਂ ਆਏ ਲੋਕ ਅਕਸਰ ਉੱਥੋਂ ਚਲੇ ਜਾਂਦੇ। ਜਿਹੜੇ ਕਦੀ ਕਦਾਈਂ ਉੱਥੇ ਟਿਕ ਜਾਂਦੇ, ਉਹ ਜਾਂ ਤਾਂ ਆਪਣੇ ਸਾਥੀਆਂ ਜਿਹੇ ਹੋ ਜਾਂਦੇ ਜਾਂ ਇਕਲਵਾਂਝੇ ਰਹਿਣ ਲੱਗ ਪੈਂਦੇ।...

ਅਜਿਹੀ ਜ਼ਿੰਦਗੀ ਦੇ ਲਗਭਗ ਪੰਜਾਹ ਵਰ੍ਹਿਆਂ ਪਿੱਛੋਂ ਇੱਕ ਮਨੁੱਖ ਮਰ ਗਿਆ।

## 2

ਅਜਿਹਾ ਸੀ ਮਿਖਾਇਲ ਵਲਾਸੋਵ ਦਾ ਜੀਵਨ, ਜਿਹੜਾ ਗਮਰੁਠ, ਜੱਤਲ ਮਿਸਤਰੀ ਸੀ, ਜਿਸਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਸੰਘਣੇ ਭਰਵੱਟਿਆਂ ਹੇਠੋਂ ਸ਼ੱਕ ਅਤੇ ਨਾਮਿਹਰਬਾਨ ਮੁਸਕਾਨ ਨਾਲ਼ ਘੂਰਦੀਆਂ। ਉਹ ਕਾਰਖ਼ਾਨੇ ਵਿੱਚ ਸਭ ਤੋਂ ਚੰਗਾ ਮਿਸਤਰੀ ਅਤੇ ਬਸਤੀ ਵਿੱਚ ਸਭ ਤੋਂ ਤਕੜਾ ਬੰਦਾ ਸੀ, ਪਰ ਉਹ ਆਪਣੇ ਤੋਂ ਉੱਚਿਆਂ ਨਾਲ਼ ਅੜਭ ਢੰਗ ਨਾਲ਼ ਪੇਸ਼ ਆਉਂਦਾ ਅਤੇ ਇਸੇ ਕਾਰਨ ਉਹਦੀ ਕਮਾਈ ਥੋੜ੍ਹੀ ਸੀ। ਹਰ ਛੁੱਟੀ ਦੇ ਦਿਨ ਉਹ ਕਿਸੇ ਨਾ ਕਿਸੇ ਨੂੰ ਕੁੱਟਦਾ ਅਤੇ ਇਸੇ ਲਈ ਸਭੇ ਉਹਨੂੰ ਮੰਦਾ ਜਾਣਦੇ ਸਨ ਅਤੇ ਉਹਦੇ ਤੋਂ ਡਰਦੇ ਸਨ। ਉਹਨੂੰ ਇੱਟ ਦਾ ਜਵਾਬ ਪੱਥਰ ਨਾਲ਼ ਦੇਣ ਦਾ ਹਰ ਜਤਨ ਵਿਅਰਥ ਸਾਬਤ ਹੁੰਦਾ। ਜਿਉਂ ਹੀ ਵਲਾਸੋਵ ਲੋਕਾਂ ਨੂੰ ਆਪਣੇ ਵੱਲ ਆਉਂਦੇ ਵੇਖਦਾ, ਉਹ ਪੱਥਰ, ਜਾਂ ਫੱਟਾ, ਜਾਂ ਸਰੀਆ ਚੁੱਕ ਲੈਂਦਾ, ਆਪਣੇ ਪੈਰ ਪਸਾਰ ਕੇ ਖੜ੍ਹਾ ਹੋ ਜਾਂਦਾ ਅਤੇ ਚੁੱਪ-ਚਾਪ ਦੁਸ਼ਮਣ ਦੀ ਉਡੀਕ ਕਰਨ ਲੱਗਦਾ। ਉਹਦੀਆਂ ਜੱਤਲ ਬਾਹਾਂ ਅਤੇ ਉਹਦੇ ਅੱਖਾਂ ਤੋਂ ਲੈਕੇ ਗਰਦਨ ਤੱਕ ਕਾਲ਼ੀ ਦਾੜ੍ਹੀ ਨਾਲ਼ ਕੱਜੇ ਮੂੰਹ ਉੱਤੇ ਇੱਕ ਨਜ਼ਰ ਹੀ ਕਿਸੇ ਨੂੰ ਡਰਾਉਣ ਲਈ ਕਾਫ਼ੀ ਸੀ। ਪਰ ਲੋਕ ਉਹਦੀਆਂ ਅੱਖਾਂ ਤੋਂ ਖ਼ਾਸ ਤੌਰ 'ਤੇ ਡਰਦੇ — ਨਿੱਕੀਆਂ ਅਤੇ ਤਿੱਖੀਆਂ, ਉਹ ਮਨੁੱਖ ਵਿੱਚ ਅਸਪਾਤੀ ਵਰਮੇ ਵਾਂਗ ਛੇਕ ਕਰਦੀਆਂ ਜਾਪਦੀਆਂ ਅਤੇ ਜਿਸ ਕਿਸੇ ਉੱਤੇ ਉਹ ਪੈਂਦੀਆਂ ਉਹਨੂੰ ਜਾਪਦਾ ਕਿ ਉਹ ਕਿਸੇ ਵਹਿਸ਼ੀ ਸ਼ਕਤੀ ਦੇ ਸਨਮੁਖ ਹੈ, ਜਿਹੜੀ ਡਰ ਜਾਂ ਰਹਿਮ ਤੋਂ ਬਿਨਾਂ ਝਪਟਣ ਲਈ ਤਿਆਰ ਹੈ।

"ਅੱਛਾ, ਕੁੱਤੀ ਦੇ ਪੁੱਤਰੋ! ਇੱਥੋਂ ਟੁਰਦੇ ਫਿਰਦੇ ਨਜ਼ਰ ਆਓ," ਉਹ ਖਰ੍ਹਵੀਂ ਅਵਾਜ਼ ਵਿੱਚ ਕਹਿੰਦਾ, ਉਹਦੇ ਵੱਡੇ ਪੀਲ਼ੇ ਦੰਦ ਉਹਦੀ ਦਾੜ੍ਹੀ ਵਿੱਚੋਂ ਲਿਸ਼ਕਦੇ। ਅਤੇ ਲੋਕ ਜਾਂਦੇ ਜਾਂਦੇ ਗਾਹਲਾਂ ਦੀ ਇੱਕ ਡਰਪੋਕ ਬਾੜ੍ਹ ਮਾਰਦੇ ਹੋਏ ਸੱਚਮੁਚ ਟੁਰਦੇ ਫਿਰਦੇ ਨਜ਼ਰ ਆਉਂਦੇ।

“ਕੁੱਤੀ ਦੇ ਪੁੱਤਰ!” ਉਹ ਉਹਨਾਂ ਦੇ ਪਿੱਛੇ ਲਲਕਾਰਦਾ। ਉਹਦੀਆਂ ਅੱਖਾਂ ਨਾਮਿਹਰਬਾਨ ਮੁਸਕਾਨ ਨਾਲ਼ ਕਟਾਰ ਵਾਂਗ ਤਿੱਖੀਆਂ ਹੁੰਦੀਆਂ। ਫਿਰ ਉਹ ਸਿਰ ਪਿੱਛੇ ਸੁੱਟ ਕੇ ਵੰਗਾਰਦਾ ਹੋਇਆ ਉਹਨਾਂ ਦੇ ਪਿੱਛੇ ਟੁਰ ਪੈਂਦਾ:

“ਆ ਜਾਓ, ਕੌਣ ਮਰਨਾ ਚਾਹੁੰਦੈ?”

ਕੋਈ ਵੀ ਮਰਨਾ ਨਹੀਂ ਸੀ ਚਾਹੁੰਦਾ।

ਉਹ ਘੱਟ ਵੱਧ ਹੀ ਬੋਲਦਾ ਅਤੇ “ਕੁੱਤੀ ਦਾ ਪੁੱਤਰ” ਉਹਦਾ ਮਨਪਸੰਦ ਵਿਸ਼ੇਸ਼ਣ ਸੀ। ਉਹ ਪੁਲੀਸ ਲਈ, ਅਧਿਕਾਰੀਆਂ ਲਈ, ਕਾਰਖ਼ਾਨੇ ਵਿੱਚ ਅਫ਼ਸਰਾਂ ਲਈ ਇਹ ਵਿਸ਼ੇਸ਼ਣ ਵਰਤਦਾ। ਆਪਣੀ ਘਰ ਵਾਲ਼ੀ ਨੂੰ ਉਹ ਹਮੇਸ਼ਾ ਕੁੱਤੀ ਕਹਿੰਦਾ।

“ਕੁੱਤੀਏ! ਵੇਖਦੀ ਨਹੀਂ ਮੇਰੀ ਪਤਲੂਨ ਦਾ ਲੰਗਾਰ ਲਹਿ ਗਿਐ?”

ਜਦੋਂ ਉਹਦਾ ਪੁੱਤਰ ਪਾਵੇਲ ਚੌਦਾਂ ਵਰ੍ਹਿਆਂ ਦਾ ਸੀ ਤਾਂ ਵਲਾਸੋਵ ਨੇ ਇੱਕ ਵਾਰ ਉਸਨੂੰ ਵਾਲਾਂ ਤੋਂ ਫੜਨ ਦਾ ਜਤਨ ਕੀਤਾ। ਪਾਵੇਲ ਨੇ ਇੱਕ ਵਦਾਨ ਚੁੱਕ ਲਿਆ ਅਤੇ ਖਰ੍ਹਵੀਂ, ਸੰਖੇਪ ਗੱਲ ਕੀਤੀ:

“ਪਰ੍ਹਾਂ ਹਟ ਜਾ!”

“ਕੀ ਕਿਹਾ,” ਪਿਉ ਨੇ ਆਪਣੇ ਲੰਮੇ, ਛੀਟਕੇ ਪੁੱਤਰ ਵੱਲ ਉਸੇ ਤਰ੍ਹਾਂ ਅਰਾਮ ਨਾਲ਼ ਵੱਧਦੇ ਹੋਏ ਕਿਹਾ, ਜਿਵੇਂ ਕਿਸੇ ਬੱਦਲ ਦਾ ਪਰਛਾਵਾਂ ਬਰਚੇ ਦੇ ਰੁੱਖ ਵੱਲ ਤੈਰਦਾ ਆਉਂਦਾ ਹੈ।

“ਬਹੁਤ ਹੋ ਗਈ,” ਪਾਵੇਲ ਨੇ ਕਿਹਾ। “ਹੁਣ ਮੈਂ ਹੋਰ ਨਹੀਂ ਸਹਿਣਾ।...” ਅਤੇ ਉਹਨੇ ਵਦਾਨ ਉਲਾਰਿਆ।

ਉਹਦੇ ਪਿਉ ਨੇ ਉਹਦੇ ਵੱਲ ਇੱਕ ਵਾਰ ਵੇਖਿਆ ਅਤੇ ਆਪਣੇ ਜੱਤਲ ਹੱਥ ਪਿੱਛੇ ਕਰ ਲਏ।

“ਬਹੁਤ ਅੱਛਾ,” ਉਹਨੇ ਨਿੱਕੀ ਜਿਹੀ ਹਾਸੀ ਹੱਸ ਕੇ ਕਿਹਾ; ਫਿਰ ਡੂੰਘਾ ਸਾਹ ਲੈ ਕੇ ਬੋਲਿਆ “ਤੂੰ ਸੱਚਮੁਚ ਕੁੱਤੀ ਦਾ ਪੁੱਤਰ ਏ।...”

ਉਸ ਤੋਂ ਕੁਝ ਹੀ ਪਿੱਛੋਂ ਉਹਨੇ ਆਪਣੀ ਘਰ ਵਾਲ਼ੀ ਨੂੰ ਕਿਹਾ:

“ਹੁਣ ਮੈਥੋਂ ਪੈਸੇ ਨਾ ਮੰਗੀਂ। ਹੁਣ ਤੋਂ ਪਾਵੇਲ ਤੈਨੂੰ ਖ਼ਰਚਾ ਦੇਵੇਗਾ।...”

“ਤੇ ਮੇਰਾ ਖ਼ਿਆਲ ਏ ਤੂੰ ਆਪਣੀ ਸਾਰੀ ਕਮਾਈ ਪੀਕੇ ਉਡਾ ਛਡੇਂਗਾ?” ਉਹਨੇ ਪਰਤਵਾਂ ਜਵਾਬ ਦੇਣ ਦੀ ਹਿੰਮਤ ਕੀਤੀ।

“ਕੁੱਤੀਏ ਤੈਨੂੰ ਇਹਦੇ ਨਾਲ਼ ਕੀ! ਜੇ ਮੇਰਾ ਜੀਅ ਕੀਤਾ ਤਾਂ ਮੈਂ ਕੋਈ ਕੁੜੀ ਲੈ ਆਵਾਂਗਾ!”

ਉਹਨੇ ਕੁੜੀ ਤਾਂ ਨਾ ਲਿਆਂਦੀ, ਪਰ ਉਸ ਦਿਨ ਤੋਂ ਪਿੱਛੋਂ ਲਗਭਗ ਦੋ ਵਰ੍ਹੇ ਬਾਅਦ ਆਪਣੀ ਮੌਤ ਤੱਕ ਉਹਨੇ ਆਪਣੇ ਪੁੱਤਰ ਵੱਲ ਉੱਕਾ ਹੀ ਧਿਆਨ ਨਾ ਦਿੱਤਾ ਅਤੇ ਉਹਦੇ ਨਾਲ਼ ਗੱਲ ਤੱਕ ਨਾ ਕੀਤੀ।

ਉਹਦਾ ਇੱਕ ਕੁੱਤਾ ਸੀ, ਜਿਹੜਾ ਉਹਦੇ ਵਾਂਗ ਹੀ ਵੱਡਾ ਅਤੇ ਜੱਤਲ ਸੀ। ਉਹ ਸਵੇਰੇ

ਉਹਦੇ ਪਿੱਛੇ ਪਿੱਛੇ ਕਾਰਖ਼ਾਨੇ ਤੱਕ ਜਾਂਦਾ ਅਤੇ ਹਰ ਸ਼ਾਮ ਗੇਟ ਉੱਤੇ ਉਹਨੂੰ ਉਡੀਕਦਾ। ਵਲਾਸੋਵ ਆਪਣੀਆਂ ਛੁੱਟੀਆਂ ਇੱਕ ਸ਼ਰਾਬਖ਼ਾਨੇ ਤੋਂ ਦੂਜੇ ਸ਼ਰਾਬਖ਼ਾਨੇ ਜਾਂਦੇ ਬਿਤਾਉਂਦਾ। ਉਹ ਬਿਨਾਂ ਬੋਲਿਆਂ ਜਾਂਦਾ ਲੋਕਾਂ ਦੇ ਮੂੰਹਾਂ ਨੂੰ ਆਪਣੀਆਂ ਅੱਖਾਂ ਨਾਲ਼ ਝਰੀਟਦਾ, ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ। ਅਤੇ ਕੁੱਤਾ ਸਾਰਾ ਦਿਨ ਆਪਣੇ ਮਾਲਕ ਦੇ ਪਿੱਛੇ ਆਪਣੀ ਮੋਟੀ ਪੂਛ ਘਸੀਟੀ ਫਿਰਦਾ। ਜਦੋਂ ਗੁੱਟ ਹੋਇਆ ਵਲਾਸੋਵ ਘਰ ਆਉਂਦਾ ਅਤੇ ਰਾਤ ਦਾ ਖਾਣਾ ਖਾਣ ਲਈ ਬਹਿ ਜਾਂਦਾ ਤਾਂ ਉਹ ਆਪਣੇ ਕਟੋਰੇ ਵਿੱਚੋਂ ਕੁੱਤੇ ਨੂੰ ਖਾਣ ਨੂੰ ਦੇਂਦਾ। ਉਹ ਕੁੱਤੇ ਨੂੰ ਕਦੀ ਗਾਲ੍ਹ ਨਾ ਕੱਢਦਾ ਅਤੇ ਨਾ ਹੀ ਕੁੱਟਦਾ, ਪਰ ਉਹ ਉਸਨੂੰ ਪੁਚਕਾਰਦਾ ਵੀ ਨਾ। ਰਾਤ ਦੇ ਖਾਣੇ ਤੋਂ ਪਿੱਛੋਂ ਜੇ ਉਹਦੀ ਘਰ ਵਾਲ਼ੀ ਮੇਜ਼ ਸਾਫ਼ ਕਰਨ ਵਿੱਚ ਢਿੱਲ ਕਰਦੀ ਤਾਂ ਉਹ ਪਲੇਟਾਂ ਫਰਸ਼ ਉੱਤੇ ਸੁੱਟ ਦੇਂਦਾ; ਫਿਰ ਉਹ ਵੋਦਕਾ ਦੀ ਬੋਤਲ ਆਪਣੇ ਸਾਹਮਣੇ ਰੱਖਦਾ, ਕੰਧ ਨਾਲ਼ ਢੋਅ ਲਾ ਲੈਂਦਾ, ਅੱਖਾਂ ਬੰਦ ਕਰ ਲੈਂਦਾ, ਆਪਣਾ ਮੂੰਹ ਟੱਡਦਾ ਅਤੇ ਇੱਕ ਸੋਗੀ ਗੀਤ ਦਾ ਵਿਰਲਾਪ ਕਰਨ ਲੱਗ ਪੈਂਦਾ। ਸੋਗੀ ਕੋਝੀਆਂ ਅਵਾਜਾਂ ਉਹਦੀਆਂ ਮੁੱਛਾਂ ਵਿੱਚ ਉਲਝ ਜਾਂਦੀਆਂ, ਉਹਨਾਂ ਵਿੱਚੋਂ ਡਬਲ-ਰੋਟੀ ਦੇ ਭੋਰੇ ਬਾਹਰ ਕੱਢਦੀਆਂ, ਗਾਉਂਦਾ ਹੋਇਆ ਮਿਸਤਰੀ ਆਪਣੀ ਦਾੜ੍ਹੀ ਅਤੇ ਮੁੱਛਾਂ ਨੂੰ ਆਪਣੀਆਂ ਮੋਟੀਆਂ ਉਂਗਲਾਂ ਨਾਲ਼ ਪਲੋਸਦਾ। ਉਹਦੇ ਗੀਤ ਦੇ ਬੋਲ ਅਸ਼ਪਸ਼ਟ ਅਤੇ ਖਿਲਰੇ ਹੋਏ ਹੁੰਦੇ ਅਤੇ ਇਹਦੀ ਲੈ ਸਿਆਲ ਵਿੱਚ ਬਘਿਆੜਾਂ ਦੇ ਚੀਕਣ ਦੀ ਯਾਦ ਦਿਵਾਉਂਦੀ। ਜਿੰਨਾ ਚਿਰ ਵੋਦਕਾ ਨਾ ਮੁੱਕਦੀ ਉਹ ਗਾਈ ਜਾਂਦਾ। ਫਿਰ ਬੈਂਚ ਉੱਤੇ ਡਿੱਗ ਜਾਂਦਾ ਜਾਂ ਆਪਣਾ ਸਿਰ ਮੇਜ਼ ਉੱਤੇ ਟਿਕਾ ਕੇ ਸੌਂ ਜਾਂਦਾ ਅਤੇ ਸੀਟੀ ਵੱਜਣ ਤੱਕ ਸੁੱਤਾ ਰਹਿੰਦਾ। ਕੁੱਤਾ ਉਹਦੇ ਕੋਲ਼ ਪਿਆ ਰਹਿੰਦਾ।

ਉਹ ਆਂਦਰ ਫਟ ਜਾਣ ਨਾਲ਼ ਮਰਿਆ। ਪੰਜ ਦਿਨ ਉਹ ਬਿਸਤਰੇ ਉੱਤੇ ਪਿਆ ਤੜਫਦਾ ਰਿਹਾ, ਮੂੰਹ ਕਾਲ਼ਾ ਪਿਆ, ਅੱਖਾਂ ਬੰਦ, ਦੰਦ ਕਰੀਚਦਾ। ਕਦੀ ਕਦੀ ਉਹ ਆਪਣੀ ਘਰ ਵਾਲ਼ੀ ਨੂੰ ਕਹਿੰਦਾ:

"ਮੈਨੂੰ ਕੁਝ ਸੰਖੀਆਂ ਦੇ।... ਮੈਨੂੰ ਜ਼ਹਿਰ ਦੇ ਦੇ।..."

ਡਾਕਟਰ ਨੇ ਪੁਲਟਸ ਬੰਨ੍ਹਣ ਦੀ ਹਦਾਇਤ ਕੀਤੀ, ਪਰ ਨਾਲ਼ ਹੀ ਕਿਹਾ ਕਿ ਮਿਖਾਇਲ ਦਾ ਅਪ੍ਰੇਸ਼ਨ ਹੋਣਾ ਚਾਹੀਦਾ ਹੈ ਅਤੇ ਉਹਨੂੰ ਉਸੇ ਹੀ ਦਿਨ ਹਸਪਤਾਲ ਲਿਜਾਇਆ ਜਾਣਾ ਚਾਹੀਦਾ ਹੈ।

"ਪੈ ਨਰਕਾਂ ਵਿੱਚ! ਮੈਂ ਤੇਰੀ ਮਦਦ ਤੋਂ ਬਿਨਾਂ ਹੀ ਮਰ ਲਵਾਂਗਾ, ਕੁੱਤੀ ਦੇ ਪੁੱਤਰਾ!" ਮਿਖਾਇਲ ਨੇ ਹੌਂਕ ਕੇ ਕਿਹਾ।

ਜਦੋਂ ਡਾਕਟਰ ਚਲਾ ਗਿਆ ਅਤੇ ਉਹਦੀ ਘਰ ਵਾਲ਼ੀ ਨੇ ਰੋਣਹਾਕੀ ਹੋਕੇ ਅਪ੍ਰੇਸ਼ਨ ਕਰਾਉਣ ਲਈ ਉਹਦੀਆਂ ਮਿੰਨਤਾਂ ਕੀਤੀਆਂ, ਤਾਂ ਉਹਨੇ ਆਪਣਾ ਘਸੁੰਨ ਉਹਦੇ ਵੱਲ ਉਲਾਰਿਆ ਅਤੇ ਬੋਲਿਆ:

"ਜੇ ਮੈਂ ਵੱਲ ਹੋ ਗਿਆ ਤਾਂ ਤੇਰੀ ਹਾਲਤ ਤਾਂ ਸਗੋਂ ਭੈੜੀ ਹੀ ਹੋਵੇਗੀ!"

ਉਹ ਸਵੇਰੇ ਮਰਿਆ, ਐਨ ਉਸ ਸਮੇਂ ਜਦੋਂ ਸੀਟੀ ਵੱਜ ਰਹੀ ਸੀ। ਉਹ ਤਾਬੂਤ ਵਿੱਚ ਪਿਆ ਸੀ, ਉਹਦਾ ਮੂੰਹ ਖੁੱਲ੍ਹਾ ਸੀ ਅਤੇ ਭਰਵੱਟੇ ਨਾਰਾਜ਼ਗੀ ਭਰੀ ਘੂਰੀ ਨਾਲ਼ ਵੱਟੇ ਹੋਏ ਸਨ। ਉਹਦੀ

ਘਰ ਵਾਲ਼ੀ, ਉਹਦੇ ਪੁੱਤਰ, ਉਹਦੇ ਕੁੱਤੇ, ਦਾਨੀਲੋ ਵੇਸੋਵਸ਼ਚੀਕੋਵ (ਇੱਕ ਪੁਰਾਣਾ ਚੋਰ ਜਿਸਨੂੰ ਕਾਰਖ਼ਾਨੇ ਵਿੱਚੋਂ ਕੱਢ ਦਿੱਤਾ ਗਿਆ ਸੀ) ਅਤੇ ਬਸਤੀ ਦੇ ਕੁਝ ਮੰਗਤਿਆਂ ਨੇ ਉਹਨੂੰ ਦਫਨਾਇਆ। ਉਹਦੀ ਘਰ ਵਾਲ਼ੀ ਥੋੜ੍ਹਾ ਜਿਹਾ ਅਤੇ ਬਹੁਤ ਚੁੱਪ ਚਾਪ ਰੋਈ। ਪਾਵੇਲ ਉੱਕਾ ਹੀ ਨਾ ਰੋਇਆ। ਜਿਨ੍ਹਾਂ ਲੋਕਾਂ ਨੇ ਰਾਹ ਵਿੱਚ ਇਸ ਨਿੱਕੇ ਜਿਹੇ ਨੜੋਏ ਨੂੰ ਵੇਖਿਆ, ਉਹ ਰੁਕ ਗਏ ਅਤੇ ਉਹਨੇ ਆਪਣੀਆਂ ਛਾਤੀਆਂ ਉੱਤੇ ਸਲੀਬ ਦਾ ਨਿਸ਼ਾਨ ਬਣਾਇਆ।

"ਹੁਣ ਉਹ ਮਰ ਗਿਐ ਤਾਂ ਪੇਲਾਗੀਆ ਨੂੰ ਤਾਂ ਬਹੁਤ ਖ਼ੁਸ਼ੀ ਹੋਈ ਹੋਵੇਗੀ," ਉਹਨੇ ਕਿਹਾ।

"ਜਿਹੋ ਜਿਹਾ ਕੁੱਤਾ ਸੀ ਉਹੋ ਜਿਹੀ ਮੌਤ ਮਰਿਆ," ਹੋਰਨਾਂ ਕਿਹਾ।

ਜਦੋਂ ਤਾਬੂਤ ਦਫਨਾ ਦਿੱਤਾ ਗਿਆ ਤਾਂ ਲੋਕ ਉਥੋਂ ਚਲੇ ਗਏ, ਪਰ ਕੁੱਤਾ ਉੱਥੇ ਸੱਜਰੀ ਪੁੱਟੀ ਮਿੱਟੀ ਉੱਤੇ ਬੈਠਾ, ਚੁੱਪ ਚਾਪ ਕਬਰ ਨੂੰ ਸੁੰਘਦਾ ਰਿਹਾ। ਕੁਝ ਦਿਨ ਪਿੱਛੋਂ ਕਿਸੇ ਨੇ ਉਹਨੂੰ ਮਾਰ ਦਿੱਤਾ।...

## 3

ਪਿਉ ਦੀ ਮੌਤ ਤੋਂ ਦੋ ਹਫ਼ਤੇ ਪਿੱਛੋਂ ਪਾਵੇਲ ਵਲਾਸੋਵ ਗੁੱਟ ਹੋਇਆ ਘਰ ਮੁੜਿਆ। ਉਹ ਲੜਖੜਾਂਦਾ ਹੋਇਆ ਘਰ ਵਿੱਚ ਵੜਿਆ ਅਤੇ ਮੇਜ਼ ਦੇ ਸਿਰਹਾਣੇ ਵੱਲ ਕੁਰਸੀ ਵਿੱਚ ਧਸ ਗਿਆ, ਆਪਣੇ ਪਿਉ ਵਾਂਗ ਫੱਟੇ ਉੱਤੇ ਜ਼ੋਰ ਦਾ ਮੁੱਕਾ ਮਾਰਿਆ ਅਤੇ ਆਪਣੀ ਮਾਂ ਉੱਤੇ ਚਿਲਾਉਂਦੇ ਹੋਏ ਉਹਨੇ ਕਿਹਾ:

"ਖਾਣਾ!"

ਉਹਦੀ ਮਾਂ ਆਪਣੇ ਪੁੱਤਰ ਦੇ ਕੋਲ਼ ਬਹਿ ਗਈ, ਉਹਨੂੰ ਕਲਾਵੇ ਵਿੱਚ ਲੈ ਲਿਆ ਅਤੇ ਉਹਦਾ ਸਿਰ ਖਿੱਚ ਕੇ ਆਪਣੀ ਛਾਤੀ ਨਾਲ਼ ਲਾ ਲਿਆ। ਪਰ ਮਾਂ ਦੇ ਮੋਢੇ ਦਾ ਸਹਾਰਾ ਲੈ ਕੇ ਉਹ ਅੱਗੋਂ ਅੜਿਆ ਅਤੇ ਉੱਚੀ ਜਿਹੀ ਬੋਲਿਆ:

"ਚਲ ਮਾਂ! ਛੇਤੀ ਕਰ!"

"ਕਮਲਾ ਪੁੱਤਰ," ਉਹਦੀ ਮਾਂ ਨੇ ਉਹਦਾ ਹੱਥ ਪਰ੍ਹੇ ਧੱਕਦੇ ਹੋਏ ਦੁੱਖ ਅਤੇ ਪਿਆਰ ਨਾਲ਼ ਕਿਹਾ।

"ਤੇ ਮੈਂ ਤੰਬਾਕੂ ਵੀ ਪਿਉਂਗਾ! ਮੈਨੂੰ ਅੱਬਾ ਦੀ ਹੁੱਕੀ ਦੇਦੇ!" ਪਾਵੇਲ ਆਪਣੀ ਮੋਟੀ ਜੀਭ ਔਖ ਨਾਲ਼ ਹਿਲਾਉਂਦੇ ਹੋਏ ਬੁੜਬੁੜਾਇਆ।

ਇਹ ਪਹਿਲੀ ਵਾਰ ਸੀ ਜਦੋਂ ਉਹ ਕਦੀ ਸ਼ਰਾਬੀ ਹੋਇਆ ਸੀ। ਵੋਦਕਾ ਨੇ ਉਹਦਾ ਸਰੀਰ ਕਮਜ਼ੋਰ ਕਰ ਦਿੱਤਾ ਸੀ, ਪਰ ਉਹਦੀ ਚੇਤਨਤਾ ਨੂੰ ਨਹੀਂ ਸੀ ਮਿਟਾਇਆ ਅਤੇ ਉਹਦੇ ਮਨ ਵਿੱਚ ਇਹ ਵਿਚਾਰ ਚੱਕਰ ਕੱਟ ਰਹੇ ਸਨ:

"ਕੀ ਮੈਂ ਸ਼ਰਾਬੀ ਹਾਂ? ਕੀ ਮੈਂ ਸ਼ਰਾਬੀ ਹਾਂ?"

ਉਹਦੀ ਮਾਂ ਦੀ ਨਰਮੀ ਨੇ ਉਹ ਨੂੰ ਔਖਾ ਕਰ ਦਿੱਤਾ ਅਤੇ ਉਹਦੀਆਂ ਅੱਖਾਂ ਦੇ ਗਮ ਨੇ ਉਹਨੂੰ ਟੁੰਬਿਆ ਸੀ। ਉਹਦਾ ਜੀਅ ਕੀਤਾ ਉਹ ਫੁੱਟ ਕੇ ਰੋ ਪਵੇ, ਪਰ ਉਹਨੇ ਅਸਲ ਨਾਲ਼ੋਂ

ਵੱਧ ਸ਼ਰਾਬੀ ਹੋਣ ਦਾ ਸਾਂਗ ਭਰਕੇ ਹੰਝੂ ਰੋਕੀ ਰੱਖੇ।

ਉਹਦੀ ਮਾਂ ਉਹਦੇ ਗਿੱਲੇ, ਉਲਝੇ ਵਾਲਾਂ ਨੂੰ ਪਲੋਸਦੀ ਰਹੀ।

"ਤੈਨੂੰ ਇਹ ਕੰਮ ਨਹੀਂ ਸੀ ਕਰਨਾ ਚਾਹੀਦਾ," ਉਹਨੇ ਬੜੀ ਨਰਮੀ ਨਾਲ਼ ਕਿਹਾ।

ਉਹਦਾ ਦਿਲ ਘਾਬਰਨ ਲੱਗ ਪਿਆ। ਜ਼ੋਰ ਦੀ ਉਲਟੀ ਪਿੱਛੋਂ ਉਹਦੀ ਮਾਂ ਨੇ ਉਹਨੂੰ ਬਿਸਤਰੇ 'ਤੇ ਲਿਟਾ ਦਿੱਤਾ ਅਤੇ ਉਹਦੇ ਪੀਲ਼ੇ ਪਏ ਮੱਥੇ ਉੱਤੇ ਗਿੱਲਾ ਤੌਲੀਆ ਰੱਖ ਦਿੱਤਾ। ਇਸ ਨਾਲ਼ ਉਹਦਾ ਨਸ਼ਾ ਕੁਝ ਘਟਿਆ, ਪਰ ਉਹਦਾ ਸਿਰ ਚੱਕਰ ਖਾਈ ਜਾ ਰਿਹਾ ਸੀ ਅਤੇ ਉਹਦੀਆਂ ਅੱਖਾਂ ਦੇ ਭਾਰੇ ਛੱਪਰ ਉੱਠਦੇ ਨਹੀਂ ਸਨ। ਮੂੰਹ ਵਿੱਚ ਕੌੜੇ, ਕਸੈਲੇ ਸਵਾਦ ਨਾਲ਼ ਉਹਨੇ ਮਾਂ ਦੇ ਵੱਡੇ ਮੂੰਹ ਵੱਲ ਵੇਖਿਆ ਅਤੇ ਉਖੜੇ ਢੰਗ ਨਾਲ਼ ਸੋਚਿਆ:

"ਸ਼ੈਦ ਅਜੇ ਮੈਂ ਛੋਟੀ ਉਮਰ ਦਾ ਹਾਂ। ਹੋਰ ਲੋਕ ਪੀਂਦੇ ਨੇ, ਪਰ ਉਹਨਾਂ ਦਾ ਕੁਝ ਨਹੀਂ ਵਿਗੜਦਾ, ਪਰ ਮੈਨੂੰ ਉਲਟੀਆਂ ਆਉਣ ਲੱਗ ਪੈਂਦੀਆਂ ਨੇ।..."

ਕਿਧਰੇ ਦੂਰੋਂ ਮਾਂ ਦੀ ਨਰਮ ਅਵਾਜ਼ ਆਈ:

"ਜੇ ਤੂੰ ਪੀਣੀ ਸ਼ੁਰੂ ਕਰ ਦਿੱਤੀ ਤਾਂ ਮੈਨੂੰ ਪਾਲੇਂਗਾ ਕਿਵੇਂ ?"

"ਸਾਰੇ ਪੀਂਦੇ ਨੇ," ਉਹਨੇ ਅੱਖਾਂ ਘੁੱਟਕੇ ਮੀਟਦੇ ਹੋਏ ਜਵਾਬ ਦਿੱਤਾ।

ਉਹਦੀ ਮਾਂ ਨੇ ਹਉਕਾ ਭਰਿਆ। ਉਹਦੀ ਗੱਲ ਠੀਕ ਸੀ। ਉਹ ਆਪ ਜਾਣਦੀ ਸੀ ਕਿ ਸ਼ਰਾਬਖ਼ਾਨਾ ਇੱਕੋ ਇੱਕ ਥਾਂ ਹੈ ਜਿੱਥੋਂ ਲੋਕ ਸੁੱਖ ਦੇ ਕੁਝ ਤੁਪਕੇ ਨਿਚੋੜ ਸਕਦੇ ਸਨ।

"ਪਰ ਤੈਨੂੰ ਨਹੀਂ ਪੀਣੀ ਚਾਹੀਦੀ," ਮਾਂ ਨੇ ਕਿਹਾ। "ਤੇਰੇ ਪਿਉ ਨੇ ਇੰਨੀ ਪੀ ਲਈ ਸੀ, ਜਿੰਨੀ ਤੁਹਾਡੇ ਦੂਹਾਂ ਦੇ ਹਿੱਸੇ ਨਾਲ਼ੋਂ ਚੋਖੀ ਵੱਧ ਸੀ। ਉਹਦੇ ਹੱਥੋਂ ਮੈਂ ਚੋਖੇ ਤਸੀਹੇ ਨਹੀਂ ਸਹਾਰੇ ? ਤੂੰ ਆਪਣੀ ਮਾਂ 'ਤੇ ਥੋੜ੍ਹਾ ਜਿਹਾ ਤਰਸ ਨਹੀਂ ਕਰ ਸਕਦਾ ?"

ਨਰਮੀ ਨਾਲ਼ ਕਹੀ ਸੋਗੀ ਗੱਲ ਸੁਣਦੇ ਹੋਏ ਪਾਵੇਲ ਨੇ ਮਹਿਸੂਸ ਕੀਤਾ ਕਿ ਆਪਣੇ ਪਿਉ ਦੀ ਜ਼ਿੰਦਗੀ ਵਿੱਚ ਉਹਨੇ ਆਪਣੀ ਮਾਂ ਦੀ ਹੋਂਦ ਵੱਲ ਧਿਆਨ ਤੱਕ ਨਹੀਂ ਸੀ ਦਿੱਤਾ, ਉਹ ਇੰਨੀ ਚੁੱਪ, ਕੁੱਟ ਪੈਣੋਂ ਇੰਨੀ ਡਰਦੀ ਸੀ। ਆਪਣੇ ਪਿਉ ਨੂੰ ਮਿਲਣ ਤੋਂ ਬਚਣ ਲਈ ਉਹ ਵੱਧ ਤੋਂ ਵੱਧ ਸਮਾਂ ਘਰੋਂ ਬਾਹਰ ਰਹਿੰਦਾ ਅਤੇ ਇਸ ਲਈ ਉਹ ਆਪਣੀ ਮਾਂ ਤੋਂ ਦੂਰ ਰਹਿ ਕੇ ਜਵਾਨ ਹੋਇਆ ਸੀ। ਹੁਣ ਜਦੋਂ ਨਸ਼ਾ ਘਟਣਾ ਸ਼ੁਰੂ ਹੋਇਆ ਤਾਂ ਉਹ ਮਾਂ ਵੱਲ ਗਹੁ ਨਾਲ਼ ਵੇਖਣ ਲੱਗ ਪਿਆ।

ਉਹ ਲੰਮੀ ਅਤੇ ਕੁਝ ਝੁਕੀ ਹੋਈ ਸੀ। ਹੱਡ-ਭੰਨ ਕੰਮ ਅਤੇ ਆਪਣੇ ਘਰ ਵਾਲ਼ੇ ਦੀਆਂ ਮਾਰਾਂ ਕਾਰਨ ਟੁੱਟੀ ਉਹਦੀ ਦੇਹ ਖ਼ਾਮੋਸ਼ ਅਤੇ ਜ਼ਰਾ ਕੁ ਇੱਕ ਪਾਸੇ ਹੋ ਕੇ ਟੁਰਦੀ, ਜਿਵੇਂ ਉਹਨੂੰ ਡਰ ਹੋਵੇ ਕਿ ਉਹ ਕਿਸੇ ਸ਼ੈ ਨਾਲ਼ ਟਕਰਾ ਜਾਵੇਗੀ। ਉਹਦੇ ਅੰਡਾਹਾਰ, ਚੌੜੇ, ਫੁੱਲੇ ਅਤੇ ਝੁਰੜਾਏ ਮੂੰਹ ਵਿੱਚ ਬਸਤੀ ਦੀਆਂ ਵਧੇਰੇ ਇਸਤਰੀਆਂ ਦੀਆਂ ਅੱਖਾਂ ਜਿਹੀਆਂ ਡਰ ਅਤੇ ਗ਼ਮ ਨਾਲ਼ ਭਰੀਆਂ, ਕਾਲ਼ੀਆਂ ਅੱਖਾਂ ਲਿਸ਼ਕਦੀਆਂ ਸਨ। ਉਹਦੇ ਸੱਜੇ ਭਰਵੱਟੇ ਉੱਤੇ ਇੱਕ ਡੂੰਘੇ ਫੱਟ ਦਾ ਨਿਸ਼ਾਨ ਸੀ, ਜਿਹੜਾ ਭਰਵੱਟੇ ਨੂੰ ਜ਼ਰਾ ਕੁ ਉੱਚਾ ਕਰ ਦੇਂਦਾ ਅਤੇ ਇਹ ਪ੍ਰਭਾਵ ਪੈਦਾ ਕਰਦਾ ਕਿ ਉਹਦਾ ਸੱਜਾ ਕੰਨ ਉਹਦੇ ਖੱਬੇ ਕੰਨ ਨਾਲ਼ੋਂ ਕੁਝ ਉੱਚਾ ਸੀ; ਇਹ ਗੱਲ ਉਹਦੇ ਮੂੰਹ ਉੱਤੇ ਅਜਿਹੇ ਮਨੁੱਖ ਦੀ ਦਿੱਖ ਪੈਦਾ ਕਰ ਦੇਂਦੀ ਜਿਹੜਾ ਚਿੰਤਾ ਕਾਰਨ ਸਦਾ ਹੀ ਚੌਕੰਨਾ

ਸੀ। ਉਹਦੇ ਘਣੇ, ਕਾਲ਼ੇ ਵਾਲਾਂ ਵਿੱਚ ਚਿੱਟੀਆਂ ਧਾਰੀਆਂ ਲਿਸ਼ਕਦੀਆਂ ਸਨ। ਉਹ ਤਾਂ ਨਿਰੋਲ ਨਰਮੀ ਤੇ ਗਮ ਅਤੇ ਤਾਬੇਦਾਰੀ ਸੀ।...

ਉਹਦੀਆਂ ਗੱਲ੍ਹਾਂ ਉੱਤੋਂ ਹੰਝੂ ਕਿਰ ਰਹੇ ਸਨ।

"ਰੋ ਨਾ," ਉਹਦੇ ਪੁੱਤਰ ਨੇ ਨਰਮੀ ਨਾਲ਼ ਕਿਹਾ। "ਮੈਨੂੰ ਕੁਝ ਪੀਣ ਨੂੰ ਦੇ।"

"ਮੈਂ ਤੇਰੇ ਲਈ ਕੁਝ ਬਰਫ਼ ਦਾ ਪਾਣੀ ਲਿਆਉਂਦੀ ਹਾਂ।..."

ਪਰ ਜਦੋਂ ਉਹ ਮੁੜੀ ਤਾਂ ਉਹ ਸੌਂ ਗਿਆ ਸੀ। ਉਹ ਇੱਕ ਮਿੰਟ ਉਹਦੇ ਵੱਲ ਵੇਖਦੀ ਖੜੀ ਰਹੀ। ਉਹਦੇ ਹੱਥ ਵਿੱਚ ਫੜਿਆ ਭਬਕਾ ਕੰਬ ਰਿਹਾ ਸੀ ਅਤੇ ਬਰਫ਼ ਟੀਨ ਨਾਲ਼ ਟਕਰਾਉਂਦੀ। ਉਹਨੇ ਇਹ ਮੇਜ਼ ਉੱਤੇ ਰੱਖ ਦਿੱਤਾ ਅਤੇ ਚੁੱਪ ਚਾਪ ਪਵਿੱਤਰ ਮੂਰਤਾਂ ਅੱਗੇ ਗੋਡਿਆਂ ਭਾਰ ਹੋ ਗਈ। ਬਾਹਰ ਸ਼ਰਾਬੀ ਜੀਵਨ ਦੀਆਂ ਅਵਾਜ਼ਾਂ ਬਾਰੀਆਂ ਨਾਲ਼ ਟਕਰਾ ਰਹੀਆਂ ਸਨ। ਪੱਤ-ਝੜ ਦੀ ਸ਼ਾਮ ਦੇ ਸਿਲ੍ਹੇ ਹਨੇਰੇ ਵਿੱਚ ਇੱਕ ਅਕਾਰਡੀਅਨ ਘਰੜਾ ਰਹੀ ਸੀ; ਭਰੜਾਈ ਅਵਾਜ਼ ਵਿੱਚ ਕੋਈ ਗਾ ਰਿਹਾ ਸੀ; ਕਿਸੇ ਹੋਰ ਨੇ ਗੰਦੀਆਂ ਗਾਹਲਾਂ ਦੀ ਪੂਰੀ ਲੜੀ ਛੱਡ ਦਿੱਤੀ; ਇਸਤਰੀਆਂ ਦੀਆਂ ਥੱਕੀਆਂ, ਖਿਝੀਆਂ ਅਵਾਜ਼ਾਂ ਦਾ ਪ੍ਰੇਸ਼ਾਨ ਕਰਨ ਵਾਲ਼ਾ ਸ਼ੋਰ ਆ ਰਿਹਾ ਸੀ।...

ਉਸ ਤੋਂ ਪਿੱਛੋਂ ਵਲਾਸੋਵਾ ਦੇ ਨਿੱਕੇ ਮਕਾਨ ਵਿੱਚ ਜੀਵਨ ਵਧੇਰੇ ਸ਼ਾਤੀ ਤੇ ਖ਼ਾਮੋਸ਼ੀ ਨਾਲ਼ ਅਤੇ ਹੋਰ ਮਕਾਨਾਂ ਤੋਂ ਕੁਝ ਵੱਖ ਤਰਾਂ ਵਹਿੰਦਾ ਰਿਹਾ। ਉਹਨਾਂ ਦਾ ਮਕਾਨ ਬਸਤੀ ਦੇ ਸਿਰੇ ਉੱਤੇ ਇੱਕ ਦੰਦੀਹਾਰ ਬੰਨ੍ਹ ਦੇ ਉੱਤੇ ਖੜਾ ਸੀ, ਜਿਹੜਾ ਬਹੁਤਾ ਉੱਚਾ ਨਹੀਂ ਸੀ ਅਤੇ ਜਿਸ ਤੋਂ ਅੱਗੇ ਜਿਲ੍ਹਣ ਸੀ। ਮਕਾਨ ਦੇ ਇੱਕ ਤਿਹਾਈ ਹਿੱਸੇ ਵਿੱਚ ਰਸੋਈ ਅਤੇ ਇੱਕ ਵੱਖ ਕੀਤਾ ਕਮਰਾ ਸੀ, ਜਿਸ ਵਿੱਚ ਮਾਂ ਸੌਂਦੀ। ਬਾਕੀ ਦੋ-ਤਿਹਾਈ ਵਿੱਚ ਇੱਕ ਚੁਕੋਰ ਕਮਰਾ ਸੀ, ਇਸ ਵਿੱਚ ਦੋ ਬਾਰੀਆਂ ਸਨ। ਇੱਕ ਨੁੱਕਰੇ ਪਾਵੇਲ ਦਾ ਮੰਜਾ ਸੀ ਅਤੇ ਦੂਜੀ ਵਿੱਚ ਇੱਕ ਮੇਜ਼ ਅਤੇ ਦੋ ਬੈਂਚ। ਬਾਕੀ ਦਾ ਫ਼ਰਨੀਚਰ ਸੀ, ਕੁਝ ਕੁਰਸੀਆਂ, ਇੱਕ ਨਿੱਕੇ ਜਿਹੇ ਸ਼ੀਸ਼ੇ ਵਾਲੀ ਦਰਾਜ਼ਾਂ ਵਾਲ਼ੀ ਅਲਮਾਰੀ, ਇੱਕ ਟਰੰਕ ਜਿਸ ਵਿੱਚ ਕੱਪੜੇ ਸਨ, ਕੰਧ ਉੱਤੇ ਲੱਗਾ ਇੱਕ ਕਲਾਕ ਅਤੇ ਕੋਨੇ ਵਿੱਚ ਦੋ **ਆਈਕਾਨ***।

ਪਾਵੇਲ ਨੇ ਹਰ ਉਹ ਕੰਮ ਕੀਤਾ ਜਿਸ ਦੀ ਜਵਾਨਾਂ ਤੋਂ ਆਸ ਕੀਤੀ ਜਾਂਦੀ ਸੀ: ਉਹਨੇ ਇੱਕ ਅਕਾਰਡੀਅਨ, ਇੱਕ ਕਮੀਜ਼, ਜਿਸਦੇ ਸਾਹਮਣੇ ਪਾਸੇ ਨੂੰ ਕਲਫ ਲੱਗੀ ਹੋਈ ਸੀ, ਇੱਕ ਸ਼ੋਖ ਨੈਕਟਾਈ, ਗਾਲੋਸ਼ੇ ਅਤੇ ਇੱਕ ਬੈਂਤ ਖ਼ਰੀਦੇ। ਇਉਂ ਉਹ ਆਪਣੀ ਉਮਰ ਦੇ ਸਭਨਾਂ ਮੁੰਡਿਆਂ ਜਿਹਾ ਬਣ ਗਿਆ। ਉਹ ਸ਼ਾਮਾਂ ਨੂੰ ਪਾਰਟੀਆਂ ਵਿੱਚ ਜਾਂਦਾ ਅਤੇ ਉਹਨੇ ਕੁਆਡਰਿਲ ਅਤੇ ਪੋਲਕਾ ਨੱਚਣੇ ਸਿੱਖ ਲਏ ਅਤੇ ਐਤਵਾਰ ਨੂੰ ਉਹ ਸ਼ਰਾਬੀ ਹੋਇਆ ਘਰ ਮੁੜਦਾ। ਪਰ ਵੋਦਕਾ ਉਹਨੂੰ ਹਮੇਸ਼ਾ ਔਖਾ ਕਰਦੀ। ਸੋਮਵਾਰ ਸਵੇਰੇ ਉਹ ਜਾਗਦਾ ਤਾਂ ਉਹਦੇ ਸਿਰ ਵਿੱਚ ਪੀੜ ਹੁੰਦੀ ਅਤੇ ਉਹਦੀ ਛਾਤੀ ਸੜਦੀ, ਉਹਦਾ ਮੂੰਹ ਪੀਲ਼ਾ ਪਿਆ ਅਤੇ ਲੱਥਾ ਹੋਇਆ ਹੁੰਦਾ।

"ਕੱਲ੍ਹ ਰਾਤ ਖ਼ੂਬ ਮਜ਼ਾ ਰਿਹਾ ?" ਉਹਦੀ ਮਾਂ ਨੇ ਉਸ ਤੋਂ ਇੱਕ ਵਾਰ ਪੁੱਛਿਆ।

* ਪਵਿੱਤਰ ਤਸਵੀਰ। — **ਅਨੁ:**

"ਹੱਦੋਂ ਭੈੜਾ!" ਉਹਨੇ ਗਮਰੁਠ ਖਿੱਝ ਨਾਲ਼ ਉੱਤਰ ਦਿੱਤਾ। "ਅੱਗੋਂ ਤੋਂ ਮੈਂ ਮੱਛੀਆਂ ਫੜਨ ਜਾਵਾਂਗਾ ਜਾਂ ਸ਼ੈਦ ਮੈਂ ਬੰਦੂਕ ਖ਼ਰੀਦਾਂਗਾ ਅਤੇ ਸ਼ਿਕਾਰ ਖੇਡਣ ਜਾਵਾਂ।"

ਉਹ ਮਿਹਨਤ ਨਾਲ਼ ਕੰਮ ਕਰਦਾ, ਇੱਕ ਵੀ ਦਿਨ ਖੁੰਝਾਏ ਜਾਂ ਦੇਰ ਹੋ ਜਾਣ ਕਾਰਨ ਜੁਰਮਾਨਾ ਹੋਏ ਬਿਨਾਂ। ਉਹ ਚੁਪੀਤਾ ਮੁੰਡਾ ਸੀ ਅਤੇ ਉਹਦੀਆਂ ਨੀਲ਼ੀਆਂ ਅੱਖਾਂ ਵਿੱਚ, ਜਿਹੜੀਆਂ ਉਹਦੀ ਮਾਂ ਦੀਆਂ ਅੱਖਾਂ ਜਿੰਨੀਆਂ ਹੀ ਵੱਡੀਆਂ ਸਨ, ਬੇਚੈਨੀ ਸੀ। ਉਹਨੇ ਬੰਦੂਕ ਨਾ ਖ਼ਰੀਦੀ ਅਤੇ ਨਾ ਹੀ ਮੱਛੀਆਂ ਫੜਨ ਗਿਆ, ਪਰ ਛੇਤੀ ਹੀ ਇਹ ਗੱਲ ਸਾਫ਼ ਹੋ ਗਈ ਕਿ ਉਹ ਉਸ ਰਾਹ ਤੋਂ ਇੱਕ ਪਾਸੇ ਜਾਣ ਲੱਗ ਪਿਆ ਹੈ ਜਿਸ ਉੱਤੇ ਸਾਰੇ ਚਲਦੇ ਸਨ। ਹੁਣ ਉਹ ਪਾਰਟੀਆਂ 'ਤੇ ਘੱਟ ਹੀ ਜਾਂਦਾ ਅਤੇ ਭਾਵੇਂ ਐਤਵਾਰਾਂ ਨੂੰ ਉਹ ਗ਼ਾਇਬ ਹੋ ਜਾਂਦਾ, ਪਰ ਉਹ ਬਿਨਾਂ ਪੀਤੇ ਵਾਪਸ ਆਉਂਦਾ। ਉਹਦੀ ਮਾਂ ਦੀ ਤਿੱਖੀ ਅੱਖ ਨੇ ਵੇਖ ਲਿਆ ਸੀ ਕਿ ਉਹਦੇ ਪੁੱਤਰ ਦਾ ਮੂੰਹ ਵਧੇਰੇ ਪਤਲਾ ਹੋ ਗਿਆ ਹੈ, ਉਹਦੀਆਂ ਅੱਖਾਂ ਵਧੇਰੇ ਗੰਭੀਰ ਹਨ ਅਤੇ ਉਹਦੇ ਬੁੱਲ੍ਹ ਇੱਕ ਕਸੀ, ਕਰੜੀ ਲਕੀਰ ਵਿੱਚ ਭਿਚੇ ਹੋਏ ਹਨ। ਉਹ ਜ਼ਰੂਰ ਹੀ ਕੋਈ ਗੱਲ ਦਿਲ ਵਿੱਚ ਰੱਖ ਰਿਹਾ ਸੀ ਜਾਂ ਕੋਈ ਬਿਮਾਰੀ ਉਹਨੂੰ ਖਾਈ ਜਾ ਰਹੀ ਸੀ। ਪਹਿਲਾਂ ਉਹਦੇ ਮਿੱਤਰ ਉਹਨੂੰ ਮਿਲਣ ਆ ਜਾਂਦੇ ਸਨ; ਹੁਣ ਕਿਉਂਕਿ ਉਹ ਕਦੀ ਕਦਾਈਂ ਹੀ ਘਰੇ ਮਿਲਦਾ, ਉਹਨਾਂ ਆਉਣਾ ਬੰਦ ਕਰ ਦਿੱਤਾ ਸੀ। ਉਹਦੀ ਮਾਂ ਖ਼ੁਸ਼ ਸੀ ਕਿ ਉਹਦਾ ਪੁੱਤਰ ਕਾਰਖ਼ਾਨੇ ਦੇ ਹੋਰਨਾਂ ਜਵਾਨ ਲੋਕਾਂ ਜਿਹਾ ਨਹੀਂ, ਪਰ ਜਦੋਂ ਉਹ ਆਮ ਜੀਵਨ ਦੇ ਕਾਲ਼ੇ ਧਾਰੇ ਤੋਂ ਆਪਣਾ ਵੱਖਰਾ ਰਾਹ ਉਲੀਕਣ ਦੇ ਉਹਦੇ ਸਿਰੜੀ ਜਤਨਾਂ ਨੂੰ ਵੇਖਦੀ ਤਾਂ ਉਹਦੇ ਦਿਲ ਵਿੱਚ ਅਸਪਸ਼ਟ ਜਿਹੇ ਤੌਖਲੇ ਉਗਮਣ ਲੱਗ ਪੈਂਦੇ।

"ਪੱਕੀ ਗੱਲ ਏ ਤੂੰ ਵੱਲ ਏਂ, ਪਾਸ਼ਾ?" ਉਹ ਕਈ ਵਾਰ ਉਸ ਤੋਂ ਪੁੱਛਦੀ।

"ਹਾਂ, ਬਿਲਕੁਲ," ਉਹ ਜਵਾਬ ਦੇਂਦਾ।

"ਤੂੰ ਕਿੰਨਾ ਪਤਲਾ ਏਂ," ਉਹ ਹਉਕਾ ਭਰਕੇ ਕਹਿੰਦੀ।

ਉਹ ਕਿਤਾਬਾਂ ਘਰ ਲਿਆਉਣ ਲੱਗ ਪਿਆ। ਉਹਨਾਂ ਨੂੰ ਉਹ ਚੋਰੀ ਚੋਰੀ ਪੜ੍ਹਦਾ ਅਤੇ ਜਦੋਂ ਮੁਕਾ ਲੈਂਦਾ ਤਾਂ ਲੁਕਾ ਦੇਂਦਾ। ਕਈ ਵਾਰ ਉਹ ਕੋਈ ਹਿੱਸਾ ਨਕਲ ਕਰ ਲੈਂਦਾ ਅਤੇ ਕਾਗਜ਼ ਲੁਕਾ ਦੇਂਦਾ।...

ਉਹ ਇੱਕ ਦੂਜੇ ਨੂੰ ਬਹੁਤ ਘੱਟ ਮਿਲਦੇ ਅਤੇ ਆਪਸ ਵਿੱਚ ਗੱਲਬਾਤ ਲਗਭਗ ਉੱਕਾ ਹੀ ਨਾ ਕਰਦੇ। ਸਵੇਰੇ ਉਹ ਚੁੱਪ ਚਾਪ ਚਾਹ ਪੀਂਦਾ ਅਤੇ ਸਿੱਧਾ ਕੰਮ 'ਤੇ ਚਲਾ ਜਾਂਦਾ, ਦੁਪਹਿਰੇ ਉਹ ਖਾਣਾ ਖਾਣ ਆਉਂਦਾ। ਖਾਣੇ ਦੀ ਮੇਜ਼ ਉੱਤੇ ਅਤਿ–ਅੰਤ ਫੁਟਕਲ ਗੱਲਬਾਤ ਹੁੰਦੀ ਅਤੇ ਜਿਉਂ ਹੀ ਉਹ ਖਾਣਾ ਖ਼ਤਮ ਕਰਦਾ ਉਹ ਫਿਰ ਸ਼ਾਮ ਤੱਕ ਗ਼ਾਇਬ ਹੋ ਜਾਂਦਾ। ਸ਼ਾਮੀ ਉਹ ਮੂੰਹ ਹੱਥ ਧੋਂਦਾ, ਖਾਣਾ ਖਾਂਦਾ ਅਤੇ ਕਿਤਾਬ ਲੈ ਕੇ ਬਹਿ ਜਾਂਦਾ। ਐਤਵਾਰਾਂ ਨੂੰ ਉਹ ਸਵੇਰੇ ਘਰੋਂ ਚਲਾ ਜਾਂਦਾ ਅਤੇ ਬਹੁਤ ਰਾਤ ਗਏ ਹੀ ਵਾਪਸ ਆਉਂਦਾ। ਉਹ ਜਾਣਦੀ ਸੀ ਕਿ ਉਹ ਸ਼ਹਿਰ ਜਾਂਦਾ ਹੈ ਅਤੇ ਕਦੀ ਕਦੀ ਥੇਟਰ ਵੇਖਣ ਜਾਂਦਾ ਹੈ। ਪਰ ਸ਼ਹਿਰੋਂ ਉਹਨੂੰ ਕੋਈ ਮਿਲਣ ਨਾ ਆਉਂਦਾ। ਉਹਨੂੰ ਜਾਪਦਾ ਸੀ ਕਿ ਉਹਦਾ ਬੋਲਣਾ ਘੱਟਦਾ ਹੀ ਜਾ ਰਿਹਾ ਹੈ, ਪਰ ਇਹਦੇ ਨਾਲ਼ ਹੀ ਉਹਨੇ ਵੇਖਿਆ ਕਿ ਉਹ ਨਵੇਂ ਸ਼ਬਦ ਵਰਤਦਾ ਹੈ ਜਿਹੜੇ ਉਹ ਸਮਝ ਨਹੀਂ ਸੀ

ਸਕਦੀ ਅਤੇ ਪਹਿਲਾਂ ਜਿਹੜੇ ਖਰ੍ਹਵੇ ਸ਼ਬਦ ਉਹ ਵਰਤਦਾ ਸੀ, ਉਹਦੀਆਂ ਗੱਲਾਂ ਵਿੱਚੋਂ ਉਹ ਅਲੋਪ ਹੋ ਗਏ ਹਨ। ਉਹਦੇ ਵਤੀਰੇ ਦੇ ਅਨੇਕ ਨਵੇਂ ਵੇਰਵੇ ਉਹਦਾ ਧਿਆਨ ਖਿੱਚਦੇ। ਉਹਨੇ ਸ਼ੁਕਿਆਂ ਵਾਂਗ ਕੱਪੜੇ ਪਾਉਣੇ ਛੱਡ ਦਿੱਤੇ ਅਤੇ ਆਪਣੀ ਦੇਹ ਅਤੇ ਆਪਣੇ ਕੱਪੜਿਆਂ ਦੀ ਸਫ਼ਾਈ ਵੱਲ ਵਧੇਰੇ ਧਿਆਨ ਦੇਣ ਲੱਗ ਪਿਆ। ਉਹਦੀਆਂ ਹਰਕਤਾਂ ਵਧੇਰੇ ਛੁਹਲੀਆਂ ਹੋ ਗਈਆਂ ਅਤੇ ਉਹਦਾ ਅਚਾਰ ਵਧੇਰੇ ਸਾਦਾ ਅਤੇ ਘੱਟ ਖਰ੍ਹਵਾ ਹੋ ਗਿਆ। ਉਹ ਇਹਨਾਂ ਸਮਝੋਂ ਬਾਹਰੀਆਂ ਤਬਦੀਲੀਆਂ ਕਾਰਨ ਪ੍ਰੇਸ਼ਾਨ ਸੀ। ਮਾਂ ਵੱਲ ਵੀ ਉਹਦਾ ਵਤੀਰਾ ਹੋਰ ਤਰ੍ਹਾਂ ਦਾ ਹੋ ਗਿਆ: ਕਈ ਵਾਰ ਉਹ ਝਾੜੂ ਫੇਰ ਦੇਂਦਾ, ਐਤਵਾਰ ਨੂੰ ਉਹ ਆਪਣਾ ਬਿਸਤਰਾ ਆਪ ਸਾਂਭਦਾ ਅਤੇ ਹਰ ਤਰ੍ਹਾਂ ਉਹਦੇ ਕੰਮ ਵਿੱਚ ਉਹਦਾ ਹੱਥ ਵਟਾਉਣ ਦਾ ਜਤਨ ਕਰਦਾ। ਬਸਤੀ ਵਿੱਚ ਹੋਰ ਕੋਈ ਕਦੀ ਅਜਿਹਾ ਨਹੀਂ ਸੀ ਕਰਦਾ।...

ਇੱਕ ਦਿਨ ਉਹ ਇੱਕ ਤਸਵੀਰ ਲਿਆਇਆ ਅਤੇ ਕੰਧ ਉੱਤੇ ਲਟਕਾ ਦਿੱਤੀ। ਇਸ ਵਿੱਚ ਸੜਕ ਉੱਤੇ ਹੌਲੇ ਪੈਰੀਂ ਅਤੇ ਖੁਸ਼ ਖੁਸ਼ ਟੁਰਦੇ ਜਾਂਦੇ ਤਿੰਨ ਬੰਦੇ ਗੱਲਬਾਤ ਵਿੱਚ ਮਗਨ ਵਿਖਾਏ ਗਏ ਸਨ।

"ਇਹ ਕਬਰ ਵਿੱਚੋਂ ਉੱਠਿਆ ਈਸਾ ਮਸੀਹ ਏਮਾਉਸ ਜਾ ਰਿਹੈ," ਪਾਵੇਲ ਨੇ ਦੱਸਿਆ।

ਤਸਵੀਰ ਵੇਖ ਕੇ ਉਹਦੀ ਮਾਂ ਖੁਸ਼ ਹੋਈ, ਪਰ ਉਹਨੇ ਸੋਚਿਆ, "ਜੇ ਉਹਨੂੰ ਈਸਾ ਮਸੀਹ ਨਾਲ਼ ਇੰਨਾ ਪਿਆਰ ਏ ਤਾਂ ਉਹ ਗਿਰਜੇ ਕਿਉਂ ਨਹੀਂ ਜਾਂਦਾ!..."

ਪਾਵੇਲ ਦੇ ਇੱਕ ਮਿੱਤਰ ਤਰਖਾਣ ਦੇ ਲਾਏ ਸੋਹਣੇ ਫੱਟਿਆਂ ਉੱਤੇ ਕਿਤਾਬਾਂ ਦੀ ਗਿਣਤੀ ਵੱਧਦੀ ਗਈ। ਹੁਣ ਕਮਰਾ ਨਿੱਘਾ ਲੱਗਣ ਲੱਗ ਪਿਆ ਸੀ।

ਉਹ ਆਮ ਤੌਰ 'ਤੇ ਉਹਨੂੰ "ਮਾਂ" ਕਹਿ ਕੇ ਸੱਦਦਾ, ਪਰ ਕਦੀ ਕਦੀ ਉਹ ਉਹਦੇ ਨਾਲ਼ ਵਧੇਰੇ ਪਿਆਰ ਨਾਲ਼ ਗੱਲ ਕਰਦਾ:

"ਅੰਮੀਂ, ਮੇਰੀ ਚਿੰਤਾ ਨਾ ਕਰੀਂ, ਮੈਂ ਰਾਤੀ ਦੇਰ ਨਾਲ਼ ਘਰ ਆਵਾਂਗਾ।"

ਉਹਨੂੰ ਇਹ ਗੱਲ ਚੰਗੀ ਲੱਗਦੀ। ਉਹਨੂੰ ਉਹਦੇ ਬੋਲਾਂ ਵਿੱਚ ਕੁਝ ਤਕੜਾ ਅਤੇ ਗੰਭੀਰ ਜਾਪਦਾ।

ਪਰ ਉਹਦੇ ਤੌਖਲੇ ਵੱਧ ਗਏ। ਉਹਨਾਂ ਦਾ ਕਾਰਨ ਕੋਈ ਵਧੇਰੇ ਸਪਸ਼ਟ ਨਾ ਹੋਇਆ, ਪਰ ਕਿਸੇ ਅਸਧਾਰਨ ਗੱਲ ਕਾਰਨ ਉਹਦਾ ਮਨ ਸਦਾ ਵਧੇਰੇ ਭਾਰਾ ਰਹਿਣ ਲੱਗ ਪਿਆ। ਕਈ ਵਾਰ ਉਹਨੂੰ ਆਪਣੇ ਪੁੱਤਰ ਉੱਤੇ ਚਿੜ੍ਹ ਆਉਂਦੀ ਅਤੇ ਉਦੋਂ ਉਹ ਸੋਚਦੀ, "ਉਹ ਬਾਕੀ ਲੋਕਾਂ ਜਿਹਾ ਵਿਹਾਰ ਕਿਉਂ ਨਹੀਂ ਕਰਦਾ ? ਉਹ ਤਾਂ ਕਿਸੇ ਵਿਰਕਤ ਵਾਂਗ ਏ, ਕਿੰਨਾ ਗੰਭੀਰ। ਇਹ ਗੱਲ ਉਹਦੀ ਉਮਰ ਨੂੰ ਸ਼ੋਭਦੀ ਨਹੀਂ।..."

ਤੇ ਫਿਰ ਉਹ ਸੋਚਦੀ, "ਸ਼ੈਦ ਉਹਦੀ ਕਿਸੇ ਕੁੜੀ ਨਾਲ਼ ਗੱਲ ਬਣ ਗਈ ਏ।"

ਪਰ ਕਿਸੇ ਕੁੜੀ ਨਾਲ਼ ਗੱਲ ਬਣਨ ਲਈ ਪੈਸਿਆਂ ਦੀ ਲੋੜ ਹੁੰਦੀ ਹੈ ਅਤੇ ਉਹ ਉਹਨੂੰ ਲਗਭਗ ਆਪਣੀ ਸਾਰੀ ਉਜਰਤ ਦੇ ਦੇਂਦਾ ਸੀ।

ਅਤੇ ਇਉਂ ਹਫ਼ਤੇ ਅਤੇ ਮਹੀਨੇ ਲੰਘਦੇ ਗਏ, ਇੱਥੋਂ ਤੱਕ ਕਿ ਅਚੇਤ ਹੀ ਦੋ ਵਰ੍ਹੇ ਲੰਘ ਗਏ — ਧੁੰਦਲੇ ਵਿਚਾਰਾਂ ਅਤੇ ਵੱਧਦੇ ਤੌਖਲਿਆਂ ਨਾਲ਼ ਭਰੇ ਅਜੀਬ, ਚੁੱਪ ਜੀਵਨ ਦੇ ਦੋ ਵਰ੍ਹੇ।

## 4

ਇੱਕ ਸ਼ਾਮ ਪਾਵੇਲ ਨੇ ਬਾਰੀ ਅੱਗੇ ਪਰਦਾ ਖਿੱਚ ਦਿੱਤਾ, ਟੀਨ ਦੇ ਲੈਂਪ ਨੂੰ ਆਪਣੀ ਕੁਰਸੀ ਉੱਪਰ ਲੱਗੇ ਇੱਕ ਕਿੱਲ ਨਾਲ਼ ਟੰਗ ਦਿੱਤਾ, ਇੱਕ ਨੁੱਕਰੇ ਬਹਿ ਗਿਆ ਅਤੇ ਪੜ੍ਹਨ ਲੱਗ ਪਿਆ। ਜਦੋਂ ਉਹਦੀ ਮਾਂ ਨੇ ਭਾਂਡੇ ਸਾਫ਼ ਕਰ ਲਏ ਤਾਂ ਉਹ ਰਸੋਈ ਵਿੱਚੋਂ ਬਾਹਰ ਆਈ ਅਤੇ ਹੌਲ਼ੀ ਹੌਲ਼ੀ ਉਹਦੇ ਵੱਲ ਗਈ। ਉਹਨੇ ਆਪਣਾ ਸਿਰ ਚੁੱਕਿਆ ਅਤੇ ਸਵਾਲੀ ਢੰਗ ਨਾਲ਼ ਮਾਂ ਵੱਲ ਵੇਖਿਆ।

"ਕੁਝ ਨਹੀਂ ਪਾਸ਼ਾ," ਉਹ ਬੁੜਬੁੜਾਈ ਅਤੇ ਕਾਹਲੀ ਕਾਹਲੀ ਰਸੋਈ ਵੱਲ ਚਲੀ ਗਈ, ਉਹਦੇ ਭਰਵੱਟੇ ਬੇਚੈਨੀ ਕਾਰਨ ਫਰਕ ਰਹੇ ਸਨ। ਪਰ ਰਸੋਈ ਵਿੱਚ ਮਿੰਟ ਕੁ ਲਈ ਅਹਿਲ ਖੜੇ ਰਹਿਣ ਪਿੱਛੋਂ ਅਤੇ ਆਪਣੇ ਵਿਚਾਰਾਂ ਨਾਲ਼ ਥੋੜ੍ਹਾ ਜਿਹਾ ਘੋਲ਼ ਕਰਨ ਪਿੱਛੋਂ ਉਹਨੇ ਹੱਥ ਧੋਤੇ ਅਤੇ ਫਿਰ ਉਹਦੇ ਵੱਲ ਗਈ।

"ਮੈਂ ਪੁੱਛਣ ਪੁੱਛਣ ਕਰਦੀ ਸਾਂ ਤੂੰ ਹਰ ਵੇਲੇ ਕੀ ਪੜ੍ਹਦਾ ਰਹਿਨੈ ?" ਉਹਨੇ ਠਰ੍ਹੰਮੇ ਨਾਲ਼ ਪੁੱਛਿਆ।

ਉਹਨੇ ਕਿਤਾਬ ਬੰਦ ਕੀਤੀ।

"ਬਹਿ ਜਾ ਅੰਮੀ।"

ਉਹਦੀ ਮਾਂ ਧੜੱਮ ਕਰਕੇ ਬਹਿ ਗਈ, ਪਿੱਠ ਸਿੱਧੀ ਕੀਤੀ, ਕੁਝ ਬਹੁਤ ਹੀ ਮਹੱਤਵ-ਪੂਰਨ ਸੁਣਨ ਲਈ ਤਿਆਰ।

ਪਾਵੇਲ ਨੇ ਉਹਦੇ ਵੱਲ ਵੇਖੇ ਬਿਨ੍ਹਾਂ, ਨਿੰਮ੍ਹੀ ਜਿਹੀ ਅਵਾਜ਼ ਵਿੱਚ ਗੱਲ ਕੀਤੀ, ਜਿਹੜੀ ਪਤਾ ਨਹੀਂ ਕਿਉਂ ਕਰੜੀ ਸੀ।

"ਮੈਂ ਜ਼ਬਤ ਹੋਈਆਂ ਕਿਤਾਬਾਂ ਪੜ੍ਹਦਾਂ। ਇਹ ਜ਼ਬਤ ਕੀਤੀਆਂ ਗਈਆਂ ਨੇ ਕਿਉਂਕਿ ਇਹ ਕਿਰਤੀ ਲੋਕਾਂ ਬਾਰੇ ਸੱਚ ਦੱਸਦੀਆਂ ਨੇ। ਇਹ ਚੋਰੀ ਚੋਰੀ, ਲੁਕਾ ਕੇ ਛਾਪੀਆਂ ਜਾਂਦੀਆਂ ਨੇ ਅਤੇ ਜੇ ਉਹਨਾਂ ਮੇਰੇ ਕੋਲ਼ੋਂ ਇਹ ਫੜ ਲਈਆਂ ਤਾਂ ਉਹ ਮੈਨੂੰ ਜੇਲ੍ਹ ਵਿੱਚ ਸੁੱਟ ਦੇਣਗੇ — ਜੇਲ੍ਹ ਵਿੱਚ ਕਿਉਂਕਿ ਮੈਂ ਸੱਚ ਜਾਣਨਾ ਚਾਹੁੰਦਾਂ, ਸਮਝਦੀ ਏ ?"

ਅਚਾਨਕ ਉਹਦੇ ਲਈ ਸਾਹ ਲੈਣਾ ਔਖਾ ਹੋ ਗਿਆ। ਆਪਣੀਆਂ ਅੱਖਾਂ ਪਾੜ ਕੇ ਉਹਨੇ ਆਪਣੇ ਪੁੱਤਰ ਵੱਲ ਵੇਖਿਆ ਅਤੇ ਉਹ ਉਹਨੂੰ ਔਖਿਆਂ ਹੀ ਪਛਾਣ ਸਕੀ। ਉਹਦੀ ਅਵਾਜ਼ ਵੱਖਰੀ ਤਰ੍ਹਾਂ ਦੀ ਸੀ — ਡੂੰਘੇਰੀ ਤੇ ਵਧੇਰੇ ਭਰਪੂਰ ਅਤੇ ਵਧੇਰੇ ਟੁਣਕਦੀ। ਉਹ ਆਪਣੀਆਂ ਪਤਲੀਆਂ ਨਰਮ ਮੁੱਛਾਂ ਖਿੱਚ ਰਿਹਾ ਸੀ ਅਤੇ ਆਪਣੇ ਨੀਵੇਂ ਪਾਏ ਭਰਵੱਟਿਆਂ ਹੇਠੋਂ ਇੱਕ ਨੁੱਕਰ ਵੱਲ ਅਜੀਬ ਢੰਗ ਨਾਲ਼ ਵੇਖ ਰਿਹਾ ਸੀ। ਉਹ ਆਪਣੇ ਪੁੱਤਰ ਲਈ ਡਰ ਗਈ ਅਤੇ ਉਹਨੂੰ ਉਹਦੇ ਉੱਤੇ ਤਰਸ ਵੀ ਆਇਆ।

"ਤੂੰ ਅਜਿਹਾ ਕਿਉਂ ਕਰਦੈਂ, ਪਾਸ਼ਾ," ਉਹਨੇ ਪੁੱਛਿਆ।

ਉਹਨੇ ਆਪਣਾ ਸਿਰ ਚੁੱਕਿਆ ਅਤੇ ਮਾਂ ਵੱਲ ਵੇਖਿਆ।

"ਕਿਉਂਕਿ ਮੈਂ ਸੱਚ ਜਾਣਨਾ ਚਾਹੁੰਦਾਂ," ਉਹਨੇ ਸ਼ਾਂਤੀ ਅਤੇ ਠਰ੍ਹੰਮੇ ਨਾਲ਼ ਜਵਾਬ ਦਿੱਤਾ। ਉਹਦੀ ਅਵਾਜ਼ ਨਰਮ ਪਰ ਦ੍ਰਿੜ੍ਹ ਸੀ ਅਤੇ ਉਹਦੀਆਂ ਅੱਖਾਂ ਵਿੱਚ ਇੱਕ ਸਿਰੜੀ ਦਿੱਖ

ਸੀ। ਮਾਂ ਨੇ ਅਨੁਭਵ ਕੀਤਾ ਕਿ ਉਹਨੇ ਆਪਣੇ ਆਪ ਨੂੰ ਸਦਾ ਲਈ ਕਿਸੇ ਗੁਪਤ ਅਤੇ ਡਰਾਉਣੀ ਗੱਲ ਲਈ ਸਮਰਪਤ ਕਰ ਦਿੱਤਾ ਹੈ। ਕਿਉਂਕਿ ਉਹ ਮਾਮਲਿਆਂ ਦੀ ਅਟੱਲਤਾ ਨੂੰ ਕਬੂਲਣ ਅਤੇ ਤਾਬਿਆ ਮੰਨਣ ਦੀ ਆਦੀ ਸੀ, ਉਹ ਚੁੱਪ ਚਾਪ ਰੋ ਪਈ, ਗ਼ਮ ਅਤੇ ਸੰਤਾਪ ਹੱਥੋਂ ਇੰਨੀ ਪਸਿਤੀ ਸੀ ਕਿ ਉਹਨੂੰ ਕੋਈ ਗੱਲ ਨਾ ਅਹੁੜੀ।

"ਰੋ ਨਾ," ਪਾਵੇਲ ਨੇ ਨਰਮੀ ਅਤੇ ਸਨੇਹ ਨਾਲ਼ ਕਿਹਾ ਅਤੇ ਮਾਂ ਨੂੰ ਜਾਪਿਆ ਜਿਵੇਂ ਉਹ ਉਸ ਤੋਂ ਵਿਦਿਆ ਹੋ ਰਿਹਾ ਹੋਵੇ।

"ਜ਼ਰਾ ਸੋਚ ਅਸੀਂ ਕਿਹੋ ਜਿਹੀ ਜ਼ਿੰਦਗੀ ਜੀਂਦੇ ਆਂ! ਆਪਣੇ ਵੱਲ ਹੀ ਵੇਖ, ਚਾਲ਼ੀਆਂ ਦੀ ਤੂੰ ਹੋ ਗਈ ਅਤੇ ਤੂੰ ਵੇਖਿਆ ਈ ਕੀ ਏ? ਅੱਬਾ ਤੈਨੂੰ ਕੁੱਟਦਾ ਸੀ — ਹੁਣ ਮੈਂ ਜਾਣਦਾ ਉਹ ਆਪਣੇ ਦੁੱਖ ਤੇਰੇ ਉੱਤੇ ਕੱਢਦਾ ਸੀ, ਜ਼ਿੰਦਗੀ ਦੀ ਸਾਰੀ ਕੁੜੱਤਣ। ਕੋਈ ਸ਼ੈ ਉਹਨੂੰ ਕੁਚਲਦੀ ਸੀ, ਪਰ ਉਹ ਇਹ ਨਹੀਂ ਸੀ ਜਾਣਦਾ ਕਿ ਇਹ ਕੀ ਹੈ। ਤੀਹ ਸਾਲ ਉਹਨੇ ਇੱਥੇ ਗੁਲਾਮੀ ਕੀਤੀ — ਜਦੋਂ ਉਹਨੇ ਕੰਮ ਸ਼ੁਰੂ ਕੀਤਾ ਤਾਂ ਸਾਰੇ ਕਾਰਖ਼ਾਨੇ ਵਿੱਚ ਦੋ ਖਾਤੇ ਸਨ, ਤੇ ਅੱਜ ਸੱਤ ਨੇ!"

ਉਹ ਬੜੀ ਉਤਾਵਲ ਨਾਲ਼ ਪਰ ਡਰੀ ਹੋਈ ਉਹਦੀ ਗੱਲ ਸੁਣ ਰਹੀ ਸੀ। ਉਹਦੇ ਪੁੱਤਰ ਦੀਆਂ ਅੱਖਾਂ ਕਿਸੇ ਅਤਿ ਸੁਹਣੀ ਲੋਅ ਨਾਲ਼ ਲਿਸ਼ਕ ਰਹੀਆਂ ਸਨ। ਆਪਣੀ ਛਾਤੀ ਮੇਜ਼ ਨਾਲ਼ ਟਿਕਾ ਕੇ, ਉਹ ਉਹਦੇ ਹੰਝੂਆਂ-ਭਿਜੇ ਮੂੰਹ ਦੇ ਨੇੜੇ ਝੁਕਿਆ ਹੋਇਆ ਸੀ ਅਤੇ ਉਹਨੂੰ ਜਿਸ ਸੱਚ ਦਾ ਗਿਆਨ ਹੁਣੇ ਹੁਣੇ ਹੋਇਆ ਸੀ, ਉਸ ਸਬੰਧੀ ਉਹਨੇ ਪਹਿਲੀ ਤਕਰੀਰ ਕੀਤੀ ਸੀ। ਜਵਾਨੀ ਦੇ ਸਾਰੇ ਬਲ ਨਾਲ਼, ਅਜਿਹੇ ਵਿਦਿਆਰਥੀ ਦੇ ਪੂਰੇ ਉਤਸ਼ਾਹ ਨਾਲ਼ ਜਿਸਨੂੰ ਆਪਣੇ ਗਿਆਨ ਉੱਤੇ ਮਾਣ ਅਤੇ ਉਸ ਵਿੱਚ ਪੂਰਾ ਨਿਸ਼ਚਾ ਹੋਵੇ, ਉਹ ਉਹਨਾਂ ਗੱਲਾਂ ਬਾਰੇ ਬੋਲਿਆ ਜਿਹੜੀਆਂ ਉਹਦੇ ਲਈ ਸਪਸ਼ਟ ਸਨ। ਉਹ ਇੰਨਾ ਆਪਣੀ ਮਾਂ ਨੂੰ ਯਕੀਨ ਦਿਵਾਉਣ ਲਈ ਨਹੀਂ ਸੀ ਬੋਲ ਰਿਹਾ ਜਿੰਨਾ ਆਪਣੇ ਆਪ ਨੂੰ ਪਰਖਣ ਲਈ। ਜਦੋਂ ਉਹਨੂੰ ਗੱਲ ਨਾ ਅਹੁੜਦੀ ਅਤੇ ਉਹ ਰੁੱਕ ਜਾਂਦਾ ਤਾਂ ਉਹਨੂੰ ਆਪਣੇ ਸਾਹਮਣੇ ਦੁੱਖੀ ਮੂੰਹ ਦੀ, ਉਹਦੇ ਵੱਲ ਡਰ ਅਤੇ ਅਚੰਭੇ ਨਾਲ਼ ਵੇਖ ਰਹੀਆਂ ਹੰਝੂਆਂ ਦੇ ਪਰਦੇ ਪਿੱਛੇ ਲਿਸ਼ਕਦੀਆਂ ਦਿਆਲ ਅੱਖਾਂ ਦੀ ਸੋਝੀ ਆ ਜਾਂਦੀ। ਉਹਨੂੰ ਆਪਣੀ ਮਾਂ 'ਤੇ ਤਰਸ ਆ ਰਿਹਾ ਸੀ ਅਤੇ ਜਦੋਂ ਉਹਨੇ ਫਿਰ ਬੋਲਣਾ ਸ਼ੁਰੂ ਕੀਤਾ ਤਾਂ ਉਹਨੇ ਉਹਦੀ ਅਤੇ ਉਹਦੇ ਜੀਵਨ ਦੀ ਗੱਲ ਕੀਤੀ।

"ਤੂੰ ਕਿਹੜੀ ਖੁਸ਼ੀ ਮਾਣੀ ਏ?" ਉਹਨੇ ਪੁੱਛਿਆ। "ਤੇਰੇ ਕੋਲ਼ ਯਾਦ ਕਰਨ ਲਈ ਕਿਹੜੀਆਂ ਚੰਗੀਆਂ ਗੱਲਾਂ ਨੇ?"

ਉਹਨੇ ਧਿਆਨ ਨਾਲ਼ ਸੁਣਿਆ ਅਤੇ ਸੋਗੀ ਢੰਗ ਨਾਲ਼ ਸਿਰ ਹਿਲਾ ਦਿੱਤਾ, ਇੱਕ ਅਜੀਬ ਨਵੀਂ ਭਾਵਨਾ ਨਾਲ਼ ਭਰੀ ਹੋਈ ਨੇ, ਜਿਹੜੀ ਖੁਸ਼ ਵੀ ਸੀ ਅਤੇ ਦੁਖਿਆਰੀ ਵੀ, ਜਿਹੜੀ ਉਹਦੇ ਦੁੱਖਦੇ ਦਿਲ ਲਈ ਇੱਕ ਲਾਡ ਵਾਂਗ ਸੀ। ਪਹਿਲਾਂ ਕਦੀ ਕਿਸੇ ਨੇ ਉਹਦੇ ਨਾਲ਼ ਉਹਦੇ ਜੀਵਨ ਬਾਰੇ ਗੱਲ ਨਹੀਂ ਸੀ ਕੀਤੀ ਅਤੇ ਉਹਦੇ ਪੁੱਤਰ ਦੀ ਗੱਲ ਨੇ ਧੁੰਦਲੇ ਜਿਹੇ ਵਿਚਾਰ ਜਗਾ ਦਿੱਤੇ, ਜਿਹੜੇ ਚਿਰਾਂ ਤੋਂ ਭੁਲਾਏ ਜਾ ਚੁੱਕੇ ਸਨ, ਉਹਨਾਂ ਜੀਵਨ ਨਾਲ਼ ਅਸੰਤੋਖ ਦੀ ਮਰ ਰਹੀ ਭਾਵਨਾ ਨੂੰ ਸੁਰਜੀਤ ਕਰ ਦਿੱਤਾ, ਦੁਰਾਡੀ ਜਵਾਨੀ ਦੇ ਵਿਚਾਰਾਂ ਅਤੇ

ਜਜ਼ਬਿਆਂ ਨੂੰ। ਆਪਣੀ ਜਵਾਨੀ ਵਿੱਚ ਉਹ ਆਪਣੀਆਂ ਵਾਕਫ਼ ਕੁੜੀਆਂ ਨਾਲ਼ ਜੀਵਨ ਬਾਰੇ ਗੱਲਾਂ ਕਰਦੀ ਹੁੰਦੀ ਸੀ। ਉਹਨੇ ਹਰ ਗੱਲ ਬਾਰੇ ਵਿਸਥਾਰ ਨਾਲ਼ ਗੱਲ ਕੀਤੀ ਸੀ, ਪਰ ਉਹਦੀਆਂ ਸਹੇਲੀਆਂ, ਅਤੇ ਉਹ ਆਪ, ਆਪਣੇ ਜੀਵਨ ਦੀ ਕਰੜਾਈ ਦਾ ਕਾਰਨ ਢੂੰਡੇ ਬਿਨਾਂ ਬਸ ਸ਼ਿਕਾਇਤ ਹੀ ਕਰਦੀਆਂ ਸਨ। ਪਰ ਹੁਣ ਉਹਦਾ ਪੁੱਤਰ ਉਹਦੇ ਸਾਹਮਣੇ ਬੈਠਾ ਸੀ ਅਤੇ ਉਹਦੀਆਂ ਅੱਖਾਂ ਅਤੇ ਮੂੰਹ ਅਤੇ ਗੱਲਾਂ ਜੋ ਕੁਝ ਪ੍ਰਗਟ ਕਰਦੀਆਂ ਸਨ ਉਹ ਉਹਦੇ ਦਿਲ ਨੂੰ ਲੱਗਦਾ ਸੀ, ਉਹਨੂੰ ਆਪਣੇ ਪੁੱਤਰ ਲਈ ਮਾਣ ਨਾਲ਼ ਭਰ ਦੇਂਦਾ, ਜਿਹੜਾ ਆਪਣੀ ਮਾਂ ਦੇ ਜੀਵਨ ਨੂੰ ਇੰਨੀ ਚੰਗੀ ਤਰ੍ਹਾਂ ਜਾਣਦਾ ਸੀ, ਜਿਹੜਾ ਉਹਦੇ ਨਾਲ਼ ਉਹਦੇ ਜ਼ਫ਼ਰਾਂ ਦੀ ਗੱਲ ਕਰਦਾ ਸੀ ਅਤੇ ਉਹਦੇ ਉੱਤੇ ਤਰਸ ਖਾਂਦਾ ਸੀ।

ਭਲਾ ਮਾਵਾਂ ਉੱਤੇ ਵੀ ਕੋਈ ਤਰਸ ਖਾਂਦਾ ਹੈ।

ਉਹਨੂੰ ਇਸ ਗੱਲ ਦਾ ਪਤਾ ਸੀ। ਉਹ ਇਸਤਰੀਆਂ ਦੇ ਜੀਵਨ ਬਾਰੇ ਜੋ ਕੁਝ ਕਹਿ ਰਿਹਾ ਸੀ ਉਹ ਕੌੜੀ, ਜਾਣੀ-ਪਛਾਣੀ ਸੱਚਾਈ ਸੀ, ਅਤੇ ਇਹ ਮਿਲੇ-ਜੁਲੇ ਜਜ਼ਬੇ ਉਭਾਰਦੀ ਜਿਨ੍ਹਾਂ ਦਾ ਅਨੋਖਾ ਸਨੇਹ ਉਹਦੇ ਦਿਲ ਨੂੰ ਪਿਘਲਾ ਰਿਹਾ ਸੀ।

"ਤੂੰ ਕੀ ਕਰਨਾ ਚਾਹੁੰਦੈ ?" ਉਹਨੇ ਉਹਦੀ ਗੱਲ ਟੋਕਦੇ ਹੋਏ ਪੁੱਛਿਆ।

"ਪਹਿਲਾਂ ਪੜ੍ਹਨਾ, ਫਿਰ ਹੋਰਨਾਂ ਨੂੰ ਸਿਖਾਉਣਾ। ਇਹ ਲਾਜ਼ਮੀ ਹੈ ਕਿ ਅਸੀਂ, ਕਿਰਤੀ ਲੋਕ, ਪੜ੍ਹੀਏ। ਇਹ ਲਾਜ਼ਮੀ ਹੈ ਕਿ ਅਸੀਂ ਪਤਾ ਲਾਈਏ ਅਤੇ ਸਮਝੀਏ ਕਿ ਸਾਡੀਆਂ ਜ਼ਿੰਦਗੀਆਂ ਇੰਨੀਆਂ ਕਠਨ ਕਿਉਂ ਨੇ।"

ਉਹ ਇਹ ਵੇਖ ਕੇ ਖੁਸ਼ ਹੋਈ ਕਿ ਉਹਦੀਆਂ ਨੀਲ਼ੀਆਂ ਅੱਖਾਂ, ਜਿਹੜੀਆਂ ਸਦਾ ਇੰਨੀਆਂ ਕਠੋਰ ਅਤੇ ਗੰਭੀਰ ਹੁੰਦੀਆਂ ਸਨ ਇੱਕ ਕੂਲੀ ਅਤੇ ਮਲੂਕ ਲੋਅ ਨਾਲ਼ ਚਮਕ ਰਹੀਆਂ ਸਨ। ਉਹਦੇ ਬੁੱਲ੍ਹਾਂ ਉੱਤੇ ਇੱਕ ਸੰਤੁਸ਼ਟ ਅਤੇ ਸ਼ਾਂਤ ਮੁਸਕਾਨ ਆ ਗਈ ਭਾਵੇਂ ਉਹਦੀਆਂ ਗੱਲ੍ਹਾਂ ਦੀਆਂ ਝੁਰੜੀਆਂ ਵਿੱਚ ਹੰਝੂ ਅਜੇ ਵੀ ਥਰਥਰਾ ਰਹੇ ਸਨ। ਉਹਦੇ ਅੰਦਰ ਖਿੱਚੋ-ਤਾਣ ਚੱਲ ਰਹੀ ਸੀ, ਆਪਣੇ ਪੁੱਤਰ ਲਈ, ਜਿਹੜਾ ਜੀਵਨ ਦੀ ਕੁੜੱਤਣ ਨੂੰ ਇੰਨੀ ਚੰਗੀ ਤਰ੍ਹਾਂ ਵੇਖਦਾ ਸੀ, ਮਾਣ ਦੀ ਭਾਵਨਾ, ਅਤੇ ਆਪਣੇ ਇਸ ਅਨੁਭਵ ਵਿਚਕਾਰ, ਕਿ ਅਜੇ ਉਹ ਛੋਟੀ ਉਮਰ ਦਾ ਹੈ, ਅਤੇ ਹੋਰਨਾਂ ਨਾਲ਼ੋਂ ਵੱਖਰੀ ਤਰ੍ਹਾਂ ਗੱਲ ਕਰਦਾ ਹੈ, ਅਤੇ ਇਹ ਕਿ ਉਹਨੇ ਇਕੱਲੇ ਨੇ ਹੀ ਉਸ ਜੀਵਨ ਵਿਰੁੱਧ ਘੋਲ਼ ਕਰਨ ਦਾ ਬੀੜਾ ਚੁੱਕਿਆ ਹੈ, ਜਿਸਨੂੰ ਉਹਦੇ ਸਮੇਤ ਬਾਕੀ ਸਾਰੇ, ਸੁਭਾਵਕ ਸਮਝਦੇ ਸਨ। ਉਹ ਉਹਨੂੰ ਕਹਿਣਾ ਚਾਹੁੰਦੀ ਸੀ, "ਪਰ ਮੇਰੇ ਲਾਡਲੇ, ਤੂੰ ਇਕੱਲਾ ਕੀ ਕਰ ਸਕਦੈਂ ?"

ਪਰ ਉਹ ਡਰਦੀ ਸੀ ਕਿ ਉਹਦੀ ਉਸ ਸ਼ਲਾਘਾ ਦਾ ਇੱਕ ਹਿੱਸਾ ਜਾਂਦਾ ਰਹੇਗਾ ਜਿਹੜੀ ਉਹ ਉਹਦੇ ਲਈ ਅਨੁਭਵ ਕਰ ਰਹੀ ਸੀ, ਇਸ ਪੁੱਤਰ ਲਈ ਜਿਸਨੇ ਆਪਣੇ ਆਪ ਨੂੰ ਇੰਨਾ ਸਿਆਣਾ ਸਾਬਤ ਕੀਤਾ ਸੀ ਅਤੇ ਜਿਸਨੂੰ ਉਹ ਪੂਰੀ ਤਰ੍ਹਾਂ ਸਮਝ ਨਹੀਂ ਸੀ ਸਕਦੀ।

ਪਾਵੇਲ ਨੇ ਉਹਦੇ ਬੁੱਲ੍ਹਾਂ ਉੱਤੇ ਮੁਸਕਾਨ ਵੇਖੀ, ਉਹਦੇ ਮੂੰਹ ਦੀ ਇਕਾਗਰਤਾ ਵੇਖੀ, ਉਹਦੀਆਂ ਅੱਖਾਂ ਵਿੱਚ ਪਿਆਰ ਵੇਖਿਆ ਅਤੇ ਉਹਨੇ ਅਨੁਭਵ ਕੀਤਾ ਕਿ ਉਹ ਉਹਨੂੰ ਉਹ ਸੱਚਾਈ ਸਮਝਾਉਣ ਵਿੱਚ ਸਫ਼ਲ ਹੋ ਗਿਆ ਹੈ ਜਿਸਦੀ ਉਹ ਹਮਾਇਤ ਕਰਦਾ ਸੀ। ਆਪਣੇ

ਬੋਲਾਂ ਦੀ ਸ਼ਕਤੀ ਵਿੱਚ ਗਭਰੇਟ ਮਾਣ ਨੇ ਆਪਣੇ ਆਪ ਵਿੱਚ ਉਹਦੇ ਭਰੋਸੇ ਨੂੰ ਮਜ਼ਬੂਤ ਕੀਤਾ। ਹੁਣ ਉਹ ਉਤੇਜਤ ਹੋਕੇ ਬੋਲ ਰਿਹਾ ਸੀ, ਕਦੀ ਮੁਸਕਰਾਉਂਦਾ, ਕਦੀ ਘੂਰੀ ਵਟਦਾ, ਅਤੇ ਕਦੀ ਉਹਦੇ ਬੋਲਾਂ ਵਿੱਚ ਘਿਰਣਾ ਦੀ ਟੁਣਕਾਰ ਹੁੰਦੀ ਅਤੇ ਜਦੋਂ ਉਹ ਇਹ ਸੁਣਦੀ ਤਾਂ ਉਹ ਡਰ ਜਾਂਦੀ, ਇੰਨੇ ਕਰੜੇ ਅਤੇ ਟੁਣਕਦੇ ਸਨ ਇਹ, ਅਤੇ ਆਪਣਾ ਸਿਰ ਹਿਲਾਉਂਦੀ ਅਤੇ ਆਪਣੇ ਪੁੱਤਰ ਤੋਂ ਹੌਲ਼ੀ ਜਿਹੀ ਪੁੱਛਦੀ, "ਕੀ ਇਹ ਹੋ ਸਕਦੈ, ਪਾਸ਼ਾ!"

ਅਤੇ ਉਹ ਪਕਿਆਈ ਨਾਲ਼ ਉੱਤਰ ਦੇਂਦਾ, "ਹਾਂ, ਇਹ ਹੋ ਸਕਦੈ," ਅਤੇ ਉਹ ਉਹਨੂੰ ਉਹਨਾਂ ਲੋਕਾਂ ਬਾਰੇ ਦੱਸਦਾ ਜਿਹੜੇ, ਚੰਗੇ ਕੰਮ ਕਰਨ ਲਈ ਉਤਾਵਲੇ, ਜਨਤਾ ਵਿੱਚ ਸੱਚ ਦੇ ਬੀਅ ਬੀਜਦੇ ਸਨ, ਜਿਸ ਕਾਰਨ ਜੀਵਨ ਦੇ ਵੈਰੀ ਜੰਗਲੀ ਜਾਨਵਰਾਂ ਵਾਂਗ ਉਹਨਾਂ ਦਾ ਪਿੱਛਾ ਕਰਦੇ, ਉਹਨਾਂ ਨੂੰ ਜੇਲ੍ਹਾਂ ਵਿੱਚ ਸੁੱਟਦੇ ਅਤੇ ਮੁਸ਼ਕਤੀ ਗੁਲਾਮੀ ਦੀਆਂ ਸਜ਼ਾਵਾਂ ਦੇਂਦੇ।...

"ਮੈਂ ਅਜਿਹੇ ਲੋਕਾਂ ਨੂੰ ਜਾਣਦਾਂ!" ਉਹਨੇ ਗਰਮ ਹੋਕੇ ਕਿਹਾ। "ਉਹ ਇਸ ਧਰਤੀ ਦਾ ਨੂਰ ਨੇ!"

ਅਜਿਹੇ ਲੋਕਾਂ ਬਾਰੇ ਵਿਚਾਰ ਨੇ ਉਹਨੂੰ ਭੈ-ਭੀਤ ਕਰ ਦਿੱਤਾ, ਅਤੇ ਇੱਕ ਵਾਰ ਫਿਰ ਉਹ ਆਪਣੇ ਪੁੱਤਰ ਤੋਂ ਪੁੱਛਣਾ ਚਾਹੁੰਦੀ ਸੀ, ਕੀ ਅਜਿਹਾ ਹੋ ਸਕਦਾ ਹੈ, ਪਰ ਉਹਦੀ ਹਿੰਮਤ ਨਾ ਪਈ। ਸਾਹ ਰੋਕ ਕੇ ਉਹ ਉਹਨਾਂ ਲੋਕਾਂ ਸਬੰਧੀ ਕਥਾਵਾਂ ਸੁਣਦੀ ਰਹੀ ਜਿਨ੍ਹਾਂ ਨੂੰ ਉਹ ਨਹੀਂ ਸੀ ਸਮਝਦੀ, ਪਰ ਜਿਨ੍ਹਾਂ ਉਹਦੇ ਪੁੱਤਰ ਨੂੰ ਅਜਿਹੀਆਂ ਖ਼ਤਰਨਾਕ ਗੱਲਾਂ ਕਹਿਣਾ ਅਤੇ ਸੋਚਣਾ ਸਿਖਾ ਦਿੱਤਾ ਸੀ। ਅਖ਼ੀਰ ਉਹਨੇ ਉਹਨੂੰ ਕਿਹਾ:

"ਸਵੇਰ ਹੋਣ ਹੀ ਵਾਲ਼ੀ ਏ, ਮੰਜੇ 'ਤੇ ਪੈ ਜਾ ਅਤੇ ਥੋੜ੍ਹਾ ਸੌਂ ਲੈ।"

"ਮੈਂ ਛੇਤੀ ਹੀ ਸੌਂ ਜਾਵਾਂਗਾ," ਉਹਨੇ ਕਿਹਾ; ਫਿਰ ਝੁਕ ਕੇ ਉਹਦੇ ਨੇੜੇ ਹੁੰਦੇ ਹੋਏ ਉਹਨੇ ਪੁੱਛਿਆ, "ਪਰ ਤੂੰ ਮੇਰੀ ਗੱਲ ਸਮਝ ਗਈ ਏ ਨਾ?"

"ਹਾਂ," ਉਹਨੇ ਹਉਕਾ ਲੈ ਕੇ ਕਿਹਾ, ਉਹਦੇ ਹੰਝੂ ਇੱਕ ਵਾਰ ਫਿਰ ਵਗ ਪਏ, ਅਤੇ ਅਚਾਨਕ ਕੂਕ ਉੱਠੀ, "ਇਹ ਤੈਨੂੰ ਤਬਾਹ ਕਰ ਦੇਵੇਗਾ!"

ਉਹ ਉੱਠਿਆ ਅਤੇ ਕਮਰੇ ਦੇ ਦੂਜੇ ਪਾਸੇ ਚਲਾ ਗਿਆ।

"ਸੋ, ਹੁਣ ਤੈਨੂੰ ਪਤੈ ਮੈਂ ਕੀ ਕਰਦਾਂ ਅਤੇ ਕਿੱਥੇ ਜਾਂਦਾ," ਉਹਨੇ ਕਿਹਾ। "ਮੈਂ ਤੈਨੂੰ ਸਭ ਕੁਝ ਦੱਸ ਦਿੱਤੈ। ਅਤੇ ਮੈਂ ਤੇਰੀ ਮਿੰਨਤ ਕਰਦਾਂ, ਅੰਮੀਂ, ਜੇ ਮੈਨੂੰ ਪਿਆਰ ਕਰਦੀ ਏਂ ਤਾਂ ਮੇਰਾ ਰਾਹ ਨਾ ਰੋਕੀਂ।..."

"ਓਹ ਮੇਰੇ ਭਾਗਵਾਨ ਪੁੱਤਰਾ!" ਉਹ ਕੂਕ ਉੱਠੀ। "ਸ਼ੈਦ... ਸ਼ੈਦ, ਇਹ ਚੰਗਾ ਹੁੰਦਾ ਜੇ ਤੂੰ ਮੈਨੂੰ ਨਾ ਦੱਸਦਾ।"

ਉਹਨੇ ਮਾਂ ਦਾ ਹੱਥ ਫੜਿਆ ਅਤੇ ਜ਼ੋਰ ਨਾਲ਼ ਘੁੱਟਿਆ।

ਜਿਸ ਨਿੱਘ ਨਾਲ਼ ਉਹਨੇ "ਅੰਮੀ" ਕਿਹਾ ਸੀ, ਉਹਨੇ ਅਤੇ ਇਸ ਅਨੋਖੇ ਅਤੇ ਅਸਧਾਰਨ ਢੰਗ ਨਾਲ਼ ਹੱਥ ਘੁੱਟਣ ਨੇ ਉਹਨੂੰ ਬਿਹਬਲ ਕਰ ਦਿੱਤਾ ਸੀ।

"ਨਹੀਂ ਮੈਂ ਤੇਰਾ ਰਾਹ ਨਹੀਂ ਰੋਕਾਂਗੀ," ਉਹਨੇ ਉਖੜੀ ਉਖੜੀ ਨੇ ਕਿਹਾ। "ਬਸ ਧਿਆਨ ਰੱਖੀਂ — ਜ਼ਰੂਰ ਧਿਆਨ ਰੱਖੀਂ।"

ਪੁੱਤਰ ਨੂੰ ਜਿਹੜਾ ਖ਼ਤਰਾ ਪੇਸ਼ ਸੀ ਉਹਦੇ ਅਤਿ ਧੁੰਦਲੇ ਅਨੁਭਵ ਨਾਲ਼, ਉਹਨੇ ਸੋਗੀ ਢੰਗ ਨਾਲ਼ ਗੱਲ ਵਧਾਈ, "ਤੂੰ ਤਾਂ ਪਤਲਾ ਹੀ ਹੋਈ ਜਾਨੈਂ।"

ਉਹਦੇ ਤਕੜੇ, ਲੰਮੇ ਜੁੱਸੇ ਨੂੰ ਇੱਕ ਪਿਆਰ-ਭਰੀ ਤੱਕਣੀ ਦੀ ਵਲਗਣ ਵਿੱਚ ਵਲ ਲੈਣ ਪਿੱਛੋਂ ਉਹ ਕਾਹਲੀ ਕਾਹਲੀ ਅਤੇ ਨਰਮੀ ਨਾਲ਼ ਬੋਲਣ ਲੱਗ ਪਈ:

"ਰੱਬ ਰਾਖਾ ਜਿਵੇਂ ਆਏ ਜਿਉਂ— ਮੈਂ ਤੇਰਾ ਰਾਹ ਕਿਉਂ ਰੋਕਾਂ। ਬਸ ਮੈਂ ਇੱਕੋ ਅਰਜ਼ੋਈ ਕਰਦੀ ਆਂ — ਕਿਸ ਨਾਲ਼ ਗੱਲ ਕਰਨੀ ਏ ਜ਼ਰਾ ਧਿਆਨ ਰੱਖੀਂ। ਤੈਨੂੰ ਲੋਕਾਂ ਤੋਂ ਡਰਨਾ ਚਾਹੀਦੈ। ਉਹ ਇੱਕ ਦੂਜੇ ਨੂੰ ਨਫ਼ਰਤ ਕਰਦੇ ਨੇ। ਉਹ ਲਾਲਚ ਅਤੇ ਸਾੜੇ ਦੀ ਜ਼ਿੰਦਗੀ ਗੁਜ਼ਾਰਦੇ ਨੇ ਅਤੇ ਇੱਕ ਦੂਜੇ ਨੂੰ ਦੁੱਖ ਪੁਚਾਉਣਾ ਪਸੰਦ ਕਰਦੇ ਨੇ। ਇੱਕ ਵਾਰ ਜਦੋਂ ਤੂੰ ਉਹਨਾਂ ਵੱਲ ਇਸ਼ਾਰਾ ਕਰਨਾ ਅਤੇ ਉਹਨਾਂ ਉੱਤੇ ਅਲਜ਼ਾਮ ਲਾਉਣਾ ਸ਼ੁਰੂ ਕਰ ਦਿੱਤਾ, ਉਹ ਤੈਨੂੰ ਨਫ਼ਰਤ ਕਰਨ ਲੱਗ ਪੈਣਗੇ ਅਤੇ ਤੈਨੂੰ ਤਬਾਹ ਕਰ ਦੇਣਗੇ।"

ਪੁੱਤਰ ਦਰਵਾਜ਼ੇ ਵਿੱਚ ਖੜਾ ਉਹਦੀਆਂ ਦਰਦੀਲੀਆਂ ਗੱਲਾਂ ਸੁਣ ਰਿਹਾ ਸੀ ਅਤੇ ਜਦੋਂ ਉਹਨੇ ਗੱਲ ਮੁਕਾਈ ਤਾਂ ਉਹ ਮੁਸਕਰਾਇਆ ਅਤੇ ਬੋਲਿਆ:

"ਤੂੰ ਠੀਕ ਏਂ — ਲੋਕ ਭੈੜੇ ਨੇ। ਪਰ ਜਦੋਂ ਮੈਨੂੰ ਪਤਾ ਲੱਗ ਗਿਆ ਕਿ ਸੱਚ ਜਿਹੀ ਵੀ ਕੋਈ ਸ਼ੈ ਹੈ ਤਾਂ ਲੋਕ ਚੰਗੇ ਲੱਗਣ ਲੱਗ ਪਏ।"

ਉਹ ਫਿਰ ਮੁਸਕਰਾਇਆ ਅਤੇ ਗੱਲ ਜਾਰੀ ਰੱਖੀ:

"ਪਤਾ ਨਹੀਂ ਕਿਉਂ, ਪਰ ਜਦੋਂ ਮੈਂ ਨਿੱਕਾ ਹੁੰਦਾ ਸਾਂ ਤਾਂ ਮੈਂ ਹਰ ਇੱਕ ਤੋਂ ਡਰਦਾ ਸਾਂ, ਫਿਰ ਜਦੋਂ ਮੈਂ ਵੱਡਾ ਹੋਇਆ ਮੈਂ ਹਰ ਇੱਕ ਨਾਲ਼ ਨਫ਼ਰਤ ਕਰਨ ਲੱਗ ਪਿਆ, ਕੁਝ ਨੂੰ ਉਹਨਾਂ ਦੇ ਪਸ਼ੂਪੁਣੇ ਕਰਕੇ, ਹੋਰਨਾ ਨੂੰ — ਪਤਾ ਨਹੀਂ ਕਿਉਂ — ਬਸ ਐਵੇਂ ਹੀ! ਪਰ ਹੁਣ ਗੱਲ ਵੱਖਰੀ ਜਾਪਦੀ ਏ। ਸ਼ੈਦ ਇਸ ਕਰਕੇ ਕਿ ਹੁਣ ਮੈਨੂੰ ਲੋਕਾਂ ਉੱਤੇ ਤਰਸ ਆਉਂਦੈ। ਜਦੋਂ ਮੈਂ ਇਹ ਸਮਝ ਲਿਆ ਕਿ ਪਸ਼ੂ ਹੋਣ ਲਈ ਉਹ ਸਦਾ ਆਪ ਜ਼ਿੰਮੇਵਾਰ ਨਹੀਂ ਤਾਂ ਮੇਰਾ ਦਿਲ ਨਰਮ ਹੋ ਗਿਆ।..."

ਉਹਨੇ ਬੋਲਣਾ ਬੰਦ ਕੀਤਾ, ਜਿਵੇਂ ਆਪਣੇ ਅੰਦਰੋਂ ਕੋਈ ਗੱਲ ਸੁਣ ਰਿਹਾ ਹੋਵੇ, ਫਿਰ ਠਰ੍ਹੰਮੇ ਅਤੇ ਵਿਚਾਰਵਾਨ ਢੰਗ ਨਾਲ਼ ਗੱਲ ਜਾਰੀ ਰੱਖੀ, "ਸੱਚ ਦਾ ਤੁਹਾਡੇ ਉੱਤੇ ਇਹ ਅਸਰ ਹੁੰਦੈ!"

"ਪਿਆਰੇ ਈਸਾ ਦੀ ਸਹੁੰ, ਤੇਰੇ ਵਿੱਚ ਖ਼ਤਰਨਾਕ ਤਬਦੀਲੀ ਆ ਗਈ ਏ," ਮਾਂ ਨੇ ਉਹਦੇ ਵੱਲ ਵੇਖਦੇ ਹੋਏ ਹਉਕਾ ਭਰਕੇ ਕਿਹਾ।

ਜਦੋਂ ਉਹ ਸੌਂ ਗਿਆ ਤਾਂ ਉਹ ਛੋਪਲੇ ਜਿਹੇ ਮੰਜੇ ਤੋਂ ਉੱਠੀ ਅਤੇ ਉਹਦੇ ਵੱਲ ਗਈ। ਪਾਵੇਲ ਪਿੱਠ ਭਾਰ ਲੇਟਿਆ ਹੋਇਆ ਸੀ, ਚਿੱਟੇ ਸਿਰਹਾਣੇ ਉੱਤੇ ਉਹਦੇ ਸੰਵਲਾਏ ਮੂੰਹ ਦੀ ਕਰੜੀ ਅਤੇ ਦ੍ਰਿੜ੍ਹ ਨੁਹਾਰ ਉੱਭਰੀ ਹੋਈ ਸੀ। ਉਹਦੀ ਮਾਂ ਉੱਥੇ ਰਾਤ ਵੇਲੇ ਪਾਉਣ ਵਾਲ਼ੇ ਕੱਪੜੇ ਪਹਿਨੀ ਨੰਗੇ ਪੈਰੀਂ ਖੜੀ ਸੀ, ਆਪਣੇ ਹੱਥ ਛਾਤੀ ਨਾਲ਼ ਲਾਈ, ਉਹਦੇ ਬੁੱਲ੍ਹ ਬਿਨਾਂ ਅਵਾਜ਼ ਫਰਕ ਰਹੇ ਸਨ, ਵੱਡੇ ਵੱਡੇ ਧੁੰਦਲੇ ਹੰਝੂ ਉਹਦੀਆਂ ਗੱਲ੍ਹਾਂ ਉੱਤੋਂ ਕਿਰ ਰਹੇ ਸਨ।

ਇੱਕ ਵਾਰ ਫਿਰ ਉਹਨਾਂ ਆਪਣਾ ਚੁੱਪ ਜੀਵਨ ਜਾਰੀ ਰੱਖਿਆ, ਦੁਰਾਡੇ ਪਰ ਨੇੜਵੀਂ

ਤਰ੍ਹਾਂ ਜੁੜੇ ਹੋਏ।

## 5

ਹਫ਼ਤੇ ਦੇ ਵਿਚਕਾਰ ਇੱਕ ਛੁੱਟੀ ਦੇ ਦਿਨ ਘਰੋਂ ਬਾਹਰ ਜਾਂਦੇ ਹੋਏ ਪਾਵੇਲ ਆਪਣੀ ਮਾਂ ਵੱਲ ਮੁੜਿਆ। "ਸ਼ਨਿਚਰਵਾਰ ਸ਼ਹਿਰੋਂ ਕੁਝ ਲੋਕ ਮੈਨੂੰ ਮਿਲਣ ਆ ਰਹੇ ਨੇ," ਉਹਨੇ ਕਿਹਾ।

"ਸ਼ਹਿਰੋਂ ?" ਉਹਦੀ ਮਾਂ ਨੇ ਗੱਲ ਦੁਹਰਾਈ ਅਤੇ ਅਚਣਚੇਤ ਡੁਸਕਣ ਲੱਗ ਪਈ।

"ਕੀ ਗੱਲ ਏ ਮਾਂ ?" ਪਾਵੇਲ ਨੇ ਖਿਝ ਕੇ ਉੱਚੀ ਜਿਹੇ ਕਿਹਾ।

ਮਾਂ ਨੇ ਆਪਣੀਆਂ ਅੱਖਾਂ ਆਪਣੇ ਉਤੇਰਨ ਨਾਲ਼ ਪੂੰਝੀਆਂ।

"ਪਤਾ ਨਹੀਂ," ਉਹਨੇ ਹਉਕਾ ਲੈ ਕੇ ਕਿਹਾ। "ਕੋਈ ਖ਼ਾਸ ਗੱਲ ਨਹੀਂ।..."

"ਡਰਦੀ ਏਂ ?"

"ਹਾਂ," ਉਹਨੇ ਇਕਬਾਲ ਕੀਤਾ।

ਉਹ ਉਹਦੇ ਵੱਲ ਝੁਕਿਆ ਅਤੇ ਆਪਣੇ ਪਿਉ ਦੇ ਢੰਗ ਵਿੱਚ ਖਰ੍ਹਵੀਂ ਤਰ੍ਹਾਂ ਬੋਲਿਆ।

"ਡਰ ਹੀ ਤਾਂ ਸਾਨੂੰ ਤਬਾਹ ਕਰਦੈ," ਉਹਨੇ ਕਿਹਾ। "ਅਤੇ ਜਿਹੜੇ ਸਾਡੇ ਉੱਤੇ ਧੌਂਸ ਜਮਾਉਂਦੇ ਨੇ ਉਹ ਸਾਡੇ ਡਰ ਨੂੰ ਵਰਤਦੇ ਨੇ ਅਤੇ ਸਾਨੂੰ ਦਬਾਈ ਰੱਖਦੇ ਨੇ।"

"ਗੁੱਸੇ ਨਾ ਹੋ," ਉਹਦੀ ਮਾਂ ਨੇ ਨਾਖੁਸ਼ੀ ਨਾਲ਼ ਰਊਂ ਰਊਂ ਕੀਤੀ। "ਮੈਂ ਡਰਾਂ ਨਾ ਤਾਂ ਹੋਰ ਕੀ ਕਰਾਂ ? ਸਾਰੀ ਉਮਰ ਮੈਂ ਡਰਦੀ ਰਹੀ ਵਾਂ। ਮੇਰੀ ਰੂਹ ਉੱਤੇ ਥਾਂ ਥਾਂ ਡਰ ਉੱਗਿਆ ਹੋਇਐ।"

"ਮੈਨੂੰ ਅਫ਼ਸੋਸ ਏ, ਪਰ ਇਹ ਇੱਕੋ ਇੱਕ ਰਾਹ ਏ," ਉਹਨੇ ਵਧੇਰੇ ਨਰਮ ਅਵਾਜ਼ ਵਿੱਚ ਕਿਹਾ।

ਫਿਰ ਉਹ ਚਲਾ ਗਿਆ।

ਤਿੰਨ ਦਿਨ ਉਹ ਡਰੀ ਅਤੇ ਕੰਬਦੀ ਰਹੀ, ਹਰ ਵਾਰ ਜਦੋਂ ਉਹਨੂੰ ਖ਼ਿਆਲ ਆਉਂਦਾ ਇਹ ਅਜੀਬ ਅਤੇ ਭਿਆਨਕ ਲੋਕ ਉਹਦੇ ਘਰ ਆਉਣ ਵਾਲ਼ੇ ਹਨ ਤਾਂ ਉਹ ਤਰਭਕ ਪੈਂਦੀ। ਉਹਨਾਂ ਹੀ ਉਹਦੇ ਪੁੱਤਰ ਨੂੰ ਉਹ ਰਾਹ ਵਿਖਾਇਆ ਸੀ ਜਿਸ ਉੱਤੇ ਉਹ ਚੱਲ ਰਿਹਾ ਸੀ।...

ਸ਼ਨਿਚਰਵਾਰ ਸ਼ਾਮ ਪਾਵੇਲ ਕਾਰਖ਼ਾਨੇ ਤੋਂ ਘਰ ਆਇਆ, ਮੂੰਹ ਹੱਥ ਧੋਤਾ, ਕੱਪੜੇ ਬਦਲੇ, ਅਤੇ ਫਿਰ ਬਾਹਰ ਚਲਾ ਗਿਆ।

"ਜੇ ਕੋਈ ਆਵੇ ਤਾਂ ਕਹਿ ਦਈਂ ਮੈਂ ਹੁਣੇ ਮੁੜਦਾਂ।" ਉਹਨੇ ਆਪਣੀ ਮਾਂ ਵੱਲ ਵੇਖੇ ਬਿਨਾਂ ਕਿਹਾ। "ਅਤੇ ਹੁਣ ਡਰਨਾ ਛੱਡ ਵੀ ਦੇ।"...

ਉਹ ਨਿਢਾਲ ਜਿਹੀ ਬੈਂਚ ਉੱਤੇ ਡਿੱਗ ਪਈ। ਪਾਵੇਲ ਨੇ ਖ਼ਫ਼ਗੀ ਨਾਲ਼ ਉਹਦੇ ਵੱਲ ਵੇਖਿਆ।

"ਸ਼ੈਦ ਤੂੰ ਅੱਜ ਦੀ ਰਾਤ... ਓਹਾਂ... ਕਿੱਧਰੇ ਹੋਰ ਥਾਂ ਚਲੀ ਜਾਵੇਂਗੀ ?" ਉਹਨੇ ਸਲਾਹ ਦਿੱਤੀ।

ਉਹਦੀ ਗੱਲ ਸੁਣ ਕੇ ਉਹਨੂੰ ਦੁੱਖ ਹੋਇਆ। ਆਪਣਾ ਸਿਰ ਨਾਂਹ ਵਿੱਚ ਹਿਲਾ ਕੇ ਉਹਨੇ ਕਿਹਾ:

“ਨਹੀਂ। ਭਲਾ ਮੈਂ ਕਿਉਂ ਜਾਵਾਂ ?”

ਨਵੰਬਰ ਦਾ ਅਖ਼ੀਰ ਸੀ। ਦਿਨੇ ਯਖ਼ ਹੋਈ ਭੋਂ ਉੱਤੇ ਬਰੀਕ, ਸੁੱਕੀ ਬਰਫ਼ ਪਈ ਸੀ ਅਤੇ ਉਹ ਆਪਣੇ ਦੂਰ ਜਾਂਦੇ ਪੁੱਤਰ ਦੇ ਪੈਰਾਂ ਹੇਠ ਇਹਦੀ ਕਰਿਚ ਕਰਿਚ ਸੁਣ ਰਹੀ ਸੀ। ਬਾਰੀਆਂ ਦੇ ਸ਼ੀਸ਼ਿਆਂ ਨਾਲ਼ ਇੱਕ ਦੋਖੀ ਹਨੇਰਾ ਚੰਬੜਿਆ ਹੋਇਆ, ਛਹਿੜਿਆ ਹੋਇਆ ਸੀ। ਉਹ ਆਪਣੇ ਦੋਹਾਂ ਹੱਥਾਂ ਨਾਲ਼ ਬੈਂਚ ਨੂੰ ਘੁੱਟ ਕੇ ਫੜੀ, ਨਜ਼ਰਾਂ ਬੂਹੇ ਉੱਤੇ ਗੱਡੀ, ਬੈਠੀ ਰਹੀ।...

ਉਹਨੇ ਵਿਚਾਰਿਆ ਕਿ ਭੈੜੇ ਲੋਕ, ਜਿਨ੍ਹਾਂ ਅਜੀਬ ਕੱਪੜੇ ਪਾਏ ਹੋਏ ਸਨ, ਹਨੇਰੇ ਵਿੱਚੋਂ ਉੜਦੇ ਅਤੇ ਚਾਰੇ ਪਾਸੇ ਵੇਖਦੇ ਹੋਏ ਚੋਰੀ ਚੋਰੀ ਆ ਰਹੇ ਸਨ। ਹੁਣ ਕੋਈ ਮਕਾਨ ਦੀ ਨੁੱਕਰ ਦੁਵਾਲਿਓਂ ਚੋਰੀ ਚੋਰੀ ਆ ਰਿਹਾ ਸੀ, ਉਂਗਲਾਂ ਕੰਧਾਂ ਨੂੰ ਟੋਹ ਰਹੀਆਂ ਸਨ।

ਉਹਨੇ ਕਿਸੇ ਨੂੰ ਕਿਸੇ ਧੁਨ ਦੀ ਸੀਟੀ ਵਜਾਉਂਦਿਆਂ ਸੁਣਿਆ। ਅਵਾਜ਼ ਹਨੇਰੇ ਅਤੇ ਚੁੱਪ ਵਿੱਚ ਪਤਲੇ ਜਿਹੇ ਵਲ ਖਾ ਰਹੀ ਸੀ, ਸੋਗੀ ਅਤੇ ਸੁਰੀਲੀ, ਜਿਵੇਂ ਕੁਝ ਢੂੰਡ ਰਹੀ ਹੋਵੇ, ਸਦਾ ਵਧੇਰੇ ਨੇੜੇ ਆਉਂਦੀ। ਅਚਣਚੇਤ ਇਹ ਐਨ ਬਾਰੀ ਦੇ ਕੋਲ਼ ਆਕੇ ਰੁਕ ਗਈ, ਜਿਵੇਂ ਕੰਧ ਦੀ ਲੱਕੜ ਵਿੱਚ ਖੁੱਭ ਗਈ ਹੋਵੇ।

ਡਿਉਢੀ ਵਿੱਚ ਪੈਰ ਰਗੜਨ ਦੀ ਅਵਾਜ਼ ਆਈ। ਮਾਂ ਤਰਭਕ ਪਈ ਉਹਦੇ ਭਰਵੱਟੇ ਤਣਾਉ ਨਾਲ਼ ਉੱਠੇ ਹੋਏ ਸਨ।

ਦਰਵਾਜ਼ਾ ਖੁੱਲ੍ਹਿਆ। ਪਹਿਲਾਂ ਇੱਕ ਵੱਡੀ ਜੱਤਲ ਟੋਪੀ ਨਾਲ਼ ਕੱਜਿਆ ਸਿਰ ਅੰਦਰ ਆਇਆ, ਫਿਰ ਇੱਕ ਲੰਮੀ ਦੇਹ ਉੜ ਕੇ ਨੀਵੇਂ ਦਰਵਾਜ਼ੇ ਵਿੱਚੋਂ ਅੰਦਰ ਆਈ ਅਤੇ ਸਿੱਧੀ ਹੋ ਗਈ; ਕਾਹਲ ਕੀਤੇ ਬਿਨਾਂ ਸੱਜਾ ਹੱਥ ਸ਼ੁਭ ਇਛਾਵਾਂ ਦੇਂਦਾ ਉੱਪਰ ਉੱਠਿਆ, ਸ਼ੋਰੀਲੇ ਲੰਮੇ ਸਾਹ ਦੀ ਅਵਾਜ਼ ਆਈ ਅਤੇ ਇੱਕ ਡੂੰਘੀ ਖਰ੍ਹਵੀਂ ਅਵਾਜ਼ ਨੇ ਕਿਹਾ, “ਸ਼ੁਭ ਸ਼ਾਮ !”

ਮਾਂ ਜਵਾਬ ਦਿੱਤੇ ਬਿਨ੍ਹਾਂ ਝੁਕੀ।

“ਪਾਵੇਲ ਘਰੇ ਏ ?”

ਓਪਰੇ ਬੰਦੇ ਨੇ ਹੌਲ਼ੀ ਹੌਲ਼ੀ ਆਪਣਾ ਚਰ੍ਹ ਦਾ ਨਿੱਕਾ ਕੋਟ ਲਾਹਿਆ, ਇੱਕ ਲੱਤ ਉੱਪਰ ਚੁੱਕ ਕੇ ਟੋਪੀ ਨਾਲ਼ ਆਪਣੇ ਬੂਟ ਤੋਂ ਬਰਫ਼ ਝਾੜੀ, ਦੂਜੀ ਲੱਤ ਨਾਲ਼ ਵੀ ਅਜਿਹਾ ਹੀ ਕੀਤਾ, ਆਪਣੀ ਟੋਪੀ ਇੱਕ ਨੁੱਕਰੇ ਦੇ ਮਾਰੀ ਅਤੇ ਆਪਣੇ ਲੰਮੇ ਪੈਰਾਂ ਉੱਤੇ ਝੂਮਦਾ ਹੋਇਆ ਕਮਰੇ ਦੇ ਦੂਜੇ ਪਾਸੇ ਚਲਾ ਗਿਆ। ਉਹਨੇ ਇੱਕ ਕੁਰਸੀ ਵੱਲ ਧਿਆਨ ਨਾਲ਼ ਵੇਖਿਆ, ਜਿਵੇਂ ਆਪਣੇ ਆਪ ਨੂੰ ਯਕੀਨ ਕਰਵਾ ਰਿਹਾ ਹੋਵੇ ਕਿ ਇਹ ਉਹਦਾ ਭਾਰ ਸਹਾਰ ਲਵੇਗੀ, ਫਿਰ ਬਹਿ ਗਿਆ ਅਤੇ ਆਪਣਾ ਮੂੰਹ ਹੱਥ ਨਾਲ਼ ਕੱਜ ਕੇ ਉਬਾਸੀ ਲਈ। ਉਹਦਾ ਸਿਰ ਐਨ ਗੋਲ਼ ਸ਼ਕਲ ਦਾ ਸੀ, ਜਿਸ ਉੱਤੇ ਨਿੱਕੇ ਨਿੱਕੇ ਕੁਤਰੇ ਹੋਏ ਵਾਲ ਸਨ। ਮੁੱਛਾਂ ਤੋਂ ਸਿਵਾ, ਜਿਨ੍ਹਾਂ ਦੇ ਸਿਰੇ ਹੇਠਾਂ ਲਮਕ ਰਹੇ ਸਨ, ਉਹਦਾ ਮੂੰਹ ਸਫ਼ਾਚਟ ਸੀ। ਉਹਨੇ ਆਪਣੀਆਂ ਵੱਡੀਆਂ, ਉੱਭਰੀਆਂ ਭੂਰੀਆਂ ਅੱਖਾਂ ਨਾਲ਼ ਕਮਰੇ ਨੂੰ ਘੋਖਿਆ।

“ਇਹ ਕੁੱਲੀ ਤੁਹਾਡੀ ਆਪਣੀ ਏ ਜਾਂ ਕਿਰਾਏ ’ਤੇ ਲਈ ਏ ?” ਉਹਨੇ ਆਪਣੀਆਂ ਲੱਤਾਂ ਵਲ ਕੇ ਅਤੇ ਕੁਰਸੀ ਉੱਤੇ ਅੱਗੇ ਪਿੱਛੇ ਝੂਲਦੇ ਹੋਏ ਪੁੱਛਿਆ।

“ਅਸਾਂ ਕਿਰਾਏ ’ਤੇ ਲਈ ਏ,’” ਮਾਂ ਨੇ ਜਵਾਬ ਦਿੱਤਾ, ਜਿਹੜੀ ਉਹਦੇ ਸਾਹਮਣੇ ਬੈਠੀ

ਸੀ।

"ਕੋਈ ਬਹੁਤ ਚੰਗੀ ਥਾਂ ਤਾਂ ਨਹੀਂ," ਉਹਨੇ ਟਿੱਪਣੀ ਕੀਤੀ।

"ਪਾਸ਼ਾ ਆਉਂਦਾ ਹੀ ਹੋਣੈ, ਤੂੰ ਜ਼ਰਾ ਉਡੀਕ।"

"ਇਹੋ ਤਾਂ ਮੈਂ ਕਰ ਰਿਹਾਂ," ਵੱਡੇ ਮਨੁੱਖ ਨੇ ਠਰ੍ਹੰਮੇ ਨਾਲ਼ ਉੱਤਰ ਦਿੱਤਾ।

ਉਹਦੇ ਠਰ੍ਹੰਮੇ ਅਤੇ ਉਹਦੀ ਨਰਮ ਅਵਾਜ਼ ਅਤੇ ਸਾਦੇ ਮੂੰਹ ਨੇ ਮਾਂ ਨੂੰ ਤਸੱਲੀ ਦਿਵਾਈ। ਉਹਦੀ ਦਿੱਖ ਖਰੀ ਅਤੇ ਮਿੱਤਰਾਂ ਵਾਲ਼ੀ ਸੀ ਅਤੇ ਉਹਦੀਆਂ ਨਿਰਮਲ ਅੱਖਾਂ ਦੀਆਂ ਡੂੰਘਾਈਆਂ ਵਿੱਚ ਖੇੜੇ ਦੀਆਂ ਚੰਗਿਆੜੀਆਂ ਨੱਚ ਰਹੀਆਂ ਸਨ। ਉਹਦੀ ਸਾਰੀ ਦੇਹ ਵਿੱਚ, ਜਿਹੜੀ ਇੰਨੀ ਨੁਕੀਲੀ, ਢਿੱਲੀ ਢਾਲੀ ਅਤੇ ਲੰਮੀਆਂ ਲੱਤਾਂ ਵਾਲ਼ੀ ਸੀ, ਕੁਝ ਜਿੱਤ ਲੈਣ ਵਾਲ਼ਾ ਸੀ। ਉਹਨੇ ਨੀਲ਼ੀ ਕੁੜਤੀ ਅਤੇ ਆਪਣੇ ਬੂਟਾਂ ਦੇ ਉਪਰਲੇ ਹਿੱਸੇ ਵਿੱਚ ਤੁੰਨੀ ਹੋਈ ਚੌੜੀ ਕਾਲ਼ੀ ਪਤਲੂਨ ਪਹਿਨੀ ਹੋਈ ਸੀ। ਉਹ ਉਸ ਤੋਂ ਪੁੱਛਣਾ ਚਾਹੁੰਦੀ ਸੀ ਕਿ ਉਹ ਕੌਣ ਹੈ ਅਤੇ ਕਿੱਥੋਂ ਆਇਆ ਹੈ ਅਤੇ ਕੀ ਉਹ ਉਹਦੇ ਪੁੱਤਰ ਨੂੰ ਲੰਮੇ ਸਮੇਂ ਤੋਂ ਜਾਣਦਾ ਹੈ ? ਪਰ ਅਚਣਚੇਤ ਉਹ ਅੱਗੇ ਵੱਲ ਝੁਕਿਆ ਅਤੇ ਪਹਿਲਾ ਆਪ ਹੀ ਬੋਲ ਪਿਆ।

"ਤੈਨੂੰ ਮੱਥੇ ਉੱਤੇ ਅਜਿਹੀ ਸੱਟ ਕਿਸ ਨੇ ਲਾਈ ਸੀ, **ਨੈਨਕੋ*** ?" ਉਹਨੇ ਪੁੱਛਿਆ।

ਉਹਦੀ ਅਵਾਜ਼ ਨਰਮ ਸੀ ਅਤੇ ਉਹਦੀਆਂ ਅੱਖਾਂ ਮੁਸਕਰਾ ਰਹੀਆਂ ਸਨ, ਪਰ ਉਹ ਉਹਦੇ ਸਵਾਲ 'ਤੇ ਨਾਰਾਜ਼ ਹੋ ਗਈ ਸੀ।

"ਗੱਭਰੂਆ ! ਤੈਨੂੰ ਇਹਦੇ ਨਾਲ਼ ਕੀ ?" ਉਹਨੇ ਮੀਟੇ ਹੋਂਠਾਂ ਵਿੱਚੋਂ ਠੰਢੀ ਸੁਲੱਗਤਾ ਨਾਲ਼ ਕਿਹਾ।

"ਗੁੱਸੇ ਨਾ ਹੋ," ਉਹਨੇ ਆਪਣੀ ਸਾਰੀ ਦੇਹ ਉਹਦੇ ਵੱਲ ਉਲਾਰਦੇ ਹੋਏ ਕਿਹਾ। "ਮੈਂ ਤਾਂ ਬਸ ਇਸ ਕਰਕੇ ਪੁੱਛਿਐ ਕਿ ਮੇਰੀ ਦੁੱਧ-ਮਾਂ ਦੇ ਵੀ ਤੇਰੇ ਜਿਹਾ ਹੀ ਨਿਸ਼ਾਨ ਸੀ। ਇਹ ਉਸ ਬੰਦੇ ਨੇ ਲਾਇਆ ਸੀ ਜਿਸਦੇ ਨਾਲ਼ ਉਹ ਰਹਿੰਦੀ ਸੀ। ਮੋਚੀ ਸੀ ਉਹ। ਉਹਨੇ ਉਹਨੂੰ ਕਲਬੂਤ ਨਾਲ਼ ਕੁੱਟਿਆ ਸੀ। ਉਹ ਧੋਬਣ ਸੀ ਅਤੇ ਉਹ ਮੋਚੀ। ਪਤਾ ਨਹੀਂ ਬਦਕਿਸਮਤੀ ਨਾਲ਼ ਮੇਰੀ ਮਾਂ ਨੂੰ ਉਹ ਕਿੱਥੋਂ ਲੱਭ ਪਿਆ, ਪੱਕਾ ਪਿਅਕੜ ਸੀ ਉਹ। ਇਹ ਕੰਮ ਉਹਨੇ ਮੈਨੂੰ ਗੋਦ ਲੈਣ ਪਿੱਛੋਂ ਕੀਤਾ। ਉਹ ਉਹਨੂੰ ਕੁੱਟਦਾ ਹੁੰਦਾ ਸੀ। ਡਰ ਦੇ ਮਾਰੇ ਮੇਰੀਆਂ ਅੱਖਾਂ ਉੱਬਲ ਪੈਂਦੀਆਂ !"

ਮਾਂ ਉਹਦੇ ਇਸ ਤਰਾਂ ਆਪਣੇ ਭੇਤ ਸਾਂਝੇ ਕਰਨ 'ਤੇ ਘਾਬਰ ਗਈ ਅਤੇ ਡਰਨ ਲੱਗ ਪਈ ਕਿ ਇਸ ਸਿੱਧੜ ਨਾਲ਼ ਇਉਂ ਤਿੱਖੀ ਗੱਲ ਕਰਨ ਕਾਰਨ ਪਾਵੇਲ ਉਹਦੇ ਨਾਲ਼ ਗੁੱਸੇ ਹੋਵੇਗਾ।

"ਮੈਂ ਗੁੱਸੇ ਤਾਂ ਉੱਕਾ ਹੀ ਨਹੀਂ ਸਾਂ," ਉਹਨੇ ਦੋਸ਼ੀ ਮੁਸਕਾਨ ਨਾਲ਼ ਕਿਹਾ। "ਪਰ ਤੂੰ ਇੰਨਾ ਅਚਾਨਕ ਪੁੱਛ ਲਿਆ।... ਮੇਰੇ ਵੀ ਮਰਦ ਨੇ ਹੀ ਕੀਤਾ ਸੀ, ਰੱਬ ਉਹਨੂੰ ਜਨਤ ਨਸੀਬ ਕਰੇ। ਤੂੰ ਤਾਤਾਰ ਏ ?**"

ਉਸ ਬੰਦੇ ਨੇ ਆਪਣੀਆਂ ਲੱਤਾਂ ਜ਼ੋਰ ਨਾਲ਼ ਇੱਕ ਦਮ ਹਿਲਾਈਆਂ ਅਤੇ ਇੰਨਾ ਖੁੱਲ੍ਹ

---

* **ਨੈਨਕੋ** — ਯੂਕਰੇਨ ਵਿੱਚ "ਮਾਂ" ਲਈ ਵਰਤਿਆ ਜਾਂਦਾ ਪਿਆਰ ਦਾ ਸ਼ਬਦ। — **ਅਨੁ:**

** ਪੁਰਾਣੇ ਕੱਪੜੇ ਖ਼ਰੀਦਣ ਵਾਲ਼ਿਆਂ ਨੂੰ ਆਮ ਤੌਰ 'ਤੇ ਤਾਤਾਰ ਕਿਹਾ ਜਾਂਦਾ ਸੀ। — **ਅਨੁ:**

ਕੇ ਮੁਸਕਰਾਇਆ ਕਿ ਉਹਦੇ ਕੰਨ ਹਿੱਲ ਗਏ। ਫਿਰ ਉਹਨੇ ਮੂੰਹ ਗੰਭੀਰ ਬਣਾਕੇ ਕਿਹਾ, "ਨਹੀਂ, ਅਜੇ ਨਹੀਂ।"

"ਤੇਰੀ ਬੋਲੀ ਰੂਸੀ ਨਹੀਂ ਜਾਪਦੀ," ਮਾਂ ਨੇ ਉਹਦੇ ਨਿੱਕੇ ਜਿਹੇ ਮਖ਼ੌਲ 'ਤੇ ਹੱਸਦੇ ਹੋਏ ਗੱਲ ਸਮਝਾਈ।

"ਇਹ ਤਾਂ ਰੂਸੀ ਤੋਂ ਵੀ ਚੰਗੀ ਏ," ਮਹਿਮਾਨ ਨੇ ਖੇੜੇ ਨਾਲ਼ ਕਿਹਾ। "ਮੈਂ ਕਾਨੇਵ ਦਾ **ਖੋਖੋਲ*** ਹਾਂ।"

"ਇੱਥੇ ਚਿਰ ਤੋਂ ਏ ?"

"ਸ਼ਹਿਰ ਵਿੱਚ ਸਾਲ ਕੁ ਰਿਹਾਂ, ਪਰ ਕਾਰਖ਼ਾਨੇ ਵਿੱਚ ਆਇਆਂ ਮਹੀਨਾ ਕੁ ਹੋਇਐ। ਇੱਥੇ ਕਈ ਚੰਗੇ ਲੋਕ ਨੇ–ਤੇਰਾ ਪੁੱਤਰ ਤੇ ਕੁਝ ਹੋਰ। ਸੋ, ਮੇਰਾ ਖਿਆਲ ਏ, ਮੈਂ ਇੱਥੇ ਹੀ ਟਿਕ ਜਾਵਾਂਗਾ," ਉਹਨੇ ਆਪਣੀ ਮੁੱਛ ਖਿਚਦੇ ਹੋਏ ਕਿਹਾ।

ਉਹ ਉਹਨੂੰ ਚੰਗਾ ਲੱਗਾ ਅਤੇ ਉਹਦਾ ਜੀਅ ਕੀਤਾ ਕਿ ਉਹਨੇ ਉਹਦੇ ਪੁੱਤਰ ਬਾਰੇ ਜਿਹੜੀ ਚੰਗੀ ਗੱਲ ਕਹੀ ਹੈ ਉਹਦੇ ਬਦਲੇ ਕੁਝ ਦੇਵੇ।

"ਚਾਹ ਦਾ ਗਲਾਸ ਪੀਵੇਂਗਾ ?" ਮਾਂ ਨੇ ਕਿਹਾ।

"ਇਕੱਲੇ ਹੀ ?" ਉਹਨੇ ਮੋਢੇ ਸੰਗੋੜ ਕੇ ਜਵਾਬ ਦਿੱਤਾ। "ਬਾਕੀ ਵੀ ਆ ਲੈਣ, ਫਿਰ ਤੂੰ ਸਾਨੂੰ ਖੁਆ ਪਿਆ ਲਈਂ।"...

ਉਹਦੀ ਗੱਲ ਨੇ ਉਹਨੂੰ ਆਪਣੇ ਤੌਖਲੇ ਯਾਦ ਕਰਵਾ ਦਿੱਤੇ।

"ਜੇ ਬਾਕੀ ਸਾਰੇ ਵੀ ਇਹਦੇ ਜਿਹੇ ਹੀ ਹੋਣ !" ਉਹਨੇ ਨਿੱਘ ਨਾਲ਼ ਸੋਚਿਆ।

ਇੱਕ ਵਾਰ ਫਿਰ ਉਹਨੇ ਡਿਉਢੀ ਵਿੱਚ ਪੈਰਾਂ ਦੀ ਅਵਾਜ਼ ਸੁਣੀ। ਦਰਵਾਜ਼ਾ ਚੁਪਾਟ ਖੁੱਲ੍ਹਿਆ ਅਤੇ ਮਾਂ ਫਿਰ ਖੜੀ ਹੋ ਗਈ। ਪਰ ਉਹ ਇਹ ਵੇਖ ਕੇ ਹੈਰਾਨ ਰਹਿ ਗਈ ਕਿ ਇੱਕ ਕੁੜੀ ਰਸੋਈ ਵਿੱਚ ਆਈ। ਉਹ ਕੁਝ ਨਿੱਕੀ ਜਿਹੀ ਸੀ ਅਤੇ ਉਹਦਾ ਕਿਸਾਨਾਂ ਜਿਹਾ ਸਾਦਾ ਮੂੰਹ ਸੀ ਅਤੇ ਉਹਦੇ ਆਪਣੇ ਕੱਕੇ ਵਾਲ ਇੱਕੋ ਗੁੱਤ ਵਿੱਚ ਗੁੰਦੇ ਹੋਏ ਸਨ।

"ਮੈਨੂੰ ਦੇਰ ਤਾਂ ਨਹੀਂ ਹੋ ਗਈ ?" ਕੁੜੀ ਨੇ ਨਿੰਮ੍ਹੀ ਅਵਾਜ਼ ਵਿੱਚ ਪੁੱਛਿਆ।

"ਨਹੀਂ," **ਖੋਖੋਲ** ਨੇ ਦਰਵਾਜ਼ੇ ਵਿੱਚੋਂ ਝਾਕਦੇ ਹੋਏ ਜਵਾਬ ਦਿੱਤਾ।

"ਪੈਦਲ ਆਈ ਏਂ ?"

"ਹੋਰ ਕੀ। ਤੂੰ ਪਾਵੇਲ ਮਿਖਾਈਲੋਵਿੱਚ ਦੀ ਮਾਂ ਏ ? ਮੇਰਾ ਨਾਂ ਨਤਾਸ਼ਾ ਏ।"...

"ਤੇ ਤੇਰਾ ਪਿਤਰੀ ਨਾਂ ?" ਮਾਂ ਨੇ ਪੁੱਛਿਆ।

"ਵਾਸੀਲਿਯੇਵਨਾ। ਤੇ ਤੇਰਾ ?"

"ਨਿਲੋਵਨਾ। ਪੇਲਾਗੀਆ ਨਿਲੋਵਨਾ।"

"ਸੋ, ਹੁਣ ਅਸੀਂ ਇੱਕ ਦੂਜੇ ਦੇ ਵਾਕਫ ਹੋ ਗਏ ਹਾਂ।"...

"ਹਾਂ", ਮਾਂ ਨੇ ਕੁੜੀ ਵੱਲ ਵੇਖ ਕੇ ਮੁਸਕਰਾਉਂਦੇ ਹੋਏ ਸਾਹ ਵਿੱਚ ਨਿੱਕਾ ਜਿਹਾ ਝਟਕਾ ਲੈਂਦੇ ਹੋਏ ਕਿਹਾ।

---

* **ਖੋਖੋਲ** — ਯੂਕਰੇਨੀਆਂ ਲਈ ਰੂਸੀਆਂ ਵੱਲੋਂ ਪਾਈ ਅੱਲ। — **ਅਨੁ:**

"ਠੰਢ ਏ ?" ਕੋਟ ਲਾਹੁਣ ਵਿੱਚ ਕੁੜੀ ਦਾ ਹੱਥ ਵਟਾਉਂਦੇ ਹੋਏ **ਖੋਖੋਲ** ਨੇ ਕਿਹਾ।

"ਬਹੁਤ ਹੀ। ਖੇਤਾਂ ਵਿੱਚ ਕਿਹੀ ਹਵਾ ਵਗ ਰਹੀ ਏ!"

ਉਹਦੀ ਅਵਾਜ਼ ਭਰਪੂਰ ਅਤੇ ਸਾਫ਼ ਸੀ, ਉਹਦਾ ਮੂੰਹ ਨਿੱਕਾ ਸੀ, ਬੁੱਲ੍ਹ ਭਰਵੇਂ ਸਨ ਅਤੇ ਕੁੱਲ ਮਿਲਾਕੇ ਉਹਦੀ ਦੇਹ ਕਿਸੇ ਆੜੂ ਵਾਂਗ ਗੋਲ਼ ਅਤੇ ਨਰੋਈ ਸੀ। ਕੋਟ ਲਾਹ ਕੇ ਉਹਨੇ ਆਪਣੇ ਨਿੱਕੇ, ਠੰਢ ਕਾਰਨ ਸੁੱਜੇ ਹੱਥਾਂ ਨਾਲ਼ ਆਪਣੀਆਂ ਗੁਲਾਬੀ ਗੱਲ੍ਹਾਂ ਨੂੰ ਮਲਿਆ, ਅਤੇ ਕਾਹਲੀ ਕਾਹਲੀ ਦੂਜੇ ਕਮਰੇ ਵਿੱਚ ਚਲੀ ਗਈ, ਉਹਦੀਆਂ ਅੱਡੀਆਂ ਫਰਸ਼ ਉੱਤੇ ਤਿੱਖੀ ਖੜ ਖੜ ਕਰ ਰਹੀਆਂ ਸਨ।

"ਇਹਨੇ ਤਾਂ ਗਾਲੋਸ਼ੇ ਵੀ ਨਹੀਂ ਪਾਏ ਹੋਏ," ਮਾਂ ਨੇ ਦਿਲ ਹੀ ਦਿਲ ਵਿੱਚ ਕਿਹਾ।

"ਫਰ-ਰ-ਰ," ਕੁੜੀ ਨੇ ਕੰਬਦੇ ਹੋਏ ਕਿਹਾ। "ਮੈਂ ਤਾਂ ਠੰਢ ਨਾਲ਼ ਯਖ਼ ਹੋ ਗਈ ਆਂ।"...

"ਲੈ, ਮੈਂ ਹੁਣੇ ਸਾਮਾਵਰ ਗਰਮ ਕਰਦੀ ਵਾਂ," ਮਾਂ ਨੇ ਕਾਹਲੀ ਕਾਹਲੀ ਰਸੋਈ ਵੱਲ ਜਾਂਦੇ ਹੋਏ ਕਿਹਾ। "ਬਸ ਇੱਕ ਮਿੰਟ।"...

ਉਹਨੂੰ ਜਾਪਿਆ ਕਿ ਉਹ ਇਸ ਕੁੜੀ ਦੀ ਚਿਰਾਂ ਤੋਂ ਵਾਕਫ਼ ਸੀ ਅਤੇ ਉਹਨੂੰ ਉਹਦੇ ਉੱਤੇ ਮਾਵਾਂ ਵਾਲ਼ਾ ਸੋਹਣਾ ਅਤੇ ਹਮਦਰਦੀ ਵਾਲ਼ਾ ਪਿਆਰ ਆ ਗਿਆ। ਨਾਲ਼ ਦੇ ਕਮਰੇ ਵਿੱਚ ਹੋ ਰਹੀਆਂ ਗੱਲਾਂ ਸੁਣਦੇ ਸੁਣਦੇ ਉਹਦੇ ਬੁੱਲ੍ਹਾਂ ਉੱਤੇ ਇੱਕ ਮੁਸਕਾਨ ਖੇਡਣ ਲੱਗ ਪਈ।

"ਤੂੰ ਕਾਹਦੇ ਤੋਂ ਝੁਰ ਰਿਹੈਂ, ਨਾਖੋਦਕਾ ?" ਕੁੜੀ ਨੇ ਪੁੱਛਿਆ।

"ਕੋਈ ਖਾਸ ਗੱਲ ਨਹੀਂ," **ਖੋਖੋਲ** ਨੇ ਸ਼ਾਂਤੀ ਨਾਲ਼ ਜਵਾਬ ਦਿੱਤਾ। "ਇਸ ਵਿਧਵਾ ਦੀਆਂ ਅੱਖਾਂ ਸੋਹਣੀਆਂ ਨੇ ਤੇ ਮੈਂ ਸੋਚ ਰਿਹਾ ਸਾਂ ਕਿ ਸ਼ੈਦ ਮੇਰੀ ਮਾਂ ਦੀਆਂ ਵੀ ਅਜਿਹੀਆਂ ਹੀ ਸਨ। ਮੈਂ ਅਕਸਰ ਆਪਣੀ ਮਾਂ ਨੂੰ ਯਾਦ ਕਰਦਾਂ, ਮੇਰਾ ਖ਼ਿਆਲ ਏ ਉਹ ਜਿਊਂਦੀ ਏ।"

"ਪਰ ਤੂੰ ਤਾਂ ਕਿਹਾ ਸੀ ਉਹ ਮਰ ਗਈ ਏ ?"

"ਉਹ ਮੇਰੀ ਦੁੱਧ-ਮਾਂ ਸੀ। ਮੈਂ ਆਪਣੀ ਸਕੀ ਮਾਂ ਦੀ ਗੱਲ ਕਰ ਰਿਹਾਂ। ਸ਼ੈਦ ਉਹ ਕੀਵ ਦੀਆਂ ਸੜਕਾਂ ਉੱਤੇ ਕਿੱਧਰੇ ਭਿੱਖਿਆ ਮੰਗਦੀ ਫਿਰਦੀ ਹੋਵੇਗੀ। ਅਤੇ ਵੋਦਕਾ ਪੀਂਦੀ। ਤੇ ਜਦੋਂ ਕਦੀ ਉਹ ਸ਼ਰਾਬੀ ਹੋ ਜਾਂਦੀ ਹੋਵੇਗੀ ਤਾਂ ਪੁਲਸੀਏ ਉਹਦੇ ਮੂੰਹ 'ਤੇ ਥੱਪੜ ਮਾਰਦੇ ਹੋਣਗੇ।..."

"ਵਿਚਾਰਾ ਮੁੰਡਾ," ਮਾਂ ਨੇ ਹਉਕਾ ਭਰਕੇ ਕਿਹਾ।

ਨਤਾਸ਼ਾ ਨੇ ਕੋਈ ਤਿੱਖੀ, ਨਰਮ ਅਤੇ ਜੁਸ਼ੀਲੀ ਗੱਲ ਕਹੀ। ਇੱਕ ਵਾਰ ਫਿਰ **ਖੋਖੋਲ** ਦੀ ਅਵਾਜ਼ ਗੂੰਜੀ।

"ਤੂੰ ਅਜੇ ਬਾਲੜੀ ਏਂ — ਅਜੇ ਤਾਂ ਤੂੰ ਲੱਪ ਕੁ ਹੀ ਲੂਣ ਖਾਧੈ," ਉਹਨੇ ਕਿਹਾ। "ਮਨੁੱਖ ਨੂੰ ਜਨਮ ਦੇਣਾ ਔਖਾ ਏ, ਪਰ ਉਹਨੂੰ ਸਾਊ ਬਣਨਾ ਸਿਖੌਣਾ ਹੋਰ ਵੀ ਔਖੈ।"...

"ਹਾਏ ਰੱਬਾ!" ਮਾਂ ਦੇ ਮੂੰਹੋਂ ਨਿਕਲ ਗਿਆ, ਉਹਦਾ ਜੀਅ ਕਰਦਾ **ਖੋਖੋਲ** ਨੂੰ ਤਸੱਲੀ ਦੇ ਦੋ ਬੋਲ ਕਹੇ। ਪਰ ਦਰਵਾਜ਼ਾ ਹੌਲ਼ੀ ਹੌਲ਼ੀ ਖੁੱਲ੍ਹਿਆ ਅਤੇ ਨਿਕੋਲਾਈ ਵੇਸੋਵਸ਼ਚੀਕੋਵ, ਬੁੱਢੇ ਚੋਰ ਦਾਨੀਲੋ ਦਾ ਪੁੱਤਰ ਅੰਦਰ ਆਇਆ। ਨਿਕੋਲਾਈ ਸਾਰੀ ਬਸਤੀ ਵਿੱਚ ਅੜਬਪੁਣੇ ਲਈ ਮਸ਼ਹੂਰ ਸੀ। ਉਹ ਸਦਾ ਗਮਰੁਠ ਜਿਹਾ, ਵੱਖ ਵੱਖ ਰਹਿੰਦਾ ਅਤੇ ਲੋਕ ਇਸੇ ਕਾਰਨ ਉਹਨੂੰ ਛੇੜਦੇ। "ਕੀ ਗੱਲ ਏ, ਨਿਕੋਲਾਈ ?" ਮਾਂ ਨੇ ਹੈਰਾਨ ਹੋਕੇ ਪੁੱਛਿਆ।

"ਪਾਵੇਲ ਘਰੇ ਏ ?" ਆਪਣੇ ਚੌੜੇ, ਮਾਤਾ ਦੇ ਦਾਗਾਂ ਵਾਲ਼ੇ ਮੂੰਹ ਨੂੰ ਆਪਣੇ ਹੱਥ ਦੀ ਤਲੀ ਨਾਲ਼ ਪੂੰਝਦੇ ਹੋਏ ਉਹਨੇ ਸ਼ੁਭ-ਇੱਛਾ ਆਖੇ ਬਗ਼ੈਰ ਪੁੱਛਿਆ।

"ਨਹੀਂ!"

ਉਹਨੇ ਕਮਰੇ ਵਿੱਚ ਝਾਤ ਮਾਰੀ ਅਤੇ ਫਿਰ ਅੰਦਰ ਚਲਾ ਗਿਆ।

"ਸ਼ੁਭ ਸ਼ਾਮ, ਸਾਥੀਓ!" ਉਹਨੇ ਕਿਹਾ।

"ਇਹ ਵੀ ?" ਮਾਂ ਨੇ ਅਪ੍ਰਸੰਨਤਾ ਨਾਲ਼ ਸੋਚਿਆ ਅਤੇ ਉਹ ਇਹ ਵੇਖ ਕੇ ਹੈਰਾਨ ਰਹਿ ਗਈ ਕਿ ਨਤਾਸ਼ਾ ਨੇ ਉਹਦੇ ਨਾਲ਼ ਇਉਂ ਹੱਥ ਮਿਲਾਇਆ, ਜਿਵੇਂ ਉਹ ਉਹਨੂੰ ਵੇਖ ਕੇ ਖ਼ੁਸ਼ ਹੋਈ ਹੋਵੇ।

ਨਿਕੋਲਾਈ ਤੋਂ ਪਿੱਛੋਂ ਦੋ ਹੋਰ ਆਏ, ਉਹ ਦੋਵੇਂ ਬਸ ਮੁੰਡੇ ਹੀ ਸਨ। ਮਾਂ ਉਹਨਾਂ ਵਿੱਚੋਂ ਇੱਕ ਨੂੰ ਜਾਣਦੀ ਸੀ, ਤਿੱਖੇ ਨਕਸ਼ਾਂ, ਉੱਭਰਵੇਂ ਮੱਥੇ ਨਾਲ਼ ਘੁੰਗਰਿਆਲੇ ਵਾਲਾਂ ਵਾਲ਼ਾ ਫ਼ਿਓਦੋਰ, ਕਾਰਖ਼ਾਨੇ ਦੇ ਪੁਰਾਣੇ ਕਿਰਤੀ ਸਿਜ਼ੋਵ ਦਾ ਭਤੀਜਾ। ਦੂਜਾ ਸੰਗਾਊ ਸੀ, ਅਤੇ ਉਹਨੇ ਆਪਣੇ ਵਾਲ ਸਿਰ ਉੱਤੇ ਸਿੱਧੇ ਅਤੇ ਦਬਾਕੇ ਵਾਹੇ ਹੋਏ ਸਨ। ਉਹ ਉਹਨੂੰ ਜਾਣਦੀ ਨਹੀਂ ਸੀ, ਪਰ ਉਹਦੇ ਤੋਂ ਡਰਨ ਵਾਲ਼ੀ ਗੱਲ ਕੋਈ ਨਹੀਂ ਸੀ ਜਾਪਦੀ। ਅਖ਼ੀਰ ਪਾਵੇਲ ਆ ਗਿਆ, ਉਹਦੇ ਨਾਲ਼ ਕਾਰਖ਼ਾਨੇ ਦੇ ਦੋ ਕਿਰਤੀ ਸਨ, ਜਿਨ੍ਹਾਂ ਨੂੰ ਉਹ ਜਾਣਦੀ ਸੀ।

"ਸਾਮਾਵਰ ਗਰਮ ਕਰ ਰਹੀ ਏਂ ?" ਪਾਵੇਲ ਨੇ ਸਨੇਹ ਨਾਲ਼ ਕਿਹਾ। "ਕਿੰਨੀ ਚੰਗੀ ਏਂ ਤੂੰ!"

"ਮੈਂ ਜਾਕੇ ਕੁਝ ਵੋਦਕਾ ਲੈ ਆਵਾਂ ?" ਮਾਂ ਨੇ ਕਿਹਾ, ਉਹ ਸੋਚ ਰਹੀ ਸੀ ਕਿ ਕਿਸ ਅਜਿਹੀ ਗੱਲ ਲਈ, ਜਿਸਨੂੰ ਉਹ ਬਿਆਨ ਨਹੀਂ ਸੀ ਕਰ ਸਕਦੀ ਆਪਣਾ ਸ਼ੁਕਰਾਨਾ ਕਿਵੇਂ ਅਦਾ ਕਰੇ।

"ਨਹੀਂ, ਅਸੀਂ ਪੀਂਦੇ ਨਹੀਂ," ਪਾਵੇਲ ਨੇ ਪਿਆਰ-ਭਰੀ ਮੁਸਕਾਨ ਨਾਲ਼ ਜਵਾਬ ਦਿੱਤਾ।

ਉਹਨੂੰ ਵਿਚਾਰ ਅਹੁੜਿਆ ਕਿ ਉਹਦੇ ਪੁੱਤਰ ਨੇ ਇਸ ਇਕੱਠ ਦੇ ਖ਼ਤਰੇ ਬਾਰੇ ਅਤਿ-ਕਥਨੀ ਕੀਤੀ ਸੀ ਤਾਂ ਜੁ ਉਹ ਉਹਦਾ ਠੱਠਾ ਉਡਾ ਸਕੇ।

"ਇਹ ਨੇ — ਉਹ ਲੋਕ ਜਿਨ੍ਹਾਂ ਉੱਤੇ ਪਾਬੰਦੀ ਲੱਗੀ ਏ ?" ਉਹਨੇ ਦਬੀ ਜ਼ਬਾਨ ਵਿੱਚ ਪੁੱਛਿਆ।

"ਹਾਂ, ਇਹੋ ਨੇ," ਪਾਵੇਲ ਨੇ ਮਲਕੜੇ ਜਿਹੇ ਦੂਜੇ ਕਮਰੇ ਵਿੱਚ ਜਾਂਦੇ ਹੋਏ ਕਿਹਾ।

"ਐਵੇਂ ਯਭਲਾਂ ਮਾਰਦੈਂ!" ਉਹਨੇ ਪਿਆਰ ਨਾਲ਼ ਉਹਦੇ ਪਿੱਛੇ ਕਿਹਾ ਅਤੇ ਫਿਰ ਤਰੁਠ ਕੇ ਬੋਲੀ, "ਅਜੇ ਤਾਂ ਉਹ ਇਆਣਾ ਈ ਏ।"

## 6

ਜਦੋਂ ਸਾਮਾਵਰ ਭੱਖ ਗਿਆ ਤਾਂ ਮਾਂ ਇਹਨੂੰ ਕਮਰੇ ਵਿੱਚ ਲੈ ਗਈ। ਪ੍ਰਾਹੁਣੇ ਮੇਜ਼ ਦੁਆਲੇ ਬੈਠੇ ਸਨ ਅਤੇ ਇੱਕ ਨੁੱਕਰੇ ਨਤਾਸ਼ਾ ਲੈਂਪ ਦੇ ਹੇਠਾਂ ਕਿਤਾਬ ਲੈ ਕੇ ਬੈਠੀ ਸੀ।

"ਇਹ ਜਾਣਨ ਲਈ ਕਿ ਲੋਕਾਂ ਦਾ ਜੀਵਨ ਇੰਨਾ ਕਠਨ ਕਿਉਂ ਹੈ।..." ਨਤਾਸ਼ਾ ਨੇ

ਕਿਹਾ।

"ਅਤੇ ਉਹ ਆਪ ਇੰਨੇ ਕਠੋਰ ਕਿਉਂ ਨੇ।..." **ਖੋਖੋਲ** ਨੇ ਵਾਧਾ ਕੀਤਾ।

"...ਇਹ ਲਾਜ਼ਮੀ ਹੈ ਕਿ ਅਸੀਂ ਉਹਨਾਂ ਦੇ ਸਮਾਜੀ ਮੁੱਢ ਨੂੰ ਵੇਖੀਏ।"...

"ਤਾਂ ਫਿਰ ਵੇਖੋ, ਮੇਰੇ ਬੱਚਿਓ, ਜ਼ਰੂਰ ਵੇਖੋ!..." ਚਾਹ ਬਣਾਉਂਦੇ ਹੋਏ ਮਾਂ ਨੇ ਕਿਹਾ।

ਸਾਰੇ ਚੁੱਪ ਕਰ ਗਏ।

"ਕੀ ਗੱਲ ਏ ਮਾਂ," ਪਾਵੇਲ ਨੇ ਘੂਰੀ ਵੱਟ ਕੇ ਕਿਹਾ।

"ਗੱਲ?" ਮਾਂ ਨੇ ਸਿਰ ਚੁੱਕਿਆ ਅਤੇ ਵੇਖਿਆ ਕਿ ਸਭੇ ਉਹਦੇ ਵੱਲ ਵੇਖ ਰਹੇ ਸਨ। "ਉਹ, ਮੈਂ ਤਾਂ ਆਪਣੇ ਆਪ ਨਾਲ਼ ਗੱਲ ਕਰ ਰਹੀ ਸਾਂ," ਉਹਨੇ ਘਬਰਾ ਕੇ ਕਿਹਾ। "ਮੈਂ ਹੈਰਾਨ ਹੋ ਰਹੀ ਸਾਂ ਕਿ ਜੇ ਤੁਸੀਂ ਵੇਖਣਾ ਚਾਹੁੰਦੇ ਹੋ ਤਾਂ ਵੇਖੋ ਕਿਉਂ ਨਾ।"

ਨਤਾਸ਼ਾ ਹੱਸ ਪਈ ਅਤੇ ਪਾਵੇਲ ਗੁੜ੍ਹਕਿਆ।

"ਚਾਹ ਲਈ ਧੰਨਵਾਦ, **ਨੈਨਕੋ**," **ਖੋਖੋਲ** ਨੇ ਕਿਹਾ।

"ਘੁੱਟ ਭਰਨ ਤੋਂ ਪਿੱਛੋਂ ਹੀ ਧੰਨਵਾਦ ਕਰੀਂ," ਉਹਨੇ ਕਿਹਾ। ਫਿਰ ਆਪਣੇ ਪੁੱਤਰ ਵੱਲ ਨਿਗਾਹ ਮਾਰਦੀ ਹੋਈ ਉਹ ਬੋਲੀ, "ਪਰ ਸ਼ੈਦ ਮੈਂ ਤੁਹਾਡੇ ਕੰਮ ਵਿੱਚ ਰੁਕਾਵਟ ਪਾ ਰਹੀ ਵਾਂ?"

"ਘਰ ਵਾਲ਼ੀ ਆਪਣੇ ਪ੍ਰਾਹੁਣਿਆਂ ਦੇ ਕੰਮ ਵਿੱਚ ਰੁਕਾਵਟ ਕਿਵੇਂ ਪਾ ਸਕਦੀ ਏ?" ਨਤਾਸ਼ਾ ਨੇ ਜਵਾਬ ਦਿੱਤਾ। "ਪਰ ਮੈਨੂੰ ਜ਼ਰਾ ਛੇਤੀ ਚਾਹ ਦਿਓ! ਮੈਂ ਤਾਂ ਕੰਬੀ ਜਾਂਦੀ ਆਂ ਤੇ ਮੇਰੇ ਪੈਰ ਤਾਂ ਯਖ਼ ਹੋਏ ਪਏ ਨੇ।" ਉਹਦੀ ਅਵਾਜ਼ ਵਿੱਚ ਕਿਸੇ ਬੱਚੇ ਜਿਹਾ ਤਰਲਾ ਸੀ।

"ਹੁਣੇ ਲਓ, ਹੁਣੇ ਲਓ," ਮਾਂ ਨੇ ਕਾਹਲੀ ਕਾਹਲੀ ਕਿਹਾ।

ਜਦੋਂ ਨਤਾਸ਼ਾ ਨੇ ਚਾਹ ਪੀ ਲਈ ਤਾਂ ਉਹਨੇ ਇੱਕ ਉੱਚਾ ਹਉਕਾ ਭਰਿਆ, ਗੁੱਤ ਮੋਢੇ ਉੱਤੇ ਸੁੱਟ ਲਈ ਅਤੇ ਪੀਲ਼ੀ ਜਿਲਦ ਵਾਲ਼ੀ ਸਚਿੱਤਰ ਕਿਤਾਬ ਵਿੱਚੋਂ ਪੜ੍ਹਨ ਲੱਗ ਪਈ। ਮਾਂ ਨੇ ਚਾਹ ਪਾਉਂਦੇ ਅਤੇ ਕੁੜੀ ਦੇ ਸਪਾਟ ਬੋਲ ਸੁਣਦੇ ਹੋਏ ਇਹ ਜਤਨ ਕੀਤਾ ਕਿ ਇਹ ਸ਼ੋਰ ਨਾ ਕਰੇ। ਕੁੜੀ ਦੀ ਗੂੰਜਦੀ ਅਵਾਜ਼ ਸਾਮਾਵਰ ਦੀ ਇਕਾਗਰ ਗੁੜ-ਗੁੜ ਨਾਲ਼ ਮਿਲ ਗਈ, ਜਦੋਂ ਕਹਾਣੀਆਂ ਦੀ ਇੱਕ ਪੂਰੀ ਲੜੀ ਖੁੱਲ੍ਹਦੀ ਗਈ, ਸਾਰੀਆਂ ਉਹਨਾਂ ਜੰਗਲੀ ਲੋਕਾਂ ਬਾਰੇ ਜਿਹੜੇ ਇੱਕ ਸਮੇਂ ਖੋਹਾਂ ਵਿੱਚ ਰਹਿੰਦੇ ਅਤੇ ਪੱਥਰਾਂ ਨਾਲ਼ ਸ਼ਿਕਾਰ ਕਰਦੇ ਸਨ। ਇਹ ਪਰੀ-ਕਹਾਣੀਆਂ ਜਿਹੀਆਂ ਜਾਪਦੀਆਂ ਸਨ, ਅਤੇ ਮਾਂ ਆਪਣੇ ਪੁੱਤਰ ਵੱਲ ਵੇਖਦੀ ਰਹੀ, ਉਹ ਉਸ ਤੋਂ ਪੁੱਛਣਾ ਚਾਹੁੰਦੀ ਸੀ ਕਿ ਅਜਿਹੀਆਂ ਕਹਾਣੀਆਂ 'ਤੇ ਪਾਬੰਦੀ ਕਿਉਂ ਹੋਵੇ। ਪਰ ਛੇਤੀ ਉਹ ਪਾਠ ਸੁਣਦੀ ਅੱਕ ਗਈ ਅਤੇ ਉਹਨੇ ਚੋਰੀ ਚੋਰੀ ਆਪਣੇ ਪ੍ਰਾਹੁਣਿਆਂ ਨੂੰ ਘੋਖਣਾ ਸ਼ੁਰੂ ਕਰ ਦਿੱਤਾ, ਤਾਂ ਜੁ ਉਹਨਾਂ ਨੂੰ ਅਤੇ ਉਹਦੇ ਪੁੱਤਰ ਨੂੰ ਪਤਾ ਨਾ ਲੱਗੇ।

ਪਾਵੇਲ ਨਤਾਸ਼ਾ ਦੇ ਕੋਲ਼ ਬੈਠਾ ਸੀ ਅਤੇ ਉਹ ਉਹਨਾਂ ਸਭਨਾਂ ਤੋਂ ਸੋਹਣਾ ਸੀ। ਕਿਤਾਬ ਉੱਤੇ ਝੁਕੀ ਨਤਾਸ਼ਾ ਉਹਨਾਂ ਵਾਲਾਂ ਨੂੰ ਪਿੱਛੇ ਕਰਦੀ ਰਹਿੰਦੀ ਜਿਹੜੇ ਉਹਦੀਆਂ ਪੁੜਪੁੜੀਆਂ ਉੱਤੇ ਆ ਡਿੱਗਦੇ। ਆਪਣੇ ਸਿਰ ਨੂੰ ਝਟਕਾ ਦੇਕੇ ਅਤੇ ਆਪਣੀ ਅਵਾਜ਼ ਕੁਝ ਹੌਲ਼ੀ ਕਰਕੇ ਕਿਤਾਬ ਵੱਲ ਵੇਖੇ ਬਿਨਾਂ ਅਤੇ ਆਪਣੇ ਦੁਆਲੇ ਬੈਠਿਆਂ ਦੇ ਮੂੰਹਾਂ ਵੱਲ ਸਨੇਹ ਨਾਲ਼ ਵੇਖਦੇ ਹੋਏ ਉਹ ਆਪਣੇ ਵੱਲੋਂ ਗੱਲ ਕਰਦੀ। **ਖੋਖੋਲ** ਮੇਜ਼ ਦੇ ਇੱਕ ਪਾਸੇ ਪਸਰਿਆ ਹੋਇਆ ਸੀ ਅਤੇ

ਜਿਹੜੀ ਮੁੱਛ ਦੀ ਨੁੱਕਰ ਉਹ ਖਿੱਚ ਰਿਹਾ ਸੀ ਉਹਨੂੰ ਵੇਖਣ ਲਈ ਉਹ ਨੱਕ ਉੱਤੋਂ ਟੇਢੀ ਅੱਖ ਨਾਲ਼ ਝਾਕਦਾ। ਵੇਸੋਵਸ਼ਚੀਕੋਵ ਆਪਣੀ ਕੁਰਸੀ ਵਿੱਚ ਡਾਂਗ ਵਾਂਗ ਆਕੜ ਕੇ ਬੈਠਾ ਸੀ, ਉਹਦੀਆਂ ਹੱਥਾਂ ਦੀਆਂ ਤਲੀਆਂ ਗੋਡਿਆਂ ਨੂੰ ਦਬਾ ਰਹੀਆਂ ਸਨ ਅਤੇ ਉਹਦਾ ਮਾਤਾ ਦੇ ਦਾਗ਼ਾਂ ਵਾਲ਼ਾ, ਭਰਵੱਟਿਆਂ ਤੋਂ ਬਿਨ੍ਹਾਂ, ਪਤਲੇ ਹੋਂਠਾਂ ਵਾਲ਼ਾ ਮੂੰਹ ਕਿਸੇ ਮੁਖੌਟੇ ਵਾਂਗ ਜਜ਼ਬਿਆਂ ਤੋਂ ਖ਼ਾਲੀ ਸੀ। ਉਹਨੇ ਆਪਣੀਆਂ ਨਿੱਕੀਆਂ ਨਿੱਕੀਆਂ, ਅਣਝਮਕਦੀਆਂ ਅੱਖਾਂ ਪਿੱਤਲ ਦੇ ਲਿਸ਼ਕਦੇ ਸਾਮਾਵਰ ਵਿੱਚ ਦਿੱਸਦੇ ਆਪਣੇ ਮੂੰਹ ਦੇ ਬਿੰਬ ਉੱਤੇ ਜੜੀਆਂ ਹੋਈਆਂ ਸਨ ਅਤੇ ਇਉਂ ਜਾਪਦਾ ਸੀ ਜਿਵੇਂ ਉਹ ਸਾਹ ਲੈ ਹੀ ਨਹੀਂ ਰਿਹਾ। ਨਿੱਕਾ ਫ਼ਿਓਦੋਰ ਪਾਠ ਸੁਣਦਾ ਹੋਇਆ ਆਪਣੇ ਹੋਂਠ ਅਵਾਜ਼ ਕੀਤੇ ਬਿਨਾਂ ਹਿਲਾਈ ਜਾਂਦਾ ਜਿਵੇਂ ਆਪਣੇ ਆਪ ਕਿਤਾਬ ਦੇ ਸ਼ਬਦ ਦੁਹਰਾ ਰਿਹਾ ਹੋਵੇ, ਜਿੱਥੋਂ ਕਿ ਉਹਦਾ ਸਾਥੀ ਪੂਰੀ ਤਰ੍ਹਾਂ ਝੁਕਿਆ ਹੋਇਆ ਬੈਠਾ ਸੀ, ਉਹਦੀਆਂ ਅਰਕਾਂ ਗੋਡਿਆਂ ਉੱਤੇ ਟਿਕੀਆਂ ਹੋਈਆਂ ਸਨ, ਉਹਦਾ ਮੂੰਹ ਉਹਦੀਆਂ ਤਲੀਆਂ ਵਿਚਕਾਰ ਸੀ ਅਤੇ ਉਹਦੇ ਹੋਂਠਾਂ ਉੱਤੇ ਇੱਕ ਸੋਚਵਾਨ ਮੁਸਕਾਨ ਖੇਡ ਰਹੀ ਸੀ। ਪਾਵੇਲ ਨਾਲ਼ ਆਏ ਦੋ ਜਣਿਆਂ ਵਿੱਚੋਂ ਇੱਕ ਦੇ ਵਾਲ ਘੁੰਗਰਿਆਲੇ ਅਤੇ ਲਾਲ ਸਨ ਅਤੇ ਉਹਦੀਆਂ ਹਸੂੰ ਹਸੂੰ ਕਰਦੀਆਂ ਬਿੱਲੀਆਂ ਅੱਖਾਂ ਸਨ। ਉਹ ਉਸਲਵੱਟ ਖਾ ਰਿਹਾ ਸੀ ਜਿਵੇਂ ਕੁਝ ਕਹਿਣਾ ਚਾਹੁੰਦਾ ਹੋਵੇ। ਦੂਜਾ ਜਣਾ, ਕੱਕਾ ਅਤੇ ਨਿੱਕੇ ਨਿੱਕੇ ਕੱਟੇ ਵਾਲਾਂ ਵਾਲ਼ਾ ਘੜੀ ਮੁੜੀ ਆਪਣਾ ਹੱਥ ਆਪਣੇ ਸਿਰ ਉੱਤੇ ਫੇਰ ਰਿਹਾ ਸੀ ਅਤੇ ਇੱਕ-ਟੱਕ ਫ਼ਰਸ਼ ਵੱਲ ਵੇਖੀ ਜਾ ਰਿਹਾ ਸੀ; ਮਾਂ ਨੂੰ ਉਹਦਾ ਮੂੰਹ ਮਸਾਂ ਹੀ ਦਿੱਸਦਾ ਸੀ। ਕਮਰੇ ਵਿੱਚ ਅਨੋਖਾ ਜਿਹਾ ਨਿੱਘ ਸੀ। ਇਹਦੇ ਵਿੱਚ ਕੁਝ ਓਪਰਾ ਵਾਤਾਵਰਨ ਸੀ, ਅਤੇ ਜਦੋਂ ਨਤਾਸ਼ਾ ਪੜ੍ਹ ਰਹੀ ਸੀ ਤਾਂ ਮਾਂ ਨੂੰ ਆਪਣੀ ਜਵਾਨੀ ਦੇ ਦਿਨਾਂ ਦੀਆਂ ਸ਼ੋਰੀਲੀਆਂ ਪਾਰਟੀਆਂ ਯਾਦ ਆਈਆਂ, ਮੁੰਡਿਆਂ ਦੀ ਖਰ੍ਹਵੀ ਬੋਲੀ ਅਤੇ ਉਹਨਾਂ ਦੇ ਸਨਕੀ ਠੱਠੇ, ਜਿਨ੍ਹਾਂ ਦੇ ਸਾਹਾਂ ਵਿੱਚੋਂ ਹਮੇਸ਼ਾ ਵੋਦਕਾ ਦੀ ਮੁਸ਼ਕ ਆਉਂਦੀ। ਜਦੋਂ ਉਹਨੂੰ ਉਹ ਯਾਦ ਆਈਆਂ ਤਾਂ ਉਹਦਾ ਦਿਲ ਆਪਣੇ ਲਈ ਤਰਸ ਨਾਲ਼ ਸੁੰਗੜ ਗਿਆ।

ਉਹਨੂੰ ਚੇਤੇ ਆਇਆ ਕਿਵੇਂ ਉਹਦੇ ਘਰਵਾਲੇ ਨਾਲ਼ ਉਹਦੀ ਮੰਗਣੀ ਹੋਈ ਸੀ। ਅਜਿਹੀਆਂ ਪਾਰਟੀਆਂ ਵਿੱਚੋਂ ਇੱਕ ਵਿੱਚ ਉਹਨੇ ਉਹਨੂੰ ਇੱਕ ਹਨੇਰੀ ਡਿਉਢੀ ਵਿੱਚ ਫੜ ਲਿਆ ਸੀ ਅਤੇ ਕੰਧ ਨਾਲ਼ ਲਾ ਦਿੱਤਾ ਸੀ।

“ਮੇਰੇ ਨਾਲ਼ ਵਿਆਹ ਕਰੇਂਗੀ ?” ਉਹਨੇ ਖਰ੍ਹਵੇ ਜਿਹੇ ਢੰਗ ਨਾਲ਼ ਉਸ ਤੋਂ ਪੁੱਛਿਆ ਸੀ। ਉਹ ਦੁਖੀ ਸੀ ਅਤੇ ਨਰਾਜ਼ ਵੀ, ਪਰ ਉਹਨੇ ਉਹਦੀਆਂ ਛਾਤੀਆਂ ਨਪੀੜੀਆਂ ਹੋਈਆਂ ਸਨ ਅਤੇ ਆਪਣੇ ਗਰਮ, ਸਿੱਲ੍ਹੇ ਸਾਹ ਦੀਆਂ ਫੂਕਾਂ ਉਹਦੇ ਮੂੰਹ ਉੱਤੇ ਮਾਰੀ ਜਾ ਰਹੀ ਸੀ। ਆਪਣੇ ਆਪ ਨੂੰ ਉਹਦੀ ਪਕੜ ਤੋਂ ਛੁਡਾਉਣ ਜਾ ਜਤਨ ਕਰਦੀ ਹੋਈ ਉਹ ਇੱਕ ਪਾਸੇ ਹੋਈ।

“ਠਹਿਰ ਜਾ!” ਉਹ ਘੌਰਿਆ। “ਮੈਨੂੰ ਜਵਾਬ ਦੇ, ਸੁਣਦੀ ਏਂ ?”

ਸ਼ਰਮ ਅਤੇ ਹੇਠੀ ਕਾਰਨ ਸਾਹੋ-ਸਾਹ ਹੋਈ ਉਹ ਕੋਈ ਜਵਾਬ ਨਾ ਦੇ ਸਕੀ।

ਫਿਰ ਕਿਸੇ ਨੇ ਦਰਵਾਜ਼ਾ ਖੋਹਲਿਆ ਅਤੇ ਉਹਨੇ ਹੌਲ਼ੀ ਜਿਹੇ ਆਪਣੀ ਪਕੜ ਢਿੱਲੀ ਕਰ ਦਿੱਤੀ।

"ਮੈਂ ਐਤਵਾਰ ਵਿਚੋਲੇ ਨੂੰ ਘੱਲਾਂਗਾ," ਉਹਨੇ ਕਿਹਾ।

ਅਤੇ ਉਹਨੇ ਵਿਚੋਲਾ ਭੇਜਿਆ।

ਮਾਂ ਨੇ ਅੱਖਾਂ ਬੰਦ ਕਰ ਲਈਆਂ ਅਤੇ ਇੱਕ ਲੰਮਾ ਹਉਕਾ ਭਰਿਆ।...

"ਮੈਂ ਜਾਣਨਾ ਚਾਹੁੰਦਾਂ ਲੋਕਾਂ ਨੂੰ ਕਿਵੇਂ ਰਹਿਣਾ ਚਾਹੀਦਾ ਹੈ, ਨਾ ਕਿ ਉਹ ਕਿਵੇਂ ਰਹਿੰਦੇ ਸਨ," ਵੇਸੋਵਸ਼ਚੀਕੋਵ ਦੀ ਰੋਸ ਪ੍ਰਗਟ ਕਰਦੀ ਅਵਾਜ਼ ਆਈ।

"ਸੱਚੀ ਗੱਲ ਏ," ਸੁਰਖੇ ਨੇ ਖੜ੍ਹੇ ਹੁੰਦੇ ਹੋਏ ਕਿਹਾ।

"ਉਹ ਨਹੀਂ!" ਫਿਓਦੋਰ ਉੱਚੀ ਜਿਹੇ ਬੋਲਿਆ।

ਉਹ ਬਹਿਸ ਕਰਨ ਲੱਗ ਪਏ ਅਤੇ ਸ਼ਬਦ ਲਾਟਾਂ ਵਾਂਗ ਪਲ੍ਹਮਦੇ। ਉਹ ਜਿਸ ਗੱਲ ਬਾਰੇ ਇਉਂ ਉੱਚੀ ਉੱਚੀ ਬਹਿਸ ਕਰ ਰਹੇ ਸਨ ਮਾਂ ਨੂੰ ਉਹਦੀ ਸਮਝ ਨਹੀਂ ਸੀ ਆ ਰਹੀ। ਸਭਨਾਂ ਦੇ ਮੂੰਹ ਉਤੇਜਨਾ ਕਾਰਨ ਭਖੇ ਹੋਏ ਸਨ, ਪਰ ਕਿਸੇ ਨੂੰ ਗੁੱਸਾ ਨਾ ਆਇਆ, ਨਾ ਕਿਸੇ ਨੇ ਉਹੋ ਜਿਹੀ ਖਰ੍ਹਵੀ ਬੋਲੀ ਵਰਤੀ ਜਿਸ ਤੋਂ ਉਹ ਇੰਨੀ ਚੰਗੀ ਤਰ੍ਹਾਂ ਜਾਣੂ ਸੀ।

"ਕੁੜੀ ਦੇ ਸਾਹਮਣੇ ਗੰਦ ਬੱਕਦਿਆਂ ਉਹਨਾਂ ਨੂੰ ਸ਼ਰਮ ਆਉਂਦੀ ਏ," ਉਹ ਇਸ ਸਿੱਟੇ ਉੱਤੇ ਅੱਪੜੀ।

ਉਹਨੂੰ ਨਤਾਸ਼ਾ ਦੇ ਮੂੰਹ ਦੀ ਗੰਭੀਰ ਦਿੱਖ ਚੰਗੀ ਲੱਗੀ, ਜਿਹੜੀ ਸਭਨਾਂ ਵੱਲ ਧਿਆਨ ਨਾਲ਼ ਵੇਖ ਰਹੀ ਸੀ ਜਿਵੇਂ ਇਹ ਜਵਾਨ ਬਸ ਬੱਚੇ ਹੀ ਹੋਣ।

"ਇਕ ਮਿੰਟ, ਸਾਥੀਓ!" ਨਤਾਸ਼ਾ ਨੇ ਇੱਕ ਦਮ ਉੱਚੀ ਅਵਾਜ਼ ਵਿੱਚ ਕਿਹਾ ਅਤੇ ਉਹ ਸਾਰੇ ਚੁੱਪ ਕਰ ਗਏ ਅਤੇ ਉਹਦੇ ਵੱਲ ਵੇਖਣ ਲੱਗ ਪਏ।

"ਤੁਹਾਡੇ ਵਿੱਚੋਂ ਜਿਹੜੇ ਕਹਿੰਦੇ ਹਨ ਕਿ ਸਾਨੂੰ ਸਭ ਕੁਝ ਜਾਣਨਾ ਚਾਹੀਦਾ ਹੈ ਉਹ ਠੀਕ ਹਨ। ਸਾਨੂੰ ਆਪਣੇ ਅੰਦਰ ਤਰਕ ਦੀ ਮਸ਼ਾਲ ਰੋਸ਼ਨ ਕਰਨੀ ਚਾਹੀਦੀ ਹੈ ਤਾਂ ਜੁ ਹਨੇਰੇ ਵਿੱਚ ਭਟਕ ਰਹੇ ਲੋਕ ਸਾਨੂੰ ਵੇਖ ਸਕਣ। ਸਾਡੇ ਕੋਲ਼ ਹਰ ਗੱਲ ਦਾ ਸੱਚਾ ਅਤੇ ਖਰਾ ਜਵਾਬ ਹੋਣਾ ਚਾਹੀਦਾ ਹੈ। ਸਾਨੂੰ ਸਾਰੇ ਸੱਚ ਅਤੇ ਸਾਰੇ ਝੂਠ ਦਾ ਪਤਾ ਹੋਣਾ ਚਾਹੀਦਾ ਹੈ।..."

**ਖੋਖੋਲ** ਸੁਣਦਾ ਰਿਹਾ ਅਤੇ ਉਹਦੇ ਬੋਲਾਂ ਦੇ ਤਾਲ ਨਾਲ਼ ਸਿਰ ਹਿਲਾਉਂਦਾ ਰਿਹਾ। ਵੇਸੋਵਸ਼ਚੀਕੋਵ, ਸੁਰਖਾ ਅਤੇ ਕਾਰਖ਼ਾਨੇ ਵਿੱਚ ਕੰਮ ਕਰਨ ਵਾਲ਼ਿਆਂ ਵਿੱਚੋਂ, ਜਿਹੜੇ ਪਾਵੇਲ ਨਾਲ਼ ਆਏ ਸਨ, ਇੱਕ ਇੱਕ ਪਾਸੇ ਇੱਕ ਟੋਲੀ ਬਣਾ ਕੇ ਖੜੇ ਸਨ ਅਤੇ ਪਤਾ ਨਹੀਂ ਕਿਉਂ ਮਾਂ ਨੂੰ ਉਹ ਚੰਗੇ ਨਹੀਂ ਸਨ ਲੱਗ ਰਹੇ।

ਜਦੋਂ ਨਤਾਸ਼ਾ ਨੇ ਗੱਲ ਮੁਕਾਈ ਤਾਂ ਪਾਵੇਲ ਖੜ੍ਹਾ ਹੋ ਗਿਆ।

"ਕੀ ਅਸੀਂ ਸਿਰਫ਼ ਭਰਿਆ ਪੇਟ ਮੰਗਦੇ ਹਾਂ? ਉੱਕਾ ਹੀ ਨਹੀਂ," ਉਹਨੇ ਤਿੰਨਾਂ ਵੱਲ ਵੇਖਦੇ ਹੋਏ ਠਰ੍ਹੰਮੇ ਨਾਲ਼ ਕਿਹਾ। "ਜਿਹੜੇ ਸਾਡੀਆਂ ਪਿੱਠਾਂ ਉੱਤੇ ਸਵਾਰ ਨੇ ਅਤੇ ਜਿਨ੍ਹਾਂ ਸਾਡੀਆਂ ਅੱਖਾਂ ਉੱਤੇ ਖੋਪੇ ਚਾੜ੍ਹੇ ਹੋਏ ਨੇ ਅਸਾਂ ਉਹਨਾਂ ਨੂੰ ਦੱਸਣਾ ਹੈ ਕਿ ਅਸੀਂ ਸਭ ਕੁਝ ਵੇਖਦੇ ਹਾਂ। ਅਸੀਂ ਮੂਰਖ ਨਹੀਂ ਅਤੇ ਜਾਨਵਰ ਨਹੀਂ, ਜਿਨ੍ਹਾਂ ਨੂੰ ਬਸ ਭਰੇ ਢਿੱਡ ਹੀ ਚਾਹੀਦੇ ਹੋਣ। ਅਸੀਂ ਮਨੁੱਖਾਂ ਦੇ ਲਾਇਕ ਜ਼ਿੰਦਗੀ ਜਿਉਂਣਾ ਚਾਹੁੰਦੇ ਹਾਂ। ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਦੁਸ਼ਮਣਾਂ ਅੱਗੇ ਸਾਬਤ ਕਰੀਏ ਕਿ ਉਹਨਾਂ ਮੁਸ਼ੱਕਤ ਦੀ ਜਿਸ ਜ਼ਿੰਦਗੀ ਦੀ ਕਾਠੀ ਸਾਡੀਆਂ

ਪਿੱਠਾਂ ਉੱਤੇ ਪਾਈ ਹੋਈ ਹੈ ਉਹ ਸਾਨੂੰ ਦਿਮਾਗੀ ਤੌਰ 'ਤੇ ਉਹਨਾਂ ਦੇ ਸਾਵੇਂ ਸਗੋਂ ਉਹਨਾਂ ਤੋਂ ਚੰਗੇਰੇ ਹੋਣੋਂ ਨਹੀਂ ਰੋਕਦੀ!..."

ਉਹਨੂੰ ਬੋਲਦਾ ਸੁਣਦੇ ਹੋਏ ਉਹਦੀ ਮਾਂ ਦੇ ਦਿਲ ਵਿੱਚ ਮਾਣ ਦੀ ਭਾਵਨਾ ਜਾਗ ਪਈ। ਉਹ ਕਿੰਨਾ ਚੰਗਾ ਬੋਲਿਆ ਸੀ।

"ਅਨੇਕ ਲੋਕਾਂ ਨੂੰ ਖਾਣ ਲਈ ਚੋਖਾ ਮਿਲਦੈ, ਪਰ ਇਮਾਨਦਾਰ ਥੋੜ੍ਹੇ ਹੀ ਨੇ!" **ਖੋਖੋਲ** ਨੇ ਕਿਹਾ। "ਸਾਨੂੰ ਜਾਨਵਰਾਂ ਜਿਹੀ ਇਸ ਨਿਜਸ ਜ਼ਿੰਦਗੀ ਦੀ ਜਿਲ੍ਹਣ ਅਤੇ ਭਵਿੱਖ ਦੀ ਮਨੁੱਖੀ ਭਾਈਚਾਰੇ ਦੀ ਬਾਦਸ਼ਾਹੀ ਵਿਚਕਾਰ ਇੱਕ ਪੁਲ ਉਸਾਰਨਾ ਚਾਹੀਦਾ ਹੈ। ਸਾਡੇ ਸਾਹਮਣੇ ਇਹੋ ਕਾਰਜ ਹੈ, ਸਾਥੀਓ!"

"ਜੇ ਲੜਨ ਦਾ ਮੌਕਾ ਆ ਗਿਐ ਤਾਂ ਹੱਥ ਉੱਤੇ ਹੱਥ ਧਰ ਕੇ ਕਿਉਂ ਬੈਠਿਆ ਜਾਵੇ?" ਵੇਸੋਵਸ਼ਚੀਕੋਵ ਨੇ ਖਰ੍ਹਵਾਂ ਇੰਤਰਾਜ਼ ਕੀਤਾ।

ਅੱਧੀ ਰਾਤ ਤੋਂ ਪਿੱਛੋਂ ਉਹਨਾਂ ਦੀ ਬੈਠਕ ਮੁੱਕੀ। ਵੇਸੋਵਸ਼ਚੀਕੋਵ ਅਤੇ ਸੁਰਖਾ ਸਭ ਤੋਂ ਪਹਿਲਾਂ ਉੱਥੋਂ ਗਏ, ਅਤੇ ਮਾਂ ਨੂੰ ਇਹ ਗੱਲ ਵੀ ਚੰਗੀ ਨਾ ਲੱਗੀ।

"ਕਿੰਨੀ ਕਾਹਲ ਪਈ ਏ ਉਹਨਾਂ ਨੂੰ!" ਕਰੜਾਈ ਨਾਲ਼ ਨਿਉਂ ਕੇ ਉਹਨਾਂ ਨੂੰ ਵਿਦਿਆ ਕਰਦੇ ਹੋਏ ਉਹਨੇ ਸੋਚਿਆ।

"ਨਾਖੋਦਕਾ, ਤੂੰ ਮੈਨੂੰ ਘਰ ਛੱਡ ਆਵੇਂਗਾ?" ਨਤਾਸ਼ਾ ਨੇ ਪੁੱਛਿਆ।

"ਜ਼ਰੂਰ ਛੱਡ ਆਵਾਂਗਾ," **ਖੋਖੋਲ** ਨੇ ਜਵਾਬ ਦਿੱਤਾ।

"ਤੇਰੀਆਂ ਜੁਰਾਬਾਂ ਅਜਿਹੇ ਮੌਸਮ ਲਈ ਕੁਝ ਪਤਲੀਆਂ ਨੇ," ਜਦੋਂ ਕੁੜੀ ਰਸੋਈ ਵਿੱਚ ਬੂਟ, ਕੋਟ, ਆਦਿ, ਪਹਿਨ ਰਹੀ ਸੀ ਤਾਂ ਮਾਂ ਨੇ ਉਹਨੂੰ ਕਿਹਾ। "ਮੈਂ ਤੈਨੂੰ ਊਨੀ ਜੁਰਾਬਾਂ ਉਣ ਦਿਆਂ?"

"ਮਿਹਰਬਾਨੀ ਪੇਲਾਗੀਆ ਨਿਲੋਵਨਾ, ਪਰ ਊਨੀ ਜਰਾਬਾਂ ਚੁੱਭਦੀਆਂ ਨੇ," ਨਤਾਸ਼ਾ ਨੇ ਹੱਸ ਕੇ ਜਵਾਬ ਦਿੱਤਾ।

"ਮੈਂ ਤੇਰੇ ਲਈ ਇਹੋ ਜਿਹੀਆ ਉਣਾਂਗੀ ਜਿਹੜੀਆਂ ਚੁੱਭਣ ਨਹੀਂ ਲੱਗੀਆਂ," ਮਾਂ ਨੇ ਕਿਹਾ।

ਨਤਾਸ਼ਾ ਨੇ ਸੰਗੋੜੀਆਂ ਅੱਖਾਂ ਵਿੱਚੋਂ ਉਹਦੇ ਵੱਲ ਵੇਖਿਆ ਅਤੇ ਉਹਦੇ ਇੱਕ-ਟੱਕ ਨੀਝ ਲਾ ਕੇ ਵੇਖਣ ਨੇ ਵਡੇਰੀ ਇਸਤਰੀ ਨੂੰ ਔਖਾ ਕਰ ਦਿੱਤਾ।

"ਮੂਰਖਤਾ ਲਈ ਮੈਨੂੰ ਮਾਫ਼ ਕਰਨਾ, ਪਰ ਮੈਂ ਸੱਚੇ ਦਿਲੋਂ ਗੱਲ ਕਹੀ ਏ," ਉਹਨੇ ਹੌਲ਼ੀ ਜਿਹੇ ਵਾਧਾ ਕੀਤਾ।

"ਕਿੰਨੀ ਪਿਆਰੀ ਏਂ, ਤੂੰ!" ਨਤਾਸ਼ਾ ਨੇ ਉੱਨੀ ਹੀ ਨਰਮੀ ਅਤੇ ਵਲਵਲੇ ਨਾਲ਼ ਉਹਦਾ ਹੱਥ ਘੁਟਦੇ ਹੋਏ ਕਿਹਾ।

"ਸ਼ੁਭ ਰਾਤਰੀ **ਨੈਨਕੋ**," **ਖੋਖੋਲ** ਨੇ ਨਤਾਸ਼ਾ ਦੇ ਪਿੱਛੇ ਪਿੱਛੇ ਉੜ ਕੇ ਦਰਵਾਜ਼ੇ 'ਚੋਂ ਬਾਹਰ ਜਾਂਦੇ ਹੋਏ ਉਹਦੀਆਂ ਅੱਖਾਂ ਵਿੱਚ ਝਾਕਦੇ ਹੋਏ ਕਿਹਾ।

ਮਾਂ ਨੇ ਆਪਣੇ ਪੁੱਤਰ ਵੱਲ ਵੇਖਿਆ। ਉਹ ਮੁਸਕਰਾਉਂਦੈ ਹੋਇਆ ਦਰਵਾਜ਼ੇ ਵਿੱਚ ਖੜਾ

ਸੀ।

"ਕਾਹਦੇ 'ਤੇ ਮੁਸਕਰਾ ਰਿਹੈਂ ?" ਉਹਨੇ ਔਖੇ ਜਿਹੇ ਹੋਕੇ ਪੁੱਛਿਆ।

"ਕੋਈ ਖ਼ਾਸ ਗੱਲ ਨਹੀਂ। ਬਸ ਰੌਂ ਚੰਗਾ ਬਣ ਗਿਐ।"

"ਭਾਵੇਂ ਮੈਂ ਬੁੱਢੀ ਤੇ ਮੂਰਖ ਵਾਂ, ਪਰ ਤਾਂ ਵੀ ਚੰਗੇ ਮੰਦੇ ਦੀ ਪਛਾਣ ਮੈਨੂੰ ਹੈ," ਬੁੱਢੀ ਨੇ ਕੁਝ ਗੁੱਸੇ ਹੋ ਕੇ ਕਿਹਾ।

"ਇਸ ਗੱਲ 'ਤੇ ਮੈਂ ਖੁਸ਼ ਵਾਂ," ਪੁੱਤਰ ਨੇ ਕਿਹਾ। "ਪਰ ਕੀ ਹੁਣ ਤੈਨੂੰ ਸੌਂ ਨਹੀਂ ਜਾਣਾ ਚਾਹੀਦਾ ?"

"ਬਸ, ਸੌਣ ਹੀ ਲੱਗੀ ਹਾਂ।"

ਉਸ ਚਾਹ ਵਾਲ਼ੇ ਭਾਂਡੇ ਮੇਜ਼ ਤੋਂ ਚੁੱਕਦੇ ਹੋਏ ਥੋੜੀ ਖੜ ਖੜ ਕੀਤੀ, ਉਹ ਬਹੁਤ ਖੁਸ਼ ਸੀ— ਸੱਚ ਤਾਂ ਇਹ ਸੀ ਕਿ ਉਹ ਇੰਨੀ ਖੁਸ਼ ਸੀ ਕਿ ਉਹਨੂੰ ਪਸੀਨਾ ਆ ਗਿਆ। ਉਹ ਖੁਸ਼ ਸੀ ਕਿ ਸਾਰਾ ਕੁਝ ਇੰਨਾ ਚੰਗਾ ਸੀ ਅਤੇ ਇਹ ਇੰਨੇ ਅਰਾਮ ਨਾਲ਼ ਮੁੱਕਿਆ ਸੀ।

"ਇਹ ਚੰਗੀ ਗੱਲ ਸੀ ਕਿ ਤੂੰ ਅਜਿਹਾ ਕਰਨਾ ਸੋਚਿਆ, ਪਾਸ਼ਾ," ਉਹਨੇ ਕਿਹਾ। "**ਖੋਖੋਲ** ਬਹੁਤ ਚੰਗਾ ਏ। ਤੇ ਉਹ ਕੁੜੀ — ਕਿੰਨੀ ਨਿਕੜੀ ਜਿਹੀ ਚੁਸਤ ਜਾਨ ਏ ਉਹ! ਉਹ ਕੌਣ ਏ ?"

"ਇਕ ਅਧਿਆਪਕਾ," ਕਮਰੇ ਵਿੱਚ ਟਹਿਲਦੇ ਹੋਏ ਪਾਵੇਲ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਬਹੁਤ ਹੀ ਗਰੀਬ ਹੋਣੀ ਏ ਉਹ, ਕਿੰਨੇ ਮਾੜੇ ਕੱਪੜੇ ਪਾਏ ਹੋਏ ਸਨ। ਠੰਢ ਲੱਗਦਿਆਂ ਕੋਈ ਬਹੁਤੀ ਦੇਰ ਨਹੀਂ ਲੱਗਦੀ। ਉਹਦੇ ਮਾਂ ਪਿਉ ਕਿੱਥੇ ਨੇ ?"

"ਮਾਸਕੋ ਵਿੱਚ," ਪਾਵੇਲ ਨੇ ਕਿਹਾ ਅਤੇ ਫਿਰ ਆਪਣੀ ਮਾਂ ਸਾਹਮਣੇ ਖੜੇ ਹੋ ਕੇ ਉਹ ਬੜੀ ਨਰਮੀ ਅਤੇ ਗੰਭਰੀਤਾ ਨਾਲ਼ ਬੋਲਿਆ, "ਉਹਦਾ ਪਿਉ ਅਮੀਰ ਏ। ਉਹ ਲੋਹੇ ਦਾ ਵਪਾਰੀ ਏ ਤੇ ਉਹਦੀ ਬਹੁਤ ਜਾਇਦਾਦ ਏ। ਕਿਉਂਕਿ ਕੁੜੀ ਨੇ ਜ਼ਿੰਦਗੀ ਵਿੱਚ ਇਹ ਰਾਹ ਚੁਣਿਆ ਇਸ ਕਰਕੇ ਉਹਨੇ ਇਹਨੂੰ ਪਾਰਖ਼ਤੀ ਦੇ ਦਿੱਤੀ। ਉਹ ਸੁੱਖ ਵਿੱਚ ਪਲੀ ਸੀ, ਹਰ ਮੂੰਹ ਮੰਗੀ ਸ਼ੈ ਉਹਨੂੰ ਮਿਲ ਜਾਂਦੀ। ਪਰ ਹੁਣ ਉਹ ਰਾਤੀਂ ਇਕੱਲੀ ਸੱਤ ਵੇਰਸਤ ਪੈਦਲ ਜਾਂਦੀ ਏ।..."

ਮਾਂ ਨੂੰ ਇਹ ਗੱਲ ਜਾਣ ਕੇ ਧੱਕਾ ਲੱਗਾ। ਉਹ ਹੈਰਾਨੀ ਨਾਲ਼ ਭਰਵੱਟੇ ਸੁੰਗੇੜਦੀ ਅਤੇ ਆਪਣੇ ਪੁੱਤਰ ਵੱਲ ਵੇਖਦੀ ਕਮਰੇ ਦੇ ਵਿਚਕਾਰ ਅਹਿੱਲ ਖੜੀ ਸੀ। ਫਿਰ ਉਹਨੇ ਨਿੰਮ੍ਹੀ ਅਵਾਜ਼ ਵਿੱਚ ਪੁੱਛਿਆ, "ਹੁਣ ਉਹ ਸ਼ਹਿਰ ਗਈ ਏ ?"

"ਹਾਂ।"

"ਹਾਏ ਰੱਬਾ! ਉਹਨੂੰ ਡਰ ਨਹੀਂ ਲੱਗਦਾ ?"

"ਤੂੰ ਆਪੇ ਵੇਖ ਲੈ ਉਹਨੂੰ ਨਹੀਂ ਲੱਗਦਾ," ਪਾਵੇਲ ਹੱਸਿਆ।

"ਪਰ ਉਹ ਗਈ ਕਿਉਂ ? ਰਾਤ ਉਹ ਇੱਥੇ ਕੱਟ ਸਕਦੀ ਸੀ, ਮੇਰੇ ਨਾਲ਼ ਸੌਂ ਲੈਂਦੀ।"

"ਇੰਞ ਗੱਲ ਨਹੀਂ ਸੀ ਬਣਨੀ। ਸਵੇਰੇ ਉਹਨੂੰ ਇੱਥੇ ਕੋਈ ਵੇਖ ਲੈਂਦਾ ਤੇ ਅਸੀਂ ਇਹ ਨਹੀਂ

ਚਾਹੁੰਦੇ।”

ਮਾਂ ਨੇ ਸੋਚਦੇ ਹੋਏ ਨੀਝ ਲਾਕੇ ਬਾਰੀ ਵਿੱਚੋਂ ਬਾਹਰ ਵੇਖਿਆ।

“ਪਾਵੇਲ, ਮੈਨੂੰ ਤਾਂ ਇਹਦੇ ਵਿੱਚ ਕੁਝ ਇੰਨਾ ਖ਼ਤਰਨਾਕ—ਜਾਂ ਜ਼ਬਤ ਹੋਇਆ—ਨਹੀਂ ਦਿੱਸਦਾ,” ਉਹਨੇ ਹੌਲ਼ੀ ਜਿਹੀ ਕਿਹਾ।“ਤੁਸੀਂ ਕੋਈ ਗ਼ਲਤ ਕੰਮ ਤਾਂ ਨਹੀਂ ਕਰਦੇ, ਕਿ ਕਰਦੇ ਹੋ ?”

ਉਹਨੂੰ ਇਸੇ ਗੱਲ ਦਾ ਤੌਖਲਾ ਸੀ ਅਤੇ ਚਾਹੁੰਦੀ ਸੀ ਕਿ ਉਹਦੀ ਤਸੱਲੀ ਹੋ ਜਾਵੇ।

“ਨਹੀਂ, ਅਸੀਂ ਕੋਈ ਗ਼ਲਤ ਕੰਮ ਨਹੀਂ ਕਰਦੇ,” ਉਹਨੇ ਠਰ੍ਹੰਮੇ ਨਾਲ਼ ਮਾਂ ਦੀਆਂ ਅੱਖਾਂ ਵਿੱਚ ਝਾਕਦੇ ਹੋਏ ਦ੍ਰਿੜ੍ਹਤਾ ਨਾਲ਼ ਜਵਾਬ ਦਿੱਤਾ।“ਪਰ ਇਹਦੇ ਬਾਵਜੂਦ ਅਸਾਂ ਸਾਰਿਆਂ ਕਿਸੇ ਨਾ ਕਿਸੇ ਦਿਨ ਕੈਦ ਹੋ ਜਾਣੈ। ਇਹ ਗੱਲ ਨੂੰ ਸਮਝ ਲੈ।...”

ਮਾਂ ਦੇ ਹੱਥ ਕੰਬਣ ਲੱਗੇ।

“ਸ਼ੈਦ — ਜੇ ਰੱਬ ਦੀ ਰਜਾ ਹੋਈ — ਤਾਂ ਤੁਸੀਂ ਕਿਸੇ ਨਾ ਕਿਸੇ ਤਰ੍ਹਾਂ ਬਚ ਜਾਓਗੇ ?” ਉਹਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ।

“ਨਹੀਂ,” ਪੁੱਤਰ ਨੇ ਨਰਮੀ ਨਾਲ਼ ਜਵਾਬ ਦਿੱਤਾ।“ਮੈਂ ਤੈਨੂੰ ਧੋਖਾ ਨਹੀਂ ਦੇਣਾ ਚਾਹੁੰਦਾ। ਇਸ ਤੋਂ ਬਚਿਆ ਨਹੀਂ ਜਾ ਸਕਦਾ।”

ਉਹ ਮੁਸਕਰਾਇਆ।

“ਹੁਣ ਸੌਂ ਜਾ। ਤੂੰ ਥੱਕ ਗਿਐਂ। ਸ਼ੁਭ ਰਾਤਰੀ !”

ਜਦੋਂ ਉਹ ਇਕੱਲੀ ਰਹਿ ਗਈ ਤਾਂ ਉਹ ਬਾਰੀ ਕੋਲ਼ ਗਈ ਅਤੇ ਬਾਹਰ ਝਾਕਣ ਲੱਗ ਪਈ। ਬਾਹਰ ਠੰਢ ਅਤੇ ਧੁੰਦ ਸੀ। ਹਵਾ ਨਿੰਦਰਾਵਲੇ, ਨਿੱਕੇ ਘਰਾਂ ਦੀਆਂ ਛੱਤਾਂ ਤੋਂ ਬਰਫ਼ ਉਡਾ ਰਹੀ ਸੀ, ਕੰਧਾਂ ਨਾਲ਼ ਟਕਰਾ ਰਹੀ ਸੀ, ਭੌਂ ਵੱਲ ਝਪਟਦੀ ਹੋਈ ਅਤੇ ਸੜਕ ਉੱਤੇ ਬਰਫ਼ ਦੇ ਗੋੜ੍ਹਿਆਂ ਦੇ ਨਿੱਕੇ ਬੱਦਲ ਉਡਾਉਂਦੀ ਗੁਸੈਲਾ ਘੋਰ-ਮਸੋਰਾ ਕਰਦੀ।...

“ਪਿਆਰਾ ਈਸਾ, ਸਾਡੇ ਉੱਤੇ ਮਿਹਰ ਕਰੇ,” ਮਾਂ ਨੇ ਹੌਲ਼ੀ ਜਿਹੀ ਮੂੰਹ ਹੀ ਮੂੰਹ ਵਿੱਚ ਕਿਹਾ।

ਉਹਦਾ ਗੱਚ ਭਰ ਆਇਆ, ਜਿਸ ਬਦਕਿਸਮਤੀ ਦੀ ਗੱਲ ਉਹਦੇ ਪੁੱਤਰ ਨੇ ਇੰਨੇ ਠਰ੍ਹੰਮੇ ਵਾਲ਼ੇ ਭਰੋਸੇ ਨਾਲ਼ ਕੀਤੀ ਸੀ, ਉਹਦਾ ਅਗਾਊਂ ਗਿਆਨ ਉਹਦੀ ਛਾਤੀ ਵਿੱਚ ਉਸੇ ਤਰ੍ਹਾਂ ਅੰਨ੍ਹੇਵਾਹ ਫੜਕ ਰਿਹਾ ਸੀ ਜਿਵੇਂ ਹਨੇਰੀ ਰਾਤ ਵਿੱਚ ਕੋਈ ਭੰਬਟ। ਉਹਨੂੰ ਆਪਣੇ ਸਾਹਮਣੇ ਇੱਕ ਬਰਫ਼ਾਨੀ ਮੈਦਾਨ ਦਿੱਸਦਾ ਜਾਪਿਆ, ਜਿਸ ਉੱਤੇ ਇੱਕ ਖੁਥੜ, ਚਿੱਟੀ ਹਵਾ ਦੌੜਦੀ ਅਤੇ ਛਾਲਾਂ ਮਾਰਦੀ, ਠੰਢੀ ਅਤੇ ਹੌਲ਼ੀ ਹੌਲ਼ੀ ਚੀਕਦੀ। ਮੈਦਾਨ ਦੇ ਵਿਚਕਾਰ ਇੱਕ ਕੁੜੀ ਦਾ ਨਿੱਕਾ ਜਿਹਾ ਹਨੇਰਾ ਅਕਾਰ ਠੇਡੇ ਖਾ ਰਿਹਾ ਸੀ। ਹਵਾ ਉਹਦੇ ਪੈਰਾਂ ਕੋਲ਼ ਘੁੰਮਣ ਘੇਰੀਆਂ ਪਾਉਂਦੀ, ਉਹਦੀ ਘੱਗਰੀ ਨੂੰ ਫੁਲਾਉਂਦੀ ਅਤੇ ਡੰਗ ਮਾਰਦੀ ਬਰਫ਼ ਉਹਦੇ ਮੂੰਹ ਉੱਤੇ ਵਗਾਹ ਮਾਰਦੀ। ਉਹ ਬੜੇ ਔਖ ਨਾਲ਼ ਅੱਗੇ ਵੱਧ ਰਹੀ ਸੀ, ਉਹਦੇ ਨਿੱਕੇ ਪੈਰ ਬਰਫ਼ ਦੇ ਢੇਰਾਂ ਵਿੱਚ ਖੁੱਭ ਜਾਂਦੇ। ਦ੍ਰਿਸ਼ ਠੰਢਾ ਅਤੇ ਡਰਾਉਣਾ ਸੀ। ਉਹਦੀ ਦੇਹ ਪੱਤ-ਝੜ ਦੀ ਪੌਣ ਦੇ ਹਮਲੇ ਅੱਗੇ ਕਮਾਨਹਾਰ ਹੋਈ ਘਾਹ ਦੀ ਕਿਸੇ ਕੱਲੀ-ਕਾਰੀ ਤਿੜ ਵਾਂਗ ਅੱਗੇ ਵੱਲ ਝੁਕ ਜਾਂਦੀ। ਉਹਦੇ

ਸੱਜੇ ਹੱਥ ਜਿਲ੍ਹਣ ਵਿੱਚੋਂ ਜੰਗਲ ਦੀ ਕੰਧ ਉੱਠਦੀ, ਜਿੱਥੇ ਪਤਲੇ ਅਤੇ ਨੰਗੇ ਬਰਚੇ ਅਤੇ ਐਸਪਨ ਦੇ ਰੁੱਖ ਨਿਆਸਰੇ ਘੁਸਰ-ਮੁਸਰ ਕਰ ਰਹੇ ਸਨ। ਦੂਰ ਸਾਹਮਣੇ ਸ਼ਹਿਰ ਦੀਆਂ ਰੌਸ਼ਨੀਆਂ ਝਿਲਮਿਲਾ ਰਹੀਆਂ ਸਨ।

"ਹੇ ਰੱਖਣਹਾਰ, ਮਿਹਰ ਕਰ," ਮਾਂ ਨੇ ਕੰਬਦੇ ਹੋਏ ਹੌਲ਼ੀ ਜਿਹੀ ਕਿਹਾ।...

## 7

ਮਾਲਾ ਦੇ ਮਣਕਿਆਂ ਵਾਂਗ ਇੱਕ ਤੋਂ ਪਿੱਛੋਂ ਦੂਜਾ ਦਿਨ ਲੰਘਦੇ ਗਏ, ਹਫ਼ਤਿਆਂ ਅਤੇ ਮਹੀਨਿਆਂ ਦੀ ਉਸਾਰੀ ਕਰਦੇ। ਹਰ ਸ਼ਨਿਚਰਵਾਰ ਪਾਵੇਲ ਦੇ ਮਿੱਤਰ ਉਹਦੇ ਘਰ ਇਕੱਠੇ ਹੁੰਦੇ ਅਤੇ ਹਰ ਬੈਠਕ ਉਸ ਲੰਮੀ ਪੌੜੀ ਦਾ ਇੱਕ ਡੰਡਾ ਸੀ ਜਿਸ ਰਾਹੀਂ ਇਹ ਲੋਕ ਹੌਲ਼ੀ ਹੌਲ਼ੀ ਕਿਸੇ ਦੁਰਾਡੇ ਨਿਸ਼ਾਨੇ ਵੱਲ ਚੜ੍ਹ ਰਹੇ ਸਨ।

ਪੁਰਾਣੇ ਲੋਕਾਂ ਵਿੱਚ ਨਵਿਆਂ ਦਾ ਵਾਧਾ ਹੋ ਗਿਆ। ਵਲਾਸੋਵਾ ਦੇ ਘਰ ਦੇ ਨਿੱਕੇ ਕਮਰੇ ਵਿੱਚ ਭੀੜ ਹੋਣ ਲੱਗ ਪਈ। ਨਤਾਸ਼ਾ ਜਦੋਂ ਵੀ ਆਉਂਦੀ ਉਹ ਥੱਕੀ ਹੋਈ ਅਤੇ ਯਖ਼ ਹੋਈ ਹੋਈ ਹੁੰਦੀ, ਪਰ ਉਹ ਹਮੇਸ਼ਾ ਹਸੂੰ ਹਸੂੰ ਕਰਦੀ। ਪਾਵੇਲ ਦੀ ਮਾਂ ਨੇ ਉਹਦੇ ਲਈ ਲੰਮੀਆਂ ਊਨੀ ਜੁਰਾਬਾਂ ਉਣੀਆਂ ਸਨ ਅਤੇ ਕੁੜੀ ਦੇ ਨਿੱਕੇ ਪੈਰਾਂ ਵਿੱਚ ਆਪਣੇ ਹੱਥੀਂ ਪਾਈਆਂ ਸਨ। ਨਤਾਸ਼ਾ ਹੱਸੀ, ਪਰ ਫਿਰ ਅਚਣਚੇਤ ਚੁੱਪ ਅਤੇ ਗੰਭੀਰ ਹੋ ਗਈ।

"ਕਦੀ ਮੇਰੀ ਇੱਕ ਖਿਡਾਵੀ ਹੁੰਦੀ ਸੀ ਜਿਹੜੀ ਬਹੁਤ ਹੀ ਦਿਆਲੂ ਸੀ," ਉਹਨੇ ਹੌਲ਼ੀ ਜਿਹੇ ਕਿਹਾ। "ਕਿੰਨੀ ਅਜੀਬ ਗੱਲ ਏ ਪੇਲਾਗੀਆ ਨਿਲੋਵਨਾ — ਕਿਰਤੀ ਲੋਕਾਂ ਦਾ ਜੀਵਨ ਕਿੰਨਾ ਕਰੜਾ ਅਤੇ ਅਣਮੁਨਸਫ਼ੀ ਹੁੰਦਾ ਏ, ਪਰ ਫਿਰ ਵੀ ਉਹ ਉਹਨਾਂ ਹੋਰਨਾਂ ਨਾਲ਼ੋਂ ਵਧੇਰੇ ਦਿਆਲ ਹੁੰਦੇ ਨੇ!" ਉਹ ਬਹੁਤ ਦੂਰ — ਆਪਣੇ ਤੋਂ ਬਹੁਤ ਜ਼ਿਆਦਾ ਦੂਰ-ਲੋਕਾਂ ਵੱਲ ਇਸ਼ਾਰਾ ਕਰਕੇ ਬੋਲੀ।

"ਕਿੰਨੀ ਅਜੀਬ ਏਂ ਤੂੰ!" ਪੇਲਾਗੀਆ ਨੇ ਕਿਹਾ। "ਮਾਂ-ਪਿਉ ਅਤੇ ਸਭ ਕੁਝ ਤੋਂ ਬਿਨਾਂ।..." ਉਹਨੇ ਹਉਕਾ ਭਰਿਆ ਅਤੇ ਚੁੱਪ ਹੋ ਗਈ, ਉਹ ਆਪਣੇ ਖਿਆਲ ਪ੍ਰਗਟ ਕਰਨੋਂ ਅਸਮਰੱਥ ਸੀ, ਪਰ ਜਦੋਂ ਉਹਨੇ ਨਤਾਸ਼ਾ ਦੇ ਮੂੰਹ ਵੱਲ ਵੇਖਿਆ ਤਾਂ ਉਹਨੂੰ ਇੱਕ ਵਾਰ ਫਿਰ ਕਿਸੇ ਅਜਿਹੀ ਭਾਵਨਾ ਦਾ ਅਨੁਭਵ ਹੋਇਆ ਜਿਸਨੂੰ ਉਹ ਬਿਆਨ ਨਹੀਂ ਸੀ ਕਰ ਸਕਦੀ। ਉਹ ਕੁੜੀ ਦੇ ਸਾਹਮਣੇ ਫਰਸ਼ ਉੱਤੇ ਬਹਿ ਗਈ, ਕੁੜੀ ਆਪਣਾ ਸਿਰ ਅੱਗੇ ਝੁਕਾ ਕੇ ਸੋਚਾਂ ਵਿੱਚ ਡੁੱਬੀ ਮੁਸਕਰਾ ਰਹੀ ਸੀ।

"ਮਾਂ-ਪਿਉ ਤੋਂ ਬਿਨਾਂ?" ਉਹਨੇ ਗੱਲ ਦੁਹਰਾਈ। "ਇਹਦਾ ਕੋਈ ਮਹੱਤਵ ਨਹੀਂ। ਮੇਰਾ ਪਿਉ ਖਰ੍ਹਵਾ ਬੰਦਾ ਏ ਤੇ ਮੇਰਾ ਭਰਾ ਵੀ। ਨਾਲ਼ੇ ਉਹ ਪਿਅੱਕੜ ਏ। ਮੇਰੀ ਵੱਡੀ ਭੈਣ ਦੁਖੀ ਏ — ਉਹਨੇ ਆਪਣੇ ਤੋਂ ਕਈ ਵਰ੍ਹੇ ਵੱਡੇ ਇੱਕ ਮਰਦ ਨਾਲ਼ ਵਿਆਹ ਕੀਤਾ।... ਬਹੁਤ ਅਮੀਰ, ਮੂਰਖ ਪਰ ਲਾਲਚੀ। ਮੈਨੂੰ ਆਪਣੀ ਮਾਂ 'ਤੇ ਤਰਸ ਆਉਂਦੈ। ਉਹ ਇੱਕ ਸਾਦਾ ਇਸਤਰੀ ਏ, ਤੇਰੇ ਵਾਂਗ। ਕਿਸੇ ਚੂਹੀ ਵਾਂਗ ਨਿੱਕੀ ਜਿਹੀ, ਅਤੇ ਚੂਹੀ ਵਾਂਗ ਹੀ ਤੇਜ਼ ਨੱਠਦੀ ਏ ਅਤੇ ਉਸੇ ਤਰ੍ਹਾਂ ਹਰ ਇੱਕ ਤੋਂ ਡਰਦੀ ਏ। ਕਈ ਵਾਰ ਮੇਰਾ ਜੀਅ ਉਹਨੂੰ ਮਿਲਣ ਨੂੰ ਕਰਦੈ—ਉਫ਼ ਕਿੰਨਾ

ਜੀਅ ਕਰਦੈ!..."

"ਵਿਚਾਰੀ!" ਮਾਂ ਨੇ ਚੁੱਪ ਚਾਪ ਸਿਰ ਹਿਲਾਉਂਦੇ ਹੋਏ ਕਿਹਾ।

ਕੁੜੀ ਨੇ ਕਾਹਲ ਨਾਲ਼ ਆਪਣਾ ਸਿਰ ਪਿੱਛੇ ਸੁੱਟਿਆ ਅਤੇ ਆਪਣਾ ਹੱਥ ਅੱਗੇ ਵਧਾਇਆ ਜਿਵੇਂ ਕਿਸੇ ਚੀਜ਼ ਨੂੰ ਪਰ੍ਹਾਂ ਧੱਕ ਰਹੀ ਹੋਵੇ।

"ਉਹ ਨਹੀਂ! ਕਦੀ ਕਦੀ ਮੈਂ ਇੰਨੀ ਖੁਸ਼ ਹੁੰਦੀ ਹਾਂ—ਇੰਨੀ ਜ਼ਿਆਦਾ ਖੁਸ਼!"

ਉਹਦਾ ਮੂੰਹ ਪੀਲ਼ਾ ਪੈ ਗਿਆ ਅਤੇ ਉਹਦੀਆਂ ਨੀਲ਼ੀਆਂ ਅੱਖਾਂ ਚਮਕ ਪਈਆਂ। ਉਹਨੇ ਆਪਣੇ ਹੱਥ ਮਾਂ ਦੇ ਮੋਢਿਆਂ ਉੱਤੇ ਰੱਖੇ।

"ਜੇ ਕਿਤੇ ਤੈਨੂੰ ਪਤਾ ਹੁੰਦਾ, ਜੇ ਕਿਤੇ ਤੂੰ ਸਮਝ ਸਕਦੀ ਅਸੀਂ ਕਿੰਨਾ ਵੱਡਾ ਕੰਮ ਕਰ ਰਹੇ ਹਾਂ!" ਉਸ ਮਲਕੜੇ ਜਿਹੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਕਿਹਾ।

ਲਗਭਗ ਰਸ਼ਕ ਜਿਹੀ ਕੋਈ ਭਾਵਨਾ ਪੇਲਾਗੀਆ ਵਲਾਸੋਵਾ ਦੇ ਦਿਲ ਵਿੱਚ ਜਾਗ ਪਈ।

"ਮੈਂ ਇਸ ਗੱਲ ਲਈ ਬਹੁਤ ਬੁੱਢੀ ਵਾਂ। ਅਤੇ ਅਨਪੜ੍ਹ।..." ਉਸ ਫਰਸ਼ ਤੋਂ ਉੱਠਦੇ ਹੋਏ ਸਧਰਾਏ ਢੰਗ ਨਾਲ਼ ਕਿਹਾ।...

...ਪਾਵੇਲ ਹੁਣ ਵਧੇਰੇ ਵਾਰ ਬੋਲਦਾ, ਅਤੇ ਲੰਮੇਰੇ ਸਮੇਂ ਲਈ ਅਤੇ ਵਧੇਰੇ ਤੀਖਣਤਾ ਨਾਲ਼। ਅਤੇ ਉਹ ਪਤਲਾ ਹੀ ਹੁੰਦਾ ਗਿਆ। ਮਾਂ ਨੂੰ ਜਾਪਦਾ ਕਿ ਜਦੋਂ ਉਹ ਨਤਾਸ਼ਾ ਵੱਲ ਵੇਖਦਾ ਅਤੇ ਉਹਦੇ ਨਾਲ਼ ਗੱਲਾਂ ਕਰਦਾ ਤਾਂ ਉਹਦੀਆਂ ਅੱਖਾਂ ਦੀ ਕਰੜੀ ਦਿੱਖ ਨਰਮ ਪੈ ਜਾਂਦੀ, ਉਹਦੀ ਅਵਾਜ਼ ਵਧੇਰੇ ਮਲੂਕ ਹੋ ਜਾਂਦੀ ਅਤੇ ਉਹਦਾ ਵਤੀਰਾ ਘੱਟ ਅੱਖੜ ਹੋ ਜਾਂਦਾ।

"ਰੱਬ ਕਰੇ ਇਉਂ ਹੀ ਹੋਵੇ," ਉਹਨੇ ਮੁਸਕਰਾਉਂਦੇ ਹੋਏ ਸੋਚਿਆ।

ਜਦੋਂ ਕਦੀ ਉਹਨਾਂ ਦੇ ਇਕੱਠਾਂ ਵਿੱਚ ਬਹਿਸ ਬਹੁਤ ਗਰਮ ਅਤੇ ਜੁਸ਼ੀਲੀ ਹੋ ਜਾਂਦੀ, **ਖੋਖੋਲ** ਖੜਾ ਹੋ ਜਾਂਦਾ, ਉਹ ਕਿਸੇ ਘੰਟੀ ਦੇ ਰੇਣੇ ਵਾਂਗ ਅੱਗੇ ਪਿੱਛੇ ਝੂਲਦਾ, ਕੁਝ ਦਿਆਲ, ਸਾਦੇ ਲਫਜ਼ ਕਹਿੰਦਾ, ਜਿਹੜੇ ਛੇਤੀ ਹੀ ਸਭਨਾਂ ਨੂੰ ਸ਼ਾਂਤ ਅਤੇ ਠੰਢਾ ਕਰ ਦੇਂਦੇ। ਗਮਰੁਠ ਵੇਸੋਵਸ਼ਚੀਕੋਵ ਸਦਾ ਹੋਰਨਾਂ ਉੱਤੇ ਕੁਝ ਕਰਨ ਲਈ ਜ਼ੋਰ ਦੇਂਦਾ ਰਹਿੰਦਾ; ਉਹ ਅਤੇ ਸੁਰਖਾ, ਜਿਸਦਾ ਨਾਂ ਸਮੋਈਲੋਵ ਸੀ, ਸਾਰੀਆਂ ਬਹਿਸਾਂ ਸ਼ੁਰੂ ਕਰਦੇ। ਕੱਕਾ, ਗੋਲ਼ ਸਿਰ ਵਾਲ਼ਾ ਈਵਾਨ ਬੂਕਿਨ ਉਹਨਾਂ ਦਾ ਸਾਥ ਦੇਂਦਾ, ਵੇਖਣ ਨੂੰ ਉਹ ਇੰਞ ਲੱਗਦਾ ਜਿਵੇਂ ਉਹਨੂੰ ਖਾਰ ਵਿੱਚ ਡੋਬਾ ਦਿੱਤਾ ਗਿਆ ਹੋਵੇ। ਯਾਕੋਵ ਸੋਮੋਵ, ਕੂਲਾ ਅਤੇ ਸੁਥਰਾ, ਘੱਟ ਬੋਲਦਾ, ਪਰ ਬੜੀ ਗੰਭੀਰਤਾ ਨਾਲ਼ ਗੱਲ ਕਰਦਾ। ਉਹ ਅਤੇ ਚੌੜੇ ਮੱਥੇ ਵਾਲ਼ਾ ਫ਼ਿਓਦੋਰ ਮਾਜ਼ੀਨ ਪਾਵੇਲ ਅਤੇ **ਖੋਖੋਲ** ਦੇ ਹਾਮੀ ਸਨ।

ਕਦੀ ਕਦੀ ਨਤਾਸ਼ਾ ਦੀ ਥਾਂ ਨਿਕੋਲਾਈ ਈਵਾਨੋਵਿੱਚ ਲੈ ਲੈਂਦਾ, ਜਿਹੜਾ ਐਨਕ ਲਾਉਂਦਾ ਅਤੇ ਜਿਸਦੀ ਨਿੱਕੀ ਜਿਹੀ ਕੱਕੀ ਬਕਰ-ਦਾੜ੍ਹੀ ਸੀ। ਉਹ ਕਿਸੇ ਦੁਰਾਡੇ ਸੂਬੇ ਦਾ ਜੰਮ-ਪਲ ਸੀ, ਇਸੇ ਲਈ ਉਹਦੇ ਬੋਲਣ ਵਿੱਚ "ਓ" ਦਾ ਉਚਾਰਣ ਕੁਝ ਅਜੀਬ ਤਰ੍ਹਾਂ ਦਾ ਹੁੰਦਾ ਸੀ। ਕੁੱਲ ਮਿਲਾ ਕੇ ਉਹ "ਦੁਰਾਡਾ ਜਿਹਾ" ਸੀ। ਉਹ ਸਾਦੀਆਂ ਤੋਂ ਸਾਦੀਆਂ ਗੱਲਾਂ ਬਾਰੇ — ਪ੍ਰਵਾਰਕ ਜੀਵਨ, ਅਤੇ ਬੱਚਿਆਂ, ਅਤੇ ਵਪਾਰ, ਅਤੇ ਪੁਲੀਸ, ਅਤੇ ਡਬਲ ਰੋਟੀ, ਅਤੇ ਮਾਸ ਦੇ ਮੁੱਲ ਬਾਰੇ — ਉਹਨਾਂ ਸਭ ਮਾਮਲਿਆਂ ਬਾਰੇ ਗੱਲ ਕਰ ਸਕਦਾ ਸੀ ਜਿਹੜੇ ਲੋਕਾਂ

ਦਾ ਨਿੱਤ ਦਾ ਜੀਵਨ ਬਣਦੇ ਸਨ। ਅਜਿਹਾ ਕਰਦੇ ਹੋਏ ਉਹ ਉਸ ਸਭ ਕੁਝ ਦਾ ਪਾਜ ਉਘੇੜਦਾ ਜਿਹੜਾ ਝੂਠਾ ਅਤੇ ਗ਼ੈਰ-ਮੰਤਕੀ ਸੀ, ਸਭ ਕੁਝ ਜਿਹੜਾ ਮੂਰਖ ਅਤੇ ਇੱਥੋਂ ਤਕ ਕਿ ਹਾਸੋਹੀਣ ਸੀ, ਪਰ ਜਨਤਾ ਲਈ ਹਾਨੀਕਾਰਕ ਸੀ। ਮਾਂ ਕਲਪਨਾ ਕਰਦੀ ਸੀ ਕਿ ਉਹ ਬਹੁਤ ਹੀ ਦੂਰੋਂ ਆਇਆ ਹੈ, ਅਸਲ ਵਿੱਚ ਕਿਸੇ ਵੱਖਰੇ ਦੇਸ਼ ਤੋਂ, ਜਿੱਥੇ ਸਾਰੇ ਸੌਖਾ, ਇਮਾਨਦਾਰ ਜੀਵਨ ਜਿਊਂਦੇ ਹਨ। ਇਥੇ ਸਭ ਕੁਝ ਉਹਦੇ ਲਈ ਅਣੋਖਾ ਸੀ ਅਤੇ ਉਹ ਇਸ ਜੀਵਨ ਦਾ ਆਦੀ ਨਹੀਂ ਸੀ ਹੋ ਸਕਦਾ, ਇਹਨੂੰ ਕਬੂਲ ਨਹੀਂ ਸੀ ਕਰ ਸਕਦਾ। ਉਹ ਇਹਨੂੰ ਨਾਪਸੰਦ ਕਰਦਾ ਸੀ ਅਤੇ ਇਹ ਨਾਪਸੰਦੀਦਗੀ ਉਹਦੇ ਵਿੱਚ ਇਹਨੂੰ ਆਪਣੇ ਹੀ ਢੰਗ ਵਿੱਚ ਤਬਦੀਲ ਕਰਨ ਦੀ ਸ਼ਾਂਤ, ਦ੍ਰਿੜ੍ਹ ਇੱਛਾ ਨੂੰ ਜਨਮ ਦੇਂਦੀ। ਉਹਦਾ ਮੂੰਹ ਭੁਸਾ ਸੀ ਅਤੇ ਉਹਦੀਆਂ ਅੱਖਾਂ ਦੁਆਲੇ ਬਰੀਕ ਝੁਰੜੀਆਂ ਸਨ। ਉਹਦੀ ਅਵਾਜ਼ ਨਰਮ ਸੀ ਅਤੇ ਉਹਦੇ ਹੱਥ ਹਮੇਸ਼ਾ ਨਿੱਘੇ ਹੁੰਦੇ। ਜਦੋਂ ਕਦੀ ਉਹ ਪੇਲਾਗੀਆ ਵਲਾਸੋਵਾ ਨੂੰ ਸਾਹਬ-ਸਲਾਮ ਕਹਿੰਦਾ ਤਾਂ ਉਹ ਉਹਦਾ ਸਾਰਾ ਹੱਥ ਘੁੱਟ ਕੇ ਫੜ ਲੈਂਦਾ, ਜਿਹੜਾ ਮਾਂ ਨੂੰ ਸੁਖਦਾਈ ਲੱਗਦਾ।

ਸ਼ਹਿਰੋਂ ਹੋਰ ਲੋਕ ਵੀ ਇਹਨਾਂ ਇਕੱਠਾਂ ਵਿੱਚ ਆਉਂਦੇ— ਅਕਸਰ ਇੱਕ ਲੰਮੀ, ਪਤਲੀ ਕੁੜੀ, ਜਿਸਦੇ ਪੀਲ਼ੇ ਮੂੰਹ ਵਿੱਚ ਬਹੁਤ ਵੱਡੀਆਂ ਅੱਖਾਂ ਸਨ, ਉਹਦਾ ਨਾਂ ਸਾਸ਼ਾ ਸੀ। ਉਹਦੀ ਚਾਲ ਅਤੇ ਹਰਕਤਾਂ ਵਿੱਚ ਕੁਝ ਮਰਦਾਵੀਂ ਦਿੱਖ ਸੀ। ਉਹ ਆਪਣੇ ਘਣੇ, ਕਾਲ਼ੇ ਭਰਵੱਟਿਆਂ ਦੀ ਘੂਰੀ ਵਟਦੀ ਰਹਿੰਦੀ ਅਤੇ ਜਦੋਂ ਉਹ ਬੋਲਦੀ ਤਾਂ ਉਹਦੇ ਸਿੱਧੇ ਨੱਕ ਦੀਆਂ ਪਤਲ਼ੀਆਂ ਨਾਸਾਂ ਥਰਕਦੀਆਂ।

ਉਹਨੇ ਹੀ ਸਭ ਤੋਂ ਪਹਿਲਾਂ ਉੱਚੀ, ਤਿੱਖੀ ਅਵਾਜ਼ ਵਿੱਚ ਕਿਹਾ ਸੀ:

"ਅਸੀਂ ਸੋਸ਼ਲਿਸਟ ਹਾਂ।..."

ਜਦੋਂ ਮਾਂ ਨੇ ਇਹ ਗੱਲ ਸੁਣੀ ਤਾਂ ਚੁੱਪ ਚਾਪ ਡਰ ਨਾਲ਼ ਕੁੜੀ ਵੱਲ ਤਾੜੀ ਲਾ ਕੇ ਵੇਖਣ ਲੱਗ ਪਈ। ਪੇਲਾਗੀਆ ਨੇ ਸੁਣਿਆ ਸੀ ਕਿ ਸੋਸ਼ਲਿਸਟਾਂ ਨੇ ਜ਼ਾਰ ਨੂੰ ਕਤਲ ਕੀਤਾ ਹੈ। ਇਹ ਉਹਦੀ ਜਵਾਨੀ ਦੇ ਦਿਨਾਂ ਦੀ ਗੱਲ ਸੀ। ਉਦੋਂ ਇਹ ਅਫ਼ਵਾਹ ਉੱਡੀ ਸੀ ਕਿ ਭੌਂ-ਮਾਲਕ ਰਾਠਾਂ ਨੇ ਸੌਂਹ ਖਾਧੀ ਸੀ ਕਿ, ਕਿਉਂਕਿ ਜ਼ਾਰ ਨੇ ਉਹਨਾਂ ਦੇ ਖੇਤ-ਗ਼ੁਲਾਮਾਂ ਨੂੰ ਅਜ਼ਾਦ ਕਰ ਦਿੱਤਾ ਹੈ, ਉਹ ਉਦੋਂ ਤੱਕ ਆਪਣੇ ਵਾਲ ਨਹੀਂ ਕਟਾਉਣਗੇ ਜਦੋਂ ਤੱਕ ਉਹ ਇਹਦੇ ਬਦਲੇ ਉਹਨੂੰ ਕਤਲ ਨਹੀਂ ਕਰ ਦੇਂਦੇ। ਇਸੇ ਲਈ ਉਹਨਾਂ ਨੂੰ ਸੋਸ਼ਲਿਸਟ ਕਿਹਾ ਜਾਂਦਾ ਸੀ। ਹੁਣ ਪੇਲਾਗੀਆ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹਦਾ ਪੁੱਤਰ ਅਤੇ ਉਹਦੇ ਮਿੱਤਰ ਆਪਣੇ ਆਪ ਨੂੰ ਸੋਸ਼ਲਿਸਟ ਕਿਉਂ ਕਹਿੰਦੇ ਸਨ।

ਜਦੋਂ ਸਾਰੇ ਘਰੋ-ਘਰੀ ਚਲੇ ਗਏ ਤਾਂ ਉਹ ਪਾਵੇਲ ਕੋਲ਼ ਗਈ।

"ਤੂੰ ਸੋਸ਼ਲਿਸਟ ਏਂ ਪਾਸ਼ਾ ?"

"ਹਾਂ", ਉਹਨੇ ਕਿਹਾ, ਉਹ ਸਦਾ ਵਾਂਗ ਤਕੜਾ ਅਤੇ ਸਿੱਧਾ ਉਹਦੇ ਸਾਹਮਣੇ ਖੜਾ ਸੀ। "ਕਿਉਂ ?"

ਉਹਦੀ ਮਾਂ ਨੇ ਲੰਮਾ ਹਉਕਾ ਭਰਿਆ ਅਤੇ ਅੱਖਾਂ ਨਿਵਾ ਲਈਆਂ।

"ਸੱਚਮੁਚ ਪਾਵੇਲ ? ਪਰ ਉਹ ਤਾਂ ਜ਼ਾਰ ਦੇ ਖ਼ਿਲਾਫ ਨੇ। ਉਹਨਾਂ ਤਾਂ ਇੱਕ ਜ਼ਾਰ ਨੂੰ ਕਤਲ

ਵੀ ਕੀਤਾ ਸੀ।

ਪਾਵੇਲ ਆਪਣੀ ਗੱਲ੍ਹ ਆਪਣੇ ਹੱਥ ਨਾਲ਼ ਮਲਦਾ ਹੋਇਆ ਕਮਰੇ ਦੇ ਦੂਜੇ ਪਾਸੇ ਗਿਆ।

"ਸਾਨੂੰ ਅਜਿਹੇ ਕੰਮ ਕਰਨ ਦੀ ਲੋੜ ਨਹੀਂ," ਉਹਨੇ ਮੁਸਕਰਾ ਕੇ ਕਿਹਾ।

ਫਿਰ ਉਹ ਉਹਦੇ ਨਾਲ਼ ਬੜੀ ਦੇਰ ਤੱਕ ਗੰਭੀਰ, ਸ਼ਾਂਤ ਅਵਾਜ਼ ਵਿੱਚ ਗੱਲਾਂ ਕਰਦਾ ਰਿਹਾ। ਅਤੇ ਉਹਦੇ ਮੂੰਹ ਵੱਲ ਵੇਖ ਕੇ ਮਾਂ ਨੇ ਸੋਚਿਆ:

"ਉਹ ਕਦੀ ਗ਼ਲਤ ਕੰਮ ਨਹੀਂ ਕਰਨ ਲੱਗਾ। ਉਹ ਕਰ ਹੀ ਨਹੀਂ ਸਕਦਾ!"

ਉਸ ਪਿੱਛੋਂ ਇਹ ਭਿਆਨਕ ਸ਼ਬਦ ਘੜੀ ਮੁੜੀ ਦੁਹਰਾਇਆ ਗਿਆ, ਇੱਥੋਂ ਤੱਕ ਕਿ ਇਹਦੇ ਤਿੱਖੇ ਕੰਢੇ ਘਸ ਗਏ ਅਤੇ ਉਹਦੇ ਕੰਨ ਇਹਦੇ ਵੀ ਉਸੇ ਤਰ੍ਹਾਂ ਆਦੀ ਹੋ ਗਏ ਜਿਵੇਂ ਹੋਰ ਅਨੇਕਾਂ ਸ਼ਬਦਾਂ ਦੇ ਹੋ ਗਏ ਸਨ, ਜਿਹੜੇ ਉਹ ਵਰਤਦੇ ਸਨ। ਪਰ ਉਹਨੂੰ ਸਾਸ਼ਾ ਚੰਗੀ ਨਹੀਂ ਸੀ ਲੱਗਦੀ ਅਤੇ ਉਹਦੇ ਹੁੰਦਿਆਂ ਉਹ ਪ੍ਰੇਸ਼ਾਨ ਅਤੇ ਔਖਾ ਜਿਹਾ ਅਨੁਭਵ ਕਰਦੀ।

ਇੱਕ ਦਿਨ ਉਹਨੇ ਆਪਣੇ ਹੋਂਠ ਨਾਖੁਸ਼ੀ ਨਾਲ਼ ਮੀਟ ਕੇ ਉਹਦੇ ਬਾਰੇ **ਖੋਖੋਲ** ਨਾਲ਼ ਗੱਲ ਕੀਤੀ।

"ਬੜੀ ਡਾਢੀ ਜਾਨ ਏ! ਹਰ ਕਿਸੇ 'ਤੇ ਹੁਕਮ ਚਾੜ੍ਹਦੀ ਏ — ਇਉਂ ਕਰੋ, ਇਹ ਕਰੋ!"

**ਖੋਖੋਲ** ਖੁੱਲ੍ਹ ਕੇ ਹੱਸਿਆ।

"ਐਨ ਥਾਂ 'ਤੇ ਸੱਟ ਲਾਈ ਈ **ਨੈਨਕੋ**! ਕਿਉਂ ਪਾਵੇਲ ਕੈਸੀ ਰਹੀ!" ਉਹਨੇ ਮਾਂ ਨੂੰ ਅੱਖ ਮਾਰਦੇ ਹੋਏ, ਅੱਖ ਮਟਕਾ ਕੇ ਵਾਧਾ ਕੀਤਾ, "ਅਜਿਹੇ ਹੁੰਦੇ ਨੇ ਰਾਠ!"

"ਉਹ ਬੜੀ ਚੰਗੀ ਕੁੜੀ ਏ," ਪਾਵੇਲ ਨੇ ਰੁਖਾਈ ਨਾਲ਼ ਕਿਹਾ।

"ਹੈ ਤਾਂ," **ਖੋਖੋਲ** ਨੇ ਤਸਦੀਕ ਕੀਤੀ, "ਪਰ ਉਹ ਇੱਕ ਗੱਲ ਨਹੀਂ ਸਮਝ ਸਕਦੀ: "ਉਹਦੇ ਲਈ ਹਰ ਗੱਲ 'ਲਾਜ਼ਮੀ' ਏ; ਸਾਡੇ ਲਈ ਇਹ 'ਕਰ ਸਕਦੇ ਹਾਂ' ਅਤੇ 'ਕਰਨਾ ਚਾਹੁੰਦੇ ਹਾਂ' ਏ।"

ਅਤੇ ਉਹ ਕਿਸੇ ਅਜਿਹੀ ਗੱਲ ਬਾਰੇ ਬਹਿਸ ਕਰਨ ਲੱਗ ਪਏ ਜਿਹੜੀ ਮਾਂ ਦੀ ਸਮਝ ਤੋਂ ਬਾਹਰ ਸੀ।

ਉਹਨੇ ਵੇਖਿਆ ਕਿ ਸਾਸ਼ਾ ਸਭ ਤੋਂ ਵੱਧ ਸਖ਼ਤੀ ਪਾਵੇਲ ਨਾਲ਼ ਵਰਤਦੀ; ਕਈ ਵਾਰ ਉਹ ਉਹਨੂੰ ਝਾੜ ਵੀ ਪਾ ਦੇਂਦੀ। ਅਜਿਹੇ ਸਮਿਆਂ ਤੇ ਪਾਵੇਲ ਕੁਝ ਨਾ ਕਹਿੰਦਾ; ਉਹ ਤਾਂ ਬਸ ਹੱਸ ਛਡਦਾ ਅਤੇ ਕੁੜੀ ਦੇ ਮੂੰਹ ਵੱਲ ਉਸ ਮਲੂਕ ਤੱਕਣੀ ਨਾਲ਼ ਤੱਕਦਾ ਜਿਸ ਨਾਲ਼ ਕਦੀ ਉਹ ਨਤਾਸ਼ਾ ਵੱਲ ਤੱਕਦਾ ਸੀ। ਮਾਂ ਨੂੰ ਇਹ ਗੱਲ ਵੀ ਚੰਗੀ ਨਾ ਲੱਗੀ।

ਕਈ ਵਾਰ ਪੇਲਾਗੀਆ ਉਸ ਖੁਸ਼ੀ ਭਰੇ ਰੌਂਅ 'ਤੇ ਹੈਰਾਨ ਰਹਿ ਜਾਂਦੀ ਜਿਹੜਾ ਅਚਾਨਕ ਉਹਨਾਂ ਸਭਨਾਂ ਉੱਤੇ ਛਾ ਜਾਂਦਾ। ਆਮ ਤੌਰ 'ਤੇ ਇਹ ਉਹਨੀਂ ਸ਼ਾਮੀਂ ਹੁੰਦਾ ਜਦੋਂ ਉਹ ਅਖ਼ਬਾਰਾਂ ਵਿੱਚੋਂ ਬਦੇਸ਼ਾਂ ਵਿੱਚ ਕਿਰਤੀਆਂ ਦੀਆਂ ਲਹਿਰਾਂ ਦੇ ਬ੍ਰਿਤਾਂਤ ਪੜ੍ਹਦੇ। ਉਦੋਂ ਉਹਨਾਂ ਦੀਆਂ ਅੱਖਾਂ ਖੁਸ਼ੀ ਨਾਲ਼ ਲਿਸ਼ਕਦੀਆਂ, ਉਹ ਅਜੀਬ ਤਰ੍ਹਾਂ, ਬੱਚਿਆਂ ਵਾਂਗ ਖੁਸ਼ ਹੋ ਜਾਂਦੇ, ਆਪਣਾ ਨਿਰਮਲ, ਖਿੜਿਆ ਹਾਸਾ ਹੱਸਦੇ ਅਤੇ ਪਿਆਰ ਨਾਲ਼ ਇੱਕ ਦੂਜੇ ਦੇ ਮੋਢੇ ਉੱਤੇ

ਥਪਕੀ ਦੇਂਦੇ।

"ਅਸ਼ਕੇ ਸਾਡੇ ਜਰਮਨ ਸਾਥੀਆਂ ਦੇ!" ਕਿਸੇ ਨੇ ਉੱਚੀ ਅਵਾਜ਼ ਵਿੱਚ ਕਿਹਾ ਜਿਵੇਂ ਉਹ ਆਪਣੀ ਖੁਸ਼ੀ ਨਾਲ਼ ਨਸ਼ਿਆਇਆ ਗਿਆ ਸੀ।

"ਜ਼ਿੰਦਾਬਾਦ, ਇਟਲੀ ਦੇ ਕਿਰਤੀ!" ਇੱਕ ਹੋਰ ਸਮੇਂ ਉਹਨਾਂ ਨਾਹਰਾ ਲਾਇਆ।

ਜਦੋਂ ਉਹ ਦੁਰਾਡੇ ਕਿਰਤੀਆਂ ਨੂੰ ਇਹ ਹੱਲਾ-ਸ਼ੇਰੀ ਘਲਦੇ, ਜਿਹੜੇ ਉਹਨਾਂ ਨੂੰ ਜਾਣਦੇ ਨਹੀਂ ਸਨ ਅਤੇ ਜਿਹੜੇ ਉਹਨਾਂ ਦੀ ਬੋਲੀ ਵੀ ਸਮਝ ਨਹੀਂ ਸਨ ਸਕਦੇ, ਉਹਨਾਂ ਨੂੰ ਯਕੀਨ ਜਾਪਦਾ ਕਿ ਉਹ ਅਣਜਾਣੇ ਲੋਕ ਉਹਨਾਂ ਦੀ ਗੱਲ ਸੁਣਦੇ ਸਨ ਅਤੇ ਉਹਨਾਂ ਦੀ ਖੁਸ਼ੀ ਦੀ ਕਦਰ ਕਰਦੇ ਸਨ।

"ਕੀ ਉਹਨਾਂ ਨੂੰ ਖ਼ਤ ਲਿਖਣਾ ਚੰਗੀ ਗੱਲ ਨਹੀਂ ਹੋਵੇਗੀ?" **ਖੋਖੋਲ** ਨੇ ਕਿਹਾ, ਉਹਦੀਆਂ ਅੱਖਾਂ ਵਿੱਚ ਹਰ ਸ਼ੈ ਨੂੰ ਕਲਾਵੇ ਵਿੱਚ ਲੈਣ ਵਾਲ਼ਾ ਪਿਆਰ ਸੀ। "ਤਾਂ ਜੁ ਉਹਨਾਂ ਨੂੰ ਦੱਸਿਆ ਜਾਵੇ ਕਿ ਇੱਥੇ ਰੂਸ ਵਿੱਚ ਉਹਨਾਂ ਦੇ ਮਿੱਤਰ ਰਹਿੰਦੇ ਨੇ ਜਿਹੜੇ ਉਹਨਾਂ ਜਿਹੇ ਹੀ ਖਿਆਲ ਰੱਖਦੇ ਨੇ ਅਤੇ ਉਹਨਾਂ ਦਾ ਪ੍ਰਚਾਰ ਕਰਦੇ ਨੇ, ਜਿਹੜੇ ਉਸੇ ਮਨੋਰਥ ਲਈ ਜਿਉਂਦੇ ਨੇ ਅਤੇ ਉਹਨਾਂ ਦੀਆਂ ਜਿੱਤਾਂ 'ਤੇ ਖੁਸ਼ ਨੇ।"

ਲਿਸ਼ਕਦੇ, ਸੁਪਨਿਆਲੇ ਮੂੰਹਾਂ ਨਾਲ਼ ਉਹ ਫਰਾਂਸੀਸੀਆਂ ਅਤੇ ਅੰਗਰੇਜ਼ਾਂ ਅਤੇ ਸਵੀਡਨ ਵਾਲ਼ਿਆਂ ਦੀ, ਆਪਣੇ ਮਿੱਤਰਾਂ ਦੇ ਤੌਰ 'ਤੇ, ਅਜਿਹੇ ਲੋਕਾਂ ਵਜੋਂ ਗੱਲ ਕਰਦੇ ਜਿਹੜੇ ਉਹਨਾਂ ਦੇ ਦਿਲਾਂ ਦੇ ਨੇੜੇ ਹੋਣ, ਜਿਨ੍ਹਾਂ ਦੀ ਉਹ ਇੱਜ਼ਤ ਕਰਦੇ, ਅਤੇ ਜਿਨ੍ਹਾਂ ਦੀਆਂ ਖੁਸ਼ੀਆਂ ਅਤੇ ਗਮੀਆਂ ਵਿੱਚ ਉਹ ਭਿਆਲ ਸਨ।

ਇਸ ਹੁਸੜੇ ਕਮਰੇ ਵਿੱਚ ਸੰਸਾਰ ਦੇ ਕਿਰਤੀਆਂ ਨਾਲ਼ ਆਤਮਕ ਨੇੜਤਾ ਦਾ ਅਨੁਭਵ ਪੈਦਾ ਹੋਇਆ। ਮਾਂ ਸਮੇਤ ਸਾਰੇ ਇਹਨੂੰ ਅਨੁਭਵ ਕਰਦੇ ਅਤੇ ਭਾਵੇਂ ਉਹ ਇਹਦੇ ਅਰਥ ਨੂੰ ਸਮਝ ਨਹੀਂ ਸੀ ਸਕਦੀ, ਉਹ ਇਹਦੀ ਸ਼ਕਤੀ ਤੋਂ ਜਾਣੂ ਸੀ—ਇੰਨੀ ਗਭਰੇਟ, ਇੰਨੀ ਨਸ਼ਿਆਉਣ ਵਾਲ਼ੀ ਖੁਸ਼ੀ ਨਾਲ਼ ਭਰੀ, ਇੰਨੀ ਆਸ ਭਰਪੂਰ।

"ਜ਼ਰਾ ਆਪਣੇ ਵੱਲ ਵੇਖ!" ਉਹਨੇ ਇੱਕ ਵਾਰ **ਖੋਖੋਲ** ਨੂੰ ਕਿਹਾ। "ਸਭ ਲੋਕ ਤੇਰੇ ਸਾਥੀ ਨੇ—ਯਹੂਦੀ ਤੇ ਆਰਮੀਨੀ ਤੇ ਆਸਟਰਵੀ। ਤੂੰ ਉਹਨਾਂ ਸਭਨਾਂ ਲਈ ਖੁਸ਼ ਤੇ ਦੁਖੀ ਹੋਨੈਂ!"

"ਉਹਨਾਂ ਸਭਨਾਂ ਲਈ, ਮੇਰੀ **ਨੈਨਕੋ**! ਉਹਨਾਂ ਸਭਨਾਂ ਲਈ!" **ਖੋਖੋਲ** ਬੋਲ ਉੱਠਿਆ। "ਅਸੀਂ ਕਬੀਲੇ ਜਾਂ ਕੌਮ ਦੇ ਕਿਸੇ ਫ਼ਰਕ ਨੂੰ ਨਹੀਂ ਮੰਨਦੇ। ਸਿਰਫ਼ ਸਾਥੀ, ਸਿਰਫ਼ ਦੁਸ਼ਮਣ। ਸਾਰੇ ਕਿਰਤੀ ਸਾਡੇ ਸਾਥੀ ਨੇ, ਸਾਰੀਆਂ ਹਕੂਮਤਾਂ, ਸਾਰੇ ਅਮੀਰ ਸਾਡੇ ਵੈਰੀ ਨੇ। ਜਦੋਂ ਅਸੀਂ ਦੁਨੀਆਂ ਉੱਤੇ ਨਿਗਾਹ ਮਾਰਦੇ ਵਾਂ ਅਸੀਂ ਵੇਖਦੇ ਵਾਂ ਕਿ ਸਾਡੀ, ਕਿਰਤੀਆਂ ਦੀ ਗਿਣਤੀ ਕਿੰਨੀ ਵੱਡੀ ਹੈ ਤੇ ਅਸੀਂ ਕਿੰਨੇ ਮਜ਼ਬੂਤ ਹਾਂ ਤਾਂ ਸਾਡੇ ਦਿਲ ਵਿੱਚ ਖੁਸ਼ੀ ਅਤੇ ਖੇੜੇ ਦਾ ਕੋਈ ਅੰਤ ਨਹੀਂ ਰਹਿੰਦਾ! ਸਭ ਕੁਝ ਵੇਖਦਾ ਹੋਇਆ ਫਰਾਂਸੀਸੀ ਅਤੇ ਜਰਮਨ ਵੀ ਇਸੇ ਤਰ੍ਹਾਂ ਅਨੁਭਵ ਕਰਦੈ, **ਨੈਨਕੋ**, ਅਤੇ ਅਤਾਲਵੀ ਵੀ। ਅਸੀਂ ਸਾਰੇ ਇੱਕੋ ਮਾਂ ਦੇ ਪੁੱਤਰ ਹਾਂ, ਜਿਨ੍ਹਾਂ ਅੰਦਰ ਸਾਰੇ ਸੰਸਾਰ ਦੇ ਕਿਰਤੀ ਲੋਕਾਂ ਦੇ ਭਾਈਚਾਰੇ ਵਿੱਚ ਅਜਿੱਤ ਭਰੋਸੇ ਦੀ ਲਾਟ ਬਲਦੀ ਏ। ਇਹ ਵਿਚਾਰ ਸਾਡੇ ਦਿਲਾਂ ਨੂੰ ਨਿੱਘ ਦੇਂਦੈ। ਇਹ ਇੱਕ ਮੁਨਸਫ਼ੀ ਸਵਰਗ ਵਿੱਚ ਚਮਕਦਾ

ਸੂਰਜ ਏ ਅਤੇ ਉਹ ਸਵਰਗ ਕਿਰਤੀ ਦਾ ਦਿਲ ਏ। ਭਾਵੇਂ ਉਹ ਕੋਈ ਹੈ, ਭਾਵੇਂ ਉਹ ਆਪਣੇ ਆਪ ਨੂੰ ਕੁਝ ਕਹਿੰਦੈ, ਹਰ ਸੋਸ਼ਲਿਸਟ ਆਤਮਕ ਤੌਰ 'ਤੇ ਸਦਾ ਲਈ ਸਾਡਾ ਭਰਾ ਏ — ਕੱਲ੍ਹ ਅਤੇ ਅੱਜ ਅਤੇ ਭਲਕੇ!"

ਇਹ ਬੱਚਿਆਂ ਜਿਹਾ ਪਰ ਪੱਕਾ ਨਿਸ਼ਚਾ ਅਕਸਰ ਉਹਨਾਂ ਵਿੱਚ ਰੂਪਮਾਨ ਹੁੰਦਾ, ਵਧੇਰੇ ਅਤੇ ਵਧੇਰੇ ਉੱਚ ਰੂਪ ਵਿੱਚ, ਵੱਧ ਕੇ ਇੱਕ ਮਹਾਨ ਸ਼ਕਤੀ ਬਣਦਾ। ਅਤੇ ਜਦੋਂ ਮਾਂ ਇਹ ਵੇਖਦੀ ਤਾਂ ਉਹ ਅਨੁਭਵਤਾ ਨਾਲ਼ ਮਹਿਸੂਸ ਕਰਦੀ ਕਿ ਦੁਨੀਆਂ ਨੇ ਨਿਸ਼ਚੇ ਹੀ ਸੂਰਜ ਜਿਹੀ ਕਿਸੇ ਮਹਾਨ ਅਤੇ ਵੱਡੀ ਸ਼ੈ ਨੂੰ ਜਨਮ ਦਿੱਤਾ ਹੈ, ਜਿਹੜੀ ਉਹ ਆਪਣੀਆਂ ਅੱਖਾਂ ਨਾਲ਼ ਵੇਖ ਸਕਦੀ ਹੈ।

ਉਹ ਅਕਸਰ ਗਾਉਂਦੇ। ਉੱਚੀ, ਖੁਸ਼ ਅਵਾਜ਼ ਵਿੱਚ ਉਹ ਸਾਦੇ ਗੀਤ ਗਾਉਂਦੇ ਜਿਹੜੇ ਸਭਨਾਂ ਨੂੰ ਆਉਂਦੇ ਸਨ, ਪਰ ਕਦੀ ਕਦੀ ਉਹ ਨਵੇਂ ਗੀਤ ਗਾਉਂਦੇ, ਗੰਭੀਰ ਗੀਤ, ਜਿਨ੍ਹਾਂ ਦੀਆਂ ਸੁਰਾਂ ਸੁਹਣੀਆਂ ਹੁੰਦੀਆਂ ਅਤੇ ਲੈਆਂ ਅਸਧਾਰਨ ਹੁੰਦੀਆਂ। ਉਹ ਮੱਧਮ ਅਵਾਜ਼ਾਂ ਵਿੱਚ ਗੰਭੀਰਤਾ ਨਾਲ਼ ਗਾਉਂਦੇ, ਜਿਵੇਂ ਉਹ ਗਿਰਜੇ ਵਿੱਚ ਗਾਏ ਜਾਣ ਵਾਲ਼ੇ ਗੀਤ ਗਾ ਰਹੇ ਹੋਣ। ਗਾਉਣ ਵਾਲ਼ਿਆਂ ਦੇ ਮੂੰਹ ਭਖ ਉੱਠਦੇ ਅਤੇ ਪੀਲ਼ੇ ਪੈ ਜਾਂਦੇ ਅਤੇ ਉਹਨਾਂ ਦੇ ਗੂੰਜਦੇ ਸ਼ਬਦਾਂ ਵਿੱਚ ਮਹਾਨ ਸ਼ਕਤੀ ਪ੍ਰਗਟ ਹੁੰਦੀ।

ਮਾਂ ਇਹਨਾਂ ਵਿੱਚੋਂ ਇੱਕ ਗੀਤ ਕਾਰਨ ਖਾਸ ਤੌਰ 'ਤੇ ਉਤੇਜਤ ਹੋਈ। ਇਹ ਸ਼ੱਕ ਅਤੇ ਬੇਦਲੀਲੀ ਦੀਆਂ ਭੂਲ-ਭਲੀਆਂ ਵਿੱਚ ਭਟਕਦੀ ਕੱਲ-ਮੁਕੱਲੀ ਦੁਖੀ ਆਤਮਾ ਦੀਆਂ ਸੋਗੀ ਸੋਚਾਂ ਪੇਸ਼ ਨਹੀਂ ਸੀ ਕਰਦਾ। ਨਾ ਹੀ ਇਹ ਅਜਿਹੇ ਜੀਵਾਂ ਦੇ ਰੋਣ ਪ੍ਰਗਟ ਕਰਦਾ ਸੀ ਜਿਨ੍ਹਾਂ ਨੂੰ ਡਰ ਨੇ ਦਬਾਇਆ ਹੋਵੇ, ਜਿਹੜੇ ਰੰਗ ਅਤੇ ਸ਼ਖ਼ਸੀਅਤ ਤੋਂ ਵਿਰਵੇ ਹੋਣ। ਅਤੇ ਨਾ ਹੀ ਇਸ ਵਿੱਚ ਪੁਲਾੜ ਵਿੱਚ ਠੇਡੇ ਖਾਂਦੀ ਅੰਨ੍ਹੀ ਸ਼ਕਦੀ ਦੀਆਂ ਸੋਗੀ ਆਹਾਂ ਸੁਣੀਆਂ ਜਾਂਦੀਆਂ ਸਨ, ਨਾ ਹੀ ਇਸ ਵਿੱਚ ਆਪਣੇ ਆਪ ਨੂੰ ਮਾੜੇ ਅਤੇ ਚੰਗੇ ਉੱਤੇ ਇੱਕੋ ਤਰ੍ਹਾਂ ਵਗਾਹ ਸੁੱਟਣ ਲਈ ਤਿਆਰ ਸਿਰਲੱਥ ਦਲੇਰੀ ਦੇ ਨਾਹਰਿਆਂ ਦੀ ਗੂੰਜ ਸੁਣਾਈ ਦੇਂਦੀ। ਗੀਤ ਪਰਖ ਨਾ ਕਰਨ ਵਾਲ਼ੀ ਦੁੱਖ ਦੀ ਭਾਵਨਾ ਅਤੇ ਤਬਾਹ ਕਰਨ ਯੋਗ ਪਰ ਉਸਾਰਨੋਂ ਅਸਮਰੱਥ ਬਦਲੇ ਦੀ ਭਾਵਨਾ ਦਾ ਗੀਤ ਵੀ ਨਹੀਂ ਸੀ ਗਾਉਂਦਾ। ਇਸ ਗੀਤ ਵਿੱਚ ਪੁਰਾਣੇ ਗ਼ੁਲਾਮਾਨਾ ਸਮਾਜ ਦਾ ਕੋਈ ਅੰਸ਼ ਨਹੀਂ ਸੀ।

ਮਾਂ ਨੂੰ ਇਹਦੇ ਕਰੜੇ ਬੋਲ ਅਤੇ ਕਰੜੀ ਸੁਰ ਪਸੰਦ ਨਾ ਆਏ, ਪਰ ਬੋਲਾਂ ਅਤੇ ਸੁਰ ਦੇ ਪਿੱਛੇ ਕੁਝ ਵਧੇਰੇ ਮਹਾਨ ਸੀ, ਜਿਹੜਾ ਬੋਲਾਂ ਅਤੇ ਸੁਰ ਉੱਤੇ ਛਾ ਜਾਂਦਾ, ਕਿਸੇ ਅਥਾਹ ਸ਼ੈ ਦੇ ਵਿਚਾਰ ਨੂੰ ਜਨਮ ਦੇਂਦਾ, ਜਿਸਨੂੰ ਕਲਾਵੇ ਵਿੱਚ ਲੈ ਸਕਣਾ ਕਲਪਨਾ ਤੋਂ ਬਾਹਰਾ ਸੀ। ਉਹ ਜਵਾਨ ਲੋਕਾਂ ਦੀਆਂ ਅੱਖਾਂ ਵਿੱਚ ਅਤੇ ਮੂੰਹਾਂ ਉੱਤੇ ਇਹ ਵੇਖਦੀ, ਉਹ ਅਨੁਭਵ ਕਰਦੀ ਕਿ ਇਹ ਉਹਨਾਂ ਵਿੱਚ ਜਿਊਂਦਾ ਹੈ, ਅਤੇ ਉਸ ਸ਼ਕਤੀ ਅੱਗੇ ਝੁਕਦਿਆਂ, ਜਿਹੜੀ ਸ਼ਬਦਾਂ ਅਤੇ ਸੰਗੀਤ ਦੀਆਂ ਹੱਦਾਂ ਤੋਂ ਪਰ੍ਹਾਂ ਲੰਘ ਜਾਂਦੀ, ਉਹ ਇਸ ਗੀਤ ਨੂੰ ਹੋਰ ਕਿਸੇ ਗੀਤ ਨਾਲ਼ੋਂ ਵਧੇਰੇ ਧਿਆਨ ਅਤੇ ਡੂੰਘੇਰੀ ਘਬਰਾਹਟ ਨਾਲ਼ ਸੁਣਦੀ।

ਉਹ ਇਹ ਗੀਤ ਵਧੇਰੇ ਹੌਲ਼ੀ ਅਵਾਜ਼ ਵਿੱਚ ਗਾਉਂਦੇ, ਪਰ ਇਹ ਤਕੜੇਰਾ ਜਾਪਦਾ,

ਅਤੇ ਲੋਕਾਂ ਨੂੰ ਮਾਰਚ ਦੇ ਕਿਸੇ ਦਿਨ, ਆਉਂਦੀ ਬਸੰਤ ਦੇ ਪਹਿਲੇ ਦਿਨ ਦੀ ਪੌਣ ਵਾਂਗ, ਆਪਣੀ ਵਲਗਣ ਵਿੱਚ ਲੈ ਲੈਂਦਾ।

"ਸਮਾਂ ਆ ਗਿਐ ਅਸੀਂ ਸੜਕਾਂ ਉੱਤੇ ਇਹ ਗੀਤ ਗਾਈਏ," ਵੇਸੋਵਸ਼ਚੀਕੋਵ ਗਮਰੁਠ ਢੰਗ ਨਾਲ਼ ਕਹਿੰਦਾ।

ਜਦੋਂ ਉਹਦੇ ਪਿਉ ਨੂੰ ਨਵੀਂ ਚੋਰੀ ਕਾਰਨ, ਇੱਕ ਵਾਰ ਫਿਰ ਕੈਦ ਕਰ ਦਿੱਤਾ ਗਿਆ ਤਾਂ ਉਹਨੇ ਠਰ੍ਹੰਮੇ ਨਾਲ਼ ਸਾਥੀਆਂ ਨੂੰ ਕਿਹਾ, "ਹੁਣ ਅਸੀਂ ਮੇਰੇ ਘਰ ਮਿਲ ਸਕਦੇ ਹਾਂ।..."

ਲਗਭਗ ਹਰ ਸ਼ਾਮ ਕੰਮ ਦੇ ਸਮੇਂ ਤੋਂ ਪਿੱਛੋਂ ਪਾਵੇਲ ਦੇ ਮਿੱਤਰਾਂ ਵਿੱਚੋਂ ਕੋਈ ਨਾ ਕੋਈ ਉਹਦੇ ਨਾਲ਼ ਆਉਂਦਾ ਅਤੇ ਉਹ ਬੈਠ ਕੇ ਪੜ੍ਹਦੇ ਅਤੇ ਲਿਖਦੇ ਰਹਿੰਦੇ, ਉਹਨਾਂ ਨੂੰ ਇੰਨੀ ਕਾਹਲ ਹੁੰਦੀ ਅਤੇ ਉਹ ਇੰਨੇ ਮਸਤ ਹੋ ਜਾਂਦੇ ਕਿ ਉਹ ਹੱਥ ਮੂੰਹ ਵੀ ਨਾ ਧੋਂਦੇ। ਉਹ ਰਾਤ ਦਾ ਖਾਣਾ ਖਾਣ ਅਤੇ ਚਾਹ ਪੀਣ ਸਮੇਂ ਵੀ ਕਿਤਾਬਾਂ ਫੜੀ ਰੱਖਦੇ ਅਤੇ ਉਹ ਕਾਹਦੇ ਬਾਰੇ ਗੱਲਾਂ ਕਰਦੇ ਮਾਂ ਲਈ ਇਹ ਸਮਝਣਾ ਸਦਾ ਵਧੇਰੇ ਔਖਾ ਹੁੰਦਾ ਗਿਆ।

"ਸਾਨੂੰ ਆਪਣਾ ਅਖ਼ਬਾਰ ਸ਼ੁਰੂ ਕਰਨਾ ਚਾਹੀਦਾ ਹੈ," ਪਾਵੇਲ ਅਕਸਰ ਕਹਿੰਦਾ।

ਜੀਵਨ ਵਧੇਰੇ ਕਾਹਲਾ ਅਤੇ ਸਰਗਰਮ ਹੋ ਗਿਆ ਅਤੇ ਲੋਕ ਵਧੇਰੇ ਤੇਜ਼ੀ ਨਾਲ਼ ਇੱਕ ਕਿਤਾਬ ਤੋਂ ਦੂਜੀ ਵੱਲ ਜਾਂਦੇ, ਇੱਕ ਫੁੱਲ ਤੋਂ ਦੂਜੇ ਫੁੱਲ 'ਤੇ ਘੁੰਮਦੀਆਂ ਮਖਿਆਰੀਆਂ ਵਾਂਗ।

"ਲੋਕਾਂ ਸਾਡੇ ਬਾਰੇ ਗੱਲਾਂ ਸ਼ੁਰੂ ਕਰ ਦਿੱਤੀਆਂ ਨੇ," ਵੇਸੋਵਸ਼ਚੀਕੋਵ ਨੇ ਕਿਹਾ। "ਛੇਤੀ ਹੀ ਸਾਡੀ ਫੜੋ ਫੜਾਈ ਸ਼ੁਰੂ ਹੋ ਜਾਵੇਗੀ।..."

"ਮੱਛੀ ਤਾਂ ਜੰਮਦੀ ਹੀ ਜਾਲ ਵਿੱਚ ਫਸਣ ਲਈ ਏ," **ਖੋਖੋਲ** ਨੇ ਟਿੱਪਣੀ ਕੀਤੀ।

ਮਾਂ ਨੂੰ ਉਹ ਨਿੱਤ ਵਧੇਰੇ ਪਿਆਰਾ ਲੱਗਣ ਲੱਗ ਪਿਆ ਸੀ। ਜਦੋਂ ਉਹ ਉਹਨੂੰ "**ਨੈਨਕੋ**" ਸੱਦਦਾ, ਤਾਂ ਇਉਂ ਜਾਪਦਾ ਜਿਵੇਂ ਕਿਸੇ ਬਾਲ ਦਾ ਨਰਮ ਹੱਥ ਉਹਦੀ ਗੱਲ੍ਹ ਨੂੰ ਪਲੋਸ ਰਿਹਾ ਹੋਵੇ। ਜੇ ਐਤਵਾਰ ਨੂੰ ਪਾਵੇਲ ਰੁੱਝਿਆ ਹੁੰਦਾ ਤਾਂ **ਖੋਖੋਲ** ਲੱਕੜੀ ਚੀਰ ਦੇਂਦਾ। ਇੱਕ ਦਿਨ ਉਹ ਮੋਢੇ ਉੱਤੇ ਇੱਕ ਤਖ਼ਤਾ ਚੁੱਕੀ ਆਇਆ ਅਤੇ ਤੇਸਾ ਫੜ ਕੇ ਛੇਤੀ ਹੀ ਅਤੇ ਸੁਯੋਗਤਾ ਨਾਲ਼ ਡਿਉਢੀ ਦੀ ਇੱਕ ਗਲ ਗਈ ਪੌੜੀ ਦੀ ਥਾਂ ਨਵੀਂ ਪੌੜੀ ਲਾ ਦਿੱਤੀ। ਇੱਕ ਹੋਰ ਵਾਰ ਉਹਨੇ ਇਸੇ ਹੀ ਤਰ੍ਹਾਂ ਛੋਪਲੇ ਜਿਹੇ ਢੰਗ ਨਾਲ਼ ਢਿਲਕਦੇ ਜੰਗਲੇ ਦੀ ਮੁਰੰਮਤ ਕਰ ਦਿੱਤੀ। ਕੰਮ ਕਰਦਾ ਹੋਇਆ ਉਹ ਕਿਸੇ ਸੁਹਣੀ ਉਦਾਸ ਧੁਨ ਦੀ ਸੀਟੀ ਵਜਾਉਂਦਾ ਰਿਹਾ।

"ਅਸੀਂ **ਖੋਖੋਲ** ਨੂੰ ਕਿਰਾਏਦਾਰ ਕਿਉਂ ਨਾ ਰੱਖ ਲਈਏ," ਉਹਨੇ ਇੱਕ ਦਿਨ ਆਪਣੇ ਪੁੱਤਰ ਨੂੰ ਕਿਹਾ। "ਇਹ ਤੁਹਾਡੇ ਦੁਹਾਂ ਲਈ ਚੰਗਾ ਰਹੇਗਾ — ਤੁਹਾਨੂੰ ਇੱਕ ਦੂਜੇ ਦੇ ਘਰ ਦੇ ਫੇਰੇ ਨਹੀਂ ਮਾਰਨੇ ਪੈਣਗੇ।"

"ਤੂੰ ਆਪਣੇ ਆਪ ਨੂੰ ਵਾਧੂ ਔਖਾ ਕਿਉਂ ਕਰਨਾ ਚਾਹੁੰਦੀ ਏਂ ?" ਪਾਵੇਲ ਨੇ ਮੋਢੇ ਸੰਗੋੜ ਕੇ ਜਵਾਬ ਦਿੱਤਾ।

"ਬਕਵਾਸ !" ਮਾਂ ਨੇ ਕਿਹਾ। "ਮੇਰੀ ਸਾਰੀ ਉਮਰ ਬਿਨਾਂ ਕਾਰਨ ਹੀ ਔਖੀ ਰਹੀ ਹੈ। ਹੁਣ ਇਹਨੂੰ ਉਹਦੇ ਜਿਹੇ ਚੰਗੇ ਬੰਦੇ ਕਾਰਨ ਔਖਾ ਹੋ ਲੈਣ ਦਿਓ।"

"ਤੇਰੀ ਮਰਜ਼ੀ," ਉਹਦੇ ਪੁੱਤਰ ਨੇ ਕਿਹਾ। "ਜੇ ਉਹ ਆ ਜਾਵੇ ਤਾਂ ਮੈਨੂੰ ਤਾਂ ਖੁਸ਼ੀ ਹੀ

ਹੋਵੇਗੀ।...”

ਸੋ **ਖੋਖੋਲ** ਉਹਨਾਂ ਦੇ ਘਰ ਕਿਰਾਏਦਾਰ ਬਣ ਕੇ ਰਹਿਣ ਲੱਗ ਪਿਆ।

## 8

ਬਸਤੀ ਦੇ ਬਾਹਰਲੇ ਹਿੱਸੇ ਵਿੱਚ ਸਥਿਤ ਇਹ ਨਿੱਕਾ ਮਕਾਨ ਲੋਕਾਂ ਦਾ ਧਿਆਨ ਖਿੱਚਣ ਲੱਗ ਪਿਆ; ਦਰਜਨਾਂ ਖੋਚਰੀ ਅੱਖਾਂ ਇਹਦੀਆਂ ਕੰਧਾਂ ਵਿੱਚ ਮੋਰੀਆਂ ਕਰਨ ਦਾ ਜਤਨ ਕਰਦੀਆਂ।ਅਫ਼ਵਾਹਾਂ ਦੇ ਡੱਬ-ਖੜੱਬੇ ਖੰਭ ਉਹਦੇ ਉੱਤੇ ਮੰਡਲਾਉਣ ਲੱਗ ਪਏ।ਬੰਨ੍ਹ ਦੇ ਕੰਢੇ ਬਣੇ ਇਸ ਮਕਾਨ ਵਿੱਚ ਜੋ ਕੁਝ ਭੇਤ ਲੋਕਾਂ ਨੂੰ ਲੁਕਿਆ ਜਾਪਦਾ, ਉਹਨਾਂ ਉਹਨੂੰ ਡਰਾ ਕੇ ਬਾਹਰ ਕੱਢਣ ਦਾ ਜਤਨ ਕੀਤਾ।ਰਾਤੀਂ ਉਹ ਬਾਰੀਆਂ ਵਿੱਚੋਂ ਝਾਕਦੇ ਅਤੇ ਇੱਥੋਂ ਤੱਕ ਕਿ ਸ਼ੀਸ਼ਿਆਂ ਉੱਤੇ ਠਕ ਠਕ ਕਰਦੇ, ਬਸ ਡਰ ਕੇ ਨਠ ਜਾਣ ਲਈ।

ਇੱਕ ਦਿਨ ਸ਼ਰਾਬਖਾਨੇ ਵਾਲ਼ੇ ਬੇਗੁਨਤਸੋਵ ਨੇ ਪੇਲਾਗੀਆ ਨੂੰ ਬਜ਼ਾਰ ਵਿੱਚ ਰੋਕ ਲਿਆ, ਉਹ ਸੁਹਣੀ ਦਿੱਖ ਵਾਲ਼ਾ ਬੁੱਢਾ ਸੀ, ਜਿਹੜਾ ਹਮੇਸ਼ਾ ਮੋਟੀ ਕਿਰਮਚੀ ਪਲੱਸ਼ ਦੀ ਵਾਸਕਟ ਪਾਉਂਦਾ ਅਤੇ ਉਹਦੀ ਮਾਸਲ, ਲਾਲ ਧੌਣ ਦੁਆਲੇ ਸਦਾ ਇੱਕ ਕਾਲ਼ਾ ਰੇਸ਼ਮੀ ਰੁਮਾਲ ਬੰਨ੍ਹਿਆ ਹੁੰਦਾ।ਉਹਦੇ ਤਿੱਖੇ ਚਮਕਦੇ ਨੱਕ ਉੱਤੇ ਕੱਛੂ-ਕੁੰਮੇ ਦੀ ਹੱਡੀ ਦੇ ਫ਼ਰੇਮ ਵਾਲ਼ੀ ਐਨਕ ਲੱਗੀ ਹੁੰਦੀ ਅਤੇ ਇਸੇ ਕਰਕੇ ਉਹਦੀ ਅੱਲ “ਹੱਡਲ-ਅੱਖਾ” ਪੈ ਗਈ ਸੀ।

ਸਾਹ ਲੈਣ ਜਾਂ ਜਵਾਬ ਦੀ ਉਡੀਕ ਕੀਤੇ ਬਿਨਾਂ, ਉਹਨੇ ਮਾਂ ਉੱਤੇ ਗੜਿਆਂ ਵਰਗੇ ਸਖ਼ਤ ਸ਼ਬਦਾਂ ਦੀ ਬਾੜ੍ਹ ਸ਼ੁਰੂ ਕਰ ਦਿੱਤੀ।

“ਕੀ ਹਾਲ ਏ ਪੇਲਾਗੀਆ ਨਿਲੋਵਨਾ ? ਤੇ ਤੇਰੇ ਪੁੱਤਰ ਦਾ ? ਅਜੇ ਉਹਦੀ ਵਿਆਹ ਕਰਨ ਦੀ ਸਲਾਹ ਨਹੀਂ, ਕਿ ਹੈ ਸੂ ? ਮੇਰਾ ਤਾਂ ਖ਼ਿਆਲ ਏ ਹੁਣ ਐਨ ਸਮਾਂ ਆ ਗਿਐ। ਜਿੰਨੀ ਛੇਤੀ ਪੁੱਤਰ ਵਿਆਹ ਕਰ ਲੈਣ ਉੱਨਾ ਹੀ ਮਾਂ-ਪਿਉ ਲਈ ਚੰਗਾ ਹੁੰਦੈ। ਜੇ ਉਹਦਾ ਪਰਿਵਾਰ ਹੋਵੇ ਤਾਂ ਬੰਦਾ ਨਰੋਆ ਰਹਿੰਦੈ, ਉਹਦੀ ਦੇਹ ਵੀ ਤੇ ਰੂਹ ਵੀ, ਜਿਵੇਂ ਖੁੰਬ ਸਿਰਕੇ ਵਿੱਚ ਸਾਂਭੀ ਰਹਿੰਦੀ ਏ। ਜੇ ਤੇਰੀ ਥਾਂ ਮੈਂ ਹੁੰਦਾ ਤਾਂ ਉਹਦਾ ਵਿਆਹ ਕਰ ਛੱਡਦਾ। ਵੇਲੇ ਦੀ ਮੰਗ ਏ ਕਿ ਬੰਦੇ ਦੇ ਜੀਵਨ ਢੰਗ ਉੱਤੇ ਕਰੜੀ ਨਿਗਾਹ ਰੱਖੀ ਜਾਏ।ਲੋਕ ਆਪਣੀ ਮਰਜ਼ੀ ਨਾਲ਼ ਜਿਊਣ ਲੱਗ ਪਏ ਨੇ। ਬਹੁਤ ਖੁੱਲ੍ਹੇ ਖ਼ਿਆਲ ਤੇ ਜ਼ਿੰਦਗੀ। ਹੁਣ ਉਹ ਰੱਬ ਦੇ ਘਰ ਨਹੀਂ ਜਾਂਦੇ ਅਤੇ ਸਾਂਝੀਆਂ ਥਾਵਾਂ ਤੋਂ ਦੂਰ ਰਹਿੰਦੇ ਨੇ, ਹਨੇਰੀਆਂ ਨੁੱਕਰਾਂ ਵਿੱਚ ਲੁਕ ਕੇ ਆਪਣੇ ਭੇਤਾਂ ਦੀ ਘੁਸਰ-ਮੁਸਰ ਕਰਦੇ ਰਹਿੰਦੇ ਨੇ। ਮੈਨੂੰ ਸਮਝ ਨਹੀਂ ਆਉਂਦੀ ਘੁਸਰ-ਮੁਸਰ ਕਿਉਂ ਕੀਤੀ ਜਾਵੇ ? ਲੋਕਾਂ ਤੋਂ ਕੰਨੀ ਕਿਉਂ ਕਤਰਾਈ ਜਾਵੇ ? ਕਿਹੜੀ ਗੱਲ ਏ ਜਿਹੜੀ ਕੋਈ ਸਭ ਦੇ ਸਾਹਮਣੇ ਕਹਿਣੋ ਡਰਦੈ — ਮਿਸਾਲ ਦੇ ਤੌਰ ’ਤੇ ਸ਼ਰਾਬਖ਼ਾਨੇ ਵਿੱਚ ? ਭੇਤ ? ਭੇਤਾਂ ਲਈ ਇੱਕੋ ਇੱਕ ਥਾਂ ਸਾਡਾ ਪਵਿੱਤਰ ਪੈਗ਼ੰਬਰੀ ਗਿਰਜਾ ਏ ! ਨੁੱਕਰਾਂ ਵਿੱਚ ਘੁਸਰ-ਮੁਸਰ ਕੀਤੇ ਭੇਤ ਮਨ ਨੂੰ ਗੰਧਲਾ ਕਰਦੇ ਨੇ ! ਸ਼ਾਲਾ ਸੁੱਖੀ ਸਾਂਦੀ ਰਹੇ, ਪੇਲਾਗੀਆ ਨਿਲੋਵਨਾ !”

ਆਪਣੀ ਬੜੀ ਅਦਾ ਨਾਲ਼ ਮੋੜੀ ਬਾਹ ਨਾਲ਼ ਟੋਪੀ ਲਾਹ ਕੇ ਉਹਨੇ ਲਹਿਰਾਈ ਅਤੇ ਚਲਾ ਗਿਆ, ਮਾਂ ਹੈਰਾਨ ਉੱਥੇ ਖੜੀ ਰਹੀ।

ਇੱਕ ਹੋਰ ਵਾਰ ਵਲਾਸੋਵਾ ਦੀ ਗੁਆਂਢਣ, ਮਾਰੀਆ ਕੋਰਸੂਨੋਵਾ, ਜਿਹੜੀ ਇੱਕ ਲੁਹਾਰ ਦੀ ਵਿਧਵਾ ਸੀ ਅਤੇ ਕਾਰਖ਼ਾਨੇ ਦੇ ਫਾਟਕ ਕੋਲ਼ ਖਾਣੇ ਦਾ ਛਾਬਾ ਲਾਕੇ ਗੁਜ਼ਾਰਾ ਕਰਦੀ ਸੀ, ਬਾਜ਼ਾਰ ਵਿੱਚ ਪੇਲਾਗੀਆ ਨੂੰ ਮਿਲੀ ਅਤੇ ਕਹਿਣ ਲੱਗੀ, "ਪੇਲਾਗੀਆ, ਆਪਣੇ ਉਸ ਪੁੱਤਰ ਉੱਤੇ ਨਿਗਾਹ ਰੱਖਿਆ ਕਰ!"

"ਕੀ ਮਤਲਬ ?" ਮਾਂ ਨੇ ਪੁੱਛਿਆ।

"ਅਵਾਈਆਂ ਪਈਆਂ ਉਡਦੀਆਂ ਨੇ," ਮਾਰੀਆ ਨੇ ਭੇਤ-ਭਰੇ ਢੰਗ ਨਾਲ਼ ਕਿਹਾ। "ਮਾੜੀਆਂ ਅਵਾਈਆਂ, ਮਾਂ ਮੇਰੀਏ! ਕਹਿੰਦੇ ਨੇ ਉਹ ਗੁਪਤ ਸੰਪ੍ਰਦਾਅ ਬਣਾ ਰਿਹੈ, ਫ਼ਲੈਗੇਲੈਂਟਾਂ ਵਾਂਗ। ਫ਼ਲੈਗੇਲੈਂਟਾਂ ਵਾਂਗ ਇੱਕ ਦੂਜੇ ਨੂੰ ਚਾਬਕਾਂ ਨਾਲ਼ ਕੁੱਟਿਆ ਕਰਨਗੇ।..."

"ਉੱਕਾ ਹੀ ਬਕਵਾਸ ਏ, ਮਾਰੀਆ!"

"ਅੱਗ ਤੋਂ ਬਿਨਾਂ ਧੂੰ ਨਹੀਂ ਹੁੰਦਾ," ਫੇਰੀ ਵਾਲ਼ੀ ਨੇ ਕਿਹਾ।

ਮਾਂ ਨੇ ਇਹਨਾਂ ਮੁਲਾਕਾਤਾਂ ਬਾਰੇ ਆਪਣੇ ਪੁੱਤਰ ਨੂੰ ਦੱਸਿਆ, ਪਰ ਉਹਨੇ ਬਸ ਮੋਢੇ ਹੀ ਮਚਕੋੜੇ, ਤੇ **ਖੋਖੋਲ** ਆਪਣੇ ਡੂੰਘੇ, ਨਰਮ ਢੰਗ ਨਾਲ਼ ਹੱਸ ਪਿਆ।

"ਤੇ ਕੁੜੀਆਂ ਵੀ ਦੁਖੀ ਨੇ," ਮਾਂ ਨੇ ਕਿਹਾ। "ਤੁਸੀਂ ਸੁਹਣੇ ਮੁੰਡੇ ਓ, ਕਿਸੇ ਵੀ ਕੁੜੀ ਦੇ ਸੁਹਣੇ ਚੰਗੇ ਵਰ ਸਾਬਤ ਹੋ ਸਕਦੇ ਹੋ, ਮਿਹਨਤੀ ਹੋ ਅਤੇ ਪਿਅਕੜ ਵੀ ਨਹੀਂ, ਪਰ ਤੁਸੀਂ ਕੁੜੀਆਂ ਵੱਲ ਧਿਆਨ ਹੀ ਨਹੀਂ ਦੇਂਦੇ। ਲੋਕ ਕਹਿੰਦੇ ਨੇ ਸ਼ਹਿਰੋਂ ਭੈੜੀਆਂ ਕੁੜੀਆਂ ਤੁਹਾਨੂੰ ਮਿਲਣ ਆਉਂਦੀਆਂ ਨੇ।..."

"ਉਹ, ਛੱਡ ਵੀ!" ਪਾਵੇਲ ਨੇ ਘਿਰਣਾ ਭਰਿਆ ਮੂੰਹ ਬਣਾਉਂਦੇ ਹੋਏ ਕਿਹਾ।

"ਜਿਲ੍ਹਣ ਵਿੱਚ ਹਰ ਸ਼ੈ ਬੋ ਮਾਰਦੀ ਏ," **ਖੋਖੋਲ** ਨੇ ਹਉਕਾ ਲੈ ਕੇ ਕਿਹਾ। "ਤੂੰ ਉਹਨਾਂ ਵਲੱਲੀਆਂ ਨੂੰ ਸਮਝਾ, **ਨੈਨਕੋ**, ਵਿਆਹੀ ਜ਼ਿੰਦਗੀ ਦਾ ਮਤਲਬ ਕੀ ਹੁੰਦੈ। ਫਿਰ ਉਹਨਾਂ ਨੂੰ ਆਪਣੀਆਂ ਧੌਣਾਂ ਤੁੜਾਉਣ ਦੀ ਕਾਹਲ ਨਹੀਂ ਹੋਵੇਗੀ।..."

"ਰੱਬਾ!" ਮਾਂ ਨੇ ਕਿਹਾ। "ਉਹ ਸਭ ਕੁਝ ਚੰਗੀ ਤਰ੍ਹਾਂ ਵੇਖਦੀਆਂ ਨੇ ਤੇ ਉਹ ਸਮਝਦੀਆਂ ਨੇ, ਪਰ ਉਹ ਹੋਰ ਕਰਨ ਤਾਂ ਕੀ ?"

"ਜੇ ਉਹ ਸਮਝਦੀਆਂ ਤਾਂ ਉਹ ਕਰਨ ਲਈ ਕੁਝ ਹੋਰ ਲੱਭ ਲੈਂਦੀਆਂ," ਪਾਵੇਲ ਨੇ ਕਿਹਾ।

ਮਾਂ ਨੇ ਉਹਦੇ ਕਰੜੇ ਮੂੰਹ ਵੱਲ ਵੇਖਿਆ।

"ਉਹਨਾਂ ਨੂੰ ਸਿਖਾਓ ਕਿਉਂ ਨਾ ? ਵਧੇਰੇ ਸਿਆਣੀਆਂ ਨੂੰ ਇੱਥੇ ਬੁਲਾਓ।..."

"ਇਉਂ ਕੰਮ ਨਹੀਂ ਬਣਨਾ," ਉਹਦੇ ਪੁੱਤਰ ਨੇ ਰੁਖਾਈ ਨਾਲ਼ ਕਿਹਾ।

"ਪਰ ਜੇ ਅਸੀਂ ਅਜਿਹਾ ਕਰ ਵੇਖੀਏ ?" **ਖੋਖੋਲ** ਨੇ ਪੁੱਛਿਆ।

ਜਵਾਬ ਦੇਣ ਤੋਂ ਪਹਿਲਾਂ ਪਾਵੇਲ ਥੋੜ੍ਹੀ ਦੇਰ ਚੁੱਪ ਰਿਹਾ।

"ਉਹਨਾਂ ਜੋੜੇ ਬਣਾਉਣੇ ਸ਼ੁਰੂ ਕਰ ਦੇਣੇ ਨੇ, ਉਹਨਾਂ ਵਿੱਚੋਂ ਕੁਝ ਵਿਆਹ ਕਰਾ ਲੈਣਗੀਆਂ, ਤੇ ਬਸ ਸਾਰਾ ਮਾਮਲਾ ਖ਼ਤਮ ਹੋ ਜਾਵੇਗਾ!"

ਉਹਦੀ ਮਾਂ ਸੋਚੀਂ ਪੈ ਗਈ। ਉਹ ਪਾਵੇਲ ਦੀ ਵਿਰਕਤਾਂ ਵਾਲ਼ੀ ਕਰੜਾਈ ਕਾਰਨ

ਫਿਕਰਮੰਦ ਸੀ। ਉਹ ਵੇਖਦੀ ਸੀ ਕਿ ਸਾਰੇ, ਇੱਥੋਂ ਤੱਕ ਕਿ **ਖੋਖੋਲ** ਜਿਹੇ ਉਹਦੇ ਵਡੇਰੇ ਸਾਥੀ ਵੀ ਉਹਦੀ ਸਲਾਹ ਲੈਂਦੇ ਸਨ, ਪਰ ਜਾਪਦਾ ਸੀ ਉਹ ਉਸਤੋਂ ਡਰਦੇ ਹਨ ਅਤੇ ਉਹਦੀ ਕਰੜਾਈ ਕਰਕੇ ਉਹਨੂੰ ਕੋਈ ਵੀ ਪਿਆਰ ਨਹੀਂ ਸੀ ਕਰਦਾ।

ਇੱਕ ਸ਼ਾਮ ਜਦੋਂ ਉਹ ਬਿਸਤਰੇ ਵਿੱਚ ਲੇਟ ਗਈ ਸੀ ਅਤੇ ਉਹਦਾ ਪੁੱਤਰ ਅਤੇ **ਖੋਖੋਲ** ਅਜੇ ਗੱਲਾਂ ਕਰ ਰਹੇ ਸਨ, ਉਹਨਾਂ ਦੀਆਂ ਮੱਧਮ ਅਵਾਜ਼ਾਂ ਪਤਲੇ ਪਰਦੇ ਵਿੱਚੋਂ ਉਹਦੇ ਤੱਕ ਅਪੜੀਆਂ।

"ਮੈਨੂੰ ਉਹ ਨਤਾਸ਼ਾ ਚੰਗੀ ਲੱਗਦੀ ਏ," **ਖੋਖੋਲ** ਅਚਾਨਕ ਨਿੰਮ੍ਹੀ ਅਵਾਜ਼ ਵਿੱਚ ਬੋਲ ਉੱਠਿਆ।

"ਮੈਨੂੰ ਪਤੈ," ਪਾਵੇਲ ਨੇ ਕੁਝ ਰੁਕ ਕੇ ਜਵਾਬ ਦਿੱਤਾ।

ਉਹਨੇ **ਖੋਖੋਲ** ਨੂੰ ਮਲਕੜੇ ਜਿਹੇ ਉੱਠਦੇ ਅਤੇ ਨੰਗੇ ਪੈਰੀਂ ਫਰਸ਼ ਉੱਤੇ ਘੁੰਮਦੇ ਸੁਣਿਆ। ਉਹ ਹੌਲ਼ੀ ਹੌਲ਼ੀ ਅਤੇ ਉਦਾਸ ਸੀਟੀ ਵਜਾਉਣ ਲੱਗ ਪਿਆ, ਫਿਰ ਇੱਕ ਵਾਰ ਫਿਰ ਚੁੱਪ ਕਰਕੇ ਨਿੰਮ੍ਹੀ ਅਵਾਜ਼ ਵਿੱਚ ਬੋਲਿਆ:

"ਪਤਾ ਨਹੀਂ ਉਹਨੂੰ ਪਤਾ ਲੱਗੈ ਕਿ ਨਹੀਂ।"

ਪਾਵੇਲ ਨੇ ਜਵਾਬ ਨਾ ਦਿੱਤਾ।

"ਤੇਰਾ ਕੀ ਖਿਆਲ ਏ ?" **ਖੋਖੋਲ** ਨੇ ਲਗਭਗ ਘੁਸਰ-ਮੁਸਰ ਕਰਦੇ ਹੋਏ ਪੁੱਛਿਆ।

"ਉਹਨੂੰ ਪਤੈ," ਪਾਵੇਲ ਨੇ ਜਵਾਬ ਦਿੱਤਾ। "ਇਸੇ ਲਈ ਉਹਨੇ ਇੱਥੇ ਆਉਣਾ ਬੰਦ ਕਰ ਦਿੱਤੈ।..."

ਖੋਖੋਲ ਭਾਰੇ ਪੈਰੀਂ ਫਰਸ਼ ਉੱਤੇ ਟੁਰਨ ਲੱਗ ਪਿਆ ਅਤੇ ਉਹਦੀ ਨਿੰਮ੍ਹੀ ਸੀਟੀ ਇੱਕ ਵਾਰ ਫਿਰ ਕਮਰੇ ਵਿੱਚ ਥਰਕਣ ਲੱਗ ਪਈ।

"ਜੇ ਮੈਂ ਉਹਨੂੰ ਦੱਸਾਂ ਤਾਂ ?" ਉਹਨੇ ਪੁੱਛਿਆ।

"ਕੀ ਦੱਸੇ ?"

"ਉਹਨੂੰ ਦੱਸਾਂ ਕਿ — ਉਹ — ਮੈਂ..." ਖੋਖੋਲ ਨੇ ਹੌਲ਼ੀ ਹੌਲ਼ੀ ਗੱਲ ਸ਼ੁਰੂ ਕੀਤੀ।

"ਤੂੰ ਕਿਉਂ ਦੱਸੇਂ ?" ਪਾਵੇਲ ਨੇ ਉਹਦੀ ਗੱਲ ਟੁੱਕ ਦਿੱਤੀ।

ਮਾਂ ਨੇ ਕਨਸੋਅ ਲਈ, **ਖੋਖੋਲ** ਨੇ ਚੱਲਣਾ ਬੰਦ ਕਰ ਦਿੱਤਾ ਸੀ ਅਤੇ ਉਹਨੇ ਅਨੁਭਵ ਕੀਤਾ ਕਿ ਉਹ ਮੁਸਕਰਾ ਰਿਹਾ ਹੈ।

"ਮੇਰਾ ਖ਼ਿਆਲ ਏ ਕਿ ਜੇ ਤੁਸੀਂ ਕਿਸੇ ਕੁੜੀ ਨੂੰ ਪਿਆਰ ਕਰਦੇ ਹੋ ਤਾਂ ਤੁਹਾਨੂੰ ਉਹਨੂੰ ਦੱਸਣਾ ਚਾਹੀਦੈ, ਨਹੀਂ ਤਾਂ ਇਸ ਵਿੱਚੋਂ ਕੁਝ ਨਹੀਂ ਨਿਕਲਣ ਲੱਗਾ।"

ਪਾਵੇਲ ਨੇ ਠਕ ਕਰਕੇ ਕਿਤਾਬ ਬੰਦ ਕੀਤੀ।

"ਤੂੰ ਕੀ ਚਾਹੁੰਨੈ ਇਸ ਵਿੱਚੋਂ ਕੀ ਨਿਕਲੇ ?"

ਦੋਵੇਂ ਲੰਮੇ ਸਮੇਂ ਤੱਕ ਚੁੱਪ ਰਹੇ।

"ਸੋ ?" **ਖੋਖੋਲ** ਨੇ ਪੁੱਛਿਆ।

"ਆਂਦਰੇਈ, ਇਹ ਲਾਜ਼ਮੀ ਏ ਤੈਨੂੰ ਸਾਫ਼ ਪਤਾ ਹੋਵੇ ਤੂੰ ਕੀ ਚਾਹੁਨੈ," ਪਾਵੇਲ ਨੇ ਹੌਲ਼ੀ

ਜਿਹੀ ਕਿਹਾ। "ਫ਼ਰਜ਼ ਕਰੋ ਉਹ ਤੈਨੂੰ ਪਿਆਰ ਕਰਦੀ ਏ — ਮੈਨੂੰ ਸ਼ੱਕ ਏ, ਪਰ ਜ਼ਰਾ ਫ਼ਰਜ਼ ਕਰੋ — ਤੇ, ਤੁਸੀਂ ਵਿਆਹ ਕਰ ਲੈਂਦੇ ਹੋ। ਕਿਆ ਜੋੜੀ ਬਣੇਗੀ ! ਉਹ ਇੱਕ ਬੁੱਧੀਜੀਵੀ ਕੁੜੀ ਤੇ ਤੂੰ ਇੱਕ ਕਿਰਤੀ ਮਰਦ। ਬੱਚੇ ਹੋਣਗੇ ਅਤੇ ਤੈਨੂੰ ਉਹਨਾਂ ਦੀ ਪਾਲਨਾ ਲਈ ਦਿਨ ਰਾਤ ਭੁੜੀ ਕਰਨੀ ਪਵੇਗੀ। ਰੋਟੀ ਲਈ, ਮਕਾਨ ਦੇ ਕਿਰਾਏ ਲਈ। ਜ਼ਿੰਦਗੀ ਮੁਸ਼ੱਕਤ ਦਾ ਇੱਕ ਗੇੜ ਬਣ ਜਾਵੇਗੀ। ਤੁਸੀਂ ਦੋਵੇਂ ਕਾਜ਼ ਲਈ ਕਿਸੇ ਕੰਮ ਦੇ ਨਹੀਂ ਰਹੋਗੇ। ਤੁਸੀਂ ਦੋਵੇਂ !"

ਕੁਝ ਦੇਰ ਚੁੱਪ ਰਹੀ। ਫਿਰ ਪਾਵੇਲ ਦੁਬਾਰਾ ਬੋਲਿਆ ਅਤੇ ਉਹਦੇ ਬੋਲਣ ਦਾ ਢੰਗ ਘੱਟ ਉਕਾ-ਪੁਕਾ ਜਾਪਦਾ ਸੀ।

"ਚੰਗੀ ਗੱਲ ਇਹੋ ਏ, ਇਹਦਾ ਖ਼ਿਆਲ ਛੱਡ ਦੇ, ਆਂਦਰੇਈ। ਉਹਦੇ ਲਈ ਔਖ ਨਾ ਪੈਦਾ ਕਰ।..."

ਚੁੱਪ। ਕਲਾਕ ਦਾ ਲਟਕਣ ਸਾਫ਼ ਸੁਣਾਈ ਦੇਂਦਾ ਸੀ, ਉਹ ਸਕਿੰਟਾਂ ਦੀ ਟਕ ਟਕ ਕਰ ਰਿਹਾ ਸੀ।

"ਮੇਰਾ ਅੱਧਾ ਦਿਲ ਪਿਆਰ ਕਰਦੈ ਤੇ ਅੱਧਾ ਘਿਰਣਾ ਕਰਦੈ। ਇਹਨੂੰ ਤੂੰ ਦਿਲ ਕਹੇਂਗਾ ?" **ਖੋਖੋਲ** ਨੇ ਕਿਹਾ।

ਕਿਤਾਬ ਦੇ ਪੱਤਰੇ ਸਰ ਸਰ ਕਰਦੇ ਰਹੇ — ਪਾਵੇਲ ਨੇ ਜ਼ਰੂਰ ਹੀ ਪੜ੍ਹਾਈ ਜਾਰੀ ਰੱਖੀ ਹੋਣੀ ਏ। ਉਹਦੀ ਮਾਂ ਅੱਖਾਂ ਬੰਦ ਕਰਕੇ ਲੇਟੀ ਹੋਈ ਸੀ, ਸਾਹ ਲੈਣੋਂ ਵੀ ਡਰਦੀ। ਉਹਦਾ ਦਿਲ **ਖੋਖੋਲ** ਲਈ ਤਰਸ ਨਾਲ਼ ਭਰਿਆ ਪਿਆ ਸੀ, ਪਰ ਉਹਨੂੰ ਆਪਣੇ ਪੁੱਤਰ ਉੱਤੇ ਉਸ ਤੋਂ ਵੀ ਵੱਧ ਤਰਸ ਆ ਰਿਹਾ ਸੀ।

"ਮੇਰਾ ਵਿਚਾਰਾ ਪੁੱਤਰ !" ਉਹਨੇ ਸੋਚਿਆ।

"ਸੋ ਤੇਰਾ ਖ਼ਿਆਲ ਏ ਮੈਂ ਉਹਨੂੰ ਕੁਝ ਨਾ ਦੱਸਾਂ ?" **ਖੋਖੋਲ** ਨੇ ਅਚਾਨਕ ਪੁੱਛਿਆ।

"ਇਹ ਵਧੇਰੇ ਇਮਾਨਦਾਰ ਗੱਲ ਏ," ਪਾਵੇਲ ਨੇ ਠਰ੍ਹੰਮੇ ਨਾਲ਼ ਕਿਹਾ।

"ਚੰਗਾ, ਮੈਂ ਕੁਝ ਨਹੀਂ ਕਹਾਂਗਾ," **ਖੋਖੋਲ** ਬੋਲਿਆ। ਕੁਝ ਸਕਿੰਟਾਂ ਪਿੱਛੋਂ ਉਹਨੇ ਹੌਲ਼ੀ ਜਿਹੀ ਅਤੇ ਦੁੱਖ ਨਾਲ਼ ਕਿਹਾ, "ਪਾਵੇਲ, ਜਦੋਂ ਤੇਰੇ ਨਾਲ਼ ਇਹੋ ਕੁਝ ਹੋਇਆ ਤੇਰੇ ਲਈ ਵੀ ਸਹਾਰਨਾ ਬਹੁਤ ਔਖਾ ਹੋਵੇਗਾ..."

"ਮੈਂ ਤਾਂ ਪਹਿਲਾਂ ਹੀ ਔਖਾਂ।..."

ਹਵਾ ਮਕਾਨ ਦੀਆਂ ਕੰਧਾਂ ਨਾਲ਼ ਖਹਿਸਰ ਰਹੀ ਸੀ। ਲਟਕਣ ਸਮੇਂ ਦੀ ਚਾਲ ਦੱਸੀ ਜਾ ਰਿਹਾ ਸੀ।

"ਇਹ ਕੋਈ ਮਖ਼ੌਲ ਨਹੀਂ," **ਖੋਖੋਲ** ਨੇ ਹੌਲ਼ੀ ਜਿਹੀ ਕਿਹਾ।

ਮਾਂ ਨੇ ਆਪਣਾ ਸਿਰ ਸਿਰਹਾਣੇ ਵਿੱਚ ਦਬਾ ਲਿਆ ਅਤੇ ਚੁੱਪ-ਚਾਪ ਰੋਂਦੀ ਰਹੀ।

ਸਵੇਰੇ ਉਹਨੂੰ ਜਾਪਿਆ ਕਿ ਆਂਦਰੇਈ ਨਿਕੇਰਾ ਹੋ ਗਿਆ ਹੈ ਅਤੇ ਇੱਥੋਂ ਤੱਕ ਕਿ ਹੋਰ ਪਿਆਰਾ ਲੱਗਣ ਲੱਗ ਪਿਐ। ਉਹਦਾ ਪੁੱਤਰ ਪਹਿਲਾਂ ਵਾਂਗ ਹੀ ਸਿੱਧਾ ਤੇ ਪਤਲਾ ਅਤੇ ਚੁੱਪ ਸੀ। ਪਹਿਲਾਂ ਕਦੀ ਉਹਨੇ **ਖੋਖੋਲ** ਨੂੰ ਆਂਦਰੇਈ ਓਨੀਸਿਮੋਵਿਚ* ਤੋਂ ਬਿਨਾਂ ਹੋਰ ਕੁਝ ਨਹੀਂ

* ਕਿਸੇ ਨੂੰ ਰਸਮੀ ਢੰਗ ਨਾਲ਼ ਜਾਂ ਸਤਿਕਾਰ ਨਾਲ਼ ਸੰਬੋਧਨ ਕਰਨ ਦਾ ਢੰਗ ਹੈ। — **ਅਨੁ:**

ਸੀ ਸੱਦਿਆ, ਪਰ ਅੱਜ ਅਚੇਤੇ ਹੀ ਉਹਨੇ ਕਿਹਾ:

"ਆਂਦਰੀਊਸ਼ਾ*, ਤੂੰ ਆਪਣੇ ਬੂਟ ਗੰਢਵਾ ਲੈ, ਨਹੀਂ ਤਾਂ ਤੈਨੂੰ ਠੰਢ ਲੱਗ ਜਾਵੇਗੀ।"

"ਅਗਲੀ ਤਨਖ਼ਾਹ 'ਤੇ ਮੈਂ ਨਵੇਂ ਬੂਟ ਲੈ ਲਵਾਂਗਾ," ਉਹਨੇ ਹੱਸਦੇ ਹੋਏ ਜਵਾਬ ਦਿੱਤਾ। ਫਿਰ ਉਹਨੇ ਲੰਮੀ ਬਾਂਹ ਉਹਦੇ ਮੋਢਿਆਂ ਦੁਆਲੇ ਵਲੀ ਅਤੇ ਕਿਹਾ, "ਕੀ ਪਤਾ ਅਖ਼ੀਰ ਤੂੰ ਮੇਰੀ ਅਸਲੀ ਮਾਂ ਏਂ! ਬਸ ਤੂੰ ਇਸ ਗੱਲ ਦਾ ਇਕਬਾਲ ਨਹੀਂ ਕਰਨਾ ਚਾਹੁੰਦੀ ਕਿਉਂਕਿ ਮੈਂ ਇੰਨਾ ਕੋਝਾ ਵਾਂ, ਇਹੋ ਗੱਲ ਏ?"

ਮਾਂ ਨੇ ਜਵਾਬ ਦਿੱਤੇ ਬਗ਼ੈਰ ਉਹਦੇ ਹੱਥ ਨੂੰ ਥਪਕੀ ਦਿੱਤੀ। ਉਹ ਪਿਆਰ ਦੇ ਅਨੇਕ ਸ਼ਬਦ ਕਹਿਣਾ ਚਾਹੁੰਦੀ ਸੀ, ਪਰ ਉਹਦਾ ਦਿਲ ਰਹਿਮ ਨਾਲ਼ ਸੁੰਗੜ ਗਿਆ ਸੀ ਅਤੇ ਉਹਦੇ ਬੁੱਲ੍ਹਾਂ ਵਿੱਚੋਂ ਗੱਲ ਨਾ ਨਿਕਲੀ।

## 9

ਬਸਤੀ ਦੇ ਲੋਕਾਂ ਨੇ ਸੋਸ਼ਲਿਸਟਾਂ ਬਾਰੇ ਗੱਲਾਂ ਸ਼ੁਰੂ ਕਰ ਦਿੱਤੀਆਂ, ਜਿਹੜੇ ਨੀਲ਼ੀ ਸਿਆਹੀ ਨਾਲ਼ ਲਿਖੇ ਇਸ਼ਤਿਹਾਰ ਵੰਡ ਰਹੇ ਸਨ। ਇਹਨਾਂ ਇਸ਼ਤਿਹਾਰਾਂ ਵਿੱਚ ਕਾਰਖ਼ਾਨੇ ਦੇ ਪ੍ਰਬੰਧਕਾਂ ਉੱਤੇ ਕਰੜੀ ਪੜਚੋਲ ਕੀਤੀ ਹੁੰਦੀ, ਪੀਟਰਜ਼ਬਰਗ ਅਤੇ ਰੂਸ ਦੇ ਦੱਖਣ ਵਿੱਚ ਹੜਤਾਲਾਂ ਦੀ ਗੱਲ ਕੀਤੀ ਹੁੰਦੀ ਅਤੇ ਕਿਰਤੀਆਂ ਨੂੰ ਆਪਣੇ ਹੱਕਾਂ ਦੀ ਰੱਖਿਆ ਲਈ ਇੱਕਮੁੱਠ ਹੋਣ ਦਾ ਸੱਦਾ ਦਿੱਤਾ ਹੁੰਦਾ।

ਅੱਧ-ਖੜ ਉਮਰ ਦੇ ਲੋਕ, ਜਿਹੜੇ ਕਾਰਖ਼ਾਨੇ ਵਿੱਚ ਚੰਗੇ ਪੈਸੇ ਕਮਾ ਰਹੇ ਸਨ, ਜਾਮੇ ਤੋਂ ਬਾਹਰ ਹੋ ਗਏ।

"ਪੁਆੜੇ-ਹੱਥੇ!" ਉਹਨਾਂ ਕਿਹਾ। "ਅਜਿਹੇ ਕੰਮਾਂ ਲਈ ਉਹਨਾਂ ਦੇ ਬੂਥੇ ਭੰਨਣੇ ਚਾਹੀਦੇ ਨੇ!" ਅਤੇ ਉਹ ਇਸ਼ਤਿਹਾਰ ਆਪਣੇ ਅਫ਼ਸਰਾਂ ਕੋਲ਼ ਲੈ ਗਏ।

ਜਵਾਨਾਂ ਨੇ ਇਸ਼ਤਿਹਾਰ ਉਤਸ਼ਾਹ ਨਾਲ਼ ਪੜ੍ਹੇ।

"ਇਹ ਸਭ ਸੱਚ ਏ!" ਉਹਨਾਂ ਕਿਹਾ।

ਨਿੱਤ ਦੇ ਗੇੜ ਕਾਰਨ ਪਸਿਤੇ ਹੋਏ ਆਮ ਕਿਰਤੀਆਂ ਦਾ ਪ੍ਰਤਿਕਰਮ ਨਿਰਉਤਸ਼ਾਹ ਸੀ।

"ਇਸ ਵਿੱਚੋਂ ਕੁਝ ਨਿਕਲਣ ਨਹੀਂ ਲੱਗਾ। ਇਹ ਹੋ ਹੀ ਨਹੀਂ ਸਕਦਾ।"

ਪਰ ਇਸ਼ਤਿਹਾਰਾਂ ਨੇ ਹਲਚਲ ਪੈਦਾ ਕਰ ਦਿੱਤੀ ਅਤੇ ਇੱਕ ਵਾਰ ਜਦੋਂ ਇੱਕ ਹਫ਼ਤਾ ਕੋਈ ਨਵਾਂ ਇਸ਼ਤਿਹਾਰ ਨਾ ਨਿਕਲਿਆ ਤਾਂ ਕਿਰਤੀਆਂ ਇੱਕ ਦੂਜੇ ਨੂੰ ਕਿਹਾ, "ਜਾਪਦੈ ਉਹਨਾਂ ਇਹ ਛਾਪਣੇ ਬੰਦ ਕਰ ਦਿੱਤੇ ਨੇ।..."

ਪਰ ਅਗਲੇ ਸੋਮਵਾਰ ਨਵੇਂ ਇਸ਼ਤਿਹਾਰ ਆ ਗਏ ਅਤੇ ਕਿਰਤੀਆਂ ਨੇ ਆਪੋ ਵਿੱਚ ਉਹਨਾਂ ਬਾਰੇ ਘੁਸਰ-ਮੁਸਰ ਸ਼ੁਰੂ ਕਰ ਦਿੱਤੀ।

ਕਾਰਖ਼ਾਨੇ ਵਿੱਚ ਅਤੇ ਸ਼ਰਾਬਖ਼ਾਨੇ ਵਿੱਚ ਅਜਿਹੇ ਲੋਕ ਆਏ ਜਿਨ੍ਹਾਂ ਨੂੰ ਕੋਈ ਨਹੀਂ ਸੀ ਜਾਣਦਾ। ਉਹ ਇੱਧਰ ਉੱਧਰ ਵੇਖਦੇ, ਸੂਹਾਂ ਲੈਂਦੇ, ਸਵਾਲ ਪੁੱਛਦੇ, ਆਪਣੀ ਅਤਿ ਦੀ

---

* ਕਿਸੇ ਨੂੰ ਪਿਆਰ ਨਾਲ਼ ਸੰਬੋਧਨ ਕਰਨ ਦਾ ਢੰਗ। — **ਅਨੁ:**

ਸੋਘਵਾਨੀ ਕਾਰਨ ਜਾਂ ਜਿਵੇਂ ਉਹ ਹਰ ਇੱਕ ਦੇ ਮਾਮਲੇ ਵਿੱਚ ਦਖ਼ਲ ਦੇਂਦੇ, ਉਸ ਕਾਰਨ ਉਹ ਇੱਕ ਦਮ ਸ਼ੱਕ ਪੈਦਾ ਕਰਦੇ।

ਮਾਂ ਨੂੰ ਪਤਾ ਸੀ ਕਿ ਇਹ ਸਾਰੀ ਹਿਲਜੁਲ ਉਹਦੇ ਪੁੱਤਰ ਦੀਆਂ ਹਰਕਤਾਂ ਕਾਰਨ ਹੈ। ਉਹ ਵੇਖਦੀ ਕਿ ਲੋਕ ਉਹਦੇ ਵੱਲ ਖਿੱਚੇ ਆਉਂਦੇ ਸਨ ਅਤੇ ਉਹਦੇ ਮਾਣ ਵਿੱਚ ਉਹਦੇ ਭਲੇ ਲਈ ਤੌਖਲਾ ਮਿਲਿਆ ਹੋਇਆ ਸੀ।

ਇੱਕ ਸ਼ਾਮ ਮਾਰੀਆ ਕੋਰਸੂਨੋਵਾ ਨੇ ਵਲਾਸੋਵਾ ਦੀ ਬਾਰੀ ਉੱਤੇ ਖੜ ਖੜ ਕੀਤੀ ਅਤੇ ਜਦੋਂ ਮਾਂ ਨੇ ਬਾਰੀ ਖੋਹਲੀ ਤਾਂ ਉਸ ਉੱਚੀ ਘੁਸਰ-ਮੁਸਰ ਦੇ ਢੰਗ ਵਿੱਚ ਕਿਹਾ:

"ਧਿਆਨ ਰੱਖੀਂ ਪੇਲਾਗੀਆ! ਖੇਡ ਖ਼ਤਮ ਹੋ ਗਈ ਏ! ਅੱਜ ਰਾਤੀਂ ਉਹ ਤੇਰੇ ਘਰ ਦੀ ਤਲਾਸ਼ੀ ਲੈਣਗੇ ਤੇ ਮਾਜ਼ੀਨਾਂ ਦੇ ਘਰ ਦੀ ਤੇ ਵੇਸੋਵਸ਼ਚੀਕੋਵਾਂ ਦੇ ਘਰ ਦੀ ਵੀ।..."

ਮਾਰੀਆ ਦੇ ਮੋਟੇ ਬੁੱਲ੍ਹ ਕਾਹਲ ਨਾਲ਼ ਛੇਤੀ ਛੇਤੀ ਮੀਟੇ ਗਏ, ਉਹਨੇ ਆਪਣੇ ਮਾਸਲ ਨੱਕ ਵਿੱਚੋਂ ਸੁੜ ਸੁੜ ਕੀਤੀ, ਅੱਖਾਂ ਝਪਕੀਆਂ, ਆਪਣੀਆਂ ਅੱਖਾਂ ਗਲ਼ੀ ਵਿੱਚ ਕਿਸੇ ਬੰਦੇ ਉੱਤੇ ਲਾਏ ਹੋਏ ਪਹਿਲਾਂ ਇੱਕ ਪਾਸੇ ਵੇਖਿਆ, ਫਿਰ ਦੂਜੇ ਪਾਸੇ।

"ਤੇ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ, ਤੇ ਮੈਂ ਤੈਨੂੰ ਕੁਝ ਨਹੀਂ ਦੱਸਿਆ ਤੇ ਅੱਜ ਮੈਂ ਤੈਨੂੰ ਮਿਲੀ ਵੀ ਨਹੀਂ, ਸੁਣਦੀ ਏਂ?"

ਉਹ ਚਲੀ ਗਈ।

ਮਾਂ ਨੇ ਬਾਰੀ ਬੰਦ ਕੀਤੀ ਅਤੇ ਹੌਲ਼ੀ ਹੌਲ਼ੀ ਕੁਰਸੀ ਵਿੱਚ ਢੱਠ ਗਈ। ਪਰ ਪੁੱਤਰ ਨੂੰ ਪੇਸ਼ ਖ਼ਤਰੇ ਉਹਨੂੰ ਇੱਕ ਦਮ ਖੜਾ ਕਰ ਦਿੱਤਾ। ਉਹਨੇ ਕਾਹਲੀ ਕਾਹਲੀ ਕੱਪੜੇ ਪਹਿਨੇ, ਪਤਾ ਨਹੀਂ ਕਿਉਂ ਆਪਣੇ ਸਿਰ ਦੁਆਲੇ ਸ਼ਾਲ ਲਪੇਟੀ ਅਤੇ ਨੱਠ ਕੇ ਫ਼ਿਓਦੋਰ ਮਾਜ਼ੀਨ ਦੇ ਘਰ ਗਈ। ਉਹ ਬਿਮਾਰ ਸੀ ਅਤੇ ਇਸ ਲਈ ਕਾਰਖ਼ਾਨੇ ਨਹੀਂ ਸੀ ਗਿਆ। ਜਦੋਂ ਉਹ ਅੰਦਰ ਆਈ ਤਾਂ ਉਹ ਬਾਰੀ ਕੋਲ਼ ਬੈਠਾ ਇੱਕ ਕਿਤਾਬ ਪੜ੍ਹ ਰਿਹਾ ਸੀ ਅਤੇ ਆਪਣੇ ਸੱਜੇ ਹੱਥ ਨੂੰ ਪਲੋਸ ਰਿਹਾ ਸੀ ਜਿਸਦਾ ਅੰਗੂਠਾ ਗ਼ੈਰ-ਕੁਦਰਤੀ ਢੰਗ ਨਾਲ਼ ਇੱਕ ਪਾਸੇ ਵਧਿਆ ਹੋਇਆ ਸੀ। ਖ਼ਬਰ ਸੁਣ ਕੇ ਉਹਦਾ ਮੂੰਹ ਪੀਲ਼ਾ ਪੈ ਗਿਆ ਅਤੇ ਉਹ ਉੱਛਲ ਪਿਆ।

"ਜ਼ਰਾ ਸੋਚ!" ਉਹ ਬੁੜਬੁੜਾਇਆ।

"ਅਸੀਂ ਕੀ ਕਰੀਏ?" ਪੇਲਾਗੀਆ ਨੇ ਕੰਬਦੇ ਹੱਥ ਨਾਲ਼ ਆਪਣੇ ਮੱਥੇ ਤੋਂ ਪਸੀਨਾ ਪੂੰਝਦੇ ਹੋਏ ਕਿਹਾ।

"ਜ਼ਰਾ ਠਹਿਰ, ਐਵੇਂ ਘਾਬਰੀ ਨਾ ਜਾ," ਫ਼ਿਓਦੋਰ ਨੇ ਆਪਣੇ ਠੀਕ ਹੱਥ ਨਾਲ਼ ਆਪਣੇ ਘੁੰਗਰਾਲੇ ਵਾਲ ਪਿੱਛੇ ਕਰਦੇ ਹੋਏ ਕਿਹਾ।

"ਲੈ, ਤੂੰ ਤਾਂ ਆਪ ਹੀ ਘਾਬਰਿਆ ਹੋਇਐਂ!" ਮਾਂ ਉੱਚੀ ਜਿਹੀ ਬੋਲੀ।

"ਮਾਂ?" ਉਹਦਾ ਰੰਗ ਲਾਲ ਹੋ ਗਿਆ ਅਤੇ ਠਿੱਠ ਹੋ ਕੇ ਮੁਸਕਰਾਇਆ। "ਹੂੰ-ਹਾਂ। ਲਾਹਨਤ ਸਭ ਕਾਸੇ ਉੱਤੇ।... ਸਾਨੂੰ ਪਾਵੇਲ ਨੂੰ ਖ਼ਬਰ ਦੇਣੀ ਚਾਹੀਦੀ ਹੈ। ਮੈਂ ਕਿਸੇ ਨੂੰ ਭੇਜਦਾਂ। ਪਰ ਘਰ ਜਾ ਤੇ ਚਿੰਤਾ ਨਾ ਕਰ। ਉਹ ਸਾਨੂੰ ਕੁੱਟਣ ਤਾਂ ਨਹੀਂ ਲੱਗੇ, ਕਿ ਕੁੱਟਣਗੇ?"

ਘਰ ਅੱਪੜ ਕੇ ਉਹਨੇ ਸਾਰੀਆਂ ਕਿਤਾਬਾਂ ਇਕੱਠੀਆਂ ਕਰ ਲਈਆਂ, ਕਮਰੇ ਵਿੱਚ

ਟਹਿਲਣ ਲੱਗ ਪਈ ਅਤੇ ਉਹਨਾਂ ਨੂੰ ਛਾਤੀ ਨਾਲ਼ ਲਾਕੇ ਅੰਗੀਠੀ* ਵਿੱਚ, ਅੰਗੀਠੀ ਹੇਠਾਂ ਅਤੇ ਇੱਥੋਂ ਤੱਕ ਕਿ ਪਾਣੀ ਦੇ ਡਰਮ ਵਿੱਚ ਵੀ ਝਾਕਿਆ। ਉਹਦਾ ਖ਼ਿਆਲ ਸੀ ਕਿ ਪਾਵੇਲ ਕਾਰਖ਼ਾਨੇ ਤੋਂ ਇੱਕ ਦਮ ਨੱਠਦਾ ਆਵੇਗਾ, ਪਰ ਉਹ ਨਾ ਆਇਆ। ਅਖ਼ੀਰ ਥੱਕੀ-ਟੁੱਟੀ ਉਹ ਰਸੋਈ ਵਿੱਚ ਬੈਂਚ ਉੱਤੇ ਬਹਿ ਗਈ, ਕਿਤਾਬਾਂ ਆਪਣੇ ਹੇਠਾਂ ਰੱਖ ਕੇ, ਹਿਲਣੋਂ ਡਰਦੀ, ਇੱਥੋਂ ਤੱਕ ਕਿ ਪਾਵੇਲ ਅਤੇ ਖੋਖੋਲ ਘਰ ਮੁੜੇ।

"ਤੁਸਾਂ ਸੁਣਿਐ।..." ਉਹਨੇ ਉੱਠੇ ਬਿਨਾਂ ਉੱਚੀ ਜਿਹੀ ਕਿਹਾ।

"ਹਾਂ, " ਪਾਵੇਲ ਮੁਸਕਰਾਇਆ। "ਡਰ ਗਈ ਏਂ ?..."

"ਬਹੁਤ ਜ਼ਿਆਦਾ।..."

"ਤੈਨੂੰ ਉੱਕਾ ਹੀ ਡਰਨਾ ਨਹੀਂ ਸੀ ਚਾਹੀਦਾ," **ਖੋਖੋਲ** ਨੇ ਕਿਹਾ। "ਡਰਿਆਂ ਕੁਝ ਨਹੀਂ ਬਣਨਾ।"

"ਇਹਨੇ ਤਾਂ ਸਾਮਾਵਰ ਵੀ ਨਹੀਂ ਭਖਾਇਆ," ਪਾਵੇਲ ਨੇ ਕਿਹਾ।

"ਇਹਨਾਂ ਕਰਕੇ," ਮਾਂ ਨੇ ਦੋਸ਼ੀ ਜਿਹੇ ਢੰਗ ਨਾਲ਼ ਉੱਠਦੇ ਹੋਏ ਅਤੇ ਕਿਤਾਬਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

ਉਹਦਾ ਪੁੱਤਰ ਤੇ **ਖੋਖੋਲ** ਖੁੱਲ੍ਹ ਕੇ ਹੱਸ ਪਏ ਅਤੇ ਇਸ ਨਾਲ਼ ਉਹਦਾ ਮਨ ਵੀ ਟਿਕਾਣੇ ਆ ਗਿਆ। ਪਾਵੇਲ ਨੇ ਕੁਝ ਕਿਤਾਬਾਂ ਚੁਣੀਆਂ ਅਤੇ ਬਾਹਰ ਵਿਹੜੇ ਵਿੱਚ ਲੁਕਾਉਣ ਚਲਾ ਗਿਆ।

"ਡਰਨ ਦੀ ਤਾਂ ਉੱਕਾ ਹੀ ਕੋਈ ਗੱਲ ਨਹੀਂ, **ਨੈਨਕੋ**," ਖੋਖੋਲ ਨੇ ਸਾਮਾਵਰ ਬਾਲਦੇ ਹੋਏ ਕਿਹਾ। "ਬਸ ਵੱਡੀ ਸ਼ਰਮ ਦੀ ਗੱਲ ਤਾਂ ਇਹ ਏ ਕਿ ਲੋਕ ਇਹੋ ਜਿਹੀਆਂ ਬੇਵਕੂਫ਼ੀਆਂ ਵਿੱਚ ਆਪਣਾ ਸਮਾਂ ਨਸ਼ਟ ਕਰਦੇ ਨੇ। ਪੱਕੀ ਉਮਰ ਦੇ ਲੋਕ, ਜਿਨ੍ਹਾਂ ਦੇ ਗਾਤਰਿਆਂ ਵਿੱਚ ਤਲਵਾਰਾਂ ਨੇ ਅਤੇ ਬੂਟਾਂ ਨੂੰ ਮਹਿਮੀਜ਼ਾਂ ਲੱਗੀਆਂ ਨੇ, ਉਹ ਇੱਥੇ ਆਉਣਗੇ, ਹਰ ਸ਼ੈ ਦੀ ਫੋਲਾ-ਫਾਲੀ ਕਰਨਗੇ — ਮੰਜੇ ਦੇ ਅਤੇ ਅੰਗੀਠੀ ਦੇ ਹੇਠਾਂ ਝਾਕਣਗੇ, ਹੇਠਾਂ ਭੋਰੇ ਵਿੱਚ ਜਾਣਗੇ ਅਤੇ ਉੱਪਰ ਮਿਆਨੀ ਵਿੱਚ ਚੜ੍ਹਨਗੇ। ਉਹਨਾਂ ਦੇ ਮੂੰਹਾਂ ਉੱਤੇ ਜਾਲੇ ਚੰਬੜ ਜਾਣਗੇ ਅਤੇ ਉਹ ਘਿਰਣਾ ਨਾਲ਼ ਥੁੱਕਣਗੇ। ਉਹ ਝੁੰਜਲਾਉਣਗੇ ਅਤੇ ਉਹਨਾਂ ਨੂੰ ਸ਼ਰਮ ਆਵੇਗੀ ਅਤੇ ਇਸੇ ਲਈ ਉਹ ਬੜੇ ਤੁੰਦ ਅਤੇ ਗ਼ੁਸੈਲੇ ਹੋਣ ਦਾ ਪੱਜ ਬਣਾਉਣਗੇ। ਉਹ ਜਾਣਦੇ ਨੇ ਕਿ ਉਹਨਾਂ ਦਾ ਕੰਮ ਕਿਹੋ ਜਿਹਾ ਜਨੌਰਾਂ ਵਾਲ਼ਾ ਏ। ਇੱਕ ਵਾਰ ਮੇਰੀਆਂ ਸਾਰੀਆਂ ਚੀਜ਼ਾਂ ਦੀ ਫੋਲਾ ਫਾਲੀ ਕਰਦਿਆਂ ਉਹਨਾਂ ਨੂੰ ਇੰਨੀ ਸ਼ਰਮ ਆਈ ਕਿ ਉਹਨਾਂ ਤਲਾਸ਼ੀ ਬੰਦ ਕਰ ਦਿੱਤੀ ਅਤੇ ਚਲੇ ਗਏ। ਇੱਕ ਹੋਰ ਵਾਰ ਮੈਨੂੰ ਨਾਲ਼ ਲੈ ਗਏ। ਮੈਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਅਤੇ ਲਗਭਗ ਚਾਰ ਮਹੀਨੇ ਉੱਥੇ ਰੱਖਿਆ। ਜੇਲ੍ਹ ਵਿੱਚ ਬੰਦਾ ਕੁਝ ਨਹੀਂ ਕਰਦਾ, ਬਸ ਬੈਠਾ ਰਹਿੰਦੈ ਤੇ ਉਡੀਕਦੈ। ਫਿਰ ਤੁਹਾਨੂੰ ਸੰਮਨ ਆ ਜਾਂਦੇ ਨੇ, ਸਿਪਾਹੀ ਤੁਹਾਨੂੰ ਸੜਕਾਂ ਤੋਂ ਲੈ ਜਾਂਦੇ ਨੇ ਅਤੇ ਕੋਈ ਵੱਡਾ ਅਫ਼ਸਰ ਤੁਹਾਥੋਂ ਸਵਾਲ ਪੁੱਛਦੈ। ਉਹ ਬਹੁਤ ਹੁਸ਼ਿਆਰ ਨਹੀਂ ਹੁੰਦੇ — ਇਹ ਅਫ਼ਸਰ ਲੋਕ — ਉਹ ਬਹੁਤ

* ਪੁਰਾਣੇ ਸਮਿਆਂ ਵਿੱਚ ਰੂਸੀ ਘਰਾਂ ਵਿੱਚ ਬਣੀ ਅੰਗੀਠੀ ਇੱਕ ਬਹੁਤ ਵੱਡਾ ਥੜ੍ਹਾ ਹੁੰਦਾ ਸੀ, ਜਿਹੜਾ ਅੰਦਰੋਂ ਖ਼ਾਲੀ ਹੁੰਦਾ ਸੀ। ਇਹ ਘਰ ਨੂੰ ਗਰਮ ਕਰਨ ਅਤੇ ਖਾਣਾ ਬਣਾਉਣ ਲਈ ਵਰਤੀ ਜਾਂਦੀ ਅਤੇ ਸਰਦੀਆਂ ਵਿੱਚ ਬੁੱਢੇ ਜਾਂ ਬਿਮਾਰ ਲੋਕ ਇਹਦੇ ਉੱਤੇ ਸੌਂਦੇ। — **ਅਨੁ:**

ਅਵਾ-ਤਬਾ ਬੋਲਦੇ ਨੇ, ਫਿਰ ਸਿਪਾਹੀਆਂ ਨੂੰ ਹੁਕਮ ਦੇਂਦੇ ਨੇ ਕਿ ਉਹ ਤੁਹਾਨੂੰ ਜੇਲ੍ਹ ਵਾਪਸ ਲੈ ਜਾਣ। ਸੋ ਉਹ ਤੁਹਾਨੂੰ ਇੱਕ ਥਾਉਂ ਦੂਜੀ ਥਾਂ ਧੱਕੀ ਫਿਰਦੇ ਨੇ — ਅਖ਼ੀਰ, ਉਹਨਾਂ ਨੂੰ ਜਿਹੜੀ ਤਨਖ਼ਾਹ ਮਿਲਦੀ ਏ, ਉਹਦੇ ਬਦਲੇ ਉਹਨਾਂ ਕੁਝ ਤਾਂ ਕਰਨਾ ਹੋਇਆ! ਅਖ਼ੀਰ ਉਹ ਤੁਹਾਨੂੰ ਰਿਹਾ ਕਰ ਦੇਂਦੇ ਨੇ ਅਤੇ ਬਸ ਇੰਨਾ ਹੀ ਹੁੰਦੈ!"

"ਗੱਲਾਂ ਤੂੰ ਖ਼ੂਬ ਪਟਾਕਦੈ, ਆਂਦਰੀਊਸ਼ਾ!" ਮਾਂ ਬੋਲ ਉੱਠੀ।

ਉਹ ਸਾਮਾਵਰ ਭਖਾਉਣ ਲਈ ਗੋਡਿਆਂ ਭਾਰ ਹੋਇਆ ਹੋਇਆ ਸੀ, ਉਹਨੇ ਆਪਣਾ ਲਾਲ ਹੋਇਆ ਮੂੰਹ ਉੱਪਰ ਚੁੱਕਿਆ, ਮੁੱਛਾਂ ਸੰਵਾਰੀਆਂ, ਅਤੇ ਪੁੱਛਿਆ:

"ਕਿਹੋ ਜਿਹੀਆਂ ਗੱਲਾਂ!"

"ਜਿਵੇਂ ਤੈਨੂੰ ਕਦੀ ਕਿਸੇ ਨੇ ਦੁੱਖ ਪੁਚਾਇਆ ਹੀ ਨਾ ਹੋਵੇ।..."

"ਕੀ ਇਸ ਸੰਸਾਰ ਵਿੱਚ ਇੱਕ ਵੀ ਰੂਹ ਅਜਿਹੀ ਏ ਜਿਸਨੂੰ ਦੁੱਖ ਨਹੀਂ ਪਹੁੰਚਿਆ?" ਉਹਨੇ ਉੱਠਦੇ ਅਤੇ ਆਪਣਾ ਸਿਰ ਹਿਲਾਉਂਦੇ, ਮੁਸਕਰਾ ਕੇ ਕਿਹਾ। "ਉਹਨਾਂ ਮੈਨੂੰ ਇੰਨਾ ਦੁੱਖ ਪੁਚਾਇਐ ਕਿ ਹੁਣ ਮੈਂ ਇਸ ਵੱਲ ਧਿਆਨ ਈ ਨਹੀਂ ਦੇਂਦਾ। ਕਿਉਂਕਿ ਲੋਕ ਅਜਿਹੇ ਨੇ, ਤੁਸੀਂ ਕਰ ਹੀ ਕੀ ਸਕਦੇ ਹੋ? ਜੇ ਤੁਸੀਂ ਇਹਨਾਂ ਵੱਲ ਵੱਧ ਧਿਆਨ ਦਿਓ ਤਾਂ ਇਸ ਨਾਲ਼ ਤੁਹਾਡੇ ਕੰਮ ਵਿੱਚ ਰੋਕ ਹੀ ਪੈਂਦੀ ਏ ਅਤੇ ਆਪਣੀਆਂ ਸੱਟਾਂ ਨੂੰ ਚਿਤਾਰਨਾ ਸਮਾਂ ਵਿਅਰਥ ਗੁਆਣਾ ਏ। ਇਹੋ ਜਿਹੀ ਏ ਜ਼ਿੰਦਗੀ! ਮੈਂ ਲੋਕਾਂ ਉੱਤੇ ਗੁੱਸੇ ਹੋਇਆ ਕਰਦਾ ਸਾਂ, ਪਰ ਫਿਰ ਮੈਂ ਵੇਖਿਆ ਇਹਦਾ ਕੋਈ ਲਾਭ ਨਹੀਂ। ਹਰ ਕੋਈ ਡਰਦੈ ਕਿ ਉਹਦਾ ਗੁਆਂਢੀ ਉਹਨੂੰ ਦੋ ਜੜਨ ਵਾਲ਼ਾ ਏ ਸੋ ਉਹ ਪਹਿਲਾਂ ਹੀ ਉਹਨੂੰ ਕੰਨੋਂ ਫੜਨ ਦੀ ਕਰਦੈ। ਇਹੋ ਜਿਹੀ ਏ ਜ਼ਿੰਦਗੀ, ਮੇਰੀ **ਨੈਨਕੋ**!"

ਉਹਦਾ ਲਫ਼ਜ਼ਾਂ ਦਾ ਵਹਾ ਬੜਾ ਸਵਾਹਰਾ ਸੀ, ਜਿਸਨੇ ਭਾਵੀ ਤਲਾਸ਼ੀ ਬਾਰੇ ਉਹਦੇ ਤੌਖਲੇ ਦੂਰ ਕਰ ਦਿੱਤੇ; ਉਹਦੀਆਂ ਉੱਭਰਵੀਆਂ ਲਿਸ਼ਕਦੀਆਂ ਅੱਖਾਂ ਮੁਸਕਰਾਉਂਦੀਆਂ ਅਤੇ ਮਾਂ ਨੇ ਵੇਖਿਆ ਕਿ ਆਪਣੇ ਭੱਦੇਪਨ ਦੇ ਬਾਵਜੂਦ ਉਹ ਕਿੰਨਾ ਛੁਹਲਾ ਸੀ।

ਮਾਂ ਨੇ ਹਉਕਾ ਭਰਿਆ।

"ਸ਼ਾਲਾ ਰੱਬ ਤੈਨੂੰ ਖੁਸ਼ੀ ਬਖ਼ਸ਼ੇ, ਆਂਦਰੀਊਸ਼ਾ," ਉਹਨੇ ਬੜੇ ਜੋਸ਼ ਨਾਲ਼ ਕਿਹਾ।

**ਖੋਖੋਲ** ਉਲਾਂਘ ਭਰ ਕੇ ਸਾਮਾਵਰ ਕੋਲ਼ ਗਿਆ ਅਤੇ ਫਿਰ ਉਹਦੇ ਕੋਲ਼ ਗੋਡਿਆਂ ਭਾਰ ਬਹਿ ਗਿਆ।

"ਜੇ ਮੈਨੂੰ ਭੋਰਾ ਕੁ ਖੁਸ਼ੀ ਮਿਲੇ ਤਾਂ ਮੈਂ ਨਾਂਹ ਤਾਂ ਕਰਨੋ ਰਿਹਾ," ਉਹ ਬੁੜਬੁੜਾਇਆ, "ਪਰ ਮੈਂ ਇਹਦੇ ਲਈ ਪਿੰਨਣ ਵੀ ਨਹੀਂ ਲੱਗਾ!"

ਪਾਵੇਲ ਬਾਹਰੋਂ ਆਇਆ।

"ਉਹ ਉਹਨਾਂ ਨੂੰ ਉੱਕਾ ਹੀ ਨਹੀਂ ਲੱਭਣ ਲੱਗੀਆਂ," ਉਹਨੇ ਭਰੋਸੇ ਨਾਲ਼ ਕਿਹਾ ਅਤੇ ਹੱਥ ਧੋਣ ਲੱਗ ਪਿਆ। ਹੱਥ ਪੂੰਝਦੇ ਹੋਏ ਉਹ ਮਾਂ ਵੱਲ ਮੁੜਿਆ:

"ਜੇ ਉਹ ਵੇਖ ਲੈਣ ਕਿ ਤੂੰ ਡਰੀ ਹੋਈ ਏਂ ਤਾਂ ਉਹ ਕਹਿਣਗੇ ਘਰ ਵਿੱਚ ਜ਼ਰੂਰ ਕੁਝ ਹੈ ਜਿਸ ਕਰਕੇ ਉਹ ਕੰਬ ਰਹੀ ਏ। ਤੂੰ ਜਾਣਦੀ ਏਂ ਅਸੀਂ ਕੋਈ ਗ਼ਲਤ ਕੰਮ ਨਹੀਂ ਕਰ ਰਹੇ;

ਇਨਸਾਫ਼ ਸਾਡੇ ਹੱਕ ਵਿੱਚ ਏ ਅਤੇ ਆਪਣੀ ਸਾਰੀ ਉਮਰ ਇਹਦੇ ਲਈ ਕੰਮ ਕਰਾਂਗੇ। ਬਸ ਇਹੋ ਸਾਡਾ ਕਸੂਰ ਏ, ਸੋ ਅਸੀਂ ਕਿਉਂ ਡਰੀਏ ?"

"ਮੈਂ ਆਪਣੇ ਆਪ ਨੂੰ ਸਾਂਭ ਲਵਾਂਗੀ, ਪਾਸ਼ਾ," ਮਾਂ ਨੇ ਇਕਰਾਰ ਕੀਤਾ, ਪਰ ਅਗਲੇ ਹੀ ਸਾਹ ਉਹ ਬੜੀ ਦੁਖਿਆਰੀ ਤਰ੍ਹਾਂ ਫੁੱਟ ਪਈ: "ਜੇ ਕਿਤੇ ਉਹ ਛੇਤੀ ਆ ਜਾਣ ਤੇ ਫਸਤਾ ਮੁਕਾਉਣ !"

ਉਹ ਉਸ ਰਾਤ ਨਾ ਆਏ ਅਤੇ ਅਗਲੀ ਸਵੇਰ ਆਪਣੇ ਆਪ ਉੱਤੇ ਹੱਸ ਕੇ ਮਾਂ ਨੇ ਮੁੰਡਿਆਂ ਦੀਆਂ ਝਿੜਾਂ ਨੂੰ ਅਗਾਊਂ ਰੋਕ ਲਿਆ।

"ਮੈਂ ਤਾਂ ਖ਼ਤਰੇ ਤੋਂ ਪਹਿਲਾਂ ਹੀ ਘਾਬਰ ਗਈ," ਉਹਨੇ ਕਿਹਾ।

## 10

ਜੈਨਡਾਰਮ* ਉਸ ਡਰਾਉਣੀ ਰਾਤ ਤੋਂ ਲਗਭਗ ਇੱਕ ਮਹੀਨਾ ਪਿੱਛੋਂ ਆਏ। ਨਿਕੋਲਾਈ ਵੇਸੋਵਸ਼ਚੀਕੋਵ, ਪਾਵੇਲ ਅਤੇ ਆਂਦਰੇਈ ਨੂੰ ਮਿਲਣ ਆਇਆ ਹੋਇਆ ਸੀ ਅਤੇ ਉਹ ਤਿੰਨੇ ਆਪਣੇ ਅਖ਼ਬਾਰ ਬਾਰੇ ਵਿਚਾਰ ਕਰ ਰਹੇ ਸਨ। ਬਹੁਤ ਦੇਰ ਹੋ ਗਈ ਸੀ — ਲਗਭਗ ਅੱਧੀ ਰਾਤ। ਮਾਂ ਲੇਟ ਗਈ ਸੀ, ਅਤੇ ਜਦੋਂ ਉਹਨੂੰ ਊਂਘ ਆਈ ਤਾਂ ਉਹ ਉਹਨਾਂ ਦੀਆਂ ਸ਼ਾਂਤ, ਫ਼ਿਕਰਮੰਦ ਅਵਾਜ਼ਾਂ ਸੁਣ ਸਕਦੀ ਸੀ। ਫਿਰ ਆਂਦਰੇਈ ਪੱਬਾਂ ਭਾਰ ਚਲਦਾ ਰਸੋਈ ਦੇ ਦੂਜੇ ਪਾਸੇ ਗਿਆ ਅਤੇ ਆਪਣੇ ਪਿੱਛੋਂ ਦਰਵਾਜ਼ਾ ਬੰਦ ਕਰ ਗਿਆ। ਭਬਕਾ ਖੜਕਣ ਦੀ ਅਵਾਜ਼ ਆਈ, ਦਰਵਾਜ਼ਾ ਜ਼ੋਰ ਨਾਲ਼ ਖੁੱਲ੍ਹਿਆ ਅਤੇ ਆਂਦਰੇਈ ਵਾਪਸ ਰਸੋਈ ਵਿੱਚ ਆਇਆ।

"ਮਹਿਮੀਜ਼ਾਂ ਖੜਕ ਰਹੀਆਂ ਨੇ !" ਉਹਨੇ ਉੱਚੀ ਘੁਸਰ-ਮੁਸਰ ਵਿੱਚ ਕਿਹਾ।

ਮਾਂ ਛਾਲ ਮਾਰ ਕੇ ਬਿਸਤਰੇ ਵਿੱਚੋਂ ਨਿਕਲੀ ਅਤੇ ਕੰਬਦੀਆਂ ਉਂਗਲਾਂ ਨਾਲ਼ ਆਪਣੇ ਕੱਪੜੇ ਧਰੂਹਣ ਲੱਗ ਪਈ, ਪਰ ਪਾਵੇਲ ਬੂਹੇ ਵਿੱਚ ਆਇਆ ਅਤੇ ਠਰ੍ਹੰਮੇ ਨਾਲ਼ ਬੋਲਿਆ:

"ਤੂੰ ਮੰਜੇ 'ਤੇ ਲੇਟ ਜਾ। ਤੂੰ ਬਿਮਾਰ ਏਂ।"

ਬਾਹਰ ਸੋਘੀ ਖੜ ਖੜ ਸੁਣਾਈ ਦਿੱਤੀ। ਪਾਵੇਲ ਦਰਵਾਜ਼ੇ ਤੱਕ ਗਿਆ ਅਤੇ ਇਹ ਕਹਿੰਦੇ ਹੋਏ ਦਰਵਾਜ਼ਾ ਖੋਹਲਿਆ, "ਕੌਣ ਏ ?"

ਇੱਕ ਲੰਮਾ ਭੂਰਾ ਅਕਾਰ ਇੱਕ ਦਮ ਨਜ਼ਰ ਆਇਆ, ਉਹਦੇ ਪਿੱਛੇ ਇੱਕ ਹੋਰ ਸੀ, ਦੋ ਜੈਨਡਾਰਮਾਂ ਨੇ ਪਾਵੇਲ ਨੂੰ ਇੱਕ ਪਾਸੇ ਧੱਕ ਦਿੱਤਾ ਅਤੇ ਉਹਦੇ ਦੁਹੀਂ ਪਾਸੀਂ ਪਹਿਰੇ 'ਤੇ ਖੜੇ ਹੋ ਗਏ।

"ਤੁਸੀਂ ਸਾਨੂੰ ਤਾਂ ਨਹੀਂ ਸੀ ਉਡੀਕ ਰਹੇ, ਹੈਂ ?" ਇੱਕ ਉੱਚੀ, ਠੱਠਾ ਉਡਾਉਂਦੀ ਅਵਾਜ਼ ਨੇ ਕਿਹਾ।

ਬੋਲਣ ਵਾਲ਼ਾ ਇੱਕ ਲੰਮਾ ਪਤਲਾ ਅਫ਼ਸਰ ਸੀ, ਜਿਸਦੀ ਪਤਲੀ ਜਿਹੀ ਕਾਲ਼ੀ ਮੁੱਛ ਸੀ। ਸਥਾਨਕ ਪੁਲਸੀਆਂ ਵਿੱਚੋਂ ਇੱਕ, ਜਿਸਦਾ ਨਾਂ ਫ਼ੇਦਯਾਕਿਨ ਸੀ ਮਾਂ ਦੇ ਮੰਜੇ ਕੋਲ਼ ਗਿਆ:

---

* ਜੈਨਡਾਰਮ — ਜ਼ਾਰਸ਼ਾਹੀ ਦਿਨਾਂ ਵਿੱਚ ਰਾਜਸੀ ਕਾਰਕੁੰਨਾਂ ਵਿਰੁੱਧ ਕਾਰਵਾਈ ਕਰਨ ਵਾਲ਼ੀ ਵਿਸ਼ੇਸ਼ ਹਥਿਆਰਬੰਦ ਪੁਲੀਸ। — **ਅਨੁ:**

"ਇਹ ਉਹਦੀ ਮਾਂ ਏ, ਮਹਾ-ਮਹਿਮ," ਉਹਨੇ ਇੱਕ ਹੱਥ ਨਾਲ਼ ਆਪਣੀ ਟੋਪੀ ਛੂੰਹਦੇ ਅਤੇ ਬੜਾ ਡਰਾਉਣਾ ਮੂੰਹ ਬਣਾ ਕੇ ਦੂਜੇ ਨਾਲ਼ ਪੇਲਾਗੀਆ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

"ਅਤੇ ਇਹ ਜੇ ਉਹ ਆਪ," ਉਹਨੇ ਪਾਵੇਲ ਵੱਲ ਇਸ਼ਾਰਾ ਕਰਦੇ ਹੋਏ ਵਾਧਾ ਕੀਤਾ।

"ਪਾਵੇਲ ਵਲਾਸੋਵ ?" ਅਫ਼ਸਰ ਨੇ ਅੱਖਾਂ ਸੁੰਗੇੜਦੇ ਹੋਏ ਕਿਹਾ।

ਪਾਵੇਲ ਨੇ ਸਿਰ ਹਿਲਾਇਆ।

"ਮੈਂ ਤੇਰੇ ਘਰ ਦੀ ਤਲਾਸ਼ੀ ਲੈਣ ਆਇਆ ਹਾਂ," ਅਫ਼ਸਰ ਨੇ ਆਪਣੀ ਮੁੱਛ ਵੱਟ ਕੇ ਗੱਲ ਜਾਰੀ ਰੱਖੀ। "ਬੁੱਢੀਏ, ਉੱਠ ! ਉੱਥੇ ਕੌਣ ਏ ?" ਦਰਵਾਜ਼ੇ ਵਿੱਚੋਂ ਝਾਤ ਮਾਰਕੇ ਉਹ ਦੂਜੇ ਕਮਰੇ ਵਿੱਚ ਚਲਾ ਗਿਆ।

"ਤੁਹਾਡੇ ਨਾਂ ਕੀ ਨੇ ?" ਉਹਦੀ ਅਵਾਜ਼ ਆਈ।

ਦੋ ਗਵਾਹ ਅੰਦਰ ਆਏ। ਉਹਨਾਂ ਵਿੱਚੋਂ ਇੱਕ ਫ਼ਾਊਂਡਰੀ ਦਾ ਪੁਰਾਣਾ ਕਿਰਤੀ ਤਵੇਰਯਾਕੋਵ ਸੀ, ਦੂਜਾ ਝੋਕਾ ਰੀਬਿਨ ਸੀ, ਗਠਿਆ ਹੋਇਆ ਸਾਂਵਲਾ ਬੰਦਾ, ਜਿਹੜਾ ਤਵੇਰਯਾਕੋਵ ਦੇ ਮਕਾਨ ਵਿੱਚ ਇੱਕ ਕਮਰਾ ਕਿਰਾਏ ਉੱਤੇ ਲੈਕੇ ਰਹਿੰਦਾ ਸੀ।

"ਸ਼ੁਭ ਸ਼ਾਮ, ਨਿਲੋਵਨਾ," ਉਹਨੇ ਖਰ੍ਹਵੀ ਭਾਰੀ ਅਵਾਜ਼ ਵਿੱਚ ਮਾਂ ਨੂੰ ਕਿਹਾ।

ਕੱਪੜੇ ਪਾਉਂਦੀ ਹੋਈ ਉਹਨੇ ਬੁੜ ਬੁੜ ਕਰਕੇ ਆਪਣਾ ਹੌਂਸਲਾ ਵਧਾਉਣ ਦਾ ਜਤਨ ਕੀਤਾ:

"ਅੱਜ ਤੱਕ ਅਜਿਹੀ ਗੱਲ ਨਾ ਵੇਖੀ ਨਾ ਸੁਣੀ ! ਅੱਧੀ ਰਾਤ ਨੂੰ ਇਉਂ ਆ ਗਏ ! ਲੋਕ ਸੌਂ ਵੀ ਗਏ ਸਨ, ਤੇ ਇਹ ਆ ਧਮਕੇ !..."

ਕਮਰੇ ਵਿੱਚ ਭੀੜ ਸੀ ਅਤੇ ਪਤਾ ਨਹੀਂ ਕਿਉਂ ਇਹਦੇ ਵਿੱਚ ਬੂਟ ਪਾਲਸ਼ ਦੀ ਸਖ਼ਤ ਬੋ ਆ ਰਹੀ ਸੀ। ਦੋ ਜੈਨਡਾਰਮ ਅਤੇ ਸਥਾਨਕ ਪੁਲੀਸ ਦਾ ਮੁਖੀ ਰੀਸਕਿਨ ਸ਼ੋਰੀਲੇ ਢੰਗ ਨਾਲ਼ ਕਿਤਾਬਾਂ ਫੱਟਿਆਂ ਤੋਂ ਚੁੱਕਦੇ ਅਤੇ ਅਫ਼ਸਰ ਦੇ ਸਾਹਮਣੇ ਮੇਜ਼ ਉੱਤੇ ਢੇਰ ਲਾਈ ਜਾਂਦੇ। ਦੋ ਹੋਰ ਮੁੱਕੇ ਮਾਰ ਮਾਰ ਕੇ ਕੰਧਾਂ ਨੂੰ ਠਕੋਰਦੇ, ਕੁਰਸੀਆਂ ਹੇਠ ਨਜ਼ਰਾਂ ਮਾਰਦੇ ਅਤੇ ਉਹਨਾਂ ਵਿੱਚੋਂ ਇੱਕ ਤਾਂ ਭੱਦੇ ਢੰਗ ਨਾਲ਼ ਅੰਗੀਠੀ ਦੇ ਉੱਪਰ ਵੀ ਚੜ੍ਹ ਗਿਆ। **ਖੋਖੋਲ** ਅਤੇ ਵੇਸੋਵਸ਼ਚੀਕੋਵ ਇੱਕ ਦੂਜੇ ਦੇ ਨਾਲ਼ ਨਾਲ਼ ਇੱਕ ਨੁੱਕਰੇ ਖੜੇ ਸਨ। ਨਿਕੋਲਾਈ ਦੇ ਮਾਤਾ ਦੇ ਦਾਗ਼ਾਂ ਵਾਲ਼ੇ ਮੂੰਹ ਉੱਤੇ ਲਾਲ ਚਟਾਕ ਉੱਭਰ ਆਏ ਅਤੇ ਉਹਨੇ ਆਪਣੀਆਂ ਨਿੱਕੀਆਂ ਭੂਰੀਆਂ ਅੱਖਾਂ ਅਫ਼ਸਰ ਉੱਤੇ ਗੱਡੀ ਰੱਖੀਆਂ। **ਖੋਖੋਲ** ਆਪਣੀਆਂ ਮੁੱਛਾਂ ਨੂੰ ਵਟ ਦੇਂਦਾ ਖੜਾ ਰਿਹਾ ਅਤੇ ਜਦੋਂ ਮਾਂ ਕਮਰੇ ਵਿੱਚ ਆਈ ਤਾਂ ਉਹਨੇ ਨਿੱਕਾ ਜਿਹਾ ਹਾਸਾ ਹੱਸਿਆ ਅਤੇ ਉਹਦੇ ਵੱਲ ਵੇਖ ਕੇ ਆਪਣਾ ਸਿਰ ਸਨੇਹ ਨਾਲ਼ ਹਿਲਾਇਆ।

ਆਪਣੇ ਡਰ ਉੱਤੇ ਕਾਬੂ ਪਾਉਣ ਲਈ ਉਹ ਪਾਸੇ ਭਾਰ ਅੱਗੇ ਨਾ ਵਧੀ ਜਿਵੇਂ ਉਹ ਸਦਾ ਕਰਦੀ ਸੀ, ਪਰ ਛਾਤੀ ਤਾਣ ਕੇ ਸਿੱਧੀ ਅੱਗੇ ਗਈ ਅਤੇ ਇਸ ਨਾਲ਼ ਉਹਦੀ ਦੇਹ ਨੂੰ ਆਕੜ ਦੀ ਹਸਾਉਣੀ ਦਿੱਖ ਪ੍ਰਾਪਤ ਹੋ ਗਈ। ਉਹ ਚਲਦੀ ਹੋਈ ਆਪਣੇ ਪੈਰ ਫਰਸ਼ ਉੱਤੇ ਪਟਕ ਰਹੀ ਸੀ, ਪਰ ਉਹਦੇ ਭਰਵੱਟੇ ਫ਼ਰਕ ਰਹੇ ਸਨ।...

ਅਫ਼ਸਰ ਆਪਣੇ ਚਿੱਟੇ ਹੱਥਾਂ ਦੀਆਂ ਪਤਲੀਆਂ ਉਂਗਲਾਂ ਨਾਲ਼ ਕਿਤਾਬਾਂ ਝਪਟਦਾ,

ਉਹਨਾਂ ਨੂੰ ਕਾਹਲੀ ਕਾਹਲੀ ਫੋਲਦਾ ਅਤੇ ਇੱਕ ਚੁਸਤ ਹਰਕਤ ਨਾਲ਼ ਉਹਨਾਂ ਨੂੰ ਇੱਕ ਪਾਸੇ ਸੁੱਟ ਦੇਂਦਾ। ਕੁਝ ਕਿਤਾਬਾਂ ਹੌਲ਼ੀ ਜਿਹੇ ਠਕ ਕਰਕੇ ਫ਼ਰਸ਼ ਉੱਤੇ ਡਿੱਗ ਪੈਂਦੀਆਂ। ਕੋਈ ਵੀ ਨਾ ਬੋਲਿਆ। ਪਸੀਨੋ-ਪਸੀਨਾ ਹੋਏ ਜੈਨਡਾਰਮਾਂ ਦੇ ਭਾਰੇ ਸਾਹ ਘਰਕ ਰਹੇ ਸਨ, ਉਹ ਆਪਣੀਆਂ ਮਹਿਮੀਜ਼ਾਂ ਖੜਕਾਉਂਦੇ ਅਤੇ ਕਦੀ ਕਦੀ ਨਿੰਮ੍ਹੀ ਅਵਾਜ਼ ਵਿੱਚ ਪੁੱਛਦੇ:

"ਤੁਸੀਂ ਔਧਰ ਵੇਖ ਲਿਐ ?"

ਮਾਂ ਪਾਵੇਲ ਦੇ ਕੋਲ਼ ਕੰਧ ਨਾਲ਼ ਲੱਗੀ ਖੜੀ ਸੀ, ਉਹਦੇ ਹੱਥ ਪਾਵੇਲ ਵਾਂਗ ਹੀ ਇਕੱਠੇ ਹੋਏ ਸਨ, ਉਹਦੀਆਂ ਅੱਖਾਂ ਅਫ਼ਸਰ ਦੇ ਨਾਲ਼ ਨਾਲ਼ ਚੱਲ ਰਹੀਆਂ ਸਨ। ਜਾਪਦਾ ਸੀ ਕਿ ਉਹਦੇ ਗੋਡੇ ਜਵਾਬ ਦੇ ਜਾਣਗੇ ਅਤੇ ਉਹਦੀਆਂ ਅੱਖਾਂ ਉੱਤੇ ਇੱਕ ਸੁੱਕੀ ਜਿਹੀ ਤਹਿ ਆ ਗਈ ਸੀ।

"ਤੁਸੀਂ ਕਿਤਾਬਾਂ ਫ਼ਰਸ਼ ਉੱਤੇ ਜ਼ਰੂਰ ਸੁੱਟਣੀਆਂ ਨੇ ?" ਅਚਾਨਕ ਨਿਕੋਲਾਈ ਦੀ ਖਰ੍ਹਵੀ ਅਵਾਜ਼ ਚੁੱਪ ਨੂੰ ਚੀਰਦੀ ਹੋਈ ਆਈ।

ਮਾਂ ਤਰਭਕ ਉੱਠੀ। ਤਵੇਰਯਾਕੋਵ ਨੇ ਆਪਣਾ ਸਿਰ ਝਟਕਿਆ, ਜਿਵੇਂ ਕਿਸੇ ਨੇ ਉਹਨੂੰ ਧੱਕਾ ਦਿੱਤਾ ਹੋਵੇ; ਰੀਬਿਨ ਘਰਕਿਆ ਅਤੇ ਇੱਕ-ਟਕ ਨਿਕੋਲਾਈ ਵੱਲ ਵੇਖਣ ਲੱਗ ਪਿਆ।

ਅਫ਼ਸਰ ਨੇ ਆਪਣੀਆਂ ਅੱਖਾਂ ਸੰਗੋੜੀਆਂ ਅਤੇ ਨਿਕੋਲਾਈ ਦੇ ਪਥਰੀਲੇ, ਮਾਤਾ ਦੇ ਦਾਗ਼ਾਂ ਵਾਲ਼ੇ ਮੂੰਹ ਵੱਲ ਇੱਕ ਨਿਗਾਹ ਸੁੱਟੀ। ਉਹ ਕਿਤਾਬਾਂ ਵਧੇਰੇ ਤੇਜ਼ੀ ਨਾਲ਼ ਫੋਲਣ ਲੱਗ ਪਿਆ। ਕਈ ਵਾਰ ਉਹ ਆਪਣੀਆਂ ਵੱਡੀਆਂ, ਭੂਰੀਆਂ ਅੱਖਾਂ ਬਹੁਤ ਚੁਪਾਟ ਖੋਹਲ ਲੈਂਦਾ, ਜਿਵੇਂ ਉਹਨਾਂ ਵਿੱਚ ਅਸਹਿ ਪੀੜ ਹੋ ਰਹੀ ਹੋਵੇ ਅਤੇ ਉਹ ਖਸੀ ਰੋਸ ਨਾਲ਼ ਕੂਕਣ ਹੀ ਲੱਗਾ ਹੋਵੇ।

"ਉਏ, ਪੁਲਸੀਏ," ਵੇਸੋਵਸ਼ਚੀਕੋਵ ਨੇ ਫਿਰ ਕਿਹਾ, "ਕਿਤਾਬਾਂ ਚੁੱਕ !..."

ਸਾਰੇ ਜੈਨਡਾਰਮ ਮੁੜੇ ਅਤੇ ਉਹਦੇ ਵੱਲ ਵੇਖਿਆ ਅਤੇ ਫਿਰ ਆਪਣੇ ਅਫ਼ਸਰ ਵੱਲ। ਅਫ਼ਸਰ ਨੇ ਸਿਰ ਚੁੱਕਿਆ ਅਤੇ ਨਿਕੋਲਾਈ ਦੀ ਚੌੜੀ ਦੇਹ ਨੂੰ ਇੱਕ ਘੋਖਦੀ ਨਿਗਾਹ ਨਾਲ਼ ਸਿਰ ਤੋਂ ਪੈਰਾਂ ਤੱਕ ਵੇਖਿਆ।

"ਹੂੰ-ਊਂ-ਊਂ !" ਉਹ ਆਪਣੇ ਨੱਕ ਵਿੱਚੋਂ ਗੁਣਗੁਣਾਇਆ। "ਉਹਨਾਂ ਨੂੰ ਚੁੱਕੋ !..."

ਜੈਨਡਾਰਮਾਂ ਵਿੱਚੋਂ ਇੱਕ ਉਝਿਆ ਅਤੇ ਕਾਣੀ ਅੱਖ ਨਾਲ਼ ਵੇਸੋਵਸ਼ਚੀਕੋਵ ਵੱਲ ਵੇਖਦੇ ਹੋਏ ਪਾਟੀਆਂ ਕਿਤਾਬਾਂ ਚੁੱਕਣ ਲੱਗ ਪਿਆ।

"ਚੰਗਾ ਹੀ ਹੋਵੇ ਜੇ ਨਿਕੋਲਾਈ ਆਪਣਾ ਮੂੰਹ ਬੰਦ ਰੱਖੇਂ," ਮਾਂ ਨੇ ਪਾਵੇਲ ਦੇ ਕੰਨ ਵਿੱਚ ਕਿਹਾ।

ਉਹਨੇ ਮੋਢੇ ਸੰਗੋੜੇ। **ਖੋਖੋਲ** ਨੇ ਨੀਵੀਂ ਪਾ ਲਈ।

"ਇਹ ਬਾਈਬਲ ਕੌਣ ਪੜ੍ਹਦੈ ?"

"ਮੈਂ ਪੜ੍ਹਦਾਂ," ਪਾਵੇਲ ਨੇ ਜਵਾਬ ਦਿੱਤਾ।

"ਇਹ ਸਾਰੀਆਂ ਕਿਤਾਬਾਂ ਕਿਸ ਦੀਆਂ ਨੇ ?"

"ਮੇਰੀਆਂ," ਪਾਵੇਲ ਨੇ ਕਿਹਾ।

"ਬਹੁਤ ਅੱਛਾ," ਅਫ਼ਸਰ ਨੇ ਕੁਰਸੀ ਵਿੱਚ ਪਿੱਛੇ ਝੁਕਦੇ ਹੋਏ ਕਿਹਾ। ਉਹਨੇ ਆਪਣੇ ਪਤਲੇ ਹੱਥਾਂ ਦੀਆਂ ਉਂਗਲਾਂ ਦੇ ਕੜਾਕੇ ਕੱਢੇ, ਆਪਣੀਆਂ ਲੱਤਾਂ ਮੇਜ਼ ਹੇਠਾਂ ਪਸਾਰੀਆਂ, ਆਪਣੀ ਮੁੱਛ ਨੂੰ ਪਲੋਸਿਆ ਅਤੇ ਨਿਕੋਲਾਈ ਨੂੰ ਕਿਹਾ, "ਤੂੰ ਆਂਦਰੇਈ ਨਾਖੋਦਕਾ ਏਂ ?"

"ਹਾਂ," ਨਿਕੋਲਾਈ ਨੇ ਅੱਗੇ ਵੱਧਦੇ ਹੋਏ ਕਿਹਾ। **ਖੋਖੋਲ** ਨੇ ਆਪਣਾ ਹੱਥ ਵਧਾਇਆ ਅਤੇ ਉਹਨੂੰ ਮੋਢੇ ਤੋਂ ਫੜ ਲਿਆ ਅਤੇ ਪਿੱਛੇ ਵੱਲ ਧੱਕ ਦਿੱਤਾ।

"ਨਹੀਂ, ਉਹ ਨਹੀਂ। ਮੈਂ ਆਂਦਰੇਈ ਵਾਂ।..."

ਅਫ਼ਸਰ ਨੇ ਸਿਰ ਚੁੱਕਿਆ ਅਤੇ ਆਪਣੀ ਚੀਚੀ ਨਿਕੋਲਾਈ ਵੱਲ ਹਿਲਾਈ।

"ਜ਼ਰਾ ਵੇਖ ਕੇ ਚੱਲ!"

ਫਿਰ ਉਹਨੇ ਕਾਗਜ਼ ਘੋਖਣੇ ਸ਼ੁਰੂ ਕੀਤੇ।

ਚੰਨ-ਚਾਨਣੀ ਰਾਤ, ਠੰਢੀ ਅਤੇ ਲਾਪਰਵਾਹ, ਬਾਰੀ ਵਿੱਚੋਂ ਝਾਤਾਂ ਮਾਰ ਰਹੀ ਸੀ। ਮਕਾਨ ਦੇ ਕੋਲ਼ੋਂ ਲੰਘਦੇ ਕਿਸੇ ਬੰਦੇ ਦੇ ਪੈਰਾਂ ਹੇਠ ਬਰਫ਼ ਕਰਚ ਕਰਚ ਕਰਦੀ।

"ਨਾਖੋਦਕਾ। ਹੂੰ! ਤੂੰ ਪਹਿਲਾਂ ਵੀ ਰਾਜਸੀ ਜ਼ੁਰਮਾਂ ਕਾਰਨ ਕੈਦ ਕੱਟੀ ਏ, ਹੈ ਨਾ ?" ਅਫ਼ਸਰ ਨੇ ਪੁੱਛਿਆ।

"ਹਾਂ, ਇੱਕ ਵਾਰ ਰੋਸਤੋਵ ਅਤੇ ਇੱਕ ਹੋਰ ਵਾਰ ਸਾਰਾਤੋਵ ਵਿੱਚ।... ਪਰ ਉਥੋਂ ਦੇ ਜੈਨਡਾਰਮ ਵਧੇਰੇ ਸੁਲਗ ਸਨ।..."

ਅਫ਼ਸਰ ਨੇ ਆਪਣੀ ਸੱਜੀ ਅੱਖ ਮੀਟੀ ਅਤੇ ਉਹਨੂੰ ਮਲਿਆ। ਫਿਰ ਆਪਣੇ ਨਿੱਕੇ ਨਿੱਕੇ ਦੰਦ ਲਿਸ਼ਕਾਉਂਦੇ ਹੋਏ ਉਹਨੇ ਕਿਹਾ:

"ਤੂੰ ਉਹਨਾਂ ਸੂਰਾਂ ਨੂੰ ਜਾਣਦੈ ਜਿਹੜੇ ਕਾਰਖ਼ਾਨੇ ਵਿੱਚ ਮੁਜਰਮਾਨਾ ਐਲਾਨ ਵੰਡਦੇ ਪਏ ਨੇ ?"

**ਖੋਖੋਲ** ਮੁਸਕਰਾਇਆ, ਆਪਣੇ ਪੱਬਾਂ ਉੱਤੇ ਝੂਮਿਆ, ਅਤੇ ਜਵਾਬ ਦੇਣ ਹੀ ਵਾਲ਼ਾ ਸੀ ਕਿ ਫਿਰ ਨਿਕੋਲਾਈ ਦੀ ਖਿਝਾਉਣੀ ਅਵਾਜ਼ ਗੂੰਜੀ:

"ਸੂਰ ਤਾਂ ਹੁਣ ਸਾਡੇ ਸਾਹਮਣੇ ਨੇ..." ਉਹਨੇ ਕਿਹਾ।

ਚੁੱਪ ਛਾ ਗਈ। ਇੱਕ ਸਕਿੰਟ ਲਈ ਕੋਈ ਵੀ ਨਾ ਬੋਲਿਆ।

ਮਾਂ ਦੇ ਮੂੰਹ ਉੱਤੇ ਜ਼ਖ਼ਮ ਦਾ ਨਿਸ਼ਾਨ ਚਿੱਟਾ ਪੈ ਗਿਆ ਅਤੇ ਉਹਦਾ ਸੱਜਾ ਭਰਵੱਟਾ ਉੱਪਰ ਉੱਠ ਗਿਆ। ਰੀਬਿਨ ਦੀ ਕਾਲ਼ੀ ਦਾੜ੍ਹੀ ਅਜੀਬ ਤਰ੍ਹਾਂ ਕੰਬਣ ਲੱਗ ਪਈ; ਉਹਨੇ ਆਪਣੀਆਂ ਉਂਗਲਾਂ ਨਾਲ਼ ਇਸ ਵਿੱਚ ਕੰਘੀ ਵਾਹੀ ਅਤੇ ਨੀਵੀਂ ਪਾ ਲਈ।

"ਇਸ ਕਤੂਰੇ ਨੂੰ ਇੱਥੋਂ ਬਾਹਰ ਲੈ ਜਾਓ!" ਅਫ਼ਸਰ ਨੇ ਕਿਹਾ।

ਦੋ ਜੈਨਡਾਰਮਾਂ ਨੇ ਨਿਕੋਲਾਈ ਨੂੰ ਬਾਹਾਂ ਤੋਂ ਫੜ ਲਿਆ ਅਤੇ ਉਹਨੂੰ ਖਰ੍ਹਵੀ ਤਰ੍ਹਾਂ ਧੱਕਦੇ ਹੋਏ ਰਸੋਈ ਵਿੱਚ ਲੈ ਗਏ। ਉੱਥੇ ਆਪਣੇ ਪੈਰ ਫ਼ਰਸ਼ ਵਿੱਚ ਗੱਡਕੇ ਉਹਨੇ ਉਹਨਾਂ ਨੂੰ ਰੁਕਣ 'ਤੇ ਮਜ਼ਬੂਰ ਕਰ ਦਿੱਤਾ।

"ਠਹਿਰੋ!" ਉਹਨੇ ਕਿਹਾ। "ਮੈਂ ਆਪਣਾ ਕੋਟ ਪਾਉਣੈ।"

ਪੁਲੀਸ ਦਾ ਮੁਖੀ ਮਕਾਨ ਦੇ ਵਿਹੜੇ ਵਿੱਚੋਂ ਅੰਦਰ ਆਇਆ।

"ਉੱਥੇ ਤਾਂ ਕੁਝ ਨਹੀਂ। ਅਸੀਂ ਸਭ ਥਾਂ ਵੇਖ ਲਿਐ।"

"ਕੁਦਰਤੀ ਗੱਲ ਏ," ਅਫ਼ਸਰ ਨੇ ਟਿਚਕਰ ਕਰਦਿਆਂ ਕਿਹਾ। "ਸਾਡਾ ਵਾਹ ਹੰਢੇ ਵਰਤੇ ਬੰਦੇ ਨਾਲ਼ ਪਿਐ।..."

ਮਾਂ ਨੇ ਉਹਦੀ ਕਮਜ਼ੋਰ, ਕੰਬਦੀ ਅਤੇ ਚੀਕਦੀ ਅਵਾਜ਼ ਸੁਣੀ ਅਤੇ ਡਰ ਨਾਲ਼ ਉਹਦੇ ਪੀਲ਼ੇ ਮੂੰਹ ਵੱਲ ਵੇਖਿਆ, ਇਹ ਮਹਿਸੂਸ ਕਰਦੇ ਹੋਏ ਕਿ ਇਹ ਇੱਕ ਬੇਕਿਰਕ ਦੁਸ਼ਮਣ ਸੀ, ਜਿਸ ਵਿੱਚ ਆਮ ਲੋਕਾਂ ਲਈ ਵੱਡ-ਸਾਹਬੀ ਘਿਰਣਾ ਸੀ। ਉਹਦਾ ਵਾਹ ਅਜਿਹੇ ਲੋਕਾਂ ਨਾਲ਼ ਘੱਟ ਹੀ ਪਿਆ ਸੀ ਅਤੇ ਉਹ ਲਗਭਗ ਉਹਨਾਂ ਦੀ ਹੋਂਦ ਹੀ ਭੁੱਲ ਗਈ ਸੀ।

"ਸੋ ਅਜਿਹੇ ਲੋਕ ਇਸ਼ਤਿਹਾਰਾਂ ਕਰਕੇ ਪ੍ਰੇਸ਼ਾਨ ਹੋ ਜਾਂਦੇ ਨੇ," ਉਹਨੇ ਸੋਚਿਆ।

"ਆਂਦਰੇਈ ਅਨੀਸੀਮੋਵ, ਹਰਾਮੀ ਪੁੱਤਰ ਜਿਸਦਾ ਨਾਂ ਨਾਖੋਦਕਾ ਹੈ, ਤੈਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ।"

"ਕਿਉਂ ?" **ਖੋਖੋਲ** ਨੇ ਘਬਰਾਏ ਬਿਨਾਂ ਪੁੱਛਿਆ।

"ਇਹ ਤੈਨੂੰ ਪਿੱਛੋਂ ਪਤਾ ਲੱਗੇਗਾ," ਅਫ਼ਸਰ ਨੇ ਮਿੱਠੀ ਖੁਣਸ ਨਾਲ਼ ਕਿਹਾ "ਤੂੰ ਪੜ੍ਹੀ-ਲਿਖੀ ਹੈ ?" ਉਹਨੇ ਪੇਲਾਗੀਆ ਵੱਲ ਮੁੜਦੇ ਹੋਏ ਕਿਹਾ।

"ਨਹੀਂ, ਉਹ ਪੜ੍ਹੀ-ਲਿਖੀ ਨਹੀਂ," ਪਾਵੇਲ ਨੇ ਜਵਾਬ ਦਿੱਤਾ।

"ਮੈਂ ਤੈਥੋਂ ਨਹੀਂ ਪੁੱਛ ਰਿਹਾ," ਅਫ਼ਸਰ ਨੇ ਝਾੜਦੇ ਹੋਏ ਕਿਹਾ। "ਬੋਲਦੀ ਕਿਉਂ ਨਹੀਂ, ਬੁੱਢੀਏ !"

ਮਾਂ ਇਸ ਬੰਦੇ ਲਈ ਘਿਰਣਾ ਦੀ ਭਾਵਨਾ ਨਾਲ਼ ਭਰ ਗਈ। ਅਚਣਚੇਤ ਉਹ ਕੰਬਣ ਲੱਗ ਪਈ ਜਿਵੇਂ ਉਹਨੇ ਠੰਢੇ ਪਾਣੀ ਵਿੱਚ ਛਾਲ ਮਾਰ ਦਿੱਤੀ ਹੋਵੇ; ਉਹ ਤਣ ਕੇ ਖੜੀ ਹੋ ਗਈ, ਉਹਦਾ ਜ਼ਖ਼ਮ ਦਾ ਨਿਸ਼ਾਨ ਨੀਲ਼ਾ-ਪੀਲ਼ਾ ਹੋ ਗਿਆ ਅਤੇ ਉਹਦੇ ਭਰਵੱਟੇ ਗੁੱਸੇ ਨਾਲ਼ ਸੁੰਗੜ ਗਏ।

"ਚੀਕਣ ਦੀ ਲੋੜ ਨਹੀਂ," ਉਹਨੇ ਆਪਣਾ ਹੱਥ ਅੱਗੇ ਕਰਦੇ ਹੋਏ ਕਿਹਾ, "ਅਜੇ ਤੇਰੀ ਉਮਰ ਇੰਨੀ ਨਹੀਂ ਹੋਈ ਕਿ ਤੈਨੂੰ ਇਹ ਸੂਝ ਹੋਵੇ ਦੁੱਖ ਕੀ ਹੁੰਦੈ।..."

"ਸਹਾਰਾ ਕਰ, ਮਾਂ," ਪਾਵੇਲ ਨੇ ਉਹਨੂੰ ਰੋਕਣ ਦਾ ਜਤਨ ਕਰਦੇ ਹੋਏ ਕਿਹਾ।

"ਠਹਿਰ ਪਾਵੇਲ," ਉਹ ਉੱਚੀ ਅਵਾਜ਼ ਵਿੱਚ ਬੋਲੀ ਅਤੇ ਕਾਹਲੀ ਨਾਲ਼ ਮੇਜ਼ ਵੱਲ ਗਈ। "ਤੂੰ ਇਹਨਾਂ ਲੋਕਾਂ ਨੂੰ ਕਿਉਂ ਲਿਜਾ ਰਿਹੈ ?"

"ਇਸ ਨਾਲ਼ ਤੈਨੂੰ ਕੀ ! ਖ਼ਾਮੋਸ਼ !" ਅਫ਼ਸਰ ਉੱਠਦੇ ਹੋਏ ਕੂਕਿਆ। "ਵੇਸੋਵਸ਼ਚੀਕੋਵ ਨੂੰ ਲਿਆਓ, ਉਹ ਵੀ ਗ੍ਰਿਫ਼ਤਾਰ ਹੈ !"

ਉਹ ਇੱਕ ਕਾਗਜ਼ ਉੱਤੇ ਲਿਖਿਆ ਕੁਝ ਪੜ੍ਹਨ ਲੱਗ ਪਿਆ, ਜਿਹੜਾ ਉਹਨੇ ਆਪਣੇ ਨੱਕ ਦੇ ਨੇੜੇ ਕੀਤਾ ਹੋਇਆ ਸੀ।

ਨਿਕੋਲਾਈ ਨੂੰ ਅੰਦਰ ਲਿਆਂਦਾ ਗਿਆ। ਅਫ਼ਸਰ ਨੇ, "ਆਪਣੀ ਟੋਪੀ ਲਾਹ !" ਕੂਕਣ ਲਈ ਪੜ੍ਹਨਾ ਰੋਕਿਆ।

ਰੀਬਿਨ ਪੇਲਾਗੀਆ ਕੋਲ਼ ਗਿਆ ਅਤੇ ਉਹਨੂੰ ਮੋਢੇ ਨਾਲ਼ ਨਿੱਕਾ ਜਿਹਾ ਧੱਕਾ ਦਿੱਤਾ।

"ਪ੍ਰੇਸ਼ਾਨ ਨਾ ਹੋ, ਮਾਂ।..."

"ਉਹਨਾਂ ਮੇਰੇ ਦੋਵੇਂ ਹੱਥ ਫੜੇ ਹੋਏ ਨੇ, ਮੈਂ ਟੋਪੀ ਕਿਵੇਂ ਲਾਹ ਸਕਨਾਂ ?" ਕਾਰਵਾਈ ਦਾ ਬ੍ਰਿਤਾਂਤ ਆਪਣੀ ਅਵਾਜ਼ ਵਿੱਚ ਡੋਬਦੇ ਹੋਏ ਨਿਕੋਲਾਈ ਨੇ ਪੁੱਛਿਆ।

"ਦਸਖ਼ਤ ਕਰੋ !" ਅਫ਼ਸਰ ਕੂਕਿਆ ਅਤੇ ਕਾਗ਼ਜ਼ ਮੇਜ਼ ਉੱਤੇ ਸੁੱਟ ਦਿੱਤਾ।

ਉਹਨਾਂ ਨੂੰ ਦਸਖ਼ਤ ਕਰਦੇ ਵੇਖਦੇ ਹੋਏ ਮਾਂ ਦਾ ਤੇਜ਼ ਗੁੱਸਾ ਮੱਠਾ ਪੈ ਗਿਆ ਅਤੇ ਉਹਦੀਆਂ ਅੱਖਾਂ ਦੁੱਖ ਅਤੇ ਬੇਬਸੀ ਦੇ ਹੰਝੂਆਂ ਨਾਲ਼ ਭਰ ਆਈਆਂ। ਆਪਣੇ ਵੀਹਾਂ ਵਰ੍ਹਿਆਂ ਦੀ ਵਿਆਹੁਤਾ ਜ਼ਿੰਦਗੀ ਵਿੱਚ ਉਹਨੇ ਅਕਸਰ ਅਜਿਹੇ ਅੱਥਰੂ ਕੇਰੇ ਸਨ, ਪਰ ਪਿੱਛੇ ਜਿਹੇ ਤੋਂ ਉਹ ਉਹਨਾਂ ਦੇ ਗਰਮ ਡੰਗ ਨੂੰ ਭੁੱਲ ਗਈ ਸੀ। ਅਫ਼ਸਰ ਨੇ ਉਹਦੇ ਵੱਲ ਵੇਖਿਆ ਅਤੇ ਨਘੋਚੀ ਮੂੰਹ ਬਣਾਕੇ ਬੋਲਿਆ:

"ਬੁੱਢੀਏ, ਆਪਣੇ ਹੰਝੂ ਸਾਂਭ ਕੇ ਰੱਖ ਨਹੀਂ ਤਾਂ ਅੱਗੋਂ ਜਾ ਕੇ ਕੇਰਨ ਲਈ ਨਹੀਂ ਰਹਿਣ ਲੱਗੇ।"

ਗੁੱਸੇ ਦੀ ਇੱਕ ਹੋਰ ਲਹਿਰ ਉਹਦੇ ਅੰਦਰ ਉੱਬਲ ਪਈ।

"ਮਾਂ ਕੋਲ਼ ਸਦਾ ਹਰ ਸ਼ੈ ਲਈ, ਹਰ ਸ਼ੈ ਲਈ ਹੰਝੂ ਹੁੰਦੇ ਨੇ ! ਜੇ ਤੇਰੀ ਮਾਂ ਹੈ ਤਾਂ ਉਹਨੂੰ ਜ਼ਰੂਰ ਹੀ ਇਹਦਾ ਪਤਾ ਹੋਵੇਗਾ।"

ਅਫ਼ਸਰ ਨੇ ਆਪਣੇ ਕਾਗ਼ਜ਼ ਕਾਹਲ ਨਾਲ਼ ਲਿਸ਼ਕਦੇ ਜੰਦਰੇ ਵਾਲ਼ੇ ਨਵੇਂ ਥੈਲੇ ਵਿੱਚ ਪਾਏ।

"ਚਲੋ !" ਉਹਨੇ ਹੁਕਮ ਦਿੱਤਾ।

"ਰੱਬ ਰਾਖਾ ਆਂਦਰੇਈ, ਰੱਬ ਰਾਖਾ ਨਿਕੋਲਾਈ !" ਪਾਵੇਲ ਨੇ ਉਹਨਾਂ ਨਾਲ਼ ਹੱਥ ਮਿਲਾਉਂਦੇ ਹੋਏ ਸ਼ਾਂਤ ਨਿੱਘ ਨਾਲ਼ ਕਿਹਾ।

"ਸ਼ੈਦ ਤੁਸੀਂ ਛੇਤੀ ਇੱਕ ਦੂਜੇ ਨੂੰ ਮਿਲੋਗੇ !" ਅਫ਼ਸਰ ਨੇ ਨਿੱਕੇ ਜਿਹੇ ਹਾਸੇ ਨਾਲ਼ ਕਿਹਾ।

ਵੇਸੋਵਸ਼ਚੀਕੋਵ ਭਾਰੇ ਸਾਹ ਲੈ ਰਿਹਾ ਸੀ। ਉਹਦੀ ਮੋਟੀ ਗਰਦਨ ਲਾਲ ਸੂਹੀ ਹੋ ਗਈ ਸੀ ਅਤੇ ਉਹਦੀਆਂ ਅੱਖਾਂ ਕਰੜੇ ਗੁੱਸੇ ਨਾਲ਼ ਲਿਸ਼ਕ ਰਹੀਆਂ ਸਨ। ਖੋਖੋਲ ਦੀਆਂ ਮੁਸਕਾਨਾਂ ਲਿਸ਼ਕੀਆਂ, ਉਹਨੇ ਮਾਂ ਦੇ ਕੰਨ ਵਿੱਚ ਕੁਝ ਕਹਿੰਦੇ ਹੋਏ ਸਿਰ ਹਿਲਾਇਆ। ਮਾਂ ਨੇ ਸਲੀਬ ਦਾ ਨਿਸ਼ਾਨ ਬਣਾਇਆ। "ਰੱਬ ਵੇਖਦੈ ਕੌਣ ਸੱਚਾ ਏ," ਉਹਨੇ ਕਿਹਾ।

ਅਖ਼ੀਰ ਸਲੇਟੀ ਵਰਦੀਆਂ ਵਾਲ਼ੇ ਬੰਦੇ ਡਿਉਢੀ ਵਿੱਚ ਇਕੱਠੇ ਹੋਏ ਅਤੇ ਮਹਿਮੀਜ਼ਾਂ ਦੀ ਖੜ ਖੜ ਕਰਦੇ ਚਲੇ ਗਏ। ਰੀਬਿਨ ਸਭ ਤੋਂ ਅਖ਼ੀਰ 'ਤੇ ਗਿਆ। ਉਹ ਦੇਰ ਤੱਕ ਅਤੇ ਧਿਆਨ ਨਾਲ਼ ਪਾਵੇਲ ਵੱਲ ਵੇਖਦਾ ਰਿਹਾ।

"ਚੰਗਾ, ਰੱਬ ਰਾਖਾ," ਉਹਨੇ ਸੋਚਦੇ ਹੋਏ ਕਿਹਾ ਅਤੇ ਦਰਵਾਜ਼ੇ 'ਚੋਂ ਬਾਹਰ ਨਿਕਲ ਗਿਆ, ਉਹ ਆਪਣੀ ਦਾੜ੍ਹੀ ਵਿੱਚ ਖੰਘ ਰਿਹਾ ਸੀ।

ਪਾਵੇਲ ਨੇ ਆਪਣੇ ਹੱਥ ਆਪਣੀ ਪਿੱਠ ਪਿੱਛੇ ਕਰ ਲਏ ਅਤੇ ਖਿਲਰੀਆਂ ਕਿਤਾਬਾਂ ਅਤੇ ਕੱਪੜਿਆਂ ਦੇ ਉੱਤੋਂ ਪੈਰ ਧਰਦਾ ਹੋਇਆ ਹੌਲ਼ੀ ਹੌਲ਼ੀ ਕਮਰੇ ਵਿੱਚ ਚੱਕਰ ਕੱਟਣ ਲੱਗ ਪਿਆ।

"ਵੇਖਿਆ ? ਇਹ ਹੈ ਉਹਨਾਂ ਦਾ ਢੰਗ," ਉਹਨੇ ਉਦਾਸ ਢੰਗ ਨਾਲ਼ ਗੱਲ ਕੀਤੀ।

ਮਾਂ ਅਣਮੰਨਵੇਂ ਢੰਗ ਨਾਲ਼ ਖਿਲਾਰੇ ਵੱਲ ਵੇਖ ਰਹੀ ਸੀ।

"ਨਿਕੋਲਾਈ ਨੂੰ ਇੰਨਾ ਸ਼ੋਖ਼ ਬਣਨ ਦੀ ਕੀ ਲੋੜ ਸੀ ?" ਉਹਨੇ ਅਫ਼ਸੋਸ ਭਰੀ ਅਵਾਜ਼ ਵਿੱਚ ਪੁੱਛਿਆ।

"ਮੇਰਾ ਖਿਆਲ ਏ ਉਹ ਡਰ ਗਿਆ ਸੀ," ਪਾਵੇਲ ਨੇ ਠਰ੍ਹੰਮੇ ਨਾਲ਼ ਜਵਾਬ ਦਿੱਤਾ।

"ਉਹ ਆਏ, ਬੰਦਿਆਂ ਨੂੰ ਬੋਚ ਲਿਆ ਤੇ ਚਲੇ ਗਏ—ਬਸ ਇੰਨਾ ਹੀ !" ਉਹਨੇ ਆਪਣੀ ਬੇਬਸੀ ਦਾ ਇਸ਼ਾਰਾ ਕਰਦੇ ਹੋਏ ਕਿਹਾ।

ਉਹਦਾ ਪੁੱਤਰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ ਇਸ ਲਈ ਉਹਦਾ ਦਿਲ ਅਰਾਮ ਨਾਲ਼ ਧੜਕ ਰਿਹਾ ਸੀ। ਪਰ ਜੋ ਕੁਝ ਉਹਨੇ ਵੇਖਿਆ ਸੀ ਉਸਦੇ ਬੇਤੁਕੇਪਣ ਕਾਰਨ ਉਹਦੀ ਸੋਚ ਸਿਥਲ ਹੋ ਗਈ ਸੀ।

"ਉਹ ਸਾਨੂੰ ਟਿਚਕਰਾਂ ਕਰਦਾ ਸੀ—ਉਹ ਭੂਸਲਾ ਬੰਦਾ। ਸਾਨੂੰ ਡਰਾਉਣ ਦੀ ਕੋਸ਼ਿਸ਼ ਕਰਦਾ ਸੀ।..."

"ਚਲ ਛੱਡ ਅੰਮੀ," ਪਾਵੇਲ ਨੇ ਅਚਣਚੇਤੀ ਦ੍ਰਿੜ੍ਹਤਾ ਨਾਲ਼ ਕਿਹਾ। "ਆ, ਸਫਾਈ ਕਰੀਏ।..."

ਉਹਨੇ ਉਹਨੂੰ "ਅੰਮੀ" ਸੱਦਿਆ ਸੀ ਅਤੇ ਉਹਦੇ ਬੋਲਣ ਦਾ ਢੰਗ ਉਹੋ ਜਿਹਾ ਸੀ ਜਿਹੋ ਜਿਹਾ ਉਦੋਂ ਹੁੰਦਾ ਜਦੋਂ ਉਹ ਉਹਦੇ ਵੱਲ ਖਿੱਚਿਆ ਜਾਂਦਾ। ਉਹ ਉਹਦੇ ਵੱਲ ਗਈ ਅਤੇ ਉਹਦੇ ਮੂੰਹ ਉੱਤੇ ਝਾਤ ਮਾਰੀ।

"ਉਹਨੇ ਤੈਨੂੰ ਦੁਖੀ ਕੀਤੈ ?" ਮਾਂ ਨੇ ਸ਼ਾਂਤੀ ਨਾਲ਼ ਪੁੱਛਿਆ।

"ਹਾਂ," ਉਹਨੇ ਜਵਾਬ ਦਿੱਤਾ। "ਇਹ ਸਹਾਰਨਾ ਔਖਾ ਏ। ਚੰਗਾ ਹੁੰਦਾ ਜੇ ਹੋਰਨਾਂ ਨਾਲ਼ ਉਹ ਮੈਨੂੰ ਵੀ ਲੈ ਗਏ ਹੁੰਦੇ।..."

ਮਾਂ ਨੂੰ ਜਾਪਿਆ ਪਾਵੇਲ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ ਨੇ।

"ਜ਼ਰਾ ਸਬਰ ਕਰ, ਉਹ ਤੈਨੂੰ ਵੀ ਫੜ ਲੈ ਜਾਣਗੇ," ਉਹਨੇ ਹਉਕਾ ਲੈ ਕੇ ਕਿਹਾ, ਉਹਨੂੰ ਧੁੰਦਲੀ ਜਿਹੀ ਆਸ ਸੀ ਕਿ ਇਸ ਨਾਲ਼ ਉਹਦੇ ਪੁੱਤਰ ਦਾ ਮਨ ਹੌਲਾ ਹੋ ਜਾਵੇਗਾ।

"ਮੈਨੂੰ ਪਤੈ, ਉਹ ਫੜ ਲੈਣਗੇ," ਉਹਨੇ ਜਵਾਬ ਦਿੱਤਾ।

ਉਹ ਇੱਕ ਛਿਣ ਚੁੱਪ ਰਹੀ।

"ਤੂੰ ਕਿੰਨਾ ਕਠੋਰ ਏਂ, ਪਾਵੇਲ !" ਅਖ਼ੀਰ ਉਹਨੇ ਉਦਾਸੀ ਨਾਲ਼ ਕਿਹਾ। "ਜੇ ਤੂੰ ਕਦੀ ਕਦਾਈਂ ਮੈਨੂੰ ਦਿਲਾਸਾ ਹੀ ਦੇ ਦਿਆ ਕਰੇ ! ਤੇਰੇ ਵੱਲੋਂ ਇਹਨੂੰ ਭੈੜਾ ਬਣਾਉਣ ਤੋਂ ਬਿਨਾਂ ਮੇਰੇ ਲਈ ਇਹ ਗੱਲ ਕਹਿਣਾ ਉਂਞ ਹੀ ਚੋਖਾ ਔਖਾ ਸੀ।"

ਉਹਨੇ ਸਿਰ ਚੁੱਕ ਕੇ ਤੱਕਿਆ ਅਤੇ ਉਹਦੇ ਵੱਲ ਆਇਆ ਅਤੇ ਠਰ੍ਹੰਮੇ ਨਾਲ਼ ਕਿਹਾ:

"ਮਾਂ, ਮੈਨੂੰ ਇਸ ਕੰਮ ਦੀ ਜਾਚ ਨਹੀਂ ਆਉਂਦੀ। ਤੈਨੂੰ ਇਹਦਾ ਆਦੀ ਹੋਣਾ ਪਵੇਗਾ।"

ਮਾਂ ਨੇ ਹਉਕਾ ਭਰਿਆ ਅਤੇ ਡਰ ਕਾਰਨ ਆਈ ਕੰਬਣੀ ਰੋਕਣ ਦਾ ਜਤਨ ਕਰਦੇ ਹੋਏ ਥੋੜ੍ਹੀ ਦੇਰ ਰੁੱਕ ਕੇ ਕਿਹਾ:

"ਉਹ ਲੋਕਾਂ ਨੂੰ ਤਸੀਹੇ ਵੀ ਦੇਂਦੇ ਨੇ ? ਉਹਨਾਂ ਦੀਆਂ ਦੇਹਾਂ ਵਲੂੰਧਰਦੇ ਅਤੇ ਹੱਡੀਆਂ

ਤੋੜਦੇ ਨੇ ? ਜਦੋਂ ਕਦੀ ਮੈਂ ਇਸ ਬਾਰੇ ਸੋਚਦੀ ਆਂ ਤਾਂ—ਇਹ ਭਿਆਨਕ ਜਾਪਦੈ !...”

“ਉਹ ਤੁਹਾਡੀ ਰੂਹ ਤੋੜ ਦੇਂਦੇ ਨੇ।... ਜਦੋਂ ਉਹ ਆਪਣੇ ਗੰਦੇ ਹੱਥਾਂ ਨਾਲ਼ ਤੁਹਾਡੀ ਰੂਹ ਨੂੰ ਫੜਦੇ ਨੇ ਤਾਂ ਵਧੇਰੇ ਦੁੱਖ ਹੁੰਦੈ।...”

## 11

ਅਗਲੇ ਦਿਨ ਪਤਾ ਲੱਗਾ ਕਿ ਉਹਨਾਂ ਬੂਕਿਨ, ਸਮੋਈਲੋਵ, ਸੋਮੋਵ ਅਤੇ ਪੰਜ ਹੋਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸ਼ਾਮੀਂ ਫ਼ਿਓਦੋਰ ਮਾਜ਼ੀਨ ਮਿਲਣ ਆਇਆ। ਉਹਦੇ ਘਰ ਦੀ ਵੀ ਤਲਾਸ਼ੀ ਲਈ ਗਈ ਸੀ ਅਤੇ ਉਹ ਬਹੁਤ ਖੁਸ਼ ਸੀ, ਬੜਾ ਸੂਰਮਾ ਬਣਿਆ ਹੋਇਆ ਸੀ।

“ਡਰ ਗਿਆ ਸੈਂ, ਫ਼ਿਓਦੋਰ ?” ਮਾਂ ਨੇ ਪੁੱਛਿਆ।

ਉਹਦਾ ਰੰਗ ਪੀਲ਼ਾ ਪੈ ਗਿਆ, ਨਕਸ਼ ਤਿੱਖੇ ਹੋ ਗਏ ਅਤੇ ਉਹਦੀਆਂ ਨਾਸਾਂ ਫਰਕੀਆਂ।

“ਮੈਨੂੰ ਡਰ ਸੀ ਕਿ ਅਫ਼ਸਰ ਮੈਨੂੰ ਕੁੱਟੇਗਾ। ਉਹ ਕਾਲ਼ੀ ਦਾੜ੍ਹੀ ਵਾਲ਼ਾ ਮੋਟਾ ਬੰਦਾ ਸੀ ਅਤੇ ਉਹਦੀਆਂ ਜੱਤਲ ਉਂਗਲਾਂ ਸਨ ਅਤੇ ਉਹਨੇ ਕਾਲ਼ੀ ਐਨਕ ਲਾਈ ਹੋਈ ਸੀ, ਜਿਵੇਂ ਅੰਨ੍ਹਾ ਹੋਵੇ। ਉਹ ਚੀਕਦਾ ਅਤੇ ਆਪਣਾ ਪੈਰ ਪਟਕਦਾ। ‘ਮੈਂ ਤੈਨੂੰ ਜੇਲ੍ਹ ਵਿੱਚ ਸੁੱਟ ਦਿਆਂਗਾ !’ ਉਹ ਕੂਕਿਆ। ਮੈਨੂੰ ਕਦੀ ਕਿਸੇ ਨੇ ਨਹੀਂ ਕੁੱਟਿਆ, ਮੇਰੀ ਮਾਂ ਜਾਂ ਪਿਉ ਨੇ ਵੀ ਨਹੀਂ। ਮੈਂ ਉਹਨਾਂ ਦਾ ਇੱਕੋ ਇੱਕ ਪੁੱਤਰ ਸਾਂ ਅਤੇ ਉਹ ਮੈਨੂੰ ਪਿਆਰ ਕਰਦੇ ਸਨ।”

ਉਹਨੇ ਇੱਕ ਛਿਣ ਲਈ ਅੱਖਾਂ ਮੀਚ ਲਈਆਂ, ਆਪਣੇ ਹੋਂਠ ਮੀਚ ਲਏ, ਆਪਣੇ ਦੁਹਾਂ ਹੱਥਾਂ ਦੀ ਛੁਹਲੀ ਹਰਕਤ ਨਾਲ਼ ਆਪਣੇ ਵਾਲ਼ ਪਿੱਛੇ ਸੁੱਟੇ। ਫਿਰ ਲਾਲ-ਗੰਨੀਆਂ ਵਾਲ਼ੀਆਂ ਅੱਖਾਂ ਨਾਲ਼ ਪਾਵੇਲ ਵੱਲ ਵੇਖਦੇ ਹੋਏ ਉਹਨੇ ਕਿਹਾ:

“ਜੇ ਕਿਸੇ ਮੈਨੂੰ ਮਾਰਨ ਦੀ ਹਿੰਮਤ ਕੀਤੀ ਤਾਂ ਮੈਂ ਚਾਕੂ ਵਾਂਗ ਉਹਦੇ ਉੱਤੇ ਟੁੱਟ ਪਵਾਂਗਾ। ਮੈਂ ਉਹਨੂੰ ਦੰਦੀਆਂ ਵਢਾਂਗਾ। ਚਾਹੁਣ ਤਾਂ ਉਹ ਮੈਨੂੰ ਥਾਏਂ ਮਾਰ ਦੇਣ ਤੇ ਫਸਤਾ ਵੱਢ ਦੇਣ।”

“ਸੁਕੜੂ ਜਿਹਾ ਤਾਂ ਤੂੰ ਹੈਂ,” ਮਾਂ ਬੋਲ ਉੱਠੀ। “ਮੈਂ ਸਮਝਨੀ ਆਂ, ਤੂੰ ਕੋਈ ਬਹੁਤਾ ਲੜਾਕਾ ਵੀ ਨਹੀਂ।”

“ਪਰ ਮੈਂ ਲੜਾਂਗਾ ਜ਼ਰੂਰ,” ਫ਼ਿਓਦੋਰ ਨੇ ਜ਼ਰਾ ਨਿੰਮ੍ਹੀ ਅਵਾਜ਼ ਵਿੱਚ ਜਵਾਬ ਦਿੱਤਾ।

“ਸਭ ਤੋਂ ਪਹਿਲਾਂ ਯਰਕੇਗਾ ਵੀ ਇਹੋ,” ਜਦੋਂ ਫ਼ਿਓਦੋਰ ਚਲਾ ਗਿਆ ਤਾਂ ਮਾਂ ਨੇ ਪਾਵੇਲ ਨੂੰ ਕਿਹਾ।

ਪਾਵੇਲ ਨੇ ਕੋਈ ਜਵਾਬ ਨਾ ਦਿੱਤਾ।

ਕੁਝ ਮਿੰਟਾਂ ਪਿੱਛੋਂ ਰਸੋਈ ਦਾ ਦਰਵਾਜ਼ਾ ਹੌਲ਼ੀ ਜਿਹੀ ਖੁੱਲ੍ਹਿਆ ਅਤੇ ਰੀਬਿਨ ਅੰਦਰ ਆਇਆ।

“ਵੇਖੋ ਨਾ,” ਉਹਨੇ ਨਿੱਕੀ ਜਿਹੀ ਹਾਸੀ ਹੱਸ ਕੇ ਕਿਹਾ। “ਮੈਂ ਮੁੜ ਆ ਗਿਆ। ਪਿਛਲੀ ਰਾਤ ਉਹ ਮੈਨੂੰ ਲਿਆਏ ਸਨ ਅਤੇ ਅੱਜ ਮੈਂ ਆਪਣੀ ਮਰਜ਼ੀ ਨਾਲ਼ ਆਇਆਂ !” ਉਹਨੇ ਪਾਵੇਲ ਨਾਲ਼ ਘੁੱਟ ਕੇ ਹੱਥ ਮਿਲਾਇਆ ਅਤੇ ਪੇਲਾਗੀਆ ਦੇ ਮੋਢੇ ਉੱਤੇ ਹੱਥ ਰੱਖਿਆ।

"ਮੈਂ ਚਾਹ ਦਾ ਇੱਕ ਗਲਾਸ ਪੀਣਾ ਚਾਹੁੰਦਾਂ," ਉਹਨੇ ਕਿਹਾ।

ਪਾਵੇਲ ਉਹਦੀ ਘਣੀ ਕਾਲ਼ੀ ਦਾੜ੍ਹੀ ਤੇ ਕਾਲ਼ੀਆਂ ਅੱਖਾਂ ਵਾਲ਼ੇ ਚੌੜੇ ਸਾਂਵਲੇ ਮੂੰਹ ਨੂੰ ਚੁੱਪ ਚਾਪ ਘੋਖਦਾ ਰਿਹਾ। ਉਹਦੇ ਇੱਕ-ਟਕ ਵੇਖਣ ਵਿੱਚ ਕੋਈ ਲਖਾਇਕ ਗੱਲ ਸੀ।

ਮਾਂ ਸਾਮਾਵਰ ਭਖਾਉਣ ਰਸੋਈ ਵਿੱਚ ਚਲੀ ਗਈ। ਰੀਬਿਨ ਬਹਿ ਗਿਆ, ਆਪਣੀ ਦਾੜ੍ਹੀ ਪਲੋਸੀ, ਆਪਣੀਆਂ ਅਰਕਾਂ ਮੇਜ਼ ਉੱਤੇ ਰੱਖੀਆਂ ਅਤੇ ਪਾਵੇਲ ਵੱਲ ਉਦਾਸ ਜਿਹੇ ਢੰਗ ਨਾਲ਼ ਵੇਖਿਆ।

"ਸੋ," ਉਹਨੇ ਇਉਂ ਕਿਹਾ ਜਿਵੇਂ ਵਿੱਚੋਂ ਟੋਕੀ ਗੱਲ ਜਾਰੀ ਰੱਖ ਰਿਹਾ ਹੋਵੇ। "ਮੈਨੂੰ ਤੇਰੇ ਨਾਲ਼ ਖਰੀ ਗੱਲ ਕਰਨੀ ਪਵੇਗੀ। ਕੁਝ ਚਿਰ ਤੋਂ ਮੈਂ ਤੇਰੇ ਉੱਤੇ ਨਿਗਾਹ ਰੱਖ ਰਿਹਾਂ। ਅਸੀਂ ਲਗਭਗ ਗੁਆਂਢੀ ਵਾਂ। ਮੈਂ ਵੇਖਿਐ ਕਿ ਬਹੁਤ ਸਾਰੇ ਲੋਕ ਤੇਰੇ ਘਰ ਆਉਂਦੇ ਨੇ। ਪਰ ਉਹ ਸ਼ਰਾਬ ਨਹੀਂ ਪੀਂਦੇ ਤੇ ਨਾ ਹੀ ਸ਼ੋਰ ਸ਼ਰਾਬਾ ਕਰਦੇ ਨੇ। ਇਹ ਪਹਿਲੀ ਗੱਲ ਏ। ਜਿਨ੍ਹਾਂ ਲੋਕਾਂ ਦਾ ਵਤੀਰਾ ਇਹੋ ਜਿਹਾ ਹੋਵੇ ਉਹਨਾਂ ਵੱਲ ਧਿਆਨ ਜਾਣਾ ਲਾਜ਼ਮੀ ਏ। ਤੁਸੀਂ ਸੋਚਣ ਲੱਗ ਪੈਂਦੇ ਹੋ ਗੜਬੜ ਕਿੱਥੇ ਏ। ਮੈਂ ਵੀ ਤਾਂ ਸਭਨਾਂ ਨੂੰ ਰੜਕਦਾ ਵਾਂ—ਆਪਣੇ ਆਪ ਵਿੱਚ ਜੁ ਮਸਤ ਰਹਿੰਦਾ ਹੋਇਆ।"

ਉਹਦੀ ਅਵਾਜ਼ ਭਾਰੀ ਪਰ ਰਵਾਂ ਸੀ। ਉਹਨੇ ਆਪਣੇ ਸਾਂਵਲੇ ਹੱਥ ਨਾਲ਼ ਦਾੜ੍ਹੀ ਪਲੋਸੀ ਅਤੇ ਨੀਝ ਲਾਕੇ ਪਾਵੇਲ ਵੱਲ ਵੇਖੀ ਗਿਆ।

"ਲੋਕਾਂ ਵਿੱਚ ਤੇਰੇ ਬਾਰੇ ਚਰਚਾ ਚੱਲ ਪਈ ਏ। ਮੇਰੇ ਮਾਲਕ ਮਕਾਨ ਨੂੰ ਹੀ ਲਓ। ਉਹ ਤੈਨੂੰ ਕਾਫ਼ਰ ਕਹਿੰਦੇ ਏ ਕਿਉਂਕਿ ਤੂੰ ਗਿਰਜੇ ਨਹੀਂ ਜਾਂਦਾ। ਮੈਂ ਵੀ ਤਾਂ ਨਹੀਂ ਜਾਂਦਾ। ਫਿਰ ਉਹ ਇਸ਼ਤਿਹਾਰ। ਇਹ ਤੇਰਾ ਹੀ ਕੰਮ ਏ ਨਾ ?"

"ਹਾਂ," ਪਾਵੇਲ ਨੇ ਜਵਾਬ ਦਿੱਤਾ।

"ਕੀ ਪਿਆ ਕਹਿਨੈ ?" ਮਾਂ ਨੇ ਰਸੋਈ ਦੇ ਦਰਵਾਜ਼ੇ ਵਿੱਚੋਂ ਝਾਕਦੇ ਹੋਏ ਤੌਖਲੇ ਨਾਲ਼ ਕਿਹਾ। "ਤੂੰ ਇਕੱਲਾ ਹੀ ਤਾਂ ਨਹੀਂ!"

ਪਾਵੇਲ ਹੱਸਿਆ ਅਤੇ ਰੀਬਿਨ ਵੀ।

"ਬਹੁਤ ਅੱਛਾ," ਰੀਬਿਨ ਨੇ ਕਿਹਾ।

ਮਾਂ ਨੇ ਨੱਕ ਵਿੱਚ ਸੁਰੜ ਸੁਰੜ ਕੀਤੀ ਅਤੇ ਚਲੀ ਗਈ, ਜਿਵੇਂ ਉਹਨਾਂ ਉਹਦੀ ਗੱਲ ਨਹੀਂ ਸੀ ਗੌਲੀ, ਉਸ 'ਤੇ ਉਹ ਕੁਝ ਗੁੱਸੇ ਸੀ।

"ਸੋਹਣੀ ਗੱਲ ਏ, ਉਹ ਇਸ਼ਤਿਹਾਰ। ਉਹ ਲੋਕਾਂ ਨੂੰ ਟੁੰਬਦੇ ਨੇ। ਕੁੱਲ ਉਨ੍ਹੀਂ ਇਸ਼ਤਿਹਾਰ ਸਨ, ਹੈ ਨਾ ?"

"ਹਾਂ," ਪਾਵੇਲ ਨੇ ਜਵਾਬ ਦਿੱਤਾ।

"ਇਹਦਾ ਮਤਲਬ ਏ ਮੈਂ ਸਾਰੇ ਪੜ੍ਹੇ ਨੇ। ਉਹਨਾਂ ਵਿੱਚ ਕੁਝ ਗੱਲਾਂ ਸਾਫ਼ ਨਹੀਂ ਸਨ, ਕੁਝ ਗ਼ੈਰ-ਜ਼ਰੂਰੀ ਸਨ, ਪਰ ਜਦੋਂ ਕਿਸੇ ਨੇ ਬਹੁਤ ਸਾਰੀਆਂ ਗੱਲਾਂ ਕਹਿਣੀਆਂ ਹੋਣ ਤਾਂ ਇੱਕ ਅੱਧਾ ਲਫ਼ਜ਼ ਵਾਧੂ ਲਿਖਣੋਂ ਬਚਣਾ ਔਖਾ ਹੁੰਦੈ।..."

ਰੀਬਿਨ ਮੁਸਕਰਾਇਆ, ਉਹਦੇ ਮਜ਼ਬੂਤ ਚਿੱਟੇ ਦੰਦ ਦਿੱਸੇ।

"ਫਿਰ ਆਈ ਤਲਾਸ਼ੀ। ਉਹਦਾ ਮੇਰੇ ਉੱਤੇ ਸਭ ਤੋਂ ਵੱਧ ਅਸਰ ਪਿਆ। ਤੂੰ ਅਤੇ **ਖੋਖੋਲ** ਅਤੇ ਨਿਕੋਲਾਈ ਨੇ ਵਿਖਾ ਦਿੱਤਾ।..."

ਉਹ ਰੁੱਕ ਗਿਆ, ਉਹਨੂੰ ਗੱਲ ਨਹੀਂ ਸੀ ਅਹੁੜ ਰਹੀ ਅਤੇ ਉਹ ਆਪਣੀ ਉਂਗਲ ਨਾਲ਼ ਮੇਜ਼ ਉੱਤੇ ਠਕ ਠਕ ਕਰ ਰਿਹਾ ਸੀ।

"ਤੁਸਾਂ ਉਹ ਦ੍ਰਿਸ਼ਟੀਕੋਣ ਵਿਖਾ ਦਿੱਤਾ ਜਿਹੜਾ ਤੁਸਾਂ ਅਪਣਾਇਆ ਸੀ। ਇਹ ਕੁਝ ਇਸ ਤਰ੍ਹਾਂ ਦਾ ਸੀ: 'ਮਹਾ-ਮਹਿਮ ਤੁਸੀਂ ਆਪਣਾ ਕੰਮ ਕਰੀ ਜਾਓ ਤੇ ਅਸੀਂ ਆਪਣਾ ਕਰੀ ਜਾਵਾਂਗੇ।'। **ਖੋਖੋਲ** ਵੀ ਬੜਾ ਸ਼ਾਨਦਾਰ ਬੰਦਾ ਏ। ਕਦੀ ਕਦੀ ਜਦੋਂ ਮੈਂ ਕਾਰਖ਼ਾਨੇ ਵਿੱਚ ਉਹ ਨੂੰ ਗੱਲਾਂ ਕਰਦਿਆਂ ਸੁਣਦਾਂ ਤਾਂ ਮੈਂ ਆਪਣੇ ਆਪ ਨੂੰ ਕਹਿੰਦਾਂ: 'ਇਹ ਨਹੀਂ ਹਾਰ ਮੰਨਣ ਵਾਲ਼ਾ। ਬਸ ਮੌਤ ਹੀ ਇਹਨੂੰ ਹਰਾਏਗੀ। ਬੜੇ ਕਣ ਵਾਲ਼ਾ ਬੰਦਾ ਏ।' ਤੈਨੂੰ ਮੇਰੇ 'ਤੇ ਭਰੋਸਾ ਏ ਪਾਵੇਲ ?"

"ਹਾਂ, ਹੈ," ਪਾਵੇਲ ਨੇ ਸਿਰ ਹਿਲਾਉਂਦੇ ਹੋਏ ਕਿਹਾ।

"ਬਹੁਤ ਅੱਛਾ! ਮੇਰੇ ਵੱਲ ਵੇਖ — ਚਾਲ੍ਹੀਆਂ ਦਾ ਹੋ ਗਿਆਂ — ਤੇਰੇ ਨਾਲ਼ੋਂ ਦੂਣੀ ਉਮਰ ਦਾ ਤੇ ਤੇਰੇ ਨਾਲ਼ੋਂ ਵੀਹ ਗੁਣਾ ਦੁਨੀਆਂ ਵੇਖੀ ਏ। ਤਿੰਨ ਵਰ੍ਹੇ ਤੋਂ ਵੱਧ ਫ਼ੌਜ ਵਿੱਚ ਰਿਹਾ। ਦੋ ਵਾਰ ਵਿਆਹ ਕੀਤਾ — ਪਹਿਲੀ ਮਰ ਗਈ, ਦੂਜੀ ਤੋਂ ਮੈਂ ਪੱਲਾ ਛੁਡਾ ਲਿਆ। ਕੋਹਕਾਫ਼ ਵਿੱਚ ਰਿਹਾ ਅਤੇ ਦੂਖੋਬੋਰਤਸੀਆਂ* ਨੂੰ ਵੇਖਿਆ। ਨਹੀਂ ਭਰਾ, ਉਹ ਨਹੀਂ ਜਾਣਦੇ ਜ਼ਿੰਦਗੀ ਨਾਲ਼ ਕਿਵੇਂ ਨਿਬੜਨਾ ਏ, ਉਹ ਨਹੀਂ ਜਾਣਦੇ!"

ਮਾਂ ਉਤਸੁਕਤਾ ਨਾਲ਼ ਉਹਦੀ ਭਾਵ-ਪੂਰਨ ਗੱਲ ਸੁਣ ਰਹੀ ਸੀ; ਉਹਨੂੰ ਇਸ ਗੱਲ 'ਤੇ ਖੁਸ਼ੀ ਹੋਈ ਕਿ ਅੱਧ-ਖੜ ਉਮਰ ਦਾ ਇੱਕ ਬੰਦਾ ਉਹਦੇ ਪੁੱਤਰ ਅੱਗੇ ਆਪਣਾ ਦਿਲ ਖੋਹਲ ਕੇ ਰੱਖ ਰਿਹਾ ਸੀ। ਪਰ ਉਹਨੂੰ ਲੱਗਾ ਕਿ ਪਾਵੇਲ ਦਾ ਵਤੀਰਾ ਰੁੱਖਾ ਸੀ ਅਤੇ ਇਹਨੂੰ ਵਧੇਰੇ ਨਰਮ ਕਰਨ ਲਈ ਉਹਨੇ ਉਸਤੋਂ ਪੁੱਛਿਆ:

"ਸ਼ੈਦ ਤੁਸੀਂ ਕੁਝ ਖਾਓਗੇ, ਮਿਖਾਈਲੋ ਈਵਾਨੋਵਿਚ ?"

"ਸ਼ੁਕਰੀਆ ਮਾਂ। ਮੈਂ ਤਾਂ ਰੋਟੀ ਖਾਕੇ ਆਇਆਂ। ਸੋ ਤੇਰਾ ਖ਼ਿਆਲ ਏ ਜ਼ਿੰਦਗੀ ਉਹੋ ਜਿਹੀ ਨਹੀਂ ਜਿਹੋ ਜਿਹੀ ਹੋਣੀ ਚਾਹੀਦੀ ਏ, ਪਾਵੇਲ ?"

ਪਾਵੇਲ ਖੜਾ ਹੋ ਗਿਆ, ਹੱਥ ਪਿੱਠ ਪਿੱਛੇ ਕੀਤੇ ਅਤੇ ਕਮਰੇ ਵਿੱਚ ਚੱਕਰ ਕੱਟਣ ਲੱਗ ਪਿਆ।

"ਇਹ ਠੀਕ ਰਾਹ ਉੱਤੇ ਪੈ ਰਹੀ ਏ," ਉਹਨੇ ਜਵਾਬ ਦਿੱਤਾ। "ਕੀ ਇਹ ਤੈਨੂੰ ਖੁੱਲ੍ਹੇ ਦਿਲ ਨਾਲ਼ ਮੇਰੇ ਕੋਲ਼ ਨਹੀਂ ਲਿਆਈ। ਹੌਲ਼ੀ ਹੌਲ਼ੀ ਇਹ ਸਾਨੂੰ ਕਿਰਤੀ ਲੋਕਾਂ ਨੂੰ ਇੱਕਮੁੱਠ ਕਰ ਰਹੀ ਏ ਅਤੇ ਸਮਾਂ ਆ ਜਾਵੇਗਾ ਜਦੋਂ ਇਹ ਸਭ ਨੂੰ ਇੱਕਮੁੱਠ ਕਰ ਦੇਵੇਗੀ! ਜ਼ਿੰਦਗੀ ਸਾਡੇ ਲਈ ਔਖੀ ਤੇ ਅਣ-ਮੁਨਸਫ਼ੀ ਏ, ਪਰ ਇਹ ਆਪਣੇ ਕੌੜੇ ਮਤਲਬ ਬਾਰੇ ਸਾਨੂੰ ਚਾਨਣ ਦੇ ਰਹੀ ਏ ਅਤੇ ਸਾਨੂੰ ਦਰਸਾ ਰਹੀ ਏ ਕਿ ਮਾਮਲਿਆਂ ਦੀ ਚਾਲ ਤਿੱਖੀ ਕਰਨੀ ਏ।"

"ਬਿਲਕੁਲ ਠੀਕ!" ਰੀਬਿਨ ਨੇ ਗੱਲ ਟੋਕੀ। "ਲੋਕਾਂ ਨੂੰ ਪੂਰੀ ਤਰ੍ਹਾਂ ਠੀਕ ਕਰਨ ਦੀ

---

* ਇੱਕ ਇਸਾਈ ਧਾਰਮਕ ਸੰਪ੍ਰਦਾਅ। — **ਅਨੁ:**

ਲੋੜ ਏ। ਜੇ ਕਿਸੇ ਦੇ ਜੂਆਂ ਪੈ ਜਾਣ ਤਾਂ ਉਹਨੂੰ ਹਮਾਮ ਲੈ ਜਾਓ, ਚੰਗੀ ਤਰ੍ਹਾਂ ਝਾਵਾਂ ਫੇਰੋ ਤੇ ਸਾਫ਼ ਕੱਪੜੇ ਪਵਾ ਦਿਓ। ਉਹ ਫਿਰ ਚੰਗਾ ਲੱਗਣ ਲੱਗ ਪਵੇਗਾ। ਪਰ ਤੁਸੀਂ ਕਿਸੇ ਦਾ ਦਿਲ ਕਿਵੇਂ ਸਾਫ਼ ਕਰ ਸਕਦੇ ਹੋ? ਅਸਲੀ ਗੱਲ ਇਹ ਏ!"

ਪਾਵੇਲ ਕਾਰਖ਼ਾਨੇ ਅਤੇ ਅਫ਼ਸਰਾਂ ਬਾਰੇ ਬੜੀ ਉਤੇਜਨਾ ਨਾਲ਼ ਗੱਲ ਕਰ ਰਿਹਾ ਸੀ। ਅਤੇ ਇਸ ਬਾਰੇ ਕਿ ਬਦੇਸ਼ਾਂ ਵਿੱਚ ਕਿਰਤੀ ਕਿਵੇਂ ਆਪਣੇ ਹੱਕਾਂ ਲਈ ਲੜ ਰਹੇ ਸਨ। ਕਈ ਵਾਰ ਰੀਬਿਨ ਮੇਜ਼ ਉੱਤੇ ਮੁੱਕਾ ਮਾਰਦਾ ਜਿਵੇਂ ਪਾਵੇਲ ਦੀ ਗੱਲ ਦੀ ਹਮਾਇਤ ਕਰ ਰਿਹਾ ਹੋਵੇ।

"ਇਹੋ ਤਾਂ ਗੱਲ ਏ!" ਉਹ ਉੱਚੀ ਅਵਾਜ਼ ਵਿੱਚ ਘੜੀ ਮੁੜੀ ਬੋਲਦਾ।

ਅਤੇ ਇੱਕ ਵਾਰ ਉਹ ਹੱਸਿਆ ਅਤੇ ਠਰ੍ਹੰਮੇ ਨਾਲ਼ ਬੋਲਿਆ:

"ਅਜੇ ਤੇਰੀ ਉਮਰ ਛੋਟੀ ਏ! ਤੈਨੂੰ ਲੋਕਾਂ ਬਾਰੇ ਬਹੁਤਾ ਪਤਾ ਨਹੀਂ।"

"ਛੋਟੀ ਵੱਡੀ ਉਮਰ ਦੀਆਂ ਗੱਲਾਂ ਛੱਡੋ," ਪਾਵੇਲ ਨੇ ਰੀਬਿਨ ਦੇ ਸਾਹਮਣੇ ਆ ਕੇ ਰੁਕਦੇ ਹੋਏ ਗੰਭੀਰਤਾ ਨਾਲ਼ ਕਿਹਾ। "ਆਓ ਵੇਖੀਏ ਕਿਸ ਦੇ ਖ਼ਿਆਲ ਠੀਕ ਨੇ।"

"ਸੋ ਤੇਰਾ ਖ਼ਿਆਲ ਏ ਉਹ ਸਾਨੂੰ ਰੱਬ ਬਾਰੇ ਵੀ ਉੱਲੂ ਬਣਾਉਂਦੇ ਰਹੇ ਨੇ? ਹੂੰ। ਮੇਰਾ ਵੀ ਖ਼ਿਆਲ ਏ ਸਾਡਾ ਧਰਮ ਗ਼ਲਤ ਏ।"

ਇੱਥੇ ਮਾਂ ਨੇ ਦਖ਼ਲ ਦਿੱਤਾ। ਜਦੋਂ ਕਦੀ ਉਹਦਾ ਪੁੱਤਰ ਰੱਬ ਬਾਰੇ ਅਤੇ ਉਹਦੇ ਵਿੱਚ ਮਾਂ ਦੇ ਨਿਸ਼ਚੇ ਬਾਰੇ ਗੱਲ ਕਰਦਾ, ਜਿਹੜੇ ਨਿਸ਼ਚੇ ਨੂੰ ਉਹ ਬਹੁਤ ਪਿਆਰਾ ਅਤੇ ਪਵਿੱਤਰ ਸਮਝਦੀ ਸੀ, ਤਾਂ ਉਹ ਉਹਦਾ ਧਿਆਨ ਖਿੱਚਣ ਦਾ ਜਤਨ ਕਰਦੀ, ਚੁੱਪ-ਚਾਪ ਉਹਦੀਆਂ ਮਿੰਨਤਾਂ ਕਰਦੀ ਕਿ ਉਹ ਕੁਫ਼ਰ ਦੇ ਤਿੱਖੇ ਲਫ਼ਜਾਂ ਨਾਲ਼ ਉਹਦਾ ਦਿਲ ਨਾ ਦੁਖਾਏ। ਪਰ ਉਹਦੇ ਅਵਿਸ਼ਵਾਸ ਦੇ ਪਿੱਛੇ ਉਹਨੂੰ ਇੱਕ ਵਿਸ਼ਵਾਸ ਦਿੱਸਦਾ ਅਤੇ ਇਸ 'ਤੇ ਉਹਨੂੰ ਤਸੱਲੀ ਹੁੰਦੀ।

"ਮੈਂ ਉਹਦੇ ਖ਼ਿਆਲ ਕਿਵੇਂ ਸਮਝ ਸਕਦੀ ਵਾਂ?" ਉਹ ਸੋਚਣ ਲੱਗ ਪੈਂਦੀ।

ਉਹਦਾ ਖ਼ਿਆਲ ਸੀ ਕਿ ਇਸ ਅੱਧ-ਖੜ ਬੰਦੇ ਨੂੰ ਵੀ ਉਹਦੇ ਪੁੱਤਰ ਦੀ ਗੱਲ ਉੱਨੀ ਹੀ ਮਾੜੀ ਲੱਗੇਗੀ। ਪਰ ਜਦੋਂ ਰੀਬਿਨ ਨੇ ਸ਼ਾਂਤੀ ਨਾਲ਼ ਪਾਵੇਲ ਤੋਂ ਇਹ ਸਵਾਲ ਪੁੱਛਿਆ ਤਾਂ ਉਹ ਆਪਣੇ ਆਪ ਨੂੰ ਰੋਕ ਨਾ ਸਕੀ ਅਤੇ ਉਹਨੇ ਸੰਖੇਪਤਾ ਅਤੇ ਦ੍ਰਿੜ੍ਹਤਾ ਨਾਲ਼ ਕਿਹਾ:

"ਜਦੋਂ ਰੱਬ ਦੀ ਗੱਲ ਆਵੇ, ਜ਼ਰਾ ਸੋਚ ਸਮਝ ਕੇ ਬੋਲਿਆ ਕਰੋ!" ਉਹਨੇ ਲੰਮਾ ਸਾਹ ਲਿਆ ਅਤੇ ਵਧੇਰੇ ਜੋਸ਼ ਨਾਲ਼ ਗੱਲ ਜਾਰੀ ਰੱਖੀ। "ਤੁਸੀਂ ਭਾਵੇਂ ਕੁਝ ਪਏ ਸੋਚੋ, ਪਰ ਜੇ ਤੁਸਾਂ ਰੱਬ ਨੂੰ ਖੋਹ ਲਿਆ ਤਾਂ ਮੇਰੇ ਲਈ, ਇੱਕ ਬੁੱਢੀ ਜ਼ਨਾਨੀ ਲਈ, ਗ਼ਮਾਂ ਵਿੱਚ ਕੋਈ ਸਹਾਰਾ ਨਹੀਂ ਰਹੇਗਾ!"

ਉਹਦੀਆਂ ਅੱਖਾਂ ਭਰ ਆਈਆਂ ਅਤੇ ਭਾਂਡੇ ਧੋਂਦਿਆਂ ਉਹਦੀਆਂ ਉਂਗਲਾਂ ਕੰਬਣ ਲੱਗ ਪਈਆਂ।

"ਤੂੰ ਸਾਡੀ ਗੱਲ ਨਹੀਂ ਸਮਝੀ," ਪਾਵੇਲ ਨੇ ਨਰਮੀ ਨਾਲ਼ ਕਿਹਾ।

"ਮਾਫ਼ ਕਰੀਂ, ਮਾਂ," ਰੀਬਿਨ ਨੇ ਆਪਣੀ ਡੂੰਘੀ, ਮੱਧਮ ਅਵਾਜ਼ ਵਿੱਚ ਕਿਹਾ। ਉਹ ਨਿੱਕਾ ਜਿਹਾ ਹਾਸਾ ਹੱਸਿਆ ਅਤੇ ਪਾਵੇਲ ਵੱਲ ਵੇਖਿਆ।

"ਮੈਂ ਤਾਂ ਭੁੱਲ ਹੀ ਗਿਆ ਸਾਂ, ਤੇਰੀ ਉਮਰੇ ਰਸੌਲੀਆਂ ਨਹੀਂ ਕੱਢੀਆਂ ਜਾ

ਸਕਦੀਆਂ।...”

“ਮੈਂ ਉਸ ਮਿਹਰਬਾਨ ਅਤੇ ਤਰਸ ਕਰਨ ਵਾਲ਼ੇ ਰੱਬ ਦੀ ਗੱਲ ਨਹੀਂ ਸਾਂ ਕਰ ਰਿਹਾ, ਜਿਸ ਵਿੱਚ ਤੇਰਾ ਯਕੀਨ ਏ,” ਪਾਵੇਲ ਨੇ ਗੱਲ ਜਾਰੀ ਰੱਖੀ, “ਸਗੋਂ ਉਸ ਰੱਬ ਦੀ ਜਿਸਦੇ ਡਰਾਵੇ ਪਾਦਰੀ ਸਾਨੂੰ ਦੇਂਦੇ ਨੇ, ਜਿਵੇਂ ਉਹ ਕੋਈ ਮੁਤਹਿਰ ਹੋਵੇ; ਉਸ ਰੱਬ ਦੀ ਜਿਸ ਦੇ ਨਾਂ ’ਤੇ ਉਹ ਲੋਕਾਂ ਨੂੰ ਕੁਝ ਇੱਕ ਦੀ ਮੰਦੀ ਇੱਛਾ ਅੱਗੇ ਝੁਕਣ ਲਈ ਮਜ਼ਬੂਰ ਕਰਦੇ ਨੇ।...”

“ਇਹੋ ਤਾਂ ਗੱਲ ਏ!” ਗੀਬਿਨ ਨੇ ਮੇਜ਼ ਉੱਤੇ ਮੁੱਕਾ ਮਾਰਦੇ ਹੋਏ ਕਿਹਾ। “ਉਹਨਾਂ ਸਾਡੇ ਸਿਰ ਇੱਕ ਝੂਠਾ ਰੱਬ ਮੜ੍ਹ ਦਿਤੈ! ਜੋ ਕੁਝ ਉਹਨਾਂ ਦੇ ਹੱਥ ਆਵੇ ਉਹਦੇ ਨਾਲ਼ ਉਹ ਸਾਡਾ ਮੁਕਾਬਲਾ ਕਰਦੇ ਨੇ! ਜ਼ਰਾ ਸੋਚ ਮਾਂ: ਰੱਬ ਨੇ ਮਨੁੱਖ ਨੂੰ ਆਪਣੇ ਰੂਪ ਵਿੱਚ ਸਾਜਿਆ, ਇਹਦਾ ਮਤਲਬ ਏ ਉਹਦਾ ਮੁਹਾਂਦਰਾ ਮਨੁੱਖ ਜਿਹਾ ਏ, ਜਾਂ ਮਨੁੱਖ ਦਾ ਮੁਹਾਂਦਰਾ ਉਹਦੇ ਜਿਹਾ ਏ। ਪਰ ਅਸੀਂ ਦੇਵਤਿਆਂ ਤੋਂ ਵੱਧ ਜੰਗਲੀ ਜਾਨਵਰਾਂ ਨਾਲ਼ ਮਿਲਦੇ ਵਾਂ। ਗਿਰਜਿਆਂ ਵਿੱਚ ਸਾਨੂੰ ਡਰਨੇ ਵਿਖਾਏ ਜਾਂਦੇ ਨੇ।... ਮਾਂ, ਸਾਨੂੰ ਆਪਣਾ ਰੱਬ ਵੀ ਬਦਲਣਾ ਪਵੇਗਾ! ਉਹਨੂੰ ਵੀ ਸਾਫ਼ ਕਰਨਾ ਪਵੇਗਾ! ਉਹਨਾਂ ਉਹਦੇ ਉੱਤੇ ਝੂਠ ਅਤੇ ਊਜਾਂ ਦੀ ਪੁਸ਼ਾਕ ਪਾ ਦਿੱਤੀ ਏ, ਸਾਡੀਆਂ ਰੂਹਾਂ ਮਾਰਨ ਲਈ ਉਹਦਾ ਮੁਹਾਂਦਰਾ ਵਿਗਾੜ ਦਿੱਤੈ।...”

ਉਹ ਨਰਮੀ ਨਾਲ਼ ਬੋਲ ਰਿਹਾ ਸੀ, ਪਰ ਉਹਦਾ ਹਰ ਲਫ਼ਜ਼ ਮਾਂ ਲਈ ਚਕਰਾ ਦੇਣ ਵਾਲ਼ੀ ਸੱਟ ਸੀ। ਅਤੇ ਉਹਦੀ ਦਾੜ੍ਹੀ ਦੀ ਕਾਲ਼ੀ ਚੌਖਟ ਵਿੱਚ ਜੜਿਆ ਉਹਦਾ ਵੱਡਾ ਸੋਗੀ ਮੂੰਹ ਮਾਂ ਨੂੰ ਡਰਾ ਰਿਹਾ ਸੀ। ਉਹ ਉਹਦੀਆਂ ਅੱਖਾਂ ਦੀ ਕਾਲ਼ੀ ਚਮਕ ਸਹਾਰ ਨਾ ਸਕੀ, ਜਿਸ ਨਾਲ਼ ਉਹਦੇ ਦਿਲ ਵਿੱਚ ਡਰ ਕਾਰਨ ਚੀਸ ਉੱਠੀ।

“ਮੈਂ ਇੱਥੋਂ ਚਲੀ ਜਾਵਾਂਗੀ,” ਉਹਨੇ ਆਪਣਾ ਸਿਰ ਹਿਲਾਉਂਦੀ ਹੋਈ ਨੇ ਕਿਹਾ। “ਅਜਿਹੀਆਂ ਗੱਲਾਂ ਸੁਣਨਾ ਮੇਰੀ ਪ੍ਰੋਖੋਂ ਬਾਹਰੈ!”

ਕਾਹਲੀ ਕਾਹਲੀ ਉਹ ਰਸੋਈ ਵਿੱਚ ਚਲੀ ਗਈ, ਉਹਦੇ ਪਿੱਛੇ ਪਿੱਛੇ ਗੀਬਿਨ ਨੇ ਕਿਹਾ।

“ਵੇਖਿਆ ਪਾਵੇਲ? ਸਭ ਕੁਝ ਦਾ ਕੇਂਦਰ ਦਿਮਾਗ਼ ਨਹੀਂ ਸਗੋਂ ਦਿਲ ਏ। ਮਨੁੱਖੀ ਰੂਹ ਵਿੱਚ ਇਹਦੀ ਬੜੀ ਖ਼ਾਸ ਥਾਂ ਏ ਅਤੇ ਉੱਥੇ ਹੋਰ ਕੁਝ ਨਹੀਂ ਉੱਗ ਸਕਦਾ।...”

“ਸਿਰਫ਼ ਤਰਕ ਹੀ ਮਨੁੱਖ ਨੂੰ ਅਜ਼ਾਦ ਕਰ ਸਕਦੈ,” ਪਾਵੇਲ ਨੇ ਦ੍ਰਿੜ੍ਹਤਾ ਨਾਲ਼ ਕਿਹਾ।

“ਤਰਕ ਉਹਨੂੰ ਬਲ ਨਹੀਂ ਦੇਂਦਾ,” ਗੀਬਿਨ ਨੇ ਉੱਚੀ ਅਵਾਜ਼ ਵਿੱਚ ਜ਼ਿੱਦ ਕੀਤੀ। “ਦਿਲ ਉਹਨੂੰ ਬਲ ਦੇਂਦੈ, ਦਿਮਾਗ਼ ਨਹੀਂ!”

ਮਾਂ ਨੇ ਕੱਪੜੇ ਲਾਹੇ ਅਤੇ ਦੁਆ ਕੀਤੇ ਬਿਨਾਂ ਲੇਟ ਗਈ। ਉਹਨੂੰ ਠੰਢ ਲੱਗ ਰਹੀ ਸੀ ਅਤੇ ਉਹ ਦੁਖੀ ਸੀ। ਗੀਬਿਨ ਉਹਨੂੰ ਸਿਆਣਾ ਜਾਪਿਆ ਸੀ ਅਤੇ ਪਹਿਲਾਂ ਉਹਨੂੰ ਪ੍ਰਭਾਵਤ ਕੀਤਾ ਸੀ, ਪਰ ਹੁਣ ਉਹਨੇ ਦੋਖ ਦੀ ਭਾਵਨਾ ਜਗਾ ਦਿੱਤੀ ਸੀ।

“ਕਾਫ਼ਰ! ਬਾਗ਼ੀ!” ਉਹਨੇ ਉਹਦੀ ਅਵਾਜ਼ ਸੁਣਦੇ ਹੋਏ ਸੋਚਿਆ। “ਉਹਦੇ ਇੱਥੇ ਆਏ ਖੁਣੋਂ ਕੀ ਥੁੜਿਆ ਸੀ?”

ਪਰ ਉਹ ਸ਼ਾਂਤ ਠਰ੍ਹੰਮੇ ਨਾਲ਼ ਬੋਲੀ ਗਿਆ।

“ਪਵਿੱਤਰ ਥਾਂ ਖਾਲੀ ਨਹੀਂ ਛੱਡੀ ਜਾ ਸਕਦੀ। ਮਨੁੱਖਾਂ ਦੇ ਦਿਲ ਵਿੱਚ ਰੱਬ ਨੂੰ ਜਿਹੜੀ

ਥਾਂ ਮਿਲੀ ਹੋਈ ਹੈ ਉਹ ਸਭ ਤੋਂ ਵੱਧ ਕੋਮਲ ਏ। ਜੇ ਤੁਸੀਂ ਉਹਨੂੰ ਵੱਢ ਦਿਓ ਤਾਂ ਪਿੱਛੇ ਇੰਨਾ ਵੱਡਾ ਫੱਟ ਰਹਿ ਜਾਵੇਗਾ। ਪਾਵੇਲ, ਇੱਕ ਨਵਾਂ ਧਰਮ ਖੜਾ ਕਰਨਾ ਪਵੇਗਾ। ਇੱਕ ਅਜਿਹਾ ਰੱਬ ਸਿਰਜਣਾ ਪਵੇਗਾ ਜਿਹੜਾ ਇਨਸਾਨ ਦਾ ਦੋਸਤ ਹੋਵੇ, ਇਹੋ ਤਾਂ ਗੱਲ ਏ!"

"ਈਸਾ ਵੀ ਤਾਂ ਸੀ!" ਪਾਵੇਲ ਬੋਲ ਉੱਠਿਆ।

"ਈਸਾ ਕਮਜ਼ੋਰ ਸੀ। 'ਇਹ ਪਿਆਲਾ ਕਿਸੇ ਹੋਰ ਦੇ ਹਿੱਸੇ ਆਵੇ,'* ਉਹਨੇ ਕਿਹਾ ਸੀ। ਤੇ ਉਹਨੇ ਸੀਜ਼ਰ ਨੂੰ ਮੰਨ ਲਿਆ ਸੀ।** ਰੱਬ ਆਪਣੇ ਬੰਦਿਆਂ ਉੱਤੇ ਕਿਸੇ ਇਨਸਾਨ ਦੀ ਹਕੂਮਤ ਕਿਵੇਂ ਪ੍ਰਵਾਨ ਕਰ ਸਕਦਾ ਹੈ? ਉਹ ਆਪ ਸਰਬ-ਸ਼ਕਤੀਮਾਨ ਏ! ਉਹ ਆਪਣੀ ਰੂਹ ਵੰਡ ਨਹੀਂ ਸੀ ਸਕਦਾ — ਇਹ ਰੱਬ ਦਾ ਹੈ, ਇਹ ਮਨੁੱਖ ਦਾ।... ਪਰ ਈਸਾ ਵਪਾਰ ਦੇ ਖਿਲਾਫ਼ ਨਹੀਂ ਸੀ ਅਤੇ ਵਿਆਹ ਦੇ ਖ਼ਿਲਾਫ਼ ਵੀ ਨਹੀਂ ਸੀ। ਤੇ ਉਹਨੇ ਅੰਜੀਰ ਦੇ ਰੁੱਖ ਨੂੰ ਬਦਅਸੀਸ ਦੇਕੇ ਗ਼ਲਤੀ ਕੀਤੀ—ਕੀ ਫਲ ਨਾ ਦੇਣ ਲਈ ਅੰਜੀਰ ਦਾ ਰੁੱਖ ਜ਼ਿੰਮੇਵਾਰ ਸੀ? ਉਹ ਉਸੇ ਤਰ੍ਹਾਂ ਜ਼ਿੰਮੇਵਾਰ ਨਹੀਂ ਸੀ ਜਿਵੇਂ ਮਨੁੱਖੀ ਰੂਹ ਚੰਗਿਆਈ ਪੈਦਾ ਨਾ ਕਰਨ ਲਈ ਜ਼ਿੰਮੇਵਾਰ ਨਹੀਂ। ਕੀ ਮੈਂ ਆਪਣੀ ਰੂਹ ਵਿੱਚ ਇਹ ਬੁਰਾਈ ਆਪ ਬੀਜੀ ਏ?"

ਦੋ ਅਵਾਜ਼ਾਂ ਕਮਰੇ ਅੰਦਰ ਆਪੋ ਵਿੱਚ ਜੂਝਦੀਆਂ ਰਹੀਆਂ, ਉਤੇਜਤ ਮੁਕਾਬਲੇ ਵਿੱਚ ਘੁਲਦੀਆਂ ਰਹੀਆਂ। ਪਾਵੇਲ ਦੇ ਕਮਰੇ ਵਿੱਚ ਚੱਕਰ ਕੱਟਣ ਕਾਰਨ ਫ਼ਰਸ਼ ਚੀਂ ਚੀਂ ਕਰਦਾ। ਜਦੋਂ ਪਾਵੇਲ ਬੋਲਦਾ ਤਾਂ ਬਾਕੀ ਸਭ ਅਵਾਜ਼ਾਂ ਦੱਬ ਜਾਂਦੀਆਂ, ਪਰ ਜਦੋਂ ਰੀਬਿਨ ਆਪਣੀ ਸ਼ਾਂਤ, ਡੂੰਘੀ ਅਵਾਜ਼ ਵਿੱਚ ਬੋਲਦਾ ਤਾਂ ਮਾਂ ਘੜੀ ਦੇ ਲਟਕਣ ਦੇ ਹਿਲਣ ਦੀ ਅਵਾਜ਼ ਅਤੇ ਮਕਾਨ ਦੀਆਂ ਕੰਧਾਂ ਨੂੰ ਕੱਕਰ ਤੇ ਤਿੱਖੀਆਂ ਨਹੁੰਦਰਾਂ ਮਾਰਨ ਦੀ ਨਿੰਮ੍ਹੀ ਅਵਾਜ਼ ਸੁਣ ਸਕਦੀ ਸੀ।

"ਮੈਂ ਆਪਣੇ ਢੰਗ ਨਾਲ਼ ਗੱਲ ਕਰਦਾ ਵਾਂ — ਇੱਕ ਝੋਕੇ ਦੇ ਢੰਗ ਨਾਲ਼: ਰੱਬ ਇੱਕ ਲਾਟ ਏ। ਉਹ ਹਰ ਦਿਲ ਵਿੱਚ ਜਿਊਂਦੈ। ਕਿਹਾ ਗਿਐ: 'ਮੁੱਢ ਵਿੱਚ ਸ਼ਬਦ ਸੀ ਅਤੇ ਸ਼ਬਦ ਰੱਬ ਸੀ। ਸੋ ਸ਼ਬਦ ਹੀ ਰੂਹ ਏ।' "***

"ਸ਼ਬਦ ਤਰਕ ਹੈ," ਪਾਵੇਲ ਨੇ ਜ਼ੋਰ ਦਿੱਤਾ।

"ਇੰਞ ਹੀ ਸਹੀ। ਤਾਂ ਰੱਬ ਦਿਲ ਵਿੱਚ ਏ ਅਤੇ ਤਰਕ ਵਿੱਚ—ਪਰ ਗਿਰਜੇ ਵਿੱਚ ਨਹੀਂ! ਗਿਰਜਾ ਰੱਬ ਦਾ ਮਕਬਰਾ ਏ।"

ਮਾਂ ਸੌਂ ਗਈ ਅਤੇ ਉਹਨੇ ਰੀਬਿਨ ਦੇ ਜਾਣ ਦੀ ਅਵਾਜ਼ ਨਾ ਸੁਣੀ।

ਇਸ ਤੋਂ ਪਿੱਛੋਂ ਉਹ ਅਕਸਰ ਆਉਣ ਲੱਗ ਪਿਆ। ਜੇ ਉਹਦੇ ਆਉਣ ਸਮੇਂ ਪਾਵੇਲ ਦਾ ਕੋਈ ਸਾਥੀ ਉੱਥੇ ਹੁੰਦਾ ਤਾਂ ਰੀਬਿਨ ਇੱਕ ਨੁੱਕਰੇ ਬਹਿ ਜਾਂਦਾ ਅਤੇ ਕਦੀ ਕਦੀ "ਇਹੋ ਤਾਂ ਗੱਲ ਏ," ਕਹਿਣ ਤੋਂ ਬਿਨਾਂ ਕੁਝ ਨਾ ਬੋਲਦਾ।

---

* ਈਸਾ ਮਸੀਹ ਦਾ ਇੱਕ ਪ੍ਰਸਿੱਧ ਕਥਨ, ਜਿਹੜਾ ਕਿਸੇ ਔਖ ਤੋਂ ਬਚਣ ਲਈ ਅਮਲ ਕਰਨ ਤੋਂ ਸੰਕੋਚ ਕਰਨ ਦਾ ਅਖਾਣ ਬਣ ਗਿਆ ਹੈ। — **ਅਨੁ:**

** ਰੋਮ ਦਾ ਬਾਦਸ਼ਾਹ, ਜਿਹੜਾ ਈਸਾ ਦੇ ਸਮੇਂ ਫ਼ਲਸਤੀਨ ਦਾ ਸ਼ਹਿਨਸ਼ਾਹ ਸੀ। ਈਸਾ ਨੇ ਕਿਹਾ ਸੀ, "ਜੋ ਕੁਝ ਰੱਬ ਦਾ ਹੈ ਉਹ ਰੱਬ ਨੂੰ ਦਿਓ ਤੇ ਜੋ ਕੁਝ ਸੀਜ਼ਰ ਦਾ ਉਹ ਸੀਜ਼ਰ ਨੂੰ।" — **ਅਨੁ:**

*** ਬਾਈਬਲ ਦੀ ਪਹਿਲੀ ਤੁਕ। — **ਅਨੁ:**

ਇੱਕ ਦਿਨ ਉਹਨੇ ਆਪਣੀਆਂ ਕਾਲ਼ੀਆਂ ਅੱਖਾਂ ਨਾਲ਼ ਸਾਰੇ ਇਕੱਠ ਵੱਲ ਵੇਖਿਆ ਅਤੇ ਗਮਰੁਠ ਢੰਗ ਨਾਲ਼ ਬੋਲਿਆ:

"ਹਾਲਤ ਜਿਵੇਂ ਹੈ ਉਹਦੀ ਗੱਲ ਕਰੋ, ਜਿਵੇਂ ਹੋਵੇਗੀ, ਉਹਦੀ ਨਹੀਂ। ਕੌਣ ਜਾਣੇ ਹਾਲਤ ਕਿਹੋ ਜਿਹੀ ਹੋਵੇਗੀ ? ਜਦੋਂ ਇੱਕ ਵਾਰ ਲੋਕਾਂ ਨੂੰ ਅਜ਼ਾਦੀ ਮਿਲ ਗਈ ਉਹ ਆਪ ਫ਼ੈਸਲਾ ਕਰਨਗੇ ਉਹਨਾਂ ਲਈ ਸਭ ਤੋਂ ਚੰਗਾ ਕੀ ਏ। ਉਹਨਾਂ ਦੀ ਮਰਜ਼ੀ ਤੋਂ ਬਿਨਾਂ ਬਥੇਰਾ ਕੁਝ ਉਹਨਾਂ ਦੇ ਸਿਰਾਂ ਵਿੱਚ ਤੂੜਿਆ ਗਿਐ। ਹੁਣ ਸਮਾਂ ਆ ਗਿਐ ਉਹ ਆਪ ਸੋਚਣ। ਸ਼ੈਦ ਉਹ ਸਭ ਕੁਝ ਸੁੱਟ ਦੇਣਾ ਚਾਹੁਣਗੇ—ਸਾਰੀ ਜ਼ਿੰਦਗੀ ਤੇ ਗਿਆਨ। ਸ਼ੈਦ ਉਹ ਵੇਖ ਲੈਣਗੇ ਕਿ ਗਿਰਜੇ ਦੇ ਰੱਬ ਵਾਂਗ ਇਹ ਉਹਨਾ ਦਾ ਵੈਰੀ ਏ। ਉਹਨਾਂ ਦੇ ਹੱਥੀਂ ਕਿਤਾਬਾਂ ਦਿਓ ਅਤੇ ਉਹ ਆਪੇ ਜਵਾਬ ਲੱਭ ਲੈਣਗੇ। ਇਹੋ ਤਾਂ ਗੱਲ ਏ!"

ਜਦੋਂ ਉਹਦੇ ਅਤੇ ਪਾਵੇਲ ਤੋਂ ਬਿਨਾਂ ਹੋਰ ਕੋਈ ਨਾ ਹੁੰਦਾ ਤਾਂ ਉਹ ਅਨੰਤ ਬਹਿਸਾਂ ਕਰਦੇ, ਜਿਨ੍ਹਾਂ ਵਿੱਚ ਉਹ ਗੁੱਸੇ ਕਦੀ ਨਾ ਹੁੰਦੇ। ਮਾਂ ਚਿੰਤਾ ਨਾਲ਼ ਉਹਨਾਂ ਦੀਆਂ ਗੱਲਾਂ ਸੁਣਦੀ, ਹਰ ਸ਼ਬਦ ਵੱਲ ਪੂਰਾ ਧਿਆਨ ਦੇਂਦੀ, ਉਹ ਜੋ ਕੁਝ ਕਹਿ ਰਹੇ ਸਨ ਉਹਦਾ ਮਤਲਬ ਸਮਝਣ ਦਾ ਜਤਨ ਕਰਦੀ। ਕਦੀ ਕਦੀ ਉਹਨੂੰ ਜਾਪਦਾ ਕਿ ਚੌੜੀ ਛਾਤੀ ਵਾਲ਼ਾ, ਕਲ-ਦਾੜ੍ਹੀਆਂ ਬੰਦਾ ਅਤੇ ਉਹਦਾ ਤਕੜਾ, ਲੰਮਾ ਪੁੱਤਰ ਦੋਵੇਂ ਅੰਨ੍ਹੇ ਹੋ ਗਏ ਹਨ। ਉਹ ਇੱਕ ਪਾਸੇ ਭਟਕਦੇ, ਫਿਰ ਦੂਜੇ ਪਾਸੇ ਵੱਲ, ਰਾਹ ਲੱਭਦੇ ਹੋਏ, ਆਪਣੀਆਂ ਤਕੜੀਆਂ ਪਰ ਨਾਂਹ ਵੇਖਦੀਆਂ ਉਂਗਲਾਂ ਨਾਲ਼ ਫੜਦੇ, ਇੱਕ ਤੋਂ ਦੂਜੀ ਥਾਂ ਜਾਂਦੇ, ਚੀਜ਼ਾਂ ਨੂੰ ਫ਼ਰਸ਼ ਉੱਤੇ ਸੁੱਟਦੇ ਅਤੇ ਉਹਨਾਂ ਨੂੰ ਪੈਰਾਂ ਹੇਠ ਫੇਂਹਦੇ। ਉਹ ਚੀਜ਼ਾਂ ਨਾਲ਼ ਟਕਰਾਉਂਦੇ, ਉਹਨਾਂ ਨੂੰ ਟੋਹਦੇ ਅਤੇ ਆਪਣਾ ਨਿਸ਼ਚਾ ਜਾਂ ਆਸ ਗਵਾਏ ਬਗ਼ੈਰ ਉਹਨਾਂ ਨੂੰ ਇੱਕ ਪਾਸੇ ਸੁੱਟ ਦੇਂਦੇ।...

ਉਹਨਾਂ ਉਹਨੂੰ ਉਹ ਸ਼ਬਦ ਸੁਣਨੇ ਸਿਖਾ ਦਿੱਤੇ ਜਿਹੜੇ ਆਪਣੇ ਖਰੇਪੁਣੇ ਅਤੇ ਦਲੇਰੀ ਕਾਰਨ ਡਰਾਉਣੇ ਸਨ, ਪਰ ਹੁਣ ਇਹ ਸ਼ਬਦ ਸੁਣਕੇ ਉਹਨੂੰ ਉਹੋ ਜਿਹਾ ਧੱਕਾ ਨਾ ਲੱਗਦਾ ਜਿਹੋ ਜਿਹਾ ਪਹਿਲੀ ਵਾਰ ਲੱਗਾ ਸੀ। ਉਹਨੇ ਉਹਨਾਂ ਦਾ ਮੁਕਾਬਲਾ ਕਰਨਾ ਸਿੱਖ ਲਿਆ ਸੀ। ਕਈ ਵਾਰ ਰੱਬ ਤੋਂ ਇਨਕਾਰ ਬਾਰੇ ਸ਼ਬਦਾਂ ਦੇ ਪਿੱਛੇ ਉਹਨੂੰ ਉਹਦੇ ਵਿੱਚ ਦ੍ਰਿੜ੍ਹ ਨਿਸ਼ਚਾ ਦਿੱਸਦਾ। ਫਿਰ ਉਹ ਸ਼ਾਂਤ, ਸਭ ਕੁਝ ਮਾਫ਼ ਕਰ ਦੇਣ ਵਾਲ਼ੀ ਮੁਸਕਾਨ ਮੁਸਕਰਾਉਂਦੀ। ਅਤੇ ਭਾਵੇਂ ਰੀਬਿਨ ਉਹਨੂੰ ਚੰਗਾ ਨਹੀਂ ਸੀ ਲੱਗਦਾ, ਉਹ ਉਹਦਾ ਦੋਖ ਵੀ ਨਾ ਉਭਾਰਦਾ।

ਹਰ ਹਫ਼ਤੇ ਉਹ ਕਿਤਾਬਾਂ ਤੇ ਸਾਫ਼ ਕੱਪੜੇ **ਖੋਖੋਲ** ਲਈ ਜੇਲ੍ਹ ਲੈਕੇ ਜਾਂਦੀ। ਇੱਕ ਵਾਰ ਉਹਨੂੰ ਮਿਲਣ ਦਿੱਤਾ ਗਿਆ।

"ਉਹ ਤਾਂ ਉੱਕਾ ਹੀ ਤਬਦੀਲ ਨਹੀਂ ਹੋਇਆ," ਵਾਪਸ ਆਕੇ ਉਹਨੇ ਪਿਆਰ ਨਾਲ਼ ਕਿਹਾ। "ਹਰ ਕਿਸੇ ਨਾਲ਼ ਚੰਗੀ ਤਰ੍ਹਾਂ ਵਰਤਦੈ ਤੇ ਸਾਰੇ ਉਹਦੇ ਨਾਲ਼ ਹਾਸਾ ਠੱਠਾ ਕਰਦੇ ਨੇ। ਇਹ ਜ਼ਿੰਦਗੀ ਉਹਦੇ ਲਈ ਔਖੀ ਏ, ਬਹੁਤ ਹੀ ਔਖੀ, ਪਰ ਉਹ ਪਤਾ ਨਹੀਂ ਲੱਗਣ ਦੇਂਦਾ।..."

"ਚੰਗੀ ਗੱਲ ਏ," ਰੀਬਿਨ ਨੇ ਟਿੱਪਣੀ ਕੀਤੀ। "ਰੰਜ ਇੱਕ ਖੱਲ ਏ ਅਤੇ ਅਸੀਂ ਉਹਦੇ ਵਿੱਚ ਵਾਂ। ਇਹਦੇ ਵਿੱਚ ਆਕੜਨ ਵਾਲ਼ੀ ਗੱਲ ਕੋਈ ਨਹੀਂ। ਅਸੀਂ ਅਜਿਹੀ ਪੁਸ਼ਾਕ ਦੇ ਆਦੀ

ਵਾਂ। ਹਰ ਕਿਸੇ ਦੀਆਂ ਅੱਖਾਂ ਉੱਤੇ ਖੋਪੇ ਨਹੀਂ ਚੜ੍ਹੇ ਹੁੰਦੇ। ਕੁਝ ਲੋਕ ਬਸ ਆਪਣੀਆਂ ਅੱਖਾਂ ਮੀਚ ਲੈਂਦੇ ਨੇ, ਇਹੋ ਤਾਂ ਗੱਲ ਏ! ਸੋ ਜੇ ਅਸੀਂ ਮੂਰਖ ਵਾਂ ਤਾਂ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਕਿ ਸਹਾਰੀ ਜਾਓ!..."

## 12

ਬਸਤੀ ਦੇ ਲੋਕ ਵਲਾਸੋਵਾ ਦੇ ਨਿੱਕੇ ਸਲੇਟੀ ਘਰ ਵਿੱਚ ਸਦਾ ਵਧੇਰੇ ਦਿਲਚਸਪੀ ਲੈਣ ਲੱਗ ਪਏ। ਇਸ ਦਿਲਚਸਪੀ ਵਿੱਚ ਸ਼ੱਕ ਅਤੇ ਅਚੇਤ ਦੁਸ਼ਮਣੀ ਦੀ ਬਹੁਤ ਸਾਰੀ ਭਾਹ ਸੀ, ਪਰ ਇੱਕ ਭਰੋਸਾ ਕਰਦੀ ਉਤਸੁਕਤਾ ਵੀ ਜਾਗ ਪਈ ਸੀ। ਕਦੀ ਕਦੀ ਕੋਈ ਓਪਰਾ ਬੰਦਾ ਪਾਵੇਲ ਕੋਲ਼ ਆਉਂਦਾ, ਚੋਰੀ ਚੋਰੀ ਇੱਧਰ ਉਧਰ ਵੇਖਦਾ ਹੋਇਆ ਕਹਿੰਦਾ:

"ਸੁਣ ਭਰਾ, ਤੂੰ ਕਿਤਾਬਾਂ ਪੜ੍ਹਨੈਂ ਤੇ ਤੈਨੂੰ ਕਾਨੂੰਨ ਦੀ ਸਮਝ ਏ, ਕੀ ਤੂੰ ਮੈਨੂੰ ਐਹ ਗੱਲ ਸਮਝਾ ਸਕਦੈਂ।..."

ਤੇ ਸਵਾਲੀ ਪੁਲੀਸ ਜਾਂ ਕਾਰਖ਼ਾਨੇ ਦੇ ਪ੍ਰਬੰਧਕਾਂ ਵੱਲੋਂ ਕਿਸੇ ਬੇਇਨਸਾਫ਼ੀ ਦਾ ਕਿੱਸਾ ਸੁਣਾਉਣ ਲੱਗ ਪੈਂਦਾ। ਗੁੰਝਲਦਾਰ ਮਾਮਲਿਆਂ ਵਿੱਚ ਪਾਵੇਲ ਉਹਨੂੰ ਸ਼ਹਿਰ ਵਿੱਚ ਰਹਿੰਦੇ ਆਪਣੇ ਇੱਕ ਵਾਕਫ਼ ਵਕੀਲ ਵੱਲ ਰੁੱਕਾ ਲਿਖ ਦੇਂਦਾ। ਪਰ ਜੇ ਆਪ ਮਾਮਲਾ ਸਮਝਾ ਸਕਦਾ ਤਾਂ ਸਮਝਾਉਂਦਾ।

ਹੌਲ਼ੀ ਹੌਲ਼ੀ ਲੋਕ ਇਸ ਗੰਭੀਰ ਨੌਜਵਾਨ ਦਾ ਸਤਿਕਾਰ ਕਰਨ ਲੱਗ ਪਏ, ਜਿਹੜਾ ਇੰਨੀ ਸਾਦਗੀ ਅਤੇ ਦਲੇਰੀ ਨਾਲ਼ ਗੱਲ ਕਰਦਾ ਸੀ, ਜਿਹੜਾ ਹਰ ਗੱਲ ਬਾਰੇ ਆਪਣੀਆਂ ਅੱਖਾਂ ਖੁੱਲ੍ਹੀਆਂ ਅਤੇ ਕੰਨ ਸੁਚੇਤ ਰੱਖਦਾ ਸੀ, ਜਿਹੜਾ ਹਰ ਝਗੜੇ ਦੀ ਤਹਿ ਤੱਕ ਜਾਂਦਾ ਅਤੇ ਉਹ ਸਦਾ ਅਤੇ ਹਰ ਥਾਂ ਸਾਂਝੀ ਅਨੰਤ ਤੰਦ ਲੱਭ ਲੈਂਦਾ ਜਿਹੜੀ ਸਭਨਾਂ ਲੋਕਾਂ ਨੂੰ ਹਜ਼ਾਰਾਂ ਤਣੀਆਂ ਰਾਹੀਂ ਜੋੜਦੀ ਸੀ।

"ਜਿਲ੍ਹਣ ਦੇ ਕੋਪੀਕ*" ਦੀ ਘਟਨਾ ਪਿੱਛੋਂ ਪਾਵੇਲ ਦਾ ਸਤਿਕਾਰ ਖ਼ਾਸ ਤੌਰ 'ਤੇ ਉੱਚਾ ਹੋ ਗਿਆ।

ਕਾਰਖ਼ਾਨੇ ਤੋਂ ਪਰ੍ਹਾਂ ਕੇਲ੍ਹੋਂ ਅਤੇ ਬਰਚਿਆਂ ਨਾਲ਼ ਭਰੀ ਇੱਕ ਜਿਲ੍ਹਣ ਸੀ, ਜਿਸਨੇ ਇਹਨੂੰ ਇੱਕ ਬੋ-ਮਾਰਦੇ ਘੇਰੇ ਵਿੱਚ ਲਗਭਗ ਵਲਿਆ ਹੋਇਆ ਸੀ। ਹੁਨਾਲ ਵਿੱਚ ਇਸ ਜਿਲ੍ਹਣ ਵਿੱਚੋਂ ਗੂੜ੍ਹੀ ਪੀਲ਼ੀ ਹਵਾੜ ਉੱਠਦੀ ਅਤੇ ਮੱਛਰਾਂ ਦੇ ਬੱਦਲ ਨਿਕਲਦੇ ਜਿਹੜੇ ਬਸਤੀ ਵਿੱਚ ਬੁਖ਼ਾਰ ਫੈਲਾਉਂਦੇ। ਕਾਰਖ਼ਾਨਾ ਜਿਲ੍ਹਣ ਦਾ ਮਾਲਕ ਸੀ ਅਤੇ ਨਵੇਂ ਡਾਇਰੈਕਟਰ ਨੇ ਫ਼ੈਸਲਾ ਕੀਤਾ ਕਿ ਜਿਲ੍ਹਣ ਨੂੰ ਸੁਕਾ ਕੇ ਉਸ ਵਿੱਚੋਂ ਪੀਟ** ਕੱਢ ਕੇ ਨਫ਼ਾ ਕਮਾਇਆ ਜਾਵੇ। ਕਿਰਤੀਆਂ ਦੀਆਂ ਜੀਵਨ ਹਾਲਤਾਂ ਚੰਗੇਰੀਆਂ ਬਣਾਉਣ ਦੇ ਬਹਾਨੇ ਉਹਨੇ ਹੁਕਮ ਦਿੱਤਾ ਕਿ ਜਿਲ੍ਹਣ ਵਿੱਚੋਂ ਪਾਣੀ ਕੱਢਣ ਲਈ ਹਰ ਕਿਰਤੀ ਨੂੰ ਮਿਲਦੀ ਉਜਰਤ ਵਿੱਚੋਂ ਹਰ ਰੂਬਲ ਪਿੱਛੇ ਇੱਕ ਕੋਪੀਕ ਕੱਟ ਲਿਆ ਜਾਵੇ।

---

* **ਕੋਪੀਕ** — ਸਭ ਤੋਂ ਨਿੱਕਾ ਸਿੱਕਾ, ਇੱਕ ਰੂਬਲ ਵਿੱਚ ਸੌ ਕੋਪੀਕ ਹੁੰਦੇ ਨੇ। — **ਅਨੁ:**

** **ਪੀਟ** — ਇੱਕ ਤਰ੍ਹਾਂ ਦਾ ਪੱਥਰੀ ਕੋਲ਼ਾ, ਜਿਹੜਾ ਪੀਲ਼ੇ ਰੰਗ ਦਾ ਹੁੰਦਾ ਹੈ। — **ਅਨੁ:**

ਕਿਰਤੀ ਗੁੱਸੇ ਹੋ ਗਏ। ਉਹਨਾਂ ਨੂੰ ਇਸ ਗੱਲ ਉੱਤੇ ਖ਼ਾਸ ਤੌਰ 'ਤੇ ਇਤਰਾਜ਼ ਸੀ ਕਿ ਦਫ਼ਤਰੀ ਮੁਲਾਜ਼ਮਾਂ ਦੀਆਂ ਉਜਰਤਾਂ ਵਿੱਚੋਂ ਕੋਈ ਕਾਟ ਨਹੀਂ ਸੀ ਕੀਤੀ ਗਈ।

ਜਿਸ ਦਿਨ ਰੂਬਲ ਵਿੱਚੋਂ ਕੋਪੀਕ ਕੱਟਣ ਬਾਰੇ ਡਾਇਰੈਕਟਰ ਦਾ ਹੁਕਮ ਫੱਟੇ ਉੱਤੇ ਲਾਇਆ ਗਿਆ ਪਾਵੇਲ ਬਿਮਾਰੀ ਕਾਰਨ ਘਰੇ ਸੀ, ਸੋ ਉਹਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ। ਅਗਲੇ ਦਿਨ ਫ਼ਾਊਂਡਰੀ ਦਾ ਸੰਤਾਂ ਜਿਹਾ ਪੁਰਾਣਾ ਕਿਰਤੀ ਸਿਜ਼ੋਵ ਅਤੇ ਮਖ਼ੋਤਿਨ, ਲੰਮਾ ਗ਼ੁਸੈਲਾ ਮਿਸਤਰੀ, ਉਹਨੂੰ ਮਿਲਣ ਆਏ ਅਤੇ ਉਹਨਾਂ ਉਹਨੂੰ ਡਾਇਰੈਕਟਰ ਦੇ ਹੁਕਮ ਬਾਰੇ ਦੱਸਿਆ।

"ਅਸੀਂ ਪੁਰਾਣੇ ਲੋਕ ਇਕੱਠੇ ਹੋਏ ਅਤੇ ਮਾਮਲੇ ਉੱਤੇ ਵਿਚਾਰ ਕੀਤੀ," ਸਿਜ਼ੋਵ ਨੇ ਪ੍ਰਭਾਵਸ਼ਾਲੀ ਢੰਗ ਨਾਲ਼ ਕਿਹਾ। "ਸਾਥੀਆਂ ਨੇ ਫ਼ੈਸਲਾ ਕੀਤਾ ਕਿ ਸਾਨੂੰ ਤੇਰੇ ਵੱਲ, ਇੱਕ ਸਿਆਣੇ ਬੰਦੇ ਵੱਲ, ਭੇਜਿਆ ਜਾਵੇ, ਤਾਂ ਜੁ ਪਤਾ ਕੱਢਿਆ ਜਾਵੇ ਕਿ ਕੀ ਕੋਈ ਅਜਿਹਾ ਕਾਨੂੰਨ ਹੈ ਜਿਹੜਾ ਡਾਇਰੈਕਟਰ ਨੂੰ ਇਹ ਅਖ਼ਤਿਆਰ ਦੇਂਦੈ ਕਿ ਉਹ ਸਾਡੇ ਕੋਪੀਕਾਂ ਨਾਲ਼ ਮੱਛਰਾਂ ਨੂੰ ਖ਼ਤਮ ਕਰੇ ?"

"ਸੁਣ," ਮਖ਼ੋਤਿਨ ਬੋਲਿਆ, ਉਹਦੀਆਂ ਨਿੱਕੀਆਂ ਅੱਖਾਂ ਲਿਸ਼ਕ ਰਹੀਆਂ ਸਨ, "ਚਾਰ ਵਰ੍ਹੇ ਹੋਏ ਇਹਨਾਂ ਮੱਖੀਚੂਸਾਂ ਨੇ ਹਮਾਮ ਲਈ ਸਾਥੋਂ ਪੈਸੇ ਲਏ। ਉਹਨਾਂ ਤਿੰਨ ਹਜ਼ਾਰ ਅੱਠ ਸੌ ਰੂਬਲ ਇਕੱਠੇ ਕੀਤੇ ! ਤੇ ਹੁਣ ਉਹ ਰਕਮ ਕਿੱਥੇ ਏ ? ਹਮਾਮ ਤਾਂ ਸਾਨੂੰ ਕਿਧਰੇ ਦਿਸਿਆ ਨਹੀਂ !"

ਪਾਵੇਲ ਨੇ ਇਸ ਕਾਟ ਦੀ ਬੇਇਨਸਾਫ਼ੀ ਅਤੇ ਕਾਰਖ਼ਾਨੇ ਨੂੰ ਹੋਣ ਵਾਲ਼ੇ ਸਪਸ਼ਟ ਨਫ਼ੇ ਬਾਰੇ ਸਮਝਾਇਆ। ਦੋਵੇਂ ਜਣੇ ਤਿਊੜੀਆਂ ਵੱਟ ਕੇ ਚਲੇ ਗਏ। ਜਦੋਂ ਮਾਂ ਉਹਨਾਂ ਨੂੰ ਬਾਹਰ ਤੱਕ ਛੱਡ ਕੇ ਮੁੜੀ, ਉਹਨੇ ਨਿੱਕਾ ਜਿਹਾ ਹਾਸਾ ਹੱਸ ਕੇ ਕਿਹਾ:

"ਬੁੱਢੇ ਵੀ ਹੁਣ ਤੇਰੇ ਤੋਂ ਸਿੱਖਿਆ ਲੈਣ ਆਉਣ ਲੱਗ ਪਏ ਨੇ।"

ਉਹਦੀ ਗੱਲ ਦਾ ਜਵਾਬ ਦਿੱਤੇ ਬਿਨਾਂ, ਅਤੇ ਫ਼ਿਕਰਮੰਦ ਹੋਇਆ ਪਾਵੇਲ ਬਹਿ ਗਿਆ ਅਤੇ ਲਿਖਣ ਲੱਗ ਪਿਆ। ਕੁਝ ਮਿੰਟਾਂ ਪਿੱਛੋਂ ਉਹਨੇ ਕਿਹਾ:

"ਮਾਂ, ਇੱਕ ਬੇਨਤੀ ਏ। ਸ਼ਹਿਰ ਜਾਕੇ ਇਹ ਰੁੱਕਾ ਦੇ ਆ।..."

"ਕੀ ਇਹ ਖ਼ਤਰਨਾਕ ਏ ?" ਮਾਂ ਨੇ ਪੁੱਛਿਆ।

"ਹਾਂ। ਮੈਂ ਤੈਨੂੰ ਉੱਥੇ ਭੇਜ ਰਿਹਾਂ ਜਿੱਥੇ ਉਹ ਸਾਡਾ ਅਖ਼ਬਾਰ ਛਾਪਦੇ ਨੇ। ਜਿਲ੍ਹਣ ਦੇ ਕੋਪੀਕ ਦੀ ਖ਼ਬਰ ਹਰ ਹਾਲਤ ਅਗਲੇ ਪਰਚੇ ਵਿੱਚ ਛਪ ਜਾਣੀ ਚਾਹੀਦੀ ਏ।..."

"ਬਹੁਤ ਅੱਛਾ," ਮਾਂ ਬੋਲੀ, "ਮੈਂ ਇੱਕ ਦਮ ਜਾਵਾਂਗੀ।..."

ਇਹ ਪਹਿਲਾਂ ਕਾਰਜ ਸੀ ਜਿਹੜਾ ਉਹਦੇ ਪੁੱਤਰ ਨੇ ਉਹਨੂੰ ਕਦੀ ਸੌਂਪਿਆ ਸੀ। ਉਹ ਖ਼ੁਸ਼ ਸੀ ਕਿਉਂਕਿ ਉਹਨੇ ਉਹਦੇ ਨਾਲ਼
ਖੁੱਲ੍ਹ ਕੇ ਗੱਲ ਕੀਤੀ ਸੀ।

"ਮੈਂ ਸਮਝਦੀ ਵਾਂ, ਪਾਸ਼ਾ," ਮਾਂ ਨੇ ਕੱਪੜੇ ਪਾਉਂਦੇ ਹੋਏ ਕਿਹਾ। "ਇਹ ਤਾਂ ਨਿਰੀ ਲੁੱਟ ਏ ! ਕੀ ਨਾਂ ਏ ਉਹਦਾ—ਯੇਗੋਰ ਈਵਾਨੋਵਿਚ ?"

ਉਹ ਸ਼ਾਮ ਨੂੰ ਦੇਰ ਨਾਲ਼ ਘਰ ਮੁੜੀ, ਥੱਕੀ ਹੋਈ ਪਰ ਖੁਸ਼।

"ਮੈਂ ਸਾਸ਼ਾ ਨੂੰ ਮਿਲੀ ਸਾਂ," ਉਹਨੇ ਆਪਣੇ ਪੁੱਤਰ ਨੂੰ ਦੱਸਿਆ। "ਉਹਨੇ ਸਲਾਮ ਭੇਜਿਐ। ਯੇਗੋਰ ਈਵਾਨੋਵਿਚ ਬੜਾ ਸਾਦਾ ਜਿਹਾ, ਅਤੇ ਬਹੁਤ ਹੱਸਮੁਖ ਏ! ਉਹ ਬੜੀ ਹਸਾਉਣੀ ਤਰ੍ਹਾਂ ਗੱਲਾਂ ਕਰਦੈ।"

"ਉਹ ਤੈਨੂੰ ਚੰਗਾ ਲੱਗੈ, ਇਸ ਤੋਂ ਮੈਨੂੰ ਖੁਸ਼ੀ ਏ," ਪਾਵੇਲ ਨੇ ਹੌਲੀ ਜਿਹੇ ਕਿਹਾ।

"ਉਹ ਸਾਦੇ ਲੋਕ ਨੇ, ਪਾਸ਼ਾ। ਜਦੋਂ ਲੋਕ ਫੂਕ ਨਹੀਂ ਲੈਂਦੇ ਤਾਂ ਇਹ ਚੰਗੀ ਗੱਲ ਹੁੰਦੀ ਏ। ਤੇ ਉਹ ਤੇਰੀ ਬੜੀ ਕਦਰ ਕਰਦੇ ਨੇ।..."

ਸੋਮਵਾਰ ਪਾਵੇਲ ਫਿਰ ਘਰੇ ਰਿਹਾ, ਕਿਉਂਕਿ ਉਹ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਸੀ ਹੋਇਆ। ਦੁਪਹਿਰ ਦੇ ਖਾਣੇ ਸਮੇਂ ਫ਼ਿਓਦੋਰ ਮਾਜ਼ੀਨ ਸਾਹੋ ਸਾਹ ਹੋਇਆ ਨੱਠਦਾ ਆਇਆ, ਖੁਸ਼ ਅਤੇ ਉਤੇਜਤ।

"ਆ ਚਲ," ਉਹ ਉੱਚੀ ਜਿਹੀ ਬੋਲਿਆ, "ਸਾਰਾ ਕਾਰਖ਼ਾਨਾ ਉੱਠ ਖੜਾ ਹੋਇਐ। ਉਹਨਾਂ ਮੈਨੂੰ ਭੇਜਿਐ ਕਿ ਤੈਨੂੰ ਬੁਲਾ ਲਿਆਂਵਾ। ਸਿਜ਼ੋਵ ਅਤੇ ਮਖੋਤਿਨ ਨੇ ਕਿਹੈ ਤੂੰ ਕਿਸੇ ਹੋਰ ਨਾਲ਼ੋਂ ਚੰਗੀ ਤਰ੍ਹਾਂ ਗੱਲ ਸਮਝਾ ਸਕਦੈ। ਚੱਲ ਕੇ ਵੇਖ ਤਾਂ ਸਹੀ ਕੀ ਹੋ ਰਿਹੈ!"

ਬਿਨਾਂ ਕੁਝ ਕਹੇ ਪਾਵੇਲ ਕੱਪੜੇ ਪਾਉਣ ਲੱਗ ਪਿਆ।

"ਜ਼ਨਾਨੀਆਂ ਵੀ ਆ ਗਈਆਂ ਨੇ ਤੇ ਉਹਨਾਂ ਵੀ ਆਪਣੀ ਚੀਂ ਚੀਂ ਵਿੱਚ ਰਲਾ ਦਿੱਤੀ ਏ।"

"ਮੈਂ ਵੀ ਆਉਂਦੀ ਵਾਂ," ਮਾਂ ਨੇ ਕਿਹਾ। "ਉਹਨਾਂ ਦੀ ਸਲਾਹ ਕੀ ਏ? ਮੈਂ ਵੀ ਆਉਂਦੀ ਆਂ!"

"ਚੱਲ ਆ," ਪਾਵੇਲ ਨੇ ਕਿਹਾ।

ਉਹ ਕਾਹਲੀ ਕਾਹਲੀ ਅਤੇ ਚੁੱਪ ਚਾਪ ਸੜਕ 'ਤੇ ਚਲੇ ਗਏ। ਮਾਂ ਇੰਨੀ ਉਤੇਜਤ ਹੋ ਗਈ ਸੀ ਕਿ ਉਹ ਮਸਾਂ ਹੀ ਸਾਹ ਲੈ ਸਕਦੀ ਸੀ; ਉਹਨੂੰ ਜਾਪਦਾ ਸੀ ਕਿ ਅਤਿ-ਅੰਤ ਮਹੱਤਤਾ ਵਾਲ਼ੀ ਕੋਈ ਘਟਨਾ ਵਾਪਰਨ ਵਾਲ਼ੀ ਹੈ। ਕਾਰਖ਼ਾਨੇ ਦੇ ਫਾਟਕ ਕੋਲ਼ ਇਸਤਰੀਆਂ ਦੀ ਭੀੜ ਸੀ, ਜਿਹੜੀਆਂ ਚੀਕ ਰਹੀਆਂ ਅਤੇ ਉੱਚੀ ਉੱਚੀ ਗਾਹਲਾਂ ਕੱਢ ਰਹੀਆਂ ਸਨ। ਜਦੋਂ ਉਹ ਤਿੰਨੇ ਛੋਪਲੇ ਜਿਹੇ ਹਾਤੇ ਵਿੱਚ ਵੜੇ ਤਾਂ ਉਹਨਾਂ ਆਪਣੇ ਆਪ ਨੂੰ ਜੋਸ਼ ਨਾਲ਼ ਗਰਜਦੀ ਇੱਕ ਕਾਲ਼ੀ ਭੀੜ ਵਿਚਕਾਰ ਵੇਖਿਆ। ਮਾਂ ਨੇ ਵੇਖਿਆ ਕਿ ਸਾਰੇ ਫ਼ਾਉਂਡਰੀ ਦੀ ਕੰਧ ਵੱਲ ਵੇਖ ਰਹੇ ਸਨ, ਜਿੱਥੇ ਸਿਜ਼ੋਵ, ਮਖੋਤਿਨ, ਵਿਆਲੋਵ ਅਤੇ ਪੰਜ ਛੇ ਹੋਰ ਵਧੇਰੇ ਰਸੂਖ਼ ਵਾਲ਼ੇ ਕਿਰਤੀ ਇੱਟਾਂ ਦੀ ਕੰਧ ਦੇ ਸਾਹਮਣੇ ਪੁਰਾਣੇ ਲੋਹੇ ਦੇ ਇੱਕ ਢੇਰ ਉੱਤੇ ਖੜੇ ਸਨ।

"ਲਓ, ਵਲਾਸੋਵ ਆ ਗਿਐ!" ਕਿਸੇ ਨੇ ਉੱਚੀ ਜਿਹੇ ਕਿਹਾ।

"ਵਲਾਸੋਵ? ਉਹਨੂੰ ਇੱਧਰ ਆਉਣ ਦਿਓ।..."

"ਚੁੱਪ ਕਰੋ!" ਕਈ ਅਵਾਜ਼ਾਂ ਉੱਚੀਆਂ ਉੱਠੀਆਂ।

ਕਿਧਰੋਂ ਨੇੜਿਉਂ ਹੀ ਰੀਬਿਨ ਦੀ ਸਾਵੀਂ ਅਵਾਜ਼ ਆਈ:

"ਅਸਾਂ ਕੋਪੀਕ ਲਈ ਨਹੀਂ, ਇਨਸਾਫ਼ ਲਈ ਲੜਨੈ, ਇਹੋ ਤਾਂ ਗੱਲ ਏ! ਸਾਨੂੰ ਆਪਣਾ

ਕੋਪੀਕ ਇੰਨਾ ਪਿਆਰਾ ਨਹੀਂ—ਇਹ ਕਿਸੇ ਹੋਰ ਨਾਲੋਂ ਵਧੇਰੇ ਗੋਲ਼ ਨਹੀਂ ਹੁੰਦਾ, ਹਾਂ ਵਧੇਰੇ ਭਾਰਾ ਜ਼ਰੂਰ ਏ—ਇਹਦੇ ਵਿੱਚ ਡਾਇਰੈਕਟਰ ਦੇ ਰੂਬਲ ਨਾਲੋਂ ਵਧੇਰੇ ਮਨੁੱਖੀ ਰੱਤ ਹੁੰਦੀ ਏ, ਇਹੋ ਤਾਂ ਗੱਲ ਏ ! ਕਦਰ ਕੋਪੀਕ ਵਿੱਚ ਨਹੀਂ ਸਗੋਂ ਰੱਤ ਵਿੱਚ ਏ, ਇਨਸਾਫ਼ ਵਿੱਚ ਏ ! ਇਹੋ ਤਾਂ ਗੱਲ ਏ !"

ਉਹਦੇ ਲਫ਼ਜ਼ ਭੀੜ ਵਿੱਚ ਡਿੱਗੇ ਅਤੇ ਤਿੱਖੇ ਨਾਹਰਿਆਂ ਦੀਆਂ ਛਿਲਤਰਾਂ ਤੋੜੀਆਂ:

"ਰੀਬਿਨ ਦੀ ਗੱਲ ਸੱਚੀ ਏ !"

"ਅਸ਼ਕੇ ਓਏ, ਝੱਕਿਆ !"

"ਵਲਾਸੋਵ ਆ ਗਿਆ !"

ਅਵਾਜ਼ਾਂ ਮਿਲ ਕੇ ਇੱਕ ਅਜਿਹੀ ਗਰਜ ਬਣ ਗਈਆਂ ਜਿਸਨੇ ਮਸ਼ੀਨਾਂ ਦੀ ਕਰੜੀ ਗੂੰਜ, ਭਾਫ਼ ਦੀ ਭਾਰੀ ਸ਼ਾਂ ਸ਼ਾਂ ਅਤੇ ਤਾਰਾਂ ਦੀ ਭਿਣ-ਭਿਣ ਨੂੰ ਡਬੋ ਦਿੱਤਾ। ਲੋਕ ਸਭ ਪਾਸਿਆਂ ਤੋਂ ਕਾਹਲੀ ਕਾਹਲੀ ਨੱਠਦੇ ਹੋਏ ਆਏ, ਉਹ ਆਪਣੀਆਂ ਬਾਹਾਂ ਹਿਲਾ ਰਹੇ ਸਨ ਅਤੇ ਲੂੰਹਦੇ, ਕਾਟਵੇਂ ਲਫ਼ਜ਼ਾਂ ਨਾਲ਼ ਇੱਕ ਦੂਜੇ ਨੂੰ ਭੜਕਾ ਰਹੇ ਸਨ। ਹੰਭੀਆਂ ਹੁਟੀਆਂ ਛਾਤੀਆਂ ਵਿੱਚ ਜਿਹੜਾ ਅਸੰਤੋਖ ਸਦਾ ਹੀ ਸੁਲਗਦਾ ਰਹਿੰਦਾ ਉਸ ਵਿੱਚ ਹੁਣ ਜਾਨ ਪੈ ਗਈ ਸੀ ਅਤੇ ਉਹ ਬਾਹਰ ਨਿਕਲਣਾ ਲੋਚ ਰਿਹਾ ਸੀ; ਆਪਣੇ ਆਪ ਨੂੰ ਬਦਲੇ ਨਾਲ਼ ਭਰੀ ਲਾਟ ਬਣਾਉਂਦਾ ਇਹ ਆਪਣੇ ਹਨੇਰੇ ਖੰਭ ਚੌੜੇਰੇ ਅਤੇ ਹੋਰ ਚੌੜੇਰੇ ਪਸਾਰਦਾ, ਲੋਕਾਂ ਉੱਤੇ ਆਪਣੀ ਜਕੜ ਮਜ਼ਬੂਤ ਕਰਦਾ ਅਤੇ ਉਹਨਾਂ ਨੂੰ ਇੱਕ ਦੂਜੇ ਵਿਰੁੱਧ ਸੁੱਟਦਾ, ਇਹ ਜੇਤੂ ਢੰਗ ਨਾਲ਼ ਹਵਾ ਵਿੱਚ ਪਲ੍ਹਮਿਆ। ਭੀੜ ਦੇ ਸਿਰਾਂ ਉੱਤੇ ਮਿੱਟੀ ਅਤੇ ਕਾਲਖ਼ ਦਾ ਬੱਦਲ ਉੱਠਿਆ, ਪਸੀਨੋ-ਪਸੀਨਾ ਹੋਏ ਮੂੰਹ ਉਤਸ਼ਾਹ ਨਾਲ਼ ਲਿਸ਼ਕੇ, ਗੱਲ੍ਹਾਂ ਉੱਤੇ ਕਾਲ਼ੇ ਹੰਝੂਆਂ ਦੇ ਧੱਬੇ ਪੈ ਗਏ, ਧੁਆਂਖੇ ਮੂੰਹਾਂ ਵਿੱਚ ਅੱਖਾਂ ਅਤੇ ਦੰਦ ਲਿਸ਼ਕੇ।

ਪਾਵੇਲ ਲੋਹੇ ਦੇ ਢੇਰ ਉੱਤੇ ਆਇਆ, ਜਿੱਥੇ ਸਿਜ਼ੋਵ ਅਤੇ ਮਖੋਤਿਨ ਖੜੇ ਸਨ।

"ਸਾਥੀਓ !" ਉਹਨੇ ਜ਼ੋਰ ਨਾਲ਼ ਕਿਹਾ।

ਮਾਂ ਨੇ ਵੇਖਿਆ ਉਹਦਾ ਮੂੰਹ ਕਿੰਨਾ ਪੀਲ਼ਾ ਹੈ ਅਤੇ ਉਹਦੇ ਹੋਠ ਕੰਬ ਰਹੇ ਸਨ; ਅਚੇਤ ਹੀ ਉਹ ਅੱਗੇ ਵਧੀ, ਭੀੜ ਵਿੱਚੋਂ ਧੱਕੇ ਮਾਰਦੀ ਹੋਈ।

"ਧੱਕੇ ਨਾ ਮਾਰ," ਉਹਨਾਂ ਚਿੜ੍ਹ ਕੇ ਜ਼ੋਰ ਦੀ ਉਹਨੂੰ ਕਿਹਾ।

ਆਪਣੀ ਵਾਰੀ ਉਹਨੂੰ ਧੱਕੇ ਲੱਗੇ, ਪਰ ਉਹ ਰੁੱਕੀ ਨਾ। ਮੋਢਿਆਂ ਅਤੇ ਅਰਕਾਂ ਦਾ ਜ਼ੋਰ ਲਾਕੇ ਉਹ ਅੱਗੇ ਵੱਲ ਵਧੀ, ਆਪਣੇ ਪੁੱਤਰ ਦੇ ਨੇੜੇ ਖੜੇ ਹੋਣ ਦੀ ਇੱਛਾ ਉਹਨੂੰ ਉਤਸ਼ਾਹ ਦੇ ਰਹੀ ਸੀ।

ਜਦੋਂ ਪਾਵੇਲ ਨੇ ਉਹ ਸ਼ਬਦ ਵਰਤਿਆ ਜਿਹੜਾ ਉਹਦੇ ਲਈ ਡੂੰਘੇ ਮਹੱਹਤਾ ਨਾਲ਼ ਭਰਿਆ ਹੋਇਆ ਸੀ, ਉਹਨੂੰ ਜਾਪਿਆ ਕਿ ਲੜਾਕੂ ਖੁਸ਼ੀ ਦੇ ਦੌਰੇ ਕਾਰਨ ਉਹਦਾ ਗਲਾ ਸੁੰਗੜ ਗਿਆ ਹੈ। ਉਹਦਾ ਜੀਅ ਕੀਤਾ ਉਹ ਆਪਣਾ ਦਿਲ ਕੱਢ ਕੇ ਲੋਕਾਂ ਦੇ ਸਾਹਮਣੇ ਰੱਖ ਦੇਵੇ, ਇਨਸਾਫ਼ ਦੇ ਸੁਪਨਿਆਂ ਨਾਲ਼ ਲਟ ਲਟ ਕਰਦਾ ਦਿਲ।

"ਸਾਥੀਓ !" ਉਹ ਉੱਚੀ ਅਵਾਜ਼ ਵਿੱਚ ਬੋਲਿਆ, ਇਸ ਲਫ਼ਜ਼ ਵਿੱਚੋਂ ਆਪਣਾ ਬਲ

ਅਤੇ ਵਿਸਮਾਦ ਲੈਂਦਾ ਹੋਇਆ। "ਅਸੀਂ ਹਾਂ ਉਹ ਲੋਕ ਜਿਹੜੇ ਗਿਰਜੇ ਤੇ ਕਾਰਖ਼ਾਨੇ ਉਸਾਰਦੇ ਹਾਂ, ਜਿਹੜੇ ਸੰਗਲ ਘੜਦੇ ਤੇ ਸਿੱਕੇ ਢਾਲਦੇ ਹਾਂ। ਅਸੀਂ ਉਹ ਜਿਉਂਦੀ ਸ਼ਕਤੀ ਹਾਂ ਜਿਹੜੀ ਸਭ ਦਾ ਪੇਟ ਭਰਦੀ ਅਤੇ ਉਹਨਾਂ ਦਾ ਮਨੋਰੰਜਨ ਕਰਦੀ ਏ, ਪੋਤੜਿਆਂ ਤੋਂ ਕਬਰ ਤੱਕ!"

"ਸੱਚੀ ਗੱਲ ਏ!" ਗੀਬਿਨ ਨੇ ਉੱਚੀ ਅਵਾਜ਼ ਵਿੱਚ ਕਿਹਾ।

"ਸਦਾ ਅਤੇ ਹਰ ਥਾਂ ਅਸੀਂ ਸਭ ਤੋਂ ਪਹਿਲਾਂ ਕੰਮ ਕਰਦੇ ਹਾਂ ਅਤੇ ਸਭ ਤੋਂ ਅਖ਼ੀਰ ਸਾਡੇ ਵੱਲ ਧਿਆਨ ਦਿੱਤਾ ਜਾਂਦੈ। ਕੌਣ ਸਾਡੇ ਵੱਲ ਧਿਆਨ ਦੇਂਦੈ? ਕਿਸ ਨੂੰ ਇਸ ਗੱਲ ਦੀ ਪ੍ਰਵਾਹ ਏ ਕਿ ਸਾਡੇ ਲਈ ਘੱਟ ਤੋਂ ਘੱਟ ਵੀ ਕੀਤਾ ਜਾਵੇ? ਕੀ ਕੋਈ ਸਾਡੇ ਵੱਲ ਮਨੁੱਖਾਂ ਵਾਂਗ ਵੇਖਦਾ ਵੀ ਹੈ? ਨਹੀਂ !"

"ਨਹੀਂ!" ਇੱਕ ਗੂੰਜਦੀ ਅਵਾਜ਼ ਆਈ।

ਅਤੇ ਜਿਉਂ ਜਿਉਂ ਉਹਨੇ ਮੁੜ ਆਪਣੇ ਆਪ ਉੱਤੇ ਕਾਬੂ ਪਾ ਲਿਆ, ਪਾਵੇਲ ਵਧੇਰੇ ਸਾਦਗੀ ਅਤੇ ਠਰ੍ਹੰਮੇ ਨਾਲ਼ ਬੋਲਣ ਲੱਗ ਪਿਆ ਅਤੇ ਭੀੜ ਹੌਲ਼ੀ ਹੌਲ਼ੀ ਅੱਗੇ ਵਧੀ, ਜੁੜ ਕੇ ਹਜ਼ਾਰ ਸਿਰਾਂ ਵਾਲ਼ੀ ਇੱਕੋ ਇੱਕ ਦੇਹ ਬਣ ਗਈ ਜਿਹੜੀ ਆਪਣੀਆਂ ਅਣਗਿਣਤ ਇਕਾਗਰ ਅੱਖਾਂ ਨਾਲ਼ ਉਹਦੇ ਵੱਲ ਵੇਖ ਰਹੀ ਸੀ, ਉਹ ਹਰ ਲਫ਼ਜ਼ ਨੂੰ ਡੀਕ ਲਾਕੇ ਪੀਂਦੀ ਜਾ ਰਹੀ ਸੀ।

"ਅਸੀਂ ਉਦੋਂ ਤੱਕ ਆਪਣੇ ਲਈ ਚੰਗੀਆਂ ਹਾਲਤਾਂ ਪ੍ਰਾਪਤ ਨਹੀਂ ਕਰ ਸਕਾਂਗੇ ਜਦੋਂ ਤੱਕ ਅਸੀਂ ਇਹ ਮਹਿਸੂਸ ਨਹੀਂ ਕਰਦੇ ਕਿ ਅਸੀਂ ਸਾਥੀ ਹਾਂ, ਮਿੱਤਰਾਂ ਦਾ ਇੱਕੋ ਇੱਕ ਪਰਿਵਾਰ ਜਿਹੜਾ ਆਪਣੇ ਹੱਕਾਂ ਲਈ ਲੜਨ ਦੀ ਇੱਕੋ ਇੱਕ ਇੱਛਾ ਨਾਲ਼ ਜੁੜਿਆ ਹੋਇਆ ਹੈ।"

"ਅਸਲ ਕੰਮ ਦੀ ਗੱਲ ਕਰ!" ਮਾਂ ਦੇ ਨੇੜੇ ਖੜੇ ਕਿਸੇ ਬੰਦੇ ਨੇ ਖਰ੍ਹਵੀਂ ਅਵਾਜ਼ ਵਿੱਚ ਕਿਹਾ।

"ਟੋਕੋ ਨਹੀਂ!" ਵੱਖ ਵੱਖ ਪਾਸਿਆਂ ਤੋਂ ਦੋ ਅਵਾਜ਼ਾਂ ਆਈਆਂ।

ਧੁਆਂਖੇ ਮੂੰਹ ਗ਼ੁਸੈਲੇ ਸ਼ੰਕੇ ਨਾਲ਼ ਘੂਰ ਰਹੇ ਸਨ, ਪਰ ਅਨੇਕ ਅੱਖਾਂ ਪਾਵੇਲ ਦੇ ਮੂੰਹ ਨੂੰ ਗੰਭੀਰਤਾ ਨਾਲ਼ ਘੋਖ ਰਹੀਆਂ ਸਨ।

"ਹੈ ਤਾਂ ਸੋਸ਼ਲਿਸਟ ਪਰ ਮੂਰਖ ਨਹੀਂ!" ਕਿਸੇ ਨੇ ਰਾਏ ਦਿੱਤੀ।

"ਦਲੇਰੀ ਨਾਲ਼ ਗੱਲ ਕਰਦੈ, ਹੈ ਨਾ?" ਇੱਕ ਲੰਮੇ, ਕਾਣੇ ਮਜ਼ਦੂਰ ਨੇ ਮਾਂ ਨੂੰ ਅਰਕ ਨਾਲ਼ ਠਹੋਕਾ ਦੇਂਦੇ ਹੋਏ ਕਿਹਾ।

"ਸਾਥੀਓ! ਸਮਾਂ ਆ ਗਿਐ ਅਸੀਂ ਸਮਝ ਲਈਏ ਕਿ ਸਾਡੇ ਆਪਣੇ ਤੋਂ ਬਿਨਾਂ ਕਿਸੇ ਸਾਡੀ ਮਦਦ ਨਹੀਂ ਕਰਨੀ। ਇੱਕ ਸਭ ਲਈ ਅਤੇ ਸਭ ਇੱਕ ਲਈ — ਜੇ ਅਸੀਂ ਦੁਸ਼ਮਣਾਂ ਨੂੰ ਹਰਾਉਣਾ ਚਾਹੁੰਦੇ ਹਾਂ ਤਾਂ ਇਹ ਸਾਡਾ ਨਾਹਰਾ ਹੈ!"

"ਬਿਲਕੁਲ ਸੱਚੀ ਗੱਲ ਕਹਿ ਰਿਹੈ, ਯਾਰੋ!" ਮਖੋਤਿਨ ਮੁੱਕਾ ਹਵਾ ਵਿੱਚ ਲਹਿਰਾ ਕੇ ਉੱਚੀ ਜਿਹੀ ਬੋਲਿਆ।

"ਡਾਇਰੈਕਟਰ ਨੂੰ ਬੁਲਾਓ!" ਪਾਵੇਲ ਨੇ ਗੱਲ ਜਾਰੀ ਰੱਖੀ।

ਜਿਵੇਂ ਹਵਾ ਦਾ ਅਚਣਚੇਤੀ ਬੁਲ੍ਹਾ ਭੀੜ ਵਿੱਚ ਆ ਵਜਾ ਹੋਵੇ, ਉਹ ਝੂਲੀ ਅਤੇ

ਦਰਜਨਾਂ ਅਵਾਜ਼ਾਂ ਬੋਲ ਉੱਠੀਆਂ:

"ਡਾਇਰੈਕਟਰ ਨੂੰ ਬੁਲਾਓ!"

"ਉਹਨੂੰ ਮਿਲਣ ਲਈ ਵਫ਼ਦ ਭੇਜੋ!"

ਮਾਂ ਹੋਰ ਵੀ ਧੱਕੇ ਮਾਰਦੀ ਹੋਰ ਵੀ ਅੱਗੇ ਵਧ ਗਈ ਅਤੇ ਮਾਣ-ਮੱਤੀ ਆਪਣੇ ਪੁੱਤਰ ਵੱਲ ਵੇਖਦੀ ਹੀ ਰਹੀ। ਉਹਦਾ ਪਾਵੇਲ ਉਹਨਾਂ ਪੁਰਾਣੇ ਸਤਿਕਾਰੇ ਕਿਰਤੀਆਂ ਵਿਚਕਾਰ ਖੜਾ ਸੀ ਅਤੇ ਸਭ ਉਹਦੀ ਗੱਲ ਸੁਣ ਰਹੇ ਸਨ ਅਤੇ ਸਭ ਉਹਦੇ ਨਾਲ਼ ਸਹਿਮਤ ਹੋ ਰਹੇ ਸਨ। ਉਹ ਖੁਸ਼ ਸੀ ਕਿ ਹੋਰਨਾਂ ਵਾਂਗ ਉਹਦਾ ਪੁੱਤਰ ਗੁੱਸੇ ਨਾ ਹੋਇਆ ਅਤੇ ਗਾਹਲਾਂ ਨਾ ਕੱਢੀਆਂ।

ਟੀਨ ਦੀ ਛੱਤ ਉੱਤੇ ਡਿੱਗਦੇ ਗੜਿਆਂ ਵਾਂਗ ਗਾਹਲਾਂ, ਕੂਕਾਂ ਅਤੇ ਕਾਟਵੇਂ ਲਫ਼ਜ਼ ਆ ਪਏ। ਪਾਵੇਲ ਲੋਕਾਂ ਉੱਤੇ ਝਾਕ ਰਿਹਾ ਸੀ ਅਤੇ ਆਪਣੀਆਂ ਵੱਡੀਆਂ ਅੱਖਾਂ ਨਾਲ਼ ਕੁਝ ਢੂੰਡਦਾ ਜਾਪਦਾ ਸੀ।

"ਪ੍ਰਤੀਨਿਧ!"

"ਸਿਜ਼ੋਵ!"

"ਰੀਬਿਨ! ਉਹਦੇ ਦੰਦ ਬੜੇ ਤਿੱਖੇ ਨੇ!"

ਅਚਾਨਕ ਭੀੜ ਵਿੱਚੋਂ ਦਬੀਆਂ ਦਬੀਆਂ ਕੂਕਾਂ ਸੁਣਾਈ ਦਿੱਤੀਆਂ।

"ਉਹ ਆਪਣੇ ਆਪ ਆ ਰਿਹੈ!..."

"ਡਾਇਰੈਕਟਰ!..."

ਭੀੜ ਨੇ ਨੁਕੀਲੀ ਦਾੜ੍ਹੀ ਅਤੇ ਲੰਮੇ ਮੂੰਹ ਵਾਲ਼ੇ ਲੰਮੇ ਬੰਦੇ ਲਈ ਰਾਹ ਛੱਡ ਦਿੱਤਾ।

"ਮੈਨੂੰ ਰਸਤਾ ਦਿਓ," ਉਹਨੇ ਹਲਕੇ ਜਿਹੇ ਇਸ਼ਾਰੇ ਨਾਲ਼, ਜਿਸਦਾ ਮਤਲਬ ਉਹਨਾਂ ਨੂੰ ਨਾ ਛੂਹਣਾ ਸੀ, ਕਿਰਤੀਆਂ ਨੂੰ ਰਾਹ ਵਿੱਚੋਂ ਹਟ ਜਾਣ ਲਈ ਕਹਿੰਦੇ ਹੋਏ ਕਿਹਾ। ਉਹਦੀਆਂ ਅੱਖਾਂ ਸੁੰਗੜੀਆਂ ਹੋਈਆਂ ਸਨ ਅਤੇ ਉਹ ਲੋਕਾਂ ਦੇ ਮਾਲਕ ਦੀਆਂ ਤਜਰਬੇਕਾਰ ਅੱਖਾਂ ਨਾਲ਼ ਕਿਰਤੀਆਂ ਦੇ ਮੂੰਹ ਘੋਖ ਰਿਹਾ ਸੀ। ਲੋਕਾਂ ਆਪਣੀਆਂ ਟੋਪੀਆਂ ਕਾਹਲੀ ਕਾਹਲੀ ਲਾਹ ਲਈਆਂ ਅਤੇ ਝੁਕ ਗਏ, ਪਰ ਉਹਨਾਂ ਦੀਆਂ ਸਲਾਮਾਂ ਦਾ ਜਵਾਬ ਦਿੱਤੇ ਬਿਨਾਂ ਉਹ ਅੱਗੇ ਵਧੀ ਗਿਆ, ਲੋਕਾਂ ਵਿੱਚ ਚੁੱਪ ਅਤੇ ਘਬਰਾਹਟ ਫੈਲਾਉਂਦਾ, ਲੋਕ ਜਿਹੜੇ ਘਬਰਾਹਟ ਨਾਲ਼ ਮੁਸਕਰਾਉਂਦੇ ਅਤੇ ਸ਼ਰਾਰਤ ਕਰਦੇ ਫੜੇ ਗਏ ਬੱਚਿਆਂ ਜਿਹੀਆਂ ਪਛਤਾਵੇਂ ਦੀਆਂ ਨਿੰਮ੍ਹੀਆਂ ਕੂਕਾਂ ਮਾਰਦੇ।

ਉਹ ਮਾਂ ਕੋਲ਼ੋਂ ਲੰਘਿਆ, ਉਹਦੀਆਂ ਕਰੜੀਆਂ ਨਜ਼ਰਾਂ ਮਾਂ ਦੇ ਮੂੰਹ ਉੱਤੇ ਤਿਲਕੀਆਂ ਅਤੇ ਉਹ ਲੋਹੇ ਦੇ ਢੇਰ ਕੋਲ਼ ਖੜਾ ਹੋ ਗਿਆ। ਕਿਸੇ ਨੇ ਉਹਦੀ ਸਹਾਇਤਾ ਲਈ ਹੱਥ ਵਧਾਇਆ, ਪਰ ਉਹਨੇ ਉਸ ਵੱਲ ਧਿਆਨ ਨਾ ਦਿੱਤਾ। ਜ਼ੋਰ ਦਾ ਹੰਭਲਾ ਮਾਰਕੇ ਉਹ ਸੌਖੇ ਹੀ ਉੱਪਰ ਚੜ੍ਹ ਗਿਆ ਅਤੇ ਪਾਵੇਲ ਅਤੇ ਸਿਜ਼ੋਵ ਦੇ ਸਾਹਮਣੇ ਖੜਾ ਹੋ ਗਿਆ।

"ਇਹ ਕਿਹਾ ਇਕੱਠ ਏ? ਤੁਸਾਂ ਕੰਮ ਕਿਉਂ ਬੰਦ ਕਰ ਦਿਤੈ?"

ਕੁਝ ਸਕਿੰਟ ਚੁੱਪ ਛਾਈ ਰਹੀ। ਲੋਕਾਂ ਦੇ ਸਿਰ ਕਣਕ ਦੀਆਂ ਬੱਲੀਆਂ ਵਾਂਗ ਹਿਲੇ। ਸਿਜ਼ੋਵ ਨੇ ਆਪਣੀ ਟੋਪੀ ਹਿਲਾਈ, ਆਪਣੇ ਮੋਢੇ ਸੁਕੇੜੇ ਅਤੇ ਨੀਵੀਂ ਪਾ ਲਈ।

"ਮੇਰੇ ਸਵਾਲ ਦਾ ਜਵਾਬ ਦਿਓ!" ਡਾਇਰੈਕਟਰ ਕੜਕਿਆ।

ਪਾਵੇਲ ਉਹਦੇ ਕੋਲ਼ ਆਇਆ ਅਤੇ ਸਿਜ਼ੋਵ ਅਤੇ ਗੀਬਿਨ ਵੱਲ ਇਸ਼ਾਰਾ ਕਰਕੇ ਉੱਚੀ ਅਵਾਜ਼ ਵਿੱਚ ਬੋਲਿਆ:

"ਸਾਨੂੰ ਤਿੰਨਾਂ ਨੂੰ ਸਾਡੇ ਸਾਥੀਆਂ ਨੇ ਪ੍ਰਤੀਨਿਧ ਚੁਣਿਐ, ਇਹ ਮੰਗ ਕਰਨ ਲਈ ਕਿ ਤੁਸੀਂ ਕੋਪੀਕ ਕੱਟਣ ਬਾਰੇ ਆਪਣਾ ਹੁਕਮ ਵਾਪਸ ਲੈ ਲਓ।"

"ਕਿਉਂ?" ਡਾਇਰੈਕਟਰ ਨੇ ਪਾਵੇਲ ਵੱਲ ਵੇਖੇ ਬਿਨਾਂ ਕਿਹਾ।

"ਕਿਉਂਕਿ ਅਸੀਂ ਇਸ ਕਾਟ ਨੂੰ ਨਾਜਾਇਜ਼ ਸਮਝਦੇ ਹਾਂ," ਪਾਵੇਲ ਨੇ ਉੱਚੀ ਜਿਹੀ ਕਿਹਾ।

"ਤੁਹਾਡਾ ਖ਼ਿਆਲ ਹੈ ਕਿ ਜਲ੍ਹਣ ਵਿੱਚੋਂ ਪਾਣੀ ਕੱਢਣ ਦੀ ਇੱਛਾ ਦੇ ਪਿੱਛੇ ਮੇਰੀ ਕਿਰਤੀਆਂ ਦੀਆਂ ਜੀਵਨ ਹਾਲਤਾਂ ਚੰਗੇਰੀਆਂ ਬਣਾਉਣ ਦੀ ਨਹੀਂ ਸਗੋਂ ਉਹਨਾਂ ਦੀ ਲੁੱਟ-ਚੋਂਘ ਕਰਨ ਦੀ ਨੀਅਤ ਹੈ? ਇਹੋ ਗੱਲ ਏ?"

"ਹਾਂ," ਪਾਵੇਲ ਨੇ ਜਵਾਬ ਦਿੱਤਾ।

"ਅਤੇ ਤੇਰਾ ਵੀ," ਡਾਇਰੈਕਟਰ ਨੇ ਗੀਬਿਨ ਵੱਲ ਮੁੜਦੇ ਹੋਏ ਕਿਹਾ।

"ਅਸੀਂ ਸਾਰੇ ਇਹੋ ਸਮਝਦੇ ਵਾਂ," ਗੀਬਿਨ ਨੇ ਜਵਾਬ ਦਿੱਤਾ।

"ਤੇ ਤੂੰ, ਭਲੇ ਆਦਮੀ?" ਸਿਜ਼ੋਵ ਵੱਲ ਮੁੜਦੇ ਹੋਏ।

"ਮੈਂ ਵੀ। ਅਸੀਂ ਆਪਣੇ ਕੋਪੀਕ ਆਪਣੇ ਕੋਲ਼ ਰੱਖਣਾ ਪਸੰਦ ਕਰਾਂਗੇ।"

ਸਿਜ਼ੋਵ ਨੇ ਇੱਕ ਵਾਰ ਫਿਰ ਨੀਵੀਂ ਪਾ ਲਈ ਅਤੇ ਦੋਸ਼ੀ ਢੰਗ ਨਾਲ਼ ਮੁਸਕਰਾਇਆ।

ਡਾਇਰੈਕਟਰ ਨੇ ਹੌਲ਼ੀ ਹੌਲ਼ੀ ਭੀੜ ਨੂੰ ਇੱਕ ਸਿਰੇ ਤੋਂ ਦੂਜੇ ਤੱਕ ਵੇਖਿਆ ਅਤੇ ਮੋਢੇ ਮਚਕੋੜੇ। ਫਿਰ ਉਹ ਪਾਵੇਲ ਵੱਲ ਮੁੜਿਆ ਅਤੇ ਉਹਨੂੰ ਬੜੇ ਧਿਆਨ ਨਾਲ਼ ਵੇਖਿਆ।

"ਤੂੰ ਕੁਝ ਪੜ੍ਹਿਆ ਲਿਖਿਆ ਜਾਪਦੈ। ਕੀ ਇਹ ਸੰਭਵ ਹੈ ਕਿ ਤੂੰ ਵੀ ਅਜਿਹੇ ਕਦਮ ਦੇ ਲਾਭ ਨਹੀਂ ਵੇਖ ਸਕਦਾ?"

"ਜੇ ਕਾਰਖ਼ਾਨਾ ਆਪਣੇ ਖ਼ਰਚੇ 'ਤੇ ਜਿਲ੍ਹਣ ਵਿੱਚੋਂ ਪਾਣੀ ਕੱਢੇ ਤਾਂ ਹਰ ਇੱਕ ਨੂੰ ਇਹਦੇ ਲਾਭ ਦਿੱਸ ਪੈਣਗੇ," ਪਾਵੇਲ ਨੇ ਅਜਿਹੀ ਅਵਾਜ਼ ਵਿੱਚ ਜਵਾਬ ਦਿੱਤਾ ਜਿਹੜੀ ਸਾਰੇ ਸੁਣ ਸਕਦੇ ਸਨ।

"ਕਾਰਖ਼ਾਨਾ ਕੋਈ ਧਰਮ ਖਾਤਾ ਨਹੀਂ," ਡਾਇਰੈਕਟਰ ਨੇ ਖ਼ੁਸ਼ਕੀ ਨਾਲ਼ ਜਵਾਬ ਦਿੱਤਾ। "ਮੈਂ ਹੁਕਮ ਦੇਂਦਾ ਹਾਂ ਆਪਣੇ ਆਪਣੇ ਕੰਮ 'ਤੇ ਮੁੜ ਜਾਓ!"

ਉਹ ਆਪਣੇ ਪੈਰ ਨਾਲ਼ ਲੋਹੇ ਨੂੰ ਧਿਆਨ ਨਾਲ਼ ਟੋਂਹਦਾ ਅਤੇ ਕਿਸੇ ਵੱਲ ਵੀ ਵੇਖੇ ਬਿਨ੍ਹਾਂ ਹੇਠਾਂ ਉਤਰਨ ਲੱਗਾ।

ਲੋਕਾਂ ਵਿੱਚ ਅਸੰਤੋਖ ਦੀ ਘੂਕਰ ਉੱਠੀ।

"ਕੀ ਗੱਲ ਏ?" ਡਾਇਰੈਕਟਰ ਨੇ ਜਿੱਥੇ ਸੀ ਉੱਥੇ ਰੁਕ ਕੇ ਕਿਹਾ।

ਸਭ ਨੇ ਬੋਲਣਾ ਬੰਦ ਕਰ ਦਿੱਤਾ, ਬਸ ਦੂਰੋਂ ਕਿਸੇ ਅਵਾਜ਼ ਨੇ ਚੁੱਪ ਤੋੜੀ:

"ਜਾਕੇ ਆਪ ਕੰਮ ਕਰ!..."

"ਜੇ ਤੁਸੀਂ ਪੰਦਰਾਂ ਮਿੰਟ ਵਿੱਚ ਕੰਮ 'ਤੇ ਨਾ ਮੁੜੇ ਤਾਂ ਮੈਂ ਹੁਕਮ ਦੇ ਦਿਆਂਗਾ ਕਿ ਤੁਹਾਨੂੰ ਜੁਰਮਾਨਾ ਕੀਤਾ ਜਾਵੇ," ਡਾਇਰੈਕਟਰ ਨੇ ਰੁਖਾਈ ਨਾਲ਼ ਅਤੇ ਸੰਖੇਪ ਜਵਾਬ ਦਿੱਤਾ।

ਇੱਕ ਵਾਰ ਫਿਰ ਉਹ ਭੀੜ ਵਿੱਚੋਂ ਰਾਹ ਬਣਾ ਕੇ ਲੰਘ ਗਿਆ, ਪਰ ਉਹਦੇ ਮੁੜਦੇ ਸਮੇਂ ਇੱਕ ਮੱਧਮ ਜਿਹਾ ਸ਼ੋਰ ਉੱਠਿਆ, ਅਤੇ ਉਹ ਜਿੰਨਾ ਦੂਰ ਜਾਂਦਾ ਸ਼ੋਰ ਉੱਨਾ ਹੀ ਉੱਚਾ ਹੁੰਦਾ ਜਾਂਦਾ।

"ਕਰੋ ਤਾਂ ਗੱਲ ਉਹਦੇ ਨਾਲ!"

"ਇਹ ਹੈ ਇਨਸਾਫ਼! ਕਿਹੋ ਜਿਹੀ ਜ਼ਿੰਦਗੀ ਏ ਇਹ !..."

ਉਹ ਪਾਵੇਲ ਵੱਲ ਮੁੜੇ ਅਤੇ ਕੂਕੇ:

"ਹੁਣ ਅਸੀਂ ਕੀ ਕਰੀਏ, ਵੱਡੇ ਵਕੀਲ ਸਾਹਿਬ!"

"ਸੋਹਣੀ ਤਕਰੀਰ ਝਾੜ ਦਿੱਤੀ ਤੂੰ, ਪਰ ਜਦੋਂ ਮਾਲਕ ਆਇਆ ਤਾਂ ਕੀ ਫੈਦਾ ਹੋਇਆ ?"

"ਆ ਵਲਾਸੋਵ, ਦੱਸ ਅਸੀਂ ਹੁਣ ਕੀ ਕਰੀਏ ?"

ਜਦੋਂ ਅਵਾਜ਼ਾਂ ਹੋਰ ਮੰਗ ਕਰਨ ਲੱਗ ਪਈਆਂ ਤਾਂ ਪਾਵੇਲ ਨੇ ਕਿਹਾ:

"ਸਾਥੀਓ! ਮੇਰੀ ਤਜਵੀਜ਼ ਏ ਜਦੋਂ ਤੱਕ ਉਹ ਕੋਪੀਕ ਕੱਟਣਾ ਬੰਦ ਕਰਨਾ ਨਾ ਮੰਨ ਲਵੇ ਅਸੀਂ ਕੰਮ ਬੰਦ ਰੱਖੀਏ।..."

ਉਤੇਜਨਾ ਭਰਪੂਰ ਟਿੱਪਣੀਆਂ ਹਵਾ ਵਿੱਚ ਉਛਲੀਆਂ।

"ਸਾਨੂੰ ਵਲੱਲੀ ਢਾਣੀ ਸਮਝਿਆ ਈ!"

"ਇਹਦਾ ਮਤਲਬ ਤਾਂ ਹੜਤਾਲ ਏ ?"

"ਦੋ ਨਿਗੂਣੇ ਕੋਪੀਕਾਂ ਲਈ ?"

"ਹੜਤਾਲ ਵਿੱਚ ਮਾੜੀ ਗੱਲ ਕੀ ਏ ?"

"ਉਹ ਸਾਨੂੰ ਜਵਾਬ ਦੇ ਦੇਣਗੇ!"

"ਫਿਰ ਉਹਦਾ ਕੰਮ ਕੌਣ ਕਰੇਗਾ ?"

"ਅਨੇਕ ਮਿਲ ਜਾਣਗੇ, ਉਹਨੂੰ!"

"ਤੇਰਾ ਮਤਲਬ ਏ, ਹਰਾਮਜ਼ਾਦੇ ?"

## 13

ਪਾਵੇਲ ਹੇਠਾਂ ਉਤਰਿਆ ਅਤੇ ਆਪਣੀ ਮਾਂ ਕੋਲ਼ ਖੜਾ ਹੋ ਗਿਆ।

ਭੀੜ ਵਿੱਚ ਹਲਚਲ ਸੀ; ਸਭੇ ਬੜੇ ਜੋਸ਼ ਨਾਲ਼ ਦਲੀਲਾਂ ਦੇ ਰਹੇ ਤੇ ਬਹਿਸ ਕਰ ਰਹੇ ਸਨ।

"ਇਹਨਾਂ ਨੂੰ ਹੜਤਾਲ ਕਰਨ ਲਈ ਤਿਆਰ ਨਹੀਂ ਕੀਤਾ ਜਾ ਸਕਦਾ," ਰੀਬਿਨ ਨੇ ਪਾਵੇਲ ਕੋਲ਼ ਆਉਂਦੇ ਹੋਏ ਕਿਹਾ। "ਉਹ ਲਾਲਚੀ ਨੇ ਪਰ ਡਰਪੋਕ! ਤਿੰਨ ਸੌ ਤੋਂ ਵੱਧ ਤੇਰਾ ਸਾਥ ਨਹੀਂ ਦੇਣ ਲੱਗੇ। ਇੱਕੋ ਵਾਰ ਸਲੰਘ ਉੱਤੇ ਚੁੱਕਣ ਲਈ ਇਹ ਰੂੜੀ ਦਾ ਬਹੁਤ ਵੱਡਾ ਢੇਰ ਏ।..."

ਪਾਵੇਲ ਚੁੱਪ ਸੀ। ਭੀੜ ਦਾ ਵੱਡਾ ਕਾਲ਼ਾ ਮੂੰਹ ਉਹਦੇ ਸਾਹਮਣੇ ਝੂਲ ਰਿਹਾ ਸੀ, ਸਿਰੜੀ ਮੰਗ ਨਾਲ਼ ਉਹਦੀਆਂ ਅੱਖਾਂ ਵਿੱਚ ਝਾਕਦਾ। ਉਹਦਾ ਦਿਲ ਤੌਖਲੇ ਨਾਲ਼ ਧੜਕ ਰਿਹਾ ਸੀ। ਉਹਨੂੰ ਜਾਪਦਾ ਸੀ ਕਿ ਉਹਦੀ ਗੱਲ ਕੋਈ ਨਿਸ਼ਾਨ ਛੱਡੇ ਬਿਨਾਂ ਲੋਪ ਹੋ ਗਈ ਹੈ, ਜਿਵੇਂ ਮੀਂਹ ਦੀਆਂ ਇੱਕ ਦੁੱਕਾ ਕਣੀਆਂ ਲੂਹੀ ਭੋਂ ਉੱਤੇ ਪਈਆਂ ਹੋਣ।

ਉਹ ਘਰ ਮੁੜਿਆ, ਥੱਕਿਆ ਅਤੇ ਨਿਮੋਝੂਣਾ। ਉਹਦੀ ਮਾਂ ਅਤੇ ਸਿਜ਼ੋਵ ਉਹਦੇ ਪਿੱਛੇ ਪਿੱਛੇ ਟੁਰ ਰਹੇ ਸਨ, ਜਦੋਂ ਕਿ ਰੀਬਿਨ ਉਹਦੇ ਨਾਲ਼ ਨਾਲ਼ ਚੱਲ ਰਿਹਾ ਸੀ ਅਤੇ ਉਹਦੇ ਕੰਨ ਵਿੱਚ ਲਗਾਤਾਰ ਭਿਣ-ਭਿਣ ਕਰੀ ਜਾਂਦਾ।

"ਤਕਰੀਰ ਤੂੰ ਸੋਹਣੀ ਕਰਦੈਂ, ਪਰ ਇਹ ਦਿਲ ਉੱਤੇ ਅਸਰ ਨਹੀਂ ਕਰਦੀ! ਇਹੋ ਤਾਂ ਗੱਲ ਏ! ਤੈਨੂੰ ਉਹਨਾਂ ਦੇ ਦਿਲਾਂ ਨਾਲ਼ ਗੱਲ ਕਰਨੀ ਚਾਹੀਦੀ ਏ। — ਉਹਨਾਂ ਦੇ ਐਨ ਵਿਚਕਾਰ ਚੰਗਿਆੜੀ ਸੁੱਟਣੀ ਚਾਹੀਦੀ ਏ। ਤੂੰ ਦਲੀਲਾਂ ਦੇ ਕੇ ਲੋਕਾਂ ਨੂੰ ਮਨਾ ਨਹੀਂ ਸਕਦਾ। ਇਹ ਜੁੱਤੀ ਪੈਰੀਂ ਪੂਰੀ ਨਹੀਂ ਆਉਂਦੀ — ਬਹੁਤ ਤੰਗ ਅਤੇ ਘੁੱਟਵੀਂ ਏ।"

"ਪੇਲਾਗੀਆ, ਸਮਾਂ ਆ ਗਿਐ ਅਸੀਂ ਬੁੱਢੇ ਕਬਰਿਸਤਾਨ ਦੇ ਰਾਹ ਪਈਏ!" ਸਿਜ਼ੋਵ ਕਹਿ ਰਿਹਾ ਸੀ। "ਇੱਕ ਨਵੀਂ ਤਰ੍ਹਾਂ ਲੋਕ ਉੱਭਰ ਰਹੇ ਨੇ। ਅਸੀਂ ਕਿਵੇਂ ਰਿਹਾ ਕਰਦੇ ਸਾਂ, ਤੂੰ ਤੇ ਮੈਂ? ਗੋਡਿਆਂ ਭਾਰ ਰਿੜ੍ਹਦੇ, ਆਪਣੇ ਨਾਲ਼ੋਂ ਉੱਚਿਆਂ ਅੱਗ ਮੱਥੇ ਟੇਕਦੇ। ਪਰ ਅੱਜ ਕੱਲ੍ਹ — ਮੈਨੂੰ ਸਮਝ ਨਹੀਂ, ਸ਼ੈਦ ਲੋਕਾਂ ਨੂੰ ਹੋਸ਼ ਆ ਗਈ ਏ, ਸ਼ੈਦ ਹੋ ਸਕਦੈ ਉਹ ਗ਼ਲਤੀ ਕਰ ਰਹੇ ਨੇ, ਪਰ ਘੱਟੋ ਘੱਟ ਉਹ ਸਾਡੇ ਜਿਹੇ ਨਹੀਂ। ਜਵਾਨ ਲੋਕਾਂ ਨੂੰ ਲਓ — ਉਹ ਡਾਇਰੈਕਟਰ ਨਾਲ਼ ਇਉਂ ਗੱਲ ਕਰਦੇ ਨੇ ਜਿਵੇਂ ਉਹ ਉਹਦੇ ਜਿਹੇ ਹੋਣ।... ਅੱਛਾ, ਮੈਂ ਤੁਹਾਨੂੰ ਫਿਰ ਮਿਲਾਂਗਾ, ਪਾਵੇਲ ਮਿਖਾਈਲੋਵਿਚ। ਜਿਵੇਂ ਤੂੰ ਲੋਕਾਂ ਦਾ ਪੱਖ ਪੂਰਦੈਂ ਉਹ ਚੰਗਾ ਲੱਗਦੈ, ਜਵਾਨ। ਰੱਬ ਤੇਰੇ ਅੰਗ ਸੰਗ ਰਹੇ। ਸ਼ੈਦ ਤੂੰ ਇਸ ਸਭ ਕੁਝ ਦਾ ਹੱਲ ਲੱਭ ਲਵੇਗਾ। ਰੱਬ ਰਾਖਾ!"

ਅਤੇ ਉਹ ਚਲਾ ਗਿਆ।

"ਦਫ਼ਾ ਹੋ ਤੇ ਜਾਕੇ ਮਰ ਪਰ੍ਹਾਂ," ਰੀਬਿਨ ਬੁੜਬੁੜਾਇਆ। "ਅਜਿਹੇ ਲੋਕ ਤਾਂ ਇਨਸਾਨ ਵੀ ਨਹੀਂ — ਬਸ ਨਿਰੀ ਮਿੱਟੀ ਨੇ — ਤਰੇੜਾਂ ਬੰਦ ਕਰਨ ਲਈ ਕੁਝ ਮਸਾਲਾ। ਪਤਾ ਈ ਤੈਨੂੰ ਪ੍ਰਤੀਨਿਧ ਬਣਾਉਣ ਲਈ ਕਿਸਨੇ ਅਵਾਜ਼ਾਂ ਕੱਢੀਆ ਸੀ? ਉਹਨਾਂ ਹੀ ਜਿਨ੍ਹਾਂ ਤੇਰਾ ਸੋਸ਼ਲਿਸਟ ਅਤੇ ਪੁਆੜੇ-ਹੱਥਾਂ ਹੋਣਾ ਧੁਮਾਇਆ ਸੀ। ਉਹੀਓ ਸਨ! ਉਹਨਾਂ ਸੋਚਿਆ: 'ਇਹ ਕੱਢਿਆ ਜਾਵੇਗਾ — ਚੰਗੀ ਹੋਵੇਗੀ ਇਹਦੇ ਨਾਲ਼!' "

"ਆਪਣੇ ਵੱਲੋਂ ਤਾਂ ਉਹਨਾਂ ਠੀਕ ਈ ਕੀਤਾ," ਪਾਵੇਲ ਨੇ ਕਿਹਾ।

"ਆਪਣੇ ਭਰਾਵਾਂ ਦੇ ਢਿੱਡ ਪਾੜਦੇ ਹੋਏ ਬਘਿਆੜ ਵੀ ਠੀਕ ਈ ਕਰਦੇ ਨੇ।..."

ਰੀਬਿਨ ਦੇ ਮੂੰਹ 'ਤੇ ਪਰਛਾਵਾਂ ਜਿਹਾ ਫਿਰ ਗਿਆ ਅਤੇ ਉਹਦੀ ਅਵਾਜ਼ ਤੋਂ ਸਪਸ਼ਟ ਸੀ ਕਿ ਉਹ ਪ੍ਰੇਸ਼ਾਨ ਸੀ।

"ਲੋਕ ਖ਼ਾਲੀ ਗੱਲਾਂ ਨਹੀਂ ਸੁਣਦੇ—ਇਹ ਲਾਜ਼ਮੀ ਹੈ ਕਿ ਉਹ ਦੁੱਖ ਸਹਿਣ — ਲਫ਼ਜ਼ਾਂ ਨੂੰ ਖ਼ੂਨ ਵਿੱਚ ਗੜੁਚਣਾ ਜ਼ਰੂਰੀ ਹੈ।..."

ਸਾਰਾ ਦਿਨ ਪਾਵੇਲ ਥੱਕਿਆ ਅਤੇ ਉਦਾਸ ਅਤੇ ਅਜੀਬ ਤਰ੍ਹਾਂ ਪ੍ਰੇਸ਼ਾਨ ਇੱਧਰ ਉੱਧਰ

ਘੁੰਮਦਾ ਰਿਹਾ, ਉਹਦੀਆਂ ਸੜ ਰਹੀਆਂ ਅੱਖਾਂ ਕੁਝ ਲੱਭਦੀਆਂ ਜਾਪਦੀਆਂ ਸਨ। ਮਾਂ ਨੇ ਇਹ ਗੱਲ ਵੇਖ ਲਈ।

"ਕੀ ਗੱਲ ਏ, ਪਾਸ਼ਾ ?" ਉਹਨੇ ਸੋਘ ਨਾਲ਼ ਪੁੱਛਿਆ।

"ਮੇਰੇ ਸਿਰ ਵਿੱਚ ਪੀੜ ਏ," ਉਹਨੇ ਸੋਚਦੇ ਹੋਏ ਜਵਾਬ ਦਿੱਤਾ।

"ਤੂੰ ਲੇਟ ਜਾ ਤੇ ਮੈਂ ਡਾਕਟਰ ਨੂੰ ਸੱਦਦੀ ਆਂ।..."

"ਨਹੀਂ, ਤੂੰ ਫ਼ਿਕਰ ਨਾ ਕਰ," ਉਹਨੇ ਮਾਂ ਵੱਲ ਵੇਖਿਆ ਅਤੇ ਕਾਹਲੀ ਕਾਹਲੀ ਜਵਾਬ ਦਿੱਤਾ।

ਫਿਰ ਉਹਨੇ ਹੌਲ਼ੀ ਜਿਹੇ ਕਿਹਾ, "ਅਜੇ ਮੈਂ ਬਹੁਤ ਥੋੜ੍ਹੀ ਉਮਰ ਦਾ ਤੇ ਕਮਜ਼ੋਰ ਵਾਂ, ਇਹੋ ਮੁਸ਼ਕਲ ਏ! ਉਹਨਾਂ ਨੂੰ ਮੇਰੇ ਉੱਤੇ ਇਤਬਾਰ ਨਹੀਂ ਆਇਆ, ਉਹਨਾਂ ਮੇਰਾ ਕਾਜ਼ ਨਾ ਅਪਣਾਇਆ, ਜਿਸਦਾ ਮਤਲਬ ਏ ਕਿ ਮੈਨੂੰ ਠੀਕ ਤਰ੍ਹਾਂ ਗੱਲ ਕਰਨ ਦੀ ਜਾਚ ਨਹੀਂ ਆਈ। ਮੈਂ ਆਪਣੇ ਨਾਲ਼ ਨਰਾਜ਼ ਤੇ ਦੁਖੀ ਵਾਂ।"

ਮਾਂ ਨੇ ਉਹਦੇ ਵਹਿਣਾਂ ਵਿੱਚ ਡੁੱਬੇ ਮੂੰਹ ਵੱਲ ਵੇਖਿਆ ਅਤੇ ਉਹਨੂੰ ਤਸੱਲੀ ਦੇਣ ਦਾ ਜਤਨ ਕੀਤਾ।

"ਕੁਝ ਉਡੀਕ," ਮਾਂ ਨੇ ਹੌਲ਼ੀ ਜਿਹੀ ਕਿਹਾ। "ਜਿਹੜੀ ਗੱਲ ਉਹ ਅੱਜ ਨਹੀਂ ਸਮਝ ਸਕੇ ਉਹ ਕੱਲ੍ਹ ਸਮਝ ਲੈਣਗੇ।..."

"ਉਹਨਾਂ ਨੂੰ ਸਮਝਣਾ ਪਵੇਗਾ," ਪਾਵੇਲ ਕੂਕ ਉੱਠਿਆ।

"ਇਹ ਤਾਂ ਮੈਂ ਵੀ ਸਮਝ ਸਕਦੀ ਆਂ ਕਿ ਤੂੰ ਠੀਕ ਏਂ।..."

ਪਾਵੇਲ ਮਾਂ ਵੱਲ ਗਿਆ।

"ਤੂੰ ਤਾਂ ਸ਼ਾਨਦਾਰ ਏ, ਮਾਂ," ਉਹਨੇ ਕਿਹਾ ਅਤੇ ਮੁੜ ਪਿਆ। ਉਹ ਤਰਭਕ ਪਈ, ਜਿਵੇਂ ਉਹਦੀ ਸ਼ਾਂਤ ਗੱਲ ਨੇ ਉਹਨੂੰ ਲੂਹ ਸੁੱਟਿਆ ਹੋਵੇ, ਫਿਰ ਉਹਨੇ ਆਪਣਾ ਹੱਥ ਘੁੱਟ ਕੇ ਆਪਣੇ ਦਿਲ ਦੇ ਉੱਤੇ ਰੱਖਿਆ, ਉਹਦੀ ਨਰਮੀ ਦਾ ਸਵਾਦ ਮਾਣਦੇ ਹੋਏ ਅਤੇ ਉਹ ਉਹਦੇ ਕੋਲ਼ੋਂ ਚਲੀ ਗਈ।

ਉਸ ਰਾਤ ਜਦੋਂ ਉਹ ਸੌਂ ਗਈ ਸੀ ਅਤੇ ਪਾਵੇਲ ਬਿਸਤਰੇ ਵਿੱਚ ਲੇਟਿਆ ਪੜ੍ਹ ਰਿਹਾ ਸੀ, ਜੈਨਡਾਰਮ ਆਏ ਅਤੇ ਗੁੱਸੇ ਨਾਲ਼ ਘਰ ਵਿੱਚ, ਮਿਆਨੀ ਵਿੱਚ ਅਤੇ ਬਾਹਰ ਵਿਹੜੇ ਵਿੱਚ ਫੋਲਾ ਫਾਲੀ ਕੀਤੀ। ਭੂਸਲੇ ਮੂੰਹ ਵਾਲ਼ਾ ਅਫ਼ਸਰ ਉਸੇ ਤਰ੍ਹਾਂ ਵਿਚਰ ਰਿਹਾ ਸੀ ਜਿਵੇਂ ਉਹ ਪਹਿਲੀ ਵਾਰ ਵਿਚਰਿਆ ਸੀ — ਦੁਖਦਾਇਕ ਢੰਗ ਨਾਲ਼ ਕਾਟਵਾਂ, ਉਹਨਾਂ ਝਿੜਾਂ ਦਾ ਸਵਾਦ ਲੈਂਦਾ ਜਿਨ੍ਹਾਂ ਦਾ ਨਿਸ਼ਾਨਾ ਐਨ ਉਹਨਾਂ ਦੇ ਦਿਲ ਸਨ। ਮਾਂ ਇੱਕ ਨੁੱਕਰੇ ਬੈਠੀ ਸੀ, ਉਹਦੀਆਂ ਅੱਖਾਂ ਆਪਣੇ ਪੁੱਤਰ ਦੇ ਮੂੰਹ ਉੱਤੇ ਜੰਮੀਆਂ ਹੋਈਆਂ ਸਨ। ਪਾਵੇਲ ਕੋਸ਼ਿਸ਼ ਕਰ ਰਿਹਾ ਸੀ ਕਿ ਉਹ ਆਪਣੇ ਜਜ਼ਬੇ ਪ੍ਰਗਟ ਨਾ ਹੋਣ ਦੇਵੇ, ਪਰ ਜਦੋਂ ਅਫ਼ਸਰ ਹੱਸਦਾ ਤਾਂ ਉਹਦੀਆਂ ਉਂਗਲਾਂ ਅਜੀਬ ਤਰ੍ਹਾਂ ਫਰਕਦੀਆਂ; ਮਾਂ ਜਾਣਦੀ ਸੀ ਕਿ ਜਦੋਂ ਜੈਨਡਾਰਮ ਠੱਠਾ ਉਡਾ ਰਹੇ ਸਨ ਤਾਂ ਉਹ ਕਿੰਨਾ ਔਖਾ ਹੋਕੇ ਆਪਣੇ ਉੱਤੇ ਕਾਬੂ ਰੱਖ ਰਿਹਾ ਸੀ। ਮਾਂ ਲਈ ਇਹ ਗੱਲ ਇਸ ਵਾਰ ਇੰਨੀ ਡਰਾਉਣੀ ਨਹੀਂ ਸੀ ਜਿੰਨੀ ਕਿ ਪਹਿਲੀ ਵਾਰ; ਇਹਨਾਂ ਭੂਰੇ, ਰਾਤ

ਸਮੇਂ ਆਉਣ ਵਾਲ਼ੇ, ਮਹਿਮੀਜ਼ਾਂ ਵਾਲ਼ੇ ਮਹਿਮਾਨਾਂ ਲਈ ਉਹਦੀ ਘਿਰਣਾ ਵੱਧ ਗਈ ਸੀ ਅਤੇ ਇਸ ਘਿਰਣਾ ਨੇ ਉਹਦੇ ਡਰ ਨੂੰ ਹੜਪ ਲਿਆ ਸੀ।

"ਉਹ ਮੈਨੂੰ ਗ੍ਰਿਫ਼ਤਾਰ ਕਰ ਲੈਣਗੇ," ਪਾਵੇਲ ਨੇ ਮਾਂ ਦੇ ਕੰਨ ਵਿੱਚ ਕਹਿ ਹੀ ਲਿਆ।

"ਮੈਂ ਜਾਣਦੀ ਆਂ," ਉਹਨੇ ਹੌਲ਼ੀ ਜਿਹੇ ਜਵਾਬ ਦਿੱਤਾ, ਅਤੇ ਨੀਵੀਂ ਪਾ ਲਈ।

ਉਹ ਸਮਝਦੀ ਸੀ ਕਿ ਉਹਨੇ ਪਹਿਲਾਂ ਦਿਨੇ ਕਿਰਤੀਆਂ ਨੂੰ ਜੋ ਕੁਝ ਕਿਹਾ ਸੀ, ਉਸ ਲਈ ਉਹ ਉਹਨੂੰ ਜੇਲ੍ਹ ਵਿੱਚ ਸੁੱਟ ਦੇਣਗੇ। ਪਰ ਸਾਰੇ ਉਹਦੀ ਗੱਲ ਨਾਲ਼ ਸਹਿਮਤ ਸਨ ਅਤੇ ਉਹ ਜ਼ਰੂਰ ਹੀ ਉਹਦੇ ਹੱਕ ਵਿੱਚ ਖੜੇ ਹੋ ਜਾਣਗੇ। ਉਹ ਉਹਨੂੰ ਬਹੁਤਾਂ ਸਮਾਂ ਕੈਦ ਕਰਨ ਦੀ ਹਿੰਮਤ ਨਹੀਂ ਕਰ ਸਕਦੇ।...

ਉਹ ਚਾਹੁੰਦੀ ਸੀ ਕਿ ਪਾਵੇਲ ਨੂੰ ਕਲਾਵੇ ਵਿੱਚ ਲੈਕੇ ਰੋ ਪਵੇ, ਪਰ ਅਫ਼ਸਰ ਸੁੰਗੜੀਆਂ ਅੱਖਾਂ ਵਿੱਚੋਂ ਉਹਦੇ ਵੱਲ ਵੇਖਦਾ ਉਹਦੇ ਕੋਲ਼ ਖੜਾ ਸੀ। ਉਹਦੇ ਬੁੱਲ੍ਹ ਅਤੇ ਉਹਦੀਆਂ ਮੁੱਛਾਂ ਫਰਕ ਰਹੀਆਂ ਸਨ ਅਤੇ ਪੇਲਾਗੀਆ ਨੂੰ ਜਾਪਿਆ ਕਿ ਇਹ ਬੰਦਾ ਉਹਦੇ ਹੰਝੂਆਂ ਤੇ ਸ਼ਿਕਾਇਤਾਂ ਤੇ ਤਰਲਿਆਂ ਦੀ ਉਡੀਕ ਹੀ ਕਰ ਰਿਹਾ ਸੀ। ਆਪਣਾ ਸਾਰਾ ਬਲ ਇਕਾਗਰ ਕਰਕੇ ਅਤੇ ਘੱਟ ਬੋਲਣ ਦਾ ਜਤਨ ਕਰਦੇ ਹੋਏ ਉਹਨੇ ਆਪਣੇ ਪੁੱਤਰ ਦਾ ਹੱਥ ਘੁੱਟਿਆ ਅਤੇ ਹੌਲ਼ੀ ਹੌਲ਼ੀ ਅਤੇ ਸਨੇਹ ਨਾਲ਼ ਕਿਹਾ:

"ਰੱਬ ਰਾਖਾ, ਪਾਸ਼ਾ। ਤੂੰ ਲੋੜ ਦੀ ਹਰ ਸ਼ੈ ਲੈ ਲਈ ਏ ?"

"ਹਾਂ। ਦਿਲ ਨਾ ਹਾਰੀ।..."

"ਰੱਬ ਤੇਰੇ ਅੰਗ ਸੰਗ ਰਹੇ।..."

ਜਦੋਂ ਉਹ ਉਹਨੂੰ ਲੈ ਕੇ ਚਲੇ ਗਏ ਤਾਂ ਉਹ ਬੈਂਚ ਉੱਤੇ ਡਿੱਗ ਪਈ ਅਤੇ ਹੌਲ਼ੀ ਹੌਲ਼ੀ ਡੁਸਕਣ ਲੱਗ ਪਈ। ਉਹ ਕੰਧ ਵੱਲ ਪਿੱਠ ਕਰਕੇ ਬੈਠੀ ਹੋਈ ਸੀ ਜਿਵੇਂ ਉਹਦਾ ਘਰ ਵਾਲ਼ਾ ਬੈਠਿਆ ਕਰਦਾ ਸੀ, ਦੁੱਖ ਅਤੇ ਆਪਣੀ ਲਾਚਾਰੀ ਦੇ ਦਰਦੀਲੇ ਅਨੁਭਵ ਦੇ ਭਾਰ ਹੇਠ ਦੱਬੀ ਹੋਈ, ਆਪਣਾ ਸਿਰ ਪਿੱਛੇ ਸੁੱਟ ਕੇ ਉਹਨੇ ਇੱਕ ਲੰਮੀ ਹੂਕ ਮਾਰੀ, ਜਿਸ ਵਿੱਚ ਉਹਨੇ ਆਪਣੇ ਜ਼ਖ਼ਮੀ ਦਿਲ ਦਾ ਸਾਰਾ ਦਰਦ ਪਾ ਦਿੱਤਾ ਸੀ ਤੇ ਉਹਦੇ ਮਨ ਵਿੱਚ ਉਹ ਪਤਲੀਆਂ ਮੁੱਛਾਂ ਅਤੇ ਖੁਸ਼ੀ ਨਾਲ਼ ਚਮਕਦੀਆਂ ਸੰਗੋੜੀਆਂ ਅੱਖਾਂ ਵਾਲ਼ਾ ਭੂਸਲਾ ਮੂੰਹ ਇੱਕ ਥਾਂ ਟਿਕ ਗਿਆ ਸੀ। ਉਹਦੀ ਛਾਤੀ ਵਿੱਚ ਉਹਨਾਂ ਲੋਕਾਂ ਲਈ ਕੁੜਿੱਤਣ ਅਤੇ ਘਿਰਣਾ ਦਾ ਕਾਲ਼ਾ ਬੱਦਲ ਉਮਡ ਪਿਆ, ਜਿਹੜੇ ਮਾਵਾਂ ਤੋਂ ਉਹਨਾਂ ਦੇ ਪੁੱਤਰਾਂ ਨੂੰ ਬਸ ਇਸ ਲਈ ਖੋਹੰਦੇ ਹਨ ਕਿ ਉਹ ਇਨਸਾਫ਼ ਮੰਗਦੇ ਹਨ।

ਠੰਢ ਸੀ ਅਤੇ ਮੀਂਹ ਬਾਰੀਆਂ ਨਾਲ਼ ਟਕਰਾ ਰਿਹਾ ਸੀ। ਉਹਨੂੰ ਜਾਪਦਾ ਕਿ ਲੰਮੀਆਂ ਬਾਹਾਂ, ਚੌੜੇ ਲਾਲ ਮੂੰਹ ਅਤੇ ਅੱਖਾਂ ਤੋਂ ਰਹਿਤ ਭੂਰੇ ਅਕਾਰ ਰਾਤ ਵਿੱਚ ਪਹਿਰੇਦਾਰਾਂ ਵਾਂਗ ਉਹਦੇ ਘਰ ਦੁਆਲੇ ਚੱਕਰ ਕੱਟ ਰਹੇ ਸਨ, ਉਹਨਾਂ ਦੀਆਂ ਮਹਿਮੀਜ਼ਾਂ ਛਣਕਦੀਆਂ।

"ਜੇ ਕਿਤੇ ਉਹ ਮੈਨੂੰ ਵੀ ਲੈ ਗਏ ਹੁੰਦੇ," ਉਹਨੇ ਸੋਚਿਆ।

ਸੀਟੀ ਵੱਜੀ, ਲੋਕਾਂ ਨੂੰ ਕੰਮ ਲਈ ਸੱਦਦੀ। ਇਸ ਸਵੇਰ ਉਹ ਧੀਮੀ, ਘੱਗੀ ਅਤੇ ਉਖੜੀ ਉਖੜੀ ਜਾਪਦੀ ਸੀ। ਦਰਵਾਜ਼ਾ ਖੁੱਲ੍ਹਾ ਅਤੇ ਰੀਬਿਨ ਅੰਦਰ ਆਇਆ।

"ਉਹ ਉਹਨੂੰ ਫੜ ਕੇ ਲੈ ਗਏ ?" ਉਹਨੇ ਆਪਣੀ ਦਾੜ੍ਹੀ ਤੋਂ ਮੀਂਹ ਦੇ ਤੁਪਕੇ ਪੂੰਝਦੇ ਹੋਏ ਕਿਹਾ।

"ਹਾਂ, ਉਹ ਉਹਨੂੰ ਫੜ ਕੇ ਲੈ ਗਏ, ਰੱਬ ਦੀ ਮਾਰ ਵਗੇ ਉਹਨਾਂ ਨੂੰ," ਮਾਂ ਨੇ ਹਉਕਾ ਲੈਕੇ ਜਵਾਬ ਦਿੱਤਾ।

"ਇਹਦੀ ਤਾਂ ਆਸ ਕੀਤੀ ਹੀ ਜਾ ਸਕਦੀ ਸੀ," ਉਹਨੇ ਸੰਖੇਪ ਜਿਹੀ ਹਾਸੀ ਹੱਸ ਕੇ ਕਿਹਾ। "ਉਹਨਾਂ ਮੇਰੇ ਘਰ ਦੀ ਵੀ ਤਲਾਸ਼ੀ ਲਈ। ਹਰ ਸ਼ੈ ਆਪਣੀਆਂ ਉਂਗਲਾਂ ਨਾਲ਼ ਟੋਹੀ। ਬਹੁਤ ਗਾਹਲ ਮੰਦਾ ਬੋਲਿਆ, ਪਰ ਕੋਈ ਖ਼ਰਾਬੀ ਨਹੀਂ ਕੀਤੀ। ਸੋ, ਉਹਨਾਂ ਪਾਵੇਲ ਨੂੰ ਫੜ ਲਿਆ! ਡਾਇਰੈਕਟਰ ਅੱਖ ਝਮਕਦੈ, ਜੈਨਡਾਰਮ ਸਿਰ ਹਿਲਾਉਂਦੇ ਨੇ — ਅਤੇ ਇੱਕ ਹੋਰ ਜਣਾ ਗ਼ਾਇਬ ਹੋ ਜਾਂਦੈ! ਬਹੁਤ ਸੋਹਣੀ ਤਰ੍ਹਾਂ ਰਲ ਕੇ ਕੰਮ ਕਰਦੇ ਨੇ। ਉਹਨਾਂ ਵਿੱਚੋਂ ਇੱਕ ਲੋਕਾਂ ਨੂੰ ਸਿੰਙਾਂ ਤੋਂ ਫੜ ਲੈਂਦੈ ਤੇ ਦੂਜਾ ਸਾਰਾ ਦੁੱਧ ਚੋ ਲੈਂਦੈ।..."

"ਤੁਹਾਨੂੰ ਪਾਵੇਲ ਦੀ ਹਮਾਇਤ ਕਰਨੀ ਚਾਹੀਦੀ ਏ!" ਮਾਂ ਉੱਠਦੀ ਹੋਈ ਬੋਲੀ। "ਉਹਨੇ ਜੋ ਕੁਝ ਕੀਤਾ ਉਹ ਸਭ ਲਈ ਕੀਤੈ!"

"ਕਿਸਨੂੰ ਹਮਾਇਤ ਕਰਨੀ ਚਾਹੀਦੀ ਏ ?"

"ਸਭ ਨੂੰ!"

"ਹੂੰ! ਇਹ ਤੇਰਾ ਖ਼ਿਆਲ ਏ! ਪਰ ਇਉਂ ਕਦੀ ਨਹੀਂ ਹੋਣ ਲੱਗਾ!"

ਹੱਸ ਕੇ ਉਹ ਭਾਰੇ ਕਦਮ ਪੁੱਟਦਾ ਬਾਹਰ ਚਲਾ ਗਿਆ ਅਤੇ ਉਹਦੀ ਨਿਰਾਸ਼ ਗੱਲ ਨੇ ਮਾਂ ਦੀ ਹਾਲਤ ਪਹਿਲਾਂ ਨਾਲ਼ੋਂ ਵੀ ਭੈੜੀ ਕਰ ਦਿੱਤੀ।

"ਜੇ ਉਹਨਾਂ ਉਹਨੂੰ ਮਾਰਿਆ ਕੁੱਟਿਆ, ਉਹਨੂੰ ਤਸੀਹੇ ਦਿੱਤੇ।..."

ਉਹਨੇ ਆਪਣੀ ਕਲਪਨਾ ਵਿੱਚ ਆਪਣੇ ਪੁੱਤਰ ਨੂੰ ਵੇਖਿਆ, ਮਾਰ ਕੁੱਟ ਪਿੱਛੋਂ ਉਹਦਾ ਪਿੰਡਾ ਲਹੂ-ਲੁਹਾਨ ਅਤੇ ਵਿਲੂੰਧਰਿਆ ਅਤੇ ਡਰ ਨਾਲ਼ ਉਹਦਾ ਦਿਲ ਯਖ਼ ਹੋ ਗਿਆ। ਉਹਦੀਆਂ ਅੱਖਾਂ ਸੜਨ ਲੱਗ ਪਈਆਂ।

ਉਸ ਦਿਨ ਉਹਨੇ ਅੰਗੀਠੀ ਨਾ ਬਾਲੀ, ਖਾਣਾ ਤਿਆਰ ਨਾ ਕੀਤਾ, ਚਾਹ ਤੱਕ ਨਾ ਪੀਤੀ। ਸ਼ਾਮ ਨੂੰ ਬਹੁਤ ਦੇਰ ਨਾਲ਼ ਉਹਨੇ ਡਬਲ ਰੋਟੀ ਦਾ ਇੱਕ ਟੋਟਾ ਖਾਧਾ। ਜਦੋਂ ਉਹ ਬਿਸਤਰੇ ਉੱਤੇ ਲੇਟੀ ਤਾਂ ਉਹਨੇ ਮਹਿਸੂਸ ਕੀਤਾ ਕਿ ਜ਼ਿੰਦਗੀ ਕਦੀ ਇੰਨੀ ਸੱਖਣੀ ਅਤੇ ਇਕੱਲੀ ਨਹੀਂ ਰਹੀ। ਪਿਛਲੇ ਕੁਝ ਵਰ੍ਹਿਆਂ ਤੋਂ ਉਹ ਕਿਸੇ ਸੋਹਣੀ ਅਤੇ ਮਹੱਤਵ-ਪੂਰਨ ਗੱਲ ਦੀ ਉਡੀਕ ਕਰਨ ਦੀ ਆਦੀ ਹੋ ਗਈ ਸੀ। ਉਹਦੇ ਦੁਆਲੇ ਜਵਾਨ ਲੋਕਾਂ ਦੀਆਂ ਖ਼ੁਸ਼ ਅਤੇ ਸ਼ੋਰੀਲੀਆਂ ਸਰਗਰਮੀਆਂ ਹੁੰਦੀਆਂ ਸਨ ਅਤੇ ਉਹਦੇ ਪੁੱਤਰ ਦਾ, ਜਿਹੜਾ ਇਸ ਖ਼ਤਰਨਾਕ ਪਰ ਚੰਗੀ ਜ਼ਿੰਦਗੀ ਲਈ ਜ਼ਿੰਮੇਵਾਰ ਸੀ, ਗੰਭੀਰ ਮੂੰਹ ਸਦਾ ਉਹਦੇ ਸਾਹਮਣੇ ਰਹਿੰਦਾ। ਹੁਣ ਜਦੋਂ ਉਹ ਚਲਾ ਗਿਆ ਸੀ ਤਾਂ ਸਭ ਕੁਝ ਚਲਾ ਗਿਆ ਸੀ।

## 14

ਅਗਲਾ ਦਿਨ ਅਤੇ ਇੱਕ ਹੋਰ ਉਨੀਂਦਰੀ ਰਾਤ ਔਖੇ ਸੌਖੇ ਬੀਤ ਗਏ, ਪਰ ਉਸ ਤੋਂ

ਅਗਲਾ ਦਿਨ ਹੋਰ ਵੀ ਹੌਲ਼ੀ ਬੀਤਿਆ।

ਉਹਨੂੰ ਆਸ ਸੀ ਕੋਈ ਆਵੇਗਾ, ਪਰ ਕੋਈ ਨਾ ਆਇਆ। ਤਰਕਾਲਾਂ ਪੈ ਗਈਆਂ। ਰਾਤ ਹੋ ਗਈ। ਠੰਢਾ ਮੀਂਹ ਹਉਕੇ ਲੈਂਦਾ ਅਤੇ ਸ਼ਾਂ ਸ਼ਾਂ ਕਰਕੇ ਕੰਧਾਂ ਨਾਲ਼ ਟਕਰਾਉਂਦਾ, ਚਿਮਨੀ ਵਿੱਚੋਂ ਹਵਾ ਚੰਘਿਆੜਦੀ ਅਤੇ ਫ਼ਰਸ਼ ਹੇਠਾਂ ਕੁਝ ਹਿਲਦਾ। ਛੱਤ ਤੋਂ ਪਾਣੀ ਦੇ ਟੇਪੇ ਡਿੱਗਦੇ ਅਤੇ ਉਹਨਾਂ ਦੇ ਡਿੱਗਣ ਦੀ ਅਕਾਵੀਂ ਅਵਾਜ਼ ਬੜੀ ਅਜੀਬ ਤਰ੍ਹਾਂ ਕਲਾਕ ਦੀ ਟਕ ਟਕ ਨਾਲ਼ ਜਾਂਦੀ। ਜਾਪਦਾ ਸੀ ਸਾਰਾ ਮਕਾਨ ਹੌਲ਼ੀ ਹੌਲ਼ੀ ਹਿੱਲ ਰਿਹਾ ਸੀ; ਗ਼ਮ ਹਰ ਸ਼ੈ ਨੂੰ ਮੁਰਦਾ ਅਤੇ ਨਕਾਰਾ ਬਣਾ ਰਿਹਾ ਜਾਪਦਾ ਸੀ।...

ਖਿੜਕੀ ’ਤੇ ਧੀਮੀ ਠਕ ਠਕ ਹੋਈ। ਦੁਬਾਰਾ ਠਕ ਠਕ ਹੋਈ। ਉਹ ਅਜਿਹੇ ਖੜਕੇ ਦੀ ਆਦੀ ਹੋ ਚੁੱਕੀ ਸੀ, ਇਹਨਾਂ ਤੋਂ ਡਰਦੀ ਉੱਕਾ ਹੀ ਨਾ, ਪਰ ਐਤਕੀਂ ਉਹ ਖ਼ੁਸ਼ੀ ਨਾਲ਼ ਤ੍ਰਭਕ ਪਈ। ਧੁੰਦਲੀਆਂ ਆਸਾਂ ਨੇ ਉਹਨੂੰ ਇੱਕ ਦਮ ਖੜ੍ਹਾ ਕਰ ਦਿੱਤਾ। ਮੋਢਿਆਂ ਉੱਤੇ ਸ਼ਾਲ ਸੁੱਟ ਕੇ ਉਹਨੇ ਦਰਵਾਜ਼ਾ ਖੋਹਲਿਆ।...

ਸਮੋਈਲੋਵ ਅੰਦਰ ਆਇਆ, ਉਹਦੇ ਪਿੱਛੇ ਕੋਈ ਹੋਰ ਸੀ, ਜਿਸਦਾ ਮੂੰਹ ਕੋਟ ਦੇ ਉੱਪਰ ਚੁੱਕੇ ਕਾਲਰ ਤੇ ਭਰਵੱਟਿਆਂ ਤੱਕ ਹੇਠਾਂ ਕੀਤੀ ਟੋਪੀ ਨੇ ਲੁਕਾਇਆ ਹੋਇਆ ਸੀ।

“ਅਸਾਂ ਤੈਨੂੰ ਜਗਾਇਆ ਤਾਂ ਨਹੀਂ ?” ਸਮੋਈਲੋਵ ਨੇ ਸਾਹਿਬ-ਸਲਾਮ ਤੋਂ ਬਿਨਾਂ ਪੁੱਛਿਆ। ਉਹਦੇ ਆਮ ਵਤੀਰੇ ਦੇ ਉਲਟ ਉਹਦੀ ਅਵਾਜ਼ ਫ਼ਿਕਰਮੰਦ ਤੇ ਉਦਾਸ ਸੀ।

“ਨਹੀਂ, ਮੈਂ ਸੁੱਤੀ ਤਾਂ ਨਹੀਂ ਸਾਂ,” ਮਾਂ ਨੇ ਕਿਹਾ ਅਤੇ ਆਸ ਨਾਲ਼ ਉਹਦੇ ਵੱਲ ਵੇਖਣ ਲੱਗ ਪਈ।

ਆਪਣੀ ਟੋਪੀ ਲਾਹੁੰਦੇ ਹੋਏ ਉਹਦੇ ਸਾਥੀ ਨੇ ਭਰੜਾਇਆ ਜਿਹਾ ਭਾਰਾ ਸਾਹ ਲਿਆ ਅਤੇ ਆਪਣਾ ਗੰਢਲ ਉਂਗਲਾਂ ਵਾਲ਼ਾ ਚੌੜਾ ਹੱਥ ਅੱਗੇ ਵਧਾਇਆ।

“ਕੀ ਹਾਲ ਚਾਲ ਏ ਮਾਂ! ਮੈਨੂੰ ਪਛਾਣਦੀ ਏਂ ?” ਉਹਨੇ ਪੁੱਛਿਆ, ਜਿਵੇਂ ਉਹ ਪੁਰਾਣਾ ਮਿੱਤਰ ਹੋਵੇ।

“ਤੁਸੀਂ ਹੋ ?” ਪੇਲਾਗੀਆ ਖ਼ੁਸ਼ੀ ਨਾਲ਼ ਕੂਕੀ। “ਯੇਗੋਰ ਈਵਾਨੋਵਿੱਚ ?”

“ਐਨ ਉਹੋ !” ਉਹਨੇ ਜਵਾਬ ਦਿੱਤਾ ਅਤੇ ਕਿਸੇ ਭਜਨੀਕ ਜਿਹੇ ਲੰਮੇ ਵਾਲਾਂ ਵਾਲ਼ਾ ਵੱਡਾ ਸਿਰ ਨਿਵਾਂ ਦਿੱਤਾ। ਉਹਦੇ ਪੋਪਲੇ ਮੂੰਹ ਉੱਤੇ ਦਿਆਲ ਮੁਸਕਾਨ ਸੀ ਅਤੇ ਉਹਦੀਆਂ ਨਿੱਕੀਆਂ ਭੂਰੀਆਂ ਅੱਖਾਂ ਮਾਂ ਵੱਲ ਦਿਆਲਤਾ ਨਾਲ਼ ਸਾਫ਼ ਸਾਫ਼ ਵੇਖ ਰਹੀਆਂ ਸਨ। ਉਹ ਤਾਂ ਉੱਕਾ ਹੀ ਸਾਮਾਵਰ ਜਿਹਾ ਜਾਪਦਾ ਸੀ — ਗੋਲ਼ ਮਟੋਲ ਅਤੇ ਮੱਧਰਾ, ਮੋਟੀ ਗਰਦਨ ਅਤੇ ਨਿੱਕੀਆਂ ਬਾਹਵਾਂ ਵਾਲ਼ਾ। ਉਹਦਾ ਮੂੰਹ ਲਿਸ਼ਕ ਰਿਹਾ ਸੀ ਅਤੇ ਉਹ ਉੱਚੇ ਉੱਚੇ ਸਾਹ ਲੈਂਦਾ, ਇਉਂ ਜਾਪਦਾ ਸੀ ਕਿ ਉਹਦੀ ਛਾਤੀ ਵਿੱਚ ਬਹੁਤ ਹੇਠਾਂ ਕੁਝ ਛਣਕ ਅਤੇ ਭਰੜਾ ਰਿਹਾ ਸੀ।...

“ਤੁਸੀਂ ਦੂਜੇ ਕਮਰੇ ਵਿੱਚ ਚੱਲੋ, ਮੈਂ ਕੱਪੜੇ ਪਾ ਲਵਾਂ,” ਮਾਂ ਨੇ ਕਿਹਾ।

“ਅਸੀਂ ਤੈਥੋਂ ਕੁਝ ਮੰਗਣ ਆਏ ਵਾਂ,” ਸਮੋਈਲੋਵ ਨੇ ਭਰਵੱਟੇ ਸੁੰਕੇੜ ਕੇ ਉਹਦੇ ਵੱਲ ਵੇਖਦੇ ਹੋਏ ਫ਼ਿਕਰਮੰਦੀ ਨਾਲ਼ ਕਿਹਾ।

ਯੇਗੋਰ ਈਵਾਨੋਵਿਚ ਦੂਜੇ ਕਮਰੇ ਵਿੱਚ ਚਲਾ ਗਿਆ ਅਤੇ ਉੱਥੋਂ ਬੋਲਣਾ ਸ਼ੁਰੂ ਕੀਤਾ।

"ਤੁਹਾਡਾ ਜਾਣੂ ਨਿਕੋਲਾਈ ਈਵਾਨੋਵਿਚ ਅੱਜ ਸਵੇਰੇ ਹੀ ਜੇਲ੍ਹ ਚੋਂ ਰਿਹਾ ਹੋਇਐ, ਮਾਂ।..."

"ਮੈਨੂੰ ਤਾਂ ਪਤਾ ਵੀ ਨਹੀਂ ਸੀ ਕਿ ਉਹ ਜੇਲ੍ਹ ਵਿੱਚ ਏ," ਮਾਂ ਨੇ ਉਹਦੀ ਗੱਲ ਟੋਕੀ।

"ਦੋ ਮਹੀਨੇ ਤੇ ਯਾਰ੍ਹਾਂ ਦਿਨ। ਉੱਥੇ ਉਹ ਖੋਖੋਲ ਨੂੰ ਮਿਲਿਆ ਸੀ, ਉਹਨੇ ਤੈਨੂੰ ਸਲਾਮ ਭੇਜਿਐ; ਪਾਵੇਲ ਨੇ ਵੀ ਤੇ ਉਹਨੇ ਕਿਹਾ ਏ ਤੂੰ ਫ਼ਿਕਰ ਨਾ ਕਰੀਂ। ਉਹਨੇ ਕਿਹੈ ਤੂੰ ਇਹ ਸਮਝ ਲੈ ਕੇ ਉਹਨੇ ਜਿਹੜਾ ਰਾਹ ਚੁਣਿਐ ਉਹਦੇ ਉੱਤੇ ਚੱਲਣ ਵਾਲ਼ਿਆਂ ਨੂੰ ਸਮੇਂ ਸਮੇਂ ਜੇਲ੍ਹ ਵਿੱਚ ਛੁੱਟੀ ਬਿਤਾਉਣੀ ਹੀ ਪੈਂਦੀ ਏ — ਸਾਡੇ ਮਾਲਕਾਂ ਦੀ ਮਿਹਰਬਾਨੀ ਇਸ ਗੱਲ ਦੀ ਜ਼ਾਮਨੀ ਏ। ਤੇ ਹੁਣ ਮੈਂ ਕੰਮ ਦੀ ਗੱਲ ਕਰਦਾਂ, ਮਾਂ। ਤੈਨੂੰ ਪਤੈ ਕੱਲ੍ਹ ਕਿੰਨੇ ਫੜੇ ਗਏ ਨੇ ?"

"ਕਿਉਂ — ਪਾਵੇਲ ਤੋਂ ਬਿਨਾਂ — ਕੋਈ ਹੋਰ ਵੀ ?" ਮਾਂ ਨੇ ਉੱਚੀ ਜਿਹੇ ਪੁੱਛਿਆ।

"ਉਹ ਉਨੰਜਵਾਂ ਸੀ," ਯੇਗੋਰ ਈਵਾਨੋਵਿਚ ਨੇ ਠਰ੍ਹੰਮੇ ਨਾਲ਼ ਗੱਲ ਟੋਕੀ। "ਤੇ ਜਾਪਦੈ ਪ੍ਰਬੰਧਕਾਂ ਨੇ ਅਜੇ ਦਰਜਨ ਕੁ ਹੋਰ ਫੜਵਾ ਦੇਣੇ ਨੇ। ਮਿਸਾਲ ਵਜੋਂ ਐਹ ਜਵਾਨ।..."

"ਹਾਂ, ਮੈਂ ਵੀ," ਸਮੋਈਲੋਵ ਨੇ ਉਦਾਸੀ ਨਾਲ਼ ਕਿਹਾ।

ਪਤਾ ਨਹੀਂ ਕਿਉਂ ਪੇਲਾਗੀਆ ਲਈ ਸਾਹ ਲੈਣਾ ਸੌਖਾ ਹੋ ਗਿਆ।...

"ਚਲੋ, ਉਹ ਉੱਥੇ ਇਕੱਲਾ ਤਾਂ ਨਹੀਂ," ਉਹਦੇ ਮਨ ਵਿੱਚ ਇਹ ਵਿਚਾਰ ਚਮਕਿਆ।

ਜਦੋਂ ਉਹਨੇ ਕੱਪੜੇ ਪਾ ਲਏ ਤੇ ਆਪਣੇ ਮਹਿਮਾਨਾਂ ਕੋਲ਼ ਆਈ ਤਾਂ ਉਹ ਖ਼ੁਸ਼ੀ ਨਾਲ਼ ਮੁਸਕਰਾ ਰਹੀ ਸੀ।

"ਜੇ ਉਹਨਾਂ ਇੰਨੇ ਫੜੇ ਨੇ ਤਾਂ ਉਹ ਉਹਨਾਂ ਨੂੰ ਬਹੁਤ ਦਿਨ ਨਹੀਂ ਰੱਖਣ ਲੱਗੇ।..."

"ਨਹੀਂ, ਉੱਕਾ ਹੀ ਨਹੀਂ !" ਯੇਗੋਰ ਈਵਾਨੋਵਿਚ ਨੇ ਕਿਹਾ। "ਤੇ ਜੇ ਅਸੀਂ ਉਹਨਾਂ ਦੀ ਖੇਡ ਖ਼ਰਾਬ ਕਰ ਦਈਏ ਤਾਂ ਉਹ ਪੂਛ ਵਲ੍ਹੇਟ ਕੇ ਪਿੱਛੇ ਹਟ ਜਾਣਗੇ। ਨੁਕਤਾ ਇਹ ਏ: ਜੇ ਅਸੀਂ ਕਾਰਖ਼ਾਨੇ ਵਿੱਚ ਇਸ਼ਤਿਹਾਰ ਵੰਡਣੇ ਬੰਦ ਕਰ ਦਈਏ ਤਾਂ ਜੈਨਡਾਰਮ ਇਸ ਗੱਲ ਨੂੰ ਪਾਵੇਲ ਅਤੇ ਉਹਦੇ ਜੇਲ੍ਹ ਵਿੱਚ ਪਏ ਸਾਥੀਆਂ ਦੇ ਖ਼ਿਲਾਫ਼ ਵਰਤਣਗੇ।..."

"ਕੀ ਮਤਲਬ ?" ਮਾਂ ਤੌਖਲੇ ਨਾਲ਼ ਕੂਕ ਪਈ।

"ਬੜੀ ਸਾਦੀ ਗੱਲ ਏ," ਯੇਗੋਰ ਈਵਾਨੋਵਿਚ ਨੇ ਨਰਮੀ ਨਾਲ਼ ਕਿਹਾ। "ਕਈ ਜੈਨਡਾਰਮ ਵੀ ਸੋਚ ਸਕਦੇ ਨੇ। ਤੂੰ ਆਪੇ ਸੋਚ: ਪਾਵੇਲ ਅਜ਼ਾਦ ਸੀ — ਅਖ਼ਬਾਰ ਤੇ ਇਸ਼ਤਿਹਾਰ ਵੰਡੇ ਜਾਂਦੇ ਸਨ, ਪਾਵੇਲ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ — ਨਾ ਅਖ਼ਬਾਰ ਤੇ ਨਾ ਇਸ਼ਤਿਹਾਰ ! ਸੋ, ਉਹੋ ਇਸ਼ਤਿਹਾਰ ਤੇ ਅਖ਼ਬਾਰ ਬੀਜਦਾ ਸੀ, ਹੈ ਕਿ ਨਹੀਂ ? ਉਹ ਸਭਨਾਂ ਨੂੰ ਹੜਪ ਕਰਨਾ ਸ਼ੁਰੂ ਕਰ ਦੇਣਗੇ। ਜੈਨਡਾਰਮਾਂ ਦੀ ਆਦਤ ਹੁੰਦੀ ਏ ਉਹ ਲੋਕਾਂ ਨੂੰ ਖਾ ਜਾਂਦੇ ਨੇ, ਇੱਥੋਂ ਤੱਕ ਕਿ ਬਸ ਚੂਰ ਭੂਰ ਹੀ ਰਹਿ ਜਾਂਦੈ !"

"ਮੈਂ ਸਮਝਦੀ ਵਾਂ," ਮਾਂ ਨੇ ਅਫ਼ਸੋਸ ਨਾਲ਼ ਕਿਹਾ। "ਹਾਏ ਰੱਬਾ ! ਹੁਣ ਅਸੀਂ ਕੀ ਕਰੀਏ ?"

"ਉਹਨਾਂ ਲਗਭਗ ਸਭਨਾਂ ਨੂੰ ਫੜ ਲਿਐ, ਰੱਬ ਦੀ ਮਾਰ ਵਗੇ ਉਹਨਾਂ ਨੂੰ," ਰਸੋਈ 'ਚੋਂ ਸਮੋਈਲੋਵ ਦੀ ਅਵਾਜ਼ ਆਈ। "ਹੁਣ ਅਸਾਂ ਆਪਣੇ ਕਾਜ਼ ਲਈ ਹੀ ਕੰਮ ਜਾਰੀ ਨਹੀਂ ਰੱਖਣਾ

ਸਗੋਂ ਆਪਣੇ ਸਾਥੀਆਂ ਨੂੰ ਬਚਾਉਣ ਲਈ ਵੀ।"

"ਤੇ ਕੰਮ ਕਰਨ ਵਾਲ਼ਾ ਕੋਈ ਹੈ ਨਹੀਂ," ਯੇਗੋਰ ਈਵਾਨੋਵਿਚ ਨੇ ਥੋੜ੍ਹਾ ਜਿਹਾ ਹੱਸਕੇ ਗੱਲ ਵਧਾਈ। "ਸਾਡੇ ਕੋਲ਼ ਬਹੁਤ ਸਾਰਾ ਪਹਿਲੇ ਦਰਜੇ ਦਾ ਸਾਹਿਤ ਪਿਐ, ਉਹ ਸਾਰਾ ਮੈਂ ਤਿਆਰ ਕੀਤੈ; ਪਰ ਉਹਨੂੰ ਕਾਰਖ਼ਾਨੇ ਵਿੱਚ ਲੈ ਜਾਣਾ ਅਜੇ ਹੱਲ ਨਾ ਹੋਇਆ ਮਸਲਾ ਏ।"

"ਉਹ ਹੁਣ ਫਾਟਕ 'ਤੇ ਹਰ ਇੱਕ ਦੀ ਤਲਾਸ਼ੀ ਲੈਣ ਲੱਗ ਪਏ ਨੇ," ਸਮੋਈਲੋਵ ਬੋਲਿਆ।

ਮਾਂ ਨੇ ਸਮਝ ਲਿਆ ਕਿ ਉਹਨਾਂ ਨੂੰ ਉਸ ਤੋਂ ਕਿਸੇ ਗੱਲ ਦੀ ਆਸ ਸੀ।

"ਇਹ ਕੰਮ ਕਿਵੇਂ ਕੀਤਾ ਜਾਵੇ ?" ਉਹਨੇ ਕਾਹਲ ਨਾਲ਼ ਪੁੱਛਿਆ।

ਸਮੋਈਲੋਵ ਦਰਵਾਜ਼ੇ ਵਿੱਚ ਆਇਆ।

"ਪੇਲਾਗੀਆ ਨਿਲੋਵਨਾ, ਤੂੰ ਫੇਰੀ ਵਾਲ਼ੀ ਕੋਰਸੂਨੋਵਾ ਨੂੰ ਜਾਣਦੀ ਏਂ ?"

"ਹਾਂ, ਕਿਉਂ ?"

"ਤੂੰ ਉਹਦੇ ਨਾਲ਼ ਗੱਲ ਕਰ। ਸ਼ੈਦ ਉਹ ਇਸ਼ਤਿਹਾਰ ਅੰਦਰ ਲੈ ਜਾਵੇ ?"

ਮਾਂ ਨੇ ਹੱਥ ਹਿਲਾਕੇ ਇਹ ਵਿਚਾਰ ਰੱਦ ਕਰ ਦਿੱਤਾ।

"ਉਹ ਨਹੀਂ ! ਉਹ ਤਾਂ ਗਲਾਧੜ ਏ ! ਛੇਤੀ ਹੀ ਉਹਨਾਂ ਨੂੰ ਪਤਾ ਲੱਗ ਜਾਵੇਗਾ ਕਿ ਉਹਨੂੰ ਇਸ਼ਤਿਹਾਰ ਮੈਥੋਂ ਮਿਲੇ ਨੇ– ਕਿ ਉਹ ਇਸ ਘਰੋਂ ਆਏ ਨੇ–ਨਹੀਂ, ਇਹ ਗੱਲ ਨਹੀਂ ਚਲਣੀ !"

ਫਿਰ ਅਚਾਨਕ ਫੁਰਨਾ ਆਉਣ ਨਾਲ਼ ਉਹਨੇ ਕਿਹਾ:

"ਇਸ਼ਤਿਹਾਰ ਮੈਨੂੰ ਦੇ ਦਿਓ ! ਇਹ ਕੰਮ ਮੈਂ ਕਰਾਂਗੀ। ਮੈਂ ਰਾਹ ਲੱਭ ਲਵਾਂਗੀ। ਮੈਂ ਮਾਰੀਆ ਨੂੰ ਕਹਾਂਗੀ ਮੈਨੂੰ ਆਪਣੇ ਨਾਲ਼ ਲਾ ਲਵੇ। ਮੈਂ ਕਿਸੇ ਤਰ੍ਹਾਂ ਰੋਟੀ ਤਾਂ ਕਮਾਉਣੀ ਏ। ਮੈਂ ਕਾਰਖ਼ਾਨੇ ਵਿੱਚ ਦੁਪਹਿਰ ਦਾ ਖਾਣਾ ਵੇਚਿਆ ਕਰਾਂਗੀ। ਮੈਂ ਰਾਹ ਲੱਭ ਲਵਾਂਗੀ।"

ਆਪਣੇ ਹੱਥ ਛਾਤੀ ਨਾਲ਼ ਲਾਕੇ ਉਹਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਉਹ ਸਾਰਾ ਕੁਝ ਸੋਹਣੀ ਤਰ੍ਹਾਂ ਕਰ ਲਵੇਗੀ, ਆਪਣੇ ਵੱਲ ਧਿਆਨ ਖਿੱਚੇ ਬਿਨਾਂ, ਅਤੇ ਗੱਲ ਮੁਕਾਉਂਦੇ ਹੋਏ ਉਹਨੇ ਵਿਸਮਾਦੀ ਢੰਗ ਨਾਲ਼ ਕਿਹਾ, "ਉਹ ਵੇਖ ਲੈਣ ਕਿ ਪਾਵੇਲ ਦੇ ਹੱਥ ਜੇਲ੍ਹੋਂ ਬਾਹਰ ਵੀ ਅਪੜਦੇ ਨੇ ! ਉਹ ਇਹ ਵੇਖ ਲੈਣ !"

ਉਹਨਾਂ ਤਿੰਨਾਂ ਦੇ ਮੂੰਹ ਖਿੜ ਗਏ।

"ਬਹੁਤ ਖੂਬ, ਮਾਂ ! ਤੈਨੂੰ ਤਾਂ ਇਹ ਪਤਾ ਵੀ ਨਹੀਂ ਕਿ ਇਹ ਕਿੰਨੀ ਸ਼ਾਨਦਾਰ ਗੱਲ ਏ ! ਉੱਕਾ ਹੀ ਚਕਰਾ ਦੇਣ ਵਾਲ਼ੀ !" ਯੇਗੋਰ ਨੇ ਮੁਸਕਰਾਉਂਦੇ, ਹੱਥ ਮਲਦੇ ਹੋਏ ਕਿਹਾ।

"ਜੇ ਇਹ ਕੰਮ ਬਣ ਗਿਆ ਤਾਂ ਮੈਂ ਉਸੇ ਸੌਖ ਨਾਲ਼ ਜੇਲ੍ਹ ਜਾਵਾਂਗਾ ਜਿਸ ਨਾਲ਼ ਮੈਂ ਆਪਣੇ ਬਿਸਤਰੇ ਵਿੱਚ ਲੇਟਦਾ ਵਾਂ," ਸਮੋਈਲੋਵ ਨੇ ਕਿਹਾ, ਉਹ ਵੀ ਹੱਥ ਮਲ ਰਿਹਾ ਸੀ।

"ਸਾਰੇ ਦੇਸ਼ ਵਿੱਚ ਤੇਰੇ ਜਿਹੀ ਕੋਈ ਹੋਰ ਨਾ ਸੋਹਣੀ !" ਯੇਗੋਰ ਨੇ ਘੱਗੀ ਅਵਾਜ਼ ਵਿੱਚ ਕਿਹਾ।

ਮਾਂ ਮੁਸਕਰਾਈ। ਉਹਦੇ ਲਈ ਇਹ ਗੱਲ ਸਾਫ਼ ਸੀ ਕਿ ਜੇ ਕਾਰਖ਼ਾਨੇ ਵਿੱਚ ਇਸ਼ਤਿਹਾਰ

ਵੰਡੇ ਜਾਂਦੇ ਰਹੇ ਤਾਂ ਪ੍ਰਬੰਧਕ ਉਹਦੇ ਪੁੱਤਰ 'ਤੇ ਦੋਸ਼ ਨਹੀਂ ਲਾ ਸਕਣ ਲੱਗੇ। ਉਹਨੂੰ ਯਕੀਨ ਸੀ ਕਿ ਉਹ ਇਹ ਕੰਮ ਪੂਰਾ ਕਰ ਲਵੇਗੀ ਅਤੇ ਖੁਸ਼ੀ ਨਾਲ਼ ਉਹਦੀ ਦੇਹ ਥਰਕ ਰਹੀ ਸੀ।

"ਜਦੋਂ ਜੇਲ੍ਹ ਵਿੱਚ ਪਾਵੇਲ ਨੂੰ ਮਿਲਣ ਜਾਵੇਂਗਾ ਤਾਂ ਉਹਨੂੰ ਦੱਸੀਂ ਉਹਦੀ ਮਾਂ ਕਿੰਨੀ ਚੰਗੀ ਏ," ਯੇਗੋਰ ਨੇ ਕਿਹਾ।

"ਮੈਂ ਉਹਨੂੰ ਪਹਿਲਾਂ ਮਿਲਾਂਗਾ," ਸਮੋਈਲੋਵ ਹੱਸਿਆ।

"ਉਹਨੂੰ ਦੱਸੀਂ ਕਿ ਜੋ ਕੁਝ ਕਰਨ ਦੀ ਲੋੜ ਏ ਮੈਂ ਉਹ ਕਰਾਂਗੀ — ਉਹਨੂੰ ਦੱਸ ਦਈਂ।"

"ਜੇ ਉਹਨਾਂ ਸਮੋਈਲੋਵ ਨੂੰ ਜੇਲ੍ਹ ਨਾ ਘੱਲਿਆ ਤਾਂ ?" ਯੇਗੋਰ ਨੇ ਕਿਹਾ।

"ਤਾਂ ਕੀ ਹੋ ਸਕਦੈ," ਮਾਂ ਨੇ ਕਿਹਾ।

ਦੋਵੇਂ ਮਰਦ ਹੱਸ ਪਏ ਅਤੇ ਉਹ ਵੀ ਇਹ ਮਹਿਸੂਸ ਕਰਦੇ ਕਿ ਉਸਤੋਂ ਗ਼ਲਤੀ ਹੋ ਗਈ ਹੱਸਣ ਲੱਗ ਪਈ, ਚੁੱਪ ਚਾਪ ਸ਼ਰਮਾ ਕੇ ਅਤੇ ਕੁਝ ਨਖ਼ਰੇ ਨਾਲ਼।

"ਦੂਜਿਆਂ ਦੇ ਦੁੱਖਾਂ ਨੂੰ ਆਪਣਾ ਸਮਝਣਾ ਔਖਾ ਹੁੰਦੈ," ਮਾਂ ਨੇ ਨੀਵੀਂ ਪਾਕੇ ਕਿਹਾ।

"ਇਹ ਤਾਂ ਉੱਕਾ ਹੀ ਸੁਭਾਵਕ ਗੱਲ ਏ," ਯੇਗੋਰ ਉੱਚੀ ਜਿਹੀ ਬੋਲਿਆ। "ਤੇ ਤੂੰ ਪਾਵੇਲ ਬਾਰੇ ਬਹੁਤਾ ਝੁਰ ਨਾ ਤੇ ਫ਼ਿਕਰ ਨਾ ਕਰ। ਉਹ ਜੇਲ੍ਹ 'ਚੋਂ ਚੰਗੇਰਾ ਬਣ ਕੇ ਨਿਕਲੇਗਾ। ਬੰਦੇ ਨੂੰ ਉੱਥੇ ਚੰਗਾ ਅਰਾਮ ਮਿਲਦੈ ਤੇ ਪੜ੍ਹਨ ਦਾ ਮੌਕਾ ਮਿਲ ਜਾਂਦੈ ਅਤੇ ਸਾਡੇ ਜਿਹੇ ਲੋਕਾਂ ਨੂੰ ਅਜ਼ਾਦੀ ਵਿੱਚ ਇਹਨਾਂ 'ਚੋਂ ਕੋਈ ਕੰਮ ਕਰਨ ਦਾ ਸਮਾਂ ਨਹੀਂ ਮਿਲਦਾ। ਮੈਂ ਤਿੰਨ ਵਾਰ ਅੰਦਰ ਹੋ ਆਇਆਂ ਅਤੇ ਹਰ ਵਾਰ ਮੇਰੇ ਦਿਲ ਤੇ ਦਿਮਾਗ਼ ਨੂੰ ਬਹੁਤ ਲਾਭ ਹੋਇਐ, ਭਾਵੇਂ ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਇਹ ਖੁਸ਼ੀ ਵਾਲ਼ੀ ਗੱਲ ਸੀ।"

"ਤੈਨੂੰ ਸਾਹ ਲੈਣ ਵਿੱਚ ਔਖ ਹੁੰਦੈ," ਮਾਂ ਨੇ ਉਹਦੇ ਸਿੱਧੇ ਜਿਹੇ ਮੂੰਹ ਉੱਤੇ ਦੋਸਤਾਨਾ ਨਿਗਾਹ ਮਾਰਦੇ ਹੋਏ ਕਿਹਾ।

"ਇਹਦਾ ਵੀ ਇੱਕ ਖ਼ਾਸ ਕਾਰਨ ਏ," ਯੇਗੋਰ ਨੇ ਇੱਕ ਉਂਗਲੀ ਹਿਲਾਉਂਦੇ ਹੋਏ ਕਿਹਾ। "ਸੋ, ਮੇਰਾ ਖਿਆਲ ਏ, ਸਭ ਕੁਝ ਦਾ ਫ਼ੈਸਲਾ ਹੋ ਗਿਐ ? ਕੱਲ੍ਹ ਅਸੀਂ ਇਸ਼ਤਿਹਾਰ ਲੈ ਆਵਾਂਗੇ ਤੇ ਚੱਕਾ ਫਿਰ ਗਿੜਨ ਲੱਗ ਪਵੇਗਾ, ਜੁਗਾਂ ਦਾ ਹਨੇਰਾ ਪੀਸਦਾ। ਤਿੰਨ ਤਾੜੀਆਂ ਬੋਲਣ ਦੀ ਅਜ਼ਾਦੀ ਲਈ, ਤਿੰਨ ਤਾੜੀਆਂ ਮਾਂ ਦੇ ਦਿਲ ਲਈ ! ਅੱਛਾ, ਫਿਰ ਮਿਲਾਂਗੇ !"

"ਰੱਬ ਰਾਖਾ," ਸਮੋਈਲੋਵ ਨੇ ਉਹਦੇ ਨਾਲ਼ ਘੁੱਟ ਕੇ ਹੱਥ ਮਿਲਾਉਂਦੇ ਹੋਏ ਕਿਹਾ। "ਮੈਂ ਆਪਣੀ ਮਾਂ ਨੂੰ ਅਜਿਹੀ ਸਲਾਹ ਕਦੀ ਨਾ ਦੇ ਸਕਦਾ।"

"ਉਹ ਸਾਰੇ ਕਿਸੇ ਨਾ ਕਿਸੇ ਦਿਨ ਸਮਝ ਜਾਣਗੇ," ਪੇਲਾਗੀਆ ਨੇ ਕਿਹਾ, ਉਹ ਉਹਦਾ ਦਿਲ ਵਧਾਉਣਾ ਚਾਹੁੰਦੀ ਸੀ।

ਜਦੋਂ ਉਹ ਚਲੇ ਗਏ ਤਾਂ ਉਹਨੇ ਦਰਵਾਜ਼ੇ ਨੂੰ ਜੰਦਰਾ ਲਾ ਦਿੱਤਾ, ਗੋਡਿਆਂ ਭਾਰ ਹੋ ਗਈ, ਉਹਦੀਆਂ ਦੁਆਵਾਂ ਮੀਂਹ ਦੀ ਅਵਾਜ਼ ਨਾਲ਼ ਮਿਲਦੀਆਂ ਰਹੀਆਂ। ਉਹ ਚੁੱਪ ਚਾਪ ਦੁਆ ਕਰ ਰਹੀ ਸੀ, ਬਸ ਉਹਨਾਂ ਲੋਕਾਂ ਬਾਰੇ ਜਿਨ੍ਹਾਂ ਨੂੰ ਪਾਵੇਲ ਨੇ ਉਹਦੀ ਜ਼ਿੰਦਗੀ ਵਿੱਚ ਦਾਖ਼ਲ ਕਰ ਦਿੱਤਾ ਸੀ, ਡੂੰਘੀ ਫ਼ਿਕਰਮੰਦੀ ਨਾਲ। ਉਹ ਉਹਦੇ ਅਤੇ ਪਵਿੱਤਰ ਤਸਵੀਰਾਂ ਵਿਚਕਾਰ ਫਿਰ ਰਹੇ ਜਾਪਦੇ ਸਨ—ਇਹ ਸਾਰੇ ਸਾਦੇ ਲੋਕ, ਜਿਹੜੇ ਇੰਨੇ ਅਜੀਬ ਢੰਗ ਨਾਲ਼ ਨੇੜਵੀਂ

ਤਰ੍ਹਾਂ ਇੱਕ ਦੂਜੇ ਨਾਲ਼ ਜੁੜੇ ਹੋਏ ਸਨ, ਪਰ ਫਿਰ ਵੀ ਹਰ ਇੱਕ ਇੰਨਾ ਇਕੱਲਾ ਸੀ।

ਸਵੇਰੇ ਸਵੇਰੇ ਉਹ ਮਾਰੀਆ ਕੋਰਸੂਨੋਵਾ ਨੂੰ ਮਿਲਣ ਗਈ।

ਸਦਾ ਵਾਂਗ ਥਿੰਧੀ ਤੇ ਖੱਪ ਪਾਉਂਦੀ ਫੇਰੀ ਵਾਲ਼ੀ ਨੇ ਹਮਦਰਦੀ ਨਾਲ਼ ਉਹਨੂੰ ਸਾਹਿਬ-ਸਲਾਮ ਕਹੀ।

"ਉਦਾਸ ਏਂ ?" ਉਹਨੇ ਥਿੰਧੇ ਹੱਥ ਨਾਲ਼ ਮਾਂ ਦੇ ਮੋਢੇ ਉੱਤੇ ਥਪਕੀ ਦੇਂਦੇ ਹੋਏ ਕਿਹਾ। "ਦਿਲ ਨਾ ਛੱਡ! ਉਹਨੂੰ ਫੜਿਆ ਤੇ ਲੈ ਗਏ, ਹੈਂ ਨਾ? ਕੋਈ ਗੱਲ ਨਹੀਂ! ਸ਼ਰਮ ਦੀ ਕੋਈ ਗੱਲ ਨਹੀਂ! ਅੱਗੇ ਤਾਂ ਉਹ ਲੋਕਾਂ ਨੂੰ ਚੋਰੀ ਕਰਨ ਲਈ ਜੇਲ੍ਹੀਂ ਸੁੱਟਦੇ ਸਨ, ਅੱਜ ਕੱਲ੍ਹ ਹੱਕ ਦੀ ਗੱਲ ਕਰਨ ਬਦਲੇ ਅੰਦਰ ਕਰ ਦੇਂਦੇ ਨੇ। ਹੋ ਸਕਦੈ ਜੋ ਕੁਝ ਕਹਿਣਾ ਚਾਹੀਦਾ ਸੀ ਉਹ ਪਾਵੇਲ ਨੇ ਨਾ ਕਿਹਾ ਹੋਵੇ, ਪਰ ਉਹਨੇ ਜੋ ਕੁਝ ਕਿਹਾ ਉਹ ਸਭਨਾਂ ਲਈ ਸੀ, ਤੇ ਸਭਨਾਂ ਨੂੰ ਇਸ ਗੱਲ ਦਾ ਪਤਾ ਏ, ਸੋ ਤੂੰ ਚਿੰਤਾ ਨਾ ਕਰ! ਭਾਵੇਂ ਉਹ ਮੰਨਦੇ ਨਹੀਂ, ਪਰ ਚੰਗੇ ਭੈੜੇ ਦੀ ਪਛਾਣ ਹਰ ਇੱਕ ਨੂੰ ਹੈ। ਮੈਂ ਤੈਨੂੰ ਮਿਲਣ ਆਉਣਾ ਚਾਹੁੰਦੀ ਸਾਂ, ਪਰ ਵਿਹਲ ਈ ਨਹੀਂ ਮਿਲੀ। ਸਾਰਾ ਦਿਨ ਰਿੰਨ੍ਹਣਾ ਪਕਾਉਣਾ ਤੇ ਫੇਰੀ ਲਾਉਣਾ, ਪਰ ਤੂੰ ਵੇਖ—ਕੰਗਾਲ ਹੀ ਮਰਾਂਗੀ ਮੈਂ! ਯਾਰ ਮੇਰੇ ਮੈਨੂੰ ਖਾ ਜਾਂਦੇ ਨੇ—ਕੋਈ ਮੁਸੀਬਤ ਏ! ਐਧਰੋਂ ਕੁਤਰਿਆ, ਓਧਰੋਂ ਕੁਤਰਿਆ, ਜਿਵੇਂ ਕਾਕਰੋਚ ਰੋਟੀ ਨੂੰ ਪੈਂਦੇ ਨੇ। ਦਸ ਰੂਬਲ ਬਚਾਏ ਨਹੀਂ ਕਿ ਕੋਈ ਹਰਾਮੀ ਆਕੇ ਹੜਪ ਲੈਂਦੈ! ਜ਼ਨਾਨੀ ਦੀ ਜੂਨ ਵੀ ਕੋਈ ਨਾ ਪਵੇ! ਮੈਂ ਤਾਂ ਕਿਸੇ ਨੂੰ ਇਹ ਬਦ-ਅਸੀਸ ਵੀ ਨਾ ਦਿਆਂ! ਇਕੱਲੇ ਰਹੋ—ਕਾਹਦੇ ਲਈ? ਮਰਦ ਲੱਭ ਲਓ—ਬੇੜਾ ਗ਼ਰਕ!"

"ਮੈਂ ਤੈਨੂੰ ਕਹਿਣ ਆਈ ਆਂ ਤੂੰ ਮੈਨੂੰ ਆਪਣੇ ਨਾਲ਼ ਲਾ ਲੈ," ਪੇਲਾਗੀਆ ਨੇ ਉਹਦੀ ਲੁਤਰ ਲੁਤਰ ਵਿੱਚੋਂ ਟੋਕਦੇ ਹੋਏ ਕਿਹਾ।

"ਕੀ ਕਿਹਾ ?" ਮਾਰੀਆ ਨੇ ਪੁੱਛਿਆ। ਜਦੋਂ ਪੇਲਾਗੀਆ ਨੇ ਗੱਲ ਸਮਝਾਈ ਤਾਂ ਮਾਰੀਆ ਨੇ ਸਿਰ ਹਿਲਾਇਆ।

"ਜ਼ਰੂਰ," ਉਹਨੇ ਕਿਹਾ। "ਯਾਦ ਈ ਤੂੰ ਮੈਨੂੰ ਮੇਰੇ ਆਦਮੀ ਤੋਂ ਲੁਕੋਂਦੀ ਸੈਂ? ਹੁਣ ਮੈਂ ਤੈਨੂੰ ਭੁੱਖ ਤੋਂ ਲੁਕਾਵਾਂਗੀ।... ਸਭਨਾਂ ਨੂੰ ਤੇਰੀ ਮਦਦ ਕਰਨੀ ਚਾਹੀਦੀ ਏ ਕਿਉਂਕਿ ਤੇਰਾ ਪੁੱਤਰ ਸਭਨਾਂ ਦੇ ਭਲੇ ਲਈ ਫੜਿਆ ਗਿਐ। ਉਹ ਬੜਾ ਚੰਗਾ ਬੰਦੈ, ਸਾਰੇ ਇਹੋ ਕਹਿੰਦੇ ਨੇ, ਤੇ ਸਭਨਾਂ ਨੂੰ ਉਹਦੀ ਬਾਬਤ ਅਫ਼ਸੋਸ ਏ। ਪੱਕੀ ਗੱਲ ਏ, ਇਹਨਾਂ ਗ੍ਰਿਫ਼ਤਾਰੀਆਂ ਤੋਂ ਮਾਲਕਾਂ ਦਾ ਕੁਝ ਨਹੀਂ ਸੌਰਨ ਲੱਗਾ। ਜ਼ਰਾ ਵੇਖ ਕਾਰਖ਼ਾਨੇ ਵਿੱਚ ਕੀ ਹੋ ਰਿਹੈ। ਮਾੜੀ ਗੱਲ ਏ, ਚੰਨੀ। ਇਹ ਮਾਲਕ ਸਮਝਦੇ ਨੇ ਕਿ ਜੇ ਉਹ ਕਿਸੇ ਇੱਕ ਦੀਆਂ ਅੱਡੀਆਂ ਕੁੱਟਣ ਤਾਂ ਉਹ ਨਠਣੋਂ ਰੁੱਕ ਜਾਏਗਾ। ਪਰ ਹੁੰਦਾ ਇਹ ਵੇ ਕਿ ਉਹ ਇੱਕ ਦਰਜਨ ਨੂੰ ਡੇਗਦੇ ਨੇ ਤੇ ਪੂਰਾ ਸੈਂਕੜਾ ਉਹਨਾਂ ਉੱਤੇ ਧਾ ਪੈਂਦੈ!"

ਇਸ ਗੱਲਬਾਤ ਦਾ ਸਿੱਟਾ ਇਹ ਹੋਇਆ ਕਿ ਅਗਲੀ ਦੁਪਹਿਰ ਮਾਂ ਮਾਰੀਆ ਦੀਆਂ ਖਾਣੇ ਦੀਆਂ ਦੋ ਟੋਕਰੀਆਂ ਲੈ ਕੇ ਕਾਰਖ਼ਾਨੇ ਆਈ, ਉਧਰ ਫੇਰੀ ਵਾਲ਼ੀ ਆਪ ਮੰਡੀ ਵਿੱਚ ਮਾਲ ਵੇਚਣ ਗਈ।

## 15

ਕਿਰਤੀਆਂ ਨੇ ਨਵੀਂ ਫੇਰੀ ਵਾਲ਼ੀ ਨੂੰ ਇੱਕ ਦਮ ਪਛਾਣ ਲਿਆ।

"ਵਪਾਰ ਸ਼ੁਰੂ ਕਰ ਦਿਤੈ, ਪੇਲਾਗੀਆ ?" ਉਹਨਾਂ ਪ੍ਰਸ਼ੰਸਾ ਨਾਲ਼ ਸਿਰ ਹਿਲਾਉਂਦੇ ਹੋਏ ਪੁੱਛਿਆ।

ਕੁਝ ਨੇ ਉਹਨੂੰ ਕਾਹਲੀ ਕਾਹਲੀ ਯਕੀਨ ਦਿਵਾਇਆ ਕਿ ਪਾਵੇਲ ਛੇਤੀ ਹੀ ਰਿਹਾ ਹੋ ਜਾਵੇਗਾ। ਹੋਰਨਾਂ ਨੇ ਹਮਦਰਦੀ ਦੇ ਦੋ ਬੋਲ ਆਖੇ, ਇਸ ਗੱਲ ਨੇ ਉਹਦੇ ਚਿੰਤਾਤੁਰ ਦਿਲ ਨੂੰ ਘਬਰਾ ਦਿੱਤਾ। ਕਈ ਹੋਰਨਾਂ ਨੇ ਡਾਇਰੈਕਟਰ ਅਤੇ ਜੈਨਡਾਰਮਾਂ ਨੂੰ ਰੱਜਕੇ ਗਾਹਲਾਂ ਕੱਢੀਆਂ, ਜਿਹੜੀਆਂ ਉਹਦੇ ਦਿਲ ਨੂੰ ਚੰਗੀਆਂ ਲੱਗੀਆਂ। ਅਜਿਹੇ ਵੀ ਲੋਕ ਸਨ ਜਿਨ੍ਹਾਂ ਉਹਦੇ ਵੱਲ ਬਾਘੀਆਂ ਪਾਉਂਦੀ ਤਸੱਲੀ ਨਾਲ਼ ਵੇਖਿਆ ਅਤੇ ਟਾਇਮ-ਕੀਪਰ ਇਸਾਈ ਗੋਰਬੋਵ ਦੰਦ ਕਰੀਚ ਕੇ ਬਿਰਕਿਆ:

"ਜੇ ਮੈਂ ਗਵਰਨਰ ਹੁੰਦਾ ਤਾਂ ਤੇਰੇ ਪੁੱਤਰ ਨੂੰ ਫਾਹੇ ਲਾ ਦੇਂਦਾ! ਲੋਕਾਂ ਨੂੰ ਕੁਰਾਹੇ ਪਾਉਣ ਲਈ ਉਹਦੇ ਨਾਲ਼ ਚੰਗੀ ਹੋਈ!"

ਇਹ ਭੈੜੀ ਧਮਕੀ ਨੇ ਮਾਂ ਨੂੰ ਹੱਡੀਆਂ ਤੱਕ ਠੰਢਾ ਕਰ ਦਿੱਤਾ। ਉਹਨੇ ਇਸਾਈ ਨੂੰ ਜਵਾਬ ਨਾ ਦਿੱਤਾ; ਉਹਨੇ ਤਾਂ ਬਸ ਉਹਦੇ ਛਾਈਆਂ ਵਾਲ਼ੇ ਮੂੰਹ ਉੱਤੇ ਨਿਗਾਹ ਮਾਰੀ ਤੇ ਹਉਕਾ ਭਰ ਕੇ ਨੀਵੀਂ ਪਾ ਲਈ।

ਕਾਰਖ਼ਾਨੇ ਵਿੱਚ ਹਲਚਲ ਸੀ। ਕਿਰਤੀ ਨਿੱਕੀਆਂ ਨਿੱਕੀਆਂ ਟੋਲੀਆਂ ਵਿੱਚ ਇਕੱਠੇ ਹੋਏ ਹੋਏ ਸਨ ਅਤੇ ਆਪੋ ਵਿੱਚ ਘੁਸਰ-ਮੁਸਰ ਕਰ ਰਹੇ ਸਨ। ਘਾਬਰੇ ਹੋਏ ਫ਼ੋਰਮੈਨ ਹਰ ਪਾਸੇ ਦਖ਼ਲ ਦੇਂਦੇ। ਗਾਹਲਾਂ ਸੁਣਾਈ ਦੇਂਦੀਆਂ ਸਨ ਅਤੇ ਸਾੜਵੇਂ ਹਾਸੇ।

ਦੋ ਪੁਲਸੀਏ ਸਮੋਈਲੋਵ ਨੂੰ ਉਹਦੇ ਕੋਲ਼ੋਂ ਲੈ ਕੇ ਲੰਘੇ; ਉਹ ਇੱਕ ਹੱਥ ਜੇਬ ਵਿੱਚ ਪਾ ਕੇ ਅਤੇ ਦੂਜੇ ਨਾਲ਼ ਆਪਣੇ ਲਾਲ ਵਾਲ ਪਿੱਛੇ ਹਟਾਉਂਦਾ ਹੋਇਆ ਟੁਰਦਾ ਜਾ ਰਿਹਾ ਸੀ।

ਉਹਨਾਂ ਦੇ ਪਿੱਛੇ ਪਿੱਛੇ ਸੌ ਕੁ ਕਿਰਤੀ ਚਲਦੇ ਆ ਰਹੇ ਸਨ, ਉਹ ਪੁਲਸੀਆਂ ਨੂੰ ਉੱਚੀ ਉੱਚੀ ਗਾਹਲਾਂ ਕੱਢਦੇ ਤੇ ਝਿੜਾਂ ਕਰਦੇ।...

"ਸੈਰ ਕਰਨ ਚਲਿਐਂ, ਸਮੋਈਲੋਵ ?" ਕਿਸੇ ਨੇ ਉੱਚੀ ਜਿਹੀ ਪੁੱਛਿਆ।

"ਅੱਜ ਕੱਲ੍ਹ ਉਹ ਸਾਡੀ ਬੜੀ ਇੱਜ਼ਤ ਕਰਦੇ ਨੇ," ਇੱਕ ਹੋਰ ਨੇ ਕਿਹਾ। "ਮਟਰ-ਗਸ਼ਤ ਕਰਨ ਜਾਈਏ ਤਾਂ ਸਾਥ ਲਈ ਸੰਤਰੀ ਦੇਂਦੇ ਨੇ।..."

ਇਸ ਤੋਂ ਪਿੱਛੋਂ ਇੱਕ ਡਾਢੀ ਗਾਹਲ ਆਈ।

"ਜਾਪਦੈ ਚੋਰਾਂ ਨੂੰ ਫੜਿਆਂ ਹੁਣ ਕੁਝ ਨਹੀਂ ਬਣਦਾ," ਇੱਕ ਲੰਮੇ, ਕਾਣੇ ਕਿਰਤੀ ਨੇ ਕਿਹਾ। "ਸੋ ਉਹਨਾਂ ਇਮਾਨਦਾਰ ਲੋਕਾਂ ਨੂੰ ਫੜਨਾ ਸ਼ੁਰੂ ਕਰ ਦਿੱਤੈ।..."

"ਇੰਨੀ ਕੁ ਸ਼ਰਮ ਤਾਂ ਉਹਨਾਂ ਵਿੱਚ ਹੋਣੀ ਚਾਹੀਦੀ ਹੈ ਕਿ ਉਹਨਾਂ ਨੂੰ ਰਾਤੀਂ ਫੜਨ," ਭੀੜ ਵਿੱਚੋਂ ਅਵਾਜ਼ ਆਈ। "ਪਰ ਹੁਣ ਇਹ ਚਿੱਟੇ ਦਿਨ ਅਜਿਹਾ ਕਰਦੇ ਨੇ, ਹਰਾਮਜ਼ਾਦੇ!"

ਪੁਲਸੀਆਂ ਨੇ ਘੂਰੀਆਂ ਵੱਟੀਆਂ ਅਤੇ ਤਿੱਖੇ ਪੈਰੀਂ ਟੁਰਨ ਲੱਗ ਪਏ, ਗੱਲ ਨਾ ਗੌਲਣ ਦਾ ਜਤਨ ਕਰਦੇ ਹੋਏ ਅਤੇ ਇਹ ਪੱਜ ਬਣਾਉਂਦੇ ਹੋਏ ਕਿ ਉਹਨਾਂ ਗਾਹਲਾਂ ਸੁਣੀਆਂ ਹੀ

ਨਹੀਂ। ਧਾਂਤ ਦੀ ਇੱਕ ਵੱਡੀ ਚਾਦਰ ਲਈ ਜਾਂਦੇ ਤਿੰਨ ਕਿਰਤੀਆਂ ਨੇ ਚਾਦਰ ਉਹਨਾਂ ਵੱਲ ਮੋੜਦੇ ਹੋਏ ਉੱਚੀ ਉੱਚੀ ਕਿਹਾ:

"ਰਾਹ ਛੱਡ ਦਿਓ, ਓਏ ਮਾਛੀਓ!"

ਮਾਂ ਕੋਲ਼ੋਂ ਲੰਘਦਿਆਂ ਸਮੋਈਲੋਵ ਨੇ ਉਹਦੇ ਵੱਲ ਵੇਖ ਕੇ ਸਿਰ ਹਿਲਾਇਆ।

"ਉਹ ਮੈਨੂੰ ਧੂਹੀ ਲਈ ਜਾਂਦੇ ਨੇ!" ਉਹਨੇ ਮੁਸਕਰਾ ਕੇ ਕਿਹਾ।

ਮਾਂ ਨੇ ਚੁੱਪ ਚਾਪ ਸਿਰ ਨਿਵਾ ਕੇ ਉਹਨੂੰ ਸਲਾਮ ਕੀਤੀ। ਇਹਨਾਂ ਇਮਾਨਦਾਰ, ਹੋਸ਼ਮੰਦ ਜਵਾਨਾਂ ਨੇ, ਜਿਹੜੇ ਬੁੱਲ੍ਹਾਂ 'ਤੇ ਮੁਸਕਾਨ ਲਈ ਜੇਲ੍ਹੀਂ ਜਾਂਦੇ ਸਨ, ਉਹਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਮਾਤਰੀ ਪਿਆਰ ਅਤੇ ਤਰਸ ਨਾਲ਼ ਉਹਦਾ ਦਿਲ ਭਰ ਆਇਆ।

ਜਦੋਂ ਉਹ ਕਾਰਖ਼ਾਨੇ ਤੋਂ ਮੁੜੀ ਤਾਂ ਉਹਨੇ ਬਾਕੀ ਦਾ ਦਿਨ ਮਾਰੀਆ ਨਾਲ਼ ਬਿਤਾਇਆ, ਉਹ ਕੰਮ ਵਿੱਚ ਉਹਦਾ ਹੱਥ ਵਟਾਉਂਦੀ ਰਹੀ ਅਤੇ ਉਹਦੀ ਲੁਤਰ ਲੁਤਰ ਸੁਣਦੀ ਰਹੀ। ਸ਼ਾਮੀ ਦੇਰ ਨਾਲ਼ ਉਹ ਆਪਣੇ ਠੰਢੇ, ਸਖਣੇ, ਉਦਾਸ ਘਰ ਪਰਤੀ। ਕਿੰਨਾ ਚਿਰ ਉਹ ਬੇਮਤਲਬ ਇੱਧਰ ਉੱਧਰ ਫਿਰਦੀ ਰਹੀ, ਚੈਨ ਆਉਂਦਾ ਨਹੀਂ ਸੀ ਅਤੇ ਉਹਨੂੰ ਅਹੁੜ ਨਹੀਂ ਸੀ ਰਿਹਾ ਕਿ ਉਹ ਕੀ ਕਰੇ। ਉਹ ਫ਼ਿਕਰਮੰਦ ਸੀ ਕਿਉਂਕਿ ਲਗਭਗ ਰਾਤ ਹੋ ਗਈ ਸੀ ਅਤੇ ਯੇਗੋਰ ਈਵਾਨੋਵਿਚ ਅਜੇ ਤੱਕ ਉਹ ਸਾਹਿਤ ਨਹੀਂ ਸੀ ਲਿਆਇਆ, ਜਿਸਦਾ ਉਹਨੇ ਇਕਰਾਰ ਕੀਤਾ ਸੀ।

ਪਤ-ਝੜ ਦੀ ਬਰਫ਼ ਦੇ ਮੋਟੇ, ਬੱਗੇ ਗੋਹੜੇ ਡਿੱਗ ਰਹੇ ਸਨ। ਉਹ ਛੋਪਲੇ ਜਿਹੇ ਬਾਰੀ ਦੇ ਸ਼ੀਸ਼ਿਆਂ ਨਾਲ਼ ਚੰਬੜ ਜਾਂਦੇ, ਇੱਥੋਂ ਤੱਕ ਕਿ ਉਹ ਪਿਘਲ ਜਾਂਦੇ ਅਤੇ ਚੁੱਪ ਚਾਪ ਹੇਠਾਂ ਤਿਲਕ ਜਾਂਦੇ, ਆਪਣੇ ਪਿੱਛੇ ਗਿੱਲੀਆਂ ਲੀਕਾਂ ਛੱਡ ਜਾਂਦੇ। ਉਹ ਆਪਣੇ ਪੁੱਤਰ ਬਾਰੇ ਸੋਚਣ ਲੱਗ ਪਈ।...

ਦਰਵਾਜ਼ੇ ਉੱਤੇ ਬੜੇ ਧਿਆਨ ਨਾਲ਼ ਠਕ ਠਕ ਹੋਈ। ਮਾਂ ਕਾਹਲੀ ਨਾਲ਼ ਨੱਠ ਕੇ ਦਰਵਾਜ਼ੇ ਤੱਕ ਗਈ ਅਤੇ ਹੋੜਾ ਲਾਹਿਆ। ਸਾਸ਼ਾ ਅੰਦਰ ਆਈ। ਮਾਂ ਨੇ ਚਿਰ ਤੋਂ ਉਹਨੂੰ ਵੇਖਿਆ ਨਹੀਂ ਸੀ, ਅਤੇ ਉਹਦੇ ਉੱਤੇ ਪਹਿਲਾਂ ਪ੍ਰਭਾਵ ਇਹ ਪਿਆ ਕਿ ਉਹ ਅਸਧਾਰਨ ਤੌਰ 'ਤੇ ਮੋਟੀ ਹੋ ਗਈ ਹੈ।

"ਸ਼ੁਭ ਸ਼ਾਮ," ਮਾਂ ਨੇ ਕਿਹਾ, ਉਹ ਖੁਸ਼ ਸੀ ਕਿ ਅਖ਼ੀਰ ਕੋਈ ਆਇਆ ਹੈ ਅਤੇ ਉਹ ਘੱਟੋ ਘੱਟ ਰਾਤ ਦੇ ਕੁਝ ਹਿੱਸੇ ਲਈ ਇਕੱਲੀ ਨਹੀਂ ਹੋਵੇਗੀ। "ਮੈਂ ਤੈਨੂੰ ਚਿਰਾਂ ਤੋਂ ਨਹੀਂ ਵੇਖਿਆ। ਕਿਤੇ ਬਾਹਰ ਗਈ ਸੈਂ?"

"ਨਹੀਂ। ਮੈਂ ਜੇਲ੍ਹ ਵਿੱਚ ਸਾਂ," ਕੁੜੀ ਨੇ ਮੁਸਕਰਾ ਕੇ ਜਵਾਬ ਦਿੱਤਾ। "ਨਿਕੋਲਾਈ ਈਵਾਨੋਵਿਚ ਨਾਲ਼, ਉਹ ਯਾਦ ਈ?"

"ਹਾਂ ਜ਼ਰੂਰ!" ਮਾਂ ਨੇ ਇੱਕ ਦਮ ਕਿਹਾ। "ਯੇਗੋਰ ਈਵਾਨੋਵਿਚ ਨੇ ਮੈਨੂੰ ਕੱਲ੍ਹ ਦੱਸਿਆ ਕਿ ਉਹਨਾਂ ਉਹਨੂੰ ਛੱਡ ਦਿੱਤੈ, ਪਰ ਮੈਨੂੰ ਤੇਰੇ ਬਾਰੇ ਪਤਾ ਨਹੀਂ ਸੀ।...ਮੈਨੂੰ ਕਿਸੇ ਦੱਸਿਆ ਈ ਨਹੀਂ ਕਿ ਤੂੰ ਵੀ ਉੱਥੇ ਸੈਂ।..."

"ਕੋਈ ਗੱਲ ਨਹੀਂ। ਲੈ ਮੈਂ ਯੇਗੋਰ ਈਵਾਨੋਵਿਚ ਦੇ ਆਉਣ ਤੋਂ ਪਹਿਲਾਂ ਕੱਪੜੇ ਬਦਲ

ਲਵਾਂ," ਸਾਸ਼ਾ ਨੇ ਆਲੇ ਦੁਆਲੇ ਵੇਖਦੇ ਹੋਏ ਕਿਹਾ।

"ਤੂੰ ਤਾਂ ਉੱਕਾ ਈ ਗੜੂੰਚ ਹੋਈ ਪਈ ਏਂ।..."

"ਮੈਂ ਅਖ਼ਬਾਰ ਤੇ ਇਸ਼ਤਿਹਾਰ ਲਿਆਈ ਹਾਂ।..."

"ਛੇਤੀ ਕੱਢ, ਛੇਤੀ ਕੱਢ!" ਮਾਂ ਉਤਸੁਕਤਾ ਨਾਲ਼ ਕੂਕੀ।

ਕੁੜੀ ਨੇ ਕਾਹਲੀ ਕਾਹਲੀ ਆਪਣੇ ਕੋਟ ਦੇ ਬਟਨ ਖੋਹਲੇ ਅਤੇ ਆਪਣੀ ਦੇਹ ਨੂੰ ਛੰਡਿਆ ਅਤੇ ਕਾਗਜ਼ ਇਉਂ ਖਿੰਡਣ ਲੱਗੇ ਜਿਵੇਂ ਰੁੱਖ ਤੋਂ ਪੱਤੇ ਝੜਦੇ ਹਨ। ਮਾਂ ਉਹਨਾਂ ਨੂੰ ਚੁੱਕਦੀ ਹੋਈ ਹੱਸਦੀ ਰਹੀ।

"ਜਦੋਂ ਮੈਂ ਤੈਨੂੰ ਵੇਖਿਆ ਤਾਂ ਮੈਂ ਹੈਰਾਨ ਸਾਂ ਕਿ ਤੂੰ ਇੰਨੀ ਮੋਟੀ ਕਿਉਂ ਹੋ ਗਈ ਏਂ—ਸੋਚਿਆ ਕਿ ਤੂੰ ਵਿਆਹ ਕਰਾ ਲਿਐ ਤੇ ਤੇਰਾ ਪੈਰ ਭਾਰਾ ਏ। ਚੰਨੀ! ਤੂੰ ਕਿੰਨੇ ਸਾਰੇ ਲਿਆਈ ਏਂ! ਤੂੰ ਪੈਦਲ ਆਈ ਏਂ, ਹੈਂ ਨਾ?"

"ਹਾਂ," ਸਾਸ਼ਾ ਨੇ ਕਿਹਾ, ਉਹ ਇੱਕ ਵਾਰ ਫਿਰ ਲੰਮੀ ਅਤੇ ਪਤਲੀ ਹੋ ਗਈ ਸੀ। ਮਾਂ ਨੇ ਵੇਖਿਆ ਕਿ ਉਹਦਾ ਮੂੰਹ ਕਮਜ਼ੋਰ ਹੋ ਗਿਆ ਹੈ, ਉਹਦੀਆਂ ਅੱਖਾਂ ਪਹਿਲਾਂ ਨਾਲ਼ੋਂ ਵੀ ਬਹੁਤ ਵੱਡੀਆਂ ਹੋ ਗਈਆਂ ਨੇ ਅਤੇ ਉਹਨਾਂ ਹੇਠ ਕਾਲ਼ੇ ਟੋਏ ਪੈ ਗਏ ਸਨ।

"ਜੇਲ੍ਹੋਂ ਆ ਕੇ ਤੈਨੂੰ ਜਿਹੜਾ ਅਰਾਮ ਚਾਹੀਦੈ ਉਹਦੀ ਥਾਂ ਤੂੰ ਇਹ ਕੰਮ ਕਿਉਂ ਪਈ ਕਰਦੀ ਏਂ?" ਮਾਂ ਨੇ ਹਉਕਾ ਭਰ ਕੇ ਆਪਣਾ ਸਿਰ ਹਿਲਾ ਕੇ ਕਿਹਾ।

"ਇਹ ਤਾਂ ਕਰਨਾ ਹੀ ਪੈਂਦੈ," ਕੰਬਦੀ ਹੋਈ ਕੁੜੀ ਨੇ ਕਿਹਾ। "ਪਾਵੇਲ ਮਿਖਾਈਲੋਵਿਚ ਦੀ ਦੱਸ — ਗ੍ਰਿਫ਼ਤਾਰੀ ਸਮੇਂ ਉਹ ਬਹੁਤ ਘਾਬਰਿਆ ਸੀ?"

ਇਹ ਗੱਲ ਪੁੱਛਦੇ ਹੋਏ ਸਾਸ਼ਾ ਨੇ ਮਾਂ ਵੱਲ ਨਾ ਵੇਖਿਆ, ਉਹਨੇ ਸਿਰ ਨਿਵਾ ਲਿਆ ਅਤੇ ਕੰਬਦੀਆਂ ਉਂਗਲਾਂ ਨਾਲ਼ ਆਪਣੇ ਵਾਲ ਠੀਕ ਕਰਦੀ ਰਹੀ।

"ਕੋਈ ਬਹੁਤਾ ਨਹੀਂ," ਮਾਂ ਨੇ ਜਵਾਬ ਦਿੱਤਾ, "ਉਹਨੇ ਆਪਣਾ ਭੇਤ ਤਾਂ ਨਿਕਲਣ ਨਹੀਂ ਸੀ ਦੇਣਾ।"

"ਉਹ ਤਕੜਾ ਏ?" ਕੁੜੀ ਨੇ ਪੋਲੇ ਜਿਹੇ ਪੁੱਛਿਆ।

"ਸਾਰੀ ਉਮਰ ਵਿੱਚ ਇੱਕ ਦਿਨ ਵੀ ਬਿਮਾਰ ਨਹੀਂ ਹੋਇਆ," ਮਾਂ ਨੇ ਜਵਾਬ ਦਿੱਤਾ। "ਪਰ ਤੂੰ ਤਾਂ ਕੰਬੀ ਈ ਜਾਨੀ ਏਂ! ਲੈ ਮੈਂ ਤੈਨੂੰ ਰਸਭਰੀਆਂ ਦੇ ਮੁਰਬੇ ਨਾਲ਼ ਚਾਹ ਦੇਂਦੀ ਵਾਂ।"

"ਇਹ ਤਾਂ ਬਹੁਤ ਸੋਹਣੀ ਗੱਲ ਹੋਵੇਗੀ। ਬਸ ਤੁਹਾਨੂੰ ਔਖ ਹੋਵੇਗਾ — ਬਹੁਤ ਦੇਰ ਹੋ ਗਈ ਏ। ਮੈਂ ਆਪੇ ਬਣਾ ਲੈਨੀ ਵਾਂ।..."

"ਇੰਨੀ ਥੱਕੀ ਹੋਈ ਵੀ?" ਮਾਂ ਨੇ ਸਾਮਾਵਰ ਭਖਾਉਣਾ ਸ਼ੁਰੂ ਕਰਦੇ ਹੋਏ ਝਿੜਕਦੇ ਢੰਗ ਨਾਲ਼ ਕਿਹਾ। ਸਾਸ਼ਾ ਵੀ ਰਸੋਈ ਵਿੱਚ ਆ ਗਈ ਅਤੇ ਬੈਂਚ ਉੱਤੇ ਬਹਿ ਗਈ, ਉਹਦੇ ਹੱਥ ਉਹਦੇ ਸਿਰ ਦੇ ਪਿੱਛੇ ਸਨ।

"ਜੇਲ੍ਹ ਅਖ਼ੀਰ ਬੰਦੇ ਦਾ ਸਾਹ ਸਤ ਕੱਢ ਲੈਂਦੀ ਏ," ਸਾਸ਼ਾ ਨੇ ਕਿਹਾ। "ਉਹ ਚੰਦਰਾ ਵਿਹਲ! ਉਸ ਤੋਂ ਮਾੜਾ ਕੁਝ ਵੀ ਨਹੀਂ ਹੋ ਸਕਦਾ! ਕਿਸੇ ਜਾਨਵਰ ਵਾਂਗ ਪਿੰਜਰੇ ਵਿੱਚ ਡੱਕੇ ਰਹਿਣਾ ਜਦੋਂ ਤੁਹਾਨੂੰ ਪਤਾ ਹੁੰਦੈ ਕਿ ਕਰਨ ਲਈ ਕਿੰਨਾ ਕੰਮ ਪਿਐ!"

"ਤੁਹਾਨੂੰ ਇਸ ਸਭ ਕੁਝ ਦਾ ਸਿਲਾ ਕੌਣ ਕਦੀ ਦੇਵੇਗਾ ?" ਮਾਂ ਨੇ ਪੁੱਛਿਆ, ਫਿਰ ਹਉਕਾ ਲੈ ਕੇ ਉਹਨੇ ਆਪ ਹੀ ਜਵਾਬ ਦਿੱਤਾ। "ਰੱਬ ਤੋਂ ਬਿਨਾਂ ਕੋਈ ਨਹੀਂ! ਪਰ ਮੇਰਾ ਖ਼ਿਆਲ ਏ ਤੂੰ ਰੱਬ ਨੂੰ ਮੰਨਦੀ ਨਹੀਂ।"

"ਨਹੀਂ," ਕੁੜੀ ਨੇ ਆਪਣਾ ਸਿਰ ਹਿਲਾ ਕੇ ਸੰਖੇਪ ਜਿਹਾ ਜਵਾਬ ਦਿੱਤਾ।

"ਇਹ ਕਿਵੇਂ ਹੋ ਸਕਦੈ," ਮਾਂ ਨੇ ਜਜ਼ਬਾਤੀ ਢੰਗ ਨਾਲ਼ ਆਪਣੇ ਉਤੇਰਨ ਨਾਲ਼ ਆਪਣੀਆਂ ਉਂਗਲਾਂ ਤੋਂ ਕੋਲੇ ਦਾ ਚੂਰਾ ਝਾੜਦੇ ਹੋਏ ਕਿਹਾ ਅਤੇ ਡੂੰਘੇ ਨਿਸ਼ਚੇ ਨਾਲ਼ ਵਾਧਾ ਕੀਤਾ। "ਤੈਨੂੰ ਆਪਣੇ ਨਿਸ਼ਚੇ ਦੀ ਸਮਝ ਨਹੀਂ। ਜੇ ਤੂੰ ਰੱਬ ਨੂੰ ਨਹੀਂ ਮੰਨਦੀ ਤਾਂ ਤੂੰ ਅਜਿਹੀ ਜ਼ਿੰਦਗੀ ਕਿਵੇਂ ਜਿਊਂ ਸਕਦੀ ਏਂ ?"

ਅਚਾਨਕ ਕਿਸੇ ਨੇ ਡਿਉਢੀ ਵਿੱਚ ਹੌਲ਼ੀ ਜਿਹੇ ਬੁੜ ਬੁੜ ਕਰਦਿਆਂ ਪੈਰ ਪਟਕੇ। ਮਾਂ ਤਰਭਕ ਗਈ ਅਤੇ ਕੁੜੀ ਕਾਹਲੀ ਕਾਹਲੀ ਖੜੀ ਹੋ ਗਈ।

"ਬੂਹਾ ਨਾ ਖੋਹਲ," ਉਹਨੇ ਕਾਹਲੀ ਕਾਹਲੀ ਕਿਹਾ। "ਜੇ ਜੈਨਡਾਰਮ ਹੋਏ ਤਾਂ ਤੂੰ ਨਹੀਂ ਜਾਣਦੀ ਮੈਂ ਕੌਣ ਵਾਂ।... ਮੈਂ ਹਨੇਰੇ ਵਿੱਚ ਸਬੱਬੀ ਗ਼ਲਤ ਘਰ ਆ ਗਈ ਤੇ ਮੁਹਾਠ ਕੋਲ਼ ਬੇਹੋਸ਼ ਹੋ ਗਈ। ਤੂੰ ਮੇਰੇ ਕੱਪੜੇ ਲਾਹੇ ਤੇ ਵਿੱਚੋਂ ਇਹ ਇਸ਼ਤਿਹਾਰ ਨਿਕਲੇ, ਸਮਝੀ ਏਂ ?"

"ਵਿਚਾਰੀ ਲਾਡੋ! ਮੈਂ ਇਹ ਗੱਲ ਕਿਉਂ ਆਖਾਂ ?" ਮਾਂ ਨੇ ਪੁੱਛਿਆ, ਉਹ ਬਹੁਤ ਪ੍ਰਭਾਵਤ ਹੋਈ ਸੀ।

"ਜ਼ਰਾ ਠਹਿਰ," ਸਾਸ਼ਾ ਨੇ ਦਰਵਾਜ਼ੇ ਕੋਲ਼ ਧਿਆਨ ਨਾਲ਼ ਬਿੜਕ ਲੈਂਦੇ ਹੋਏ ਕਿਹਾ। "ਹੋ ਸਕਦੈ ਇਹ ਯੇਗੋਰ ਹੋਵੇ।..."

ਇਹ ਯੇਗੋਰ ਹੀ ਸੀ, ਗੜੁੱਚ ਹੋਇਆ ਤੇ ਥਕਾਵਟ ਨਾਲ਼ ਹੰਭਿਆ ਹੋਇਆ।

"ਤੁਸਾਂ ਸਾਮਾਵਰ ਭਖਾ ਲਿਐ! ਸਾਮਾਵਰ ਤੋਂ ਵੱਧ ਖ਼ੁਸ਼ੀ ਦੇਣ ਵਾਲ਼ੀ ਕੋਈ ਸ਼ੈ ਨਹੀਂ ਹੁੰਦੀ, ਮਾਂ! ਤੂੰ ਪਹਿਲਾਂ ਹੀ ਅਪੜ ਗਈ ਏਂ ਸਾਸ਼ਾ ?"

ਉਹ ਹੌਲ਼ੀ ਹੌਲ਼ੀ ਆਪਣਾ ਓਵਰਕੋਟ ਲਾਹੁੰਦਾ ਹੋਇਆ, ਲਗਾਤਾਰ ਬੋਲੀ ਗਿਆ, ਰਸੋਈ ਨੂੰ ਆਪਣੇ ਭਰੜਾਏ ਸਾਹਾਂ ਦੀ ਅਵਾਜ਼ ਨਾਲ਼ ਭਰਦਾ।

"ਹਾਕਮਾਂ ਨੂੰ ਇਹ ਨਿੱਕੀ ਜਿਹੀ ਨਾਜ਼ੋ ਪਸੰਦ ਨਹੀਂ, ਮਾਂ। ਜਦੋਂ ਜੇਲ੍ਹ ਦੇ ਦਰੋਗੇ ਨੇ ਇਹਦੀ ਬੇਇੱਜ਼ਤੀ ਕੀਤੀ ਤਾਂ ਇਹਨੇ ਉਦੋਂ ਤੱਕ ਭੁੱਖ ਹੜਤਾਲ ਕਰ ਦਿੱਤੀ ਜਦੋਂ ਤੱਕ ਉਹਨੇ ਮਾਫ਼ੀ ਨਾ ਮੰਗੀ। ਅੱਠ ਦਿਨ ਇਹਨੇ ਕੁਝ ਨਾ ਖਾਧਾ ਤੇ ਸੋ ਇਹ ਮਰ ਹੀ ਚੱਲੀ ਸੀ। ਕੀ ਖ਼ਿਆਲ ਹੈ ਤੁਹਾਡਾ ਇਹਦੇ ਬਾਰੇ ? ਕਦੀ ਮੇਰੇ ਜਿਹੀ ਗੋਗੜ ਵੇਖੀ ਏ ?"

ਦੂਜੇ ਕਮਰੇ ਵਿੱਚ ਜਾਂਦਿਆਂ ਉਹਨੇ ਆਪਣੀ ਕੋਝੀ, ਢਿਲਕਦੀ ਗੋਗੜ ਨੂੰ ਆਪਣੇ ਨਿੱਕੇ ਹੱਥਾਂ ਨਾਲ਼ ਫੜੀ ਰੱਖਿਆ, ਜਦੋਂ ਉਹਨੇ ਆਪਣੇ ਪਿੱਛੇ ਦਰਵਾਜ਼ਾ ਬੰਦ ਕਰ ਦਿੱਤਾ ਤਾਂ ਵੀ ਉਹ ਬੋਲੀ ਜਾ ਰਿਹਾ ਸੀ।

"ਤੂੰ ਸੱਚਮੁਚ ਅੱਠ ਦਿਨ ਕੁਝ ਨਾ ਖਾਧਾ ?" ਮਾਂ ਨੇ ਹੈਰਾਨੀ ਨਾਲ਼ ਪੁੱਛਿਆ।

"ਉਹਦੇ ਤੋਂ ਮਾਫ਼ੀ ਮੰਗਵਾਉਣ ਲਈ ਮੈਂ ਕੁਝ ਤਾਂ ਕਰਨਾ ਸੀ," ਸਾਸ਼ਾ ਨੇ ਜਵਾਬ ਦਿੱਤਾ, ਉਹ ਠੰਢ ਕਾਰਨ ਅਜੇ ਵੀ ਕੰਬ ਰਹੀ ਸੀ। ਮਾਂ ਨੂੰ ਕੁੜੀ ਦੀ ਕਰੜਾਈ ਅਤੇ ਅਡੋਲਤਾ ਵਿੱਚ

ਗਿਲੇ ਦੀ ਰੁਮਕ ਜਾਪੀ।

"ਕਿਹੋ ਜਿਹੀ ਕੁੜੀ ਏ," ਉਹਨੇ ਸੋਚਿਆ ਅਤੇ ਉੱਚੀ ਅਵਾਜ਼ ਵਿੱਚ ਕਿਹਾ:

"ਜੇ ਤੂੰ ਮਰ ਜਾਂਦੀ ?"

"ਹੋਰ ਕੋਈ ਰਾਹ ਵੀ ਤਾਂ ਨਹੀਂ ਸੀ," ਕੁੜੀ ਨੇ ਹੌਲ਼ੀ ਜਿਹੇ ਕਿਹਾ। "ਪਰ ਉਹਨੇ ਮਾਫ਼ੀ ਮੰਗ ਲਈ। ਤੁਸੀਂ ਹੋਰਨਾਂ ਨੂੰ ਆਪਣੇ ਉੱਤੇ ਕਾਠੀ ਨਹੀਂ ਪਾਉਣ ਦੇ ਸਕਦੇ।"

"ਹੂੰ-ਊਂ-ਊਂ!" ਮਾਂ ਨੇ ਹੌਲ਼ੀ ਹੌਲ਼ੀ ਕਿਹਾ। "ਮਰਦ ਤਾਂ ਬਸ ਇਹੋ ਕੁਝ ਕਰਦੇ ਨੇ — ਸਾਡੀ ਸਾਰੀ ਉਮਰ ਜ਼ਨਾਨੀਆਂ ਉੱਤੇ ਕਾਠੀ ਪਾਈ ਰੱਖਦੇ ਨੇ।..."

"ਸੋ, ਮੈਂ ਆਪਣਾ ਭਾਰ ਹੌਲਾ ਕਰ ਲਿਐ," ਯੇਗੋਰ ਨੇ ਬੂਹਾ ਖੋਹਲਦੇ ਹੋਏ ਕਿਹਾ। "ਸਾਮਾਵਰ ਤਿਆਰ ਏ ? ਲਿਆਓ, ਮੈਂ ਇਹਨੂੰ ਅੰਦਰ ਲੈ ਜਾਵਾਂ।..."

ਉਹ ਸਾਮਾਵਰ ਅੰਦਰ ਲੈ ਗਿਆ, ਅਜਿਹਾ ਕਰਦੇ ਹੋਏ ਉਹਨੇ ਕਿਹਾ:

"ਮੇਰਾ ਆਪਣਾ ਪਿਆਰਾ ਅੱਬਾ ਰੋਜ਼ ਘੱਟੋ ਘੱਟ ਚਾਹ ਦੇ ਵੀਹ ਗਲਾਸ ਪੀਆ ਕਰਦਾ ਸੀ, ਅਤੇ ਇਸੇ ਸਦਕਾ ਉਹ ਚੰਗੀ ਸਿਹਤ ਵਿੱਚ ਤਿਹੱਤਰਾਂ ਦੀ ਪੱਕੀ ਉਮਰ ਤੱਕ ਜਿਊਂਦਾ ਰਿਹਾ, ਅੱਠ ਪੂਡ* ਭਾਰਾ ਸੀ ਉਹ ਤੇ ਵੋਸਕਰੇਸੈਂਸਕੋਯੇ ਦੇ ਪਿੰਡ ਵਿੱਚ ਡੀਕਨ** ਸੀ।..."

"ਤੂੰ ਅੱਬਾ ਈਵਾਨ ਦਾ ਪੁੱਤਰ ਏਂ ?" ਮਾਂ ਨੇ ਅਚਾਨਕ ਪੁੱਛਿਆ।

"ਹਾਂ। ਤੇ ਤੂੰ ਮੇਰੇ ਸਤਿਕਾਰੇ ਪਿਤਾ ਨੂੰ ਜਾਣਦੀ ਏਂ ?"

"ਮੈਂ ਵੀ ਵੋਸਕਰੇਸੈਂਸਕੋਯੇ ਤੋਂ ਹਾਂ!..."

"ਮੇਰੇ ਵਤਨੀ ਪਿੰਡ ਤੋਂ ? ਤੂੰ ਕਿਸਦੀ ਧੀ ਏਂ ?"

"ਤੁਹਾਡੇ ਗੁਆਂਢੀਆਂ ਦੀ! ਸੇਰੇਗੀਨਾਂ ਦੀ!"

"ਲੰਙੇ ਨਿਲ ਦੀ ਧੀ ? ਲਓ, ਮੈਂ ਤਾਂ ਉਹਨੂੰ ਚੰਗੀ ਤਰ੍ਹਾਂ ਜਾਣਦਾਂ। ਪਤਾ ਨਹੀਂ ਉਹਨੇ ਕਿੰਨੀ ਵਾਰ ਮੇਰੇ ਕੰਨ ਪੁੱਟੇ ਹੋਣੇ ਨੇ।..."

ਉਹ ਇੱਕ ਦੂਜੇ ਦੇ ਸਾਹਮਣੇ ਖੜੇ ਸਨ, ਹੱਸਦੇ ਅਤੇ ਹਜ਼ਾਰ ਸਵਾਲ ਪੁੱਛਦੇ। ਚਾਹ ਬਣਾਉਂਦੀ ਸਾਸ਼ਾ ਮੁਸਕਰਾ ਰਹੀ ਸੀ। ਗਲਾਸਾਂ ਦੀ ਖੜ ਖੜ ਮਾਂ ਨੂੰ ਆਪਣੇ ਆਲੇ ਦੁਆਲੇ ਵੱਲ ਮੋੜ ਲਿਆਈ।

"ਉਹ ਮਾਫ਼ ਕਰੀਂ! ਮੈਨੂੰ ਤਾਂ ਸਭ ਕੁਝ ਭੁੱਲ ਭੁਲਾ ਗਿਆ। ਆਪਣੇ ਪਿੰਡ ਦੇ ਕਿਸੇ ਜਣੇ ਨੂੰ ਮਿਲਣਾ ਕਿੰਨਾ ਚੰਗਾ ਹੁੰਦੈ!..."

"ਮਾਫ਼ੀ ਤਾਂ ਮੈਨੂੰ ਮੰਗਣੀ ਚਾਹੀਦੀ, ਆਪੇ ਚੌਧਰਾਣੀ ਬਣਨ ਦੀ। ਪਰ ਯਾਰ੍ਹਾਂ ਵੱਜ ਗਏ ਨੇ ਤੇ ਮੈਂ ਬਹੁਤ ਦੂਰ ਜਾਣੈ।..."

"ਤੂੰ ਕਿੱਥੇ ਚਲੀ ਏਂ ? ਸ਼ਹਿਰ ?" ਮਾਂ ਨੇ ਹੈਰਾਨੀ ਨਾਲ਼ ਪੁੱਛਿਆ।

"ਹਾਂ।"

"ਪਰ ਕੀ ਲੋੜ ਏ ? ਹਨੇਰਾ ਏ ਤੇ ਸਿਲ੍ਹ ਤੇ ਤੂੰ ਇੰਨੀ ਥੱਕੀ ਹੋਈ ਏਂ। ਰਾਤ ਇੱਥੇ ਹੀ ਕੱਟ

---

* ਡੇਢ ਕੁਇੰਟਲ। — **ਅਨੁ:**

** ਲਾਟ ਪਾਦਰੀ ਤੋਂ ਛੋਟਾ ਪਾਦਰੀ। — **ਅਨੁ:**

ਲੈ! ਯੇਗੋਰ ਈਵਾਨੋਵਿਚ ਰਸੋਈ ਵਿੱਚ ਸੌਂ ਜਾਵੇਗਾ ਤੇ ਤੂੰ ਤੇ ਮੈਂ ਅੰਦਰ ਇੱਥੇ।..."

"ਨਹੀਂ, ਮੈਂ ਜ਼ਰੂਰ ਜਾਣੈ," ਕੁੜੀ ਨੇ ਸਾਦਗੀ ਨਾਲ਼ ਕਿਹਾ।

"ਮੰਦੇ ਭਾਗੀਂ, ਇਸ ਮੁਟਿਆਰ ਨੂੰ ਜਾਣਾ ਈ ਪੈਣੈ। ਇੱਥੇ ਲੋਕ ਉਹਨੂੰ ਜਾਣਦੇ ਨੇ। ਤੇ ਇਹ ਜ਼ਰੂਰੀ ਏ ਕਿ ਕੱਲ੍ਹ ਉਹ ਇੱਥੇ ਸੜਕ ਉੱਤੇ ਨਾ ਦਿੱਸੇ," ਯੇਗੋਰ ਨੇ ਕਿਹਾ।

"ਪਰ ਉਹ ਕਿਵੇਂ ਜਾ ਸਕਦੀ ਏ? ਕੱਲ ਮੁਕੱਲੀ?"

"ਕੱਲ ਮੁਕੱਲੀ," ਯੇਗੋਰ ਨੇ ਨਿੱਕੀ ਜਿਹੀ ਹਾਸੀ ਹੱਸ ਕੇ ਕਿਹਾ।

ਕੁੜੀ ਨੇ ਆਪਣੇ ਲਈ ਗਲਾਸ ਵਿੱਚ ਚਾਹ ਪਾਈ, ਕਾਲ਼ੀ ਡਬਲ ਰੋਟੀ ਦੇ ਇੱਕ ਟੋਟੇ ਉੱਤੇ ਲੂਣ ਲਾਇਆ ਅਤੇ ਮਾਂ ਵੱਲ ਸੋਚ ਨਾਲ਼ ਵੇਖਦੀ ਹੋਈ ਖਾਣ ਲੱਗ ਪਈ।

"ਤੁਸੀਂ ਅਜਿਹਾ ਕਿਵੇਂ ਕਰਦੀਆਂ ਹੋ, ਤੂੰ ਤੇ ਨਤਾਸ਼ਾ? ਮੈਂ ਤਾਂ ਕਦੀ ਨਾ ਜਾ ਸਕਾਂ। ਮੈਨੂੰ ਤਾਂ ਡਰ ਲੱਗੇ," ਪੇਲਾਗੀਆ ਨੇ ਕਿਹਾ।

"ਤੇ ਉਹ ਵੀ ਡਰਦੀ ਏ," ਯੇਗੋਰ ਨੇ ਕਿਹਾ। "ਡਰਦੀ ਏਂ, ਹੈਂ ਨਾ ਸਾਸ਼ਾ?"

"ਜ਼ਰੂਰ ਡਰਦੀ ਆਂ," ਕੁੜੀ ਨੇ ਜਵਾਬ ਦਿੱਤਾ।

ਮਾਂ ਨੇ ਉਹਦੇ ਤੇ ਯੇਗੋਰ ਵੱਲ ਵੇਖਿਆ।

"ਤੁਸੀਂ ਲੋਕ ਕਿੰਨੇ — ਕਿੰਨੇ ਕਰੜੇ ਹੋ!" ਉਹ ਕੂਕੀ।

ਜਦੋਂ ਉਹਨੇ ਚਾਹ ਮੁਕਾ ਲਈ ਤਾਂ ਸਾਸ਼ਾ ਨੇ ਚੁੱਪ ਚਾਪ ਯੇਗੋਰ ਨਾਲ਼ ਹੱਥ ਮਿਲਾਇਆ ਅਤੇ ਰਸੋਈ ਵਿੱਚ ਚਲੀ ਗਈ। ਮਾਂ ਉਹਨੂੰ ਵਿਦਿਆ ਕਰਨ ਲਈ ਉਹਦੇ ਪਿੱਛੇ ਪਿੱਛੇ ਗਈ।

"ਪਾਵੇਲ ਮਿਖਾਈਲੋਵਿਚ ਨੂੰ ਮਿਲੇਂ ਤਾਂ ਉਹਨੂੰ ਮੇਰਾ ਸਲਾਮ ਦਈਂ," ਸਾਸ਼ਾ ਨੇ ਕਿਹਾ। "ਭੁੱਲੀਂ ਨਾ!"

ਦਰਵਾਜ਼ੇ ਦੀ ਹੱਥੀ ਉੱਤੇ ਹੱਥ ਰੱਖ ਕੇ ਉਹ ਅਚਾਨਕ ਮੁੜੀ।

"ਮੈਂ ਤੈਨੂੰ ਚੁੰਮ ਲਵਾਂ?" ਉਹਨੇ ਕਿਹਾ।

ਮਾਂ ਨੇ ਚੁੱਪ ਚਾਪ ਉਹਨੂੰ ਕਲਾਵੇ ਵਿੱਚ ਲੈ ਲਿਆ ਅਤੇ ਨਿੱਘ ਨਾਲ਼ ਚੁੰਮਿਆ।

"ਮਿਹਰਬਾਨੀ," ਕੁੜੀ ਨੇ ਕਿਹਾ ਅਤੇ ਸਿਰ ਹਿਲਾ ਕੇ ਉੱਥੋਂ ਚਲੀ ਗਈ।

ਜਦੋਂ ਮਾਂ ਕਮਰੇ ਵਿੱਚ ਆਈ ਤਾਂ ਉਹਨੇ ਫ਼ਿਕਰ ਨਾਲ਼ ਬਾਰੀ ਵਿੱਚੋਂ ਬਾਹਰ ਵੇਖਿਆ। ਹਨੇਰੇ ਵਿੱਚ ਬਰਫ਼ ਦੇ ਗਿੱਲੇ ਗੋੜ੍ਹੇ ਡਿੱਗ ਰਹੇ ਸਨ।

"ਪ੍ਰੋਜ਼ੋਰੋਵਾਂ ਦਾ ਚੇਤਾ ਈ?" ਯੇਗੋਰ ਨੇ ਪੁੱਛਿਆ।

ਉਹ ਲੱਤਾਂ ਪਸਾਰ ਕੇ, ਚਾਹ ਨੂੰ ਜ਼ੋਰ ਜ਼ੋਰ ਦੀਆਂ ਫੂਕਾਂ ਮਾਰਦਾ ਬੈਠਾ ਸੀ। ਉਹਦਾ ਮੂੰਹ ਲਾਲ ਅਤੇ ਗਿੱਲਾ ਅਤੇ ਸੰਤੁਸ਼ਟ ਸੀ।

"ਹਾਂ, ਚੇਤਾ ਏ," ਮਾਂ ਨੇ ਇੱਕ ਪਾਸਿਉਂ ਮੇਜ਼ ਵੱਲ ਵੱਧਦੇ ਹੋਏ ਸੋਚਦੇ ਹੋਏ ਕਿਹਾ। ਉਹ ਬਹਿ ਗਈ ਅਤੇ ਅਫ਼ਸੋਸ ਨਾਲ਼ ਯੇਗੋਰ ਵੱਲ ਵੇਖਿਆ ਅਤੇ ਹੌਲ਼ੀ ਹੌਲ਼ੀ ਲੰਮਕਾ ਕੇ ਕਿਹਾ:

'ਚਿ-ਚਿ! ਇਹ ਸਾਸ਼ਾ! ਉਹ ਸ਼ਹਿਰ ਕਿਵੇਂ ਅੱਪੜੇਗੀ!"

"ਉਹ ਥੱਕ ਜਾਵੇਗੀ," ਯੇਗੋਰ ਨੇ ਮੰਨਿਆ। "ਜੇਲ੍ਹ ਵਿੱਚ ਰਹਿ ਕੇ ਉਹਦਾ ਕੋਈ ਭਲਾ ਨਹੀਂ ਹੋਇਆ। ਪਹਿਲਾਂ ਕੁੜੀ ਵਧੇਰੇ ਤਕੜੀ ਹੁੰਦੀ ਸੀ।... ਨਾਲ਼ੇ ਉਹਦੀ ਪਾਲਣਾ ਬੜੇ ਸੁੱਖ

ਅਰਾਮ ਵਿੱਚ ਹੋਈ ਏ।... ਜਾਪਦੈ ਉਹਦੇ ਫੇਫੜਿਆਂ ਵਿੱਚ ਪਹਿਲਾਂ ਈ ਦਾਗ਼ ਏ।..."

"ਉਹ ਕੌਣ ਏ?" ਮਾਂ ਨੇ ਹੌਲ਼ੀ ਜਿਹੇ ਪੁੱਛਿਆ।

"ਇੱਕ ਪੇਂਡੂ ਰਈਸ ਦੀ ਧੀ ਏ। ਉਹਦੇ ਕਹਿਣ ਮੁਤਾਬਕ ਉਹਦਾ ਪਿਉ ਨਿਰਾ ਪੁਰਾ ਸੂਰ ਏ। ਪਤਾ ਈ ਮਾਂ, ਉਹ ਵਿਆਹ ਕਰਨਾ ਚਾਹੁੰਦੇ ਸਨ?"

"ਕੌਣ?"

"ਉਹ ਤੇ ਪਾਵੇਲ।... ਪਰ ਜਿਵੇਂ ਤੂੰ ਵੇਖਦੀ ਈ ਪਈ ਏਂ ਗੱਲ ਬਣਦੀ ਨਹੀਂ। ਜਦੋਂ ਉਹ ਬਾਹਰ ਹੁੰਦੈ ਇਹ ਜੇਲ੍ਹ ਵਿੱਚ ਹੁੰਦੀ ਏ ਤੇ ਜਦੋਂ ਇਹ ਬਾਹਰ ਹੁੰਦੀ ਏ ਉਹ ਅੰਦਰ ਹੁੰਦੈ।"

"ਮੈਨੂੰ ਤਾਂ ਪਤਾ ਨਹੀਂ ਸੀ," ਮਾਂ ਨੇ ਥੋੜ੍ਹੀ ਦੇਰ ਪਿੱਛੋਂ ਕਿਹਾ। "ਪਾਵੇਲ ਆਪਣੇ ਬਾਰੇ ਗੱਲ ਹੀ ਨਹੀਂ ਕਰਦਾ।..."

ਹੁਣ ਉਹਨੂੰ ਕੁੜੀ ਉੱਤੇ ਹੋਰ ਵੀ ਤਰਸ ਆਉਣ ਲੱਗ ਪਿਆ ਅਤੇ ਉਹ ਆਪਮੁਹਾਰੀ ਨਾਰਾਜ਼ਗੀ ਨਾਲ਼ ਆਪਣੇ ਮਹਿਮਾਨ ਵੱਲ ਮੁੜੀ।

"ਤੂੰ ਉਹਨੂੰ ਘਰ ਛੱਡਣ ਕਿਉਂ ਨਹੀਂ ਗਿਆ?"

"ਮੈਂ ਨਹੀਂ ਸਾਂ ਜਾ ਸਕਦਾ," ਉਹਨੇ ਠਰ੍ਹੰਮੇ ਨਾਲ਼ ਜਵਾਬ ਦਿੱਤਾ। "ਮੈਂ ਇੱਥੇ ਬਸਤੀ ਵਿੱਚ ਬਹੁਤ ਕੰਮ ਕਰਨੇ ਨੇ — ਸਵੇਰ ਤੋਂ ਮੈਂ ਇੱਕ ਘਰ ਤੋਂ ਦੂਜੇ ਜਾਣੈ, ਅਤੇ ਮੇਰੇ ਜਿਹੇ ਸਾਹ ਦੀ ਬਿਮਾਰੀ ਵਾਲ਼ੇ ਬੰਦੇ ਲਈ ਇਹ ਸੌਖਾ ਕੰਮ ਨਹੀਂ।..."

"ਉਹ ਬੜੀ ਚੰਗੀ ਕੁੜੀ ਏ,." ਮਾਂ ਨੇ ਅਸਪਸ਼ਟ ਢੰਗ ਨਾਲ਼ ਕਿਹਾ, ਉਹਦਾ ਮਨ ਉਸ ਗੱਲ ਬਾਰੇ ਸੋਚ ਰਿਹਾ ਸੀ ਜਿਹੜੀ ਯੇਗੋਰ ਨੇ ਉਹਨੂੰ ਹੁਣੇ ਹੁਣੇ ਦੱਸੀ ਸੀ। ਉਹਨੂੰ ਇਹ ਸੋਚ ਕੇ ਦੁੱਖ ਹੋਇਆ ਸੀ ਕਿ ਉਹਨੂੰ ਇਸ ਗੱਲ ਦਾ ਪਤਾ ਆਪਣੇ ਪੁੱਤਰ ਦੀ ਥਾਂ ਕਿਸੇ ਓਪਰੇ ਬੰਦੇ ਤੋਂ ਲੱਗਾ ਅਤੇ ਇਸੇ ਲਈ ਉਹ ਘੂਰੀ ਵੱਟ ਰਹੀ ਸੀ ਅਤੇ ਆਪਣੇ ਬੁੱਲ੍ਹ ਟੁਕ ਰਹੀ ਸੀ।

"ਹਾਂ, ਉਹ ਹੈ ਹੀ," ਯੇਗੋਰ ਨੇ ਹਾਮੀ ਭਰੀ। "ਮੈਂ ਵੇਖ ਰਿਹਾ ਤੈਨੂੰ ਉਹਦੇ ਉੱਤੇ ਤਰਸ ਆਉਂਦੈ। ਇਹਦਾ ਕੋਈ ਫ਼ਾਇਦਾ ਨਹੀਂ! ਜੇ ਤੂੰ ਸਾਡੇ ਸਾਰੇ ਬਾਗ਼ੀਆਂ ਉੱਤੇ ਰਹਿਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਤੇਰਾ ਦਿਲ ਫਟ ਜਾਵੇਗਾ। ਜੇ ਸੱਚ ਦੱਸੀਏ ਤਾਂ ਸਾਡੇ ਵਿੱਚੋਂ ਕਿਸੇ ਦੀ ਜ਼ਿੰਦਗੀ ਸੌਖੀ ਨਹੀਂ। ਸਾਡਾ ਇੱਕ ਸਾਥੀ ਹੁਣੇ ਹੁਣੇ ਜਲਾਵਤਨੀ ਤੋਂ ਮੁੜਿਐ। ਜਦੋਂ ਉਹ ਨਿਜ਼੍ਹਨੀ-ਨੋਵਗੋਰੋਦ ਅਪੜਿਆ ਤਾਂ ਉਹਦੀ ਪਤਨੀ ਤੇ ਬੱਚਾ ਸਮੋਲੇਂਸਕ ਵਿਖੇ ਉਹਦੀ ਉਡੀਕ ਕਰ ਰਹੇ ਸਨ, ਪਰ ਜਦੋਂ ਉਹ ਸਮੋਲੇਂਸਕ ਅਪੜਿਆ ਤਾਂ ਉਹ ਪਹਿਲਾਂ ਹੀ ਮਾਸਕੋ ਵਿਖੇ ਜੇਲ੍ਹ ਵਿੱਚ ਸਨ। ਹੁਣ ਉਹਦੀ ਪਤਨੀ ਦੀ ਸਾਇਬੇਰੀਆ ਜਾਣ ਦੀ ਵਾਰੀ ਏ। ਮੇਰੀ ਵੀ ਪਤਨੀ ਹੁੰਦੀ ਸੀ— ਬੜੀ ਸ਼ਾਨਦਾਰ ਔਰਤ—ਅਜਿਹੀ ਜ਼ਿੰਦਗੀ ਦੇ ਪੰਜਾਂ ਵਰ੍ਹਿਆਂ ਨੇ ਉਹਨੂੰ ਕਬਰ ਵਿੱਚ ਲਿਟਾ ਦਿੱਤਾ।..."

ਉਹਨੇ ਡੀਕ ਲਾ ਕੇ ਚਾਹ ਪੀ ਲਈ ਅਤੇ ਆਪਣੀ ਕਹਾਣੀ ਜਾਰੀ ਰੱਖੀ। ਉਹਨੇ ਉਹਨੂੰ ਆਪਣੀਆਂ ਵਰ੍ਹਿਆਂ ਅਤੇ ਮਹੀਨਿਆਂ ਦੀਆਂ ਜੇਲ੍ਹਾਂ ਅਤੇ ਆਪਣੀ ਜਲਾਵਤਨੀ ਬਾਰੇ ਦੱਸਿਆ। ਉਹਨੇ ਉਹਨੂੰ ਆਪਣੀਆਂ ਵੱਖ ਵੱਖ ਬਦਕਿਸਮਤੀਆਂ ਬਾਰੇ ਦੱਸਿਆ, ਜੇਲ੍ਹ ਵਿੱਚ ਪਈਆਂ ਮਾਰਾਂ ਬਾਰੇ, ਸਾਇਬੇਰੀਆ ਵਿੱਚ ਭੁੱਖੇ ਮਰਨ ਬਾਰੇ। ਮਾਂ ਉਹਦੇ ਵੱਲ ਵੇਖਦੀ ਰਹੀ ਅਤੇ

ਉਸ ਸ਼ਾਂਤ ਸਾਦਗੀ ਉੱਤੇ ਹੈਰਾਨ ਹੋ ਰਹੀ ਸੀ ਜਿਸ ਨਾਲ਼ ਉਹ ਇੰਨੇ ਦੁੱਖਾਂ ਅਤੇ ਤਸੀਹਿਆਂ ਨਾਲ਼ ਭਰੀ ਜ਼ਿੰਦਗੀ ਦੀ ਕਹਾਣੀ ਸੁਣਾ ਰਿਹਾ ਸੀ।...

'ਪਰ ਆਓ ਕੰਮ ਦੀ ਗੱਲ ਕਰੀਏ।"

ਉਹਦੀ ਸੁਰ ਤਬਦੀਲ ਹੋ ਗਈ ਅਤੇ ਮੂੰਹ ਵਧੇਰੇ ਗੰਭੀਰ ਹੋ ਗਿਆ। ਉਹ ਉਸ ਤੋਂ ਪੁੱਛਣ ਲੱਗ ਪਿਆ ਕਿ ਉਹ ਕਿਵੇਂ ਸਾਹਿਤ ਕਾਰਖ਼ਾਨੇ ਵਿੱਚ ਲਿਜਾਵੇਗੀ ਅਤੇ ਮਾਂ ਵਿਸਥਾਰਾਂ ਦੇ ਉਹਦੇ ਸੂਖਮ ਗਿਆਨ 'ਤੇ ਹੈਰਾਨ ਰਹਿ ਗਈ।

ਜਦੋਂ ਇਸ ਵਿਸ਼ੇ ਉੱਤੇ ਕਰਨ ਵਾਲ਼ੀ ਕੋਈ ਗੱਲ ਨਾ ਰਹੀ ਤਾਂ ਉਹ ਫਿਰ ਆਪਣੇ ਵਤਨੀ ਪਿੰਡ ਬਾਰੇ ਗੱਲਾਂ ਕਰਨ ਲੱਗ ਪਏ। ਉਹਦੀ ਅਵਾਜ਼ ਮਖੌਲੀਆ ਸੀ, ਪਰ ਮਾਂ ਸੋਚਦੀ ਹੋਈ ਆਪਣੇ ਬੀਤੇ ਵਿੱਚ ਟੱਕਰਾਂ ਮਾਰਦੀ ਰਹੀ, ਉਹਨੂੰ ਜਾਪਦਾ ਸੀ ਕਿ ਇਹ ਇੱਕ ਜਿਲ੍ਹਣ ਵਾਂਗ ਹੈ, ਜਿਸ ਵਿੱਚ ਇੱਥੇ ਉੱਥੇ ਅਕਾਊ ਟਿੱਬੇ ਸਨ ਅਤੇ ਜਿੱਥੇ ਟਿੱਬਿਆਂ ਵਿੱਚ ਗੁਆਚੇ ਇੱਕ ਪਤਲਾ, ਕੰਬਦਾ ਐਸਪਨ, ਕੇਲੋਂ ਦਾ ਇੱਕ ਨਿੱਕਾ ਰੁੱਖ ਅਤੇ ਚਿੱਟੇ ਬਰਚੇ ਦੇ ਰੁੱਖ ਉੱਗੇ ਹੋਏ ਸਨ। ਬਰਚੇ ਹੌਲ਼ੀ ਹੌਲ਼ੀ ਉੱਗਦੇ ਅਤੇ ਸੜਾਂਦ ਮਾਰਦੀ ਭੋਂ ਵਿੱਚ ਪੰਜਾਂ ਵਰ੍ਹਿਆਂ ਪਿੱਛੋਂ ਡਿੱਗਦੇ ਤੇ ਗਲ ਸੜ ਜਾਂਦੇ। ਉਹਨਾਂ ਇਹ ਨਜ਼ਾਰਾ ਚਿਤਵਿਆ ਅਤੇ ਉਹਦੇ ਦਿਲ ਵਿੱਚ ਰਹਿਮ ਦੀ ਕਾਂਗ ਆ ਗਈ। ਆਪਣੀਆਂ ਅੱਖਾਂ ਸਾਹਮਣੇ ਉਹਨੇ ਇੱਕ ਵਾਰ ਫਿਰ ਇੱਕ ਮੁਟਿਆਰ ਦਾ ਅਕਾਰ ਵੇਖਿਆ, ਤਿੱਖੇ, ਸਿਰੜੀ ਮੂੰਹ ਵਾਲ਼ੀ ਮੁਟਿਆਰ। ਉਹ ਥੱਕੀ ਟੁੱਟੀ ਤੇ ਇਕੱਲੀ ਬਰਫ਼ ਦੇ ਗਿੱਲੇ ਗੋੜ੍ਹਿਆਂ ਵਿੱਚੋਂ ਰਾਹ ਬਣਾ ਰਹੀ ਸੀ।... ਅਤੇ ਮਾਂ ਦਾ ਪੁੱਤਰ ਜੇਲ੍ਹ ਵਿੱਚ ਸੀ। ਸ਼ਾਇਦ ਅਜੇ ਉਹ ਸੁੱਤਾ ਨਹੀਂ ਸੀ ਅਤੇ ਲੇਟਿਆ ਹੋਇਆ ਸੋਚ ਰਿਹਾ ਸੀ।... ਪਰ ਉਹਦੇ ਬਾਰੇ, ਆਪਣੀ ਮਾਂ ਦੇ ਬਾਰੇ ਨਹੀਂ। ਹੁਣ ਕੋਈ ਹੋਰ ਸੀ ਜਿਹੜਾ ਉਹਨੂੰ ਵਧੇਰੇ ਪਿਆਰਾ ਸੀ। ਖੁੱਥੜ ਬੱਦਲਾਂ ਵਾਂਗ ਮਿਲੇ ਜੁਲੇ ਦੁਖਦਾਈ ਖ਼ਿਆਲ ਆਏ, ਉਹਨਾਂ ਉਹਦੀ ਆਤਮਾ ਨੂੰ ਹਨੇਰੇ ਵਿੱਚ ਲਪੇਟ ਲਿਆ।...

"ਤੂੰ ਥੱਕ ਗਈ ਏਂ ਮਾਂ। ਚੱਲ ਹੁਣ ਸੌਂ ਜਾਈਏ," ਯੇਗੋਰ ਨੇ ਮੁਸਕਰਾ ਕੇ ਕਿਹਾ।

ਉਹਨੇ ਸ਼ੁਭ ਰਾਤਰੀ ਕਹੀ ਅਤੇ ਇੱਕ ਪਾਸੇ ਮੁੜ ਕੇ ਧਿਆਨ ਨਾਲ਼ ਟੁਰਦੀ ਰਸੋਈ ਵਿੱਚ ਚਲੀ ਗਈ, ਉਹਦਾ ਦਿਲ ਸੜਦੀ ਕੁੜੱਤਣ ਨਾਲ਼ ਭਰਿਆ ਹੋਇਆ ਸੀ।

ਅਗਲੀ ਸਵੇਰ ਨਾਸ਼ਤੇ ਵੇਲੇ ਯੇਗੋਰ ਨੇ ਕਿਹਾ:

"ਜੇ ਉਹਨਾਂ ਤੈਨੂੰ ਫੜ ਲਿਆ ਤੇ ਪੁੱਛਿਆ ਕਿ ਤੂੰ ਇਹ ਨਾਸਤਕ ਇਸ਼ਤਿਹਾਰ ਕਿੱਥੋਂ ਲਏ ਨੇ ਤਾਂ ਤੂੰ ਕੀ ਕਹੇਂਗੀ?"

"ਮੈਂ ਕਹਾਂਗੀ ਇਹਦੇ ਨਾਲ਼ ਉਹਨਾਂ ਦਾ ਕੋਈ ਵਾਸਤਾ ਨਹੀਂ।" ਉਹਨੇ ਜਵਾਬ ਦਿੱਤਾ।

"ਮੇਰਾ ਖ਼ਿਆਲ ਏ ਉਹ ਤੇਰੇ ਨਾਲ਼ ਸਹਿਮਤ ਨਹੀਂ ਹੋਣ ਲੱਗੇ," ਯੇਗੋਰ ਨੇ ਇਤਰਾਜ਼ ਕੀਤਾ। "ਉਹਨਾਂ ਨੂੰ ਪੱਕਾ ਯਕੀਨ ਏ ਇਹਦੇ ਨਾਲ਼ ਉਹਨਾਂ ਦਾ ਵਾਸਤਾ ਏ। ਉਹ ਤੈਥੋਂ ਲੰਮੇ ਸਮੇਂ ਤੱਕ ਅਤੇ ਸਿਰੜ ਨਾਲ਼ ਪੁੱਛਦੇ ਰਹਿਣਗੇ।"

"ਮੈਂ ਉਹਨਾਂ ਨੂੰ ਨਹੀਂ ਦਸਾਂਗੀ!"

"ਉਹ ਤੈਨੂੰ ਜੇਲ੍ਹ ਵਿੱਚ ਸੁੱਟ ਦੇਣਗੇ!"

"ਤਾਂ ਕੀ ਹੋਇਆ ? ਰੱਬ ਦਾ ਸ਼ੁਕਰ ਏ ਮੈਂ ਕੁਝ ਤਾਂ ਕਰਨ ਜੋਗੀ ਵਾਂ !" ਉਹਨੇ ਹਉਕਾ ਲੈ ਕੇ ਕਿਹਾ। "ਮੇਰੀ ਕਿਸ ਨੂੰ ਲੋੜ ਏ ! ਮੇਰਾ ਖ਼ਿਆਲ ਏ ਉਹ ਮੈਨੂੰ ਤਸੀਹੇ ਤਾਂ ਨਹੀਂ ਦੇਣ ਲੱਗੇ। ਕਹਿੰਦੇ ਨੇ…"

"ਹੂੰ !" ਯੇਗੋਰ ਨੇ ਉਹਦੇ ਵੱਲ ਧਿਆਨ ਨਾਲ਼ ਵੇਖਦੇ ਹੋਏ ਕਿਹਾ। "ਉਹ ਤੈਨੂੰ ਤਸੀਹੇ ਤਾਂ ਨਹੀਂ ਦੇਣ ਲੱਗੇ। ਪਰ ਚੰਗੇ ਲੋਕਾਂ ਨੂੰ ਆਪਣਾ ਖ਼ਿਆਲ ਰੱਖਣਾ ਚਾਹੀਦਾ ਏ।…"

"ਅਜਿਹੀ ਗੱਲ ਕਹਿਣ ਲਈ ਤੂੰ ਈ ਚੰਗਾ ਬੰਦਾ ਏਂ !" ਮਾਂ ਨੇ ਨਿੱਕੀ ਜਿਹੀ ਹਾਸੀ ਹੱਸ ਕੇ ਕਿਹਾ।

ਯੇਗੋਰ ਜਵਾਬ ਦਿੱਤੇ ਬਿਨਾਂ ਕਮਰੇ ਵਿੱਚ ਟਹਿਲਦਾ ਰਿਹਾ। ਫਿਰ ਉਹ ਉਹਦੇ ਕੋਲ਼ ਗਿਆ ਅਤੇ ਕਿਹਾ: "ਮਾਂ, ਇਹ ਔਖਾ ਕੰਮ ਏ। ਮੈਂ ਜਾਣਦਾਂ ਇਹ ਤੇਰੇ ਲਈ ਕਿੰਨਾ ਔਖਾ ਕੰਮ ਏ !"

"ਸਾਰਿਆਂ ਲਈ ਔਖਾ ਏ," ਮਾਂ ਨੇ ਹੱਥ ਹਿਲਾ ਕੇ ਜਵਾਬ ਦਿੱਤਾ। "ਸ਼ੈਦ ਉਹਨਾਂ ਲਈ ਸੌਖਰਾ ਏ ਜਿਹੜੇ ਸਮਝਦੇ ਨੇ। ਪਰ ਥੋੜ੍ਹਾ ਥੋੜ੍ਹਾ ਕਰਕੇ ਮੈਂ ਵੀ ਸਮਝਣ ਲੱਗ ਪਈ ਵਾਂ ਚੰਗੇ ਲੋਕ ਕੀ ਕਰਨਾ ਚਾਹੁੰਦੇ ਨੇ।…"

"ਜੇ ਤੂੰ ਇਹ ਸਮਝਦੀ ਏਂ ਤਾਂ ਹਰ ਇੱਕ ਨੂੰ ਤੇਰੀ ਲੋੜ ਏ ਮਾਂ — ਹਰ ਇੱਕ ਨੂੰ !" ਉਹਨੇ ਗੰਭੀਰਤਾ ਨਾਲ਼ ਕਿਹਾ।

ਮਾਂ ਨੇ ਉਹਦੇ ਵੱਲ ਵੇਖਿਆ ਅਤੇ ਕੁਝ ਕਹੇ ਬਿਨਾਂ ਮੁਸਕਰਾਈ।

ਦੁਪਹਿਰੇ ਉਹਨੇ ਕਾਰਖ਼ਾਨੇ ਜਾਣ ਦੀ ਤਿਆਰੀ ਕੀਤੀ, ਆਪਣੇ ਆਪ ਨੂੰ ਇਸ਼ਤਿਹਾਰਾਂ ਨਾਲ਼ ਇਉਂ ਤੂੜਿਆ ਕਿ ਯੇਗੋਰ ਨੇ ਉਹਦੇ ਵੱਲ ਵੇਖਦੇ ਹੋਏ ਤਸੱਲੀ ਨਾਲ਼ ਟਖ਼ ਟਖ਼ ਕੀਤੀ।

"ਜ਼ੇਹਰ ਗੁਟ" ਜਿਵੇਂ ਸਾਰੇ ਚੰਗੇ ਜਰਮਨ ਬੀਅਰ ਦੇ ਪਹਿਲੇ ਬੈਰਲ ਪਿੱਛੋਂ ਕਹਿੰਦੇ ਨੇ। ਸਾਹਿਤ ਨੇ ਤੈਨੂੰ ਉੱਕਾ ਹੀ ਤਬਦੀਲ ਨਹੀਂ ਕੀਤਾ, ਮਾਂ — ਤੂੰ ਉਹੋ ਪਹਿਲਾਂ ਵਾਲ਼ੀ ਦਿਆਲ, ਅੱਧ-ਖੜ ਇਸਤਰੀ ਏਂ—ਲੰਮੀ ਤੇ ਕੁਝ ਕੁਝ ਮੋਟੀ। ਸ਼ਾਲਾ ਅਨੇਕ ਦੇਵਤੇ ਤੇਰੇ ਨਿਰਮਾਣ ਮੁੱਢ ਨੂੰ ਵਰ ਬਖ਼ਸ਼ਣ !…"

ਅੱਧਾ ਘੰਟਾ ਪਿੱਛੋਂ ਉਹ ਕਾਰਖ਼ਾਨੇ ਨੇ ਫਾਟਕ ਅੱਗੇ ਖੜੀ ਸੀ, ਸ਼ਾਂਤ ਅਤੇ ਅਡੋਲ, ਆਪਣੀਆਂ ਟੋਕਰੀਆਂ ਦੇ ਭਾਰ ਹੇਠ ਝੁਕੀ ਹੋਈ। ਜਿਹੜਾ ਕੋਈ ਅੰਦਰ ਜਾਂਦਾ ਦੋ ਸੰਤਰੀ ਉਹਨਾਂ ਦਾ ਸਰੀਰ ਟੋਂਹਦੇ ਅਤੇ ਇਹਦੇ ਬਦਲੇ ਉਹਨਾਂ ਨੂੰ ਕਿਰਤੀਆਂ ਦੀਆਂ ਗਾਹਲਾਂ ਅਤੇ ਝਿੜਾਂ ਮਿਲਦੀਆਂ। ਇੱਕ ਪਾਸੇ ਇੱਕ ਪੁਲਸੀਆ ਅਤੇ ਲੰਮੀਆਂ ਲੱਤਾਂ, ਲਾਲ ਮੂੰਹ ਅਤੇ ਇੱਧਰ ਉੱਧਰ ਘੁੰਮਦੀਆਂ ਅੱਖਾਂ ਵਾਲ਼ਾ ਇੱਕ ਬੰਦਾ ਖੜੇ ਸਨ। ਮਾਂ ਆਪਣੀਆਂ ਟੋਕਰੀਆਂ ਵਾਲ਼ੀ ਵਹਿੰਗੀ ਦਾ ਭਾਰ ਇੱਕ ਮੋਢੇ ਤੋਂ ਦੂਜੇ ਉੱਤੇ ਪਾਉਂਦੀ ਅਤੇ ਲੰਮੀਆਂ ਲੱਤਾਂ ਵਾਲ਼ੇ ਨੂੰ ਕਾਣੀ ਅੱਖ ਨਾਲ਼ ਤਾੜਦੀ ਰਹੀ, ਕਿਉਂਕਿ ਉਹਨੇ ਸਮਝ ਲਿਆ ਸੀ ਕਿ ਉਹ ਸੂਹੀਆ ਹੈ।

"ਤੁਹਾਨੂੰ ਭੂਤਨਿਆਂ ਨੂੰ ਸਾਡੀਆਂ ਜੇਬਾਂ ਦੀ ਨਹੀਂ ਸਿਰਾਂ ਦੀ ਤਲਾਸ਼ੀ ਲੈਣੀ ਚਾਹੀਦੀ ਏ," ਇੱਕ ਲੰਮੇ, ਘੁੰਗਰਾਲੇ ਵਾਲਾਂ ਵਾਲ਼ੇ ਜਵਾਨ ਕਿਰਤੀ ਨੇ ਆਪਣੇ ਕੱਪੜੇ ਟੋਹਣ ਵਾਲ਼ੇ ਸੰਤਰੀਆਂ ਨੂੰ ਕਿਹਾ।

"ਤੁਹਾਡੇ ਸਿਰਾਂ ਵਿੱਚ ਤਾਂ ਜੂਆਂ ਤੋਂ ਛੁਟ ਕੁਝ ਵੀ ਨਹੀਂ," ਇੱਕ ਸੰਤਰੀ ਨੇ ਜਵਾਬ ਦਿੱਤਾ।

"ਸੋ ਜੂਆਂ ਫੜ ਤੇ ਸਾਡਾ ਖਹਿੜਾ ਛੱਡ," ਕਿਰਤੀ ਨੇ ਮੋੜਵਾਂ ਜਵਾਬ ਦਿੱਤਾ।

ਸੂਹੀਏ ਨੇ ਉਹਦੇ ਵੱਲ ਤਿੱਖੀ ਨਿਗਾਹ ਮਾਰੀ ਅਤੇ ਘਿਰਣਾ ਨਾਲ਼ ਥੁੱਕ ਦਿੱਤਾ।

"ਮੈਨੂੰ ਤਾਂ ਲੰਘ ਜਾਣ ਦੇ," ਮਾਂ ਨੇ ਕਿਹਾ। "ਵੇਖਦਾ ਨਹੀਂ ਭਾਰ ਨਾਲ਼ ਮੇਰੀ ਪਿੱਠ ਟੁੱਟ ਚੱਲੀ ਏ ?"

"ਲੰਘ ਜਾ, ਲੰਘ ਜਾ !" ਸੰਤਰੀ ਚਿੜ੍ਹ ਕੇ ਕੂਕਿਆ। "ਤੂੰ ਵੀ ਬਕਵਾਸ ਜ਼ਰੂਰ ਕਰਨੀ ਏਂ, ਹੈਂ ਨਾ ?"

ਜਦੋਂ ਮਾਂ ਆਪਣੀ ਥਾਂ 'ਤੇ ਅਪੜੀ ਤਾਂ ਉਹਨੇ ਆਪਣੀਆਂ ਟੋਕਰੀਆਂ ਭੁੰਜੇ ਰੱਖ ਦਿੱਤੀਆਂ, ਆਪਣੇ ਮੂੰਹ ਤੋਂ ਪਸੀਨਾ ਪੂੰਝਿਆ ਅਤੇ ਆਲੇ ਦੁਆਲੇ ਵੇਖਿਆ।

ਦੋ ਗੁਸੇਵ ਭਰਾ, ਜਿਹੜੇ ਦੋਵੇਂ ਮਿਸਤਰੀ ਸਨ, ਉਹਦੇ ਕੋਲ਼ ਆਏ।

"**ਪਿਰੋਗੀ** ਹੈ ਈ ?" ਵਾਸੀਲੀ ਨੇ, ਜਿਹੜਾ ਦੁਹਾਂ ਵਿੱਚੋਂ ਵੱਡਾ ਸੀ, ਘੂਰੀ ਵੱਟ ਕੇ ਕਿਹਾ।

"ਭਲਕੇ ਹੋਵੇਗੀ," ਮਾਂ ਨੇ ਜਵਾਬ ਦਿੱਤਾ।

ਇਹ ਸੰਕੇਤਕ ਬੋਲਾ ਸੀ। ਭਰਾਵਾਂ ਦੇ ਮੂੰਹ ਖਿੜ ਗਏ।

"ਉਹ, ਮੇਰੀਏ ਅੰਬੜੀਏ !" ਈਵਾਨ ਨੇ ਉਤਸੁਕਤਾ ਵਸ ਹੋ ਕੇ ਉੱਚੀ ਅਵਾਜ਼ ਵਿੱਚ ਕਿਹਾ।

ਵਾਸੀਲੀ ਟੋਕਰੀ ਵਿੱਚ ਝਾਕਣ ਲਈ ਗੋਡਿਆਂ ਭਾਰ ਬਹਿ ਗਿਆ ਅਤੇ ਉਸੇ ਛਿਣ ਇਸ਼ਤਿਹਾਰਾਂ ਦਾ ਇੱਕ ਪੈਕਟ ਉਹਦੇ ਕੋਟ ਦੇ ਸੀਨੇ ਵਿੱਚ ਚਲਾ ਗਿਆ।

"ਈਵਾਨ, ਅਸੀਂ ਘਰ ਨਹੀਂ ਜਾਂਦੇ," ਉਹਨੇ ਉੱਚੀ ਅਵਾਜ਼ ਵਿੱਚ ਕਿਹਾ। "ਅਸੀਂ ਖਾਣਾ ਇਹਦੇ ਤੋਂ ਮੁੱਲ ਲੈ ਲਵਾਂਗੇ !" ਇਹ ਕਹਿੰਦੇ ਹੋਏ ਉਹਨੇ ਇੱਕ ਹੋਰ ਪੈਕਟ ਆਪਣੇ ਲੰਮੇ ਬੂਟਾਂ ਦੇ ਉਪਰਲੇ ਹਿੱਸੇ ਵਿੱਚ ਤੁੰਨ ਲਿਆ। "ਨਵੀਂ ਫੇਰੀ ਵਾਲ਼ੀ ਦੀ ਮਦਦ ਤਾਂ ਕਰਨੀ ਹੀ ਹੋਈ।..."

"ਜ਼ਰੂਰ," ਈਵਾਨ ਨੇ ਹੱਸ ਕੇ ਕਿਹਾ।

ਮਾਂ ਨੇ ਸਾਵਧਾਨੀ ਨਾਲ਼ ਆਪਣੇ ਆਲੇ ਦੁਆਲੇ ਵੇਖਿਆ।

"ਸ਼ੋਰਬਾ ! ਗਰਮ ਸੇਵੀਆਂ !" ਉਹਨੇ ਹੋਕਾ ਦਿੱਤਾ।

ਚੋਰੀ ਚੋਰੀ ਇੱਕ ਤੋਂ ਪਿੱਛੋਂ ਦੂਜਾ ਪੈਕਟ ਕੱਢਦੀ ਉਹ ਭਰਾਵਾਂ ਨੂੰ ਦੇਣ ਲੱਗ ਪਈ। ਹਰ ਵਾਰ ਜਦੋਂ ਪੈਕਟ ਉਹਦੇ ਹੱਥੋਂ ਜਾਂਦਾ, ਤਾਂ ਇੱਕ ਦਮ ਭੜਕੀ ਮਾਚਿਸ ਵਾਂਗ ਉਹਦੇ ਮਨ ਵਿੱਚ ਭੂਸਲੇ ਅਫ਼ਸਰ ਦਾ ਮੂੰਹ ਭੜਕ ਉੱਠਦਾ ਅਤੇ ਉਹ ਬਹੁਤ ਹੀ ਬਾਘੀਆਂ ਪਾ ਕੇ ਆਪਣੇ ਆਪ ਨੂੰ ਕਹਿੰਦੀ:

"ਔਹ ਲੈ ਜਣਿਆ।..."

ਅਤੇ ਅਗਲਾ ਪੈਕਟ ਦੇਂਦੇ ਹੋਏ ਉਹ ਤਸੱਲੀ ਨਾਲ਼ ਵਾਧਾ ਕਰਦੀ, "ਅਤੇ ਔਹ ! ਅਤੇ ਔਹ !"

ਕਿਰਤੀ ਹੱਥਾਂ ਵਿੱਚ ਕਟੋਰੇ ਫੜੀ ਉਹਦੇ ਕੋਲ਼ ਆਏ; ਜਦੋਂ ਕੋਈ ਨੇੜੇ ਆਉਂਦਾ ਤਾਂ ਈਵਾਨ ਗੁਸੇਵ ਉੱਚੀ ਉੱਚੀ ਹੱਸਣ ਲੱਗ ਪੈਂਦਾ ਅਤੇ ਮਾਂ ਬੜੇ ਠਰ੍ਹੰਮੇ ਨਾਲ਼ ਉਹਦੇ ਇਸ਼ਤਿਹਾਰ

ਦੇਣਾ ਬੰਦ ਕਰ ਦੇਂਦੀ ਤੇ ਆਪਣੇ ਸ਼ੋਰਬੇ ਅਤੇ ਸੇਵੀਆਂ ਵੱਲ ਮੁੜ ਆਉਂਦੀ।

"ਤੂੰ ਤਾਂ ਬੜੀ ਚੁਸਤ ਏਂ, ਪੇਲਾਗੀਆ ਨਿਲੋਵਨਾ!" ਭਰਾਵਾਂ ਨੇ ਹੱਸ ਕੇ ਕਿਹਾ।

"ਲੋੜ ਨੇ ਉਹਨੂੰ ਇਹ ਕੰਮ ਕਰਨ 'ਤੇ ਮਜਬੂਰ ਕਰ ਦਿੱਤੈ," ਨੇੜੇ ਖੜੇ ਇੱਕ ਝੋਕੇ ਨੇ ਉਦਾਸ ਢੰਗ ਨਾਲ਼ ਕਿਹਾ। "ਉਹ ਉਹਦੇ ਕਮਾਊ ਨੂੰ ਉਸ ਤੋਂ ਲੈ ਗਏ, ਹਰਾਮਜ਼ਾਦੇ! ਐਹ ਲੈ, ਸਾਨੂੰ ਤਿੰਨ ਕੋਪੀਕ ਦੀਆਂ ਸੇਵੀਆਂ ਦੇ। ਮਾਂ, ਫ਼ਿਕਰ ਨਾ ਕਰ, ਕਿਸੇ ਨਾ ਕਿਸੇ ਤਰ੍ਹਾਂ ਤੇਰਾ ਡੰਗ ਲੰਘ ਜਾਵੇਗਾ!"

"ਦੋ ਦਿਆਲ ਬੋਲਾਂ ਲਈ ਮਿਹਰਬਾਨੀ," ਮਾਂ ਨੇ ਮੁਸਕਰਾ ਕੇ ਕਿਹਾ।

"ਦਿਆਲ ਗੱਲ ਕਹਿਣ 'ਤੇ ਕੋਈ ਮੁੱਲ ਨਹੀਂ ਲੱਗਦਾ," ਝੋਕੇ ਨੇ ਉੱਥੋਂ ਜਾਂਦੇ ਹੋਏ ਬੁੜ ਬੁੜ ਕੀਤੀ।

"ਗ਼ਰਮ ਸ਼ੋਰਬਾ! ਸੇਵੀਆਂ! ਦਲੀਆ!" ਪੇਲਾਗੀਆ ਨੇ ਹੋਕਾ ਦਿੱਤਾ।

ਉਹ ਇਸ ਬਾਰੇ ਸੋਚਦੀ ਰਹੀ ਕਿ ਉਹ ਇਸ਼ਤਿਹਾਰਾਂ ਬਾਰੇ ਆਪਣੇ ਪਹਿਲੇ ਤਜ਼ਰਬੇ ਬਾਰੇ ਆਪਣੇ ਪੁੱਤਰ ਨੂੰ ਕੀ ਕਹੇਗੀ, ਅਤੇ ਉਹਦੇ ਮਨ ਦੀ ਪਿਛੋਕੜ ਵਿੱਚ ਅਫ਼ਸਰ ਦਾ ਭੂਸਲਾ ਮੂੰਹ ਘੁੰਮਦਾ ਰਿਹਾ, ਹੈਰਾਨ ਤੇ ਗੁੱਸੇ। ਉਹਦੀ ਕਾਲ਼ੀ ਮੁੱਛ ਘਬਰਾਹਟ ਨਾਲ਼ ਫਰਕਦੀ ਰਹੀ ਅਤੇ ਉਹਦੇ ਕਰੀਚੇ ਦੰਦ ਉਹਦੇ ਮਰੋੜੇ ਹੋਠਾਂ ਵਿੱਚੋਂ ਚਿਟਿਹਾਣ ਨਾਲ਼ ਲਿਸ਼ਕਦੇ। ਉਹਦੇ ਦਿਲ ਵਿੱਚ ਖੁਸ਼ੀ ਕਿਸੇ ਪੰਛੀ ਵਾਂਗ ਗਾ ਰਹੀ ਸੀ। ਉਹਨੇ ਕੁਝ ਨਖ਼ਰੇ ਨਾਲ਼ ਆਪਣੇ ਭਰਵੱਟੇ ਉੱਤੇ ਉਭਾਰੇ ਅਤੇ ਆਪਣਾ ਕੰਮ ਜਾਰੀ ਰੱਖਦੇ ਹੋਏ ਉਹ ਦਿਲ ਵਿੱਚ ਅਫ਼ਸਰ ਨੂੰ ਕਹਿ ਰਹੀ ਸੀ:

"ਲੈ, ਐਹ ਲੈ!..."

## 16

ਉਸ ਸ਼ਾਮ ਜਦੋਂ ਉਹ ਚਾਹ ਪੀ ਰਹੀ ਸੀ ਤਾਂ ਉਹਨੇ ਬਾਹਰ ਚਿੱਕੜ ਵਿੱਚ ਪੱਚ ਪੱਚ ਕਰਦੇ ਘੋੜਿਆਂ ਦੇ ਸੁੰਮਾਂ ਦੀ ਅਵਾਜ਼ ਸੁਣੀ ਅਤੇ ਫਿਰ ਇੱਕ ਜਾਣੀ ਪਛਾਣੀ ਅਵਾਜ਼। ਉਹ ਕੁੱਦ ਕੇ ਉੱਠੀ ਅਤੇ ਰਸੋਈ ਵਿੱਚੋਂ ਹੁੰਦੀ ਦਰਵਾਜ਼ੇ ਵੱਲ ਨੱਠੀ। ਡਿਉਢੀ ਵਿੱਚ ਤਿੱਖੇ ਪੈਰਾਂ ਦੀ ਅਵਾਜ਼ ਆਈ। ਉਹਦੀਆਂ ਅੱਖਾਂ ਸਾਹਮਣੇ ਹਨੇਰਾ ਛਾ ਗਿਆ; ਪੈਰ ਨਾਲ਼ ਉਹਨੇ ਬੂਹਾ ਖੋਹਲਿਆ ਅਤੇ ਚੁਗਾਠ ਦੀ ਬਾਹੀ ਦਾ ਆਸਰਾ ਲੈ ਲਿਆ।

"ਸ਼ੁਭ-ਸ਼ਾਮ **ਨੈਨਕੋ**," ਜਾਣੀ ਪਛਾਣੀ ਅਵਾਜ਼ ਆਈ ਅਤੇ ਲੰਮੀਆਂ, ਸੁੱਕੀਆਂ ਬਾਹਾਂ ਉਹਦੇ ਮੋਢਿਆਂ ਦੁਆਲੇ ਵਲੀਆਂ ਗਈਆਂ।

ਆਂਦਰੇਈ ਨੂੰ ਵੇਖ ਕੇ ਉਹਦੇ ਦਿਲ ਵਿੱਚ ਨਿਰਾਸ਼ਾ ਦੀ ਚੋਭ ਉੱਠੀ, ਫਿਰ ਖੁਸ਼ੀ ਚਮਕੀ। ਦੋਵੇਂ ਜਜ਼ਬੇ ਇੱਕ ਮਹਾਨ, ਵਿਆਪਕ ਵਲਵਲਾ ਬਣ ਗਏ, ਜਿਸ ਨੇ ਇੱਕ ਨਿੱਘੀ ਛੱਲ ਵਿੱਚ ਉਹਨੂੰ ਪਕੜ ਲਿਆ, ਉਹਨੂੰ ਉੱਪਰ ਚੁੱਕਿਆ, ਇੱਥੋਂ ਤੱਕ ਕਿ ਉਹਨੇ ਆਪਣਾ ਮੂੰਹ ਆਂਦਰੇਈ ਦੇ ਮੋਢੇ ਨਾਲ਼ ਲਾ ਲਿਆ। ਆਂਦਰੇਈ ਨੇ ਆਪਣੀਆਂ ਕੰਬਦੀਆਂ ਬਾਹਾਂ ਵਿੱਚ ਉਹਨੂੰ ਘੁੱਟ ਕੇ ਨਪੀੜ ਲਿਆ; ਮਾਂ ਹੌਲ਼ੀ ਹੌਲ਼ੀ ਰੋ ਰਹੀ ਸੀ ਅਤੇ ਉਹ ਉਹਦੇ ਵਾਲਾਂ ਨੂੰ ਪਲੋਸ ਰਿਹਾ ਸੀ,

ਇੱਕ ਅਜਿਹੀ ਅਵਾਜ਼ ਵਿੱਚ ਉਹਨੂੰ ਕਹਿ ਰਿਹਾ ਸੀ, ਜਿਹੜੀ ਉਹਦੇ ਕੰਨਾਂ ਲਈ ਸੰਗੀਤ ਦੀ ਲੈ ਵਰਗੀ ਸੀ:

"ਰੋ ਨਾ **ਨੈਨਕੋ**, ਆਪਣਾ ਦਿਲ ਦੁਖੀ ਨਾ ਕਰ! ਉਹ ਜ਼ਰੂਰ ਛੇਤੀ ਹੀ ਉਹਨੂੰ ਛੱਡ ਦੇਣਗੇ। ਉਹਦੇ ਖ਼ਿਲਾਫ਼ ਉਹਨਾਂ ਨੂੰ ਕੁਝ ਨਹੀਂ ਮਿਲ ਸਕਦਾ; ਸਾਰੇ ਜਣੇ ਉਬਲੀ ਮੱਛੀ ਵਾਂਗ ਚੁੱਪ ਨੇ।..."

ਆਪਣੀਆਂ ਬਾਹਾਂ ਮਾਂ ਦੇ ਮੋਢਿਆਂ ਦੁਆਲੇ ਵਲੀ ਉਹ ਉਹਨੂੰ ਦੂਜੇ ਕਮਰੇ ਵਿੱਚ ਲੈ ਗਿਆ। ਉਹ ਉਹਦੇ ਨਾਲ਼ ਚੰਬੜੀ ਹੋਈ ਸੀ, ਗੁਲਹਿਰੀ ਜਿਹੀਆਂ ਛੂਹਲ ਹਰਕਤਾਂ ਨਾਲ਼ ਆਪਣੀਆਂ ਅੱਖਾਂ ਵਿੱਚੋਂ ਹੰਝੂ ਪੂੰਝਦੀ ਉਹ ਬੜੇ ਲਾਲਚੀ ਢੰਗ ਨਾਲ਼ ਉਹਦੀ ਹਰ ਗੱਲ ਦੀ ਡੀਕ ਲਾ ਰਹੀ ਸੀ।

"ਪਾਵੇਲ ਨੇ ਸਲਾਮ ਘਲਿਐ। ਉਹ ਵਲ ਏ ਅਤੇ ਜਿੰਨਾ ਕੁ ਖੁਸ਼ ਹੋ ਸਕਦੈ ਖੁਸ਼ ਏ। ਉੱਥੇ ਥਾਂ ਦੀ ਤੰਗੀ ਏ। ਉਹਨਾਂ ਸੌ ਤੋਂ ਵੱਧ ਜਣੇ ਗ੍ਰਿਫ਼ਤਾਰ ਕਰ ਲਏ, ਸ਼ਹਿਰੋਂ ਤੇ ਸਾਡੀ ਬਸਤੀ ਵਿੱਚੋਂ ਤੇ ਉਹਨਾਂ ਇੱਕ ਕੋਠੜੀ ਵਿੱਚ ਤਿੰਨ ਚਾਰ ਡੱਕ ਦਿੱਤੇ। ਜੇਲ੍ਹ ਦੇ ਅਫ਼ਸਰ ਚੰਗੇ ਬੰਦੇ ਨੇ ਤੇ ਭੂਤਨੀ ਦੇ ਜੈਨਡਾਰਮਾਂ ਨੇ ਉਹਨਾਂ ਸਿਰ ਜਿਹੜਾ ਇੰਨਾ ਸਾਰਾ ਕੰਮ ਪਾ ਦਿਤੈ ਉਸ ਕਰਕੇ ਖਪੇ ਹੋਏ ਨੇ। ਅਫ਼ਸਰ ਕੋਈ ਬਹੁਤੀ ਸਖ਼ਤੀ ਵੀ ਨਹੀਂ ਕਰਦੇ। ਉਹ ਇਹੋ ਕਹਿੰਦੇ ਰਹਿੰਦੇ ਨੇ, 'ਭਲੇ ਮਾਣਸੋ, ਸ਼ਾਂਤ ਰਹੋ, ਸਾਨੂੰ ਕਿਸੇ ਕਜ਼ੀਏ ਵਿੱਚ ਨਾ ਫਸਾ ਦੇਣਾ!' ਅਤੇ ਸਭ ਕੁਝ ਮਜ਼ੇ ਵਿੱਚ ਚੱਲ ਰਿਹੈ। ਸਾਰੇ ਆਪੋ ਵਿੱਚ ਗੱਲਾਂ ਕਰਦੇ ਨੇ, ਇੱਕ ਦੂਜੇ ਨੂੰ ਕਿਤਾਬਾਂ ਮਾਂਗਵੀਆਂ ਦੇਂਦੇ ਨੇ ਤੇ ਰਲਕੇ ਖਾਣਾ ਖਾਂਦੇ ਨੇ। ਉਹ ਸੋਹਣੀ ਜੇਲ੍ਹ ਏ — ਪੁਰਾਣੀ ਅਤੇ ਗੰਦੀ, ਪਰ ਬੰਦਾ ਉੱਥੇ ਸੌਖਾ ਰਹਿੰਦੈ। ਅਖ਼ਲਾਕੀ ਕੈਦੀ ਵੀ ਚੰਗੇ ਨੇ ਤੇ ਸਾਡੀ ਬੜੀ ਮਦਦ ਕਰਦੇ ਨੇ। ਬੂਕਿਨ ਨੂੰ ਤੇ ਮੈਨੂੰ ਤੇ ਚਾਰ ਹੋਰਨਾਂ ਨੂੰ ਛੱਡ ਦਿੱਤਾ ਹੈ। ਪਾਵੇਲ ਦੀ ਵਾਰੀ ਵੀ ਛੇਤੀ ਹੀ ਆ ਜਾਵੇਗੀ! ਵੇਸੋਵਸ਼ਚੀਕੋਵ ਨੂੰ ਸਭ ਤੋਂ ਅਖ਼ੀਰ 'ਤੇ ਛੱਡਣਗੇ; ਉਹਨੇ ਗਾਹਲਾਂ ਕੱਢ-ਕੱਢ ਕੇ ਉਨ੍ਹਾਂ ਸਾਰਿਆਂ ਨੂੰ ਆਪਣੇ ਖਹਿੜੇ ਪਾ ਲਿਐ। ਜੈਨਡਾਰਮਾਂ ਨੂੰ ਉਹ ਵੇਖਿਆ ਨਹੀਂ ਸੁਖੌਂਦਾ। ਉਹਨਾਂ ਉਹਦੇ ਤੇ ਮੁਕੱਦਮਾ ਚਲਾ ਦੇਣੈ ਜਾਂ ਕਿਸੇ ਦਿਨ ਉਹਦੀ ਖੁੰਬ ਠੱਪਣਗੇ। ਪਾਵੇਲ ਉਹਨੂੰ ਹਮੇਸ਼ਾ ਰੋਕਦਾ ਰਹਿੰਦੈ। ਉਹ ਕਹਿੰਦੈ ਗਾਹਲਾਂ ਕੱਢਣ ਨਾਲ਼ ਉਹਨਾਂ ਸੁਧਰਨਾ ਤਾਂ ਉੱਕਾ ਹੀ ਨਹੀਂ। ਪਰ ਉਹ ਖੱਪ ਪਾਈ ਜਾਂਦੈ। 'ਮੈਂ ਉਹਨਾਂ ਨੂੰ ਧਰਤੀ ਉੱਤੋਂ ਛਿਲ ਕੇ ਪਰ੍ਹਾਂ ਸੁੱਟ ਦਿਆਂਗਾ, ਜਿਵੇਂ ਫੋੜੇ ਉੱਤੋਂ ਖਰੀਂਢ ਲਾਹੀਦੈ!' ਪਾਵੇਲ ਸਾਊ ਢੰਗ ਨਾਲ਼ ਵਿਚਰਦੈ — ਉਹ ਆਪਣੇ ਆਪ ਨੂੰ ਪੱਕਾ ਅਤੇ ਦ੍ਰਿੜ੍ਹ ਰੱਖਦੈ। ਮੈਨੂੰ ਯਕੀਨ ਏ ਉਹ ਉਹਨੂੰ ਛੇਤੀ ਹੀ ਛੱਡ ਦੇਣਗੇ।..."

"ਛੇਤੀ ਹੀ," ਸੰਤੁਸ਼ਟ ਹੋਈ ਮਾਂ ਨੇ ਨਰਮੀ ਨਾਲ਼ ਮੁਸਕਰਾ ਕੇ, ਗੱਲ ਦੁਹਰਾਈ। "ਮੈਨੂੰ ਯਕੀਨ ਏ ਛੇਤੀ ਹੀ।"

"ਫਿਰ ਸਭ ਕੁਝ ਠੀਕ ਹੋ ਜਾਵੇਗਾ। ਤੇ ਹੁਣ ਤੂੰ ਮੈਨੂੰ ਚਾਹ ਦਾ ਇੱਕ ਗਲਾਸ ਪਿਆ ਤੇ ਦੱਸ ਤੇਰਾ ਕੀ ਹਾਲ ਚਾਲ ਰਿਹੈ।"

ਆਂਦਰੇਈ ਨੇ ਵੇਖਿਆ ਕਿ ਉਹ ਪੂਰੀ ਤਰ੍ਹਾਂ ਖਿੜੀ ਹੋਈ ਸੀ, ਇੰਨੀ ਨਰਮ ਅਤੇ ਦਿਆਲ, ਉਹਦੀਆਂ ਕੁਝ ਕੁਝ ਉਦਾਸੀ ਨਾਲ਼ ਪਰਛਾਈਆਂ ਅੱਖਾਂ ਵਿੱਚ ਪਿਆਰ ਦੀ ਲੋਅ ਸੀ।

"ਆਂਦਰੀਊਸ਼ਾ, ਤੂੰ ਮੈਨੂੰ ਬਹੁਤ ਪਿਆਰਾ ਲੱਗਨੈਂ," ਮਾਂ ਨੇ ਪਤਲੇ ਮੂੰਹ ਵੱਲ ਵੇਖਿਆ, ਜਿਸ ਉੱਤੇ ਅਣ-ਮੁੰਨੀ ਦਾੜ੍ਹੀ ਦੀਆਂ ਹਸਾਉਣੀਆਂ ਝਾੜੀਆਂ ਸਨ ਤੇ ਠੰਢਾ ਸਾਹ ਲਿਆ।

"ਮੈਨੂੰ ਖ਼ੁਸ਼ ਕਰਨ ਲਈ ਭੋਰਾ ਕੁ ਹੀ ਕਾਫ਼ੀ ਹੋਵੇਗਾ," ਉਹਨੇ ਕੁਰਸੀ ਵਿੱਚ ਅੱਗੇ ਪਿੱਛੇ ਝੂਲਦੇ ਹੋਏ ਕਿਹਾ। "ਮੈਨੂੰ ਪਤੈ ਤੂੰ ਮੈਨੂੰ ਪਿਆਰ ਕਰਦੀ ਏਂ। ਤੇਰਾ ਦਿਲ ਤਾਂ ਸਭਨਾਂ ਨੂੰ ਪਿਆਰ ਕਰਨ ਦੀ ਚੋਖਾ ਵੱਡਾ ਏ!"

"ਪਰ ਮੈਂ ਤੈਨੂੰ ਖ਼ਾਸ ਤੌਰ 'ਤੇ ਪਿਆਰ ਕਰਦੀ ਵਾਂ," ਮਾਂ ਨੇ ਅੜੀ ਕੀਤੀ।

"ਜੇ ਤੇਰੀ ਮਾਂ ਹੁੰਦੀ ਤਾਂ ਸਭੇ ਤੇਰੇ ਜਿਹੇ ਪੁੱਤਰ ਲਈ ਉਹਦੇ ਨਾਲ਼ ਈਰਖਾ ਕਰਦੇ।..."

**ਖ਼ੋਖ਼ੋਲ** ਨੇ ਆਪਣਾ ਸਿਰ ਹਿਲਾਇਆ ਅਤੇ ਇਹਨੂੰ ਆਪਣੇ ਹੱਥਾਂ ਨਾਲ਼ ਜ਼ੋਰ ਨਾਲ਼ ਰਗੜਿਆ।

"ਕਿਧਰੇ ਨਾ ਕਿਧਰੇ ਮੇਰੀ ਮਾਂ ਹੈ," ਉਹਨੇ ਕਿਹਾ, ਉਹਦੀ ਅਵਾਜ਼ ਨਿੰਮ੍ਹੀ ਸੀ।

"ਪਤਾ ਈ ਅੱਜ ਮੈਂ ਕੀ ਕੀਤੈ?" ਉਹ ਕੂਕੀ ਅਤੇ ਆਪਣੇ ਇਸ਼ਤਿਹਾਰ ਕਾਰਖ਼ਾਨੇ ਵਿੱਚ ਲਿਜਾਣ ਦਾ ਵਰਨਣ ਉਤੇਜਨਾ ਨਾਲ਼ ਕਰਨ ਲੱਗ ਪਈ, ਉਤਸ਼ਾਹ ਵਿੱਚ ਉਹਨੇ ਕਹਾਣੀ ਨੂੰ ਕੁਝ ਵਧਾ ਦਿੱਤਾ।

ਪਹਿਲਾਂ ਉਹਨੇ ਹੈਰਾਨੀ ਨਾਲ਼ ਆਪਣੀਆਂ ਅੱਖਾਂ ਟੱਡ ਲਈਆਂ, ਫਿਰ ਖਿੜ ਕੇ ਹੱਸਣ ਲੱਗ ਪਿਆ।

"ਓਹੋ!" ਆਪਣੀਆਂ ਲੱਤਾਂ ਹਿਲਾਉਂਦਿਆਂ ਉਹਨੇ ਆਪਣਾ ਸਿਰ ਆਪਣੀਆਂ ਉਂਗਲਾਂ ਨਾਲ਼ ਠਕੋਰਿਆ ਅਤੇ ਖ਼ੁਸ਼ੀ ਨਾਲ਼ ਕੂਕਿਆ। "ਇਹ ਕੋਈ ਸੁੱਟ ਪਾਉਣ ਵਾਲ਼ੀ ਗੱਲ ਨਹੀਂ! ਇਹ ਤਾਂ ਅਸਲੀ ਮਦਦ ਏ! ਪਾਵੇਲ ਖ਼ੁਸ਼ ਨਹੀਂ ਹੋਵੇਗਾ? ਇਹ ਤਾਂ ਬਹੁਤ ਸ਼ਾਨਦਾਰ ਏ, **ਨੈਨਕੋ** — ਪਾਵੇਲ ਅਤੇ ਹੋਰਨਾਂ ਸਭਨਾਂ ਲਈ!"

ਉਹਦਾ ਸਾਰਾ ਸਰੀਰ ਅੱਗੇ ਪਿੱਛੇ ਝੂਲਣ ਲੱਗ ਪਿਆ। ਉਹਨੇ ਆਪਣੀਆਂ ਉਂਗਲਾਂ ਦੇ ਕੜਾਕੇ ਕੱਢੇ ਅਤੇ ਵਿਸਮਾਦ ਵਿੱਚ ਆ ਕੇ ਸੀਟੀ ਵਜਾਈ, ਉਹਦੇ ਵਿੱਚੋਂ ਖ਼ੁਸ਼ੀ ਦੀਆਂ ਕਿਰਨਾਂ ਫੁੱਟਦੀਆਂ ਅਤੇ ਮਾਂ ਨੇ ਬਲਵਾਨ ਅਤੇ ਭਰਪੂਰ ਹੁੰਗਾਰਾ ਭਰਿਆ।

"ਮੇਰਾ ਕਰਮਾਂ ਵਾਲ਼ਾ ਆਂਦਰੀਊਸ਼ਾ!" ਉਹ ਬੋਲੀ, ਉਹਦੇ ਦਿਲ ਦਾ ਬੰਨ੍ਹ ਟੁੱਟ ਗਿਆ ਜਿਵੇਂ ਅਤਿ-ਅੰਤ ਖ਼ੁਸ਼ੀ ਨਾਲ਼ ਭਰਪੂਰ ਸ਼ਬਦਾਂ ਦੀ ਨਦੀ ਛੁਲ ਛੁਲ ਕਰਦੀ, ਉੱਛਲਦੀ ਅਤੇ ਲਿਸ਼ਕਦੀ ਵਹਿ ਨਿਕਲੀ ਹੋਵੇ। "ਜਦੋਂ ਮੈਂ ਆਪਣੀ ਜ਼ਿੰਦਗੀ ਬਾਰੇ ਸੋਚਦੀ ਵਾਂ — ਹੇ ਮਿਹਰਾਂ ਵਾਲ਼ੇ ਈਸਾ! ਮੈਂ ਕਾਹਦੇ ਲਈ ਜੀਵੀ ਸਾਂ? ਹੱਡ-ਭੰਨ ਮਿਹਨਤ, ਮਾਰਾਂ।... ਆਪਣੇ ਮਰਦ ਤੋਂ ਬਿਨਾਂ ਕਿਸੇ ਹੋਰ ਨੂੰ ਕਦੀ ਵੇਖਿਆ ਤੱਕ ਨਹੀਂ, ਡਰ ਤੋਂ ਬਿਨਾਂ ਕਿਸੇ ਹੋਰ ਗੱਲ ਦਾ ਪਤਾ ਹੀ ਨਹੀਂ! ਮੈਂ ਤਾਂ ਇਹ ਵੀ ਨਾ ਜਾਣਿਆ ਕਿ ਪਾਵੇਲ ਕਿਵੇਂ ਵੱਡਾ ਹੋਇਆ ਤੇ ਮੈਨੂੰ ਇਹ ਵੀ ਪਤਾ ਨਹੀਂ ਕਿ ਜਦੋਂ ਮੇਰਾ ਆਦਮੀ ਜਿਊਂਦਾ ਸੀ ਤਾਂ ਮੈਂ ਪਾਵੇਲ ਨੂੰ ਪਿਆਰ ਕਰਦੀ ਸਾਂ ਜਾਂ ਨਹੀਂ। ਮੇਰੀਆਂ ਸਾਰੀਆਂ ਸੋਚਾਂ ਅਤੇ ਸਾਰੇ ਫ਼ਿਕਰ ਇੱਕੋ ਗੱਲ ਬਾਰੇ ਹੁੰਦੇ ਸਨ — ਆਪਣੇ ਉਸ ਵਹਿਸ਼ੀ ਦਾ ਢਿੱਡ ਸੋਹਣੀ ਅਤੇ ਚੰਗੀ ਤਰ੍ਹਾਂ ਭਰ ਦੇਵਾਂ, ਉਹਨੂੰ ਉਡੀਕ ਕਰਵਾਏ ਬਿਨਾਂ ਉਹਦੀ ਖ਼ੁਸ਼ੀ ਪੂਰੀ ਕਰ ਦੇਵਾਂ ਤਾਂ ਜੁ ਗੁੱਸੇ ਨਾ ਹੋਵੇ ਤੇ ਮੈਨੂੰ ਕੁੱਟੇ ਨਹੀਂ — ਤਾਂ ਜੁ ਉਹ ਇੱਕ ਵਾਰ ਹੀ

ਮੇਰੇ ਉੱਤੇ ਤਰਸ ਖਾ ਲਵੇ! ਪਰ ਮੈਨੂੰ ਚੇਤੇ ਨਹੀਂ ਕਿ ਉਹਨੇ ਕਦੀ ਮੇਰੇ ਉੱਤੇ ਤਰਸ ਕੀਤਾ ਹੋਵੇ। ਉਹ ਮੈਨੂੰ ਇਉਂ ਕੁੱਟਦਾ ਜਿਵੇਂ ਉਹ ਆਪਣੀ ਘਰ ਵਾਲ਼ੀ ਨੂੰ ਨਾ ਕੁੱਟ ਰਿਹਾ ਹੋਵੇ ਸਗੋਂ ਕਿਸੇ ਅਜਿਹੇ ਬੰਦੇ ਨੂੰ ਕੁੱਟ ਰਿਹਾ ਹੋਵੇ ਜਿਸ ਨਾਲ਼ ਉਹਦੀ ਕੋਈ ਦੁਸ਼ਮਣੀ ਹੋਵੇ। ਵੀਹ ਵਰ੍ਹੇ ਮੈਂ ਇਸ ਢੰਗ ਨਾਲ਼ ਜ਼ਿੰਦਗੀ ਬਿਤਾਈ। ਮੈਨੂੰ ਤਾਂ ਭੁੱਲ ਹੀ ਗਿਐ ਵਿਆਹ ਤੋਂ ਪਹਿਲਾਂ ਇਹ ਕਿਹੋ ਜਿਹੀ ਹੁੰਦੀ ਸੀ। ਜਦੋਂ ਮੈਂ ਸੋਚਣ ਦਾ ਜਤਨ ਕਰਦੀ ਹਾਂ ਤਾਂ ਸਭ ਕੁਝ ਖ਼ਾਲਮ-ਖ਼ਾਲੀ ਹੋ ਜਾਂਦੈ! ਯੇਗੋਰ ਈਵਾਨੋਵਿਚ ਇੱਥੇ ਆਇਆ ਸੀ — ਅਸੀਂ ਦੋਵੇਂ ਇੱਕੋ ਪਿੰਡ ਤੋਂ ਹਾਂ। ਉਹਨੇ ਬਹੁਤ ਕੁਝ ਬਾਰੇ ਗੱਲਾਂ ਕੀਤੀਆਂ, ਪਰ ਮੈਂ ? ਮੈਨੂੰ ਆਪਣੇ ਮਕਾਨ ਯਾਦ ਨੇ ਤੇ ਮੈਨੂੰ ਲੋਕ ਚੇਤੇ ਨੇ, ਪਰ ਮੈਨੂੰ ਇਹ ਯਾਦ ਨਹੀਂ ਕਿ ਉਹ ਕਿਵੇ ਰਹਿੰਦੇ ਸਨ, ਜਾਂ ਉਹ ਕੀ ਕਹਿੰਦੇ ਸਨ, ਜਾਂ ਉਹਨਾਂ ਦਾ ਕੀ ਬਣਿਆ। ਮੈਨੂੰ ਇੱਕ ਅੱਗ ਚੇਤੇ ਵੇ। ਦੋ ਅੱਗਾਂ। ਇਉਂ ਜਾਪਦੈ ਜਿਵੇਂ ਕੁੱਟ ਕੁੱਟ ਕੇ ਸਾਰਾ ਕੁਝ ਮੇਰੇ ਅੰਦਰੋਂ ਕੱਢ ਦਿੱਤਾ ਗਿਆ ਹੋਵੇ ਅਤੇ ਮੇਰੀ ਰੂਹ ਨੂੰ ਸਿਉਂ ਦਿੱਤਾ ਗਿਆ ਹੋਵੇ, ਘੁੱਟ ਕੇ, ਬੋਲੀ ਅਤੇ ਅੰਨ੍ਹੀ।..."

ਉਹ ਪਾਣੀ ਵਿੱਚੋਂ ਬਾਹਰ ਕੱਢੀ ਮੱਛੀ ਵਾਂਗ ਤੜਫੀ।

"ਮੇਰਾ ਘਰ ਵਾਲ਼ਾ ਮਰ ਗਿਆ," ਉਹਨੇ ਅੱਗੇ ਝੁਕਦੇ ਹੋਏ ਅਤੇ ਆਪਣੀ ਅਵਾਜ਼ ਨੀਵੀਂ ਕਰਦੇ ਹੋਏ ਗੱਲ ਜਾਰੀ ਰੱਖੀ, "ਤੇ ਮੈਂ ਆਪਣੇ ਪੁੱਤਰ ਵੱਲ ਧਿਆਨ ਦਿੱਤਾ, ਪਰ ਉਹ ਇਸ ਕੰਮ ਵਿੱਚ ਰੁੱਝਿਆ ਹੋਇਆ ਸੀ। ਇਹ ਸਹਾਰਨਾ ਔਖਾ ਸੀ, ਮੈਨੂੰ ਉਹਦੇ ਉੱਤੇ ਬਹੁਤ ਤਰਸ ਆਉਂਦਾ। ਜੇ ਉਹਨੂੰ ਕੁਝ ਹੋ ਗਿਆ ਤਾਂ ਮੈਂ ਕਿਵੇਂ ਜਿਊਂਦੀ ਰਹਾਂਗੀ ? ਮੈਂ ਕਿੰਨਾ ਡਰ ਤੇ ਚਿੰਤਾਵਾਂ ਸਹਾਰੀਆਂ! ਜਦੋਂ ਮੈਂ ਸੋਚਦੀ ਵਾਂ ਉਹਦੇ ਨਾਲ਼ ਕੀ ਕੁਝ ਬੀਤ ਸਕਦੈ ਤਾਂ ਮੇਰਾ ਦਿਲ ਪਾਟ ਹੀ ਜਾਂਦੈ।..."

ਉਹ ਇੱਕ ਛਿਣ ਰੁਕੀ, ਫਿਰ ਠਰ੍ਹੰਮੇ ਨਾਲ਼ ਆਪਣਾ ਸਿਰ ਹਿਲਾ ਕੇ ਬੜੀ ਮਹੱਤਤਾ ਨਾਲ਼ ਕਿਹਾ:

"ਇਹ ਖਾਲਸ ਪਿਆਰ ਨਹੀਂ, ਸਾਡਾ ਔਰਤਾਂ ਦਾ ਪਿਆਰ! ਅਸੀਂ ਉਸ ਨੂੰ ਪਿਆਰ ਕਰਦੀਆਂ ਵਾਂ ਜਿਸ ਦੀ ਸਾਨੂੰ ਆਪਣੇ ਲਈ ਲੋੜ ਹੁੰਦੀ ਏ। ਪਰ ਜਦੋਂ ਮੈਂ ਤੈਨੂੰ ਵੇਖਦੀ ਵਾਂ, ਆਪਣੀ ਮਾਂ ਲਈ ਝੂਰਦਾ—ਉਹ ਤੇਰੇ ਲਈ ਕੀ ਏ ? ਅਤੇ ਇਹ ਸਾਰੇ ਲੋਕ ਹੋਰਨਾਂ ਲਈ ਤਸੀਹੇ ਝੱਲ ਰਹੇ ਨੇ।... ਜੇਲ੍ਹੀ ਜਾਂਦੇ ਨੇ ਸਾਇਬੇਰੀਆ।... ਮਰਦੇ!... ਮੁਟਿਆਰਾਂ ਰਾਤ ਨੂੰ ਇਕੱਲੀਆਂ ਦੂਰ ਦੂਰ ਜਾਂਦੀਆਂ, ਚਿੱਕੜ ਵਿੱਚੋਂ, ਮੀਂਹ ਤੇ ਬਰਫ਼ ਵਿੱਚ — ਸ਼ਹਿਰੋਂ ਸੱਤ ਵੇਰਸਤ ਸਾਡੇ ਮਕਾਨ ਤੱਕ। ਉਹਨਾਂ ਨੂੰ ਅਜਿਹਾ ਕਰਨ ਲਈ ਕੌਣ ਧਕਦੈ ? ਕੌਣ ਉਹਨਾਂ ਨੂੰ ਅਜਿਹਾ ਕਰਨ ਲਈ ਉਕਸਾਉਂਦੈ ? ਇੱਕ ਬਹੁਤ ਵੱਡੇ, ਸੱਚੇ ਪਿਆਰ ਲਈ। ਅਤੇ ਉਹਨਾਂ ਨੂੰ ਨਿਸ਼ਚਾ ਏ—ਇੱਕ ਡੂੰਘਾ ਨਿਸ਼ਚਾ, ਆਂਦਰੀਊਸ਼ਾ! ਪਰ ਜਿੱਥੋਂ ਤੱਕ ਮੇਰਾ ਸਬੰਧ ਏ—ਮੈਂ ਇਉਂ ਪਿਆਰ ਨਹੀਂ ਕਰ ਸਕਦੀ! ਮੈਂ ਤਾਂ ਬਸ ਉਸੇ ਨੂੰ ਪਿਆਰ ਕਰ ਸਕਦੀ ਵਾਂ ਜਿਹੜਾ ਮੇਰਾ ਆਪਣਾ ਵੇ, ਜਿਹੜਾ ਮੇਰੇ ਨੇੜੇ ਵੇ!"

"ਨਹੀਂ, ਤੂੰ ਅਜਿਹਾ ਨਹੀਂ ਕਰਦੀ," **ਖੋਖੋਲ** ਨੇ ਮੁੜਦੇ ਹੋਏ ਅਤੇ ਆਪਣੀ ਆਦਤ ਅਨੁਸਾਰ ਆਪਣਾ ਸਿਰ ਤੇ ਗੱਲ੍ਹ ਅਤੇ ਅੱਖਾਂ ਘੁੱਟ ਕੇ ਮਲਦੇ ਹੋਏ ਕਿਹਾ। "ਹਰ ਕੋਈ ਉਸ

ਸ਼ੈ ਨੂੰ ਪਿਆਰ ਕਰਦੈ ਜਿਹੜੀ ਉਹਦੇ ਨੇੜੇ ਹੋਵੇ, ਪਰ ਜੇ ਬੰਦੇ ਦਾ ਦਿਲ ਵੱਡਾ ਹੋਵੇ ਤਾਂ ਦੂਰ ਦੀਆਂ ਸ਼ੈਆਂ ਵੀ ਨੇੜੇ ਹੋ ਜਾਂਦੀਆਂ ਨੇ! ਤੂੰ ਵੱਡੇ ਕੰਮ ਕਰ ਸਕਦੀ ਏਂ ਕਿਉਂਕਿ ਤੇਰੇ ਵਿੱਚ ਮਾਂ ਦਾ ਵੱਡਾ ਪਿਆਰ ਏ।..."

"ਰੱਬ ਕਰੇ," ਮਾਂ ਨੇ ਨਰਮੀ ਨਾਲ਼ ਕਿਹਾ। "ਮੈਨੂੰ ਜਾਪਦੈ ਇਹ ਜਿਉਣ ਦਾ ਚੰਗਾ ਢੰਗ ਵੇ! ਹੁਣ ਮੈਂ ਤੈਨੂੰ ਪਿਆਰ ਕਰਦੀ ਵਾਂ, ਆਂਦਰੇਈ, ਸ਼ੈਦ ਪਾਸ਼ਾ ਤੋਂ ਵੀ ਵੱਧ। ਉਹ ਤਾਂ ਆਪਣੇ ਆਪ ਵਿੱਚ ਮਸਤ ਰਹਿੰਦੈ—ਜ਼ਰਾ ਵੇਖ ਉਹ ਸਾਸ਼ਾ ਨਾਲ਼ ਵਿਆਹ ਕਰਨਾ ਚਾਹੁੰਦੈ, ਪਰ ਉਹਨੇ ਇਸ ਬਾਰੇ ਮੈਨੂੰ, ਆਪਣੀ ਮਾਂ ਨੂੰ, ਕੁਝ ਵੀ ਨਾ ਦੱਸਿਆ।..."

"ਇਹ ਗੱਲ ਸੱਚੀ ਨਹੀਂ," **ਖ਼ੋਖ਼ੋਲ** ਨੇ ਇੰਤਰਾਜ਼ ਕੀਤਾ। "ਮੈਨੂੰ ਪੱਕਾ ਪਤਾ ਏ। ਇਹ ਸੱਚ ਨਹੀਂ। ਉਹ ਉਹਨੂੰ ਪਿਆਰ ਕਰਦਾ ਏ ਅਤੇ ਸਾਸ਼ਾ ਵੀ ਉਹਨੂੰ ਪਿਆਰ ਕਰਦੀ ਏ। ਪਰ ਉਹ ਕਦੀ ਵਿਆਹ ਨਹੀਂ ਕਰਨ ਲੱਗੇ! ਸਾਸ਼ਾ ਤਾਂ ਚਾਹੁੰਦੀ ਏ, ਪਰ ਉਹ ਨਹੀਂ ਕਰਨਾ ਚਾਹੁੰਦਾ।..."

"ਹਲਾ," ਮਾਂ ਨੇ ਸੋਚਦੇ ਹੋਏ ਅਤੇ ਠਰ੍ਹੰਮੇ ਨਾਲ਼ ਕਿਹਾ, ਉਹਦੀਆਂ ਅੱਖਾਂ **ਖ਼ੋਖ਼ੋਲ** ਦੇ ਮੂੰਹ ਉੱਤੇ ਲੱਗੀਆਂ ਸਨ। "ਸੋ ਗੱਲ ਇੰਞ ਏ—ਲੋਕ ਆਪਣੀ ਖ਼ੁਸ਼ੀ ਵੀ ਰੱਦ ਕਰਦੇ ਨੇ।..."

"ਪਾਵੇਲ ਜਿਹਾ ਬੰਦਾ ਵਿਰਲਾ ਈ ਹੁੰਦੈ," **ਖ਼ੋਖ਼ੋਲ** ਦੀ ਅਵਾਜ਼ ਬੜੀ ਨਰਮ ਸੀ। "ਉਹਦਾ ਨਿਸ਼ਚਾ ਅਸਪਾਤੀ ਏ।..."

"ਤੇ ਹੁਣ ਉਹ ਜੇਲ੍ਹ ਵਿੱਚ ਬੈਠੈ," ਮਾਂ ਨੇ ਸੋਚਾਂ ਵਿੱਚ ਡੁੱਬੀ ਨੇ ਕਿਹਾ। "ਇਹ ਗੱਲ ਡਰਾਉਣੀ ਏ — ਪਰ ਕੋਈ ਬਹੁਤ ਡਰਾਉਣੀ ਵੀ ਨਹੀਂ! ਜ਼ਿੰਦਗੀ ਹੋਰ ਤਰ੍ਹਾਂ ਦੀ ਏ ਤੇ ਹੁਣ ਮੇਰੇ ਤੌਖਲੇ ਵੀ ਹੋਰ ਤਰ੍ਹਾਂ ਦੇ ਨੇ। ਹੁਣ ਮੈਨੂੰ ਸਭਨਾਂ ਲਈ ਡਰ ਲੱਗਦੈ। ਤੇ ਮੇਰਾ ਦਿਲ ਵੀ ਹੋਰ ਤਰ੍ਹਾਂ ਦਾ ਏ ਕਿਉਂਕਿ ਮੇਰੀ ਰੂਹ ਨੇ ਮੇਰੇ ਦਿਲ ਦੀਆਂ ਅੱਖਾਂ ਖੋਹਲ ਦਿੱਤੀਆਂ ਨੇ, ਤੇ ਉਹ ਬਾਹਰ ਵੇਖਦੈ ਤੇ ਦੁਖੀ ਹੁੰਦੈ, ਪਰ ਖ਼ੁਸ਼। ਅਨੇਕ ਗੱਲਾਂ ਦੀ ਮੈਨੂੰ ਸਮਝ ਨਹੀਂ ਆਉਂਦੀ ਅਤੇ ਮੇਰੇ ਲਈ ਇਹ ਗੱਲ ਵੀ ਕੌੜੀ ਏ ਕਿ ਤੁਸੀਂ ਰੱਬ ਨੂੰ ਨਹੀਂ ਮੰਨਦੇ! ਪਰ ਮੈਂ ਕੀ ਕਰ ਸਕਦੀ ਵਾਂ? ਮੈਂ ਵੇਖਦੀ ਵਾਂ ਕਿ ਤੁਸੀਂ ਸਾਰੇ ਸੱਚਮੁਚ ਚੰਗੇ ਹੋ। ਤੁਸਾਂ ਲੋਕਾਂ ਦੀ ਖ਼ਾਤਰ ਆਪਣੇ ਲਈ ਕਰੜੀ ਜ਼ਿੰਦਗੀ ਚੁਣੀ ਏ, ਸੱਚ ਦੀ ਖ਼ਾਤਰ ਔਖੀ ਜ਼ਿੰਦਗੀ ਚੁਣੀ ਏ। ਤੇ ਹੁਣ ਮੈਂ ਤੁਹਾਡੇ ਸੱਚ ਨੂੰ ਸਮਝਦੀ ਵਾਂ: ਜਦੋਂ ਤੱਕ ਧਨੀ ਲੋਕਾਂ ਨੇ ਆਮ ਲੋਕਾਂ ਨੂੰ ਕੁਝ ਨਹੀਂ ਮਿਲਣ ਲੱਗਾ — ਨਾ ਖ਼ੁਸ਼ੀ, ਨਾ ਇਨਸਾਫ਼ — ਕੁਝ ਵੀ ਨਹੀਂ! ਹੁਣ ਜਦੋਂ ਮੈਂ ਤੁਹਾਡੇ ਨਾਲ਼ ਰਹਿੰਦੀ ਵਾਂ, ਕਦੀ ਕਦੀ ਰਾਤਾਂ ਨੂੰ ਮੈਂ ਬੀਤੇ ਬਾਰੇ ਸੋਚਣ ਲੱਗ ਪੈਂਦੀ ਵਾਂ, ਮੈਂ ਇੱਕ ਬੂਟ ਹੇਠ ਫੇਹੀ ਗਈ ਆਪਣੀ ਜਵਾਨ ਤਾਕਤ ਬਾਰੇ, ਇੱਕ ਮੁੱਕੇ ਹੇਠ ਕੁੱਟੇ ਆਪਣੇ ਦਿਲ ਬਾਰੇ ਸੋਚਦੀ ਵਾਂ, ਤੇ ਮੈਨੂੰ ਆਪਣੇ ਆਪ ਉੱਤੇ ਤਰਸ ਆਉਂਦੈ ਤੇ ਕੁੜਿੱਤਣ ਚੜ੍ਹਦੀ ਏ! ਪਰ ਹੁਣ ਮੇਰੇ ਲਈ ਜਿਉਣਾ ਸੌਖਾ ਵੇ। ਹੌਲ਼ੀ ਹੌਲ਼ੀ ਮੈਂ ਆਪਣੇ ਆਪ ਨੂੰ ਉਸ ਸ਼ਕਲ ਵਿੱਚ ਵੇਖਣ ਲੱਗ ਪਈ ਵਾਂ, ਜਿਹੋ ਜਿਹੀ ਮੈਂ ਹਾਂ।..."

**ਖ਼ੋਖ਼ੋਲ** ਖੜਾ ਹੋ ਗਿਆ — ਲੰਮਾ, ਪਤਲਾ, ਸੋਚਾਂ ਡੁੱਬਾ — ਅਤੇ ਪੈਰ ਨਾ ਰਗੜਨ ਦਾ ਜਤਨ ਕਰਦੇ ਹੋਏ ਇੱਧਰ ਉੱਧਰ ਫਿਰਨ ਲੱਗ ਪਿਆ।

"ਤੂੰ ਕਿੰਨੀ ਚੰਗੀ ਤਰ੍ਹਾਂ ਗੱਲ ਕੀਤੀ ਏ," ਉਹਨੇ ਨਰਮੀ ਨਾਲ਼ ਕਿਹਾ। "ਕਿੰਨੀ ਹੀ ਸੋਹਣੀ ਤਰ੍ਹਾਂ! ਕੇਰਚ ਵਿੱਚ ਇੱਕ ਜਵਾਨ ਯਹੂਦੀ ਰਿਹਾ ਕਰਦਾ ਸੀ, ਜਿਹੜਾ ਨਜ਼ਮਾਂ ਲਿਖਦਾ

ਸੀ, ਅਤੇ ਇੱਕ ਦਿਨ ਉਹਨੇ ਇਹ ਲਿਖਿਆ:

**ਕਤਲ ਹੋਏ ਨੇ ਮਸੂਮ ਜਿਹੜੇ,**
**ਸੁਰਜੀਤ ਕਰੇਗਾ ਸੱਚ ਉਹਨਾਂ ਨੂੰ।...**

"ਉਹਨੂੰ ਵੀ ਪੁਲੀਸ ਨੇ ਮਾਰ ਦਿੱਤਾ, ਉੱਥੇ ਕੇਰਚ ਵਿੱਚ ਹੀ, ਪਰ ਮਹੱਤਤਾ ਇਸ ਗੱਲ ਦੀ ਨਹੀਂ! ਉਹ ਸੱਚ ਨੂੰ ਸਮਝਦਾ ਸੀ ਅਤੇ ਲੋਕਾਂ ਵਿੱਚ ਇਹਦੇ ਬੀਜ ਬੀਜੇ। ਤੂੰ ਵੀ ਉਹਨਾਂ 'ਮਾਸੂਮਾਂ' ਵਿੱਚੋਂ ਇੱਕ ਏਂ।..."

"ਪਰ ਹੁਣ ਮੈਂ ਖੁੱਲ੍ਹ ਕੇ ਗੱਲ ਕਰਦੀ ਵਾਂ," ਮਾਂ ਨੇ ਗੱਲ ਜਾਰੀ ਰੱਖੀ। "ਮੈਂ ਖੁੱਲ੍ਹ ਕੇ ਗੱਲ ਕਰਦੀ ਵਾਂ ਤੇ ਆਪਣੀ ਗੱਲ ਸੁਣਦੀ ਵਾਂ ਅਤੇ ਮੈਨੂੰ ਆਪਣੇ ਕੰਨਾਂ ਉੱਤੇ ਔਖੇ ਹੀ ਇਤਬਾਰ ਆਉਂਦੈ। ਸਾਰੀ ਉਮਰ ਮੈਂ ਇੱਕੋ ਗੱਲ ਬਾਰੇ ਸੋਚਦੀ ਰਹੀ—ਹਰ ਨਵੇਂ ਦਿਨ ਤੋਂ ਕਿਵੇਂ ਖਹਿੜਾ ਛੁਡਾਇਆ ਜਾਵੇ, ਕਿਵੇਂ ਕਿਸੇ ਦੀ ਨਿਗਾਹ ਵਿੱਚ ਆਏ ਬਿਨਾਂ ਜੀਵਿਆ ਜਾਵੇ ਤਾਂ ਜੁ ਕੋਈ ਮੈਨੂੰ ਹੱਥ ਨਾ ਲਾਵੇ। ਪਰ ਹੁਣ ਮੇਰਾ ਮਨ ਹੋਰਨਾਂ ਬਾਰੇ ਸੋਚਾਂ ਨਾਲ਼ ਭਰਿਆ ਹੋਇਐ। ਹੋ ਸਕਦੈ ਮੈਨੂੰ ਤੁਹਾਡੇ ਕਾਜ਼ ਦੀ ਸਮਝ ਨਾ ਹੋਵੇ, ਪਰ ਤੁਸੀਂ ਸਾਰੇ ਮੈਨੂੰ ਪਿਆਰੇ ਲੱਗਦੇ ਓ, ਮੈਂ ਤੁਹਾਡੇ ਸਾਰਿਆਂ ਲਈ ਮਹਿਸੂਸ ਕਰਦੀ ਵਾਂ ਤੇ ਚਾਹੁੰਦੀ ਵਾਂ ਕਿ ਤੁਸੀਂ ਸਾਰੇ ਖੁਸ਼ ਰਹੋ। ਖ਼ਾਸ ਤੌਰ 'ਤੇ ਤੂੰ ਆਂਦਰੀਊਸ਼ਾ!..."

ਉਹ ਉਹਦੇ ਕੋਲ਼ ਆਇਆ।

"ਸ਼ੁਕਰੀਆ," ਉਹਨੇ ਕਿਹਾ।

ਉਹਨੇ ਮਾਂ ਦਾ ਹੱਥ ਆਪਣੇ ਹੱਥ ਵਿੱਚ ਲਿਆ ਅਤੇ ਇਹਨੂੰ ਜ਼ੋਰ ਦੀ ਘੁੱਟਿਆ, ਇਹਨੂੰ ਹਿਲਾਇਆ, ਫਿਰ ਕਾਹਲ ਨਾਲ਼ ਮੁੜਿਆ। ਆਪਣੇ ਜਜ਼ਬਿਆਂ ਦੀ ਝੰਬੀ ਮਾਂ ਹੌਲ਼ੀ ਹੌਲ਼ੀ ਅਤੇ ਚੁੱਪ ਚਾਪ ਗਲਾਸ ਧੋਂਦੀ ਹੋਈ ਆਪਣੇ ਦਿਲ ਦੀ ਬਲ ਦੇਂਦੀ ਅਤੇ ਨਿੱਘ ਬਖ਼ਸ਼ਦੀ ਖੁਸ਼ੀ ਵਿੱਚ ਮਗਨ ਰਹੀ।

"**ਨੈਨਕੋ**, ਤੂੰ ਵੇਸੋਵਸ਼ਚੀਕੋਵ ਨੂੰ ਵੀ ਥੋੜ੍ਹਾ ਪਿਆਰ ਦਿਆ ਕਰ," **ਖੋਖੋਲ** ਨੇ ਕਮਰੇ ਵਿੱਚ ਟਹਿਲਦੇ ਹੋਏ ਕਿਹਾ। "ਉਹਦਾ ਪਿਉ ਜੇਲ੍ਹ ਵਿੱਚ ਏ, ਨਿਕੰਮਾ ਬੁੱਢਾ! ਜਦੋਂ ਕਦੇ ਬਾਰੀ ਵਿੱਚ ਉਹ ਨਿਕੋਲਾਈ ਦੀ ਨਜ਼ਰੀ ਪੈਂਦੈ, ਉਹ ਗਾਹਲਾਂ ਕੱਢਣ ਲੱਗ ਪੈਂਦਾ। ਅਜਿਹਾ ਕਰਨਾ ਮਾੜੀ ਗੱਲ ਏ! ਨਿਕੋਲਾਈ ਦਿਆਲ ਸੁਭਾ ਦਾ ਏ, ਉਹ ਕੁੱਤਿਆਂ, ਚੂਹਿਆਂ ਤੇ ਸਭ ਤਰ੍ਹਾਂ ਦੇ ਜਾਨਵਰਾਂ ਨੂੰ ਪਿਆਰ ਕਰਦੈ, ਪਰ ਉਹ ਲੋਕਾਂ ਨੂੰ ਨਫ਼ਰਤ ਕਰਦੈ! ਜ਼ਰਾ ਵੇਖ ਮਨੁੱਖ ਕਿਹੋ ਜਿਹਾ ਬਣ ਸਕਦੈ!"

"ਉਹਦੀ ਮਾਂ ਹੈ ਨਹੀਂ।... ਉਹਦਾ ਪਿਉ ਚੋਰ ਏ ਤੇ ਪਿਅਕੜ।..." ਮਾਂ ਨੇ ਸੋਚਦੇ ਹੋਏ ਕਿਹਾ।

ਜਦੋਂ ਆਂਦਰੇਈ ਸੌਣ ਲਈ ਗਿਆ ਤਾਂ ਮਾਂ ਨੇ ਚੋਰੀ ਚੋਰੀ ਉਹਦੇ ਉੱਤੇ ਸਲੀਬ ਦਾ ਨਿਸ਼ਾਨ ਬਣਾਇਆ ਅਤੇ ਜਦੋਂ ਉਹਨੂੰ ਬਿਸਤਰੇ ਵਿੱਚ ਲੇਟਿਆਂ ਅੱਧਾ ਘੰਟਾ ਹੋ ਗਿਆ ਸੀ ਤਾਂ ਮਾਂ ਨੇ ਸਹਿਜ ਨਾਲ਼ ਪੁੱਛਿਆ:

"ਸੌਂ ਗਿਐ, ਆਂਦਰੀਊਸ਼ਾ?"

"ਨਹੀਂ, ਕਿਉਂ ?"

"ਸ਼ੁਭ ਰਾਤਰੀ।"

"ਸ਼ੁਕਰੀਆ, **ਨੈਨਕੋ** ! ਸ਼ੁਕਰੀਆ," ਉਹਨੇ ਸ਼ੁਕਰਾਨੇ ਨਾਲ਼ ਕਿਹਾ।

## 17

ਅਗਲੇ ਦਿਨ ਜਦੋਂ ਪੇਲਾਗੀਆ ਕਾਰਖ਼ਾਨੇ ਦੇ ਗੇਟ ਉੱਤੇ ਆਈ ਤਾਂ ਸੰਤਰੀਆਂ ਨੇ ਉਹਨੂੰ ਬਦਤਮੀਜ਼ੀ ਨਾਲ਼ ਰੋਕ ਲਿਆ, ਉਹਨੂੰ ਆਪਣੀਆਂ ਟੋਕਰੀਆਂ ਭੁੰਜੇ ਰੱਖਣ ਦਾ ਹੁਕਮ ਦਿੱਤਾ ਤੇ ਪੂਰੀ ਤਰ੍ਹਾਂ ਤਲਾਸ਼ੀ ਲਈ।

"ਸਭ ਕੁਝ ਠੰਢਾ ਹੋ ਜਾਏਗਾ !" ਜਦੋਂ ਉਹ ਉਹਦੇ ਕੱਪੜੇ ਖਰ੍ਹਵੇ ਢੰਗ ਨਾਲ਼ ਟੋਹ ਰਹੇ ਸਨ ਤਾਂ ਮਾਂ ਨੇ ਰੋਸ ਪ੍ਰਗਟ ਕੀਤਾ।

"ਬਕਵਾਸ ਬੰਦ ਕਰ !" ਸੰਤਰੀ ਭਬਕਿਆ।

"ਮੈਂ ਜੁ ਤੈਨੂੰ ਕਿਹੈ, ਉਹ ਜੰਗਲੇ ਦੇ ਉੱਪਰੋਂ ਸੁੱਟਦੇ ਨੇ," ਇੱਕ ਹੋਰ ਸੰਤਰੀ ਨੇ ਮਾਂ ਨੂੰ ਮੋਢੇ ਤੋਂ ਹੌਲ਼ੀ ਜਿਹੇ ਧੱਕਾ ਦੇਂਦੇ ਹੋਏ ਕਿਹਾ।

ਜਦੋਂ ਉਹ ਕਾਰਖ਼ਾਨੇ ਦੇ ਹਾਤੇ ਵਿੱਚ ਦਾਖ਼ਲ ਹੋਈ ਤਾਂ ਸਭ ਤੋਂ ਪਹਿਲਾਂ ਬੁੱਢਾ ਸਿਜ਼ੋਵ ਉਹਦੇ ਵੱਲ ਆਇਆ।

"ਤੂੰ ਕੁਝ ਸੁਣਿਐ, ਮਾਂ ?" ਉਹਨੇ ਆਲੇ ਦੁਆਲੇ ਨਿਗਾਹ ਮਾਰ ਕੇ ਹੌਲ਼ੀ ਜਿਹੀ ਕਿਹਾ।

"ਕੀ ?"

"ਉਹ ਇਸ਼ਤਿਹਾਰ ! ਉਹ ਫਿਰ ਆ ਗਏ ਨੇ ! ਹਰ ਥਾਂ ਸੁੱਟੇ ਪਏ ਸਨ, ਰੋਟੀ ਉੱਤੇ ਛਿੜਕੇ ਲੂਣ ਵਾਂਗ। ਲੈ ਲੈਣ ਤਲਾਸ਼ੀਆਂ ਤੇ ਕਰ ਲੈਣ ਗ੍ਰਿਫ਼ਤਾਰੀਆਂ ! ਉਹਨਾਂ ਮੇਰੇ ਭਣੇਵੇਂ ਮਾਜ਼ੀਨ ਨੂੰ ਜੇਲ੍ਹ ਵਿੱਚ ਸੁੱਟ ਦਿੱਤੈ, ਪਰ ਕਾਹਦੇ ਲਈ ? ਉਹ ਤੇਰੇ ਪੁੱਤਰ ਨੂੰ ਵੀ ਲੈ ਗਏ, ਪਰ ਹੁਣ ਸਾਰਿਆਂ ਨੂੰ ਪਤਾ ਲੱਗ ਗਿਐ ਕਿ ਇਹ ਉਹਨਾਂ ਦਾ ਕੰਮ ਨਹੀਂ ਸੀ !"

ਉਹਨੇ ਆਪਣੀ ਦਾੜ੍ਹੀ ਫੜ ਲਈ ਅਤੇ ਮਾਂ ਵੱਲ ਵੇਖਿਆ ਅਤੇ ਉਸ ਤੋਂ ਵਿਦਿਆ ਹੁੰਦਿਆਂ ਬੋਲਿਆ:

"ਤੂੰ ਮੈਨੂੰ ਮਿਲਣ ਕਿਉਂ ਨਹੀਂ ਆਉਂਦੀ ? ਇਕੱਲੀ ਨੂੰ ਤੈਨੂੰ ਜ਼ਰੂਰ ਇਕਲਾਪਾ ਲੱਗਦਾ ਹੋਣੈ ?"

ਮਾਂ ਨੇ ਉਹਦਾ ਸ਼ੁਕਰੀਆ ਅਦਾ ਕੀਤਾ ਅਤੇ ਆਪਣੇ ਮਾਲ ਦਾ ਹੋਕਾ ਦੇਣ ਲੱਗ ਪਈ, ਉਹਨੇ ਕਾਰਖ਼ਾਨੇ ਵਿੱਚ ਅਸਧਾਰਨ ਹਿਲ ਜੁਲ ਵੱਲ ਧਿਆਨ ਦਿੱਤਾ। ਸਾਰੇ ਉਤੇਜਤ ਸਨ। ਕਿਰਤੀ ਟੋਲੀਆਂ ਵਿੱਚ ਇਕੱਠੇ ਹੁੰਦੇ, ਫਿਰ ਖਿੰਡ ਜਾਂਦੇ, ਨੱਠਦੇ ਹੋਏ ਇੱਕ ਖਾਤੇ ਤੋਂ ਦੂਜੇ ਵਿੱਚ ਜਾਂਦੇ। ਇਸ ਧੁਆਂਖੀ ਹਵਾ ਵਿੱਚ ਉਹਨੂੰ ਕੁਝ ਟਹਿਕਦਾ ਅਤੇ ਬਹਾਦਰ ਭਾਸਿਆ। ਕਦੀ ਕਦੀ ਕਾਟਵੀਆਂ ਟਿਚਕਰਾਂ ਅਤੇ ਹੱਲਾਸ਼ੇਰੀ ਦੇ ਨਾਹਰੇ ਸੁਣਾਈ ਦੇਂਦੇ। ਵਡੇਰੀ ਉਮਰ ਦੇ ਕਿਰਤੀ ਚੋਰੀ ਚੋਰੀ ਮੁਸਕ੍ਰਾਉਂਦੇ। ਮਾਲਕ ਚਿੰਤਾ ਭਰੇ ਮੂੰਹ ਲਈ ਲੰਘਦੇ। ਪੁਲਸੀਏ ਇੱਧਰ ਉੱਧਰ ਦੌੜਦੇ ਅਤੇ ਜਦੋਂ ਕਿਰਤੀਆਂ ਦੀਆਂ ਟੋਲੀਆਂ ਉਹਨਾਂ ਨੂੰ ਵੇਖਦੀਆਂ ਤਾਂ ਟਹਿਲਦੇ ਹੋਏ ਉੱਥੋਂ

ਚਲੇ ਜਾਂਦੇ ਜਾਂ ਗੱਲਾਂ ਬੰਦ ਕਰ ਦੇਂਦੇ ਅਤੇ ਚੁੱਪ ਚਾਪ ਆਪਣੀਆਂ ਅੱਖਾਂ ਗੁੱਸੇ ਹੋਏ, ਛਿਥੇ ਪਏ ਮੂੰਹਾਂ ਉੱਤੇ ਗੱਡ ਦੇਂਦੇ।

ਕਿਰਤੀਆਂ ਦੇ ਮੂੰਹ ਧੋਤੇ ਜਾਪਦੇ ਸਨ। ਲੰਮਾ ਵਡੇਰਾ ਗੁਸੇਵ ਉਹਦੀ ਨਜ਼ਰੀ ਪਿਆ, ਉਹਦਾ ਹੱਸਦਾ ਭਰਾ ਉਹਦੀ ਪੈੜ ਦੱਬਦਾ ਟੁਰਿਆ ਆਉਂਦਾ ਸੀ।

ਤਰਖ਼ਾਣੇ ਖ਼ਾਤੇ ਦਾ ਫ਼ੋਰਮੈਨ ਵਾਵੀਲੋਵ ਤੇ ਟਾਈਮ–ਕੀਪਰ ਇਸਾਈ ਹੌਲ਼ੀ ਹੌਲ਼ੀ ਟੁਰਦੇ ਲੰਘੇ। ਛੀਟਕੇ ਜਿਹੇ ਟਾਈਪ–ਕੀਪਰ ਨੇ ਆਪਣਾ ਸਿਰ ਉੱਪਰ ਚੁੱਕਿਆ ਹੋਇਆ ਤੇ ਇੱਕ ਪਾਸੇ ਮੋੜਿਆ ਹੋਇਆ ਸੀ ਤਾਂ ਜੁ ਉਹ ਚਪੜ ਚਪੜ ਗੱਲਾਂ ਕਰਦਾ ਆਪਣੀ ਰੱਸੀਆਂ ਜਿਹੀ ਦਾੜ੍ਹੀ ਹਿਲਾਉਂਦਾ ਫ਼ੋਰਮੈਨ ਦਾ ਕਰੜਾ ਅਤੇ ਹੈਂਕੜੀ ਮੂੰਹ ਚੰਗੀ ਤਰ੍ਹਾਂ ਵੇਖ ਸਕੇ।

"ਈਵਾਨ ਈਵਾਨੋਵਿਚ, ਉਹਨਾਂ ਤਾਂ ਇਹ ਮਖ਼ੌਲ ਈ ਬਣਾ ਲਿਐ। ਜਾਪਦੈ ਇਹਦੇ ਵਿੱਚ ਉਹਨਾਂ ਨੂੰ ਸਵਾਦ ਆਉਂਦੈ, ਭਾਵੇਂ ਕਿ ਜਿਵੇਂ ਸਤਿਕਾਰੇ ਡਾਇਰੈਕਟਰ ਨੇ ਕਿਹਾ ਸੀ, ਇਹਦਾ ਮਤਲਬ ਰਾਜ ਦੀ ਤਬਾਹੀ ਏ। ਗੋਡੀ ਨਾਲ਼ ਕੰਮ ਨਹੀਂ ਬਣਨਾ, ਸਭ ਕੁਝ ਹੱਲ ਵਾਹ ਕੇ ਦੱਬ ਦੇਣ ਦੀ ਲੋੜ ਏ।..."

ਵਾਵੀਲੋਵ ਆਪਣੇ ਹੱਥ ਪਿੱਠ ਪਿੱਛੇ ਕਰੀ ਚਲਦਾ ਗਿਆ, ਉਹਨੇ ਘੁੱਟ ਕੇ ਆਪਣੀਆਂ ਉਂਗਲਾਂ ਦੀ ਕੰਘੀ ਪਾਈ ਹੋਈ ਸੀ।

"ਕੁੱਤੀ ਦਿਆਂ ਪੁੱਤਰਾ ਕਰੀ ਜਾ ਕੰਮ ਤੇ ਛਾਪ ਜੋ ਤੇਰਾ ਜੀਅ ਕਰੇ!" ਉਹਨੇ ਉੱਚੀ ਅਵਾਜ਼ ਵਿੱਚ ਕਿਹਾ। "ਪਰ ਮੇਰੀ ਬਾਬਤ ਕੁਸਕੀਂ ਵੀ ਨਾ!"

ਵਾਸੀਲੀ ਗੁਸੇਵ ਮਾਂ ਕੋਲ਼ ਆਇਆ।

"ਮਾਂ ਮੇਰਾ ਖ਼ਿਆਲ ਏ ਮੈਂ ਤੇਰਾ ਖਾਣਾ ਇੱਕ ਵਾਰ ਫਿਰ ਖਾਵਾਂਗਾ। ਤੇਰਾ ਖਾਣਾ ਚੰਗਾ ਏ," ਉਹਨੇ ਕਿਹਾ, ਆਪਣੀ ਅਵਾਜ਼ ਨੀਵੀਂ ਕਰਕੇ ਤੇ ਅੱਖਾਂ ਸੰਗੋੜ ਕੇ ਉਹਨੇ ਵਾਧਾ ਕੀਤਾ:

"ਐਨ ਉਹੋ ਜਿਸਦੀ ਸਾਨੂੰ ਲੋੜ ਸੀ।... ਸੋਹਣਾ ਕੰਮ ਏ, ਮਾਂ!"

ਮਾਂ ਨੇ ਪਿਆਰ ਨਾਲ਼ ਸਿਰ ਹਿਲਾਇਆ। ਉਹਨੂੰ ਇਸ ਗੱਲ 'ਤੇ ਖ਼ੁਸ਼ੀ ਸੀ ਕਿ ਇਹ ਬੰਦਾ, ਜਿਹੜਾ ਸਾਰੀ ਬਸਤੀ ਵਿੱਚ ਸਭ ਤੋਂ ਵੱਡਾ ਖ਼ਰੂਦੀ ਸਮਝਿਆ ਜਾਂਦਾ ਸੀ, ਉਹਦੇ ਨਾਲ਼ ਸਤਿਕਾਰ ਨਾਲ਼ ਗੱਲ ਕਰ ਰਿਹਾ ਸੀ। ਉਹ ਕਾਰਖ਼ਾਨੇ ਵਿੱਚ ਫੈਲੇ ਜੋਸ਼ 'ਤੇ ਵੀ ਖੁਸ਼ ਸੀ ਅਤੇ ਸੋਚਦੀ ਰਹੀ:

"ਜੇ ਮੈਂ ਨਾ ਹੁੰਦੀ।..."

ਤਿੰਨ ਅਣਸਿੱਖੇ ਮਜ਼ਦੂਰ ਮਾਂ ਤੋਂ ਥੋੜ੍ਹੀ ਦੂਰ ਰੁਕੇ।

"ਕਿਧਰੇ ਵੀ ਨਹੀਂ ਲੱਭਾ," ਉਹਨਾਂ ਵਿੱਚੋਂ ਇੱਕ ਨੇ ਪੋਲੇ ਜਿਹੇ ਅਫ਼ਸੋਸੇ ਢੰਗ ਨਾਲ਼ ਕਿਹਾ।

"ਮੈਂ ਸੁਣਨਾ ਚਾਹੁੰਦਾਂ ਇਹਦੇ ਵਿੱਚ ਕੀ ਏ! ਮੈਨੂੰ ਆਪ ਤਾਂ ਪੜ੍ਹਨਾ ਨਹੀਂ ਆਉਂਦਾ, ਪਰ ਇਹ ਸਾਫ਼ ਏ ਤੀਰ ਨਿਸ਼ਾਨੇ ਉੱਤੇ ਲੱਗੈ," ਇੱਕ ਹੋਰ ਨੇ ਕਿਹਾ।

"ਚਲੋ ਬੈਲਰ ਕਮਰੇ ਵਿੱਚ ਚੱਲੀਏ," ਤੀਜੇ ਨੇ ਆਲੇ ਦੁਆਲੇ ਵੇਖਦੇ ਹੋਏ ਕਿਹਾ।

ਗੁਸੇਵ ਨੇ ਮਾਂ ਵੱਲ ਵੇਖ ਕੇ ਅੱਖ ਮਾਰੀ।

"ਵੇਖਣੀ ਏਂ ਕੀ ਪਿਆ ਹੁੰਦੈ ?" ਉਹਨੇ ਕਿਹਾ।

ਪੇਲਾਗੀਆ ਬੜੇ ਚੰਗੇ ਰੌਂਅ ਵਿੱਚ ਘਰ ਮੁੜੀ।

"ਲੋਕਾਂ ਨੂੰ ਅਫ਼ਸੋਸ ਏ ਕਿ ਉਹਨਾਂ ਨੂੰ ਪੜ੍ਹਨਾ ਨਹੀਂ ਆਉਂਦਾ," ਉਹਨੇ ਆਂਦਰੇਈ ਨੂੰ ਕਿਹਾ। "ਜਦੋਂ ਮੈਂ ਜਵਾਨ ਸਾਂ ਤਾਂ ਮੈਨੂੰ ਪੜ੍ਹਨਾ ਆਉਂਦਾ ਸੀ, ਪਰ ਮੈਂ ਭੁੱਲ ਗਈ ਵਾਂ।..."

"ਸਿੱਖ ਕਿਉਂ ਨਹੀਂ ਲੈਂਦੀ ?"

"ਮੇਰੀ ਉਮਰੇ ? ਬਸ ਆਪਣੇ ਆਪ ਦਾ ਮੌਜੂ ਬਣਾਉਣ ਲਈ ?"

ਪਰ ਆਂਦਰੇਈ ਨੇ ਫੱਟੇ ਤੋਂ ਇੱਕ ਕਿਤਾਬ ਚੁੱਕੀ ਅਤੇ ਜਿਲਦ ਉੱਤੇ ਇੱਕ ਅੱਖਰ ਵੱਲ ਇਸ਼ਾਰਾ ਕੀਤਾ।

"ਇਹ ਕੀ ਏ ?" ਉਹਨੇ ਪੁੱਛਿਆ।

" 'ਆਰ'," ਮਾਂ ਨੇ ਮੁਸਕਰਾ ਕੇ ਜਵਾਬ ਦਿੱਤਾ।

"ਅਤੇ ਇਹ ?"

" 'ਏ'।..."

ਉਹ ਕਾਹਲੀ ਵੀ ਪੈ ਰਹੀ ਸੀ ਅਤੇ ਖਿਝੀ ਵੀ ਹੋਈ ਸੀ। ਉਹਨੂੰ ਇਉਂ ਜਾਪਿਆ ਕਿ ਚੋਰੀ ਚੋਰੀ ਆਂਦਰੇਈ ਦੀਆਂ ਅੱਖਾਂ ਉਹਦਾ ਠੱਠਾ ਉੱਡਾ ਰਹੀਆਂ ਹਨ ਅਤੇ ਉਹ ਉਹਦੇ ਨਾਲ਼ ਅੱਖ ਮਿਲਾਉਣੋਂ ਕਤਰਾਉਂਦੀ। ਪਰ ਉਹਦੀ ਅਵਾਜ਼ ਨਰਮ ਅਤੇ ਸ਼ਾਂਤ ਸੀ ਅਤੇ ਉਹਦਾ ਮੂੰਹ ਗੰਭੀਰ ਸੀ।

"ਕੀ ਤੂੰ ਸੱਚਮੁਚ ਮੈਨੂੰ ਪੜ੍ਹਾਉਣ ਦੀ ਸੋਚ ਰਿਹੈਂ, ਆਂਦਰੀਊਸ਼ਾ ?" ਉਹਨੇ ਨਿੱਕਾ ਜਿਹਾ ਆਪਮੁਹਾਰਾ ਹਾਸਾ ਹੱਸ ਕੇ ਕਿਹਾ।

"ਕਿਉਂ ਨਹੀਂ ?" ਉਹਨੇ ਜਵਾਬ ਦਿੱਤਾ। "ਜੇ ਤੈਨੂੰ ਜਾਂਚ ਆਉਂਦੀ ਸੀ ਤਾਂ ਇਹ ਸੌਖਿਆਂ ਹੀ ਮੁੜ ਆਵੇਗੀ। ਜਿਵੇਂ ਅਖਾਣ ਏ ਜਤਨ ਕਰਨ ਨਾਲ਼ ਕੁਝ ਨਹੀਂ ਵਿਗੜਦਾ!"

"ਪਰ ਇੱਕ ਹੋਰ ਅਖਾਣ ਵੀ ਤਾਂ ਹੈ: 'ਤੁਸੀਂ ਪਵਿੱਤਰ ਮੂਰਤੀ ਵੱਲ ਤਕ ਕੇ ਸੰਤ ਨਹੀਂ ਬਣ ਸਕਦੇ।' "

"ਹੂੰ," **ਖੋਖੋਲ** ਨੇ ਸਿਰ ਹਿਲਾਇਆ। "ਅਖਾਣ ਤਾਂ ਅਨੇਕਾਂ ਨੇ। ਮਿਸਾਲ ਵਜੋਂ, 'ਜਿੰਨਾ ਘੱਟ ਤੁਹਾਡਾ ਗਿਆਨ ਹੋਵੇਗਾ, ਉੱਨੀ ਸੋਹਣੀ ਨੀਂਦ ਤੁਸੀਂ ਸੰਵੋਗੇ।' ਪਰ ਇਹ ਤਾਂ ਬਸ ਢਿੱਡ ਦਾ ਹੀ ਵਿਚਾਰ ਏ, ਰੂਹ ਨੂੰ ਅਜਿਹੇ ਢੰਗ ਨਾਲ਼ ਜੋਤ ਲੈਣਾ ਤਾਂ ਜੁ ਇਹਨੂੰ ਵਧੇਰੇ ਸੌਖੀ ਤਰ੍ਹਾਂ ਹੱਕਿਆ ਜਾ ਸਕੇ। ਇਹ ਕਿਹੜਾ ਅੱਖਰ ਏ ?"

" 'ਐਲ'," ਮਾਂ ਨੇ ਕਿਹਾ।

"ਖੂਬ! ਜ਼ਰਾ ਵੇਖ ਇਹ ਅੱਖਰ ਕਿੰਨੇ ਖਿਲਰੇ ਹੋਏ ਨੇ! ਤੇ ਇਹ ?"

ਉਹਨੇ ਭੁੱਲੇ ਅੱਖਰ ਚੇਤੇ ਕਰਨ ਲਈ ਆਪਣੀਆਂ ਅੱਖਾਂ 'ਤੇ ਜ਼ੋਰ ਪਾਇਆ ਅਤੇ ਔਖ ਕਾਰਨ ਮੱਥੇ 'ਤੇ ਵੱਟ ਪਾਏ ਅਤੇ ਅਣਜਾਣੇ ਹੀ ਆਪਣੇ ਆਪ ਨੂੰ ਆਪਣੇ ਜਤਨਾਂ ਦੀ ਪਕੜ ਦੇ ਹਵਾਲੇ ਕਰਦੇ ਹੋਏ ਉਹ ਆਪਣੀਆਂ ਸਾਰੀਆਂ ਮੁਸ਼ਕਲਾਂ ਭੁੱਲ ਗਈ। ਪਰ ਛੇਤੀ ਹੀ ਉਹਦੀਆਂ ਅੱਖਾਂ ਥੱਕ ਗਈਆਂ। ਪਹਿਲਾਂ ਥਕਾਵਟ ਨਾਲ਼ ਅਤੇ ਫਿਰ ਘੋਰ ਨਾਉਮੀਦੀ ਨਾਲ਼

ਉਹਦੀਆਂ ਅੱਖਾਂ ਵਿੱਚੋਂ ਹੰਝੂ ਵਗ ਪਏ।

"ਪੜ੍ਹਨਾ ਪਈ ਸਿਖਦੀ ਏਂ!" ਉਹ ਬਸੂੰਗਰੀ।"ਚਾਲ੍ਹੀਆਂ ਦੀ ਹੋ ਗਈ ਅਤੇ ਏ ਬੀ ਸੀ ਸਿੱਖਦੀ ਪਈ ਵਾਂ!"

"ਰੋ ਨਾ," **ਖੋਖੋਲ** ਨੇ ਸਨੇਹ ਨਾਲ਼, ਨਿੰਮ੍ਹੀ ਅਵਾਜ਼ ਵਿੱਚ ਕਿਹਾ।"ਤੂੰ ਆਪਣੀ ਜ਼ਿੰਦਗੀ ਆਪ ਤਾਂ ਚੁਣ ਨਹੀਂ ਸੈਂ ਸਕਦੀ, ਪਰ ਘੱਟੋ ਘੱਟ ਤੂੰ ਇੰਨਾ ਤਾਂ ਮਹਿਸੂਸ ਕਰ ਲਿਆ ਕਿ ਇਹ ਕਿੰਨੀ ਚੰਦਰੀ ਸੀ। ਜੇ ਉਹ ਕਰ ਸਕਦੇ ਤਾਂ ਹਜ਼ਾਰਾਂ ਲੋਕ ਚੰਗੇਰੀ ਤਰ੍ਹਾਂ ਜਿਊਂਦੇ, ਪਰ ਉਹ ਜਾਨਵਰਾਂ ਵਾਂਗ ਜੀਂਦੇ ਜਾ ਰਹੇ ਹਨ ਤੇ ਇੱਥੋਂ ਤੱਕ ਫੜ ਮਾਰਦੇ ਨੇ ਕਿ ਇਹ ਸ਼ਾਨਦਾਰ ਏ! ਅੱਜ ਇੱਕ ਜਣਾ ਕੰਮ ਕਰਦਾ ਤੇ ਖਾਂਦਾ ਏ ਅਤੇ ਭਲਕੇ ਵੀ ਕੰਮ ਕਰਦਾ ਤੇ ਖਾਂਦਾ ਏ, ਅਤੇ ਆਪਣੀ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਗੁਜ਼ਾਰ ਦੇਂਦੈ—ਬਸ ਕੰਮ ਕਰਦੇ ਤੇ ਰੋਟੀ ਖਾਂਦੇ। ਇਹਦੇ ਵਿੱਚ ਸ਼ਾਨਦਾਰ ਗੱਲ ਕਿਹੜੀ ਏ? ਵਿੱਚ ਵਿੱਚ ਉਹ ਬੱਚੇ ਪੈਦਾ ਕਰ ਲੈਂਦੈ ਤੇ ਉਹ ਉਹਦਾ ਮਨ ਪ੍ਰਚਾਉਂਦੇ ਨੇ, ਇੱਥੋਂ ਤੱਕ ਕਿ ਉਹ ਖਾਣ ਲਈ ਬਹੁਤ ਜ਼ਿਆਦਾ ਮੰਗਣ ਲੱਗ ਪੈਂਦੇ ਨੇ; ਫਿਰ ਉਹ ਗੁੱਸੇ ਹੋ ਜਾਂਦੈ ਤੇ ਉਹਨਾਂ ਨੂੰ ਗਾਹਲਾਂ ਕੱਢਦੈ: 'ਛੇਤੀ ਛੇਤੀ ਵੱਡੇ ਹੋ ਜਾਓ, ਨਿੱਕੇ ਪੇਟੂਓ! ਤੁਹਾਡੇ ਕੰਮ ਕਰਨ ਦਾ ਵੇਲਾ ਆ ਗਿਐ!' ਉਹ ਆਪਣੇ ਬੱਚਿਆਂ ਨੂੰ ਪਾਲਤੂ ਜਾਨਵਰਾਂ ਵਿੱਚ ਤਬਦੀਲ ਕਰਨਾ ਚਾਹੁੰਦਾ ਹੈ, ਪਰ ਉਹ ਆਪਣੇ ਢਿੱਡ ਭਰਨ ਲਈ ਕੰਮ ਕਰਨਾ ਸ਼ੁਰੂ ਕਰ ਦੇਂਦੇ ਨੇ — ਆਪਣੀ ਜ਼ਿੰਦਗੀ ਨੂੰ ਰਬੜ ਦੇ ਕਿਸੇ ਟੋਟੇ ਵਾਂਗ ਖਿੱਚਦੇ ਹੋਏ। ਕੇਵਲ ਉਹੋ ਲੋਕ ਮਨੁੱਖ ਅਖਵਾਉਣ ਯੋਗ ਨੇ ਜਿਹੜੇ ਮਨੁੱਖ ਦਾ ਮਨ ਅਜ਼ਾਦ ਕਰਨ ਲਈ ਕੰਮ ਕਰਦੇ ਨੇ। ਤੇ ਤੂੰ ਵੀ, ਜਿੱਥੋਂ ਤੱਕ ਤੈਥੋਂ ਹੋ ਸਕਦੈ, ਹੁਣ ਇਹੋ ਕਰ ਰਹੀ ਏਂ।"

"ਮੈਂ?" ਉਹਨੇ ਛੁਟਿਆਉਣ ਦੇ ਢੰਗ ਨਾਲ਼ ਸਾਹ ਲਿਆ।"ਮੈਂ ਕੀ ਕਰ ਸਕਦੀ ਵਾਂ?"

"ਇੰਞ ਨਾ ਕਹੁ। ਅਸੀਂ ਮੀਂਹ ਵਾਂਗ ਹਾਂ ਜਿਸਦੀ ਹਰ ਕਣੀ ਬੀਆਂ ਨੂੰ ਪਾਣੀ ਦੇਂਦੀ ਏ। ਤੇ ਜਦੋਂ ਤੂੰ ਪੜ੍ਹਨਾ ਸ਼ੁਰੂ ਕਰ ਦੇਵੇਂਗੀ।..."

ਉਹਨੇ ਹੱਸ ਕੇ ਆਪਣੀ ਗੱਲ ਟੋਕ ਦਿੱਤੀ, ਉੱਠਿਆ ਅਤੇ ਫਰਸ਼ ਉੱਤੇ ਚੱਕਰ ਕੱਟਣ ਲੱਗ ਪਿਆ।

"ਤੈਨੂੰ ਸਿੱਖਣਾ ਹੀ ਪਵੇਗੀ। ਛੇਤੀ ਪਾਵੇਲ ਵੀ ਘਰ ਆ ਜਾਵੇਗਾ ਤੇ ਫਿਰ—ਓਹੋ!"

"ਆਹ, ਆਂਦਰੀਊਸ਼ਾ!" ਮਾਂ ਨੇ ਕਿਹਾ।"ਜਵਾਨੀ ਵਿੱਚ ਹਰ ਗੱਲ ਸੌਖੀ ਹੁੰਦੀ ਏ, ਪਰ ਜਦੋਂ ਤੁਸੀਂ ਬੁਢੇਰੇ ਹੋ ਜਾਓ ਤਾਂ — ਕਿੰਨੀਆਂ ਫ਼ਿਕਰਾਂ, ਕਿੰਨਾ ਥੋੜ੍ਹਾ ਬਲ ਅਤੇ ਦਿਮਾਗ਼ ਤਾਂ ਰਹਿੰਦਾ ਹੀ ਨਹੀਂ!..."

## 18

ਉਸ ਸ਼ਾਮ ਜਦੋਂ **ਖੋਖੋਲ** ਬਾਹਰ ਗਿਆ ਤਾਂ ਮਾਂ ਨੇ ਲਾਲਟੈਨ ਬਾਲੀ ਅਤੇ ਲੰਮੀ ਜੁਰਾਬ ਉਣਨ ਲੱਗ ਪਈ। ਪਰ ਛੇਤੀ ਹੀ ਉਹ ਉੱਠ ਖੜੀ ਹੋਈ, ਜੱਕੋ ਤਕੇ ਵਿੱਚ ਕਮਰੇ ਵਿੱਚ ਘੁੰਮਣ ਲੱਗ ਪਈ, ਰਸੋਈ ਵਿੱਚ ਗਈ, ਦਰਵਾਜ਼ੇ ਨੂੰ ਜੰਦਰਾ ਲਾਇਆ ਅਤੇ ਵਾਪਸ ਆਈ ਤਾਂ ਉਹਦੇ ਭਰਵੱਟੇ ਫਰਕ ਰਹੇ ਸਨ। ਬਾਰੀਆਂ ਅੱਗੇ ਪਰਦੇ ਖਿੱਚ ਕੇ ਉਹਨੇ ਫੱਟੇ ਤੋਂ ਇੱਕ ਕਿਤਾਬ ਚੁੱਕੀ

ਅਤੇ ਫਿਰ ਮੇਜ਼ ਉੱਤੇ ਬਹਿ ਗਈ। ਇੰਨੀ ਸਾਵਧਾਨੀ ਦੇ ਬਾਵਜੂਦ ਉਹ ਕਿਤਾਬ ਉੱਤੇ ਝੁਕਣ ਤੋਂ ਪਹਿਲਾਂ ਚੋਰੀ ਚੋਰੀ ਇੱਧਰ ਉੱਧਰ ਵੇਖਣੋਂ ਨਾ ਰੁੱਕ ਸਕੀ ਅਤੇ ਬੁੱਲ੍ਹ ਹਿਲਾਉਣ ਲੱਗ ਪਈ। ਬਾਹਰੋਂ ਆਉਂਦੀ ਹਰ ਅਵਾਜ਼ 'ਤੇ ਉਹ ਤ੍ਰਭਕ ਪੈਂਦੀ, ਕਿਤਾਬ ਆਪਣੇ ਹੱਥਾਂ ਨਾਲ਼ ਕੱਜ ਲੈਂਦੀ ਅਤੇ ਕੰਨ ਲਾ ਕੇ ਸੁਣਦੀ। ਫਿਰ ਉਹ ਅੱਖਾਂ ਝਮਕਦੇ ਹੋਏ ਆਪਣੇ ਆਪ ਬੁੜ ਬੁੜ ਕਰਨ ਲੱਗ ਪਈ।

" 'ਐਲ' ਤੋਂ ਲੈਟਰ; 'ਬੀ' ਤੋਂ ਬਾਕਸ।..."

ਕਿਸੇ ਨੇ ਬੂਹਾ ਖੜਕਾਇਆ ਅਤੇ ਮਾਂ ਉੱਛਲ ਪਈ, ਕਿਤਾਬ ਫੱਟੇ ਉੱਤੇ ਰੱਖਦੀ ਹੋਈ।

"ਕੌਣ ਏ ?" ਉਹਨੇ ਤੌਖਲੇ ਨਾਲ਼ ਪੁੱਛਿਆ।

"ਮੈਂ ਆਂ।..."

ਰੀਬਿਨ ਗੰਭੀਰਤਾ ਨਾਲ਼ ਆਪਣੀ ਦਾੜ੍ਹੀ ਪਲੋਸਦਾ ਅੰਦਰ ਆਇਆ।

"ਪਹਿਲਾਂ ਕਦੀ 'ਕੌਣ ਏ' ਨਹੀਂ ਸੀ ਪੁੱਛਿਆ," ਉਹਨੇ ਕਿਹਾ। "ਕੱਲੀ ਏਂ ? ਮੇਰਾ ਖ਼ਿਆਲ ਸੀ ਖ਼ੋਖ਼ੋਲ ਘਰੇ ਹੋਵੇਗਾ। ਅੱਜ ਉਹਨੂੰ ਵੇਖਿਆ ਸੀ।... ਜੇਲ੍ਹ ਨੇ ਉਹਦਾ ਕੁਝ ਵਿਗਾੜਿਆ ਨਹੀਂ ਜਾਪਦਾ।"

ਉਹ ਬਹਿ ਗਿਆ ਤੇ ਮਾਂ ਵੱਲ ਮੁੜਿਆ।

"ਆ ਗੱਲਾਂ ਕਰੀਏ।..."

ਉਹਨੇ ਮਾਂ ਵੱਲ ਇੱਕ ਗੰਭੀਰ, ਚੋਰ ਤੱਕਣੀ ਨਾਲ਼ ਤੱਕਿਆ, ਜਿਸ ਨੇ ਉਹਦੇ ਮਨ ਵਿੱਚ ਅਸਪਸ਼ਟ ਤੌਖਲੇ ਜਗਾ ਦਿੱਤੇ।

"ਸਭ ਕਾਸੇ 'ਤੇ ਪੈਸੇ ਲੱਗਦੇ ਨੇ," ਉਹਨੇ ਭਾਰੀ ਅਵਾਜ਼ ਵਿੱਚ ਗੱਲ ਸ਼ੁਰੂ ਕੀਤੀ। "ਜੰਮਣ 'ਤੇ ਪੈਸੇ ਲੱਗਦੇ ਨੇ, ਮਰਨ 'ਤੇ ਪੈਸੇ ਲੱਗਦੇ ਨੇ। ਕਿਤਾਬਾਂ ਤੇ ਇਸ਼ਤਿਹਾਰਾਂ ਉੱਤੇ ਵੀ ਪੈਸੇ ਲੱਗਦੇ ਨੇ। ਤੈਨੂੰ ਪਤੈ ਇਹਨਾਂ ਕਿਤਾਬਾਂ ਲਈ ਪੈਸੇ ਕਿੱਥੋਂ ਔਂਦੇ ਨੇ ?"

"ਨਹੀਂ, ਮੈਨੂੰ ਪਤਾ ਨਹੀਂ," ਮਾਂ ਨੇ ਪੋਲਾ ਜਿਹਾ ਉੱਤਰ ਦਿੱਤਾ, ਉਹਨੇ ਭਾਸ ਲਿਆ ਸੀ ਕਿ ਕੁਝ ਗੜਬੜ ਏ।

"ਮੈਨੂੰ ਵੀ ਪਤਾ ਨਹੀਂ। ਤੇ ਅਗਲਾ ਸੁਆਲ ਏ ਉਹਨਾਂ ਨੂੰ ਲਿਖਦਾ ਕੌਣ ਏ ?"

"ਲੋਕ, ਕਿਤਾਬੀ ਇਲਮ ਵਾਲ਼ੇ ਲੋਕ।..."

"ਸਾਊ ਲੋਕ !" ਰੀਬਿਨ ਨੇ ਕਿਹਾ ਤੇ ਉਹਦਾ ਦੜ੍ਹੀਅਲ ਮੂੰਹ ਕਰੜਾ ਹੋ ਗਿਆ ਅਤੇ ਉਸ ਉੱਤੇ ਗੂੜ੍ਹੀ ਲਾਲੀ ਦੀ ਭਾਹ ਖਿੱਲਰ ਗਈ। "ਇਹਦਾ ਮਤਲਬ ਏ ਸਾਊ ਲੋਕ ਇਹ ਕਿਤਾਬਾਂ ਲਿਖਦੇ ਨੇ ਤੇ ਇਹਨਾਂ ਨੂੰ ਵੰਡ ਦੇਂਦੇ ਨੇ। ਪਰ ਕਿਤਾਬਾਂ ਤਾਂ ਸਾਊਆਂ ਦੇ ਖ਼ਿਲਾਫ਼ ਲਿਖੀਆਂ ਹੁੰਦੀਆਂ ਨੇ। ਹੁਣ ਤੂੰ ਜ਼ਰਾ ਕੋਸ਼ਿਸ਼ ਕਰ ਤੇ ਮੈਨੂੰ ਸਮਝਾ ਕਿ ਉਹਨਾਂ ਦੇ ਆਮ ਲੋਕਾਂ ਨੂੰ ਆਪਣੇ ਖ਼ਿਲਾਫ਼ ਭੜਕਾਉਣ ਲਈ ਪੈਸੇ ਖਰਚਣ ਵਿੱਚ ਕੀ ਰਾਹ ਏ, ਹੈਂ ?

ਮਾਂ ਨੇ ਇੱਕ ਡਰਿਆ ਹੋਇਆ ਹਟਕੋਰਾ ਲਿਆ ਅਤੇ ਅੱਖਾਂ ਝਮਕੀਆਂ।

"ਤੇਰਾ ਕੀ ਖ਼ਿਆਲ ਏ ?"

"ਆਹਾ !" ਰੀਬਿਨ ਨੇ ਰਿੱਛ ਵਾਂਗ ਮੁੜਦੇ ਹੋਏ ਕਿਹਾ। "ਤੂੰ ਆਪਣੀ ਹੀ ਲੈ। ਤੇ ਮੈਂ ਵੀ

— ਜਿਉਂ ਹੀ ਮੈਨੂੰ ਇਹ ਫੁਰਨਾ ਫੁਰਿਆ, ਸਭ ਕੁਝ ਠੰਢਾ ਠਾਰ ਹੋ ਗਿਆ।"

"ਤੂੰ ਕੁਝ ਪਤਾ ਲਾਇਐ ?"

"ਸਭ ਠੱਗੀ ਏ!" ਗੀਬਿਨ ਨੇ ਜਵਾਬ ਦਿੱਤਾ। "ਮੈਨੂੰ ਜਾਪਦੈ ਅਸੀਂ ਮੁੱਠੇ ਗਏ ਹਾਂ। ਸਬੂਤ ਤਾਂ ਮੇਰੇ ਕੋਲ਼ ਕੋਈ ਹੈ ਨਹੀਂ, ਪਰ ਇਹਦੇ ਵਿੱਚ ਧੋਖਾ ਏ। ਇਹੋ ਤਾਂ ਗੱਲ ਏ! ਇਹ ਤੁਹਾਡੇ ਸਾਊ ਲੋਕ ਬੜੇ ਖਚਰੇ ਹੁੰਦੇ ਨੇ। ਮੈਂ ਤਾਂ ਸੱਚ ਭਾਲ ਰਿਹਾਂ। ਤੇ ਹੁਣ ਮੈਂ ਸੱਚ ਲੱਭ ਲਿਐ ਤੇ ਮੈਂ ਸਾਊਆਂ ਦਾ ਹੋਰ ਸਾਥ ਨਹੀਂ ਦੇਣ ਲੱਗਾ। ਜਦੋਂ ਉਹਨਾਂ ਦਾ ਜੀਅ ਕਰੇਗਾ ਉਹ ਮੈਨੂੰ ਹੇਠਾਂ ਡੇਗ ਦੇਣਗੇ ਤੇ ਮੇਰੇ ਉੱਤੋਂ ਇਉਂ ਲੰਘ ਜਾਣਗੇ ਜਿਵੇਂ ਮੈਂ ਕੋਈ ਪੁਲ ਹਾਂ।..."

ਉਹਦੀ ਗੱਲ ਇੱਕ ਬਾਂਕ ਬਣ ਗਈ ਜਿਸਨੇ ਮਾਂ ਦੇ ਦਿਲ ਨੂੰ ਨਪੀੜ ਲਿਆ।

"ਪਿਆਰੇ ਈਸਾ!" ਉਹ ਦੁੱਖ ਨਾਲ਼ ਕੂਕ ਪਈ। "ਕੀ ਇਹ ਹੋ ਸਕਦੈ ਕਿ ਪਾਸ਼ਾ ਨੂੰ ਇਸ ਗੱਲ ਦੀ ਸਮਝ ਨਾ ਹੋਵੇ। ਤੇ ਬਾਕੀ ਸਾਰੇ ਜਿਹੜੇ।..."

ਉਹਦੀਆਂ ਅੱਖਾਂ ਸਾਹਮਣਿਉਂ ਯੇਗੋਰ, ਨਿਕੋਲਾਈ ਈਵਾਨੋਵਿਚ ਅਤੇ ਸਾਸ਼ਾ ਦੇ ਗੰਭੀਰ ਇਮਾਨਦਾਰ ਮੂੰਹ ਲੰਘੇ। ਉਹਦੀ ਨਬਜ਼ ਤਿੱਖੀ ਹੋ ਗਈ।

"ਨਹੀਂ, ਨਹੀਂ!" ਉਹਨੇ ਨਾਂਹ ਵਿੱਚ ਆਪਣਾ ਸਿਰ ਹਿਲਾਉਂਦੇ ਹੋਏ ਕਿਹਾ। "ਮੈਂ ਨਹੀਂ ਮੰਨ ਸਕਦੀ! ਉਹ ਲੋਕ ਜ਼ਮੀਰ ਵਾਲ਼ੇ ਨੇ।"

"ਕਿੰਨ੍ਹਾਂ ਦੀ ਗੱਲ ਕਰਦੀ ਏਂ ?" ਗੀਬਿਨ ਨੇ ਸੋਚਦੇ ਹੋਏ ਕਿਹਾ।

"ਇਹ ਸਾਰੇ ਹੀ।... ਉਹਨਾਂ ਵਿੱਚੋਂ ਇੱਕ ਇੱਕ। ਮੈਂ ਆਪ ਵੇਖਿਐ!"

"ਮਾਂ, ਤੂੰ ਠੀਕ ਥਾਏਂ ਨਹੀਂ ਵੇਖ ਰਹੀ। ਜ਼ਰਾ ਪਰੇਡੇ ਵੇਖ!" ਗੀਬਿਨ ਨੇ ਸਿਰ ਨੀਵਾਂ ਕਰ ਕੇ ਕਿਹਾ। "ਜਿਹੜਾ ਸਾਡੇ ਨਾਲ਼ ਰਲ ਗਏ ਨੇ — ਸ਼ੈਦ ਉਹਨਾਂ ਨੂੰ ਆਪ ਕੁਝ ਪਤਾ ਨਹੀਂ। ਉਹਨਾਂ ਨੂੰ ਯਕੀਨ ਏ ਤੇ ਇਹ ਚੰਗੀ ਗੱਲ ਏ। ਪਰ ਹੋ ਸਕਦੈ ਉਹਨਾਂ ਦੇ ਪਿੱਛੇ ਹੋਰ ਲੋਕ ਖੜੇ ਹੋਣ — ਅਜਿਹੇ ਲੋਕ ਜਿਹੜੇ ਬਸ ਆਪਣਾ ਹੀ ਭਲਾ ਚਾਹੁੰਦੇ ਨੇ। ਬੰਦਾ ਐਵੇਂ ਹੀ ਆਪਣੇ ਖ਼ਿਲਾਫ਼ ਨਹੀਂ ਹੋ ਜਾਂਦਾ।..."

ਫਿਰ ਉਹਨੇ ਕਿਸਾਨ ਦੇ ਜ਼ੱਦੀ ਹੱਠ ਨਾਲ਼ ਕਿਹਾ:

"ਸਾਊਆਂ ਤੋਂ ਕੋਈ ਭਲਾ ਨਹੀਂ ਹੋਣ ਲੱਗਾ!"

"ਤੂੰ ਕੀ ਕਰਨ ਦੀ ਸੋਚ ਰਿਹੈ ?" ਮਾਂ ਨੇ ਪੁੱਛਿਆ। ਇੱਕ ਵਾਰ ਫਿਰ ਉਹਦੇ ਸ਼ੱਕ ਜਾਗ ਪਏ ਸਨ।

"ਮੈਂ ?" ਗੀਬਿਨ ਨੇ ਉਹਦੇ ਵੱਲ ਵੇਖਿਆ, ਰੁਕਿਆ, ਫਿਰ ਬੋਲਿਆ, "ਸਾਨੂੰ ਸਾਊਆਂ ਤੋਂ ਬਚ ਕੇ ਰਹਿਣਾ ਚਾਹੀਦੈ, ਇਹੋ ਤਾਂ ਗੱਲ ਏ।"

ਉਹ ਉਦਾਸ ਅਤੇ ਚੁੱਪ ਸੀ।

"ਮੇਰਾ ਜੀਅ ਕਰਦਾ ਸੀ ਮੁੰਡਿਆਂ ਨਾਲ਼ ਰਲ ਜਾਵਾਂ ਤੇ ਉਹਨਾਂ ਦਾ ਸਾਥ ਦਿਆਂ। ਮੈਂ ਇਹ ਕੰਮ ਕਰਨ ਜੋਗਾ ਵਾਂ। ਮੈਨੂੰ ਪਤੈ ਲੋਕਾਂ ਨੂੰ ਕੀ ਕਹਿਣੈ। ਪਰ ਹੁਣ ਮੈਂ ਜਾ ਰਿਹਾਂ। ਮੇਰਾ ਯਕੀਨ ਉੱਡ ਗਿਐ ਤੇ ਇਸੇ ਲਈ ਮੈਨੂੰ ਜਾਣਾ ਪਵੇਗਾ।"

ਉਹਨੇ ਨੀਵੀਂ ਪਾ ਲਈ ਅਤੇ ਖ਼ਿਆਲਾਂ ਵਿੱਚ ਗੁਆਚ ਗਿਆ।

"ਮੈਂ ਕਲ-ਮੁਕੱਲਾ ਹੀ ਪਿੰਡਾਂ ਤੇ ਪੇਂਡੂ ਇਲਾਕਿਆਂ ਵਿੱਚ ਜਾਵਾਂਗਾ, ਲੋਕਾਂ ਨੂੰ ਹਲੂਣਾਂਗਾ। ਇਹ ਲਾਜ਼ਮੀ ਏ ਕਿ ਉਹ ਸਾਰਾ ਮਾਮਲਾ ਆਪਣੇ ਹੱਥ ਲੈਣ। ਜਦੋਂ ਉਹਨਾਂ ਨੇ ਇੱਕ ਵਾਰ ਸਮਝ ਲਿਆ, ਉਹ ਰਾਹ ਲੱਭ ਲੈਣਗੇ। ਉਹਨਾਂ ਨੂੰ ਸਮਝਾਉਣਾ ਮੇਰਾ ਕੰਮ ਹੋਵੇਗਾ। ਉਹਨਾਂ ਦੀ ਇੱਕੋ ਇੱਕ ਆਸ ਉਹਨਾਂ ਦੇ ਆਪਣੇ ਵਿੱਚ ਏ। ਉਹਨਾਂ ਦੀ ਅਕਲ ਬਸ ਆਪਣੀ ਹੀ ਅਕਲ ਹੈ। ਇਹੋ ਤਾਂ ਗੱਲ ਏ।"

ਮਾਂ ਨੂੰ ਇਸ ਬੰਦੇ ਉੱਤੇ ਤਰਸ ਆਉਣ ਲੱਗ ਪਿਆ ਅਤੇ ਉਹ ਉਹਦੇ ਲਈ ਡਰਨ ਲੱਗ ਪਈ। ਉਹ ਜਿਹੜਾ ਉਹਨੂੰ ਪਹਿਲਾਂ ਭੈੜਾ ਲੱਗਾ ਸੀ, ਹੁਣ, ਪਤਾ ਨਹੀਂ ਕਿਉਂ, ਬਹੁਤ ਪਿਆਰਾ ਲੱਗਣ ਲੱਗ ਪਿਆ।

"ਉਹ ਤੈਨੂੰ ਫੜ ਲੈਣਗੇ," ਮਾਂ ਨੇ ਹੌਲ਼ੀ ਜਿਹੇ ਕਿਹਾ।

ਰੀਬਿਨ ਨੇ ਉਹਦੇ ਵੱਲ ਵੇਖਿਆ ਅਤੇ ਪੋਲੇ ਜਿਹੇ ਜਵਾਬ ਦਿੱਤਾ।

"ਉਹ ਜ਼ਰੂਰ ਫੜ ਲੈਣਗੇ, ਪਰ ਫਿਰ ਉਹ ਮੈਨੂੰ ਛੱਡ ਦੇਣਗੇ ਤੇ ਮੈਂ ਜਾ ਕੇ ਮੁੱਢੋਂ ਸੁੱਢੋਂ ਫਿਰ ਸ਼ੁਰੂ ਕਰ ਦਿਆਂਗਾ।..."

"ਮੁਜ਼ੀਕ* ਆਪ ਤੈਨੂੰ ਬੰਨ੍ਹ ਦੇਣਗੇ। ਉਹ ਤੈਨੂੰ ਜੇਲ੍ਹ ਵਿੱਚ ਸੁੱਟ ਦੇਣਗੇ।..."

"ਮੈਂ ਆਪਣੀ ਕੈਦ ਕੱਟ ਲਵਾਂਗਾ ਤੇ ਬਾਹਰ ਆ ਜਾਵਾਂਗਾ। ਅਤੇ ਫਿਰ ਸ਼ੁਰੂ ਕਰ ਦਿਆਂਗਾ। ਜਿੱਥੋਂ ਤੱਕ ਮੁਜ਼ੀਕਾਂ ਦੀ ਗੱਲ ਏ, ਉਹ ਮੈਨੂੰ ਇੱਕ ਵਾਰ, ਦੂਜੀ ਵਾਰ, ਅਤੇ ਫਿਰ ਬੰਨ੍ਹਣਗੇ ਤੇ ਫਿਰ ਉਹ ਇਹ ਸਮਝਣ ਲੱਗ ਪੈਣਗੇ ਕਿ ਮੈਨੂੰ ਬੰਨ੍ਹਣ ਨਾਲ਼ੋਂ ਮੇਰੀ ਗੱਲ ਸੁਣਨਾ ਚੰਗੇਰਾ ਏ। ਮੈਂ ਕਹਾਂਗਾ: 'ਮੇਰੇ ਉੱਤੇ ਇਤਬਾਰ ਨਾ ਕਰੋ—ਬਸ ਮੇਰੀ ਗੱਲ ਸੁਣੋ।' ਤੇ ਜੇ ਸੁਣਨਗੇ ਤਾਂ ਉਹ ਮੇਰੇ ਉੱਤੇ ਇਤਬਾਰ ਕਰ ਲੈਣਗੇ।"

ਉਹ ਹੌਲ਼ੀ ਹੌਲ਼ੀ ਬੋਲਿਆ, ਜਿਵੇਂ ਬੋਲਣੋਂ ਪਹਿਲਾਂ ਹਰ ਲਫ਼ਜ਼ ਲਈ ਟੋਹ ਰਿਹਾ ਹੋਵੇ।

"ਪਿੱਛੇ ਜਿਹੇ ਤੋਂ ਮੈਂ ਬਹੁਤ ਕੁਝ ਵੇਖਿਆ ਏ। ਅਤੇ ਦੋ ਚਾਰ ਗੱਲਾਂ ਸਿੱਖ ਵੀ ਲਈਆਂ ਨੇ।..."

"ਇਉਂ ਤਾਂ ਤੂੰ ਮਾਰਿਆ ਜਾਵੇਂਗਾ ਮਿਖਾਈਲੋ ਈਵਾਨੋਵਿਚ," ਮਾਂ ਨੇ ਅਫ਼ਸੋਸ ਨਾਲ਼ ਸਿਰ ਹਿਲਾਉਂਦੇ ਹੋਏ ਕਿਹਾ।

ਉਹਨੇ ਆਪਣੀਆਂ ਕਾਲ਼ੀਆਂ, ਧਸੀਆਂ ਹੋਈਆਂ, ਅੱਖਾਂ ਨਾਲ਼ ਮਾਂ ਵੱਲ ਸਵਾਲੀ, ਆਸ ਭਰੇ ਢੰਗ ਨਾਲ਼ ਵੇਖਿਆ। ਉਹਦਾ ਮਜ਼ਬੂਤ ਸਰੀਰ ਅੱਗੇ ਝੁਕਿਆ ਹੋਇਆ ਸੀ, ਉਹਦੇ ਹੱਥਾਂ ਨੇ ਕੁਰਸੀ ਦੀ ਸੀਟ ਨੂੰ ਘੁੱਟ ਕੇ ਫੜਿਆ ਹੋਇਆ ਸੀ ਅਤੇ ਉਹਦੀ ਦਾੜ੍ਹੀ ਦੇ ਕਾਲ਼ੇ ਚੌਖਟੇ ਵਿੱਚ ਉਹਦਾ ਸਾਂਵਲਾ ਮੂੰਹ ਪੀਲ਼ਾ ਪਿਆ ਸੀ।

"ਯਾਦ ਈ ਈਸਾ ਨੇ ਬੀਜ ਬਾਰੇ ਕੀ ਕਿਹਾ ਸੀ? ਇਹਨੂੰ ਮੁੜ ਜੰਮਣ ਤੋਂ ਪਹਿਲਾਂ ਮਰਨਾ ਪੈਂਦੈ। ਪਰ ਮੌਤ ਮੈਨੂੰ ਬਹੁਤ ਛੇਤੀ ਫੜ ਨਹੀਂ ਸਕਣ ਲੱਗੀ। ਮੈਂ ਵੀ ਪੁਰਾਣਾ ਘਾਗ ਵਾਂ!"

ਉਹ ਆਪਣੀ ਕੁਰਸੀ ਵਿੱਚ ਹਿੱਲਿਆ ਤੇ ਕਾਹਲ ਕੀਤੇ ਬਿਨਾਂ ਉੱਠਿਆ।

"ਚੰਗਾ, ਸ਼ਰਾਬਖ਼ਾਨੇ ਜਾਨਾਂ ਤੇ ਉੱਥੇ ਥੋੜ੍ਹੀ ਦੇਰ ਹੋਰਨਾਂ ਨਾਲ਼ ਬੈਠਾਂਗਾ। **ਖੋਖੋਲ** ਤਾਂ

---

* ਸਧਾਰਨ ਕਿਸਾਨ — **ਅਨੁ:**

ਆਉਂਦਾ ਜਾਪਦਾ ਨਹੀਂ। ਪੁਰਾਣਾ ਕੰਮ ਫਿਰ ਸ਼ੁਰੂ ਕਰ ਦਿੱਤਾ ਸੂ ?"

"ਹਾਂ," ਮਾਂ ਨੇ ਮੁਸਕਰਾ ਕੇ ਜਵਾਬ ਦਿੱਤਾ।

"ਚੰਗਾ! ਉਹਨੂੰ ਮੇਰੇ ਆਉਣ ਬਾਰੇ ਦੱਸੀਂ।..."

ਉਹ ਹੌਲ਼ੀ ਹੌਲ਼ੀ ਚਲਦੇ ਰਸੋਈ ਵਿੱਚ ਗਏ, ਨਾਲ਼ ਨਾਲ਼, ਇੱਕ ਦੂਜੇ ਵੱਲ ਵੇਖੇ ਬਿਨਾਂ ਗੱਲਾਂ ਕਰਦੇ।

"ਚੰਗਾ, ਰੱਬ ਰਾਖਾ।"

"ਰੱਬ ਰਾਖਾ। ਕਾਰਖ਼ਾਨੇ ਵਿੱਚ ਨੋਟਿਸ ਕਦੋਂ ਦੇਵੇਂਗਾ ?"

"ਮੈਂ ਪਹਿਲਾਂ ਹੀ ਦੇ ਦਿੱਤੈ।"

"ਤੇ ਜਾਵੇਂਗਾ ਕਦੋਂ ?"

"ਭਲਕੇ। ਸਵੇਰੇ ਸਵੱਖਤੇ। ਰੱਬ ਰਾਖਾ!"

ਭੱਦੀ ਤਰ੍ਹਾਂ ਅਤੇ ਅਣਮੰਨਵੇਂ ਢੰਗ ਨਾਲ਼ ਰੀਬਿਨ ਝੁਕ ਕੇ ਦਰਵਾਜ਼ੇ ਵਿੱਚੋਂ ਡਿਉਢੀ ਵਿੱਚ ਗਿਆ। ਮਿੰਟ ਕੁ ਭਰ ਮਾਂ ਉਹਦੇ ਭਾਰੇ ਕਦਮਾਂ ਦੀ ਅਵਾਜ਼ ਅਤੇ ਆਪਣੇ ਮਨ ਵਿੱਚ ਉੱਠਦੇ ਵਸ-ਵਸਿਆਂ ਨੂੰ ਸੁਣਦੀ ਰਹੀ। ਫਿਰ ਉਹ ਚੁੱਪ ਚਾਪ ਮੁੜੀ, ਦੂਜੇ ਕਮਰੇ ਵਿੱਚ ਗਈ ਅਤੇ ਬਾਰੀ ਦਾ ਪਰਦਾ ਚੁੱਕਿਆ ਅਤੇ ਬਾਹਰ ਝਾਕਿਆ। ਬਾਹਰ ਹਨੇਰਾ ਸੀ।

"ਮੈਂ ਤਾਂ ਰਾਤ ਨੂੰ ਜਿਊਂਦੀ ਵਾਂ," ਉਹਨੇ ਸੋਚਿਆ।

ਉਹਨੂੰ ਇਸ ਕੁਰਬ ਵਾਲ਼ੇ ਮੂਜ਼ੀਕ 'ਤੇ ਤਰਸ ਆ ਰਿਹਾ ਸੀ, ਜਿਹੜਾ ਇੰਨਾ ਚੌੜਾ ਅਤੇ ਮਜ਼ਬੂਤ ਸੀ।

ਆਂਦਰੇਈ ਬੜੇ ਸੁਹਣੇ ਰੌਂਅ ਵਿੱਚ ਘਰ ਮੁੜਿਆ।

ਮਾਂ ਨੇ ਉਹਨੂੰ ਰੀਬਿਨ ਦੇ ਆਉਣ ਬਾਰੇ ਦੱਸਿਆ।

"ਇਨਸਾਫ਼ ਲਈ ਕੂਕਦੇ ਤੇ ਲੋਕਾਂ ਵਿੱਚ ਹਲਚਲ ਪੈਦਾ ਕਰਦੇ ਉਹਨੂੰ ਪਿੰਡਾਂ ਵਿੱਚ ਟੱਕਰਾਂ ਮਾਰਨ ਦਿਓ," ਆਂਦਰੇਈ ਨੇ ਕਿਹਾ। "ਸਾਡੇ ਨਾਲ਼ ਨਿਬਾਹ ਕਰਨਾ ਉਹਦੇ ਲਈ ਔਖਾ ਏ। ਉਹਦਾ ਸਿਰ ਮੂਜ਼ੀਕ ਖ਼ਿਆਲਾਂ ਨਾਲ਼ ਭਰਿਆ ਹੋਇਆ ਏ। ਉੱਥੇ ਸਾਡੇ ਖ਼ਿਆਲਾਂ ਲਈ ਥਾਂ ਹੀ ਨਹੀਂ।..."

"ਉਹਨੇ ਸਾਊ ਲੋਕਾਂ ਦੀ ਗੱਲ ਕੀਤੀ। ਉਹਦੀ ਗੱਲ ਵਿੱਚ ਕੁਝ ਵਜ਼ਨ ਏ," ਮਾਂ ਨੇ ਸੰਭਲ ਕੇ ਗੱਲ ਕੀਤੀ। "ਧਿਆਨ ਰੱਖੀਂ, ਉਹ ਤੈਨੂੰ ਉੱਲੂ ਨਾ ਬਣਾ ਲੈਣ!"

"ਉਹ ਤੇਰੇ ਨਾਲ਼ ਕੋਈ ਗ਼ਲਤ ਵਿਹਾਰ ਕਰਦੇ ਨੇ ?" **ਖੋਖੋਲ** ਹੱਸਿਆ। "ਆਹ ਨੈਨਕੋ— ਪੈਸਾ! ਜੇ ਕਿਤੇ ਸਾਡੇ ਕੋਲ਼ ਪੈਸਾ ਹੁੰਦਾ! ਅਜੇ ਤੱਕ ਅਸੀਂ ਹੋਰਨਾਂ ਦੇ ਸਹਾਰੇ ਕੰਮ ਚਲਾ ਰਹੇ ਵਾਂ। ਮਿਸਾਲ ਵਜੋ, ਨਿਕੋਲਾਈ ਈਵਾਨੋਵਿਚ ਨੂੰ ਪੰਝਤਰ ਰੂਬਲ ਮਿਲਦੇ ਨੇ, ਉਹ ਸਾਨੂੰ ਪੰਜਾਹ ਦੇਂਦਾ ਏ। ਹੋਰ ਵੀ ਇਸੇ ਤਰ੍ਹਾਂ ਕਰਦੇ ਨੇ।... ਕਈ ਵਾਰ ਅੱਧ-ਭੁੱਖੇ ਯੂਨੀਵਰਸਿਟੀ ਦੇ ਵਿਦਿਆਰਥੀ ਸਾਨੂੰ ਕੋਪੀਕ ਕੋਪੀਕ ਕਰਕੇ ਇਕੱਠਾ ਕੀਤਾ ਚੰਦਾ ਭੇਜਦੇ ਨੇ। ਸੱਚ ਤਾਂ ਇਹ ਏ ਕਿ ਕਈ ਤਰ੍ਹਾਂ ਦੇ ਸਾਊ ਲੋਕ ਹੁੰਦੇ ਨੇ। ਕਈ ਤੁਹਾਡਾ ਸਾਥ ਛੱਡ ਜਾਂਦੇ ਨੇ, ਕਈ ਤੁਹਾਨੂੰ ਧੋਖਾ ਦੇਂਦੇ ਨੇ, ਪਰ ਉਹਨਾਂ ਵਿੱਚੋਂ ਸਭ ਤੋਂ ਚੰਗੇ ਆਪਣੀ ਹੋਣੀ ਤੁਹਾਡੇ ਨਾਲ਼ ਜੋੜ ਲੈਂਦੇ ਨੇ।..."

ਉਹਨੇ ਆਪਣੇ ਹੱਥ ਦੀ ਤਾੜੀ ਮਾਰੀ ਅਤੇ ਨਿਸ਼ਚੇ ਨਾਲ਼ ਗੱਲ ਜਾਰੀ ਰੱਖੀ।

"ਸਾਡੀ ਅੰਤਿਮ ਜਿੱਤ ਅਜੇ ਦੂਰ, ਬਹੁਤ ਦੂਰ ਏ, ਪਰ ਤਾਂ ਵੀ ਅਸੀਂ ਮਈ ਦਿਹਾੜੇ ਇੱਕ ਨਿੱਕਾ ਜਿਹਾ ਜਸ਼ਨ ਮਨਾਵਾਂਗੇ! ਇਹ ਬਹੁਤ ਸ਼ਾਨਦਾਰ ਹੋਵੇਗਾ!"

ਉਹਦੇ ਉਤਸ਼ਾਹ ਨੇ ਰੀਬਿਨ ਵੱਲੋਂ ਉਪਜਾਏ ਫ਼ਿਕਰ ਦੂਰ ਕਰ ਦਿੱਤੇ। **ਖੋਖੋਲ** ਕਮਰੇ ਵਿੱਚ ਟਹਿਲਦਾ ਰਿਹਾ, ਆਪਣੇ ਵਾਲ ਉਲਝਾਉਂਦਾ ਅਤੇ ਫ਼ਰਸ਼ ਵੱਲ ਇੱਕ-ਟਕ ਵੇਖਦਾ।

"ਕਈ ਵਾਰ ਤੁਹਾਡਾ ਦਿਲ ਇੰਨਾ ਭਰ ਜਾਂਦੈ ਕਿ ਤੁਸੀਂ ਸਹਾਰ ਨਹੀਂ ਸਕਦੇ! ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਤੁਸੀਂ ਕਿੱਥੇ ਜਾਂਦੇ ਹੋ, ਹਰ ਇੱਕ ਤੁਹਾਡਾ ਸਾਥੀ ਏ। ਉਹੋ ਅੱਗ ਉਹਨਾਂ ਵਿੱਚੋਂ ਹਰ ਇੱਕ ਦੇ ਦਿਲ ਵਿੱਚ ਬਲਦੀ ਏ, ਉਹ ਸਾਰੇ ਚੰਗੇ, ਦਿਆਲ ਅਤੇ ਖ਼ੁਸ਼ ਨੇ। ਤੁਹਾਨੂੰ ਇੱਕ ਦੂਜੇ ਦੀ ਗੱਲ ਸਮਝਣ ਲਈ ਬੋਲਣਾ ਨਹੀਂ ਪੈਂਦਾ।... ਤੁਸੀਂ ਸਾਰੇ ਮਿਲ ਕੇ ਇੱਕ ਸੰਗੀਤ ਮੰਡਲੀ ਬਣਦੇ ਹੋ, ਜਿਸ ਵਿੱਚ ਹਰ ਦਿਲ ਆਪਣਾ ਗੀਤ ਗਾਉਂਦੈ। ਅਤੇ ਸਾਰੇ ਗੀਤ ਇੱਕ ਦਰਿਆ ਵਿੱਚ ਮਿਲਦੀਆਂ ਨਦੀਆਂ ਵਾਂਗ ਨੇ ਅਤੇ ਇਹ ਦਰਿਆ ਚੌੜਾ ਤੇ ਅਜ਼ਾਦ, ਨਵੀਂ ਜ਼ਿੰਦਗੀ ਦੇ ਖ਼ੁਸ਼ੀ ਭਰੇ ਸਾਗਰ ਵਿੱਚ ਜਾ ਰਲਦੈ।"

ਮਾਂ ਉਹਨਾਂ ਵਿਚਾਰਾਂ ਵਿੱਚ ਵਿਘਨ ਪਾਉਣੋਂ ਅਤੇ ਉਹਦੀ ਤਕਰੀਰ ਕੱਟਣੋਂ ਡਰਦੀ ਹਿੱਲੀ ਵੀ ਨਾ। ਉਹ ਕਿਸੇ ਹੋਰ ਨਾਲ਼ੋਂ ਵਧੇਰੇ ਧਿਆਨ ਨਾਲ਼ ਉਹਦੀ ਗੱਲ ਸੁਣਦੀ ਸੀ; ਉਹ ਤਾਂ ਬਸ ਹੋਰਨਾਂ ਨਾਲ਼ੋਂ ਵਧੇਰੇ ਸਾਦਗੀ ਨਾਲ਼ ਗੱਲ ਕਰਦਾ ਸੀ ਅਤੇ ਉਹਦੀ ਗੱਲ ਸਿੱਧੀ ਦਿਲ ਉੱਤੇ ਅਸਰ ਕਰਦੀ। ਪਾਵੇਲ ਨੂੰ ਜੋ ਕੁਝ ਅੱਗੇ ਦਿੱਸਦਾ ਉਹ ਉਹਦੇ ਬਾਰੇ ਗੱਲ ਨਾ ਕਰਦਾ। ਪਰ **ਖੋਖੋਲ** ਦਾ ਇੱਕ ਹਿੱਸਾ ਸਦਾ ਭਵਿੱਖ ਵਿੱਚ ਰਹਿੰਦਾ ਜਾਪਦਾ; ਜਦੋਂ ਉਹ ਬੋਲਦਾ ਤਾਂ ਉਹ ਧਰਤੀ ਦੀਆਂ ਸਭਨਾਂ ਕੌਮਾਂ ਲਈ ਆਉਣ ਵਾਲ਼ੇ ਮਹਾਨ ਜਸ਼ਨ ਬਾਰੇ ਇਸ਼ਾਰੇ ਕਰਦਾ। ਅਤੇ ਇਹੋ ਦ੍ਰਿਸ਼ ਮਾਂ ਲਈ ਜ਼ਿੰਦਗੀ ਵਿੱਚ ਅਤੇ ਉਹਦੇ ਪੁੱਤਰ ਅਤੇ ਉਹਦੇ ਸਾਰੇ ਸਾਥੀਆਂ ਦੇ ਕੰਮ ਵਿੱਚ ਅਰਥ ਭਰਦਾ ਸੀ।

"ਫਿਰ ਅਚਾਨਕ ਤੁਹਾਨੂੰ ਹੋਸ਼ ਆ ਜਾਂਦੀ ਏ," **ਖੋਖੋਲ** ਆਪਣਾ ਸਿਰ ਹਿਲਾ ਕੇ ਬੋਲੀ ਗਿਆ, "ਤੁਸੀਂ ਆਲੇ ਦੁਆਲੇ ਵੇਖਦੇ ਹੋ ਤੇ ਸਭ ਕੁਝ ਠੰਢਾ ਤੇ ਗੰਦਾ ਹੁੰਦਾ ਏ! ਸਾਰੇ ਖਿਝੇ ਹੋਏ ਤੇ ਥੱਕੇ ਹੁੰਦੇ ਨੇ।..."

ਉਹਦੀ ਅਵਾਜ਼ ਵਿੱਚ ਡੂੰਘੀ ਉਦਾਸੀ ਸੀ।

"ਤੁਹਾਨੂੰ ਲੋਕਾਂ ਉੱਤੇ ਭਰੋਸਾ ਨਹੀਂ ਕਰਨਾ ਚਾਹੀਦਾ। ਇਹ ਸੁਣ ਕੇ ਦੁਖ ਹੁੰਦੈ, ਮੈਂ ਜਾਣਦਾਂ, ਪਰ ਤੁਹਾਨੂੰ ਉਹਨਾਂ ਤੋਂ ਡਰਨਾ ਚਾਹੀਦੈ ਅਤੇ ਇੱਥੋਂ ਤੱਕ — ਇੱਥੋਂ ਤੱਕ ਕਿ ਉਹਨਾਂ ਨਾਲ਼ ਨਫ਼ਰਤ ਕਰਨੀ ਚਾਹੀਦੀ ਏ। ਮਨੁੱਖ ਦੇ ਦੋ ਪਾਸੇ ਹੁੰਦੇ ਨੇ! ਤੁਸੀਂ ਉਹਦੇ ਪੂਰੇ ਦੇ ਪੂਰੇ ਨੂੰ ਪਿਆਰ ਕਰਨਾ ਚਾਹੁੰਦੇ ਹੋ, ਪਰ ਤੁਸੀਂ ਕਿਵੇਂ ਕਰ ਸਕਦੇ ਹੋ। ਤੁਸੀਂ ਕਿਸੇ ਮਨੁੱਖ ਨੂੰ ਵਹਿਸ਼ੀ ਜਾਨਵਰ ਵਾਂਗ ਆਪਣੇ ਉੱਤੇ ਝਪਟਨ ਲਈ ਕਿਵੇਂ ਮਾਫ਼ ਕਰ ਸਕਦੇ ਹੋ, ਤੁਹਾਡੇ ਵਿੱਚ ਜਿਊਂਦੀ ਰੂਹ ਵੇਖਣੋਂ ਅਸਮਰਥ ਰਹਿਣ ਲਈ ਅਤੇ ਤੁਹਾਡੇ ਮਨੁੱਖੀ ਮੂੰਹ ਨੂੰ ਤੋੜਨ ਲਈ ? ਤੁਸੀਂ ਇਹ ਮਾਫ਼ ਨਹੀਂ ਕਰ ਸਕਦੇ! ਆਪਣੇ ਕਾਰਨ ਨਹੀਂ। ਤੁਸੀਂ ਆਪ ਕੁਝ ਵੀ ਸਹਾਰ ਸਕਦੇ ਹੋ। ਪਰ ਇਸ ਲਈ ਕਿ ਤੁਸੀਂ ਉਹਨਾਂ ਨੂੰ ਇਹ ਸੋਚਣ ਨਹੀਂ ਦੇ ਸਕਦੇ ਕਿ ਤੁਸੀਂ ਇਹ ਕਬੂਲ ਕਰ

ਲਿਆ ਹੈ; ਤੁਸੀਂ ਉਹਨਾਂ ਨੂੰ ਆਪਣੀ ਪਿੱਠ ਇਸ ਲਈ ਨਹੀਂ ਦੇ ਸਕਦੇ ਕਿ ਉਹ ਉਸ ਉੱਤੇ ਲੋਕਾਂ ਨੂੰ ਕੁੱਟਣ ਦੀ ਮਸ਼ਕ ਕਰਨ।"

ਉਹਦੀਆਂ ਅੱਖਾਂ ਠੰਢੀ ਅੱਗ ਨਾਲ਼ ਚਮਕ ਰਹੀਆਂ ਸਨ। ਉਹਦਾ ਸਿਰ ਬੜੀ ਅੜੀ ਨਾਲ਼ ਝੁਕਿਆ ਹੋਇਆ ਸੀ ਅਤੇ ਉਹ ਵਧੇਰੇ ਦ੍ਰਿੜ੍ਹਤਾ ਨਾਲ਼ ਬੋਲ ਰਿਹਾ ਸੀ।

"ਮੈਨੂੰ ਕੋਈ ਗ਼ਲਤ ਗੱਲ ਮਾਫ਼ ਕਰਨ ਦਾ ਹੱਕ ਨਹੀਂ ਭਾਵੇਂ ਇਸ ਨਾਲ਼ ਮੈਨੂੰ ਦੁੱਖ ਨਾ ਵੀ ਹੁੰਦਾ ਹੋਵੇ। ਧਰਤੀ ਉੱਤੇ ਮੈਂ ਇਕੱਲਾ ਹੀ ਨਹੀਂ! ਅੱਜ ਮੈਂ ਕਿਸੇ ਨੂੰ ਇਸ ਗੱਲ ਦੀ ਆਗਿਆ ਦੇਂਦਾ ਹਾਂ ਕਿ ਉਹ ਮੈਨੂੰ ਨੁਕਸਾਨ ਪੁਚਾਏ, ਇੱਥੋਂ ਤੱਕ ਕਿ ਇਹਦੇ 'ਤੇ ਹੱਸ ਦੇਂਦਾ ਹਾਂ, ਕਿਉਂਕਿ ਇਹ ਧਿਆਨ ਦੇਣ ਜੋਗ ਨਹੀਂ, ਪਰ ਭਲਕੇ, ਮੇਰੇ ਉੱਤੇ ਆਪਣੀ ਤਾਕਤ ਅਜ਼ਮਾ ਕੇ ਉਹ ਕਿਸੇ ਹੋਰ ਮਨੁੱਖ ਨੂੰ ਜਬਰ ਨਾਲ਼ ਦਬਾ ਲਵੇਗਾ। ਤੁਸੀਂ ਸਭ ਨੂੰ ਇੱਕੋ ਅੱਖ ਨਾਲ਼ ਨਹੀਂ ਵੇਖ ਸਕਦੇ; ਤੁਹਾਨੂੰ ਬੇਕਿਰਕੀ ਨਾਲ਼ ਪਰਖਣਾ ਤੇ ਚੁਣਨਾ ਪਵੇਗਾ: ਇਹ ਮੇਰੇ ਜਿਹਾ ਹੈ, ਇਹ ਨਹੀਂ। ਬਹੁਤ ਸੁਖਾਵੀਂ ਗੱਲ ਨਹੀਂ ਨਾ ਇਹ? ਪਰ ਹੈ ਸੱਚੀ!"

ਪਤਾ ਨਹੀਂ ਕਿਉਂ ਮਾਂ ਨੇ ਸਾਸ਼ਾ ਬਾਰੇ ਸੋਚਿਆ ਤੇ ਫਿਰ ਅਫ਼ਸਰ ਬਾਰੇ।

"ਅਣਛਾਣੇ ਆਟੇ ਤੋਂ ਤੁਸੀਂ ਕਿਹੋ ਜਿਹੀ ਰੋਟੀ ਬਣਾ ਸਕਦੇ ਹੋ।" ਉਹਨੇ ਹਉਕਾ ਲੈ ਕੇ ਕਿਹਾ।

"ਇਹੋ ਤਾਂ ਸਾਰੀ ਮੁਸ਼ਕਲ ਏ!" **ਖੋਖੋਲ** ਕੂਕਿਆ।

"ਹਾਂ," ਮਾਂ ਨੇ ਕਿਹਾ। ਉਹਦੀ ਯਾਦ ਵਿੱਚ ਉਹਦੇ ਘਰ ਵਾਲ਼ੇ ਦਾ ਅਕਾਰ ਉੱਭਰਿਆ, ਕਿਸੇ ਕਾਈ ਕੱਜੇ ਪੱਥਰ ਵਾਂਗ ਭਾਰਾ ਤੇ ਬੇਰੌਣਕ। ਉਹ ਸੋਚਣ ਲੱਗ ਪਈ ਜੇ **ਖੋਖੋਲ** ਨਤਾਸ਼ਾ ਨਾਲ਼ ਵਿਆਹ ਕਰ ਲਵੇ ਤੇ ਉਹਦਾ ਪੁੱਤਰ—ਸਾਸ਼ਾ ਨਾਲ਼ ਤਾਂ ਕਿਹੋ ਜਿਹੀ ਰਹੇਗੀ।

"ਅਤੇ ਅਜਿਹਾ ਕਿਉਂ ਹੈ?" **ਖੋਖੋਲ** ਨੇ ਆਪਣੇ ਵਿਸ਼ੇ ਬਾਰੇ ਗਰਮੀ ਫੜਦੇ ਹੋਏ ਕਿਹਾ। "ਇਹ ਗੱਲ ਮੂੰਹ ਤੇ ਲੱਗੇ ਨੱਕ ਵਾਂਘ ਪ੍ਰਤੱਖ ਏ। ਇਹਦਾ ਕਾਰਨ ਇਹ ਹੈ ਕਿ ਲੋਕ ਇੱਕ ਪੱਧਰ ਉੱਤੇ ਨਹੀਂ ਖੜੇ। ਆਓ, ਅਸੀਂ ਉਹਨਾਂ ਨੂੰ ਪੱਧਰਾ ਦਈਏ! ਆਓ, ਅਸੀਂ ਉਹ ਸਾਰਾ ਕੁਝ ਸਾਵਾਂ ਵੰਡ ਦਈਏ ਜਿਹੜਾ ਮਨ ਨੇ ਚਿਤਵਿਆ ਹੈ ਅਤੇ ਹੱਥਾਂ ਨੇ ਬਣਾਇਆ ਹੈ! ਲੋਕਾਂ ਨੂੰ ਡਰ ਤੇ ਈਰਖਾ ਦੇ ਗ਼ੁਲਾਮ, ਲਾਲਚ ਤੇ ਮੂਰਖਤਾ ਦੇ ਕੈਦੀ ਨਾ ਬਣਾਓ!..."

ਅਤੇ ਉਸ ਤੋਂ ਪਿੱਛੋਂ ਉਹਨਾਂ ਵਿਚਕਾਰ ਅਜਿਹੀਆਂ ਕਿੰਨੀਆਂ ਗੱਲਾਂ ਹੋਈਆਂ।

**ਖੋਖੋਲ** ਨੂੰ ਮੁੜ ਕਾਰਖ਼ਾਨੇ ਵਿੱਚ ਨੌਕਰ ਰੱਖ ਲਿਆ ਗਿਆ ਅਤੇ ਉਹ ਆਪਣੀ ਸਾਰੀ ਉਜਰਤ ਮਾਂ ਨੂੰ ਦੇ ਦੇਂਦਾ। ਉਹ ਇਹ ਉਸੇ ਸੁਖਾਲੇ ਢੰਗ ਨਾਲ਼ ਲੈ ਲੈਂਦੀ ਜਿਵੇਂ ਪਾਵੇਲ ਤੋਂ ਲਿਆ ਕਰਦੀ ਸੀ।

ਕਈ ਵਾਰ ਅੱਖ ਮਟਕਾ ਕੇ ਆਂਦਰੇਈ ਉਹਨੂੰ ਕਹਿੰਦਾ:

"**ਨੈਨਕੋ**, ਆ ਥੋੜ੍ਹਾ ਪੜ੍ਹ ਲੈ?"

ਉਹ ਹੱਸ ਪੈਂਦੀ, ਪਰ ਪਕਿਆਈ ਨਾਲ਼ ਨਾਂਹ ਕਰ ਦੇਂਦੀ। ਉਹਦੀ ਅੱਖ ਦੀ ਚਮਕ ਮਾਂ ਨੂੰ ਦੁਖੀ ਕਰਦੀ।

"ਜੇ ਤੈਨੂੰ ਇਹ ਏਡਾ ਈ ਠੱਠਾ ਜਾਪਦੈ ਤਾਂ ਇਹਦੀ ਗੱਲ ਹੀ ਕਿਉਂ ਕਰਦੈਂ?" ਉਹ ਕੁਝ

ਗੁੱਸੇ ਹੋ ਕੇ ਮਨ ਹੀ ਮਨ ਵਿੱਚ ਸੋਚਦੀ।

ਪਰ ਸਦਾ ਵਧੇਰੇ ਵਾਰ ਉਹ ਉਹਨੂੰ ਕਿਸੇ ਸ਼ਬਦ ਦੇ ਅਰਥ ਸਮਝਾਉਣ ਲਈ ਕਹਿੰਦੀ, ਜਦੋਂ ਉਹ ਪੁੱਛਦੀ ਤਾਂ ਉਹ ਇੱਕ ਪਾਸੇ ਵੇਖਣ ਲੱਗ ਪੈਂਦੀ ਅਤੇ ਲਾਪ੍ਰਵਾਹੀ ਦਾ ਵਤੀਰਾ ਬਣਾ ਲੈਂਦੀ। **ਖੋਖੋਲ** ਨੇ ਬੁੱਝ ਲਿਆ ਕਿ ਉਹ ਚੋਰੀ ਚੋਰੀ ਪੜ੍ਹ ਰਹੀ ਹੈ ਅਤੇ ਉਹਦੇ ਇਸ ਸੰਕੋਚ ਦਾ ਲਿਹਾਜ਼ ਕਰਕੇ ਉਹਨੇ ਮਾਂ ਨੂੰ ਪੜ੍ਹਨ ਲਈ ਕਹਿਣਾ ਛੱਡ ਦਿੱਤਾ।

“ਮੇਰੀਆਂ ਅੱਖਾਂ ਕਮਜ਼ੋਰ ਹੋ ਗਈਆਂ ਨੇ ਆਂਦਰੀਊਸ਼ਾ। ਮੈਨੂੰ ਐਨਕ ਦੀ ਲੋੜ ਏ,” ਇੱਕ ਦਿਨ ਉਹਨੇ ਉਹਨੂੰ ਕਿਹਾ।

“ਇਹਦਾ ਇਲਾਜ ਤਾਂ ਸੌਖੈ,” **ਖੋਖੋਲ** ਨੇ ਜਵਾਬ ਦਿੱਤਾ। “ਐਤਵਾਰ ਨੂੰ ਮੈਂ ਤੈਨੂੰ ਸ਼ਹਿਰ ਕਿਸੇ ਡਾਕਟਰ ਕੋਲ਼ ਲੈ ਜਾਵਾਂਗਾ ਅਤੇ ਅਸੀਂ ਤੇਰੇ ਲਈ ਐਨਕ ਲੈ ਆਵਾਂਗੇ।...”

## 19

ਤਿੰਨ ਵਾਰ ਉਹ ਇਹ ਬੇਨਤੀ ਕਰਨ ਗਈ ਕਿ ਉਹਨੂੰ ਪਾਵੇਲ ਨੂੰ ਮਿਲਣ ਦਿੱਤਾ ਜਾਵੇ ਅਤੇ ਹਰ ਵਾਰ ਜੈਨਡਾਰਮਾਂ ਦੇ ਜਰਨੈਲ ਨੇ, ਜਿਹੜਾ ਕਿਰਮਚੀ ਗੱਲ੍ਹਾਂ ਤੇ ਮੋਟੇ ਨੱਕ ਵਾਲ਼ਾ, ਧੌਲ-ਸਿਰਾ ਮਨੁੱਖ ਸੀ ਨਰਮੀ ਨਾਲ਼ ਨਾਂਹ ਕਰ ਦਿੱਤੀ।

“ਮਾਂ, ਤੈਨੂੰ ਘੱਟੋ ਘੱਟ ਹਫ਼ਤਾ ਹੋਰ ਉਡੀਕਣਾ ਪਵੇਗਾ! ਹਫ਼ਤੇ ਪਿੱਛੋਂ ਅਸੀਂ ਵੇਖਾਂਗੇ। ਪਰ ਅਜੇ ਇਹ ਮੁਮਕਿਨ ਨਹੀਂ।...”

ਉਹ ਗੋਲ-ਮਟੋਲ ਤੇ ਮੋਟਾ ਸੀ ਅਤੇ ਉਹਨੂੰ ਵੇਖ ਕੇ ਮਾਂ ਨੂੰ ਉਹ ਪੱਕਿਆ ਆੜੂ ਯਾਦ ਆ ਜਾਂਦਾ ਜਿਹੜਾ ਬਹੁਤ ਚਿਰ ਪਏ ਰਹਿਣ ਕਾਰਨ ਬੁਰਦਾਰ ਉੱਲੀ ਨਾਲ਼ ਕੱਜਿਆ ਗਿਆ ਹੋਵੇ। ਉਹ ਇੱਕ ਪੀਲ਼ੇ ਜਿਹੇ ਖੁਰਚਣੇ ਨਾਲ਼ ਸਦਾ ਆਪਣੇ ਤਿੱਖੇ, ਨਿੱਕੇ, ਚਿੱਟੇ ਦੰਦ ਖੁਰਚਦਾ ਰਹਿੰਦਾ; ਉਹਦੀਆਂ ਨਿੱਕੀਆਂ ਬਿੱਲੀਆਂ ਅੱਖਾਂ ਦਿਆਲਤਾ ਨਾਲ਼ ਮੁਸਕਰਾਉਂਦੀਆਂ ਰਹਿੰਦੀਆਂ ਅਤੇ ਉਹਦੀ ਅਵਾਜ਼ ਸਦਾ ਸੁਲਗ ਅਤੇ ਮਿੱਤਰਤਾ ਭਰੀ ਹੁੰਦੀ।

“ਉਹ ਤਾਂ ਬੜਾ ਸਾਊ ਏ,” ਮਾਂ ਨੇ ਸੋਚਦੇ ਹੋਏ **ਖੋਖੋਲ** ਨੂੰ ਦੱਸਿਆ। “ਸਦਾ ਮੁਸਕਰਾਉਂਦਾ ਰਹਿੰਦੈ।”

“ਮੈਨੂੰ ਕੋਈ ਸ਼ੱਕ ਨਹੀਂ,” **ਖੋਖੋਲ** ਨੇ ਜਵਾਬ ਦਿੱਤਾ। “ਉਹ ਸਾਰੇ ਬਹੁਤ ਹੀ ਚੰਗੇ ਨੇ—ਬੜੇ ਦਿਆਲ ਤੇ ਮੁਸਕਰਾਉਂਦੇ। ਉਹਨਾਂ ਨੂੰ ਕਿਹਾ ਜਾਂਦੈ: ‘ਇਹ ਜੇ ਇੱਕ ਚਤੁਰ, ਇਮਾਨਦਾਰ ਬੰਦਾ, ਜਿਹੜਾ ਕੁਝ ਕੁ ਖ਼ਤਰਨਾਕ ਏ। ਜੇ ਬੁਰਾ ਨਾ ਮੰਨੋ ਤਾਂ ਇਹਨੂੰ ਬਸ ਫਾਹੇ ਲਾ ਦਿਉ!’ ਅਤੇ ਉਹ ਮੁਸਕਰਾਉਂਦੇ ਨੇ ਤੇ ਉਹਨੂੰ ਫਾਹੇ ਲਾ ਦੇਂਦੇ ਨੇ। ਅਤੇ ਉਸ ਤੋਂ ਪਿੱਛੋਂ ਉਹ ਬਸ ਮੁਸਕਰਾਈ ਜਾਂਦੇ ਨੇ।”

“ਜਿਹੜਾ ਸਾਡੇ ਘਰ ਦੀ ਤਲਾਸ਼ੀ ਲੈਣ ਆਇਆ ਸੀ ਉਹ ਵਧੇਰੇ ਸਾਦਾ ਸੀ,” ਮਾਂ ਨੇ ਕਿਹਾ। “ਪਹਿਲੀ ਨਜ਼ਰੇ ਤੁਸੀਂ ਵੇਖ ਸਕਦੇ ਸੋ ਉਹ ਕਿਹੋ ਜਿਹਾ ਕੁੱਤਾ ਏ।...”

“ਉਹਨਾਂ ਵਿੱਚੋਂ ਕੋਈ ਮਨੁੱਖ ਨਹੀਂ ਹੁੰਦੇ—ਉਹ ਤਾਂ ਲੋਕਾਂ ਨੂੰ ਬੇਸੁਰਤ ਕਰਨ ਵਾਲ਼ੇ ਹਥੌੜੇ ਨੇ; ਸਾਡੇ ਜਿਹੇ ਲੋਕਾਂ ਨੂੰ ਛਾਂਗਣ ਲਈ ਹਥਿਆਰ ਤਾਂ ਜੁ ਸਾਨੂੰ ਵਧੇਰੇ ਸੌਖੀ ਤਰ੍ਹਾਂ ਕਾਬੂ ਕੀਤਾ

ਜਾ ਸਕੇ। ਉਹਨਾਂ ਦੇ ਅਫ਼ਸਰਾਂ ਨੇ ਉਹਨਾਂ ਨੂੰ ਪਹਿਲਾਂ ਹੀ ਠੀਕ ਸ਼ਕਲਾਂ ਵਿੱਚ ਢਾਲ ਦਿੱਤੈ। ਉਹ ਸੋਚੇ ਬਿਨ੍ਹਾਂ, ਤੇ ਪੁੱਛਗਿਛ ਕੀਤੇ ਬਿਨਾਂ ਹਰ ਉਹ ਕੰਮ ਕਰ ਦੇਣਗੇ ਜਿਹੜਾ ਕਰਨ ਲਈ ਉਹਨਾਂ ਨੂੰ ਕਿਹਾ ਜਾਵੇ।"

ਅਖ਼ੀਰ ਉਹਨਾਂ ਉਹਨੂੰ ਪਾਵੇਲ ਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ ਅਤੇ ਇੱਕ ਐਤਵਾਰ ਉਹ ਜੇਲ੍ਹ ਦੇ ਦਫ਼ਤਰ ਦੀ ਇੱਕ ਨੁੱਕਰੇ ਨਿਮਾਣੀ ਬਣੀ ਬੈਠੀ ਸੀ। ਇਸ ਨਿੱਕੇ ਗੰਦੇ, ਨੀਵੀਂ ਛੱਤ ਵਾਲ਼ੇ ਕਮਰੇ ਵਿੱਚ ਕੈਦੀਆਂ ਨੂੰ ਮਿਲਣ ਲਈ ਕਈ ਹੋਰ ਲੋਕ ਬੈਠੇ ਸਨ। ਸਾਫ਼ ਸੀ ਕਿ ਉਹ ਪਹਿਲੀ ਵਾਰ ਇੱਥੇ ਨਹੀਂ ਸਨ ਆਏ, ਕਿਉਂਕਿ ਉਹ ਇੱਕ ਦੂਜੇ ਨੂੰ ਜਾਣਦੇ ਸਨ ਅਤੇ ਉਹ ਹੌਲ਼ੀ ਹੌਲ਼ੀ ਲੇਸਲੀ ਜਿਹੀ ਗੱਲਬਾਤ ਕਰ ਰਹੇ ਸਨ, ਮੱਕੜੀ ਦੇ ਜਾਲੇ ਜਿਹੀ।

"ਸੁਣਿਆ ਜੇ," ਇੱਕ ਫੁੱਲੇ ਹੋਏ ਮੂੰਹ ਵਾਲ਼ੀ ਮੋਟੀ ਇਸਤਰੀ ਨੇ, ਜਿਸਦੀ ਝੋਲੀ ਵਿੱਚ ਇੱਕ ਸਫ਼ਰੀ ਥੈਲਾ ਪਿਆ ਸੀ, ਕਿਹਾ, "ਅੱਜ ਸਵੇਰੇ ਸੁਵੱਖਤੇ ਦੁਆ ਸਮੇਂ ਲਾਟ ਪਾਦਰੀ ਦੇ ਗਿਰਜੇ ਦੇ ਨਿੱਕੇ ਪਾਦਰੀ ਨੇ ਸੰਗੀਤ ਮੰਡਲੀ ਦੇ ਇੱਕ ਮੁੰਡੇ ਦਾ ਕੰਨ ਵੱਢ ਲਿਆ।..."

"ਸੰਗੀਤ ਮੰਡਲੀ ਦੇ ਸਾਰੇ ਮੁੰਡੇ ਬਦਮਾਸ਼ ਹੁੰਦੇ ਨੇ," ਇੱਕ ਬੁੱਢੇ ਜਿਹੇ ਸਾਊ ਬੰਦੇ ਨੇ ਜ਼ੋਰ ਨਾਲ਼ ਖੰਘੂਰਾ ਮਾਰ ਕੇ ਕਿਹਾ, ਜਿਸਨੇ ਪਿਨਸ਼ਨੀਏ ਅਫ਼ਸਰ ਦੀ ਵਰਦੀ ਪਾਈ ਹੋਈ ਸੀ।

ਇੱਕ ਨਿੱਕਾ ਜਿਹਾ ਗੰਜਾ ਮਨੁੱਖ, ਜਿਸਦੀਆਂ ਲੱਤਾਂ ਨਿੱਕੀਆਂ, ਬਾਹਾਂ ਲੰਮੀਆਂ ਅਤੇ ਅੱਗੇ ਵਧੀ ਹੋਈ ਠੋਡੀ ਸੀ, ਬੇਅਰਾਮੀ ਨਾਲ਼ ਦਫ਼ਤਰ ਵਿੱਚ ਚੱਕਰ ਕੱਟੀ ਜਾਂਦੀ ਅਤੇ ਪਾਟੀ ਉਤੇਜਤ ਅਵਾਜ਼ ਵਿੱਚ ਟਿੱਪਣੀ ਕਰੀ ਜਾਂਦਾ:

"ਕੀਮਤਾਂ ਵਧੀ ਜਾ ਰਹੀਆਂ ਨੇ ਅਤੇ ਇਸੇ ਲਈ ਲੋਕ ਭੈੜੇ ਹੋ ਗਏ ਨੇ। ਗਾਂ ਦਾ ਘਟੀਆ ਮਾਸ ਚੌਦਾਂ ਕੋਪੀਕ ਦਾ ਪੌਂਡ ਆਉਂਦੈ ਤੇ ਡਬਲ-ਰੋਟੀ ਫਿਰ ਢਾਈਆਂ ਦੀ ਹੋ ਗਈ।..."

ਕਦੀ ਕਦੀ ਕੈਦੀ ਆਉਂਦੇ, ਉਹ ਭੂਰੀ ਵਰਦੀ ਤੇ ਚਮੜੇ ਦੇ ਭਾਰੇ ਬੂਟਾਂ ਵਿੱਚ ਸਾਰੇ ਇੱਕੋ ਜਿਹੇ ਜਾਪਦੇ। ਜਦੋਂ ਉਹ ਮੱਧਮ ਲੋਅ ਵਾਲ਼ੇ ਕਮਰੇ ਵਿੱਚ ਵੜਦੇ ਤਾਂ ਅੱਖਾਂ ਝਮਕਦੇ। ਉਹਨਾਂ ਵਿੱਚੋਂ ਇੱਕ ਦੇ ਪੈਰੀਂ ਬੇੜੀਆਂ ਪਈਆਂ ਹੋਈਆਂ ਸਨ।

ਜੇਲ੍ਹ ਵਿੱਚ ਵਾਯੂ-ਮੰਡਲ ਅਜੀਬ ਤਰ੍ਹਾਂ ਸ਼ਾਂਤ ਸੀ ਅਤੇ ਸਭ ਕੁਝ ਬੜੀ ਸਾਦੀ ਤਰ੍ਹਾਂ ਹੋਈ ਜਾਂਦਾ। ਇਉਂ ਜਾਪਦਾ ਸੀ ਕਿ ਇਹ ਸਾਰੇ ਲੋਕ ਲੰਮੇ ਸਮੇਂ ਤੋਂ ਆਪਣੀ ਹੋਣੀ ਦੇ ਆਦੀ ਹੋ ਗਏ ਹਨ ਅਤੇ ਉਹਨਾਂ ਇਹ ਕਬੂਲ ਕਰ ਲਈ ਹੈ। ਕੁਝ ਸਬਰ ਨਾਲ਼ ਆਪਣੀ ਕੈਦ ਕੱਟਦੇ, ਕੁਝ ਬੜੀ ਸੁਸਤੀ ਨਾਲ਼ ਚੌਕੰਨੇ ਸਨ ਅਤੇ ਕੁਝ ਹੋਰ ਇਹਨਾਂ ਕੈਦੀਆਂ ਨੂੰ ਮਿਲਣ ਲਈ ਅਕਾਊ ਨੇਮ ਨਾਲ਼ ਆਉਂਦੇ ਸਨ। ਮਾਂ ਦਾ ਦਿਲ ਬੇਸਬਰੀ ਨਾਲ਼ ਧਕੜਨ ਲੱਗ ਪਿਆ। ਉਹ ਹੈਰਾਨੀ ਨਾਲ਼ ਆਪਣੇ ਆਲੇ ਦੁਆਲੇ ਸਭ ਕੁਝ ਵੇਖ ਰਹੀ ਸੀ, ਇਸ ਸਭ ਕੁਝ ਦੀ ਉਦਾਸ ਸਾਦਗੀ ਤੋਂ ਹੈਰਾਨ।

ਉਹਦੇ ਨਾਲ਼ ਇੱਕ ਨਿੱਕੀ ਬੁੱਢੀ ਔਰਤ ਬੈਠੀ ਸੀ, ਜਿਸਦਾ ਮੂੰਹ ਝੁਰੜਾਇਆ ਤੇ ਅੱਖਾਂ ਜਵਾਨ ਸਨ। ਉਹ ਸਾਰੀ ਗੱਲਬਾਤ ਸੁਣਨ ਲਈ ਆਪਣੀ ਸੁਕੜੂ ਧੌਣ ਇੱਧਰ ਉੱਧਰ ਮਰੋੜਦੀ ਅਤੇ ਸਭਨਾਂ ਵੱਲ ਆਪਣੀਆਂ ਅੱਖਾਂ ਵਿੱਚ ਅਜੀਬ ਚੁਸਤ ਜਿਹੀ ਝਲਕ ਨਾਲ਼ ਵੇਖਦੀ।

"ਤੂੰ ਕਿਸਨੂੰ ਮਿਲਣ ਆਈ ਏਂ," ਪੇਲਾਗੀਆ ਨੇ ਹੌਲ਼ੀ ਜਿਹੇ ਉਸ ਤੋਂ ਪੁੱਛਿਆ।

"ਆਪਣੇ ਪੁੱਤਰ ਨੂੰ। ਯੂਨੀਵਰਸਿਟੀ ਵਿੱਚ ਪੜ੍ਹਦੈ," ਬੁੱਢੀ ਇਸਤਰੀ ਨੇ ਉੱਚੀ ਅਵਾਜ਼ ਵਿੱਚ ਅਤੇ ਇੱਕ ਦਮ ਅਵਾਜ਼ ਦਿੱਤੀ। "ਤੇ ਤੂੰ ?"

"ਮੈਂ ਵੀ ਆਪਣੇ ਪੁੱਤਰ ਨੂੰ ਮਿਲਣ ਆਈ ਵਾਂ। ਕਿਰਤੀ ਏ ਉਹ।"

"ਕੀ ਨਾਂ ਏ ?"

"ਵਲਾਸੋਵ।"

"ਕਦੀ ਸੁਣਿਆ ਨਹੀਂ। ਚਿਰ ਤੋਂ ਅੰਦਰ ਏ ?"

"ਲਗਭਗ ਸੱਤ ਹਫ਼ਤੇ ਹੋਏ।..."

"ਉਹ, ਮੇਰਾ ਤਾਂ ਲਗਭਗ ਦਸਾਂ ਮਹੀਨਿਆਂ ਤੋਂ ਇੱਥੇ ਏ!" ਬੁੱਢੀ ਇਸਤਰੀ ਨੇ ਕਿਹਾ, ਮਾਂ ਨੇ ਅਨੁਭਵ ਕੀਤਾ ਕਿ ਉਹਦੀ ਅਵਾਜ਼ ਵਿੱਚ ਕੁਝ ਮਾਣ ਜਿਹਾ ਸੀ।

"ਹਾਂ, ਹਾਂ," ਗੰਜੇ ਬੁੱਢੇ ਆਦਮੀ ਨੇ ਲੁਤਰ ਲੁਤਰ ਕੀਤੀ। "ਸਬਰ ਤਾਂ ਰਿਹਾ ਈ ਨਹੀਂ।... ਹਰ ਇੱਕ ਗੁੱਸੇ ਏ, ਹਰ ਇੱਕ ਚੀਕਦੈ ਤੇ ਕੀਮਤਾਂ ਵਧਦੀਆਂ ਹੀ ਜਾਂਦੀਆਂ ਨੇ। ਤੇ ਇਹਦੇ ਮੁਤਾਬਕ ਹੀ ਮਨੁੱਖ ਸਸਤੇ ਹੁੰਦੇ ਜਾਂਦੇ ਨੇ। ਤੇ ਇਸ ਸਭ ਕੁਝ ਨੂੰ ਰੋਕਣ ਲਈ ਕੋਈ ਮੂੰਹ ਨਹੀਂ ਖੋਹਲਦਾ।"

"ਤੇਰੀ ਗੱਲ ਠੀਕ ਏ," ਅਫ਼ਸਰ ਨੇ ਕਿਹਾ। "ਹੱਦ ਹੀ ਹੋ ਗਈ ਏ! ਸਮਾਂ ਆ ਗਿਐ ਕੋਈ ਤਕੜੀ ਅਵਾਜ਼ ਵਾਲ਼ਾ ਉਹਨਾਂ ਨੂੰ ਚੁੱਪ ਰਹਿਣ ਦਾ, ਹੁਕਮ ਦੇਵੇ। ਲੋੜ ਇਸੇ ਗੱਲ ਦੀ ਏ। ਕੋਈ ਤਕੜੀ ਅਵਾਜ਼।..."

ਸਭੇ ਗੱਲਬਾਤ ਵਿੱਚ ਸ਼ਾਮਲ ਹੋ ਗਏ, ਜਿਹੜੀ ਬਹੁਤ ਭਖ ਪਈ ਸੀ। ਹਰ ਇੱਕ ਜ਼ਿੰਦਗੀ ਬਾਰੇ ਆਪਣੀ ਰਾਏ ਦੇਣ ਲਈ ਕਾਹਲਾ ਸੀ, ਪਰ ਉਹ ਸਾਰੇ ਦੱਬੀ ਅਵਾਜ਼ ਵਿੱਚ ਗੱਲ ਕਰ ਰਹੇ ਸਨ ਅਤੇ ਮਾਂ ਨੂੰ ਉਨ੍ਹਾਂ ਵਿੱਚ ਕੁਝ ਓਪਰਾ ਜਾਪਦਾ। ਘਰ ਵਿੱਚ ਗੱਲਬਾਤ ਵੱਖਰੀ ਤਰ੍ਹਾਂ ਹੁੰਦੀ ਸੀ, ਵਧੇਰੇ ਸਪਸ਼ਟ ਅਤੇ ਸਾਦਾ, ਅਤੇ ਉਚੇਰੀ ਵੀ।

ਚੁਕੋਰ ਲਾਲ ਦਾੜ੍ਹੀ ਵਾਲ਼ੇ ਇੱਕ ਮੋਟੇ ਜੇਲਰ ਨੇ ਮਾਂ ਦਾ ਨਾਂ ਲਿਆ, ਉਹਨੂੰ ਸਿਰ ਤੋਂ ਪੈਰਾਂ ਤੱਕ ਘੋਖਿਆ ਅਤੇ "ਮੇਰੇ ਪਿੱਛੇ ਆ" ਕਹਿੰਦਾ ਲੰਙ ਮਾਰਦਾ ਬਾਹਰ ਚਲਾ ਗਿਆ।

ਟੁਰੀ ਜਾਂਦੀ ਉਹਦੇ ਮਨ ਵਿੱਚ ਜੇਲ੍ਹਰ ਨੂੰ ਤਿੱਖੇ ਚਲਾਉਣ ਲਈ ਪਿੱਛੋਂ ਧੱਕਾ ਦੇਣ ਦਾ ਵੇਗ ਉੱਠਿਆ।

ਪਾਵੇਲ ਇੱਕ ਨਿੱਕੇ ਕਮਰੇ ਵਿੱਚ ਖੜਾ ਸੀ, ਮੁਸਕਰਾਉਂਦਾ, ਉਹਨੇ ਆਪਣਾ ਹੱਥ ਅੱਗੇ ਵਧਾਇਆ ਹੋਇਆ ਸੀ। ਮਾਂ ਨੇ ਨਿੱਕੀ ਜਿਹੀ ਹਾਸੀ ਨਾਲ਼ ਉਹਦਾ ਹੱਥ ਫੜ ਲਿਆ ਅਤੇ ਛੇਤੀ ਛੇਤੀ ਆਪਣੀਆਂ ਅੱਖਾਂ ਝਮਕੀਆਂ।

"ਹਲੋ।... ਹਲੋ।..." ਮਾਂ ਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ, ਉਹਨੂੰ ਗੱਲ ਨਹੀਂ ਸੀ ਅਹੁੜ ਰਹੀ।

"ਆਪਣੇ ਆਪ ਨੂੰ ਸਾਂਭ ਮਾਂ," ਪਾਵੇਲ ਨੇ ਉਹਦਾ ਹੱਥ ਘੁੱਟਦੇ ਹੋਏ ਕਿਹਾ।

"ਮੈਂ ਠੀਕ ਠਾਕ ਵਾਂ।"

"ਮਾਂ ਮਾਂ ਹੀ ਹੁੰਦੀ ਏ," ਜੇਲ੍ਹਰ ਨੇ ਹਉਕਾ ਲੈ ਕੇ ਕਿਹਾ, "ਪਰ ਚੰਗੀ ਗੱਲ ਇਹੋ ਏ ਕਿ

ਜ਼ਰਾ ਹਟ ਕੇ ਖੜੇ ਹੋਵੇ ਤਾਂ ਜੁ ਤੁਹਾਡੇ ਵਿਚਕਾਰ ਕੁਝ ਵਿੱਥ ਹੋਵੇ," ਉਹਨੇ ਉਬਾਸੀ ਲੈ ਕੇ ਵਾਧਾ ਕੀਤਾ।

ਪਾਵੇਲ ਨੇ ਮਾਂ ਤੋਂ ਉਹਦੀ ਸਿਹਤ ਬਾਰੇ ਤੇ ਘਰ ਦੇ ਮਾਮਲਿਆਂ ਬਾਰੇ ਪੁੱਛਿਆ।... ਉਹਨੂੰ ਹੋਰ ਸਵਾਲਾਂ ਦੀ ਆਸ ਸੀ ਅਤੇ ਉਹਨੇ ਆਪਣੇ ਪੁੱਤਰ ਦੀਆਂ ਅੱਖਾਂ ਘੋਖੀਆਂ ਪਰ ਵਿਅਰਥ। ਉਹ ਸਦਾ ਵਾਂਗ ਸ਼ਾਂਤ ਸੀ, ਭਾਵੇਂ ਉਹਦਾ ਰੰਗ ਕੁਝ ਪੀਲ਼ਾ ਸੀ ਅਤੇ ਉਹਦੀਆਂ ਅੱਖਾਂ ਵੱਡੀਆਂ ਹੋ ਗਈਆਂ ਜਾਪਦੀਆਂ ਸਨ।

"ਸਾਸ਼ਾ ਨੇ ਤੈਨੂੰ ਯਾਦ ਘੱਲੀ ਵੇ," ਉਹਨੇ ਕਿਹਾ।

ਪਾਵੇਲ ਦੀਆਂ ਝਿਮਣੀਆਂ ਕੰਬੀਆਂ, ਉਹਦਾ ਮੂੰਹ ਨਰਮ ਪੈ ਗਿਆ ਅਤੇ ਉਹ ਮੁਸਕਰਾਇਆ। ਮਾਂ ਦੇ ਦਿਲ ਵਿੱਚ ਇੱਕ ਤਿੱਖੀ ਚੀਸ ਉੱਠੀ।

"ਕੀ ਖ਼ਿਆਲ ਏ, ਤੈਨੂੰ ਛੇਤੀ ਹੀ ਛੱਡ ਦੇਣਗੇ ?" ਮਾਂ ਨੇ ਪੁੱਛਿਆ, ਉਹ ਦੁਖੀ ਵੀ ਸੀ ਤੇ ਗੁੱਸੇ ਵੀ। "ਉਹਨਾਂ ਤੈਨੂੰ ਕਿਉਂ ਅੰਦਰ ਡੱਕ ਦਿੱਤਾ ? ਉਹ ਇਸ਼ਤਿਹਾਰ ਤਾਂ ਕਾਰਖ਼ਾਨੇ ਵਿੱਚ ਫਿਰ ਆ ਗਏ ਨੇ।..."

ਪਾਵੇਲ ਦੀਆਂ ਅੱਖਾਂ ਚਮਕ ਪਈਆਂ।

"ਸੱਚੀਂ ?" ਉਹਨੇ ਕਾਹਲੀ ਕਾਹਲੀ ਪੁੱਛਿਆ।

"ਅਜਿਹੀਆਂ ਗੱਲਾਂ ਕਰਨ ਦੀ ਮਨਾਹੀ ਏ," ਜੇਲ੍ਹਰ ਨੇ ਨਿੰਦਰਾਵਲੀ ਅਵਾਜ਼ ਵਿੱਚ ਕਿਹਾ। "ਤੁਸੀਂ ਸਿਰਫ਼ ਘਰੋਗੀ ਮਾਮਲਿਆਂ ਬਾਰੇ ਗੱਲ ਕਰ ਸਕਦੇ ਹੋ।..."

"ਤੇ ਇਹ ਘਰ ਦਾ ਮਾਮਲਾ ਨਹੀਂ ?" ਮਾਂ ਨੇ ਇਤਰਾਜ਼ ਕੀਤਾ।

"ਇਹਦਾ ਜਵਾਬ ਮੈਂ ਨਹੀਂ ਦੇ ਸਕਦਾ। ਪਰ ਇਹਦੀ ਮਨਾਹੀ ਏ," ਪਹਿਰੇਦਾਰ ਨੇ ਲਾਪ੍ਰਵਾਹੀ ਨਾਲ਼ ਜਵਾਬ ਦਿੱਤਾ।

"ਚੰਗਾ, ਮੈਨੂੰ ਘਰ ਦੀਆਂ ਗੱਲਾਂ ਦਸ," ਪਾਵੇਲ ਨੇ ਕਿਹਾ। "ਤੂੰ ਕੀ ਕਰਦੀ ਰਹੀ ਏਂ ?"

"ਓਹ, ਮੈਂ ਉਹ ਸਾਰੀਆਂ ਚੀਜ਼ਾਂ ਕਾਰਖ਼ਾਨੇ ਲਿਜਾਂਦੀ ਰਹੀ ਵਾਂ," ਉਹਨੇ ਅੱਖਾਂ ਵਿੱਚ ਸ਼ਰਾਰਤੀ ਚਮਕ ਲਿਆ ਕੇ ਕਿਹਾ।

ਹੱਸਦੀ ਹੋਈ ਗੱਲ ਜਾਰੀ ਰੱਖਣ ਤੋਂ ਪਹਿਲਾਂ ਉਹ ਥੋੜ੍ਹੀ ਦੇਰ ਰੁਕੀ।

"ਉਹੋ, ਬੰਦ ਗੋਭੀ ਦਾ ਸ਼ੋਰਬਾ ਤੇ ਦਲੀਆ, ਉਹ ਸਾਰੇ ਖਾਣੇ ਜਿਹੜੇ ਮਾਰੀਆ ਤਿਆਰ ਕਰਦੀ ਏ ਤੇ—ਤੇ—ਉਹ ਸਾਰੀਆਂ ਚੀਜ਼ਾਂ।..."

ਪਾਵੇਲ ਸਮਝ ਗਿਆ। ਉਹਨੇ ਆਪਣੀਆਂ ਉਂਗਲਾਂ ਆਪਣੇ ਵਾਲਾਂ ਵਿੱਚ ਫੇਰੀਆਂ ਅਤੇ ਹਾਸਾ ਰੋਕ ਕੇ ਮੂੰਹ ਬਣਾਇਆ।

"ਚੰਗੀ ਗੱਲ ਏ ਤੈਨੂੰ ਕੋਈ ਰੁਝੇਵਾਂ ਲੱਭ ਗਿਐ। ਇਕੱਲ ਤਾਂ ਨਹੀਂ ਹੋਵੇਗਾ ਨਾ," ਉਹਨੇ ਪਿਆਰ ਨਾਲ਼ ਅਜਿਹੀ ਅਵਾਜ਼ ਵਿੱਚ ਕਿਹਾ ਜਿਹੜੀ ਮਾਂ ਨੇ ਪਹਿਲਾਂ ਕਦੀ ਨਹੀਂ ਸੀ ਸੁਣੀ।

"ਜਦੋਂ ਉਹ ਇਸ਼ਤਿਹਾਰ ਆਏ ਤਾਂ ਉਹਨਾਂ ਮੇਰੀ ਵੀ ਤਲਾਸ਼ੀ ਲਈ," ਉਹਨੇ ਥੋੜ੍ਹੀ ਜਿਹੀ ਸ਼ੇਖੀ ਝਾੜਦੇ ਹੋਏ ਦੱਸਿਆ।

"ਫਿਰ ਉਹੋ ਗੱਲ," ਜੇਲ੍ਹਰ ਨੇ ਨਾਰਾਜ਼ ਹੋ ਕੇ ਕਿਹਾ। "ਮੈਂ ਤੁਹਾਨੂੰ ਕਿਹੈ ਇਸ ਗੱਲ ਦੀ

ਮਨਾਹੀ ਏ! ਲੋਕਾਂ ਨੂੰ ਕੈਦ ਕਰਦੇ ਹੀ ਇਸੇ ਲਈ ਨੇ ਕਿ ਉਹਨਾਂ ਨੂੰ ਇਹ ਪਤਾ ਨਾ ਲੱਗੇ ਬਾਹਰ ਕੀ ਹੋ ਰਿਹੈ ਅਤੇ ਵੇਖੋ ਤੁਸੀਂ ਕੀ ਕਰ ਰਹੇ ਹੋ! ਇੱਕ ਵਾਰ ਸਮਝ ਲਓ ਕਿਸ ਗੱਲ ਦੀ ਮਨਾਹੀ ਏ!"

"ਚਲ ਬਸ ਕਰ ਮਾਂ," ਪਾਵੇਲ ਨੇ ਕਿਹਾ। "ਮਤਵੇਈ ਈਵਾਨੋਵਿਚ ਦਿਲ ਦਾ ਚੰਗਾ ਏ ਤੇ ਉਹਨੂੰ ਗੁੱਸੇ ਕਰਨ ਦਾ ਕੋਈ ਫ਼ੈਦਾ ਨਹੀਂ। ਅਸੀਂ ਦੋਸਤ ਵਾਂ। ਇਹ ਸਬੱਬੀ ਗੱਲ ਏ ਕਿ ਤੇਰੀ ਮੁਲਾਕਤ ਸਮੇਂ ਉਹ ਡਿਊਟੀ 'ਤੇ ਹੈ। ਆਮ ਤੌਰ 'ਤੇ ਮੀਤ ਮੁਖੀ ਹੁੰਦੈ।"

"ਵਕਤ ਖ਼ਤਮ ਹੋ ਗਿਐ," ਜੇਲ੍ਹਰ ਨੇ ਆਪਣੀ ਘੜੀ ਵੱਲ ਵੇਖਦੇ ਹੋਏ ਕਿਹਾ।

"ਸ਼ੁਕਰੀਆ, ਪਿਆਰੀ ਅੰਮਾ," ਪਾਵੇਲ ਨੇ ਕਿਹਾ। "ਫ਼ਿਕਰ ਨਾ ਕਰ। ਉਹ ਮੈਨੂੰ ਛੇਤੀ ਹੀ ਛੱਡ ਦੇਣਗੇ।..."

ਪਾਵੇਲ ਨੇ ਮਾਂ ਨੂੰ ਘੁੱਟ ਕੇ ਜੱਫੀ ਪਾਈ ਅਤੇ ਚੁੰਮਿਆ ਅਤੇ ਉਹ ਇੰਨੀ ਪ੍ਰਭਾਵਤ ਅਤੇ ਖੁਸ਼ ਹੋਈ ਕਿ ਉਹ ਰੋ ਪਈ।

"ਚਲ, ਚਲ," ਲਾਂਘੇ ਵਿੱਚ ਮਾਂ ਦੇ ਅੱਗੇ ਅੱਗੇ ਜਾਂਦੇ ਹੋਏ ਜੇਲ੍ਹਰ ਬੁੜਬੁੜਾਇਆ। "ਰੋ ਨਹੀਂ, ਉਹ ਉਹਨੂੰ ਛੱਡ ਦੇਣਗੇ! ਉਹਨਾਂ ਸਾਰਿਆਂ ਨੂੰ ਛੱਡ ਦੇਣੈ।... ਇੱਥੇ ਬਹੁਤ ਜ਼ਿਆਦਾ ਭੀੜ ਹੋ ਗਈ ਏ।..."

ਘਰ ਆ ਕੇ ਉਹਨੇ **ਖੋਖੋਲ** ਨੂੰ ਸਾਰੀ ਗੱਲ ਦੱਸੀ, ਹਸੂੰ ਹਸੂੰ ਕਰਦੀ, ਉਹਦੇ ਭਰਵੱਟੇ ਥਰਕ ਰਹੇ ਸਨ।

"ਬੜੀ ਚੁਸਤੀ ਨਾਲ਼ ਮੈਂ ਉਹਨੂੰ ਸਾਰੀ ਗੱਲ ਦੱਸ ਦਿੱਤੀ। ਉਹ ਸਮਝ ਗਿਆ! ਉਹ ਜ਼ਰੂਰ ਸਮਝ ਗਿਆ ਹੋਣੈ।"

ਉਹਨੇ ਹਉਕਾ ਲੈ ਕੇ ਗੱਲ ਜਾਰੀ ਰੱਖੀ:

"ਨਹੀਂ ਤਾਂ ਉਹਨੇ ਇੰਨਾ ਪਿਆਰ ਨਹੀਂ ਸੀ ਕਰਨਾ। ਪਹਿਲਾਂ ਉਹਨੇ ਅਜਿਹਾ ਕਦੀ ਨਹੀਂ ਕੀਤਾ!"

"ਤੂੰ ਵੀ ਅਜੀਬ ਏਂ!" **ਖੋਖੋਲ** ਹੱਸਿਆ। "ਲੋਕ ਹਰ ਤਰ੍ਹਾਂ ਦੀਆਂ ਚੀਜ਼ਾਂ ਚਾਹੁੰਦੇ ਨੇ, ਪਰ ਮਾਂ ਨੂੰ ਬਸ ਪਿਆਰ ਚਾਹੀਦੈ।..."

"ਪਰ ਉਹ ਲੋਕ ਆਂਦਰੀਊਸ਼ਾ, ਜੇ ਤੂੰ ਕਿਤੇ ਵੇਖੇ ਹੁੰਦੇ!" ਉਹਨੇ ਅਚਾਨਕ ਤਰੰਗ ਨਾਲ਼ ਕਿਹਾ। "ਉਹ ਕਿਵੇਂ ਇਹਦੇ ਆਦੀ ਹੋ ਗਏ ਨੇ! ਉਹਨਾਂ ਦੇ ਬੱਚੇ ਉਹਨਾਂ ਤੋਂ ਖੋਹ ਲਏ ਗਏ ਤੇ ਜੇਲ੍ਹ ਵਿੱਚ ਸੁੱਟ ਦਿੱਤੇ ਗਏ, ਤੇ ਉਹ ਇਉਂ ਵਿਚਰ ਰਹੇ ਸਨ ਜਿਵੇਂ ਕੁਝ ਹੋਇਆ ਈ ਨਹੀਂ! ਉੱਥੇ ਆਉਂਦੇ, ਬੈਠਦੇ, ਉਡੀਕਦੇ ਤੇ ਖ਼ਬਰਾਂ ਬਾਰੇ ਗੱਲਾਂ ਕਰਦੇ। ਜੇ ਪੜ੍ਹੇ ਲਿਖੇ ਲੋਕ ਇਉਂ ਆਦੀ ਹੋ ਸਕਦੇ ਨੇ ਤਾਂ ਸਾਡੇ ਜਿਹੇ ਬੇਸਮਝ ਲੋਕਾਂ ਤੋਂ ਕੀ ਆਸ ਹੋ ਸਕਦੀ ਏ?"

"ਓ, ਹਾਂ," **ਖੋਖੋਲ** ਨੇ ਆਪਣੇ ਸੁਭਾਵਕ ਵਿਅੰਗ ਨਾਲ਼ ਜਵਾਬ ਦਿੱਤਾ। "ਅਖ਼ੀਰ ਕਾਨੂੰਨ ਸਾਡੇ ਨਾਲ਼ੋਂ ਉਹਨਾਂ ਦਾ ਵੱਧ ਲਿਹਾਜ਼ ਕਰਦੈ ਅਤੇ ਉਹਨਾਂ ਨੂੰ ਸਾਡੇ ਨਾਲ਼ੋਂ ਕਾਨੂੰਨ ਦੀ ਵੱਧ ਲੋੜ ਹੁੰਦੀ ਏ। ਸੋ ਜੇ ਇਹ ਇੱਕ ਅੱਧ ਵਾਰ ਉਹਨਾਂ ਦੇ ਸਿਰਾਂ ਉੱਤੇ ਇੱਕ ਜੜ ਦੇਂਦੈ ਤਾਂ ਉਹ ਮੂੰਹ ਬਣੌਂਦੇ ਨੇ, ਪਰ ਕੋਈ ਬਹੁਤਾ ਨਹੀਂ। ਆਪਣੀ ਮੁਤਹਿਰ ਨਾਲ਼ ਮਾਰ ਖਾ ਲੈਣੀ

ਕਿਸੇ ਹੋਰ ਦੀ ਮੁਤਹਿਰ ਨਾਲ਼ ਮਾਰ ਖਾਣ ਨਾਲ਼ੋਂ ਸੌਖਾ ਹੁੰਦੈ।...”

## 20

ਇੱਕ ਸ਼ਾਮ ਜਦੋਂ ਮਾਂ ਕੋਲ਼ ਬੈਠੀ ਜੁਰਾਬ ਉਣ ਰਹੀ ਸੀ ਅਤੇ **ਖੋਖੋਲ** ਪ੍ਰਾਚੀਨ ਰੋਮ ਵਿੱਚ ਗ਼ੁਲਾਮਾਂ ਦੀ ਬਗ਼ਾਵਤ ਬਾਰੇ ਉਹਨੂੰ ਪੜ੍ਹ ਕੇ ਸੁਣਾ ਰਿਹਾ ਸੀ, ਕਿਸੇ ਨੇ ਜ਼ੋਰ ਦੀ ਦਰਵਾਜ਼ਾ ਖੜਕਾਇਆ ਅਤੇ ਜਦੋਂ **ਖੋਖੋਲ** ਨੇ ਦਰਵਾਜ਼ਾ ਖੋਹਲਿਆ ਤਾਂ ਵੇਸੋਵਸ਼ਚੀਕੋਵ ਇੱਕ ਪੋਟਲੀ ਕੱਛ ਵਿੱਚ ਮਾਰੀ ਅੰਦਰ ਆਇਆ। ਉਹਦੀ ਟੋਪੀ ਸਿਰ ’ਤੇ ਪਿੱਛੇ ਧੱਕੀ ਹੋਈ ਸੀ ਤੇ ਉਹਦੀਆਂ ਲੱਤਾਂ ਉੱਤੇ ਗੋਡਿਆਂ ਤੱਕ ਚਿੱਕੜ ਦੇ ਛਿੱਟੇ ਪਏ ਸਨ।

“ਲੰਘਦਿਆਂ ਲੰਘਦਿਆਂ ਮੈਂ ਲੋਅ ਵੇਖੀ ਤੇ ਸੋਚਿਆ ਸਲਾਮ ਕਹੀ ਚੱਲਾਂ। ਸਿੱਧਾ ਜੇਲ੍ਹੋਂ ਆਇਆਂ,” ਉਹਨੇ ਅਜੀਬ ਅਵਾਜ਼ ਵਿੱਚ ਕਿਹਾ। ਪੇਲਾਗੀਆ ਦਾ ਹੱਥ ਫੜ ਕੇ ਉਹਨੇ ਬੜੇ ਜੋਸ਼ ਨਾਲ਼ ਹੱਥ ਮਿਲਾਇਆ। “ਪਾਵੇਲ ਨੇ ਬਹੁਤ ਬਹੁਤ ਪਿਆਰ ਘੱਲਿਐ,” ਉਹਨੇ ਕਿਹਾ।

ਉਹ ਔਖਾ ਜਿਹਾ ਹੋ ਕੇ ਬਹਿ ਗਿਆ ਤੇ ਕਮਰੇ ਨੂੰ ਉਦਾਸ, ਸ਼ੱਕੀ ਨਜ਼ਰਾਂ ਨਾਲ਼ ਘੋਖਿਆ।

ਮਾਂ ਨੂੰ ਉਹ ਚੰਗਾ ਨਹੀਂ ਸੀ ਲੱਗਦਾ। ਉਹਨੂੰ ਉਹਦੇ ਚੁਕੋਰ ਮੁੰਨੇ ਹੋਏ ਸਿਰ ਤੇ ਉਹਦੀਆਂ ਨਿੱਕੀਆਂ ਅੱਖਾਂ ਵਿੱਚ ਕੁਝ ਡਰਾਉਣਾ ਜਾਪਦਾ। ਪਰ ਅਜੋਕੀ ਰਾਤ ਉਹ ਉਹਨੂੰ ਵੇਖ ਕੇ ਖੁਸ਼ ਹੋਈ ਸੀ ਅਤੇ ਉਹਦੇ ਨਾਲ਼ ਉਤੇਜਨਾ ਨਾਲ਼ ਗੱਲਾਂ ਕਰਦੇ ਹੋਏ ਪਿਆਰ ਨਾਲ਼ ਮੁਸਕਰਾਈ।

“ਤੂੰ ਕਿੰਨਾ ਪਤਲਾ ਹੋ ਗਿਐਂ! ਆਂਦਰੀਊਸ਼ਾ, ਉਹਨੂੰ ਚਾਹ ਦਾ ਗਲਾਸ ਦਈਏ।...”

“ਮੈਂ ਤਾਂ ਸਾਮਾਵਰ ਗਰਮ ਕਰ ਹੀ ਰਿਹਾਂ,” **ਖੋਖੋਲ** ਰਸੋਈ ਵਿੱਚੋਂ ਬੋਲਿਆ।

“ਸੋ, ਪਾਵੇਲ ਦਾ ਕੀ ਹਾਲ ਏ ? ਤੇਰੇ ਸਿਵਾ ਕਿਸੇ ਹੋਰ ਨੂੰ ਵੀ ਛੱਡਿਆ ਨੇ ?”

ਨਿਕੋਲਾਈ ਨੇ ਨੀਵੀਂ ਪਾ ਲਈ।

“ਪਾਵੇਲ ਉੱਥੇ ਸਬਰ ਨਾਲ਼ ਉਡੀਕ ਰਿਹੈ। ਬਸ ਮੈਨੂੰ ਹੀ ਛੱਡਿਆ ਨੇ !” ਉਹਨੇ ਆਪਣੀਆਂ ਅੱਖਾਂ ਉੱਪਰ ਚੁੱਕ ਕੇ ਮਾਂ ਦੇ ਮੂੰਹ ਵੱਲ ਵੇਖਿਆ ਅਤੇ ਹੌਲ਼ੀ ਹੌਲ਼ੀ, ਮੀਚੇ ਦੰਦਾਂ ਵਿੱਚੋਂ ਬੋਲਿਆ,“ਮੈਂ ਉਹਨਾਂ ਨੂੰ ਕਿਹਾ, ‘ਮੇਰੇ ਲਈ ਹੱਦ ਹੋ ਗਈ ਏ। ਮੈਨੂੰ ਛੱਡ ਦਿਓ ! ਜੇ ਤੁਸਾਂ ਨਾ ਛੱਡਿਆ ਤਾਂ ਮੈਂ ਕਿਸੇ ਨੂੰ ਤੇ ਆਪਣੇ ਆਪ ਨੂੰ ਵੀ ਕਤਲ ਕਰ ਦਿਆਂਗਾ।’ ਸੋ ਉਹਨਾਂ ਮੈਨੂੰ ਛੱਡ ਦਿੱਤਾ।”

“ਆਹ,” ਮਾਂ ਨੇ ਛਹਿੜਦੇ ਹੋਏ ਕਿਹਾ। ਜਦੋਂ ਮਾਂ ਦੀਆਂ ਅੱਖਾਂ ਉਹਦੀਆਂ ਤਿੱਖੀਆਂ, ਸੁੰਗੇੜੀਆਂ ਅੱਖਾਂ ਨਾਲ਼ ਮਿਲਦੀਆਂ ਤਾਂ ਉਹ ਅਚੇਤ ਹੀ ਅੱਖਾਂ ਝਮਕਣ ਲੱਗ ਪੈਂਦੀ।

“ਫ਼ਿਓਦੋਰ ਮਾਜ਼ੀਨ ਦਾ ਕੀ ਹਾਲ ਏ ?” **ਖੋਖੋਲ** ਨੇ ਰਸੋਈ ਵਿੱਚੋਂ ਉੱਚੀ ਅਵਾਜ਼ ਵਿੱਚ ਪੁੱਛਿਆ। “ਅਜੇ ਵੀ ਨਜ਼ਮਾਂ ਲਿਖਦੈ ?”

“ਹਾਂ। ਇਹ ਮੇਰੀ ਸਮਝੋਂ ਪਰ੍ਹਾਂ ਦੀ ਗੱਲ ਏ,” ਨਿਕੋਲਾਈ ਨੇ ਸਿਰ ਹਿਲਾ ਕੇ ਕਿਹਾ। “ਉਹ ਆਪਣੇ ਆਪ ਨੂੰ ਸਮਝਦਾ ਕੀ ਏ, ਬੁਲਬੁਲ ? ਪਿੰਜਰੇ ਵਿੱਚ ਡੱਕ ਦਿਓ ਤੇ ਗੌਣ ਲੱਗ ਪੈਂਦੈ। ਪਰ ਇੱਕ ਗੱਲ ਦੀ ਮੈਨੂੰ ਸਮਝ ਏ: ਮੈਂ ਘਰ ਨਹੀਂ ਜਾਣਾ ਚਾਹੁੰਦਾ।...”

“ਘਰੇ ਤੇਰਾ ਹੈ ਵੀ ਕੀ ?” ਮਾਂ ਨੇ ਸੋਚਦੇ ਹੋਏ ਕਿਹਾ। “ਖ਼ਾਲੀ ਘਰ, ਅੰਗੀਠੀ ਵਿੱਚ ਅੱਗ

ਵੀ ਨਹੀਂ ਬਲੀ, ਹਰ ਥਾਂ ਠੰਢ।...”

ਉਹਨੇ ਕੁਝ ਨਾ ਕਿਹਾ, ਬਸ ਕਾਣੀ ਅੱਖ ਨਾਲ਼ ਉਹਦੇ ਵੱਲ ਵੇਖਦਾ ਰਿਹਾ। ਅਖ਼ੀਰ ਉਹਨੇ ਸਿਗਰਟਾਂ ਦੀ ਡੱਬੀ ਜੇਬ ਵਿੱਚੋਂ ਕੱਢੀ, ਕਾਹਲ ਕੀਤੇ ਬਿਨਾਂ ਅਰਾਮ ਨਾਲ਼ ਇੱਕ ਸਿਗਰਟ ਲਾਈ ਤੇ ਕਿਸੇ ਗੁੱਸੇ ਕੁੱਤੇ ਵਾਂਗ ਨਾਖੁਸ਼ ਗੁਰਾਇਆ।

“ਹਾਂ, ਮੇਰਾ ਖ਼ਿਆਲ ਏ ਸਭ ਕੁਝ ਠੰਢਾ ਈ ਹੋਵੇਗਾ,” ਉਹਨੇ ਸਲੇਟੀ ਧੂੰ ਨੂੰ ਲੋਪ ਹੁੰਦੇ ਵੇਖਦੇ ਹੋਏ ਕਿਹਾ। “ਫ਼ਰਸ਼ ’ਤੇ ਯਖ਼ ਹੋਏ ਕਾਕਰੋਚ ਪਏ ਹੋਣਗੇ। ਤੇ ਯਖ਼ ਹੋਏ ਚੂਹੇ ਵੀ। ਪੇਲਾਗੀਆ ਨਿਲੋਵਨਾ, ਰਾਤ ਮੈਨੂੰ ਇੱਥੇ ਕੱਟਣ ਦਏਂਗੀ ?” ਉਹਨੇ ਮਾਂ ਵੱਲ ਨਾ ਵੇਖਦੇ ਹੋਏ ਭਰੜਾਈ ਅਵਾਜ਼ ਵਿੱਚ ਕਿਹਾ।

“ਕਿਉਂ ਨਹੀਂ ? ਜ਼ਰੂਰ,” ਉਹਨੇ ਕਾਹਲੀ ਕਾਹਲੀ ਜਵਾਬ ਦਿੱਤਾ। ਪਤਾ ਨਹੀਂ ਕਿਉਂ ਉਹਦੇ ਸਾਹਮਣੇ ਉਹ ਔਖੀ ਜਿਹੀ ਅਨੁਭਵ ਕਰਦੀ ਸੀ।

“ਅੱਜ ਕੱਲ੍ਹ ਤਾਂ ਬੰਦੇ ਨੂੰ ਆਪਣੇ ਮਾਂ ਪਿਉ ’ਤੇ ਵੀ ਸ਼ਰਮ ਆਉਂਦੀ ਏ।...”

“ਕੀ ਕਿਹਾ ?” ਮਾਂ ਨੇ ਤ੍ਰਭਕ ਕੇ ਪੁੱਛਿਆ।

ਉਹਨੇ ਮਾਂ ਵੱਲ ਵੇਖਿਆ, ਫਿਰ ਅੱਖਾਂ ਬੰਦ ਕਰ ਲਈਆਂ, ਇਉਂ ਕਿ ਉਹਦਾ ਮਾਤਾ ਦਾ ਦਾਗ਼ਾਂ ਵਾਲ਼ਾ ਮੂੰਹ ਅੰਨ੍ਹਾ ਜਾਪਣ ਲੱਗ ਪਿਆ।

“ਮੈਂ ਕਿਹਾ ਬੰਦੇ ਨੂੰ ਆਪਣੇ ਮਾਂ ਪਿਉ ’ਤੇ ਸ਼ਰਮ ਆਉਣ ਲੱਗ ਪਈ ਏ,” ਉਹਨੇ ਹਉਕਾ ਲੈ ਕੇ ਗੱਲ ਦੁਹਰਾਈ। “ਪਾਵੇਲ ਨੂੰ ਤੇਰੇ ’ਤੇ ਕਦੀ ਸ਼ਰਮ ਨਹੀਂ ਆਈ। ਪਰ ਮੈਨੂੰ ਆਪਣੇ ਬੁੱਢੇ ’ਤੇ ਸ਼ਰਮ ਆਉਂਦੀ ਏ। ਮੈਂ ਉਹਦੇ ਮਕਾਨ ਵਿੱਚ ਕਦੀ ਪੈਰ ਨਹੀਂ ਧਰਨ ਲੱਗਾ। ਮੇਰਾ ਕੋਈ ਪਿਉ ਨਹੀਂ।... ਤੇ ਕੋਈ ਘਰ ਨਹੀਂ ! ਜੇ ਮੈਂ ਪੁਲੀਸ ਦੀ ਨਿਗਰਾਨੀ ਹੇਠ ਨਾ ਹੁੰਦਾ ਤਾਂ ਮੈਂ ਸਾਇਬੇਰੀਆ ਚਲਾ ਜਾਂਦਾ।... ਮੈਂ ਉੱਥੇ ਜਲਾਵਤਨ ਹੋਏ ਲੋਕਾਂ ਨੂੰ ਅਜ਼ਾਦ ਕਰਦਾ — ਨੱਠ ਜਾਣ ਵਿੱਚ ਉਹਨਾਂ ਦੀ ਮਦਦ ਕਰਦਾ।...”

ਉਹਦੇ ਸੂਖਮ ਦਿਲ ਨੇ ਮਾਂ ਨੂੰ ਦੱਸ ਦਿੱਤਾ ਕਿ ਉਹ ਦੁਖੀ ਹੈ, ਪਰ ਉਹਨੂੰ ਉਹਦੇ ਉੱਤੇ ਤਰਸ ਨਾ ਆਇਆ।

“ਜੇ ਤੂੰ ਇੰਞ ਸੋਚਦੈਂ ਤਾਂ ਚੰਗੀ ਗੱਲ ਇਹ ਵੇ ਕਿ ਤੂੰ ਚਲਾ ਜਾ,” ਉਹਨੇ ਕਿਹਾ ਤਾਂ ਜੁ ਚੁੱਪ ਰਹਿ ਕੇ ਉਹਨੂੰ ਨਰਾਜ਼ ਨਾ ਕਰੇ।

ਆਂਦਰੇਈ ਰਸੋਈ ਵਿੱਚੋਂ ਆ ਗਿਆ।

“ਇਹ ਤੂੰ ਕੀ ਕਹਿ ਰਹੀ ਏਂ ?” ਉਹ ਹੱਸਿਆ।

“ਮੈਂ ਖਾਣ ਲਈ ਕੁਝ ਲਿਔਂਦੀ ਵਾਂ,” ਮਾਂ ਨੇ ਉੱਠਦੇ ਹੋਏ ਕਿਹਾ।

ਨਿਕੋਲਾਈ ਨੇ ਕੁਝ ਚਿਰ ਨੀਝ ਲਾ ਕੇ **ਖੋਖੋਲ** ਵੱਲ ਵੇਖਿਆ ਅਤੇ ਫਿਰ ਅਚਾਨਕ ਬੋਲ ਉੱਠਿਆ:

“ਮੇਰਾ ਖ਼ਿਆਲ ਏ ਕੁਝ ਲੋਕਾਂ ਨੂੰ ਮਾਰ ਦੇਣਾ ਚਾਹੀਦੈ !”

“ਓਹੋ ! ਕਿਉਂ ?” **ਖੋਖੋਲ** ਨੇ ਪੁੱਛਿਆ।

“ਉਹਨਾਂ ਤੋਂ ਛੁਟਕਾਰਾ ਪਾਉਣ ਲਈ।...”

ਲੰਮਾ ਅਤੇ ਪਤਲਾ, **ਖੋਖੋਲ** ਆਪਣੀਆਂ ਅੱਡੀਆਂ ਉੱਤੇ ਝੂਲਦਾ ਕਮਰੇ ਦੇ ਵਿਚਕਾਰ ਖੜਾ ਆਪਣੇ ਹੱਥ ਆਪਣੀਆਂ ਜੇਬਾਂ ਵਿੱਚ ਘੁਸੇੜ ਕੇ ਨਿਕੋਲਾਈ ਵੱਲ ਝਾਕ ਰਿਹਾ ਸੀ, ਜਿਹੜਾ ਕੁਰਸੀ ਉੱਤੇ ਡਟ ਕੇ ਬੈਠਾ ਸਿਗਰਟ ਦੇ ਧੂੰ ਵਿੱਚ ਲਿਪਟਿਆ ਹੋਇਆ ਸੀ। ਉਹਦੀਆਂ ਗੱਲ੍ਹਾਂ ਉੱਤੇ ਲਾਲ ਧੱਫੜ ਪੈ ਗਏ ਸਨ।

"ਉਸ ਇਸਾਈ ਗੋਰਬੋਵ ਦਾ ਸਿਰ ਤਾਂ ਮੈਂ ਵੱਢ ਹੀ ਦੇਣੈਂ, ਤੂੰ ਵੇਖ ਲਈ ਮੈਂ ਉਹਨੂੰ ਛੱਡਣਾ ਨਹੀਂ!"

"ਕਿਉਂ?"

"ਉਹ ਸੂਹੀਆ ਤੇ ਚੁਗ਼ਲਖ਼ੋਰ ਏ। ਉਹਨੇ ਹੀ ਮੇਰੇ ਪਿਉ ਨੂੰ ਬਰਬਾਦ ਕੀਤੈ, ਉਹਨੂੰ ਵੀ ਚੁਗ਼ਲਖ਼ੋਰ ਬਣਾ ਦਿੱਤਾ ਸੂ," ਵੇਸੋਵਸ਼ਚੀਕੋਵ ਨੇ ਆਂਦਰੇਈ ਵੱਲ ਖੋਰੀ ਦੋਖ ਨਾਲ ਵੇਖਦੇ ਹੋਏ ਕਿਹਾ।

"ਸੋ ਇਹ ਗੱਲ ਏ!" **ਖੋਖੋਲ** ਬੋਲ ਉਠਿਆ। "ਪਰ ਇਹ ਗੱਲ ਤੇਰੇ ਖ਼ਿਲਾਫ਼ ਵਰਤਣ ਦੀ ਬੇਵਕੂਫ਼ੀ ਤਾਂ ਕਿਸੇ ਕਰਨੀ ਨਹੀਂ!"

"ਹੁਸ਼ਿਆਰ ਤੇ ਮੂਰਖ ਸਭ ਇਕੋ ਜਿਹੇ ਨੇ," ਨਿਕੋਲਾਈ ਨੇ ਅੜੀ ਨਾਲ਼ ਕਿਹਾ। "ਤੈਨੂੰ ਤੇ ਪਾਵੇਲ ਨੂੰ ਹੀ ਲਓ। ਤੁਸੀਂ ਦੋਵੇਂ ਹੁਸ਼ਿਆਰ ਹੋ। ਪਰ ਕੀ ਤੁਹਾਡੀਆਂ ਨਜ਼ਰਾਂ ਵਿੱਚ ਮੈਂ ਉਜੇਹਾ ਹੀ ਵਾਂ ਜਿਹੋ ਜਿਹਾ ਫ਼ਿਓਦੋਰ ਮਾਜ਼ੀਨ ਏ ਜਾਂ ਸਮੋਈਲੋਵ ਏ ਜਾਂ ਜਿਹੋ ਜਿਹੇ ਤੁਸੀਂ ਦੋਵੇਂ ਇੱਕ ਦੂਜੇ ਲਈ ਹੋ। ਝੂਠ ਨਾ ਬੋਲੀਂ। ਉਂਵ ਵੀ ਮੈਂ ਤੇਰੇ 'ਤੇ ਇਤਬਾਰ ਨਹੀਂ ਕਰਨਾ।... ਤੁਸੀਂ ਸਾਰੇ ਮੈਨੂੰ ਇੱਕ ਪਾਸੇ ਧੱਕਦੇ ਓ, ਮੈਨੂੰ ਥਾਂ ਸਿਰ ਰੱਖਦੇ ਓ।..."

"ਤੇਰੀ ਰੂਹ ਬਿਮਾਰ ਏ, ਨਿਕੋਲਾਈ," **ਖੋਖੋਲ** ਨੇ ਉਹਦੇ ਕੋਲ਼ ਬਹਿੰਦੇ ਹੋਏ ਨਰਮੀ ਅਤੇ ਸਨੇਹ ਨਾਲ਼ ਕਿਹਾ।

"ਬਿਮਾਰ ਤਾਂ ਇਹ ਹੈ ਈ। ਪਰ ਤੇਰੀ ਵੀ ਬਿਮਾਰ ਏ।... ਬਸ ਤੂੰ ਇਹ ਸੋਚਦੈਂ ਕਿ ਤੇਰੀ ਬਿਮਾਰੀ ਮੇਰੀ ਬਿਮਾਰੀ ਨਾਲ਼ੋਂ ਵਧੀਆ ਕਿਸਮ ਦੀ ਏ। ਅਸੀਂ ਸਾਰੇ ਇੱਕ ਦੂਜੇ ਨਾਲ਼ ਕੁੱਤੀ ਦੇ ਪੁੱਤਰਾਂ ਵਾਂਗ ਸਲੂਕ ਕਰਦੇ ਵਾਂ, ਮੈਂ ਤਾਂ ਬਸ ਇਹੋ ਕਹਿਨਾਂ। ਕਰਦੇ ਆਂ ਨਾ, ਕਿ ਨਹੀਂ? ਬੋਲ!"

ਉਹਨੇ ਆਪਣੀਆਂ ਤਿੱਖੀਆਂ ਅੱਖਾਂ ਆਂਦਰੇਈ ਦੇ ਮੂੰਹ ਉੱਤੇ ਗੱਡ ਦਿੱਤੀਆਂ ਅਤੇ ਦੰਦ ਕੱਢ ਕੇ ਉਡੀਕਣ ਲੱਗ ਪਿਆ। ਉਹਦੇ ਧੱਫੜਾਂ ਵਾਲ਼ੇ ਮੂੰਹ ਦੀ ਨੁਹਾਰ ਨਾ ਤਬਦੀਲ ਹੋਈ, ਪਰ ਉਹਦੇ ਮੋਟੇ ਬੁੱਲ੍ਹ ਕੰਬਣ ਲੱਗ ਪਏ, ਜਿਵੇਂ ਉਹ ਕਿਸੇ ਗਰਮ ਸ਼ੈ ਨਾਲ਼ ਲੂਹੇ ਗਏ ਹੋਣ।

"ਮੈਂ ਕੁਝ ਨਹੀਂ ਕਹਿ ਸਕਦਾ," **ਖੋਖੋਲ** ਨੇ ਵੇਸੋਵਸ਼ਚੀਕੋਵ ਦੀ ਖੋਰੀ ਤੱਕਣੀ ਵੇਖਦੇ ਹੋਏ ਕਿਹਾ, ਉਹਦੀਆਂ ਨੀਲ਼ੀਆਂ ਅੱਖਾਂ ਵਿੱਚ ਇੱਕ ਪਿਆਰ-ਭਰੀ ਅਤੇ ਉਦਾਸ ਮੁਸਕਾਨ ਸੀ। "ਮੈਨੂੰ ਤਾਂ ਬਸ ਇਹ ਪਤਾ ਏ ਕਿ ਜਦੋਂ ਕਿਸੇ ਦੇ ਦਿਲ ਦੇ ਸਾਰੇ ਫੱਟ ਖੁੱਲ੍ਹੇ ਹੋਣ ਤਾਂ ਉਹਦੇ ਨਾਲ਼ ਬਹਿਸ ਕੀਤਿਆਂ ਉਹਨੂੰ ਦੁੱਖ ਹੀ ਹੁੰਦੈ, ਮੈਂ ਜਾਣਦਾਂ, ਭਰਾਵਾ!"

"ਬਹਿਸ ਕਰਨਾ ਮੇਰਾ ਕੰਮ ਨਹੀਂ। ਮੈਂ ਇਹ ਕਰ ਹੀ ਨਹੀਂ ਸਕਦਾ!" ਅੱਖਾਂ ਨੀਵੀਆਂ ਪਾਉਂਦੇ ਹੋਏ ਨਿਕੋਲਾਈ ਬੁੜਬੁੜਾਇਆ।

"ਮੈਨੂੰ ਜਾਪਦੈ," **ਖੋਖੋਲ** ਨੇ ਗੱਲ ਜਾਰੀ ਰੱਖੀ, "ਸਾਡੇ ਵਿੱਚੋਂ ਹਰ ਇੱਕ ਆਪਣੇ ਕੰਡਿਆਲੇ ਰਾਹ ਉੱਤੇ ਚੱਲਿਆ ਹੈ ਤੇ ਆਪਣੀ ਹਨੇਰੀ ਘੜੀ ਹਰ ਇੱਕ ਤੇਰੇ ਵਾਂਗ ਡਡਿਆਇਆ ਹੈ।..."

"ਤੂੰ ਮੈਨੂੰ ਕੁਝ ਨਹੀਂ ਦੱਸ ਸਕਦਾ," ਵੇਸੋਵਸ਼ਚੀਕੋਵ ਨੇ ਹੌਲ਼ੀ ਹੌਲ਼ੀ ਕਿਹਾ। "ਮੇਰੀ ਰੂਹ ਬਘਿਆੜ ਵਾਂਗ ਚਾਂਘਰ ਰਹੀ ਏ।..."

"ਮੈਂ ਤੈਨੂੰ ਕੁਝ ਨਹੀਂ ਦੱਸਣਾ ਚਾਹੁੰਦਾ! ਬਸ ਮੈਂ ਜਾਣਦਾਂ ਕਿ ਇਹ ਹਾਲਤ ਰਹਿਣ ਨਹੀਂ ਲੱਗੀ। ਸ਼ੈਦ ਇਹ ਪੂਰੀ ਤਰ੍ਹਾਂ ਖ਼ਤਮ ਨਾ ਹੋਵੇ, ਪਰ ਇਹ ਰਹਿਣ ਨਹੀਂ ਲੱਗੀ!"

ਉਹ ਨਿੱਕਾ ਜਿਹਾ ਹਾਸਾ ਹੱਸਿਆ, ਅਤੇ ਨਿਕੋਲਾਈ ਦਾ ਮੋਢਾ ਥਾਪੜ ਕੇ ਗੱਲ ਜਾਰੀ ਰੱਖੀ।

"ਖ਼ਸਰੇ ਵਾਂਗ ਇੱਹ ਬੱਚਿਆਂ ਦੀ ਬਿਮਾਰੀ ਏ। ਸਾਨੂੰ ਸਾਰਿਆਂ ਨੂੰ ਇਹ ਕਦੀ ਨਾ ਕਦੀ ਹੁੰਦੀ ਏ। ਤਕੜਿਆਂ 'ਤੇ ਇਹਦਾ ਜ਼ੋਰ ਘੱਟ ਹੁੰਦੈ, ਮਾੜਿਆਂ ਨੂੰ ਇਹਦੇ ਨਾਲ਼ ਬਹੁਤ ਦੁੱਖ ਹੁੰਦੈ। ਇਹ ਸਾਨੂੰ ਐਨ ਉਸ ਘੜੀ ਪਕੜਦੀ ਏ ਜਦੋਂ ਅਸੀਂ ਆਪਣੇ ਆਪ ਨੂੰ ਲੱਭ ਰਹੇ ਹੁੰਦੇ ਹਾਂ, ਪਰ ਅਸਾਂ ਅਜੇ ਜ਼ਿੰਦਗੀ ਅਤੇ ਇਹਦੇ ਵਿੱਚ ਆਪਣੀ ਥਾਂ ਦਾ ਪੂਰਾ ਦ੍ਰਿਸ਼ ਨਹੀਂ ਵੇਖਿਆ ਹੁੰਦਾ। ਤੁਹਾਨੂੰ ਜਾਪਦੈ ਕਿ ਤੁਸੀਂ ਇਸ ਧਰਤੀ ਦਾ ਸਭ ਤੋਂ ਚੰਗਾ ਪਦਾਰਥ ਹੋ ਤੇ ਹਰ ਕੋਈ ਤੁਹਾਨੂੰ ਚੱਕ ਮਾਰਨਾ ਚਾਹੁੰਦੈ। ਪਰ ਕੁਝ ਸਮਾਂ ਪਾ ਕੇ ਪਤਾ ਲੱਗਦੈ ਕਿ ਹੋਰਨਾਂ ਦੇ ਸੀਨੇ ਵਿੱਚ ਵੀ ਰੂਹ ਦਾ ਇੱਕ ਟੋਟਾ ਏ, ਜਿਹੜਾ ਤੁਹਾਡੇ ਨਾਲ਼ੋਂ ਕਿਸੇ ਵੀ ਤਰ੍ਹਾਂ ਘਟੀਆ ਨਹੀਂ, ਅਤੇ ਇਸ ਨਾਲ਼ ਮਾਮਲਾ ਸੌਖਾ ਹੋ ਜਾਂਦੈ। ਫਿਰ ਤੁਹਾਨੂੰ ਇਸ ਗੱਲ 'ਤੇ ਥੋੜ੍ਹੀ ਜਿਹੀ ਸ਼ਰਮ ਆ ਜਾਂਦੀ ਹੈ ਕਿ ਤੁਸੀਂ ਨਕਾਰਖ਼ਾਨੇ ਵਿੱਚ ਆਪਣੀ ਪੀਪਣੀ ਵਜਾਉਣੀ ਸ਼ੁਰੂ ਕਰ ਦਿੱਤੀ ਜਿਹੜੀ ਬਾਕੀ ਸਾਜ਼ਾਂ ਦੀ ਅਵਾਜ਼ ਵਿੱਚ ਸੁਣੇ ਜਾਣ ਲਈ ਬਹੁਤ ਨਿੱਕੀ ਹੈ। ਪਰ ਤੁਹਾਨੂੰ ਪਤਾ ਲੱਗਦੈ ਕਿ ਤੁਹਾਡੀ ਪੀਪਣੀ ਸਾਰੇ ਸਾਜ਼ਾਂ ਦੇ ਰਲ ਕੇ ਵੱਜਣ ਵਿੱਚ ਇੱਕ ਸੋਹਣਾ ਵਾਧਾ ਹੈ ਭਾਵੇਂ ਜੇ ਤੁਸੀਂ ਇਹਨੂੰ ਇਕੱਲੇ ਵਜਾਓ ਤਾਂ ਵੱਡੇ ਸਾਜ਼ ਇਹਦੀ ਅਵਾਜ਼ ਨੂੰ ਉਸੇ ਤਰ੍ਹਾਂ ਡੋਬ ਦੇਂਦੇ ਨੇ ਜਿਵੇਂ ਤੇਲ ਵਿੱਚ ਮੱਖੀ। ਮੈਂ ਜੋ ਕੁਝ ਕਹਿਣ ਦੀ ਕੋਸ਼ਿਸ਼ ਕਰ ਰਿਹਾਂ, ਉਹ ਸਮਝਿਆ ਏਂ?"

"ਸ਼ੈਦ ਮੈਂ ਸਮਝਦਾਂ," ਨਿਕੋਲਾਈ ਨੇ ਸਿਰ ਹਿਲਾ ਕੇ ਕਿਹਾ। "ਪਰ ਮੈਂ — ਮੈਂ — ਕਿਸੇ ਗੱਲ ਉੱਤੇ ਯਕੀਨ ਨਹੀਂ ਕਰਦਾ!"

**ਖੋਖੋਲ** ਹੱਸ ਕੇ ਖੜਾ ਹੋ ਗਿਆ ਅਤੇ ਸ਼ੋਰੀਲੇ ਢੰਗ ਨਾਲ਼ ਟਹਿਲਣ ਲੱਗ ਪਿਆ।

"ਮੈਨੂੰ ਵੀ ਸਮਝ ਨਹੀਂ ਸੀ ਆਉਂਦੀ, ਪੁਰਾਣੀਆਂ ਇੱਟਾਂ ਦੇ ਢੇਰ!"

"ਪੁਰਾਣੀਆਂ ਇੱਟਾਂ ਦੇ ਢੇਰ ਦਾ ਮਤਲਬ?" ਨਿਕੋਲਾਈ ਨੇ **ਖੋਖੋਲ** ਵੱਲ ਵੇਖਦੇ ਹੋਏ ਉਦਾਸ ਹਾਸੇ ਨਾਲ਼ ਕਿਹਾ।

"ਕਿਉਂਕਿ ਤੂੰ ਇਹੋ ਕੁਝ ਜਾਪਦੈਂ!"

ਅਚਾਨਕ ਨਿਕੋਲਾਈ ਖਿੜ ਕੇ ਹੱਸ ਪਿਆ, ਉਹਦਾ ਮੂੰਹ ਟੱਡਿਆ ਹੋਇਆ ਸੀ।

"ਕੀ ਹੋਇਆ?" **ਖੋਖੋਲ** ਨੇ ਉਹਦੇ ਸਾਹਮਣੇ ਰੁਕ ਕੇ ਹੈਰਾਨੀ ਨਾਲ਼ ਪੁੱਛਿਆ।

"ਮੈਨੂੰ ਹੁਣ ਖ਼ਿਆਲ ਆਇਐ ਕਿ ਤੇਰੇ ਜਜ਼ਬਿਆਂ ਨੂੰ ਠੇਸ ਲਾਉਣ ਵਾਲ਼ਾ ਬੰਦਾ ਕਿੰਨਾ

ਮੂਰਖ ਹੋਵੇਗਾ," ਨਿਕੋਲਾਈ ਨੇ ਆਪਣਾ ਸਿਰ ਹਿਲਾਉਂਦੇ ਹੋਏ ਜਵਾਬ ਦਿੱਤਾ।

"ਕੋਈ ਮੇਰੇ ਜਜ਼ਬਿਆਂ ਨੂੰ ਕਿਵੇਂ ਠੇਸ ਲਾ ਸਕਦੈ ?" **ਖੋਖੋਲ** ਨੇ ਮੋਢੇ ਸੰਗੋੜੇ।

"ਇਹ ਮੈਂ ਨਹੀਂ ਜਾਣਦਾ!" ਵੇਸੋਵਸ਼ਚੀਕੋਵ ਨੇ ਚੰਗੇ ਰੌਂਅ ਵਿੱਚ ਮੁਸਕਰਾ ਕੇ ਨਿਵਾਜਵੇਂ ਢੰਗ ਨਾਲ਼ ਆਪਣੇ ਦੰਦ ਵਿਖਾਉਂਦੇ ਹੋਏ ਕਿਹਾ। "ਮੇਰਾ ਮਤਲਬ ਸੀ ਕਿ ਜੇ ਕਿਸੇ ਨੇ ਕਦੀ ਤੈਨੂੰ ਦੁੱਖ ਪੁਚਾਇਆ ਤਾਂ ਉਹ ਚੋਖੇ ਭੈੜੇ ਰੌਂਅ ਵਿੱਚ ਹੋਵੇਗਾ।"

"ਅੱਛਾ, ਇਹ ਗੱਲ ਏ," **ਖੋਖੋਲ** ਹੱਸਿਆ।

"ਆਂਦਰੀਊਸ਼ਾ!" ਮਾਂ ਨੇ ਰਸੋਈ ਵਿੱਚੋਂ ਅਵਾਜ਼ ਦਿੱਤੀ।

ਆਂਦਰੇਈ ਬਾਹਰ ਚਲਾ ਗਿਆ।

ਇਕੱਲੇ ਰਹਿ ਗਏ ਵੇਸੋਵਸ਼ਚੀਕੋਵ ਨੇ ਆਲੇ ਦੁਆਲੇ ਵੇਖਿਆ, ਫਿਰ ਇੱਕ ਠੁਲ੍ਹੇ ਜਿਹੇ ਬੂਟ ਵਿੱਚ ਪਈ ਇੱਕ ਲੱਤ ਪਸਾਰੀ, ਇਹਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ, ਝੁਕਿਆ ਅਤੇ ਆਪਣੀ ਮੋਟੀ ਪਿੰਨੀ ਨੂੰ ਟੋਹਿਆ। ਉਹਨੇ ਆਪਣਾ ਹੱਥ ਚੁੱਕਿਆ, ਆਪਣੀ ਮੋਟੀ ਤਲੀ ਤੇ ਪੀਲ਼ੇ ਵਾਲਾਂ ਨਾਲ਼ ਕੱਜੀਆਂ ਆਪਣੀਆਂ ਠੁਲ੍ਹੀਆਂ ਉਂਗਲਾਂ ਦੇ ਪਿੱਛਲੇ ਪਾਸੇ ਨੂੰ ਗਹੁ ਨਾਲ਼ ਵੇਖਿਆ। ਫਿਰ ਆਪਣੇ ਹੱਥ ਨੂੰ ਝਟਕਾ ਦੇ ਕੇ ਖੜਾ ਹੋ ਗਿਆ।

ਜਦੋਂ ਆਂਦਰੇਈ ਸਾਮਾਵਰ ਲਿਆਇਆ ਤਾਂ ਨਿਕੋਲਾਈ ਸ਼ੀਸ਼ੇ ਸਾਹਮਣੇ ਖੜਾ ਸੀ।

"ਬੜੇ ਚਿਰ ਪਿੱਛੋਂ ਆਪਣੇ ਇਸ ਬੂਥੇ ਉੱਤੇ ਮੈਂ ਨਿਗਾਹ ਮਾਰੀ ਏ," ਉਹਨੇ ਕਿਹਾ ਤੇ ਇੱਕ ਟੇਢੀ ਮੁਸਕਾਨ ਨਾਲ਼ ਵਾਧਾ ਕੀਤਾ। "ਕਿਆ ਬੂਥਾ ਏ!"

"ਤੈਨੂੰ ਇਹਦੀ ਕੀ ਫ਼ਿਕਰ ਏ," ਆਂਦਰੇਈ ਨੇ ਉਤਸੁਕਤਾ ਨਾਲ਼ ਉਹਦੇ ਵੱਲ ਵੇਖਦੇ ਹੋਏ ਕਿਹਾ।

"ਸਾਸ਼ਾ ਕਹਿੰਦੀ ਏ ਮੂੰਹ ਰੂਹ ਦਾ ਸ਼ੀਸ਼ਾ ਹੁੰਦੈ," ਉਹਨੇ ਹੌਲ਼ੀ ਹੌਲ਼ੀ ਕਿਹਾ।

"ਬਕਵਾਸ!" **ਖੋਖੋਲ** ਕੂਕਿਆ। "ਉਹਦਾ ਨੱਕ ਮੱਛੀਆਂ ਫੜਨ ਵਾਲ਼ੀ ਕੁੰਡੀ ਜਿਹਾ ਏ ਤੇ ਗੱਲ੍ਹਾਂ ਦੀਆਂ ਹੱਡੀਆਂ ਚਾਕੂ ਦੇ ਫਲ ਜਿਹੀਆਂ, ਪਰ ਉਹਦੀ ਰੂਹ ਕਿਸੇ ਤਾਰੇ ਜਿਹੀ ਏ।"

ਨਿਕੋਲਾਈ ਨੇ ਉਹਦੇ ਵੱਲ ਵੇਖਿਆ ਤੇ ਖੁੱਲ੍ਹ ਕੇ ਮੁਸਕਰਾਇਆ।

ਉਹ ਬਹਿ ਕੇ ਚਾਹ ਪੀਣ ਲੱਗ ਪਏ।

ਨਿਕੋਲਾਈ ਨੇ ਇੱਕ ਵੱਡਾ ਆਲੂ ਲਿਆ, ਰੋਟੀ ਦੇ ਇੱਕ ਟੋਟੇ ਉੱਤੇ ਲੂਣ ਲਾਇਆ ਅਤੇ ਕਿਸੇ ਬਲਦ ਵਾਂਗ ਹੌਲ਼ੀ ਹੌਲ਼ੀ ਅਤੇ ਚੁੱਪ ਚਾਪ ਚਿੱਥਣ ਲੱਗ ਪਿਆ।

"ਇੱਥੇ ਕੀ ਹਾਲ ਚਾਲ ਏ," ਉਹਨੇ ਭਰੇ ਮੂੰਹ ਵਿੱਚੋਂ ਪੁੱਛਿਆ।

ਜਦੋਂ ਆਂਦਰੇਈ ਨੇ ਉਹਨੂੰ ਇਸ ਗੱਲ ਦਾ ਖੁਸ਼ੀ ਭਰਿਆ ਹਾਲ ਦੱਸਿਆ ਕਿ ਉਹ ਕਾਰਖ਼ਾਨੇ ਵਿੱਚ ਕਿਵੇਂ ਪ੍ਰਚਾਰ ਫੈਲਾ ਰਹੇ ਹਨ, ਨਿਕੋਲਾਈ ਫਿਰ ਉਦਾਸ ਹੋ ਗਿਆ। ਉਹ ਖੋਖਲੀ ਅਵਾਜ਼ ਵਿੱਚ ਬੋਲਿਆ:

"ਬੜਾ ਚਿਰ ਲੱਗ ਰਿਹੈ। ਬਹੁਤ ਲੰਮਾ! ਸਾਨੂੰ ਵਧੇਰੇ ਤਿੱਖੀ ਤਰ੍ਹਾਂ ਕੰਮ ਕਰਨਾ ਚਾਹੀਦੈ।..."

ਉਹਦੇ ਵੱਲ ਵੇਖਦੇ ਹੋਏ ਦੁਸ਼ਮਣੀ ਦੀ ਭਾਵਨਾ ਮਾਂ ਦੇ ਮਨ ਵਿੱਚ ਜਾਗ ਪਈ।

"ਜ਼ਿੰਦਗੀ ਕੋਈ ਘੋੜਾ ਨਹੀਂ ਜਿਸਨੂੰ ਚਾਬਕ ਮਾਰ ਕੇ ਨਠਾਇਆ ਜਾ ਸਕੇ," ਆਂਦਰੇਈ ਨੇ ਕਿਹਾ।

ਨਿਕੋਲਾਈ ਨੇ ਅੜੀ ਨਾਲ਼ ਸਿਰ ਹਿਲਾਇਆ।

"ਬਹੁਤ ਲੰਮਾ ਚਿਰ ਏ! ਮੈਂ ਇਉਂ ਉਡੀਕ ਨਹੀਂ ਸਕਦਾ! ਮੈਂ ਕੀ ਕਰਾਂ?"

ਉਹਨੇ **ਖੋਖੋਲ** ਦੇ ਮੂੰਹ ਵੱਲ ਵੇਖਦੇ ਹੋਏ, ਜਵਾਬ ਦੀ ਉਡੀਕ ਕਰਦੇ ਨਿਰਾਸ਼ ਜਿਹਾ ਇਸ਼ਾਰਾ ਕੀਤਾ।

"ਸਾਨੂੰ ਸਾਰਿਆਂ ਨੂੰ ਪੜ੍ਹਨਾ ਤੇ ਹੋਰਨਾਂ ਨੂੰ ਪੜ੍ਹਾਉਣਾ ਚਾਹੀਦੈ, ਅਸਾਂ ਇਹੋ ਕੁਝ ਕਰਨੈ," ਆਂਦਰੇਈ ਨੇ ਸਿਰ ਨੀਵਾਂ ਕਰ ਕੇ ਕਿਹਾ।

"ਤੇ ਅਸੀਂ ਲੜਨਾ ਕਦੋਂ ਸ਼ੁਰੂ ਕਰਾਂਗੇ?" ਵੇਸੋਵਸ਼ਚੀਕੋਵ ਨੇ ਪੁੱਛਿਆ।

"ਮੈਂ ਇਹ ਤਾਂ ਨਹੀਂ ਜਾਣਦਾ ਅਸੀਂ ਕਦੋਂ ਲੜਨਾ ਸ਼ੁਰੂ ਕਰਾਂਗੇ, ਪਰ ਮੈਨੂੰ ਇੰਨਾ ਪਤੈ ਕਿ ਉਸ ਤੋਂ ਪਹਿਲਾਂ ਉਹ ਚੋਖੀ ਵਾਰ ਸਾਨੂੰ ਹਰਾਉਣਗੇ," **ਖੋਖੋਲ** ਨੇ ਹੱਸ ਕੇ ਕਿਹਾ। "ਮੇਰੀ ਸੋਚ ਮੁਤਾਬਕ ਸਾਨੂੰ ਆਪਣੇ ਹੱਥਾਂ ਨਾਲ਼ੋਂ ਪਹਿਲਾਂ ਆਪਣੇ ਦਿਮਾਗ਼ਾਂ ਨੂੰ ਹਥਿਆਰਬੰਦ ਕਰਨਾ ਚਾਹੀਦੈ।"

ਨਿਕੋਲਾਈ ਫਿਰ ਖਾਣ ਲੱਗ ਪਿਆ, ਅਤੇ ਮਾਂ ਉਹਦੇ ਚੌੜੇ ਮੂੰਹ 'ਤੇ ਗ਼ੁਸੈਲੀਆਂ ਨਜ਼ਰਾਂ ਸੁੱਟਦੀ ਰਹੀ, ਕੁਝ ਅਜਿਹਾ ਲੱਭਣ ਦਾ ਜਤਨ ਕਰਦੀ ਹੋਈ ਜਿਹੜਾ ਉਹਨੂੰ ਉਹਦੀ ਚੌੜੀ, ਭਾਰੀ ਦੇਹ ਨੂੰ ਕਬੂਲ ਕਰਨ ਯੋਗ ਬਣਾ ਸਕੇ।

ਮਾਂ 'ਤੇ ਉਹਦੀਆਂ ਨਿੱਕੀਆਂ ਅੱਖਾਂ ਦੀ ਚੁਭਵੀਂ ਨਜ਼ਰ ਪਈ ਅਤੇ ਇਸ ਨਾਲ਼ ਉਹਦੇ ਭਰਵੱਟੇ ਫਰਕਣ ਲੱਗ ਪਏ। ਆਂਦਰੇਈ ਬੇਚੈਨ ਸੀ। ਉਹ ਅਚਾਨਕ ਹੱਸਣ ਤੇ ਗੱਲਾਂ ਕਰਨ ਲੱਗ ਪੈਂਦਾ, ਫਿਰ ਇੱਕ ਦਮ ਚੁੱਪ ਕਰ ਜਾਂਦਾ ਅਤੇ ਸੀਟੀਆਂ ਮਾਰਨ ਲੱਗ ਪੈਂਦਾ।

ਮਾਂ ਨੇ ਸੋਚਿਆ ਉਹ ਜਾਣਦੀ ਸੀ ਆਂਦਰੇਈ ਨੂੰ ਕਿਹੜੀ ਗੱਲ ਤੰਗ ਕਰ ਰਹੀ ਹੈ। ਨਿਕੋਲਾਈ ਉੱਥੇ ਬੈਠਾ ਸੀ, ਸੋਚੀਂ ਡੁੱਬਾ, ਜੋ ਕੁਝ **ਖੋਖੋਲ** ਕਹਿੰਦਾ ਉਹਦਾ ਉਹ ਸੰਖੇਪ, ਅਣਮੰਨਵਾਂ ਜਵਾਬ ਦੇਂਦਾ।

ਨਿੱਕਾ ਜਿਹਾ ਕਮਰਾ ਮਾਂ ਅਤੇ ਆਂਦਰੇਈ ਲਈ ਘੁੱਟਵਾਂ ਅਤੇ ਅਸੁਖਾਵਾਂ ਹੋ ਗਿਆ, ਅਤੇ ਪਹਿਲੇ ਇੱਕ ਫਿਰ ਦੂਜਾ ਚੋਰੀ ਚੋਰੀ ਆਪਣੇ ਮਹਿਮਾਨ ਵੱਲ ਵੇਖਦਾ।

ਅਖ਼ੀਰ ਉਹ ਉੱਠਿਆ ਅਤੇ ਬੋਲਿਆ:

"ਮੈਂ ਸੌਣਾ ਚਾਹੁੰਦਾਂ। ਉੱਥੇ ਉਸ ਜੇਲ੍ਹ ਵਿੱਚ ਬੈਠਾ ਮੈਂ ਪਾਗਲ ਹੀ ਹੋ ਚਲਿਆ ਸਾਂ, ਫਿਰ ਅਚਾਨਕ ਉਹਨਾਂ ਮੈਨੂੰ ਛੱਡ ਦਿੱਤਾ ਅਤੇ ਮੈਂ ਚਲਾ ਆਇਆ। ਮੈਂ ਥੱਕ ਗਿਆਂ।"

ਉਹ ਰਸੋਈ ਵਿੱਚ ਚਲਾ ਗਿਆ ਅਤੇ ਕੁਝ ਦੇਰ ਹਿੱਲਣ ਜੁਲਣ ਤੋਂ ਪਿੱਛੋਂ ਉੱਕਾ ਹੀ ਚੁੱਪ ਹੋ ਗਿਆ, ਜਿਵੇਂ ਉਹ ਮਰ ਗਿਆ ਹੋਵੇ। ਮਾਂ ਨੇ ਕੰਨਾਂ 'ਤੇ ਜ਼ੋਰ ਦਿੱਤਾ, ਪਰ ਕੋਈ ਅਵਾਜ਼ ਨਹੀਂ ਸੀ ਆ ਰਹੀ।

"ਉਹਦੇ ਖ਼ਿਆਲ ਬੜੇ ਭਿਆਨਕ ਨੇ," ਉਹਨੇ ਹੌਲ਼ੀ ਜਿਹੀ ਆਂਦਰੇਈ ਨੂੰ ਕਿਹਾ।

"ਉਹ ਔਖਾ ਬੰਦਾ ਏ," **ਖੋਖੋਲ** ਨੇ ਸਿਰ ਹਿਲਾ ਕੇ ਕਿਹਾ। "ਪਰ ਇਹ ਹਾਲਤ ਰਹਿਣ

ਨਹੀਂ ਲੱਗੀ! ਕਦੀ ਮੈਂ ਵੀ ਅਜਿਹਾ ਹੀ ਹੁੰਦਾ ਸਾਂ। ਤੁਹਾਡੇ ਦਿਲ ਵਿੱਚ ਲਾਟ ਬਣ ਕੇ ਬਲਣ ਤੋਂ ਪਹਿਲਾਂ ਅੱਗ ਬਹੁਤ ਸਾਰੀ ਧੁਆਂਖ ਛੱਡਦੀ ਏ। ਸੌਂ ਜਾ, **ਨੈਨਕੋ**। ਮੈਂ ਕੁਝ ਚਿਰ ਪੜ੍ਹਾਂਗਾ।"

ਉਹ ਇੱਕ ਨੁੱਕਰੇ ਚਲੀ ਗਈ, ਜਿੱਥੇ ਸੂਤੀ ਪਰਦਿਆਂ ਪਿੱਛੇ ਇੱਕ ਮੰਜਾ ਪਿਆ ਸੀ ਅਤੇ ਬੜੇ ਚਿਰ ਤੱਕ ਮੇਜ਼ ਕੋਲ਼ ਬੈਠਾ ਆਂਦਰੇਈ ਉਹਨੂੰ ਹਉਕੇ ਲੈਂਦੇ ਤੇ ਦੁਆ ਕਰਦੇ ਸੁਣਦਾ ਰਿਹਾ। ਉਹਨੇ ਕਾਹਲੀ ਕਾਹਲੀ ਕਿਤਾਬ ਦੇ ਵਰਕੇ ਉਲਟੇ, ਘਬਰਾਹਟ ਨਾਲ਼ ਆਪਣਾ ਮੱਥਾ ਰਗੜਿਆ, ਆਪਣੀਆਂ ਲੰਮੀਆਂ ਉਂਗਲਾਂ ਨਾਲ਼ ਮੁੱਛਾਂ ਨੂੰ ਵਟ ਚਾੜ੍ਹਿਆ ਅਤੇ ਆਪਣੇ ਪੈਰ ਅੱਗੇ ਪਿੱਛੇ ਕੀਤੇ। ਕਲਾਕ ਟਿਕ ਟਿਕ ਕਰ ਰਿਹਾ ਸੀ, ਹਵਾ ਰੁੱਖਾਂ ਵਿੱਚ ਸ਼ਾਂ ਸ਼ਾਂ ਕਰ ਰਹੀ ਸੀ।

"ਹਾਏ, ਮੇਰੀ ਜਿੰਦੇ!" ਮਾਂ ਦੀ ਮੱਧਮ ਅਵਾਜ਼ ਆਈ। "ਦੁਨੀਆਂ ਵਿੱਚ ਇੰਨੇ ਸਾਰੇ ਲੋਕ ਨੇ ਤੇ ਸਾਰੇ ਆਪਣੇ ਢੰਗ ਨਾਲ਼ ਡਡਿਆ ਰਹੇ ਨੇ। ਪਤਾ ਨਹੀਂ ਖੁਸ਼ ਲੋਕ ਕਿੱਥੇ ਨੇ।"

"ਖੁਸ਼ ਲੋਕ ਹੈਨ, **ਨੈਨਕੋ**!" ਆਂਦਰੇਈ ਨੇ ਜਵਾਬ ਦਿੱਤਾ। "ਤੇ ਛੇਤੀ ਹੀ ਉਹ ਬਹੁਤ ਸਾਰੇ ਹੋ ਜਾਣਗੇ। ਢੇਰਾਂ ਦੇ ਢੇਰ!"

## 21

ਜ਼ਿੰਦਗੀ ਤੇਜ਼ੀ ਨਾਲ਼ ਚਲਦੀ ਗਈ, ਇੱਕ ਤੋਂ ਪਿੱਛੋਂ ਦੂਜਾ, ਮਿਲਿਆ ਜੁਲਿਆ, ਬਹੁ-ਪੱਖੀ, ਘਟਨਾਵਾਂ ਨਾਲ਼ ਭਰਿਆ ਦਿਨ, ਹਰ ਰੋਜ਼ ਕੁਝ ਨਵਾਂ ਲਿਆਉਂਦਾ, ਪਰ ਹੁਣ ਮਾਂ ਨੂੰ ਇਸ ਤੋਂ ਤੌਖਲਾ ਨਾ ਹੁੰਦਾ। ਸਦਾ ਵਧੇਰੇ ਵਾਰ ਉਹਦੇ ਘਰ ਅਣਜਾਣੇ ਲੋਕ ਸ਼ਾਮ ਨੂੰ ਆਂਦਰੇਈ ਨਾਲ਼ ਫ਼ਿਕਰਮੰਦ ਘੁਸਰ-ਮੁਸਰ ਕਰਨ ਆਉਂਦੇ; ਰਾਤੀਂ ਦੇਰ ਨਾਲ਼ ਉਹ ਆਪਣੇ ਓਵਰਕੋਟਾਂ ਦੇ ਕਾਲਰ ਚੁੱਕ ਲੈਂਦੇ, ਟੋਪੀਆਂ ਅੱਖਾਂ ਤੱਕ ਹੇਠਾਂ ਖਿਚ ਲੈਂਦੇ ਤੇ ਅਵਾਜ਼ ਕੀਤੇ ਬਿਨਾਂ ਬੜੇ ਧਿਆਨ ਨਾਲ਼ ਹਨੇਰੇ ਵਿੱਚ ਗਵਾਚ ਜਾਂਦੇ। ਉਹ ਉਸ ਦਬਾਈ ਉਤਸੁਕਤਾ ਬਾਰੇ ਚੇਤੰਨ ਸੀ ਜਿਹੜੀ ਉਹ ਸਾਰੇ ਅਨੁਭਵ ਕਰਦੇ। ਇਉਂ ਜਾਪਦਾ ਕਿ ਉਹ ਸਾਰੇ ਗਾਉਣਾ ਤੇ ਹੱਸਣਾ ਚਾਹੁੰਦੇ ਸਨ, ਪਰ ਉਹਨਾਂ ਕੋਲ਼ ਸਮਾਂ ਨਹੀਂ ਸੀ; ਉਹਨਾਂ ਨੂੰ ਸਦਾ ਕਾਹਲ ਜਾਪਦੀ। ਉਹਨਾਂ ਵਿੱਚੋਂ ਕੁਝ ਗੰਭੀਰ ਅਤੇ ਕਾਟਵੇਂ ਹੁੰਦੇ; ਹੋਰ ਖੁਸ਼ ਅਤੇ ਜਵਾਨ ਸ਼ਕਤੀ ਨਾਲ਼ ਲੁਛ ਲੁਛ ਕਰਦੇ ਹੁੰਦੇ; ਕਈ ਹੋਰ ਚੁੱਪ ਅਤੇ ਸੋਚਵਾਨ ਹੁੰਦੇ। ਮਾਂ ਨੇ ਵੇਖਿਆ ਕਿ ਉਹਨਾਂ ਸਭਨਾਂ ਵਿੱਚ ਭਰੋਸਾ ਅਤੇ ਸਿਰੜ ਸੀ, ਅਤੇ ਭਾਵੇਂ ਉਹ ਸਾਰੇ ਬਹੁਤ ਹੀ ਵੱਖ ਵੱਖ ਤਰ੍ਹਾਂ ਦੇ ਲੋਕ ਸਨ, ਉਹਨਾਂ ਦੇ ਮੂੰਹ ਰਲ ਕੇ ਇੱਕ ਮੂੰਹ ਬਣਦੇ ਜਾਪਦੇ, ਜਿਹੜਾ ਏਮਾਊਸ ਜਾਂਦੈ ਈਸਾ ਦੇ ਮੂੰਹ ਨਾਲ਼ ਮਿਲਦਾ ਸੀ, ਅਤੇ ਪਤਲਾ ਸ਼ਾਂਤੀ ਨਾਲ਼ ਦ੍ਰਿੜ੍ਹ, ਸਾਫ਼ ਕਾਲ਼ੀਆਂ ਅੱਖਾਂ ਵਾਲ਼ਾ, ਜਿਸਦੀ ਤੱਕਣੀ ਇੱਕੋ ਸਮੇਂ ਕੋਮਲ ਵੀ ਸੀ ਤੇ ਕਰੜੀ ਵੀ।

ਮਾਂ ਨੇ ਉਹਨਾਂ ਦੀ ਗਿਣਤੀ ਕੀਤੀ, ਦਿਲ ਹੀ ਦਿਲ ਵਿੱਚ ਉਹਨੇ ਪਾਵੇਲ ਨੂੰ ਦੁਸ਼ਮਣ ਦੀਆਂ ਅੱਖਾਂ ਤੋਂ ਬਚਾਉਣ ਲਈ ਉਹਦੇ ਦੁਆਲੇ ਭੀੜ ਇਕੱਠੀ ਕੀਤੀ।

ਇੱਕ ਦਿਨ ਇੱਕ ਚੁਸਤ, ਘੁੰਗਰਿਆਲੇ ਵਾਲਾਂ ਵਾਲ਼ੀ ਕੁੜੀ ਸ਼ਹਿਰ ਤੋਂ ਆਂਦਰੇਈ ਲਈ ਇੱਕ ਪੈਕਟ ਲੈ ਕੇ ਆਈ। ਜਾਂਦੇ ਸਮੇਂ ਉਹਨੇ ਆਪਣੀਆਂ ਖੁਸ਼, ਲਿਸ਼ਕਦੀਆਂ ਅੱਖਾਂ ਨਾਲ਼ ਮਾਂ ਵੱਲ ਵੇਖਿਆ।

“ਰੱਬ ਰਾਖਾ, ਸਾਥੀ!” ਉਹਨੇ ਕਿਹਾ।

“ਰੱਬ ਰਾਖਾ,” ਮਾਂ ਨੇ ਆਪਣੀ ਮੁਸਕਾਨ ਰੋਕਦੇ ਹੋਏ ਕਿਹਾ।

ਜਦੋਂ ਉਹ ਕੁੜੀ ਨੂੰ ਬਾਹਰ ਤੱਕ ਛੱਡ ਆਈ ਤਾਂ ਉਹ ਬਾਰੀ ਕੋਲ਼ ਗਈ ਅਤੇ ਮੁਸਕਰਾਉਂਦੇ ਹੋਏ ਆਪਣੀ ਇਸ ਕਾਮਰੇਡ ਨੂੰ ਛੁਹਲੇ, ਨਿੱਕੇ ਕਦਮ ਪੁੱਟਦੇ ਸੜਕ ’ਤੇ ਜਾਂਦੇ ਵੇਖਿਆ, ਬਸੰਤ ਦੇ ਕਿਸੇ ਫੁੱਲ ਵਾਂਗ ਨਰੋਈ ਤੇ ਤਿਤਲੀ ਵਾਂਗ ਹਲਕੀ ਫੁਲਕੀ।

“ਸਾਥੀ!” ਜਦੋਂ ਕੁੜੀ ਅੱਖੋਂ ਉਹਲੇ ਹੋ ਗਈ ਤਾਂ ਮਾਂ ਬੁੜਬੁੜਾਈ। “ਹਾਏ ਨੀ ਨਿੱਕੀ ਜਿੰਦੜੀਏ! ਰੱਬ ਕਰੇ ਤੈਨੂੰ ਸਾਰੀ ਹਯਾਤੀ ਸਾਥ ਦੇਣ ਲਈ ਕੋਈ ਸੱਚਾ ਸਾਥੀ ਲੱਭ ਪਵੇ।”

ਸ਼ਹਿਰੋਂ ਆਏ ਇਹਨਾਂ ਲੋਕਾਂ ਵਿੱਚ ਕੁਝ ਬੱਚਿਆਂ ਜਿਹਾ ਸੀ ਜਿਸ ਕਾਰਨ ਉਹ ਮਿਹਰ ਭਰੀ ਮੁਸਕਾਨ ਮੁਸਕਰਾ ਦੇਂਦੀ। ਪਰ ਉਹਨਾਂ ਦੇ ਨਿਸ਼ਚੇ ਦਾ, ਜਿਸਦੀ ਸਚਿਆਰਗੀ ਉਹਦੇ ਲਈ ਵਧੇਰੇ ਅਤੇ ਹੋਰ ਵਧੇਰੇ ਸਪਸ਼ਟ ਹੁੰਦੀ ਜਾ ਰਹੀ ਸੀ, ਉਹਦੇ ਉੱਤੇ ਪ੍ਰਭਾਵ ਵੀ ਪਿਆ ਅਤੇ ਉਹਨੂੰ ਖੁਸ਼ੀ-ਭਰੀ ਹੈਰਾਨੀ ਵੀ ਹੋਈ। ਉਹਨਾਂ ਦੇ ਹੱਕ ਇਨਸਾਫ਼ ਦੀ ਜਿੱਤ ਦੇ ਸੁਪਨੇ ਉਹਦੇ ਦਿਲ ਨੂੰ ਨਿੱਘ ਦੇਂਦੇ ਅਤੇ ਪਲੋਸਦੇ, ਪਰ ਪਤਾ ਨਹੀਂ ਕਿਉਂ ਜਦੋਂ ਕਦੀ ਉਹ ਉਹਨਾਂ ਦੀ ਗੱਲ ਸੁਣਦੀ ਉਹ ਅਫ਼ਸੋਸ ਨਾਲ਼ ਹਉਕੇ ਲੈਂਦੀ। ਉਹਨਾਂ ਦੀ ਨਿਰੋਲ ਸਾਦਗੀ ਦਾ ਉਹਦੇ ਉੱਤੇ ਖ਼ਾਸ ਅਸਰ ਹੁੰਦਾ ਅਤੇ ਉਹਨਾਂ ਦੀ ਖ਼ੁਦ ਆਪਣੇ ਭਲੇ ਵੱਲੋਂ ਸ਼ਾਨਦਾਰ, ਅਤਿ ਦਰਜੇ ਦੀ ਲਾਪ੍ਰਵਾਹੀ ਦਾ।

ਉਹ ਜੋ ਕੁਝ ਜ਼ਿੰਦਗੀ ਬਾਰੇ ਕਹਿੰਦੇ ਮਾਂ ਉਹਦਾ ਵੱਡਾ ਹਿੱਸਾ ਪਹਿਲਾਂ ਹੀ ਸਮਝਦੀ ਸੀ, ਉਹ ਅਨੁਭਵ ਕਰਦੀ ਸੀ ਕਿ ਉਹਨਾਂ ਮਨੁੱਖੀ ਦੁੱਖ ਦਾ ਅਸਲੀ ਸੋਮਾ ਲੱਭ ਲਿਆ ਹੈ ਅਤੇ ਉਹਨਾਂ ਦੇ ਵਧੇਰੇ ਅਸੂਲ ਕਬੂਲ ਕਰਦੀ। ਪਰ ਆਪਣੇ ਦਿਲ ਦੀਆਂ ਡੂੰਘਾਈਆਂ ਵਿੱਚ ਉਹਨੂੰ ਯਕੀਨ ਨਹੀਂ ਸੀ ਕਿ ਉਹ ਜ਼ਿੰਦਗੀ ਨੂੰ ਨਵੇਂ ਸਿਰਿਉਂ, ਆਪਣੇ ਢੰਗ ਨਾਲ਼ ਘੜ ਸਕਣਗੇ ਜਾਂ ਸਭਨਾਂ ਕਿਰਤੀ ਲੋਕਾਂ ਨੂੰ ਉਸ ਅੱਗ ਦੁਆਲੇ ਇਕੱਠਾ ਕਰ ਸਕਣਗੇ ਜਿਹੜੀ ਉਹਨਾਂ ਬਾਲੀ ਸੀ। ਹਰ ਕੋਈ ਆਪਣਾ ਢਿੱਡ ਅੱਜ ਭਰਨ ’ਤੇ ਤੁਲਿਆ ਹੋਇਆ ਸੀ; ਜੇ ਉਹ ਅੱਜ ਖਾ ਸਕੇ ਤਾਂ ਕੋਈ ਵੀ ਇਹਨੂੰ ਭਲਕ ਤੱਕ ਟਾਲਣਾ ਨਹੀਂ ਸੀ ਚਾਹੁੰਦਾ। ਬਹੁਤ ਥੋੜ੍ਹੇ ਲੋਕ ਇਸ ਲੰਮੇ ਅਤੇ ਔਖੇ ਰਾਹ ਉੱਤੇ ਟੁਰਨ ਲਈ ਤਿਆਰ ਹੋਣਗੇ; ਬਹੁਤ ਥੋੜ੍ਹੀਆਂ ਅੱਖਾਂ ਮਨੁੱਖੀ ਭਰਾਵਲੀ ਦੀ ਉਸ ਅਣੋਖੀ ਬਾਦਸ਼ਾਹੀ ਦਾ ਦ੍ਰਿਸ਼ ਵੇਖ ਸਕਣਗੀਆਂ ਜਿੱਥੇ ਅੰਤ ਅਪੜਨਾ ਸੀ। ਇਸੇ ਕਾਰਨ ਉਹ ਸਾਰੇ ਚੰਗੇ ਲੋਕ ਉਹਦੇ ਲਈ ਬੱਚਿਆਂ ਵਾਂਗ ਸਨ, ਉਹਨਾਂ ਦੀਆਂ ਦਾੜ੍ਹੀਆਂ ਤੇ ਪੱਕੇ ਮੂੰਹਾਂ ਦੇ ਬਾਵਜੂਦ, ਜਿਹੜੇ ਅਕਸਰ ਥਕਾਵਟ ਕਾਰਨ ਇੰਨੇ ਝੰਬੇ ਹੁੰਦੇ।

“ਵਿਚਾਰੇ ਆਲੇ ਭੋਲੇ!” ਉਹਨੇ ਆਪਣਾ ਸਿਰ ਹਿਲਾਉਂਦੇ ਹੋਏ ਸੋਚਿਆ।

ਪਰ ਉਹ ਸਾਰੇ ਇਮਾਨਦਾਰ, ਗੰਭੀਰ ਅਤੇ ਸੁਘੜ ਜ਼ਿੰਦਗੀ ਜੀ ਰਹੇ ਸਨ। ਉਹ ਚੰਗਾ ਕੰਮ ਕਰਨ ਦੀਆਂ ਗੱਲਾਂ ਕਰਦੇ ਅਤੇ ਜੋ ਕੁਝ ਉਹ ਜਾਣਦੇ ਸਨ, ਹੋਰਨਾਂ ਨੂੰ ਉਹ ਸਿਖਾਉਣ ਲਈ ਆਪਣੀ ਪੂਰੀ ਵਾਹ ਲਾਉਂਦੇ। ਉਹਨੇ ਅਨੁਭਵ ਕੀਤਾ ਕਿ ਇਹਦੇ ਖ਼ਤਰੇ ਦੇ ਬਾਵਜੂਦ ਮਨੁੱਖ ਅਜਿਹੀ ਜ਼ਿੰਦਗੀ ਨੂੰ ਕਿਉਂ ਪਿਆਰ ਕਰ ਸਕਦਾ ਹੈ ਅਤੇ ਹਉਕਾ ਭਰ ਕੇ ਉਹਨੇ ਆਪਣੇ ਬੀਤੇ ਦੀ ਹਨੇਰੀ, ਤੰਗ ਪਟੀ ਉੱਤੇ ਪਰਤਵੀਂ ਨਿਗਾਹ ਮਾਰੀ। ਹੌਲ਼ੀ ਹੌਲ਼ੀ ਉਹਦੇ ਦਿਲ

ਵਿੱਚ ਇਹ ਸ਼ਾਂਤ ਚੇਤਨਤਾ ਵੱਧ ਗਈ ਕਿ ਇਸ ਨਵੇਂ ਜੀਵਨ ਲਈ ਉਹ ਵੀ ਅਹਿਮ ਸੀ। ਪਹਿਲੀਆਂ ਵਿੱਚ ਉਹਨੇ ਕਦੀ ਇਹ ਅਨੁਭਵ ਨਹੀਂ ਸੀ ਕੀਤਾ ਕਿ ਕਿਸੇ ਨੂੰ ਉਹਦੀ ਲੋੜ ਹੈ, ਪਰ ਹੁਣ ਉਹ ਸਾਫ਼ ਤਰ੍ਹਾਂ ਵੇਖਦੀ ਸੀ ਕਿ ਕਈ ਲੋਕਾਂ ਨੂੰ ਉਹਦੀ ਲੋੜ ਸੀ ਅਤੇ ਇਹ ਇੱਕ ਨਵਾਂ ਅਤੇ ਸੁਖਾਵਾਂ ਅਨੁਭਵ ਸੀ, ਜਿਸ ਨੇ ਉਹਦਾ ਸਿਰ ਉੱਚਾ ਕਰ ਦਿੱਤਾ।...

ਉਹ ਇਸ਼ਤਿਹਾਰ ਨੇਮ ਨਾਲ਼ ਕਾਰਖ਼ਾਨੇ ਲੈ ਜਾਂਦੀ, ਇਹ ਉਹ ਆਪਣਾ ਫ਼ਰਜ਼ ਸਮਝਦੀ। ਜਾਸੂਸ ਉਹਨੂੰ ਵੇਖਣ ਦੇ ਆਦੀ ਹੋ ਗਏ ਸਨ ਅਤੇ ਉਹਦੇ ਵੱਲ ਘੱਟ ਹੀ ਧਿਆਨ ਦੇਂਦੇ। ਕਈ ਵਾਰ ਉਹਨਾਂ ਉਹਦੀ ਤਲਾਸ਼ੀ ਲਈ, ਪਰ ਹਰ ਵਾਰ ਇਸ਼ਤਿਹਾਰ ਵੰਡੇ ਜਾਣ ਤੋਂ ਅਗਲੇ ਦਿਨ। ਜਦੋਂ ਉਹਦੇ ਕੋਲ਼ ਕੁਝ ਨਾ ਹੁੰਦਾ। ਉਹਨੂੰ ਪਹਿਰੇਦਾਰਾਂ ਅਤੇ ਜਾਸੂਸਾਂ ਦਾ ਸ਼ੱਕ ਉਭਾਰਨਾ ਖ਼ੂਬ ਆਉਂਦਾ ਸੀ, ਜਿਹੜੇ ਉਹਨੂੰ ਫੜ ਲੈਂਦੇ ਅਤੇ ਉਹਦੀ ਤਲਾਸ਼ੀ ਲੈਂਦੇ ਅਤੇ ਉਹ ਉਹਨਾਂ ਨਾਲ਼ ਬਹਿਸਦੀ ਤੇ ਬਹਾਨਾ ਬਣਾਉਂਦੀ ਕਿ ਉਹਦੀ ਬੇਇੱਜ਼ਤੀ ਕੀਤੀ ਗਈ ਹੈ। ਉਹਨਾਂ ਨੂੰ ਸ਼ਰਮਿੰਦਿਆਂ ਕਰਕੇ ਉਹ ਚਲੀ ਜਾਂਦੀ, ਆਪਣੀ ਉਸਤਾਦੀ ’ਤੇ ਮਾਣ ਨਾਲ਼ ਭਰੀ। ਇਹ ਖੇਡ ਉਹਨੂੰ ਪਸੰਦ ਸੀ।

ਵੇਸੋਵਸ਼ਚੀਕੋਵ ਨੂੰ ਉਹਨਾਂ ਕਾਰਖ਼ਾਨੇ ਵਿੱਚ ਵਾਪਸ ਨਾ ਲਿਆ। ਉਹਨੇ ਲੱਕੜੀ ਦੇ ਇੱਕ ਵਪਾਰੀ ਕੋਲ਼ ਨੌਕਰੀ ਕਰ ਲਈ, ਗੇਲੀਆਂ, ਫੱਟੇ ਤੇ ਬਾਲਣ ਢੋਣ ਦੀ। ਮਾਂ ਲਗਭਗ ਹਰ ਰੋਜ਼ ਉਹਨੂੰ ਭਾਰ ਲਈ ਜਾਂਦੇ ਵੇਖਦੀ: ਪਹਿਲਾਂ ਦੋ ਬੁੱਢੇ ਮਾੜੂਏ ਜਿਹੇ ਕਾਲ਼ੇ ਘੋੜੇ ਆਉਂਦੇ ਜਿਨ੍ਹਾਂ ਦੀਆਂ ਲੱਤਾਂ ਜ਼ੋਰ ਲਾਉਣ ਕਾਰਨ ਕੰਬ ਰਹੀਆਂ ਹੁੰਦੀਆਂ ਅਤੇ ਜਦੋਂ ਉਹ ਆਪਣੀਆਂ ਬੇਨੂਰ, ਦਰਦ ਭਰੀਆਂ ਅੱਖਾਂ ਝਮਕਦੇ ਤਾਂ ਉਹਨਾਂ ਦੇ ਸਿਰ ਹਿਲਦੇ; ਉਹਨਾਂ ਦੇ ਪਿੱਛੇ ਇੱਕ ਲੰਮੀ, ਸਿਲ੍ਹੀ ਗੇਲੀ ਭੁੜਕਦੀ ਜਾਂ ਫਟਿਆਂ ਦੀ ਫੜ੍ਹੀ ਸ਼ੋਰੀਲੀ ਖੜ ਖੜ ਕਰਦੀ; ਘੋੜੇ ਦੇ ਨਾਲ਼ ਨਾਲ਼, ਲਗਾਮ ਢਿੱਲੀ ਤਰ੍ਹਾਂ ਫੜੀ, ਨਿਕੋਲਾਈ ਚੱਲ ਰਿਹਾ ਹੁੰਦਾ। ਗੰਦਾ, ਖੁਥੜ, ਭਾਰੇ ਬੂਟ ਪਾਈ, ਟੋਪੀ ਸਿਰ ਦੇ ਪਿੱਛਲੇ ਪਾਸੇ ਧੱਕੀ ਉਹ ਧਰਤੀ ਵਿੱਚੋਂ ਖਿੱਚ ਕੇ ਕੱਢੇ ਕਿਸੇ ਮੁੱਢ ਜਿਹਾ ਮੋਟਾ ਅਤੇ ਭੱਦਾ ਜਾਪਦਾ। ਅੱਖਾਂ ਭੌਂ ’ਤੇ ਗੱਡੀ ਟੁਰੀ ਜਾਂਦਾ ਤਾਂ ਉਹ ਵੀ ਆਪਣਾ ਸਿਰ ਹੇਠਾਂ ਉੱਤੇ ਕਰਦਾ। ਉਹਦੇ ਘੋੜਿਆਂ ਦੀ ਉਹਨਾਂ ਵੱਲ ਆਉਂਦੇ ਗੱਡਿਆਂ ਜਾਂ ਲੋਕਾਂ ਨਾਲ਼ ਅੰਨ੍ਹਿਆਂ ਵਾਂਗ ਟੱਕਰ ਹੋ ਜਾਂਦੀ। ਨਿਕੋਲਾਈ ’ਤੇ ਚੋਭਵੇਂ ਅਵਾਜ਼ੇ ਕਸੇ ਜਾਂਦੇ ਅਤੇ ਗ਼ੁਸੈਲੀਆਂ ਗਾਹਲਾਂ ਛਿੜੇ ਭੂੰਡਾਂ ਵਾਂਗ ਉਹਨੂੰ ਘੇਰ ਲੈਂਦੀਆਂ। ਪਰ ਨਾ ਉਹ ਜਵਾਬ ਦੇਂਦਾ, ਨਾ ਆਪਣਾ ਸਿਰ ਚੁੱਕਦਾ, ਬਸ ਕੰਨ ਪਾੜਦੀ ਜ਼ੋਰ ਦੀ ਸੀਟੀ ਵਜਾ ਕੇ ਖੋਖਲੀ ਅਵਾਜ਼ ਵਿੱਚ ਆਪਣੇ ਘੋੜਿਆਂ ਨੂੰ ਬੁੜਬੁੜਾਉਂਦਾ:

“ਉਏ, ਚਲੇ ਚੱਲੋ!”

ਜਦੋਂ ਕਦੀ ਆਂਦਰੇਈ ਕਿਸੇ ਬਦੇਸ਼ੀ ਅਖ਼ਬਾਰ ਦਾ ਤਾਜ਼ਾ ਪਰਚਾ ਜਾਂ ਕਿਤਾਬਚਾ ਪੜ੍ਹਨ ਲਈ ਆਪਣੇ ਸਾਥੀਆਂ ਨੂੰ ਬੁਲਾਉਂਦਾ, ਨਿਕੋਲਾਈ ਆਉਂਦਾ ਅਤੇ ਇੱਕ ਨੁੱਕਰੇ ਬਹਿ ਜਾਂਦਾ, ਚੁੱਪ ਚਾਪ ਘੰਟਾ ਦੋ ਘੰਟੇ ਸੁਣਦਾ ਰਹਿੰਦਾ। ਪੜ੍ਹਾਈ ਤੋਂ ਪਿੱਛੋਂ ਜਵਾਨ ਲੋਕ ਲੰਮੀ ਬਹਿਸ ਕਰਦੇ ਜਿਸ ਵਿੱਚ ਵੇਸੋਵਸ਼ਚੀਕੋਵ ਕਦੀ ਹਿੱਸਾ ਨਾ ਲੈਂਦਾ। ਪਰ ਜਦੋਂ ਬਾਕੀ ਸਾਰੇ ਚਲੇ ਜਾਂਦੇ ਤਾਂ ਉਹ ਬੈਠਾ ਰਹਿੰਦਾ ਅਤੇ ਇਕੱਲਾ ਆਂਦਰੇਈ ਨਾਲ਼ ਗੱਲਾਂ ਕਰਦਾ।

"ਸਭ ਤੋਂ ਵੱਧ ਕਸੂਰ ਕਿਸ ਦਾ ਏ ?" ਉਹ ਮੂੰਹ ਵੱਟ ਕੇ ਕਹਿੰਦਾ।

"ਜਿਸ ਬੰਦੇ ਦਾ ਕਸੂਰ ਏ ਉਹ ਪਹਿਲਾਂ ਬੰਦਾ ਸੀ ਜਿਸ ਨੇ ਪਹਿਲੀ ਵਾਰ ਕਿਹਾ ਸੀ, 'ਇਹ ਮੇਰਾ ਏ !' ਉਹ ਬੰਦਾ ਕੁਝ ਹਜ਼ਾਰ ਵਰ੍ਹੇ ਪਹਿਲਾਂ ਮਰ ਗਿਆ ਸੋ ਉਹਦੇ ਨਾਲ਼ ਗੁੱਸੇ ਹੋਣ ਦਾ ਕੋਈ ਅਰਥ ਨਹੀਂ," **ਖੋਖੋਲ** ਨੇ ਨੱਠਾ ਕਰਦੇ ਜਵਾਬ ਦਿੱਤਾ, ਪਰ ਉਹਦੀਆਂ ਅੱਖਾਂ ਵਿੱਚ ਤੌਖਲਾ ਸੀ।

"ਅਮੀਰਾਂ ਬਾਰੇ ਕੀ ਖ਼ਿਆਲ ਏ ? ਤੇ ਉਹ ਜਿਹੜੇ ਉਹਨਾਂ ਦੀ ਹਮਾਇਤ ਕਰਦੇ ਨੇ ?"

ਜ਼ਿੰਦਗੀ ਅਤੇ ਲੋਕਾਂ ਬਾਰੇ ਉਹ ਕੁਝ ਦੱਸਣਾ ਚਾਹੁੰਦਾ ਸੀ, ਜੋ ਉਹਨੂੰ ਪਤਾ ਸੀ ਉਹ ਦੱਸਣ ਲਈ ਸਾਦੇ ਸ਼ਬਦ ਚੁਣਦਾ ਹੋਇਆ **ਖੋਖੋਲ** ਆਪਣੇ ਵਾਲ ਪਲੋਸਦਾ ਰਿਹਾ ਅਤੇ ਆਪਣੀ ਮੁੱਛ ਖਿੱਚਦਾ ਰਿਹਾ। ਉਹਦੇ ਕਹਿਣ ਅਨੁਸਾਰ ਕਸੂਰ ਸਭਨਾਂ ਲੋਕਾਂ ਦਾ ਸੀ ਅਤੇ ਇਸ ਗੱਲ ਨਾਲ਼ ਨਿਕੋਲਾਈ ਦੀ ਤਸੱਲੀ ਨਹੀਂ ਸੀ ਹੁੰਦੀ। ਆਪਣੇ ਮੋਟੇ ਹੋਂਠ ਨਪੀੜ ਕੇ ਉਹ ਆਪਣਾ ਸਿਰ ਹਿਲਾਉਂਦਾ ਅਤੇ ਇਨਕਾਰ ਵਿੱਚ ਬੁੜ-ਬੁੜ ਕਰਦਾ। ਅਖ਼ੀਰ ਉਹ ਚਲਾ ਜਾਂਦਾ, ਉਦਾਸ ਅਤੇ ਅਸੰਤੁਸ਼ਟ।

"ਕੁਝ ਲੋਕਾਂ ਦਾ ਜ਼ਰੂਰ ਕਸੂਰ ਹੋਣੈ," ਉਹਨੇ ਇੱਕ ਦਿਨ ਕਿਹਾ। "ਅਤੇ ਉਹ ਲੋਕ ਐਨ ਇੱਥੇ ਨੇ ! ਘਾਹ-ਬੂਟ ਉੱਗੇ ਖੇਤ ਵਾਂਗ ਸਾਨੂੰ ਆਪਣੀ ਸਾਰੀ ਜ਼ਿੰਦਗੀ ਉੱਤੇ ਹਲ ਚਲਾ ਦੇਣਾ ਚਾਹੀਦੈ, ਭੋਰਾ ਵੀ ਤਰਸ ਕੀਤੇ ਬਿਨਾਂ !"

"ਟਾਇਮ ਕੀਪਰ ਇਸਾਈ ਨੇ ਤੁਹਾਡੇ ਬਾਰੇ ਇੱਕ ਦਿਨ ਇਹੋ ਗੱਲ ਕਹੀ ਸੀ," ਮਾਂ ਨੇ ਚੇਤੇ ਕੀਤਾ।

"ਇਸਾਈ ?" ਵੇਸੋਵਸ਼ਚੀਕੋਵ ਨੇ ਕੁਝ ਦੇਰ ਰੁਕ ਕੇ ਕਿਹਾ।

"ਹਾਂ। ਬੜਾ ਭੈੜਾ ਬੰਦਾ ਏ ! ਹਰ ਥਾਂ ਨੱਕ ਘਸੋੜਦਾ ਰਹਿੰਦੈ ਤੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦੈ। ਉਹਨੇ ਇੱਥੇ ਆਉਣਾ ਤੇ ਬਾਰੀ ਵਿੱਚੋਂ ਝਾਕਣਾ ਸ਼ੁਰੂ ਕਰ ਦਿੱਤੈ।..."

"ਬਾਰੀ ਵਿੱਚੋਂ ਝਾਕਣਾ ?" ਨਿਕੋਲਾਈ ਨੇ ਦੁਹਰਾਇਆ।

ਮਾਂ ਬਿਸਤਰੇ ਵਿੱਚ ਲੇਟੀ ਸੀ, ਸੋ ਉਹ ਉਹਦਾ ਮੂੰਹ ਨਾ ਵੇਖ ਸਕੀ, ਪਰ ਜਦੋਂ **ਖੋਖੋਲ** ਨੇ ਕਾਹਲੀ ਨਾਲ਼ ਹਊਪਰੇ ਕਰਨ ਦੇ ਅਤੇ ਸੁਲਾਹ ਕਰਦੇ ਢੰਗ ਨਾਲ਼ ਵਾਧਾ ਕੀਤਾ, "ਝਾਕਦਾ ਫਿਰੇ ਜੇ ਉਹਨੂੰ ਇੰਨੀ ਈ ਵਿਹਲ ਏ," ਤਾਂ ਮਾਂ ਨੂੰ ਆਪਣੀ ਗੱਲ ਦੀ ਮੂਰਖਤਾ ਦਾ ਖ਼ਿਆਲ ਆਇਆ।

"ਗੱਲ ਇਉਂ ਨਹੀਂ ਬਣਦੀ," ਨਿਕੋਲਾਈ ਨੇ ਕਿਹਾ। "ਉਹ ਉਹਨਾਂ ਵਿੱਚੋਂ ਇੱਕ ਏ ਜਿਨ੍ਹਾਂ ਦਾ ਕਸੂਰ ਏ !"

"ਉਹਦਾ ਕੀ ਕਸੂਰ ਏ ?" **ਖੋਖੋਲ** ਨੇ ਕਾਹਲੀ ਕਾਹਲੀ ਪੁੱਛਿਆ। "ਬੇਵਕੂਫ਼ ਹੋਣਾ ?"

ਵੇਸੋਵਸ਼ਚੀਕੋਵ ਚੁੱਪ ਚਾਪ ਚਲਾ ਗਿਆ।

**ਖੋਖੋਲ** ਨੇ ਹੌਲ਼ੀ ਹੌਲ਼ੀ ਤੇ ਥੱਕੇ ਢੰਗ ਨਾਲ਼ ਕਮਰੇ ਵਿੱਚ ਟਹਿਲਣਾ ਸ਼ੁਰੂ ਕਰ ਦਿੱਤਾ, ਉਹਦੀਆਂ ਲੰਮੀਆਂ ਕਹਿਣੇ-ਹਾਰ ਲੱਤਾਂ ਸਰ ਸਰ ਕਰਦੀਆਂ। ਉਹਨੇ ਬੂਟ ਲਾਹ ਦਿੱਤੇ ਸਨ, ਉਹ ਸਦਾ ਇਸੇ ਤਰ੍ਹਾਂ ਕਰਦਾ ਤਾਂ ਜੁ ਪੇਲਾਗੀਆ ਨੂੰ ਪ੍ਰੇਸ਼ਾਨ ਨਾ ਕਰੇ। ਪਰ ਉਹ ਸੁੱਤੀ ਨਹੀਂ

ਸੀ।

ਜਦੋਂ ਨਿਕੋਲਾਈ ਚਲਾ ਗਿਆ ਤਾਂ ਉਹਨੇ ਚਿੰਤਾ ਨਾਲ਼ ਕਿਹਾ, "ਮੈਨੂੰ ਉਹਦੇ ਤੋਂ ਡਰ ਲੱਗਦੈ!"

"ਹੂੰ-ਊਂ," **ਖੋਖੋਲ** ਲਮਕਾ ਕੇ ਬੋਲਿਆ। "ਉਹਨੇ ਪੱਕੀ ਧਾਰੀ ਹੋਈ ਏ। **ਨੈਨਕੋ** ਅੱਗੋਂ ਤੋਂ ਉਹਦੇ ਹੁੰਦਿਆਂ ਇਸਾਈ ਦਾ ਨਾਂ ਨਾ ਲਵੀਂ। ਇਸਾਈ ਸੱਚਮੁਚ ਜਸੂਸ ਏ।"

"ਇਹ ਕੋਈ ਅਜੀਬ ਗੱਲ ਨਹੀਂ," ਮਾਂ ਨੇ ਜਵਾਬ ਦਿੱਤਾ। "ਉਹਦਾ ਧਰਮ-ਪਿਤਾ ਜੈਨਡਾਰਮ ਏ!"

"ਨਿਕੋਲਾਈ ਨੇ ਕਿਸੇ ਦਿਨ ਉਹਨੂੰ ਤੌੜੀ ਚਾੜ੍ਹ ਦੇਣੀ ਏ," **ਖੋਖੋਲ** ਨੇ ਬੇਚੈਨੀ ਨਾਲ਼ ਗੱਲ ਜਾਰੀ ਰੱਖੀ। "ਵੇਖਿਆ ਹਾਕਮ ਸਤਿਕਾਰੇ ਸਾਊਆਂ ਨੇ ਆਮ ਲੋਕਾਂ ਵਿੱਚ ਕੀ ਭਾਵਨਾ ਭੜਕਾਈ ਏ? ਜਦੋਂ ਨਿਕੋਲਾਈ ਜਿਹੇ ਲੋਕਾਂ ਨੇ ਸਮਝ ਲਿਆ ਉਹਨਾਂ ਨਾਲ਼ ਕਿਵੇਂ ਵਧੀਕੀ ਹੁੰਦੀ ਰਹੀ ਹੈ, ਅਤੇ ਉਹਨਾਂ ਦਾ ਸਬਰ ਮੁੱਕ ਗਿਆ? ਤਾਂ ਕੀ ਨਹੀਂ ਹੋਵੇਗਾ? ਧਰਤੀ ਅਸਮਾਨ ਲਹੂ ਵਿੱਚ ਗੜੁਚੇ ਜਾਣਗੇ।..."

"ਕਿੰਨੀ ਡਰਾਉਣੀ ਗੱਲ ਏ, ਆਂਦਰੀਊਸ਼ਾ!" ਮਾਂ ਹੌਲ਼ੀ ਜਿਹੇ ਬੋਲੀ।

"ਚੰਗੀ ਗੱਲ ਏ, ਨਾ ਮੱਖੀਆਂ ਖਾਓ ਤੇ ਨਾ ਉਲਟੀਆਂ ਕਰੋ," ਆਂਦਰੇਈ ਨੇ ਇੱਕ ਮਿੰਟ ਪਿੱਛੋਂ ਕਿਹਾ। "ਪਰ ਮਾਲਕਾਂ ਦੇ ਲਹੂ ਦਾ ਹਰ ਤੁਪਕਾ ਹੰਝੂਆਂ ਦੇ ਉਹਨਾਂ ਸਾਗਰਾਂ ਨਾਲ਼ ਪਤਲਾ ਕੀਤਾ ਜਾਵੇਗਾ ਜਿਹੜੇ ਵਹਾਉਣ ਲਈ ਉਹਨਾਂ ਆਮ ਲੋਕਾਂ ਨੂੰ ਮਜ਼ਬੂਰ ਕੀਤਾ ਏ।..."

ਉਹ ਪੋਲਾ ਜਿਹਾ ਹਾਸਾ ਹੱਸਿਆ ਤੇ ਕਿਹਾ:

"ਬਹੁਤ ਸੁਖਾਵੀਂ ਗੱਲ ਤਾਂ ਨਹੀਂ, ਪਰ ਹੈ ਇਹ ਸੱਚੀ!"

## 22

ਇੱਕ ਐਤਵਾਰ ਮਾਂ ਕੁਝ ਖ਼ਰੀਦਾਰੀ ਕਰ ਕੇ ਘਰ ਮੁੜੀ, ਬੂਹਾ ਖੋਹਲਿਆ ਅਤੇ ਮੁਹਾਠ 'ਤੇ ਅਚਾਨਕ ਰੁਕ ਗਈ, ਖੁਸ਼ੀ ਨਾਲ਼ ਕੀਲ਼ੀ, ਜਿਵੇਂ ਹੁਨਾਲ ਦੇ ਨਿੱਘੇ ਮੀਂਹ ਵਿੱਚ ਗੜੁੱਚ ਹੋ ਗਈ ਹੋਵੇ; ਅੰਦਰਲੇ ਕਮਰੇ ਵਿੱਚੋਂ ਪਾਵੇਲ ਦੀ ਮਜ਼ਬੂਤ ਅਵਾਜ਼ ਆ ਰਹੀ ਸੀ।

"ਲੈ, ਔਹ ਆ ਗਈ!" **ਖੋਖੋਲ** ਕੂਕਿਆ।

ਮਾਂ ਨੇ ਪਾਵੇਲ ਨੂੰ ਕਾਹਲੀ ਮੁੜਦਿਆਂ ਵੇਖਿਆ ਅਤੇ ਉਹਦੇ ਮੂੰਹ 'ਤੇ ਚਾਨਣ ਖਿੜ ਗਿਆ, ਮਾਂ ਲਈ ਮਹਾਨ ਆਸਾਂ ਨਾਲ਼ ਭਰਿਆ।

"ਅਖ਼ੀਰ ਘਰ ਆ ਹੀ ਗਿਆ!..." ਉਹ ਥਥਲਾਈ ਅਤੇ ਉਹਦੀ ਅਚਣਚੇਤ ਵਾਪਸੀ ਕਾਰਨ ਬੇਕਾਬੂ ਹੋਈ ਉਹ ਬਹਿ ਗਈ।

ਉਹਨੇ ਆਪਣਾ ਪੀਲ਼ਾ ਮੂੰਹ ਮਾਂ ਉੱਤੇ ਝੁਕਾਇਆ; ਉਹਦੇ ਹੋਂਠ ਕੰਬ ਰਹੇ ਸਨ ਅਤੇ ਉਹਦੀਆਂ ਅੱਖਾਂ ਦੀਆਂ ਨੁੱਕਰਾਂ ਵਿੱਚ ਹੰਝੂ ਲਿਸ਼ਕ ਰਹੇ ਸਨ। ਇੱਕ ਸਕਿੰਟ ਉਹਨੇ ਕੁਝ ਨਾ ਕਿਹਾ ਅਤੇ ਉਹਦੀ ਮਾਂ ਵੀ ਖ਼ਾਮੋਸ਼ੀ ਨਾਲ਼ ਉਹਦੇ ਵੱਲ ਵੇਖੀ ਗਈ।

**ਖੋਖੋਲ** ਉਹਨਾਂ ਨੂੰ ਉੱਥੇ ਛੱਡ ਗਿਆ ਅਤੇ ਹੌਲ਼ੀ ਹੌਲ਼ੀ ਸੀਟੀ ਵਜਾਉਂਦਾ ਬਾਹਰ ਵਿਹੜੇ ਵਿੱਚ ਚਲਾ ਗਿਆ।

"ਸ਼ੁਕਰੀਆ, ਮਾਂ," ਪਾਵੇਲ ਨੇ ਕੰਬਦੀਆਂ ਉਂਗਲਾਂ ਨਾਲ਼ ਉਹਦਾ ਹੱਥ ਦਬਾਉਂਦੇ ਹੋਏ ਨੀਵੀਂ ਅਵਾਜ਼ ਵਿੱਚ ਕਿਹਾ। "ਸ਼ੁਕਰੀਆ, ਮੇਰੀ ਅੰਮੜੀ ਪਿਆਰੀ!"

ਆਪਣੇ ਪੁੱਤਰ ਦੇ ਮੂੰਹ ਦੀ ਅਜਿਹੀ ਨੁਹਾਰ ਵੇਖ ਕੇ ਅਤੇ ਉਹਦੀ ਅਵਾਜ਼ ਵਿੱਚ ਇੰਨੀ ਕੋਮਲਤਾ ਕਾਰਨ ਮਾਂ ਖੁਸ਼ੀ ਨਾਲ਼ ਝੂਣੀ ਗਈ ਸੀ, ਉਹ ਆਪਣੇ ਪੁੱਤਰ ਦਾ ਸਿਰ ਪਲੋਸਦੀ ਰਹੀ। ਆਪਣੇ ਦਿਲ ਦੀ ਵਧੀ ਧੜਕਣ ਘਟਾਉਣ ਦਾ ਜਤਨ ਕਰਦੀ ਰਹੀ।

"ਹਾਏ ਵੇ ਮੇਰਿਆ ਰੱਬਾ, ਕਹਾਦੇ ਲਈ?" ਉਹਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ।

"ਸਾਡੇ ਮਹਾਨ ਕੰਮ ਵਿੱਚ ਹੱਥ ਵਟਾਉਣ ਲਈ। ਸ਼ੁਕਰੀਆ!" ਉਹਨੇ ਮੁੜ ਕਿਹਾ। "ਜਦੋਂ ਕੋਈ ਇਹ ਕਹਿ ਸਕੇ ਕਿ ਉਹ ਤੇ ਉਹਦੀ ਮਾਂ ਦੀਆਂ ਰੂਹਾਂ ਇੱਕੋ ਜਿਹੀਆਂ ਨੇ ਤਾਂ ਬੜੀ ਦੁਰਲਭ ਖੁਸ਼ੀ ਹੁੰਦੀ ਹੈ!"

ਉਹ ਚੁੱਪ ਸੀ, ਖੁੱਲ੍ਹੇ ਦਿਲ ਨਾਲ਼ ਉਹਦੀਆਂ ਗੱਲਾਂ ਦੇ ਘੁੱਟ ਭਰਦੀ, ਆਪਣੇ ਸਾਹਮਣੇ ਖੜੇ ਆਪਣੇ ਇੰਨੇ ਚੰਗੇ, ਇੰਨੇ ਪਿਆਰੇ ਪੁੱਤਰ ਦੀ ਪ੍ਰਸੰਸਾ ਕਰਦੀ।

"ਮਾਂ, ਮੈਂ ਸਮਝਦਾਂ ਇਹ ਤੇਰੇ ਲਈ ਕਿੰਨਾ ਔਖਾ ਸੀ। ਇਹਦੇ ਵਿੱਚ ਕਿੰਨਾ ਕੁਝ ਅਜਿਹਾ ਸੀ ਜਿਹੜਾ ਤੈਨੂੰ ਪਸੰਦ ਨਹੀਂ। ਤੇ ਮੈਂ ਸੋਚਿਆ ਸੀ ਕਿ ਤੂੰ ਸਾਨੂੰ ਕਦੀ ਕਬੂਲ ਨਹੀਂ ਸਕਣ ਲੱਗੀ, ਕਿ ਸਾਡੀ ਸੋਚ ਕਦੀ ਤੇਰੀ ਸੋਚ ਨਹੀਂ ਬਣਨ ਲੱਗੀ ਅਤੇ ਇਹ ਕਿ ਤੂੰ ਉਸੇ ਤਰ੍ਹਾਂ ਚੁੱਪ ਚਾਪ ਦੁੱਖ ਝੱਲੀ ਜਾਵੇਂਗੀ ਜਿਵੇਂ ਤੂੰ ਸਾਰੀ ਉਮਰ ਝਲਦੀ ਰਹੀ ਏਂ। ਮੇਰੇ ਲਈ ਇਹ ਗੱਲ ਬੜੀ ਔਖੀ ਸੀ!..."

"ਕਈ ਗੱਲਾਂ ਸਮਝਣ ਵਿੱਚ ਆਂਦਰੀਊਸ਼ਾ ਨੇ ਮੇਰੀ ਮਦਦ ਕੀਤੀ," ਮਾਂ ਨੇ ਕਿਹਾ।

"ਉਹਨੇ ਮੈਨੂੰ ਤੇਰੇ ਬਾਰੇ ਦੱਸਿਐ," ਪਾਵੇਲ ਹੱਸਿਆ।

"ਯੇਗੋਰ ਨੇ ਵੀ। ਉਹਦਾ ਤੇ ਮੇਰਾ ਪਿੰਡ ਇੱਕੋ ਏ। ਆਂਦਰੀਊਸ਼ਾ ਤਾਂ ਮੈਨੂੰ ਪੜ੍ਹਨਾ ਵੀ ਸਿਖਾਉਣਾ ਚਾਹੁੰਦਾ ਸੀ।..."

"ਤੇ ਤੈਨੂੰ ਸ਼ਰਮ ਆਉਂਦੀ ਸੀ ਇਸੇ ਲਈ ਤੂੰ ਆਪ ਚੋਰੀ ਚੋਰੀ ਪੜ੍ਹਨ ਲੱਗ ਪਈ।"

"ਸੋ ਉਹਨੇ ਜਾਣ ਲਿਆ ਸੀ!" ਉਹ ਘਾਬਰੀ ਹੋਈ ਕੂਕੀ। ਆਪਣੇ ਦਿਲ ਦੀ ਡੁਲ੍ਹ ਡੁਲ੍ਹ ਪੈਂਦੀ ਖੁਸ਼ੀ ਤੋਂ ਬੇਚੈਨ, ਉਹਨੇ ਕਿਹਾ, "ਉਹਨੂੰ ਅੰਦਰ ਬੁਲਾ ਲਈਏ! ਉਹ ਜਾਣ ਬੁਝ ਕੇ ਬਾਹਰ ਚਲਾ ਗਿਐ ਤਾਂ ਜੁ ਰੁਕਾਵਟ ਨਾ ਬਣੇ। ਉਹਦੀ ਆਪਣੀ ਮਾਂ ਤਾਂ ਹੈ ਨਹੀਂ।..."

"ਆਂਦਰੇਈ!" ਪਾਵੇਲ ਨੇ ਡਿਓਢੀ ਦਾ ਬੂਹਾ ਖੋਹਲਦਿਆਂ ਅਵਾਜ਼ ਦਿੱਤੀ। "ਕਿੱਥੇ ਚਲਾ ਗਿਐਂ?"

"ਐਹ ਰਿਹਾ ਮੈਂ। ਥੋੜ੍ਹੀ ਲੱਕੜੀ ਚੀਰਨ ਲੱਗਾਂ।"

"ਅੰਦਰ ਆ!"

ਉਹ ਇੱਕ ਦਮ ਨਾ ਆਇਆ ਅਤੇ ਅਖ਼ੀਰ ਜਦੋਂ ਉਹ ਆਇਆ ਤਾਂ ਉਹਨੇ ਘਰੋਗੀ ਮਾਮਲਿਆਂ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ।

"ਮੈਂ ਨਿਕੋਲਾਈ ਨੂੰ ਕਹਾਂਗਾ ਸਾਨੂੰ ਕੁਝ ਬਾਲਣ ਲਿਆ ਦੇਵੇ। ਬਹੁਤ ਨਹੀਂ ਰਹਿ ਗਿਆ। ਜ਼ਰਾ ਆਪਣੇ ਪਾਵੇਲ ਵੱਲ ਵੇਖ, **ਨੈਨਕੋ**। ਜਾਪਦੈ ਬਾਗ਼ੀਆਂ ਨੂੰ ਸਜ਼ਾ ਦੇਣ ਦੀ ਥਾਂ ਅਫ਼ਸਰਾਂ ਨੇ ਉਹਨਾਂ ਨੂੰ ਖ਼ੂਬ ਖਵਾਇਆ ਪਿਆਇਐ।..."

ਮਾਂ ਹੱਸ ਪਈ। ਖ਼ੁਸ਼ੀ ਕਾਰਨ ਉਹਦਾ ਸਿਰ ਚੱਕਰਾ ਰਿਹਾ ਸੀ, ਉਹਦਾ ਦਿਲ ਇੱਕ ਮਿੱਠੀ ਧੜਕਣ ਧੜਕ ਰਿਹਾ ਸੀ, ਪਰ ਕੰਜੂਸੀ ਅਤੇ ਸੋਘ ਉਹਨੂੰ ਇਸ ਗੱਲ ਲਈ ਚਿੰਤਾਤੁਰ ਕਰਦੇ ਕਿ ਉਹ ਆਪਣੇ ਪੁੱਤਰ ਨੂੰ ਵੇਖੇ, ਉਹਦੇ ਸਧਾਰਨ ਸ਼ਾਂਤ ਰੂਪ ਵਿੱਚ। ਸਭ ਕੁਝ ਹੱਦੋਂ ਵੱਧ ਸ਼ਾਨਦਾਰ ਸੀ ਅਤੇ ਉਹ ਚਾਹੁੰਦੀ ਸੀ ਕਿ ਉਹਦੀ ਜ਼ਿੰਦਗੀ ਦੀ ਇਹ ਪਹਿਲੀ ਮਹਾਨ ਖ਼ੁਸ਼ੀ ਉਹਦੇ ਦਿਲ ਵਿੱਚ ਸਦਾ ਸਦਾ ਲਈ ਕਾਇਮ ਰਹੇ, ਉਸੇ ਤਰ੍ਹਾਂ ਮਜ਼ਬੂਤ ਅਤੇ ਜਿਊਂਦੀ ਜਿਵੇਂ ਉਹ ਉਸ ਸਮੇਂ ਸੀ। ਇਸ ਗੱਲੋਂ ਡਰਦੀ ਕਿ ਇਹ ਘੱਟ ਜਾਵੇਗੀ, ਉਹਨੇ ਇਹਨੂੰ ਪਿੰਜਰੇ ਵਿੱਚ ਬੰਦ ਕਰ ਲਿਆ, ਕਿਸੇ ਅਜਿਹੇ ਬੌਰੀਏ ਵਾਂਗ ਜਿਸਨੇ ਕੋਈ ਅਦਭੁਤ ਪੰਛੀ ਫੜ ਲਿਆ ਹੋਵੇ।

"ਆਓ ਖਾਣਾ ਖਾਈਏ! ਮੇਰਾ ਖ਼ਿਆਲ ਏ ਪਾਸ਼ਾ ਤੂੰ ਤਾਂ ਕੁਝ ਨਹੀਂ ਖਾਧਾ ਹੋਣਾ?" ਉਹਨੇ ਇੱਧਰ ਉੱਧਰ ਹੱਥ ਪੈਰ ਮਾਰਦੇ ਹੋਏ ਕਿਹਾ।

"ਨਹੀਂ, ਕੱਲ੍ਹ ਜੇਲ੍ਹਰ ਨੇ ਮੈਨੂੰ ਦੱਸਿਆ ਕਿ ਉਹਨਾਂ ਮੈਨੂੰ ਛੱਡਣ ਦਾ ਫ਼ੈਸਲਾ ਕੀਤੈ। ਸੋ ਅੱਜ ਮੈਂ ਕੁਝ ਖਾ ਪੀ ਨਾ ਸਕਿਆ।..."

"ਜਦੋਂ ਮੈਂ ਇੱਥੇ ਆਇਆ ਤਾਂ ਸਭ ਤੋਂ ਪਹਿਲਾਂ ਮੈਨੂੰ ਬੁੱਢਾ ਸਿਜ਼ੋਵ ਮਿਲਿਆ," ਪਾਵੇਲ ਨੇ ਗੱਲ ਜਾਰੀ ਰੱਖੀ। "ਜਦੋਂ ਉਹਨੇ ਮੈਨੂੰ ਵੇਖਿਆ ਤਾਂ ਗੱਲਬਾਤ ਕਰਨ ਸੜਕ ਪਾਰ ਕਰਕੇ ਆਇਆ। ਮੈਂ ਉਹਨੂੰ ਕਿਹਾ ਉਹ ਜ਼ਰਾ ਧਿਆਨ ਰੱਖੇ, ਅੱਜਕੱਲ੍ਹ ਮੈਂ ਖ਼ਤਰਨਾਕ ਬੰਦਾ ਵਾਂ — ਪੁਲੀਸ ਦੀ ਨਿਗਰਾਨੀ ਹੇਠ। ਉਹਨੇ ਕਿਹਾ ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਤੇ ਮੈਥੋਂ ਆਪਣੇ ਭਣੇਵੇਂ ਬਾਰੇ ਅਨੇਕ ਗੱਲਾਂ ਪੁੱਛੀਆਂ। ਮੈਥੋਂ ਪੁੱਛਣ ਲੱਗਾ ਜੇਲ੍ਹ ਵਿੱਚ ਫ਼ਿਓਦੋਰ ਦਾ ਵਤੀਰਾ ਤਾਂ ਚੰਗੈ। 'ਜੇਲ੍ਹ ਵਿੱਚ ਵਤੀਰਾ ਚੰਗਾ ਕਿਸ ਤਰ੍ਹਾਂ ਰਹਿ ਸਕਦੈ,' ਮੈਂ ਕਿਹਾ। 'ਹਲਾ,' ਉਹ ਬੋਲਿਆ, 'ਮੇਰਾ ਖ਼ਿਆਲ ਏ ਉਹ ਆਪਣੇ ਸਾਥੀਆਂ ਦੇ ਖ਼ਿਲਾਫ਼ ਚੁਗ਼ਲੀਆਂ ਤਾਂ ਨਹੀਂ ਕਰਦਾ ਹੋਣਾ।' ਜਦੋਂ ਮੈਂ ਕਿਹਾ ਫ਼ਿਓਦੋਰ ਚੰਗਾ ਬੰਦਾ ਏ, ਇਮਾਨਦਾਰ ਤੇ ਸਿਆਣਾ ਤਾਂ ਉਹਨੇ ਆਪਣੀ ਦਾੜ੍ਹੀ ਪਲੋਸੀ ਅਤੇ ਬੜੇ ਮਾਣ ਨਾਲ਼ ਕਿਹਾ, 'ਸਾਡੇ ਸਿਜ਼ੋਵਾ ਵਿੱਚ ਕੋਈ ਕਾਲ਼ੀਆਂ ਭੇਡਾਂ ਨਹੀਂ!' "

"ਬੁੱਢਾ ਸਿਆਣਾ ਬੰਦੈ," **ਖੋਖੋਲ** ਨੇ ਸਿਰ ਹਿਲਾਉਂਦੇ ਹੋਏ ਕਿਹਾ। "ਮੈਂ ਬਹੁਤ ਵਾਰ ਉਹਦੇ ਨਾਲ਼ ਗੱਲ ਕੀਤੀ ਏ। ਚੰਗਾ ਬੰਦੈ। ਫ਼ਿਓਦੋਰ ਨੂੰ ਉਹ ਛੇਤੀ ਹੀ ਛੱਡ ਦੇਣਗੇ?"

"ਮੇਰਾ ਖ਼ਿਆਲ ਏ ਉਹ ਸਭ ਨੂੰ ਛੱਡ ਦੇਣਗੇ! ਉਹਨਾਂ ਕੋਲ਼ ਬੁੱਢੇ ਇਸਾਈ ਦੇ ਬਿਆਨਾਂ ਤੋਂ ਛੁਟ ਕਿਸੇ ਦੇ ਖ਼ਿਲਾਫ਼ ਕੁਝ ਨਹੀਂ ਅਤੇ ਉਹ ਕੀ ਕਹਿ ਸਕਦੈ?"

ਮਾਂ ਆਪਣੇ ਪੁੱਤਰ ਤੋਂ ਅੱਖਾਂ ਹਟਾਏ ਬਿਨਾਂ ਇੱਧਰ ਉੱਧਰ ਜਾ ਰਹੀ ਸੀ। ਆਂਦਰੇਈ ਬਾਰੀ ਦੇ ਕੋਲ਼ ਖੜ੍ਹਾ ਆਪਣੇ ਹੱਥ ਪਿੱਠ ਪਿੱਛੇ ਕੀਤੀ ਪਾਵੇਲ ਦੀ ਗੱਲ ਸੁਣ ਰਿਹਾ ਸੀ। ਪਾਵੇਲ ਕਮਰੇ ਵਿੱਚ ਘੁੰਮ ਰਿਹਾ ਸੀ। ਉਹਨੇ ਆਪਣੀ ਦਾੜ੍ਹੀ ਵੱਧ ਜਾਣ ਦਿੱਤੀ ਸੀ ਅਤੇ ਮਹੀਨ, ਕਾਲ਼ੇ ਵਾਲਾਂ ਦੇ ਛੱਲੇ ਉਹਦੀਆਂ ਗੱਲ੍ਹਾਂ ਉੱਤੇ ਘੁੰਗਰ ਬਣ ਗਏ ਸਨ, ਜਿਹੜੇ ਉਹਦੇ ਸਾਂਵਲੇ ਰੰਗ ਨੂੰ ਕੁਝ

ਘੱਟ ਕਰਦੇ।

"ਬਹਿ ਜਾ," ਮਾਂ ਨੇ ਖਾਣਾ ਲਿਆਉਂਦੇ ਹੋਏ ਕਿਹਾ।

ਖਾਣੇ ਦੇ ਦੌਰਾਨ ਆਂਦਰੇਈ ਨੇ ਪਾਵੇਲ ਨੂੰ ਰੀਬਿਨ ਬਾਰੇ ਦੱਸਿਆ।

"ਜੇ ਮੈਂ ਘਰੇ ਹੁੰਦਾ ਤਾਂ ਉਹਨੂੰ ਨਾ ਜਾਣ ਦੇਂਦਾ," ਜਦੋਂ ਆਂਦਰੇਈ ਨੇ ਗੱਲ ਮੁਕਾ ਲਈ ਤਾਂ ਪਾਵੇਲ ਨੇ ਅਫ਼ਸੋਸ ਨਾਲ਼ ਕਿਹਾ। "ਉਹਦੇ ਕੋਲ਼ ਲਿਜਾਣ ਲਈ ਕੀ ਸੀ ? ਇੱਕ ਉਲਝੇ ਦਿਮਾਗ਼ ਤੇ ਬਹੁਤ ਸਾਰੇ ਸੜਦੇ ਜਜ਼ਬਿਆਂ ਤੋਂ ਬਿਨਾਂ।"

"ਹਾਂ, ਜਦੋਂ ਬੰਦਾ ਚਾਲ਼ੀਆਂ ਦਾ ਹੋ ਗਿਆ ਹੋਵੇ ਤੇ ਉਹਨਾਂ ਵਿੱਚੋਂ ਵਧੇਰੇ ਸਮਾਂ ਆਪਣੀ ਰੂਹ ਵਿਚਲੇ ਰਿੱਛਾਂ ਨਾਲ਼ ਘੁਲਣ ਵਿੱਚ ਬਿਤਾਇਆ ਹੋਵੇ ਤਾਂ ਉਹਨੂੰ ਨਵਾਂ ਬਣਾ ਦੇਣਾ ਸੌਖਾ ਨਹੀਂ ਹੁੰਦਾ," **ਖੋਖੋਲ** ਨੇ ਹੱਸ ਕੇ ਕਿਹਾ।

ਇੱਕ ਅਜਿਹੀ ਬਹਿਸ ਸ਼ੁਰੂ ਹੋ ਗਈ ਜਿਸ ਵਿੱਚ ਵਧੇਰੇ ਲਫ਼ਜ਼ ਮਾਂ ਦੇ ਪੱਲੇ ਨਹੀਂ ਸਨ ਪੈਂਦੇ। ਖਾਣਾ ਮੁੱਕ ਗਿਆ ਸੀ, ਪਰ ਉਹ ਇੱਕ ਦੂਜੇ ਉੱਤੇ ਸਿਆਣੇ ਲਫ਼ਜ਼ ਸੁੱਟਦੇ ਰਹੇ। ਕਦੀ ਕਦੀ ਉਹ ਸਾਦੀ ਗੱਲ ਕਰਦੇ।

"ਅਸੀਂ ਆਪਣੇ ਰਾਹ ਉੱਤੇ ਅੱਗੇ ਵੱਧਣਾ ਹੈ, ਇੱਕ ਵੀ ਪੈਰ ਪਿੱਛੇ ਨਹੀਂ," ਪਾਵੇਲ ਨੇ ਦ੍ਰਿੜ੍ਹਤਾ ਨਾਲ਼ ਕਿਹਾ।

"ਅਤੇ ਇਉਂ ਅਜਿਹੇ ਲਖੂਖਾਂ ਲੋਕਾਂ ਨਾਲ਼ ਟਕਰਾ ਪਈਏ ਜਿਹੜੇ ਸਾਨੂੰ ਆਪਣਾ ਦੁਸ਼ਮਣ ਸਮਝਣਗੇ ?"

ਉਹਨਾਂ ਦੀ ਬਹਿਸ ਸੁਣਦੇ ਹੋਏ ਮਾਂ ਨੇ ਅਨੁਭਵ ਕੀਤਾ ਕਿ ਮੂਜ਼ੀਕ ਪਾਵੇਲ ਦੇ ਕਿਸੇ ਕੰਮ ਦੇ ਨਹੀਂ, ਪਰ **ਖੋਖੋਲ** ਉਹਨਾਂ ਦੀ ਹਮਾਇਤ ਕਰ ਰਿਹਾ ਸੀ, ਇਹ ਸਾਬਤ ਕਰਨ ਦਾ ਜਤਨ ਕਰ ਰਿਹਾ ਸੀ ਕਿ ਮੂਜ਼ੀਕਾਂ ਨੂੰ ਵੀ ਠੀਕ ਰਾਹ ਵਿਖਾਉਣਾ ਪਵੇਗਾ। ਆਂਦਰੇਈ ਦੀ ਉਹਨੂੰ ਵਧੇਰੇ ਸਮਝ ਆ ਰਹੀ ਸੀ ਅਤੇ ਉਹ ਅਨੁਭਵ ਕਰਦੀ ਕਿ ਉਹ ਠੀਕ ਹੈ, ਪਰ ਜਦੋਂ ਵੀ ਉਹ ਪਾਵੇਲ ਨੂੰ ਕੁਝ ਕਹਿੰਦਾ ਉਹ ਤਣ ਜਾਂਦੀ ਅਤੇ ਚੌਕਸ ਹੋ ਜਾਂਦੀ, ਸਾਹ ਰੋਕ ਕੇ ਆਪਣੇ ਪੁੱਤਰ ਦਾ ਜਵਾਬ ਉਡੀਕਦੀ, ਇਹ ਯਕੀਨ ਕਰਨ ਲਈ ਕਿ ਕਿਧਰੇ **ਖੋਖੋਲ** ਨੇ ਉਹਨੂੰ ਗੁੱਸੇ ਤਾਂ ਨਹੀਂ ਕਰ ਦਿੱਤਾ। ਪਰ ਉਹ ਗੁੱਸੇ ਹੋਏ ਬਿਨਾਂ ਇੱਕ ਦੂਜੇ ਉੱਤੇ ਚਿਲਾਉਂਦੇ ਰਹੇ।

"ਪਾਵੇਲ ਕੀ ਇਹ ਸੱਚਮੁਚ ਇੰਞ ਏ," ਕਦੀ ਕਦੀ ਉਹ ਆਪਣੇ ਪੁੱਤਰ ਤੋਂ ਪੁੱਛਦੀ।

"ਹਾਂ, ਇਹ ਸੱਚਮੁਚ ਇੰਞ ਏ," ਉਹ ਮੁਸਕਰਾ ਕੇ ਜਵਾਬ ਦੇਂਦਾ।

"ਆਹ, ਭਲੇ ਆਦਮੀ," **ਖੋਖੋਲ** ਨੇ ਦੋਸਤਾਨਾ ਵਿਅੰਗ ਨਾਲ਼ ਕਿਹਾ, "ਤੂੰ ਚੰਗਾ ਖਾਣਾ ਖਾਧੈ, ਪਰ ਤੂੰ ਆਪਣਾ ਖਾਣਾ ਮਾੜੀ ਤਰ੍ਹਾਂ ਚਿਥਿਐ; ਕੋਈ ਸ਼ੈ ਤੇਰੇ ਗਲੇ ਵਿੱਚ ਫਸ ਗਈ ਏ। ਚੰਗਾ ਹੋਵੇ ਜੇ ਘੁੱਟ ਕੁ ਪੀ ਲਵੇਂ!"

"ਬੜਾ ਮਖ਼ੌਲੀਆ ਬਣ ਰਿਹੈਂ ?" ਪਾਵੇਲ ਨੇ ਕਿਹਾ।

"ਨੜੋਏ ਪਿੱਛੋਂ ਖਾਣੇ ਵਾਂਗ ਮਖ਼ੌਲੀਆ!..."

ਮਾਂ ਹੌਲ਼ੀ ਜਿਹੇ ਹੱਸੀ ਅਤੇ ਆਪਣਾ ਸਿਰ ਹਿਲਾਇਆ।...

## 23

ਬਸੰਤ ਆ ਗਈ ਅਤੇ ਬਰਫ਼ ਪਿਘਲ ਗਈ, ਹੇਠੋਂ ਚਿੱਕੜ ਅਤੇ ਕਾਲਖ ਨਿਕਲ ਆਏ। ਹਰ ਲੰਘਦੇ ਦਿਨ ਚਿੱਕੜ ਵਧੇਰੇ ਦਿੱਸਣ ਲੱਗ ਪਿਆ; ਬਸਤੀ ਵਧੇਰੇ ਖੁਥੜ ਅਤੇ ਗੰਦੀ ਲੱਗਣ ਲੱਗ ਪਈ। ਦਿਨੇ ਛੱਤਾਂ ਤੋਂ ਪਾਣੀ ਤ੍ਰਿਪ ਤ੍ਰਿਪ ਕਰਦਾ ਅਤੇ ਮਕਾਨਾਂ ਦੀਆਂ ਭੂਰੀਆਂ ਕੰਧਾਂ ਵਿੱਚੋਂ ਗਿਲ ਪਸੀਨੇ ਵਾਂਗ ਬਾਹਰ ਨਿਕਲਦੀ, ਪਰ ਰਾਤੀਂ ਅਜੇ ਵੀ ਕਕਰੋਟੇ, ਨਿੰਮ੍ਹੀ, ਚਿੱਟੀ ਲਿਸ਼ਕ ਮਾਰਦੇ। ਸੂਰਜ ਅਸਮਾਨ ਵਿੱਚ ਵਧੇਰੇ ਸਮਾਂ ਠਹਿਰਦਾ, ਅਤੇ ਜਿਲ੍ਹਣ ਵਿੱਚ ਚੱਲ ਰਹੇ ਧਾਰੇ ਹੁਣ ਉੱਕਾ ਹੀ ਸਪਸ਼ਟ ਹੋ ਗਏ ਸਨ।

ਮਈ ਦਿਹਾੜਾ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।

ਇਸ ਤਿਹਾਰ ਦੀ ਮਹੱਤਤਾ ਦੱਸਦੇ ਇਸ਼ਤਿਹਾਰ ਕਾਰਖ਼ਾਨੇ ਅਤੇ ਬਸਤੀ ਵਿੱਚ ਖਿੰਡਾਏ ਗਏ। ਇੱਥੋਂ ਤੱਕ ਕਿ ਜਵਾਨ ਲੋਕ ਵੀ ਜਿਨ੍ਹਾਂ ਉੱਤੇ ਪ੍ਰਚਾਰ ਦਾ ਅਸਰ ਨਹੀਂ ਸੀ ਹੋਇਆ, ਇਹਨਾਂ ਨੂੰ ਪੜ੍ਹਦੇ ਹੋਏ ਕਹਿਣ ਲੱਗੇ:

"ਸਾਨੂੰ ਤਿਆਰੀ ਕਰਨੀ ਹੀ ਪਵੇਗੀ!"

"ਸਮਾਂ ਆ ਗਿਐ," ਵੇਸੋਵਸ਼ਚੀਕੋਵ ਨੇ ਸੁੱਕੀ ਜਿਹੀ ਮੁਸਕਾਨ ਨਾਲ਼ ਕਿਹਾ। "ਬੜਾ ਚਿਰ ਲੁਕਣ ਮੀਟੀ ਖੇਡ ਲਈ!"

ਫ਼ਿਓਦੋਰ ਮਾਜ਼ੀਨ ਸਭ ਤੋਂ ਵੱਧ ਉਤਸ਼ਾਹਤ ਸੀ। ਉਹ ਤਾਂ ਪਿੰਜਰੇ ਵਿੱਚ ਡੱਕੇ ਕਿਸੇ ਚੰਡੋਲ ਜਿਹਾ ਸੀ, ਉਹ ਇੰਨਾ ਪਤਲਾ ਹੋ ਗਿਆ ਸੀ ਅਤੇ ਉਹਦੀ ਗੱਲਬਾਤ ਅਤੇ ਹਰਕਤਾਂ ਇੰਨੀਆਂ ਘਬਰਾਹਟ ਨਾਲ਼ ਥਰਾਉਂਦੀਆਂ। ਚੁਪੀਤਾ ਯਾਕੋਵ ਸੋਮੋਵ, ਜਿਹੜਾ ਆਪਣੀ ਉਮਰ ਲਈ ਬਹੁਤ ਗੰਭੀਰ ਸੀ, ਸਦਾ ਉਹਦੇ ਨਾਲ਼ ਹੁੰਦਾ। ਯਾਕੋਵ ਹੁਣ ਸ਼ਹਿਰ ਵਿੱਚ ਕੰਮ ਕਰਦਾ ਸੀ। ਸਮੋਈਲੋਵ (ਜਿਸਦੇ ਵਾਲਾਂ ਦਾ ਰੰਗ ਜੇਲ੍ਹ ਵਿੱਚ ਰਹਿਣ ਸਮੇਂ ਹੋਰ ਵੀ ਲਾਲ ਹੋ ਗਿਆ ਜਾਪਦਾ ਸੀ) ਅਤੇ ਵਾਸਿਲੀ ਗੁਸੇਵ, ਬੂਕਿਨ, ਦਰਾਗੂਨੋਵ ਅਤੇ ਕੁਝ ਹੋਰ ਇਸ ਗੱਲ ਉੱਤੇ ਜ਼ੋਰ ਦੇ ਰਹੇ ਸਨ ਕਿ ਹਥਿਆਰਬੰਦ ਮੁਜ਼ਾਹਿਰਾ ਕੀਤਾ ਜਾਵੇ, ਪਰ ਪਾਵੇਲ, ਖੋਖੋਲ, ਸੋਮੋਵ ਅਤੇ ਕੁਝ ਹੋਰਨਾਂ ਨੇ ਇਸ ਉੱਤੇ ਇਤਰਾਜ਼ ਕੀਤਾ।

ਯੇਗੋਰ ਨੇ, ਜਿਹੜਾ ਸਦਾ ਵਾਂਗ ਥੱਕਿਆ ਹੋਇਆ, ਹੱਫਿਆ ਅਤੇ ਸਾਰਾ ਪਸੀਨੋ ਪਸੀਨਾ ਹੋਇਆ ਹੋਇਆ ਸੀ, ਉਹਨਾਂ ਦੀਆਂ ਦਲੀਲਾਂ ਦਾ ਠੱਠਾ ਉੱਡਾ ਦਿੱਤਾ।

"ਅਜੋਕੀ ਸਮਾਜੀ ਪ੍ਰਣਾਲੀ ਨੂੰ ਬਦਲਣ ਦੇ ਸਾਡੇ ਜਤਨ ਸੱਚਮੁਚ ਸ਼ਾਨਦਾਰ ਹਨ, ਸਾਥੀਓ! ਪਰ ਆਪਣੀ ਜਿੱਤ ਨੂੰ ਨੇੜੇ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਮੈਂ ਬੂਟਾਂ ਦਾ ਇੱਕ ਨਵਾਂ ਜੋੜਾ ਖ਼ਰੀਦਾਂ" (ਆਪਣੇ ਗਿੱਲੇ, ਪਾਟੇ ਬੂਟਾਂ ਵੱਲ ਇਸ਼ਾਰਾ ਕਰਦੇ ਹੋਏ)। "ਮੇਰੇ ਗਾਲੋਸ਼ਿਆਂ ਦੀ ਹਾਲਤ ਵੀ ਅਜਿਹੀ ਹੋ ਗਈ ਹੈ ਕਿ ਉਹਨਾਂ ਦੀ ਮੁਰੰਮਤ ਨਹੀਂ ਹੋ ਸਕਦੀ, ਅਤੇ ਰੋਜ਼ ਮੇਰੇ ਪੈਰ ਗਿੱਲੇ ਹੋ ਜਾਂਦੇ ਨੇ। ਮੇਰੀ ਉਦੋਂ ਤੱਕ ਧਰਤੀ ਦੀ ਗੋਦ ਵਿੱਚ ਜਾ ਲੇਟਣ ਦੀ ਕੋਈ ਇੱਛਾ ਨਹੀਂ ਜਦੋਂ ਤੱਕ ਅਸੀਂ ਪੁਰਾਣੀ ਪ੍ਰਣਾਲੀ ਨੂੰ ਖੁੱਲ੍ਹ ਕੇ ਅਤੇ ਬੇਕਿਰਕੀ ਨਾਲ਼ ਭੰਡ ਨਹੀਂ ਦੇਂਦੇ, ਅਤੇ ਇਸੇ ਲਈ ਮੈਂ ਸਾਥੀ ਸਮੋਈਲੋਵ ਦੀ ਇਹ ਤਜਵੀਜ਼ ਰੱਦ ਕਰਦਾ ਹਾਂ ਕਿ ਅਸੀਂ ਹਥਿਆਰਬੰਦ ਮੁਜ਼ਾਹਿਰਾ ਕਰੀਏ ਅਤੇ ਇਹਦੇ ਮੁਕਾਬਲੇ ਉੱਤੇ ਆਪਣੀ ਤਜਵੀਜ਼ ਪੇਸ਼

ਕਰਦਾ ਹਾਂ ਕਿ ਮੈਨੂੰ ਬੂਟਾਂ ਦਾ ਇੱਕ ਨਵਾਂ ਜੋੜਾ ਲੈ ਦਿੱਤਾ ਜਾਵੇ, ਕਿਉਂਕਿ ਇਹ ਮੇਰਾ ਡੂੰਘਾ ਨਿਸ਼ਚਾ ਹੈ ਕਿ ਅਜਿਹਾ ਕਦਮ ਪਹਿਲੇ ਦਰਜੇ ਦੇ ਹੰਗਾਮੇ ਨਾਲ਼ੋਂ ਸੋਸ਼ਲਿਜ਼ਮ ਦੀ ਜਿੱਤ ਨੂੰ ਨੇੜੇ ਲਿਆਉਣ ਵਿੱਚ ਵਧੇਰੇ ਸਹਾਈ ਹੋ ਸਕਦਾ ਹੈ।"

ਅਜਿਹੀ ਹੀ ਲੱਛੇਦਾਰ ਬੋਲੀ ਵਿੱਚ ਉਹਨੇ ਕਿਰਤੀਆਂ ਨੂੰ ਦੱਸਿਆ ਕਿ ਹੋਰਨਾਂ ਦੇਸ਼ਾਂ ਵਿੱਚ ਲੋਕ ਕਿਵੇਂ ਆਪਣੀਆਂ ਜ਼ਿੰਦਗੀਆਂ ਸੁਖਾਲੀਆਂ ਬਣਾਉਣ ਲਈ ਘੋਲ਼ ਕਰ ਰਹੇ ਹਨ। ਮਾਂ ਨੂੰ ਉਹਦੀਆਂ ਤਕਰੀਰਾਂ ਸੁਣਨੀਆਂ ਚੰਗੀਆਂ ਲੱਗਦੀਆਂ, ਅਤੇ ਉਹਦੇ ਉੱਤੇ ਅਜੀਬ ਪ੍ਰਭਾਵ ਪੈਂਦਾ: ਉਹਨੂੰ ਜਾਪਦਾ ਕਿ ਲੋਕਾਂ ਦੇ ਸਭ ਤੋਂ ਖੋਰੀ ਦੁਸ਼ਮਣ, ਜਿਹੜੇ ਸਭ ਤੋਂ ਵੱਧ ਵਾਰ ਉਹਨਾਂ ਨੂੰ ਧੋਖਾ ਦੇਂਦੇ ਅਤੇ ਉਹਨਾਂ ਉੱਤੇ ਸਭ ਤੋਂ ਵੱਧ ਜ਼ੁਲਮ ਕਰਦੇ, ਮੋਟੇ, ਲਾਲ-ਮੂੰਹੇ, ਨਿੱਕੇ ਲੋਕ ਸਨ, ਕਮੀਨੇ, ਲਾਲਚੀ, ਖਚਰੇ ਅਤੇ ਜ਼ਾਲਮ। ਜਦੋਂ ਉਹਨਾਂ ਦੇ ਆਪਣੇ ਦੇਸ਼ ਦਾ ਜ਼ਾਰ (ਬਾਦਸ਼ਾਹ) ਉਹਨਾਂ ਨੂੰ ਸਖ਼ਤ ਤੰਗ ਕਰਦਾ ਤਾਂ ਉਹ ਆਮ ਲੋਕਾਂ ਨੂੰ ਉਹਦੇ ਖਹਿੜੇ ਪਾ ਦੇਂਦੇ ਅਤੇ ਜਦੋਂ ਲੋਕ ਆਪਣੇ ਹਾਕਮ ਦਾ ਤਖ਼ਤਾ ਉਲਟਾ ਦੇਂਦੇ ਤਾਂ ਇਹ ਨਿੱਕੇ ਲੋਕ ਧੋਖੇ ਨਾਲ਼ ਸੱਤਾ ਹਥਿਆ ਲੈਂਦੇ, ਲੋਕਾਂ ਨੂੰ ਉਹਨਾਂ ਦੇ ਘੁਰਨਿਆਂ ਵਿੱਚ ਧੱਕ ਦੇਂਦੇ, ਜਾਂ, ਜੇ ਉਹ ਮੁਕਾਬਲਾ ਕਰਦੇ ਤਾਂ ਉਹਨਾਂ ਵਿੱਚੋਂ ਸੈਂਕੜੇ, ਹਜ਼ਾਰਾਂ ਨੂੰ ਕਤਲ ਕਰ ਦੇਂਦੇ।

ਇੱਕ ਵਾਰ ਮਾਂ ਨੇ ਅਤਿ ਦੀ ਦਲੇਰੀ ਕਰਕੇ ਯੇਗੋਰ ਨੂੰ ਉਹ ਦ੍ਰਿਸ਼ ਦੱਸਿਆ ਜਿਹੜਾ ਇਹ ਤਕਰੀਰਾਂ ਉਹਦੇ ਮਨ ਵਿੱਚ ਉਭਾਰਦੀਆਂ ਸਨ।

"ਕੀ ਇਹ ਅਜਿਹਾ ਹੀ ਹੈ, ਯੇਗੋਰ ਈਵਾਨੋਵਿਚ ?" ਉਹਨੇ ਸ਼ਰਮਾਕਲ ਜਿਹੀ ਮੁਸਕਾਨ ਨਾਲ਼ ਪੁੱਛਿਆ।

ਉਹ ਖਿੜ ਕੇ ਹੱਸ ਪਿਆ, ਆਪਣੀਆਂ ਅੱਖਾਂ ਮਟਕਾਉਂਦੇ ਅਤੇ ਛਾਤੀ ਮਲ ਕੇ ਸਾਹ ਲੈਣ ਦਾ ਜਤਨ ਕਰਦੇ ਹੋਏ।

"ਮਾਂ, ਐਨ ਇਹੋ ਗੱਲ ਏ! ਤੂੰ ਇਤਿਹਾਸ ਦਾ ਤੱਤ ਸਮਝ ਲਿਐ। ਕਿਧਰੇ ਕਿਧਰੇ ਕੁਝ ਸਜਾਵਟ ਏ, ਕਿਧਰੇ ਪਿਛੋਕੜ ਵਿੱਚ ਕੁਝ ਖ਼ੂਬਸੂਰਤ ਉਣਾਈ ਕੀਤੀ ਹੋਈ ਏ, ਪਰ ਤੱਥ ਸਭ ਆਪੋ ਆਪਣੀ ਥਾਂ ਠੀਕ ਏ! ਇਹ ਮੋਟੇ ਨਿੱਕੇ ਲੋਕ ਹੀ ਨੇ ਜਿਹੜੇ ਸਭ ਤੋਂ ਵੱਡੇ ਗੁਨਾਹਗਾਰ ਅਤੇ ਲੋਕਾਂ ਦਾ ਖ਼ੂਨ ਚੂਸਦੇ ਸਭ ਤੋਂ ਵੱਧ ਜ਼ਹਿਰਲੇ ਪਰਜੀਵੀ ਨੇ। ਫ਼ਰਾਂਸੀਸੀਆਂ ਨੇ ਉਹਨਾਂ ਨੂੰ ਠੀਕ ਹੀ 'ਬੁਰਜੂਆ' ਕਿਹਾ, — ਯਾਦ ਰੱਖੀਂ ਮਾਂ—ਬੁਰ-ਜੂਆ, ਕਿਉਂਕਿ ਉਹ **ਬੂਰ*** ਹੀ ਹਨ, ਉਹ ਸਾਨੂੰ ਸਭ ਨੂੰ ਚਿੱਥ ਰਹੇ ਹਨ, ਚਿੱਥ ਰਹੇ ਹਨ ਤੇ ਸਾਡਾ ਖ਼ੂਨ ਪੀ ਰਹੇ ਨੇ।..."

"ਤੇਰਾ ਮਤਲਬ ਏ ਅਮੀਰ ਅਜਿਹਾ ਕਰਦੇ ਨੇ ?" ਮਾਂ ਨੇ ਪੁੱਛਿਆ।

"ਹਾਂ! ਇਹ ਉਹਨਾਂ ਦੀ ਬਦਕਿਸਮਤੀ ਏ ਕਿ ਉਹ ਅਮੀਰ ਨੇ। ਜੇ ਤੁਸੀਂ ਕਿਸੇ ਬੱਚੇ ਦੇ ਖਾਣੇ ਵਿੱਚ ਤਾਂਬਾ ਪਾਈ ਜਾਓ ਤਾਂ ਉਹਦਾ ਵਾਧਾ ਰੁਕ ਜਾਂਦੈ ਤੇ ਉਹ ਗਿੱਠ-ਮੁਠੀਆ ਬਣ ਜਾਂਦੈ, ਪਰ ਜੇ ਤੁਸੀਂ ਕਿਸੇ ਬੰਦੇ ਨੂੰ ਸੋਨੇ ਦਾ ਜ਼ਹਿਰ ਦਿਓ ਤਾਂ ਉਹਦੀ ਰੂਹ ਦਾ ਵਾਧਾ ਰੁਕ ਜਾਂਦੈ — ਉਹ, ਨਿੱਕੀ ਤੇ ਨੀਰਸ ਤੇ ਬੇਜਾਨ ਹੋ ਜਾਂਦੀ ਏ, ਰੱਬੜ ਦੇ ਉਹਨਾਂ ਨਿੱਕੇ ਗੇਦਾਂ ਵਾਂਗ ਜਿਹੜੇ ਬੱਚੇ ਪੰਜਾਂ ਕੋਪੀਕਾਂ ਦੇ ਮੁੱਲ ਲੈਂਦੇ ਨੇ।..."

---

* ਅੰਗਰੇਜ਼ੀ ਸ਼ਬਦ "ਬੂਰ" (boor) ਤੋਂ ਜਿਸਦੇ ਅਰਥ ਹਨ ਉਜੱਡ। — **ਅਨੁ:**

ਇੱਕ ਦਿਨ ਜਦੋਂ ਉਹ ਯੇਗੋਰ ਦੀਆਂ ਗੱਲਾਂ ਕਰ ਰਹੇ ਸਨ ਤਾਂ ਪਾਵੇਲ ਨੇ ਕਿਹਾ:

"ਆਂਦਰੇਈ, ਸੱਚ ਤਾਂ ਇਹ ਹੈ ਕਿ ਜਿਹੜੇ ਲੋਕ ਸਭ ਤੋਂ ਵੱਧ ਠੱਠਾ ਕਰਦੇ ਨੇ ਆਮ ਤੌਰ 'ਤੇ ਉਹ ਉਹੋ ਹੁੰਦੇ ਨੇ ਜਿਨ੍ਹਾਂ ਨੂੰ ਸਭ ਤੋਂ ਵੱਧ ਦੁੱਖ ਹੁੰਦੈ।"

**ਖੋਖੋਲ** ਨੇ ਜਵਾਬ ਦੇਣ ਤੋਂ ਪਹਿਲਾਂ ਸੋਚਿਆ ਅਤੇ ਆਪਣੀਆਂ ਅੱਖਾਂ ਸੰਗੋੜੀਆਂ।

"ਜੇ ਤੇਰੀ ਗੱਲ ਠੀਕ ਏ ਤਾਂ ਸਾਰੇ ਰੂਸ ਦੇ ਹੱਸ ਹੱਸ ਕੇ ਮਰ ਜਾਣ ਦੀ ਆਸ ਕੀਤੀ ਜਾ ਸਕਦੀ ਏ।..."

ਇੱਕ ਦਿਨ ਨਤਾਸ਼ਾ ਆਈ। ਉਹ ਵੀ ਕੈਦ ਰਹੀ ਸੀ, ਪਰ ਕਿਸੇ ਹੋਰ ਸ਼ਹਿਰ ਵਿੱਚ। ਇਸ ਅਨੁਭਵ ਨੇ ਉਹਨੂੰ ਉੱਕਾ ਹੀ ਤਬਦੀਲ ਨਹੀਂ ਸੀ ਕੀਤਾ। ਮਾਂ ਨੇ ਵੇਖਿਆ ਕਿ ਜਦੋਂ ਉਹ ਉੱਥੇ ਹੁੰਦੀ ਤਾਂ **ਖੋਖੋਲ** ਵਧੇਰੇ ਹੱਸ-ਮੁਖ ਹੋ ਜਾਂਦਾ, ਠੱਠੇ ਕਰਦਾ ਅਤੇ ਸਾਰਾ ਸਮਾਂ ਆਪਣੇ ਨਿੱਕੇ ਨਿੱਕੇ ਖੋਰ ਨਾਲ਼ ਸਭਨਾਂ ਨੂੰ ਤੰਗ ਕਰਦਾ ਰਹਿੰਦਾ, ਉਹਨੂੰ ਖੁਸ਼ੀ ਨਾਲ਼ ਹਸਾਉਂਦਾ ਰਹਿੰਦਾ। ਪਰ ਜਦੋਂ ਨਤਾਸ਼ਾ ਚਲੀ ਜਾਂਦੀ ਤਾਂ ਉਹ ਅਨੰਤ ਉਦਾਸ ਸੀਟੀਆਂ ਮਾਰਨ ਲੱਗ ਪੈਂਦਾ ਅਤੇ ਬਹੁਤ ਸਮਾਂ ਖੁਸਾ ਖੁਸਾ ਕਮਰੇ ਵਿੱਚ ਪੈਰ ਘਸੀਟਣ ਲੱਗ ਪੈਂਦਾ।

ਸਾਸ਼ਾ ਕਦੀ ਕਦੀ ਥੋੜ੍ਹੇ ਸਮੇਂ ਲਈ ਆਉਂਦੀ; ਉਹਨੇ ਸਦਾ ਘੂਰੀ ਵੱਟੀ ਹੁੰਦੀ ਅਤੇ ਉਹਨੂੰ ਸਦਾ ਕਾਹਲ ਹੁੰਦੀ, ਪਤਾ ਨਹੀਂ ਕਿਉਂ ਉਹ ਵਧੇਰੇ ਹੱਡਲ ਅਤੇ ਚਿੜਚਿੜੀ ਹੁੰਦੀ ਜਾ ਰਹੀ ਸੀ।

ਇੱਕ ਵਾਰ ਜਦੋਂ ਪਾਵੇਲ ਲਾਂਘੇ ਵਿੱਚ ਉਹਨੂੰ ਵਿਦਿਆ ਕਰਨ ਗਿਆ ਤਾਂ ਉਹ ਦਰਵਾਜ਼ਾ ਬੰਦ ਕਰਨਾ ਭੁੱਲ ਗਿਆ ਅਤੇ ਮਾਂ ਦੇ ਕੰਨੀਂ ਉਹਨਾਂ ਦੀ ਇਹ ਤਿੱਖੀ ਤਿੱਖੀ ਗੱਲਬਾਤ ਪਈ:

"ਤੂੰ ਝੰਡਾ ਚੁਕੇਂਗਾ ?" ਕੁੜੀ ਨੇ ਠਰ੍ਹੰਮੇ ਨਾਲ਼ ਪੁੱਛਿਆ।

"ਹਾਂ।"

"ਇਹ ਅਖ਼ੀਰੀ ਫ਼ੈਸਲਾ ਏ ?"

"ਹਾਂ। ਇਹ ਮੇਰੇ ਲਈ ਮਾਣ ਦੀ ਗੱਲ ਏ।"

"ਸੋ, ਇਹ ਜੇਲ੍ਹੀਂ ਮੁੜਨ ਦੀ ਤਿਆਰੀ ਏ ?"

ਪਾਵੇਲ ਨੇ ਕੋਈ ਜਵਾਬ ਨਾ ਦਿੱਤਾ।

"ਕੀ ਤੂੰ।..." ਕੁੜੀ ਨੇ ਗੱਲ ਸ਼ੁਰੂ ਕੀਤੀ, ਪਰ ਵਿੱਚੇ ਰੁਕ ਗਈ।

"ਕੀ ?"—ਪਾਵੇਲ ਨੇ ਪੁੱਛਿਆ।

"ਇਹ ਕੰਮ ਕਿਸੇ ਹੋਰ ਨੂੰ ਨਹੀਂ ਦੇ ਸਕਦਾ ?"

"ਨਹੀਂ," ਪਾਵੇਲ ਨੇ ਉੱਚੀ ਜਿਹੇ ਕਿਹਾ।

"ਵਿਚਾਰ ਲੈ। ਤੇਰਾ ਇੰਨਾ ਰਸੂਖ਼ ਏ। ਸਾਰੇ ਤੈਨੂੰ ਚੰਗਾ ਸਮਝਦੇ ਨੇ!... ਤੂੰ ਅਤੇ ਆਂਦਰੇਈ ਸਭ ਤੋਂ ਵੱਧ ਹਰਮਨ-ਪਿਆਰੇ ਹੋ। ਜ਼ਰਾ ਵਿਚਾਰ ਤੁਸੀਂ ਇੱਥੇ ਕਿੰਨਾ ਚੰਗਾ ਕੰਮ ਕਰ ਸਕਦੇ ਹੋ! ਪਰ ਜੇ ਤੂੰ ਝੰਡਾ ਚੁੱਕਿਆ ਤਾਂ ਉਹ ਤੈਨੂੰ ਜਲਾਵਤਨ ਕਰ ਦੇਣਗੇ—ਬਹੁਤ ਦੂਰ—ਅਤੇ ਲੰਮੇ ਸਮੇਂ ਲਈ!"

ਮਾਂ ਨੂੰ ਕੁੜੀ ਦੇ ਬੋਲ ਵਿੱਚ ਡਰ ਅਤੇ ਸਹਿਕ ਦੀਆਂ ਜਾਣੀਆਂ ਪਛਾਣੀਆਂ ਭਾਵਨਾਵਾਂ

ਦਿੱਸੀਆਂ। ਸਾਸ਼ਾ ਦੀ ਗੱਲ ਉਹਦੇ ਦਿਲ ਉੱਤੇ ਬਰਫ਼ੀਲੇ ਪਾਣੀ ਦੇ ਵੱਡੇ ਤੁਪਕਿਆਂ ਵਾਂਗ ਪਈ।

"ਮੈਂ ਆਪਣਾ ਮਨ ਬਣਾ ਲਿਐ," ਪਾਵੇਲ ਨੇ ਕਿਹਾ। "ਕੁਝ ਵੀ ਹੁਣ ਮੇਰਾ ਮਨ ਤਬਦੀਲ ਨਹੀਂ ਕਰ ਸਕਦਾ।"

"ਜੇ ਮੈਂ ਕਹਾਂ ਤਾਂ ਵੀ ਨਹੀਂ ?..."

ਅਚਾਨਕ ਪਾਵੇਲ ਦੀ ਅਵਾਜ਼ ਤਿੱਖੀ ਅਤੇ ਖਰ੍ਹਵੀਂ ਹੋ ਗਈ।

"ਤੇਰਾ ਇਹ ਕਹਿਣ ਦਾ ਕੋਈ ਮਤਲਬ ਨਹੀਂ। ਤੈਨੂੰ ਕੋਈ ਹੱਕ ਨਹੀਂ!"

"ਮੈਂ ਵੀ ਤਾਂ ਇਨਸਾਨ ਹੀ ਹਾਂ," ਸਾਸ਼ਾ ਨੇ ਨਰਮੀ ਨਾਲ਼ ਕਿਹਾ।

"ਬੜੀ ਚੰਗੀ ਇਨਸਾਨ," ਪਾਵੇਲ ਨੇ ਵੀ ਉਸੇ ਨਰਮੀ ਨਾਲ਼ ਕਿਹਾ, ਪਰ ਕਿਸੇ ਅਜੀਬ ਢੰਗ ਨਾਲ਼ ਜਿਵੇਂ ਉਹਦਾ ਗੱਚ ਭਰ ਆਇਆ ਹੋਵੇ। "ਤੇ ਅਜਿਹੀ ਇਨਸਾਨ ਜਿਹੜੀ ਮੈਨੂੰ ਬਹੁਤ ਪਿਆਰੀ ਏ। ਅਤੇ ਇਸੇ ਲਈ — ਇਸੇ ਲਈ — ਤੈਨੂੰ ਅਜਿਹੀਆਂ ਗੱਲਾਂ ਨਹੀਂ ਕਹਿਣੀਆਂ ਚਾਹੀਦੀਆਂ।..."

"ਰੱਬ ਰਾਖਾ," ਕੁੜੀ ਨੇ ਕਿਹਾ।

ਉਹਦੀਆਂ ਅੱਡੀਆਂ ਦੀ ਖੜ ਖੜ ਤੋਂ ਮਾਂ ਨੇ ਅੰਦਾਜ਼ਾ ਲਾਇਆ ਕਿ ਹੌਲ਼ੀ ਹੌਲ਼ੀ ਟੁਰਦੀ ਉਹ ਲਗਭਗ ਦੌੜ ਹੀ ਪਈ ਹੈ। ਪਾਵੇਲ ਉਹਦੇ ਪਿੱਛੇ ਪਿੱਛੇ ਵਿਹੜੇ ਵਿੱਚ ਗਿਆ।

ਮਾਂ ਦਾ ਦਿਲ ਭਾਰੇ ਅਤੇ ਲੰਘਦੇ ਡਰ ਨਾਲ਼ ਸੁੰਗੜ ਗਿਆ। ਉਹਨੂੰ ਇਹ ਤਾਂ ਸਮਝ ਨਾ ਆਈ ਕਿ ਉਹ ਕੀ ਗੱਲਬਾਤ ਕਰਦੇ ਨੇ, ਪਰ ਉਹ ਇਹ ਸਮਝ ਗਈ ਕਿ ਕੋਈ ਬੜੀ ਵੱਡੀ ਮੁਸੀਬਤ ਉਹਦੇ ਸਿਰ ਪੈਣ ਵਾਲ਼ੀ ਹੈ।

"ਉਹ ਕੀ ਕਰਨ ਦੀ ਸੋਚ ਰਿਹੈ ?" ਮਾਂ ਨੇ ਸੋਚਿਆ।

ਪਾਵੇਲ ਆਂਦਰੇਈ ਦੇ ਨਾਲ਼ ਅੰਦਰ ਆਇਆ।

"ਉਹ ਇਸਾਈ, ਇਸਾਈ! ਉਹਦਾ ਅਸੀਂ ਕੀ ਕਰੀਏ ?" **ਖ਼ੋਖ਼ੋਲ** ਨੇ ਸਿਰ ਹਿਲਾਉਂਦੇ ਹੋਏ ਕਿਹਾ।

"ਅਸੀਂ ਉਹਨੂੰ ਤਾੜਨਾ ਦਈਏ ਕਿ ਉਹ ਇਹ ਕੰਮ ਛੱਡ ਦੇਵੇ!" ਪਾਵੇਲ ਨੇ ਘੂਰੀ ਵੱਟ ਕੇ ਕਿਹਾ।

"ਪਾਵੇਲ, ਤੇਰੀ ਕੀ ਕਰਨ ਦੀ ਸਲਾਹ ਏ ?" ਉਹਦੀ ਮਾਂ ਨੇ ਸਿਰ ਨੀਵਾਂ ਸੁੱਟਦੇ ਹੋਏ ਪੁੱਛਿਆ।

"ਕਦੋਂ ? ਹੁਣ ?"

"ਨਹੀਂ, ਪਹਿਲੀ ਮਈ ਨੂੰ।"

"ਓਹ," ਪਾਵੇਲ ਨੇ ਆਪਣੀ ਅਵਾਜ਼ ਨੀਵੀਂ ਕਰਦੇ ਹੋਏ ਕਿਹਾ। "ਮੈਂ ਜਲੂਸ ਦੇ ਅੱਗੇ ਅੱਗੇ ਸਾਡਾ ਝੰਡਾ ਚੁੱਕਾਂਗਾ। ਮੇਰਾ ਖ਼ਿਆਲ ਹੈ ਇਸ ਗੱਲ ਲਈ ਉਹ ਮੈਨੂੰ ਮੁੜ ਜੇਲ੍ਹ ਵਿੱਚ ਸੁੱਟ ਦੇਣਗੇ।"

ਮਾਂ ਦੀਆਂ ਅੱਖਾਂ ਸੜਨ ਲੱਗ ਪਈਆਂ ਅਤੇ ਉਹਦਾ ਮੂੰਹ ਸੁੱਕ ਗਿਆ। ਪਾਵੇਲ ਨੇ ਉਹਦਾ ਹੱਥ ਫੜਿਆ ਅਤੇ ਉਹਨੂੰ ਪਲੋਸਿਆ।

“ਇਹ ਮੈਨੂੰ ਕਰਨਾ ਹੀ ਪਵੇਗਾ! ਸਮਝਣ ਦੀ ਕੋਸ਼ਿਸ਼ ਕਰ ਮਾਂ।”

“ਮੈਂ ਤਾਂ ਕੁਝ ਨਹੀਂ ਕਿਹਾ,” ਮਾਂ ਨੇ ਹੌਲ਼ੀ ਹੌਲ਼ੀ ਆਪਣਾ ਸਿਰ ਚੁੱਕਦੇ ਹੋਏ ਜਵਾਬ ਦਿੱਤਾ। ਪਰ ਉਹਦੀਆਂ ਅੱਖਾਂ ਦਾ ਮੇਲ ਪਾਵੇਲ ਦੀਆਂ ਅੱਖਾਂ ਦੀ ਜ਼ਿੱਦੀ ਚਮਕ ਨਾਲ਼ ਹੋਇਆ, ਅਤੇ ਉਹਨੇ ਫਿਰ ਨੀਵੀਂ ਪਾ ਲਈ।

ਉਹਨੇ ਹਉਕਾ ਭਰਿਆ ਅਤੇ ਮਾਂ ਦਾ ਹੱਥ ਛੱਡ ਦਿੱਤਾ।

“ਤੈਨੂੰ ਤਾਂ ਪ੍ਰੇਸ਼ਾਨ ਹੋਣ ਦੀ ਥਾਂ ਖੁਸ਼ ਹੋਣਾ ਚਾਹੀਦੈ,” ਉਹਨੇ ਗਿਲਾ ਕਰਦੇ ਢੰਗ ਨਾਲ਼ ਕਿਹਾ। “ਅਜਿਹੀਆਂ ਮਾਵਾਂ ਕਦੋਂ ਹੋਣਗੀਆਂ ਜਿਹੜੀਆਂ ਹੱਸਦੀਆਂ ਹੱਸਦੀਆਂ ਆਪਣੇ ਪੁੱਤਰਾਂ ਨੂੰ ਮਰਨ ਲਈ ਭੇਜਣਗੀਆਂ?...”

“ਹੂੰ!” **ਖੋਖੋਲ** ਬੁੜਬੁੜਾਇਆ। “ਲਾਰਡ ਮੇਅਰ ਆਇਆ, ਨੱਕ ਅਸਮਾਨੇ ਚੜ੍ਹਾਇਆ।...”

“ਮੈਂ ਤਾਂ ਕੁਝ ਵੀ ਨਹੀਂ ਕਿਹਾ, ਕੁਝ ਕਿਹੈ?” ਮਾਂ ਨੇ ਆਪਣੀ ਗੱਲ ਦੁਹਰਾਈ। “ਮੈਂ ਤੇਰੇ ਰਾਹ ਵਿੱਚ ਰੋੜਾ ਨਹੀਂ ਬਣਾਂਗੀ। ਪਰ ਮੇਰੇ ਲਈ ਇਹ ਔਖੀ ਗੱਲ ਏ — ਮਾਂ ਜੁ ਹੋਈ, ਮੇਰੇ ਵਸ ਦੀ ਗੱਲ ਨਹੀਂ।...”

ਉਹ ਮਾਂ ਤੋਂ ਪਰ੍ਹਾਂ ਹੋ ਗਿਆ ਅਤੇ ਉਹਦੀ ਅਗਲੀ ਗੱਲ ਉਹਨੂੰ ਡੰਗ ਵਾਂਗ ਚੁਭੀ।

“ਅਜਿਹਾ ਪਿਆਰ ਵੀ ਹੁੰਦੈ, ਜਿਹੜਾ ਬੰਦੇ ਨੂੰ ਉਸ ਤਰ੍ਹਾਂ ਜਿਊਣੋਂ ਰੋਕਦੈ ਜਿਸ ਤਰਾਂ ਉਹ ਜਿਊਣਾ ਚਾਹੁੰਦੈ।”

“ਇਹ ਨਾ ਕਹੁ ਪਾਸ਼ਾ,” ਮਾਂ ਨੇ ਕੰਬ ਕੇ ਕਿਹਾ, ਇਸ ਗੱਲੋਂ ਡਰਦੀ ਨੇ ਕਿ ਮਤੇ ਉਹ ਉਹਦਾ ਦਿਲ ਦੁਖਾਉਣ ਵਾਲ਼ੀ ਕੋਈ ਹੋਰ ਗੱਲ ਕਹਿ ਦੇਵੇ। “ਮੈਂ ਸਮਝਦੀ ਆਂ, — ਤੂੰ ਹੋਰ ਕੁਝ ਕਰ ਹੀ ਨਹੀਂ ਸਕਦਾ — ਆਪਣੇ ਸਾਥੀਆਂ ਦੀ ਖ਼ਾਤਰ।...”

“ਉਹਨਾਂ ਖ਼ਾਤਰ ਨਹੀਂ, ਆਪਣੀ ਖ਼ਾਤਰ,” ਉਹਨੇ ਸੁਧਾਈ ਕੀਤੀ।

ਆਂਦਰੇਈ ਦਰਵਾਜ਼ੇ ਵਿੱਚ ਆਇਆ, ਜਿਹੜਾ ਉਹਦੇ ਲਈ ਨੀਵਾਂ ਸੀ, ਸੋ ਉਹ ਆਪਣੇ ਗੋਡੇ ਅਜੀਬ ਤਰ੍ਹਾਂ ਮੋੜ ਕੇ ਖੜਾ ਸੀ, ਇੱਕ ਮੋਢਾ ਦਰਵਾਜ਼ੇ ਦੀ ਇੱਕ ਬਾਹੀ ਨਾਲ਼ ਲੱਗਾ, ਉਹਨੇ ਸਿਰ ਅਤੇ ਦੂਜਾ ਮੋਢਾ ਅੱਗੇ ਵੱਲ ਵਧਾਇਆ ਹੋਇਆ ਸੀ।

“ਮਹਾਰਾਜ, ਇਹ ਵਿਚਾਰ ਤਿਆਗ ਦੇਣਾ ਕੋਈ ਮਾੜੀ ਗੱਲ ਨਹੀਂ ਹੋਵੇਗੀ,” ਉਹਨੇ ਆਪਣੀਆਂ ਉੱਭਰਵੀਆਂ ਅੱਖਾਂ ਪਾਵੇਲ ਦੇ ਮੂੰਹ ਉੱਤੇ ਗੱਡਦੇ ਹੋਏ ਉਦਾਸ ਢੰਗ ਨਾਲ਼ ਕਿਹਾ। ਉਹ ਕਿਸੇ ਚੱਟਾਨ ਦੀ ਤਰੇੜ ਵਿੱਚੋਂ ਝਾਕਦਾ ਕਿਰਲਾ ਜਾਪਦਾ ਸੀ।

ਮਾਂ ਫੁੱਟ ਹੀ ਪੈਣ ਵਾਲ਼ੀ ਸੀ।

“ਹਾਏ ਰੱਬਾ, ਮੈਂ ਤਾਂ ਭੁੱਲ ਹੀ ਗਈ ਸਾਂ।...” ਉਹ ਬੁੜਬੁੜਾਈ ਤੇ ਦਰਵਾਜ਼ੇ ਵੱਲ ਵਧੀ ਤਾਂ ਜੁ ਉਹਦਾ ਪੁੱਤਰ ਉਹਨੂੰ ਰੋਂਦਿਆਂ ਨਾ ਵੇਖ ਸਕੇ।

ਬਾਹਰ ਜਾ ਕੇ ਉਹ ਇੱਕ ਨੁੱਕਰੇ ਗੁੱਛਾ ਮੁੱਛਾ ਹੋ ਗਈ ਅਤੇ ਗੁੱਸੇ ਕਾਰਨ ਬੇਅਵਾਜ਼ ਸਿਸਕੀਆਂ ਲੈਂਦੀ ਰਹੀ, ਜਿਹੜੀਆਂ ਇਉਂ ਕਮਜ਼ੋਰ ਕਰਨ ਵਾਲ਼ੀਆਂ ਸਨ ਜਿਵੇਂ ਉਹਦੇ ਹੰਝੂਆਂ ਨਾਲ਼ ਉਹਦੇ ਦਿਲ ਵਿੱਚੋਂ ਲਹੂ ਵਗ ਰਿਹਾ ਹੋਵੇ।

ਅੱਧ–ਖੁੱਲ੍ਹੇ ਦਰਵਾਜ਼ੇ ਵਿੱਚੋਂ ਉਹ ਉਹਨਾਂ ਨੂੰ ਨਿੰਮ੍ਹੀ ਅਵਾਜ਼ ਵਿੱਚ ਬਹਿਸਦੀਆਂ ਸੁਣ ਸਕਦੀ ਸੀ।

"ਤੇਰੀ ਨੀਅਤ ਕੀ ਏ ? ਉਹਨੂੰ ਦੁਖੀ ਕਰਕੇ ਤੈਨੂੰ ਸਵਾਦ ਆਉਂਦੈ ?" **ਖੋਖੋਲ** ਨੇ ਪੁੱਛਿਆ।

"ਤੈਨੂੰ ਇਹ ਕਹਿਣ ਦਾ ਕੋਈ ਹੱਕ ਨਹੀਂ !" ਪਾਵੇਲ ਕੂਕਿਆ।

"ਜੇ ਮੈਂ ਆਪਣਾ ਮੂੰਹ ਬੰਦ ਰੱਖਾਂ ਤੇ ਤੈਨੂੰ ਉੱਲੂ ਬਣਨ ਦਿਆਂ ਤਾਂ ਮੈਂ ਵਾਹਵਾ ਦੋਸਤ ਹੋਵਾਂਗਾ। ਤੂੰ ਇਹ ਕਿਉਂ ਕਿਹਾ ? ਤੂੰ ਵੇਖਦਾ ਨਹੀਂ ਕੀ ਹੋ ਰਿਹੈ ?"

"ਸਾਨੂੰ ਦ੍ਰਿੜ੍ਹ ਹੋਣਾ ਚਾਹੀਦਾ ਹੈ ਅਤੇ 'ਹਾਂ' ਜਾਂ 'ਨਾਂਹ' ਕਹਿਣੋਂ ਡਰਨਾ ਨਹੀਂ ਚਾਹੀਦਾ।

"ਮਾਂ ਨੂੰ ?"

"ਹਰ ਇੱਕ ਨੂੰ ! ਮੈਨੂੰ ਅਜਿਹੇ ਪਿਆਰ ਜਾਂ ਮਿੱਤਰਤਾ ਦੀ ਲੋੜ ਨਹੀਂ, ਜਿਹੜਾ ਮੇਰੀਆਂ ਲੱਤਾਂ ਨੂੰ ਚੰਬੜਿਆ ਰਹੇ ਅਤੇ ਮੈਨੂੰ ਰੋਕੀ ਰੱਖੇ।..."

"ਬੜਾ ਸੂਰਮਾ ਏਂ ! ਜਾਹ ਤੇ ਜਾ ਕੇ ਨੱਕ ਪੂੰਝ ! ਇਹ ਗੱਲ ਸਾਸ਼ਾ ਨੂੰ ਕਹੀਂ। ਅਜਿਹੀਆਂ ਗੱਲਾਂ ਲਈ ਉਹੋ ਠੀਕ ਏ !..."

"ਉਹਨੂੰ ਤਾਂ ਮੈਂ ਪਹਿਲਾਂ ਈ ਦਸ ਦਿੱਤੈ !..."

"ਉਹ ਨਹੀਂ, ਤੂੰ ਨਹੀਂ ਦੱਸਿਆ। ਤੂੰ ਉਹਦੇ ਨਾਲ਼ ਨਰਮੀ ਨਾਲ਼, ਪਿਆਰ ਕਰਨ ਦੇ ਢੰਗ ਨਾਲ਼ ਗੱਲ ਕੀਤੀ। ਭਾਵੇਂ ਮੈਂ ਇਹ ਗੱਲਬਾਤ ਨਹੀਂ ਸੁਣੀ, ਪਰ ਮੈਨੂੰ ਪਤੈ ਤੂੰ ਅਜਿਹਾ ਕੀਤਾ। ਪਰ ਆਪਣੀ ਮਾਂ ਦੇ ਸਾਹਮਣੇ ਤੈਨੂੰ ਵੱਡਾ ਸੂਰਮਾ ਬਣਨ ਦੀ ਲੋੜ ਸੀ।...ਜੇ ਤੂੰ ਪੁੱਛਦਾ ਈ ਏਂ ਤਾਂ, ਤੇਰੀ ਸਾਰੀ ਆਕੜ ਇੱਕ ਉਂਗਲ ਦੇ ਕੜਾਕੇ ਦੇ ਮੁੱਲ ਦੀ ਨਹੀਂ !"

ਪੇਲਾਗੀਆ ਨੇ ਕਾਹਲੀ ਕਾਹਲੀ ਅੱਥਰੂ ਪੂੰਝੇ। ਉਹਨੂੰ ਡਰ ਸੀ ਕਿ **ਖੋਖੋਲ** ਕੋਈ ਬਹੁਤ ਖਰ੍ਹਵੀਂ ਗੱਲ ਕਹਿ ਦੇਵੇਗਾ, ਸੋ ਉਹਨੇ ਕਾਹਲ ਨਾਲ਼ ਦਰਵਾਜ਼ਾ ਖੋਹਲਿਆ, ਅਤੇ ਰਸੋਈ ਵਿੱਚ ਦਾਖ਼ਲ ਹੋਈ।

"ਫ–ਰ–ਰ ! ਕਿੰਨੀ ਠੰਢ ਏ !" ਉਹਨੇ ਉੱਚੀ ਅਵਾਜ਼ ਵਿੱਚ ਕਿਹਾ। ਉਹਦੀ ਅਵਾਜ਼ ਡਰ ਅਤੇ ਦੁਖ ਕਰਨ ਕੰਬ ਰਹੀ ਸੀ। "ਕੌਣ ਕਹਿ ਸਕਦੈ ਬਸੰਤ ਆ ਗਈ ਏ।"

ਉਹਨੇ ਦੂਜੇ ਕਮਰੇ ਵਿਚਲੀਆਂ ਅਵਾਜ਼ਾਂ ਨੂੰ ਡੁਬਾਉਣ ਦਾ ਜਤਨ ਕਰਦੇ ਹੋਏ ਚੀਜ਼ਾਂ ਨੂੰ ਬੇਮਤਲਬ ਇੱਧਰ ਉੱਧਰ ਕੀਤਾ।

"ਸਭ ਕੁਝ ਤਬਦੀਲ ਹੋ ਗਿਐ," ਉਹ ਬੋਲਦੀ ਗਈ, ਹੋਰ ਵੀ ਉੱਚੀ ਅਵਾਜ਼ ਵਿੱਚ। "ਲੋਕ ਵਧੇਰੇ ਤੱਤੇ ਹੁੰਦੇ ਜਾਂਦੇ ਨੇ ਤੇ ਮੌਸਮ ਵਧੇਰੇ ਠੰਢਾ। ਪਹਿਲਾਂ ਇਹਨੀਂ ਦਿਨੀਂ ਗਰਮੀ ਹੋ ਜਾਂਦੀ ਸੀ — ਧੁੱਪ ਤੇ ਖਰਾ ਅਸਮਾਨ।..."

ਅਵਾਜ਼ਾਂ ਰੁੱਕ ਗਈਆਂ। ਉਹ ਰਸੋਈ ਦੇ ਵਿਚਕਾਰ ਖੜੀ ਸੁਣਦੀ ਰਹੀ।

"ਸੁਣਿਆ ਈ ?" **ਖੋਖੋਲ** ਨੇ ਹੌਲੇ ਜਿਹੇ ਕਿਹਾ। "ਤੇਰੇ 'ਤੇ ਰੱਬ ਦੀ ਮਾਰ, ਅਜੇ ਵੀ ਸਮਝ ਜਾ ! ਉਹਦੇ ਵਿੱਚ ਤੇਰੇ ਨਾਲ਼ੋਂ ਵਧੇਰੇ ਸਿਆਣਪ ਏ !..."

"ਚਾਹ ਪੀਵੀਏ ?" ਮਾਂ ਨੇ ਕੰਬਦੀ ਅਵਾਜ਼ ਵਿੱਚ ਕਿਹਾ, ਕਾਂਬੇ ਦੀ ਵਿਆਖਿਆ ਕਰਨ

ਲਈ ਉਹਨੇ ਕਾਹਲ ਨਾਲ਼ ਕਿਹਾ:

"ਰੱਬ ਦੀ ਸਹੁੰ, ਮੈਂ ਤਾਂ ਉੱਕਾ ਹੀ ਯਕ਼ ਹੋ ਗਈ ਵਾਂ!"

ਪਾਵੇਲ ਹੌਲ਼ੀ ਹੌਲ਼ੀ ਮਾਂ ਕੋਲ਼ ਗਿਆ। ਉਹਨੇ ਨੀਵੀਂ ਪਾਈ ਹੋਈ ਸੀ ਅਤੇ ਉਹਦੇ ਬੁੱਲ੍ਹਾਂ ਉੱਤੇ ਇੱਕ ਦੋਸ਼ੀ ਮੁਸਕਾਨ ਖੇਡ ਰਹੀ ਸੀ।

"ਮਾਂ, ਮੈਨੂੰ ਮਾਫ਼ ਕਰ ਦੇ। ਮੈਂ ਤਾਂ ਅਜੇ ਅਲ੍ਹੜ ਵਾਂ — ਤੇ ਵਲੱਲਾ।..."

"ਮੈਨੂੰ ਤੰਗ ਨਾ ਕਰ!" ਉਹ ਪਾਵੇਲ ਦਾ ਸਿਰ ਛਾਤੀ ਨਾਲ਼ ਲਾ ਕੇ ਬੜੀ ਆਤਰ ਹੋਈ ਕੂਕੀ। "ਕੁਝ ਕਹਿਣ ਦੀ ਲੋੜ ਨਹੀਂ! ਰੱਬ ਜਾਣਦੈ ਤੁਹਾਡੀ ਜ਼ਿੰਦਗੀ ਤੁਹਾਡੀ ਆਪਣੀ ਵੇ, ਇਹਦੇ ਨਾਲ਼ ਜੋ ਚਾਹੋ ਕਰੋ। ਪਰ ਮੇਰੇ ਦਿਲ ਨੂੰ ਨਾ ਛੇੜੋ! ਕੀ ਮਾਂ ਪਿਆਰ ਕਰਨੋਂ ਰਹਿ ਸਕਦੀ ਵੇ? ਉਹਨੂੰ ਤਾਂ ਪਿਆਰ ਕਰਨਾ ਈ ਪੈਂਦੈ। ਮੈਂ ਤੁਹਾਨੂੰ ਸਭਨਾਂ ਨੂੰ ਪਿਆਰ ਕਰਦੀ ਵਾਂ। ਤੁਸੀਂ ਸਾਰੇ ਮੈਨੂੰ ਪਿਆਰੇ ਓ ਤੇ ਤੁਸੀਂ ਸਾਰੇ ਪਿਆਰ ਕਰਨ ਜੋਗੇ ਓ। ਜੇ ਮੈਂ ਨਾ ਕਰਾਂ ਤਾਂ ਤੁਹਾਨੂੰ ਕੌਣ ਪਿਆਰ ਕਰੇਗਾ? ਤੁਸੀਂ ਚਲੇ ਜਾਓਗੇ ਤੇ ਹੋਰ ਤੁਹਾਡੀ ਥਾਂ ਆ ਜਾਣਗੇ — ਸਭ ਕੁਝ ਛੱਡ ਕੇ ਹੈਂ, ਪਾਸ਼ਾ।"

ਉਹਦੀ ਛਾਤੀ ਵਿੱਚ ਵੱਡੇ, ਮੱਘਦੇ ਵਿਚਾਰ ਧੜਕ ਰਹੇ ਸਨ। ਉਹਦਾ ਦਿਲ ਕਿਸੇ ਸੋਗੀ ਖੁਸ਼ੀ ਨਾਲ਼ ਲੁਛ ਲੁਛ ਕਰ ਰਿਹਾ ਸੀ, ਜਿਹੜੀ ਖੁਸ਼ੀ ਪ੍ਰਗਟ ਕਰਨ ਲਈ ਉਹਨੂੰ ਸ਼ਬਦ ਨਹੀਂ ਸਨ ਅਹੁੜਦੇ ਅਤੇ ਆਪਣੇ ਅਬੋਲ ਸੰਤਾਪ ਵਿੱਚ ਉਹ ਤਿੱਖੀ, ਡੂੰਘੀ ਪੀੜ ਨਾਲ਼ ਲਿਸ਼ਕਦੀਆਂ ਅੱਖਾਂ ਨਾਲ਼ ਆਪਣੇ ਪੁੱਤਰ ਵੱਲ ਵੇਖ ਰਹੀ ਸੀ।...

"ਕੋਈ ਗੱਲ ਨਹੀਂ, ਮਾਂ! ਮੈਨੂੰ ਮਾਫ਼ ਕਰ ਦੇ, ਹੁਣ ਮੈਂ ਸਭ ਕੁਝ ਸਮਝਦਾਂ! ਤੇ ਮੈਂ ਇਹ ਕਦੀ ਭੁੱਲਣ ਨਹੀਂ ਲੱਗਾ, ਮੈਂ ਸੌਂਹ ਖਾਂਦਾਂ, ਮੈਂ ਨਹੀਂ ਭੁਲਾਂਗਾ!" ਉਹ ਮੁਸਕਰਾਉਂਦਾ ਹੋਇਆ ਮੁੜਿਆ, ਖੁਸ਼ ਪਰ ਸ਼ਰਮਿੰਦਾ।

ਉਹ ਉਹਦੇ ਕੋਲ਼ੋਂ ਚਲੀ ਗਈ ਅਤੇ ਦੂਜੇ ਕਮਰੇ ਦੇ ਦਰਵਾਜ਼ੇ ਵਿੱਚ ਅੱਪੜੀ।

"ਆਂਦਰੀਊਸ਼ਾ," ਉਹਨੇ ਨਰਮ ਜਿਹੀ ਮਿੰਨਤ ਦੇ ਢੰਗ ਨਾਲ਼ ਕਿਹਾ। "ਉਹਨੂੰ ਇੰਨੀ ਉੱਚੀ ਗੁੱਸੇ ਨਾ ਹੋਇਆ ਕਰ। ਤੂੰ ਵੱਡਾ ਏ।..."

"ਹੂੰ-ਊਂ-ਊਂ! ਮੈਂ ਉਹਨੂੰ ਉੱਚੀ ਗੁੱਸੇ ਹੀ ਨਹੀਂ ਹੋਵਾਂਗਾ। ਮੈਂ ਤਾਂ ਕੁੱਟ ਕੁੱਟ ਕੇ ਉਹਦਾ ਮਲੀਦਾ ਬਣਾ ਦਿਆਂਗਾ!" ਉਹਨੇ ਮੁੜੇ ਬਗ਼ੈਰ ਹਸਾਉਣੀ ਅਤੇ ਅਜੀਬ ਅਵਾਜ਼ ਵਿੱਚ ਘਰਕਦੇ ਹੋਏ ਕਿਹਾ।

ਮਾਂ ਉਹਦੇ ਕੋਲ਼ ਗਈ ਤੇ ਆਪਣਾ ਹੱਥ ਅੱਗੇ ਕੀਤਾ।

"ਤੂੰ ਕਿੰਨਾ ਚੰਗਾ ਏਂ!..."

ਉਹ ਕਾਹਲੀ ਨਾਲ਼ ਭੰਵਿਆਂ ਅਤੇ ਆਪਣੇ ਹੱਥ ਪਿੱਠ ਪਿੱਛੇ ਕਰਕੇ ਅਤੇ ਆਪਣਾ ਸਿਰ ਕਿਸੇ ਸਾਨ੍ਹ ਵਾਂਗ ਨੀਵਾਂ ਕਰਕੇ ਮਾਂ ਕੋਲ਼ੋਂ ਲੰਘ ਕੇ ਰਸੋਈ ਵਿੱਚ ਚਲਾ ਗਿਆ। ਮਾਂ ਨੇ ਉਹਨੂੰ ਜ਼ਬਰਦਸਤ ਟਿਚਕਰ ਦੇ ਢੰਗ ਵਿੱਚ ਬੋਲਦੇ ਸੁਣਿਆ।

"ਪਾਵੇਲ, ਇਸ ਤੋਂ ਪਹਿਲਾਂ ਕਿ ਮੈਂ ਤੇਰਾ ਸਿਰ ਲਾਹ ਦਿਆਂ, ਇੱਥੋਂ ਚਲਾ ਜਾ! **ਨੈਨਕੋ**, ਮੇਰੀ ਗੱਲ ਸੱਚੀ ਨਾ ਜਾਣ ਲਵੀਂ, ਮੈਂ ਤਾਂ ਠੱਠਾ ਪਿਆ ਕਰਦਾਂ। ਲੈ, ਮੈਂ ਸਾਮਾਵਰ ਭਖਾਉਂਦਾ।

ਕਿੰਨਾ ਸੋਹਣਾ ਕੱਚਾ ਕੋਲਾ ਲਿਆਂਦੈ ਤੂੰ — ਉੱਕਾ ਹੀ ਗਿੱਲਾ, ਪਵੇ ਢੱਠੇ ਖੂਹ ਵਿੱਚ!"

ਉਹ ਚੁੱਪ ਕਰ ਗਿਆ। ਜਦੋਂ ਮਾਂ ਕਮਰੇ ਵਿੱਚ ਆਈ ਤਾਂ ਉਹ ਫ਼ਰਸ਼ ਉੱਤੇ ਬੈਠਾ ਸਾਮਾਵਰ ਨੂੰ ਫੂਕਾਂ ਮਾਰ ਰਿਹਾ ਸੀ।

"ਡਰ ਨਹੀਂ, ਮੈਂ ਉਹਨੂੰ ਹੱਥ ਵੀ ਨਹੀਂ ਲਾਉਣ ਲੱਗਾ!" ਉਹਨੇ ਉਪਰ ਵੇਖੇ ਬਿਨਾਂ ਕਿਹਾ। "ਮੈਂ ਤਾਂ ਉਬਲੇ ਗੋਂਗਲੂ ਵਾਂਗ ਨਰਮ ਵਾਂ। ਅਤੇ ਮੈਂ — ਆਪਣੇ ਕੰਨ ਬੰਦ ਕਰ ਲੈ, ਸੂਰਮਿਆ — ਮੈਂ ਤਾਂ ਉਹਨੂੰ ਸੱਚਮੁਚ ਬਹੁਤ ਪਿਆਰ ਕਰਦਾਂ! ਪਰ ਮੈਨੂੰ ਉਹ ਵਾਸਕਟ ਪਸੰਦ ਨਹੀਂ ਜਿਹੜੀ ਉਹਨੇ ਪਾਈ ਹੋਈ ਏ! ਵੇਖ ਨਾ, ਉਹਨੇ ਨਵੀਂ ਵਾਸਕਟ ਲੈ ਲਈ ਏ ਤੇ ਉਹ ਸਮਝਦੈ ਉਹ ਸੋਹਣੈ, ਸੋ ਉਹ ਗੋਗੜ ਕੱਢੀ ਫਿਰਦੈ, ਹਰ ਇੱਕ ਨਾਲ਼ ਟਕਰਾਉਂਦਾ ਅਤੇ ਕਹਿੰਦਾ, 'ਵੇਖੋ ਮੇਰੀ ਵਾਸਕਟ ਕਿੰਨੀ ਸੋਹਣੀ ਏ!' ਵਾਸਕਟ ਤਾਂ ਠੀਕ ਏ, ਪਰ ਹਰ ਇੱਕ ਨਾਲ਼ ਟਕਰਾ ਕਿਉਂ? ਅੱਗੇ ਈ ਲੋਕਾਂ ਤੋਂ ਜਾਨ ਬਚਾਉਣੀ ਔਖੀ ਏ!"

"ਕਿੰਨਾ ਚਿਰ ਇਵੇਂ ਬੋਲੀ ਜਾਵੇਂਗਾ!" ਪਾਵੇਲ ਨੇ ਨਿੱਕਾ ਜਿਹਾ ਹਾਸਾ ਹੱਸ ਕੇ ਕਿਹਾ। "ਤੂੰ ਇੱਕ ਵਾਰ ਮੇਰੀ ਝੰਡ ਲਾਹ ਲਈ, ਚੱਲ, ਹੁਣ ਬਸ ਕਰੀਏ!"

**ਖੋਖੋਲ** ਨੇ ਆਪਣੀਆਂ ਲੱਤਾਂ ਸਾਮਾਵਰ ਦੇ ਦੋਵੇਂ ਪਾਸੇ ਪਸਾਰੀਆਂ ਅਤੇ ਫ਼ਰਸ਼ ਉੱਤੇ ਬੈਠੇ ਨੇ ਉਹਦੇ ਵੱਲ ਵੇਖਿਆ। ਮਾਂ ਦਰਵਾਜ਼ੇ ਵਿੱਚ ਖੜੀ ਪਿਆਰ ਨਾਲ਼ ਉਹਦੀ ਗੋਲ਼ ਲੰਮੀ ਝੁਕੀ ਗਰਦਨ ਉੱਤੇ ਝਾਤ ਮਾਰ ਰਹੀ ਸੀ। ਉਹਨੇ ਆਪਣੇ ਸਰੀਰ ਨੂੰ ਵਲ ਦਿੱਤਾ, ਆਪਣੀਆਂ ਬਾਹਾਂ ਦਾ ਸਹਾਰਾ ਲਿਆ, ਮਾਂ ਅਤੇ ਪੁੱਤਰ ਵੱਲ ਵੇਖਿਆ ਅਤੇ ਉਹਦੀਆਂ ਅੱਖਾਂ ਅਚਾਨਕ ਲਾਲ ਹੋ ਗਈਆਂ।

"ਤੁਸੀਂ ਦੋਵੇਂ ਕੁਝ ਚੰਗੇ ਹੀ ਓ," ਉਹਨੇ ਅੱਖਾਂ ਝਪਕਦੇ ਹੋਏ ਨਿੰਮ੍ਹੀ ਅਵਾਜ਼ ਵਿੱਚ ਕਿਹਾ।

ਪਾਵੇਲ ਝੁਕਿਆ ਤੇ ਉਹਦਾ ਹੱਥ ਫੜਿਆ।

"ਖਿੱਚ ਨਹੀਂ," **ਖੋਖੋਲ** ਨੇ ਖੋਖੋਲੀ ਅਵਾਜ਼ ਵਿਚ ਕਿਹਾ। "ਤੂੰ ਮੈਨੂੰ ਡੇਗ ਦੇਵੇਂਗਾ।..."

"ਸ਼ਰਮ ਕਿਉਂ ਕਰਦੇ ਓ?" ਮਾਂ ਨੇ ਪੁੱਛਿਆ। "ਚਲੋ, ਇੱਕ ਦੂਜੇ ਨੂੰ ਚੁੰਮੋ। ਖ਼ੂਬ ਘੁੱਟ ਕੇ ਜੱਫੀਆਂ ਪਾਓ।..."

"ਕਿਵੇਂ ਕਰੀਏ?" ਪਾਵੇਲ ਨੇ ਪੁੱਛਿਆ।

"ਆ ਜਾ," **ਖੋਖੋਲ** ਨੇ ਉੱਠਦੇ ਹੋਏ ਕਿਹਾ।

ਉਹਨਾਂ ਘੁੱਟ ਕੇ ਜੱਫੀ ਪਾਈ ਅਤੇ ਇੱਕ ਛਿਣ ਅਹਿਲ ਖੜੇ ਰਹੇ — ਦੋ ਦੇਹਾਂ ਅਤੇ ਇੱਕ ਆਤਮਾ, ਮਿੱਤਰਤਾ ਨਾਲ਼ ਲਟ ਲਟ ਕਰਦੀ।

ਮਾਂ ਦੀਆਂ ਗੱਲ੍ਹਾਂ ਤੋਂ ਹੰਝੂ ਕਿਰ ਰਹੇ ਸਨ, ਪਰ ਇਸ ਵਾਰ ਇਹ ਖੁਸ਼ੀ ਦੇ ਹੰਝੂ ਸਨ।

"ਜ਼ਨਾਨੀਆਂ ਨੂੰ ਰੋਣਾ ਚੰਗਾ ਲੱਗਦੈ," ਉਹਨੇ ਆਪਣੇ ਹੰਝੂ ਪੂੰਝਦੇ ਹੋਏ ਸ਼ਰਮਿੰਦਗੀ ਨਾਲ਼ ਕਿਹਾ। "ਜਦੋਂ ਖੁਸ਼ ਹੁੰਦੀਆਂ ਨੇ ਤਾਂ ਰੋਂਦੀਆਂ ਨੇ, ਤੇ ਜਦੋਂ ਦੁਖੀ ਹੁੰਦੀਆਂ ਨੇ ਤਾਂ ਰੋਂਦੀਆਂ ਨੇ!..."

**ਖੋਖੋਲ** ਨੇ ਪਾਵੇਲ ਨੂੰ ਹੌਲ਼ੀ ਜਿਹੇ ਪਿੱਛੇ ਧੱਕਿਆ।

"ਬਸ ਬਹੁਤ ਹੋ ਗਈ," ਉਹਨੇ ਵੀ ਆਪਣੀਆਂ ਅੱਖਾਂ ਪੂੰਝਦੇ ਹੋਏ ਕਿਹਾ। "ਵੱਛੇ ਨੇ ਕਾਫ਼ੀ ਕਲੋਲ ਕਰ ਲਏ ਨੇ, ਹੁਣ ਉਹਨੂੰ ਭੁੰਨਣ ਦਾ ਸਮਾਂ ਆ ਗਿਐ! ਢੱਠੇ ਖੂਹ ਵਿੱਚ ਪੈਣ ਤੁਹਾਡੇ ਇਹ ਕੋਲੇ! ਮੈਂ ਇੰਨੇ ਜ਼ੋਰ ਦੀ ਫੂਕ ਮਾਰੀ ਕਿ ਮੇਰੀਆਂ ਅੱਖਾਂ ਵਿੱਚ ਕੁਝ ਪੈ ਗਿਐ।"

"ਅਜਿਹੇ ਹੰਝੂਆਂ ਵਿੱਚ ਸ਼ਰਮ ਦੀ ਗੱਲ ਕਿਹੜੀ ਏ," ਪਾਵੇਲ ਨੇ ਬਾਰੀ ਕੋਲ਼ ਬਹਿੰਦੇ ਹੋਏ ਹੌਲ਼ੀ ਜਿਹੀ ਕਿਹਾ।

ਉਹਦੀ ਮਾਂ ਉਹਦੇ ਵੱਲ ਗਈ ਅਤੇ ਉਹਦੇ ਕੋਲ਼ ਬਹਿ ਗਈ। ਉਹਦਾ ਦਿਲ ਨਵੀਂ ਦਲੇਰੀ ਨਾਲ਼ ਭਰਪੂਰ ਸੀ, ਜਿਸ ਨੇ ਉਹਨੂੰ ਉਹਦੀ ਗ਼ਮਗੀਨੀ ਦੇ ਬਾਵਜੂਦ ਸ਼ਾਂਤ ਅਤੇ ਸੰਤੁਸ਼ਟ ਬਣਾ ਦਿੱਤਾ।

"ਮੈਂ ਚਾਹ ਦਾ ਸਮਾਨ ਲੈ ਆਉਂਦਾਂ, ਤੂੰ ਨਾ ਉੱਠ **ਨੈਨਕੋ**," **ਖੋਖੋਲ** ਨੇ ਕਮਰੇ ਵਿੱਚੋਂ ਬਾਹਰ ਜਾਂਦੇ ਹੋਏ ਕਿਹਾ। "ਆਪਣਾ ਦਿਲ ਇਉਂ ਨਪੀੜੇ ਜਾਣ ਪਿੱਛੋਂ ਘੜੀ ਪਲ ਅਰਾਮ ਕਰ ਲੈ।..."

ਉਹਦੀ ਭਰਪੂਰ ਅਵਾਜ਼ ਉਹਨਾਂ ਨੂੰ ਸੁਣਾਈ ਦਿੱਤੀ।

"ਅਸਾਂ ਹੁਣੇ ਹੁਣੇ ਜ਼ਿੰਦਗੀ ਦਾ ਸੋਹਣਾ ਸਵਾਦ ਮਾਣਿਐ; ਨਿੱਘੀ ਮਨੁੱਖੀ ਜ਼ਿੰਦਗੀ ਦਾ ਇੱਕ ਭੋਰਾ," ਉਹਨੇ ਕਿਹਾ।

"ਹਾਂ," ਪਾਵੇਲ ਨੇ ਮਾਂ ਵੱਲ ਵੇਖਦੇ ਹੋਏ ਕਿਹਾ।

"ਅਤੇ ਇਹਨੇ ਸਭ ਕੁਝ ਨੂੰ ਹੋਰ ਤਰ੍ਹਾਂ ਦਾ ਬਣਾ ਦਿੱਤੈ," ਮਾਂ ਨੇ ਕਿਹਾ। "ਸਾਡਾ ਦੁੱਖ ਵੱਖਰੀ ਤਰ੍ਹਾਂ ਦਾ ਏ ਅਤੇ ਸਾਡੀ ਖ਼ੁਸ਼ੀ ਵੀ।..."

"ਇਸੇ ਤਰ੍ਹਾਂ ਹੀ ਹੋਣਾ ਚਾਹੀਦੈ," **ਖੋਖੋਲ** ਨੇ ਕਿਹਾ। "ਕਿਉਂਕਿ ਇੱਕ ਨਵਾਂ ਦਿਲ ਜੰਮ ਰਿਹੈ, **ਨੈਨਕੋ**। ਇੱਕ ਨਵੇਂ ਦਿਲ ਵਿੱਚ ਜਾਨ ਪੈ ਰਹੀ ਏ। ਮਨੁੱਖ ਅੱਗੇ ਵੱਲ ਪੁਲਾਂਘਾ ਪੁੱਟ ਰਿਹੈ, ਸਾਰੇ ਸੰਸਾਰ ਉੱਤੇ ਦਲੀਲ ਦਾ ਚਾਨਣ ਖਲੇਰਦਾ ਤੇ ਜਾਂਦੇ ਜਾਂਦੇ ਇਹ ਹੋਕਾ ਦੇਂਦਾ: 'ਸਭਨਾਂ ਦੇਸ਼ਾਂ ਦੇ ਲੋਕੋ, ਇੱਕ ਟੱਬਰ ਵਿੱਚ ਇੱਕ-ਮੁੱਠ ਹੋ ਜਾਓ!' ਅਤੇ ਉਹਦੇ ਸੱਦੇ ਦੇ ਜਵਾਬ ਵਿੱਚ ਸਾਰੇ ਨਰੋਏ ਦਿਲ ਇੱਕ ਬਹੁਤ ਵੱਡਾ ਦਿਲ ਬਣਾਉਣ ਲਈ ਇਕੱਠੇ ਹੋ ਜਾਂਦੇ ਹਨ, ਜਿਹੜਾ ਕਿਸੇ ਚਾਂਦੀ ਦੀ ਘੰਟੀ ਜਿਹਾ ਤਕੜਾ ਤੇ ਸੁਰੀਲਾ ਹੈ।..."

ਮਾਂ ਨੇ ਆਪਣੇ ਹੋਂਠ ਭੀਚ ਲਏ ਤਾਂ ਜੁ ਉਹ ਕੰਬਣ ਨਾ ਤੇ ਅੱਖਾਂ ਬੰਦ ਕਰ ਲਈਆਂ ਤਾਂ ਜੁ ਅੱਥਰੂ ਰੋਕੀ ਰੱਖੇ।

ਪਾਵੇਲ ਨੇ ਆਪਣਾ ਹੱਥ ਚੁੱਕਿਆ, ਜਿਵੇਂ ਉਹ ਬੋਲਣ ਲੱਗਾ ਹੋਵੇ, ਪਰ ਮਾਂ ਨੇ ਉਹਨੂੰ ਆਪਣੇ ਵੱਲ ਖਿੱਚ ਲਿਆ।

"ਉਹਦੀ ਗੱਲ ਨਾ ਟੋਕ," ਉਹਨੇ ਹੌਲ਼ੀ ਜਿਹੇ ਕਿਹਾ।

**ਖੋਖੋਲ** ਆਇਆ ਅਤੇ ਬੂਹੇ ਵਿੱਚ ਖੜਾ ਹੋ ਗਿਆ। "ਅਜੇ ਲੋਕਾਂ ਨੂੰ ਬਹੁਤ ਗ਼ਮ ਵੇਖਣਾ ਪਵੇਗਾ ਅਤੇ ਅਜੇ ਬਹੁਤ ਖ਼ੂਨ ਰੁੜ੍ਹਨਾ ਏ; ਪਰ ਮੇਰੇ ਸਾਰੇ ਦੁੱਖ ਤੇ ਮੇਰੀ ਸਾਰੀ ਰੱਤ, ਉਹਦਾ ਮੁੱਲ ਤਾਰਨ ਲਈ ਥੋੜ੍ਹੇ ਨੇ ਜੋ ਕੁਝ ਮੇਰੇ ਕੋਲ਼ ਪਹਿਲਾਂ ਹੀ ਮੇਰੇ ਦਿਲ ਤੇ ਦਿਮਾਗ਼ ਵਿੱਚ ਹੈ।... ਮੈਂ ਉਹਦੀਆਂ ਕਿਰਨਾਂ ਸਮੇਤ ਕਿਸੇ ਤਾਰੇ ਜਿੰਨਾ ਅਮੀਰ ਵਾਂ। ਮੈਂ ਸਭ ਕੁਝ ਝੱਲ ਸਕਦਾਂ, ਸਭ

ਕੁਝ ਸਹਿ ਸਕਦਾਂ ਕਿਉਂਕਿ ਮੇਰੇ ਕੋਲ਼ ਇਹ ਮਹਾਨ ਖੁਸ਼ੀ ਹੈ ਜਿਹੜੀ ਕੋਈ ਸ਼ੈ ਅਤੇ ਕੋਈ ਮਨੁੱਖ ਮੈਥੋਂ ਖੋਹ ਨਹੀਂ ਸਕਦਾ! ਅਤੇ ਇਹ ਖੁਸ਼ੀ ਮੇਰੀ ਤਾਕਤ ਹੈ!"

ਉਹ ਅੱਧੀ ਰਾਤ ਤੱਕ ਬੈਠੇ ਚਾਹ ਪੀਂਦੇ ਰਹੇ ਅਤੇ ਜ਼ਿੰਦਗੀ, ਲੋਕਾਂ ਅਤੇ ਭਵਿੱਖ ਬਾਰੇ ਖੁੱਲ੍ਹੀਆਂ ਗੱਲਾਂ ਕਰਦੇ ਰਹੇ।

ਜਦੋਂ ਕਦੀ ਕੋਈ ਵਿਚਾਰ ਮਾਂ ਲਈ ਸਪਸ਼ਟ ਹੋ ਜਾਂਦਾ ਤਾਂ ਉਹ ਹਉਕਾ ਲੈ ਕੇ ਬੀਤੇ ਵਿੱਚੋਂ ਕਿਸੇ ਖਰ੍ਹਵੀਂ ਅਤੇ ਅਸੁਖਾਵੀਂ ਯਾਦ ਨੂੰ ਫੜਦੀ ਤਾਂ ਜੁ ਉਹ ਉਸ ਵਿਚਾਰ ਦੀ ਟੇਕ ਲਈ ਪੱਥਰ ਬਣ ਜਾਵੇ।

ਉਹਨਾਂ ਦੀ ਗੱਲਬਾਤ ਦੇ ਨਿੱਘੇ ਵਹਿਣ ਵਿੱਚ ਮਾਂ ਦੇ ਡਰ ਪੰਘਰ ਗਏ; ਉਹਨੂੰ ਉਸੇ ਤਰ੍ਹਾਂ ਜਾਪਿਆ ਜਿਵੇਂ ਉਸ ਦਿਨ ਜਾਪਿਆ ਸੀ ਜਦੋਂ ਉਹਦੇ ਪਿਉ ਨੇ ਸਖ਼ਤੀ ਨਾਲ਼ ਉਹਨੂੰ ਕਿਹਾ ਸੀ:

"ਮੂੰਹ ਬਣਾਉਣ ਨਾਲ਼ ਕੁਝ ਨਹੀਂ ਬਣਨਾ। ਜੇ ਕੋਈ ਅਜਿਹਾ ਬੰਦਾ ਆ ਜਾਵੇ ਜਿਹੜਾ ਤੇਰੇ ਨਾਲ਼ ਵਿਆਹ ਕਰਨ ਜਿੰਨਾ ਮੂਰਖ ਹੋਵੇ ਤਾਂ ਵੇਲਾ ਨਾ ਖੁੰਝਾਈ। ਸਾਰੀਆਂ ਕੁੜੀਆਂ ਦਾ ਵਿਆਹ ਹੋ ਜਾਂਦੈ ਤੇ ਫਿਰ ਉਹ ਸਾਰੀਆਂ ਬੱਚੇ ਜੰਮਦੀਆਂ ਨੇ ਜਿਹੜੇ ਢੇਰ ਸਾਰੀ ਮੁਸੀਬਤ ਤੋਂ ਬਿਨਾਂ ਕੁਝ ਨਹੀਂ ਲਿਆਉਂਦੇ। ਤੂੰ ਕੋਈ ਬਾਕੀਆਂ ਨਾਲ਼ੋਂ ਵੱਖਰੀ ਨਹੀਂ।"

ਉਸ ਤੋਂ ਪਿੱਛੋਂ ਉਹਨੇ ਆਪਣੇ ਸਾਹਮਣੇ ਹਨੇਰੀ, ਬੰਜਰ ਉਜਾੜ ਵਿੱਚੋਂ ਵਲ ਖਾਂਦਾ ਨਿਰਾਸ਼ ਰਾਹ ਵੇਖਿਆ ਸੀ। ਅਤੇ ਇਸ ਰਾਹ ਉੱਤੇ ਚੱਲਣ ਦੀ ਅਟੱਲਤਾ ਨੇ ਹੀ ਉਹਦਾ ਦਿਲ ਇੱਕ ਸਮਝ ਨਾ ਆਉਣ ਵਾਲ਼ੇ ਚੈਨ ਨਾਲ਼ ਭਰ ਦਿੱਤਾ ਸੀ। ਹੁਣ ਵੀ ਉਸੇ ਤਰ੍ਹਾਂ ਹੋਇਆ ਸੀ। ਪਰ ਨਵੇਂ ਗ਼ਮ ਦੀ ਨੇੜਤਾ ਨੂੰ ਅਨੁਭਵ ਕਰਦੇ ਹੋਏ ਉਹ ਕਿਸੇ ਅਣਜਾਣੇ ਬੰਦੇ ਨੂੰ ਖੋਰੀ ਢੰਗ ਨਾਲ਼ ਕਹਿੰਦੀ ਰਹੀ:

"ਲੈ, ਇਹ ਲੈ!"

ਇਸ ਨਾਲ਼ ਉਹਦੇ ਦੁੱਖਦੇ ਦਿਲ ਨੂੰ ਚੈਨ ਆਇਆ, ਜਿਹੜਾ ਕਿਸੇ ਕਸੀ ਤਾਰ ਵਾਂਗ ਗੂੰਜ ਅਤੇ ਲਰਜ਼ ਰਿਹਾ ਸੀ।

ਪਰ ਦਿਲ ਹੀ ਦਿਲ ਵਿੱਚ, ਜਿਹੜਾ ਆਸ ਦੀ ਉਦਾਸੀ ਕਾਰਨ ਉਤੇਜਤ ਹੋ ਗਿਆ ਸੀ, ਉਹ ਇਹ ਮੱਧਮ ਪਰ ਲਗਾਤਾਰ ਆਸ ਲਾਈ ਬੈਠੀ ਸੀ ਕਿ ਉਹ ਉਸ ਤੋਂ ਸਭ ਕੁਝ ਨਹੀਂ ਖੋਹ ਲੈਣਗੇ — ਹਰ ਅਖ਼ੀਰੀ ਸ਼ੈਅ ਤੱਕ ਨਹੀਂ! ਨਿਸ਼ਚੇ ਹੀ ਕੁਝ ਨਾ ਕੁਝ ਬਚ ਰਹੇਗਾ।...

## 24

ਇੱਕ ਦਿਨ ਸਵੇਰੇ ਸਵੇਰੇ, ਜਦੋਂ ਪਾਵੇਲ ਅਤੇ ਆਂਦਰੇਈ ਕੰਮ 'ਤੇ ਚਲੇ ਗਏ ਸਨ ਤਾਂ ਕੋਰਸੂਨੋਵਾ ਨੇ ਘਬਰਾਉਂਦੇ ਢੰਗ ਨਾਲ਼ ਬਾਰੀ ਖੜਕਾਈ।

"ਉਹਨਾਂ ਇਸਾਈ ਨੂੰ ਮਾਰ ਦਿੱਤੈ!" ਉਹ ਕੂਕੀ। "ਚੱਲ ਵੇਖੀਏ!"

ਮਾਂ ਤਰਭਕ ਗਈ ਅਤੇ ਉਹਦੇ ਮਨ ਵਿੱਚ ਕਾਤਲ ਦੇ ਨਾਂ ਦਾ ਲਿਸ਼ਕਾਰਾ ਜਿਹਾ ਵੱਜਾ।

"ਇਹ ਕੰਮ ਕਿਸ ਨੇ ਕੀਤੈ?" ਉਹਨੇ ਮੋਢਿਆਂ ਉੱਤੇ ਸ਼ਾਲ ਸੁੱਟਦੇ ਹੋਏ ਕਿਹਾ।

"ਤੇਰਾ ਕੀ ਖ਼ਿਆਲ ਏ, ਜਿਸ ਇਹ ਕੀਤੈ ਉਹ ਉੱਥੇ ਇਸਾਈ ਦੇ ਗੋਡੇ ਮੁੱਢ ਬੈਠਾ ਹੋਇਐ ? ਉਹ ਤਾਂ ਉਹਦਾ ਫਸਤਾ ਵੱਢ ਕੇ ਪੱਤਰਾ ਵਾਚ ਹੋਇਆ।"

ਜਦੋਂ ਉਹ ਸੜਕ 'ਤੇ ਟੁਰਦੇ ਜਾ ਰਹੇ ਸਨ ਤਾਂ ਕੋਰਸੂਨੋਵਾ ਬੋਲੀ:

"ਹੁਣ ਨਵੀਆਂ ਤਲਾਸ਼ੀਆਂ ਹੋਣਗੀਆਂ, ਇਹ ਪਤਾ ਕਰਨ ਲਈ ਕਿ ਇਹ ਕੰਮ ਕਿਸ ਨੇ ਕੀਤੈ। ਇਹ ਚੰਗੀ ਗੱਲ ਏ ਤੇਰੇ ਦੋਵੇਂ ਜਣੇ ਰਾਤੀਂ ਘਰੇ ਸਨ। ਇਹਦੀ ਤਾਂ ਮੈਂ ਗਵਾਹ ਵਾਂ। ਮੈਂ ਅੱਧੀ ਰਾਤ ਤੋਂ ਪਿੱਛੋਂ ਘਰ ਪਰਤੀ ਤੇ ਤੁਹਾਡੀ ਬਾਰੀ ਵਿੱਚੋਂ ਝਾਕਿਆ। ਤੁਸੀਂ ਸਾਰੇ ਮੇਜ਼ ਦੁਆਲੇ ਬੈਠੇ ਸਾਓ।..."

"ਰੱਬ ਰੱਬ ਕਰ ਮਾਰੀਆ! ਉਹਨਾਂ ਉੱਤੇ ਕੋਈ ਕਿਵੇਂ ਸ਼ੱਕ ਕਰ ਸਕਦੈ ?" ਮਾਂ ਡਰ ਨਾਲ਼ ਕੂਕੀ।

"ਸੋ, ਉਹਨੂੰ ਕੌਣ ਕਤਲ ਕਰ ਸਕਦੈ ? ਤੁਹਾਡੇ ਜਣਿਆਂ ਨਾਲ਼ ਦਾ ਹੀ ਕੋਈ ਬੰਦਾ ਹੋਣੈ," ਕੋਰਸੂਨੋਵਾ ਨੇ ਨਿਸ਼ਚੇ ਨਾਲ਼ ਕਿਹਾ। "ਸਭ ਨੂੰ ਪਤਾ ਏ ਉਹ ਉਹਨਾਂ ਦੇ ਖ਼ਿਲਾਫ਼ ਜਸੂਸੀ ਕਰਦਾ ਸੀ।..."

ਮਾਂ ਰੁੱਕ ਗਈ, ਉਹਦੇ ਤੋਂ ਸਾਹ ਨਹੀਂ ਸੀ ਲਿਆ ਜਾ ਰਿਹਾ, ਉਹਨੇ ਆਪਣੀ ਛਾਤੀ ਆਪਣੇ ਹੱਥਾਂ ਨਾਲ਼ ਘੁੱਟ ਲਈ।

"ਕਿਉਂ, ਕੀ ਹੋਇਐ ? ਡਰ ਨਹੀਂ, ਉਹਨੂੰ ਤਾਂ ਆਪਣਾ ਅਜਰ ਹੀ ਮਿਲਿਐ! ਜਲਦੀ ਕਰ, ਨਹੀਂ ਤਾਂ ਉਹ ਉਹਨੂੰ ਲੈ ਜਾਣਗੇ!"

ਵੇਸੋਵਸ਼ਚੀਕੋਵ ਬਾਰੇ ਮਾਂ ਦੇ ਸ਼ੱਕ ਇੱਕ ਭਾਰੇ ਹੱਥ ਵਾਂਗ ਉਹਨੂੰ ਰੋਕ ਰਹੇ ਸਨ।

"ਉਹ ਹੱਦੋਂ ਲੰਘ ਗਿਐ," ਮਾਂ ਨੇ ਸੋਚਿਆ।

ਕਾਰਖ਼ਾਨੇ ਤੋਂ ਬਹੁਤ ਦੂਰ ਨਹੀਂ, ਜਿੱਥੇ ਇੱਕ ਮਕਾਨ ਸੜ ਗਿਆ ਸੀ, ਭੂੰਡਾਂ ਵਾਂਗ ਭਿਣ ਭਿਣ ਕਰਦੀ, ਸੜੀ ਲੱਕੜੀ ਨੂੰ ਪੈਰਾਂ ਹੇਠ ਰੋਲਦੀ ਅਤੇ ਸੁਆਹ ਉਡਾਉਂਦੀ, ਲੋਕਾਂ ਦੀ ਇੱਕ ਭੀੜ ਸੀ। ਬਹੁਤ ਸਾਰੀਆਂ ਇਸਤਰੀਆਂ ਸਨ ਅਤੇ ਉਹਨਾਂ ਤੋਂ ਵੀ ਵੱਧ ਬੱਚੇ, ਦੁਕਾਨਦਾਰ ਵੀ ਤੇ ਸ਼ਰਾਬਖ਼ਾਨੇ ਦੇ ਬਹਿਰੇ ਵੀ, ਪੁਲਸੀਏ ਤੇ ਜੈਨਡਾਰਮ ਪੇਤਲਿਨ, ਜਿਹੜਾ ਫੁੱਲੀ ਹੋਈ ਚਿੱਟੀ ਦਾੜ੍ਹੀ ਤੇ ਤਮਗ਼ਿਆਂ ਨਾਲ਼ ਕੱਜੀ ਛਾਤੀ ਵਾਲ਼ਾ ਲੰਮਾ, ਪਤਲਾ ਬੰਦਾ ਸੀ।

ਇਸਾਈ ਅੱਧਾ ਬੈਠਾ ਅਤੇ ਅੱਧਾ ਭੋਂ ਉੱਤੇ ਲੇਟਿਆ ਹੋਇਆ ਸੀ, ਇੱਕ ਅੱਧ-ਸੜੀ ਗੇਲੀ ਦਾ ਆਸਰਾ ਲਈ, ਉਹਦਾ ਨੰਗਾ ਸਿਰ ਉਹਦੇ ਸੱਜੇ ਮੋਢੇ ਉੱਤੇ ਝੁਕਿਆ ਹੋਇਆ ਸੀ। ਉਹਦਾ ਸੱਜਾ ਹੱਥ ਪਤਲੂਨ ਦੀ ਜੇਬ ਵਿੱਚ ਤੁੰਨਿਆ ਹੋਇਆ ਸੀ ਅਤੇ ਖੱਬੇ ਹੱਥ ਦੀਆਂ ਉਂਗਲਾਂ ਪੋਲੀ ਮਿੱਟੀ ਵਿੱਚ ਧਸੀਆਂ ਹੋਈਆਂ ਸਨ।

ਮਾਂ ਨੇ ਉਹਦੇ ਮੂੰਹ ਵੱਲ ਵੇਖਿਆ। ਇੱਕ ਬੇਚਮਕ ਅੱਖ ਉਹਦੀਆਂ ਫੈਲੀਆਂ ਲੱਤਾਂ ਵਿਚਕਾਰ ਪਈ ਟੋਪੀ ਵੱਲ ਇੱਕ-ਟਕ ਵੇਖੀ ਜਾ ਰਹੀ ਸੀ; ਉਹਦਾ ਅੱਧ-ਖੁੱਲ੍ਹਾ ਮੂੰਹ ਲਟਕਿਆ ਹੋਇਆ ਸੀ, ਜਿਵੇਂ ਉਹ ਹੈਰਾਨ ਹੋਇਆ ਹੋਵੇ ਅਤੇ ਉਹਦੀ ਲਾਲ ਦਾੜ੍ਹੀ ਇੱਕ ਪਾਸੇ ਮੁੜੀ ਹੋਈ ਸੀ। ਨੁਕੀਲੇ ਸਿਰ ਅਤੇ ਪਤਲੇ ਛਾਈਆਂ ਵਾਲ਼ੇ ਮੂੰਹ ਵਾਲ਼ਾ ਉਹਦਾ ਪਤਲਾ ਸਰੀਰ ਸਦਾ ਨਾਲ਼ੋਂ ਨਿੱਕਾ ਜਾਪਦਾ ਸੀ, ਜਿਵੇਂ ਮੌਤ ਨੇ ਉਹਨੂੰ ਸੰਗੋੜ ਦਿੱਤਾ ਹੋਵੇ। ਮਾਂ ਨੇ

ਆਪਣੀ ਛਾਤੀ ਉੱਤੇ ਸਲੀਬ ਦਾ ਨਿਸ਼ਾਨ ਬਣਾਇਆ ਅਤੇ ਹਉਕਾ ਭਰਿਆ। ਜਦੋਂ ਉਹ ਜਿਊਂਦਾ ਸੀ ਤਾਂ ਉਹ ਉਹਨੂੰ ਘਿਰਣਾ ਕਰਦੀ ਸੀ, ਪਰ ਹੁਣ ਉਹਨੂੰ ਉਹਦੇ ਉੱਤੇ ਨਰਮ ਜਿਹਾ ਰਹਿਮ ਆ ਗਿਆ।

"ਖ਼ੂਨ ਤਾਂ ਕਿਧਰੇ ਹੈ ਨਹੀਂ," ਕਿਸੇ ਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ। "ਉਹਨੂੰ ਮੁੱਕੇ ਨਾਲ਼ ਹੀ ਮਾਰਿਆ ਹੋਣੈ।..."

"ਮੂੰਹ ਬੰਦ ਕਰ ਦਿੱਤੈ ਉਹਦਾ, ਕੁੱਤਾ ਚੁਗ਼ਲਖੋਰ," ਕਿਸੇ ਨੇ ਖੋਰੀ ਢੰਗ ਨਾਲ਼ ਕਿਹਾ।

ਇੱਕ ਦਮ ਚੁਕੰਨਾ ਹੋ ਕੇ ਜੈਨਡਾਰਮ ਧੱਕੇ ਦੇਂਦਾ ਇਸਤਰੀਆਂ ਕੋਲ਼ੋਂ ਲੰਘਿਆ।

"ਕੌਣ ਬੋਲ ਰਿਹੈ ?" ਉਹਨੇ ਧਮਕਾਊ ਢੰਗ ਨਾਲ਼ ਕਿਹਾ।

ਲੋਕਾਂ ਉਹਦੇ ਲਈ ਰਾਹ ਛੱਡ ਦਿੱਤਾ। ਕੁਝ ਕਾਹਲੀ ਕਾਹਲੀ ਉੱਥੋਂ ਚਲੇ ਗਏ, ਇੱਕ ਬੰਦੇ ਨੇ ਖੋਰੀ ਹਾਸਾ ਹੱਸਿਆ।

ਮਾਂ ਆਪਣੇ ਘਰ ਚਲੀ ਗਈ।

"ਕਿਸੇ ਨੂੰ ਉਹਦੇ ਮਰਨ 'ਤੇ ਦੁੱਖ ਨਹੀਂ," ਉਹਨੇ ਦਿਲ ਹੀ ਦਿਲ ਵਿੱਚ ਸੋਚਿਆ।

ਆਪਣੇ ਮਨ ਦੀਆਂ ਅੱਖਾਂ ਨਾਲ਼ ਉਹਨੇ ਫੁੱਲੇ ਨਿਕੋਲਾਈ ਨੂੰ ਕਰੜੀਆਂ, ਠੰਢੀਆਂ ਅੱਖਾਂ ਨਾਲ਼ ਆਪਣੇ ਵੱਲ ਵੇਖਦੇ ਚਿਤਵਿਆ, ਉਹਦਾ ਸੱਜਾ ਹੱਥ ਇਉਂ ਹਿੱਲ ਰਿਹਾ ਸੀ ਜਿਵੇਂ ਉਹਨੂੰ ਹੁਣੇ ਹੁਣੇ ਸੱਟ ਲੱਗੀ ਹੋਵੇ।...

ਜਿਉਂ ਹੀ ਉਹਦਾ ਪੁੱਤਰ ਤੇ ਆਂਦਰੇਈ ਘਰ ਆਏ, ਉਹਨੇ ਉਹਨਾਂ ਤੋਂ ਇਸ ਘਟਨਾ ਬਾਰੇ ਪੁੱਛਿਆ।

"ਕੋਈ ਫੜਿਆ ਗਿਐ, ਇਸਾਈ ਦੇ ਕਤਲ ਲਈ ?"

"ਸੁਣਿਆ ਤਾਂ ਨਹੀਂ," **ਖੋਖੋਲ** ਨੇ ਕਿਹਾ।

ਉਹਨੇ ਮਹਿਸੂਸ ਕੀਤਾ ਕਿ ਦੁਹਾਂ ਦਾ ਰੌਂਅ ਉਦਾਸ ਹੈ।

"ਕਿਸੇ ਨਿਕੋਲਾਈ ਦਾ ਨਾਂ ਤਾਂ ਨਹੀਂ ਲਿਆ ?" ਉਹਨੇ ਨਰਮੀ ਨਾਲ਼ ਪੁੱਛਿਆ।

"ਨਹੀਂ," ਉਹਦੇ ਪੁੱਤਰ ਨੇ ਕਿਹਾ, ਉਹਦੀਆਂ ਅੱਖਾਂ ਕਰੜੀਆਂ ਸਨ ਅਤੇ ਉਹਦਾ ਬੋਲਣ ਦਾ ਢੰਗ ਅਰਥ-ਭਰਪੂਰ ਸੀ। "ਤੇ ਮੇਰਾ ਖ਼ਿਆਲ ਏ ਉਹਨਾਂ ਨੂੰ ਉਹਦੇ 'ਤੇ ਸ਼ੱਕ ਵੀ ਨਹੀਂ। ਉਹ ਬਾਹਰ ਗਿਆ ਹੋਇਐ। ਕੱਲ੍ਹ ਦੁਪਹਿਰ ਉਹ ਦਰਿਆ ਵੱਲ ਗਿਆ ਸੀ ਅਤੇ ਅਜੇ ਵਾਪਸ ਨਹੀਂ ਆਇਆ। ਮੈਂ ਉਹਦੇ ਬਾਰੇ ਪੁੱਛ ਗਿੱਛ ਕੀਤੀ ਸੀ।..."

"ਰੱਬ ਦਾ ਸ਼ੁਕਰ ਏ !" ਮਾਂ ਨੇ ਸੁੱਖ ਦਾ ਸਾਹ ਲੈਂਦਿਆਂ ਕਿਹਾ। "ਰੱਬ ਦਾ ਸ਼ੁਕਰ ਏ !"

**ਖੋਖੋਲ** ਨੇ ਉਹਦੇ ਵੱਲ ਵੇਖਿਆ ਅਤੇ ਨੀਵੀਂ ਪਾ ਲਈ।

"ਉਹ ਤਾਂ ਇੰਵ ਪਿਐ ਜਿਵੇਂ ਉਹਨੂੰ ਸਮਝ ਨਾ ਆ ਰਹੀ ਹੋਵੇ ਕਿ ਕੀ ਵਾਪਰਿਆ ਏ," ਸੋਚੀਂ ਡੁੱਬੀ ਮਾਂ ਨੇ ਕਿਹਾ। "ਕਿਸੇ ਨੂੰ ਉਹਦੇ ਮਰਨ ਦਾ ਦੁੱਖ ਨਹੀਂ, ਕੋਈ ਉਹਦੇ ਬਾਰੇ ਦੋ ਚੰਗੇ ਬੋਲ ਨਹੀਂ ਬੋਲਦਾ। ਇੰਨਾ ਨਿੱਕਾ ਤੇ ਨਿਗੂਣਾ। ਜਿਵੇਂ ਕੋਈ ਸ਼ੈਅ ਵੱਢ ਕੇ ਉੱਥੇ ਸੁੱਟ ਦਿੱਤੀ ਗਈ ਹੋਵੇ।..."

ਦੁਪਹਿਰ ਦੇ ਖਾਣੇ ਸਮੇਂ ਪਾਵੇਲ ਨੇ ਅਚਾਨਕ ਆਪਣਾ ਚਮਚਾ ਹੇਠਾਂ ਸੁੱਟ ਦਿੱਤਾ।

“ਇਹ ਗੱਲ ਮੇਰੀ ਸਮਝੋਂ ਬਾਹਰੀ ਏ!” ਉਹ ਕੂਕਿਆ।

“ਕੀ ਗੱਲ?” **ਖੋਖੋਲ** ਨੇ ਪੁੱਛਿਆ।

“ਅਸੀਂ ਖ਼ੁਰਾਕ ਲਈ ਪਸ਼ੂਆਂ ਨੂੰ ਮਾਰਦੇ ਵਾਂ, ਅਤੇ ਇਹ ਕਾਫ਼ੀ ਮਾੜੀ ਗੱਲ ਏ। ਤੇ ਜੇ ਉਹ ਖ਼ਤਰਨਾਕ ਹੋ ਜਾਣ ਤਾਂ ਅਸੀਂ ਜੰਗਲੀ ਜਾਨਵਰਾਂ ਨੂੰ ਮਾਰਦੇ ਵਾਂ। ਜੇ ਕੋਈ ਮਨੁੱਖ ਜਾਨਵਰ ਬਣ ਜਾਵੇ ਤੇ ਆਪਣੇ ਸਾਥੀ ਇਨਸਾਨਾਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦੇਵੇ ਤਾਂ ਮੈਂ ਆਪ ਅਜਿਹੇ ਬੰਦੇ ਨੂੰ ਕਤਲ ਕਰ ਸਕਦਾਂ। ਪਰ ਉਹਦੇ ਜਿਹੇ ਚੱਵਲ ਨੂੰ ਮਾਰ ਦੇਣਾ — ਕੋਈ ਉਹਦੇ ਖ਼ਿਲਾਫ਼ ਹੱਥ ਕਿਵੇਂ ਚੁੱਕ ਸਕਦੈ।...”

**ਖੋਖੋਲ** ਨੇ ਮੋਢੇ ਸੰਗੋੜੇ।

“ਉਹ ਵੀ ਕਿਸੇ ਜੰਗਲੀ ਜਾਨਵਰ ਵਾਂਗ ਖ਼ਤਰਨਾਕ ਸੀ,” ਉਹਨੇ ਕਿਹਾ। “ਅਸੀਂ ਖ਼ੂਨ ਦਾ ਇੱਕ ਤੁਪਕਾ ਪੀਣ ਪਿੱਛੇ ਮੱਛਰਾਂ ਨੂੰ ਮਾਰਦੇ ਵਾਂ।”

“ਇਹ ਤਾਂ ਠੀਕ ਏ। ਪਰ ਮੇਰਾ ਮਤਲਬ ਇਹ ਨਹੀਂ।... ਮੇਰਾ ਮਤਲਬ ਏ ਇਹਦੇ ਨਾਲ਼ ਘਿਣ ਆਉਂਦੀ ਏ!”

“ਹੋਰ ਕੋਈ ਇਲਾਜ ਵੀ ਨਹੀਂ,” ਆਂਦਰੇਈ ਨੇ ਇੱਕ ਵਾਰ ਮੋਢੇ ਸੰਗੋੜ ਕੇ ਕਿਹਾ।

“ਤੂੰ ਅਜਿਹੇ ਜੀਵ ਨੂੰ ਕਤਲ ਕਰ ਸਕਦੈਂ?” ਪਾਵੇਲ ਨੇ ਲੰਮੇ ਵਕਫ਼ੇ ਪਿੱਛੋਂ ਕਿਹਾ।

**ਖੋਖੋਲ** ਨੇ ਆਪਣੀਆਂ ਗੋਲ਼ ਅੱਖਾਂ ਉਹਦੇ ਉੱਤੇ ਗੱਡ ਦਿੱਤੀਆਂ, ਫਿਰ ਕਾਹਲ ਨਾਲ਼ ਮਾਂ ਵੱਲ ਵੇਖਿਆ।

“ਆਪਣੇ ਸਾਥੀਆਂ ਅਤੇ ਆਪਣੇ ਕਾਜ਼ ਲਈ ਮੈਂ ਕੁਝ ਵੀ ਕਰ ਸਕਦਾਂ,” ਉਹਨੇ ਉਦਾਸੀ ਪਰ ਦ੍ਰਿੜ੍ਹਤਾ ਨਾਲ਼ ਕਿਹਾ। “ਮੈਂ ਤਾਂ ਆਪਣੇ ਪੁੱਤਰ ਨੂੰ ਵੀ ਕਤਲ ਕਰ ਸਕਦਾਂ।...”

“ਉਹ, ਆਂਦਰੀਊਸ਼ਾ!” ਮਾਂ ਹੌਲ਼ੀ ਜਿਹੇ ਕੂਕੀ।

“ਮਾਂ, ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ,” ਉਹ ਮੁਸਕਰਾਇਆ। “ਜ਼ਿੰਦਗੀ ਹੈ ਈ ਇਹੋ ਜਿਹੀ।...”

“ਤੂੰ ਠੀਕ ਏਂ,” ਪਾਵੇਲ ਨੇ ਕਿਹਾ। “ਜ਼ਿੰਦਗੀ ਹੈ ਹੀ ਇਹੋ ਜਿਹੀ।...”

ਅਚਾਨਕ ਕਿਸੇ ਅੰਦਰਲੀ ਸ਼ਕਤੀ ਦਾ ਟੁੰਬਿਆ ਆਂਦਰੇਈ ਬਹੁਤ ਉਤੇਜਤ ਹੋਇਆ ਖੜਾ ਹੋ ਗਿਆ।

“ਅਸੀਂ ਇਸ ਬਾਰੇ ਕੀ ਕਰ ਸਕਦੇ ਵਾਂ?” ਉਹ ਆਪਣੀਆਂ ਬਾਹਾਂ ਹਿਲਾਉਂਦੇ ਹੋਏ ਕੂਕਿਆ। “ਅਸੀਂ ਲੋਕਾਂ ਨੂੰ ਨਫ਼ਰਤ ਕਰਨ ਲਈ ਮਜ਼ਬੂਰ ਵਾਂ ਤਾਂ ਜੁ ਉਹ ਸਮਾਂ ਆ ਜਾਵੇ ਜਦੋਂ ਅਸੀਂ ਉਹਨਾਂ ਨੂੰ ਪਿਆਰ ਕਰ ਸਕੀਏ। ਅਸੀਂ ਉਹਨਾਂ ਨੂੰ ਹੂੰਝਾ ਫੇਰਨ ਲਈ ਮਜ਼ਬੂਰ ਵਾਂ, ਜਿਹੜੇ ਉਨੱਤੀ ਦੇ ਰਾਹ ਵਿੱਚ ਖੜੇ ਹੁੰਦੇ ਨੇ, ਜਿਹੜੇ ਆਪ ਮਾਣ ਜਾਂ ਸੁਰੱਖਿਆ ਖ਼ਰੀਦਣ ਲਈ ਲੋਕਾਂ ਨੂੰ ਪੈਸੇ ਬਦਲੇ ਵੇਚਦੇ ਨੇ। ਜੇ ਕੋਈ ਜੂਡਾਸ* ਇਮਾਨਦਾਰ ਲੋਕਾਂ ਦਾ ਰਾਹ ਰੋਕ ਰਿਹੈ ਅਤੇ ਉਹਨਾਂ ਨਾਲ਼ ਵਿਸਾਹਘਾਤ ਕਰਨ ਦਾ ਦਾਅ ਉਡੀਕ ਰਿਹੈ ਤਾਂ ਮੈਂ ਆਪ ਜੂਡਾਸ

* ਹਜ਼ਰਤ ਈਸਾ ਦੇ ਪਹਿਲੇ ਬਾਰ੍ਹਾਂ ਆਦਿ ਸ਼ਿਸ਼ਾਂ ਵਿੱਚੋਂ ਇੱਕ, ਜਿਸਨੇ ਈਸਾ ਨਾਲ਼ ਵਿਸਾਹਘਾਤ ਕੀਤਾ। ਹੁਣ ਇਹ ਨਾਂ ਵਿਸਾਹਘਾਤ ਕਰਨ ਵਾਲ਼ੇ ਲਈ ਸੰਕੇਤਕ ਸ਼ਬਦ ਬਣ ਗਿਆ ਹੈ। — **ਅਨੁ:**

ਹੋਵਾਂਗਾ ਜੇ ਮੈਂ ਉਹਨੂੰ ਤਬਾਹ ਨਾ ਕਰ ਦਿਆਂ। ਤੂੰ ਕਹਿੰਦੈ ਮੈਨੂੰ ਕੋਈ ਹੱਕ ਨਹੀਂ ? ਪਰ ਉਹ ਸਾਡੇ ਮਾਲਕ — ਕੀ ਉਹਨਾਂ ਨੂੰ ਆਪਣੀਆਂ ਫ਼ੌਜਾਂ ਅਤੇ ਜੱਲਾਦ ਰੱਖਣ ਦਾ ਹੱਕ ਹੈ, ਚਕਲੇ ਜੇਲ੍ਹਾਂ ਰੱਖਣ ਦਾ, ਜਲਾਵਤਨੀ ਦੀਆਂ ਥਾਵਾਂ ਅਤੇ ਉਹ ਹੋਰ ਸਭ ਸਰਾਪੇ ਵਸੀਲੇ ਜਿਨ੍ਹਾਂ ਰਾਹੀਂ ਉਹ ਆਪਣੇ ਅਰਾਮ ਅਤੇ ਸਲਾਮਤੀ ਦੀ ਰੱਖਿਆ ਕਰਦੇ ਨੇ ? ਕੀ ਇਹ ਮੇਰਾ ਕਸੂਰ ਏ ਕਿ ਕਦੀ ਕਦੀ ਮੈਨੂੰ ਉਹਨਾਂ ਦੀ ਮੁਤਹਿਰ ਆਪਣੇ ਹੱਥ ਲੈਣੀ ਪੈਂਦੀ ਏ ? ਇਹ ਮੈਂ ਬਿਨਾਂ ਕਿਸੇ ਸੰਸੇ ਦੇ ਫੜ ਲਵਾਂਗਾ। ਜੇ ਉਹ ਸਾਨੂੰ ਦਸਾਂ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਕਤਲ ਕਰਦੇ ਨੇ ਤਾਂ ਇਹ ਮੇਰਾ ਹੱਕ ਏ ਕਿ ਮੈਂ ਆਪਣੇ ਦੁਸ਼ਮਣਾਂ ਵਿੱਚੋਂ ਇੱਕ ਦੇ ਖ਼ਿਲਾਫ਼ ਆਪਣਾ ਹੱਥ ਉਠਾਵਾਂ ਅਤੇ ਉਹਦੇ ਸਿਰ ਉੱਤੇ ਵਾਰ ਕਰਾਂ ਜਿਹੜਾ ਹੋਰਨਾਂ ਸਭਨਾਂ ਨਾਲ਼ੋਂ ਮੇਰੇ ਵਧੇਰੇ ਨੇੜੇ ਆ ਗਿਐ ਤੇ ਉਸ ਕਾਜ਼ ਲਈ ਹੋਰਨਾਂ ਨਾਲ਼ੋਂ ਵਧੇਰੇ ਖ਼ਤਰਨਾਕ ਹੈ ਜਿਸ ਕਾਜ਼ ਦੀ ਮੈਂ ਰੱਖਿਆ ਕਰਦਾ ਵਾਂ। ਜ਼ਿੰਦਗੀ ਇਹੋ ਜਿਹੀ ਏ। ਪਰ ਮੈਂ ਅਜਿਹੀ ਜ਼ਿੰਦਗੀ ਦੇ ਖ਼ਿਲਾਫ਼ ਵਾਂ; ਮੈਂ ਨਹੀਂ ਚਾਹੁੰਦਾ ਕਿ ਇਹ ਇਹੋ ਜਿਹੀ ਹੋਵੇ। ਮੈਨੂੰ ਪਤੈ ਕਿ ਉਹਨਾਂ ਦੀ ਰੱਤ ਵਿੱਚੋਂ ਕੁਝ ਨਿਕਲਣ ਨਹੀਂ ਲੱਗਾ, ਇਹ ਬਾਂਝ ਰੱਤ ਏ।... ਜਦੋਂ ਸਾਡੀ ਰੱਤ ਖੁੱਲ੍ਹ ਕੇ ਵਸੇ ਮੀਂਹ ਵਾਂਗ ਭੋਂ ਉੱਤੇ ਛਿੜਕੀ ਜਾਂਦੀ ਏ ਤਾਂ ਸੱਚ ਉੱਗ ਪੈਂਦੈ। ਪਰ ਉਹਨਾਂ ਦੀ ਬੁਸੀ ਰੱਤ ਤਾਂ ਬਸ ਸੁੱਕ ਈ ਜਾਂਦੀ ਏ। ਇਹ ਮੈਂ ਜਾਣਦਾਂ। ਪਰ ਇਹ ਗੁਨਾਹ ਮੈਂ ਆਪਣੇ ਸਿਰ ਲੈਂਦਾ — ਜੇ ਮੈਂ ਇਹ ਸਮਝਾਂ ਕਿ ਕਤਲ ਜ਼ਰੂਰੀ ਹੈ ਤਾਂ ਮੈਂ ਕਤਲ ਕਰਾਂਗਾ! ਪਰ ਯਾਦ ਰੱਖ, ਮੈਂ ਸਿਰਫ਼ ਆਪਣੇ ਬਾਰੇ ਗੱਲ ਕਰ ਰਿਹਾਂ। ਮੇਰਾ ਗੁਨਾਹ ਮੇਰੇ ਨਾਲ਼ ਮਰ ਜਾਏਗਾ। ਇਹ ਭਵਿੱਖ ਲਈ ਕੋਈ ਦਾਗ਼ ਨਹੀਂ ਛੱਡੇਗਾ। ਇਹਦੇ ਨਾਲ਼ ਮੇਰੇ ਤੋਂ ਬਿਨਾਂ ਕਿਸੇ ਨੂੰ ਦਾਗ਼ ਨਹੀਂ ਲੱਗਣ ਲੱਗਾ, ਕਿਸੇ ਇੱਕ ਨੂੰ ਵੀ ਨਹੀਂ!"

ਉਹ ਕਮਰੇ ਵਿੱਚ ਇੱਧਰ ਉੱਧਰ ਘੁੰਮਦਾ ਰਿਹਾ, ਉਹ ਹੱਥ ਹਿਲਾ ਰਿਹਾ ਸੀ ਜਿਵੇਂ ਕੁਝ ਵੱਢ ਕੇ ਸੁੱਟ ਰਿਹਾ ਹੋਵੇ, ਆਪਣੇ ਆਪ ਨੂੰ ਉਸ ਤੋਂ ਅਜ਼ਾਦ ਕਰਾ ਰਿਹਾ ਹੋਵੇ। ਮਾਂ ਗ਼ਮ ਅਤੇ ਤੌਖਲੇ ਨਾਲ਼ ਉਹਦੇ ਵੱਲ ਵੇਖਦੀ ਰਹੀ, ਉਹ ਅਨੁਭਵ ਕਰ ਰਹੀ ਸੀ ਕਿ ਉਹਦੇ ਅੰਦਰ ਕੁਝ ਟੁੱਟ ਗਿਐ ਅਤੇ ਇਹ ਬਹੁਤ ਦੁਖਦਾਈ ਹੈ। ਕਤਲ ਦੇ ਭਿਆਨਕ, ਖ਼ਤਰਨਾਕ ਵਿਚਾਰ ਮਾਂ ਦੇ ਦਿਲ ਵਿੱਚੋਂ ਨਿਕਲ ਗਏ ਸਨ। ਜੇ ਵੇਸੋਵਸ਼ਚੀਕੋਵ ਨੇ ਇਹ ਜੁਰਮ ਨਹੀਂ ਸੀ ਕੀਤਾ ਤਾਂ ਪਾਵੇਲ ਦੇ ਕਿਸੇ ਹੋਰ ਮਿੱਤਰ ਨੇ ਵੀ ਨਹੀਂ ਕੀਤਾ ਹੋਣਾ। ਪਾਵੇਲ ਨੀਵੀਂ ਪਾਈ ਬੈਠਾ **ਖੋਖੋਲ** ਦੇ ਹੱਠੀ ਮਲਾਮਤੀ ਭਾਸ਼ਣ ਨੂੰ ਸੁਣ ਰਿਹਾ ਸੀ।

"ਜੇ ਤੁਸੀਂ ਅੱਗੇ ਵੱਧਣਾ ਚਾਹੋ ਤਾਂ ਕਈ ਵਾਰ ਤੁਹਾਨੂੰ ਆਪਣੇ ਆਪ ਵਿਰੁੱਧ ਘੋਲ਼ ਕਰਨਾ ਪੈਂਦੈ। ਤੁਹਾਨੂੰ ਸਭ ਕੁਝ ਕੁਰਬਾਨ ਕਰਨ ਜੋਗਾ ਹੋਣਾ ਪੈਂਦੈ। ਆਪਣਾ ਸਾਰਾ ਦਿਲ। ਕਾਜ਼ ਲਈ ਆਪਣੀ ਜਾਨ ਦੇਣੀ ਸੌਖੀ ਏ। ਤੁਹਾਨੂੰ ਉਸ ਤੋਂ ਵੱਧ ਦੇਣਾ ਪੈਂਦੈ—ਜੋ ਕੁਝ ਤੁਹਾਨੂੰ ਆਪਣੀ ਜਾਨ ਤੋਂ ਪਿਆਰਾ ਹੋਵੇ। ਤੇ ਇਹ ਦੇ ਕੇ ਤੁਸੀਂ ਉਸ ਸੱਚ ਨੂੰ ਮਜ਼ਬੂਤ ਬਣਾਉਂਦੇ ਹੋ ਜਿਸ ਲਈ ਤੁਸੀਂ ਲੜ ਰਹੇ ਹੋ, ਉਸ ਸੱਚ ਨੂੰ ਜਿਹੜਾ ਤੁਹਾਨੂੰ ਦੁਨੀਆਂ ਵਿੱਚ ਸਭ ਤੋਂ ਪਿਆਰੈ!"

ਉਹ ਕਮਰੇ ਦੇ ਵਿਚਕਾਰ ਰੁਕ ਗਿਆ—ਪੀਲ਼ਾ, ਉਹਦੀਆਂ ਅੱਖਾਂ ਅੱਧ-ਮੀਟੀਆਂ, ਇੱਕ ਹੱਥ ਗੰਭੀਰ ਪ੍ਰਣ ਕਰਨ ਦੇ ਢੰਗ ਨਾਲ਼ ਉੱਪਰ ਚੁੱਕਿਆ ਹੋਇਆ।

"ਮੈਂ ਜਾਣਦਾਂ ਇੱਕ ਸਮਾਂ ਆਵੇਗਾ ਜਦੋਂ ਲੋਕ ਖ਼ੁਦ ਆਪਣੇ ਹੁਸਨ 'ਤੇ ਹੈਰਾਨ ਹੋਣਗੇ,

ਜਦੋਂ ਹਰ ਇੱਕ ਦੂਜੇ ਲਈ ਇੱਕ ਤਾਰੇ ਵਾਂਗ ਹੋਵੇਗਾ। ਧਰਤੀ ਉੱਤੇ ਅਜ਼ਾਦ ਲੋਕਾਂ ਦਾ ਵਸੇਬਾ ਹੋਵੇਗਾ, ਜਿਹੜੇ ਆਪਣੀ ਅਜ਼ਾਦੀ ਵਿੱਚ ਮਹਾਨ ਹੋਣਗੇ। ਸਭ ਦੇ ਦਿਲ ਖੁੱਲ੍ਹੇ ਹੋਣਗੇ ਅਤੇ ਹਰ ਦਿਲ ਸਾੜੇ ਤੇ ਦਵੈਖ ਤੋਂ ਮੁਕਤ ਹੋਵੇਗਾ। ਤਾਂ ਜ਼ਿੰਦਗੀ ਤਬਦੀਲ ਹੋ ਕੇ ਮਨੁੱਖ ਦੀ ਮਹਾਨ ਸੇਵਾ ਬਣ ਜਾਵੇਗੀ ਅਤੇ ਮਨੁੱਖ ਕੁਝ ਸ਼ਾਨਦਾਰ ਤੇ ਉੱਚੀ ਸ਼ੈਅ ਬਣ ਗਿਆ ਹੋਵੇਗਾ, ਕਿਉਂਕਿ ਹਰ ਸ਼ੈਅ ਉਹਨਾਂ ਨੂੰ ਪ੍ਰਾਪਤ ਹੁੰਦੀ ਏ ਜਿਹੜੇ ਅਜ਼ਾਦ ਹੁੰਦੇ ਨੇ। ਫਿਰ ਲੋਕ ਹੁਸਨ ਦੀ ਖ਼ਾਤਰ ਸੱਚਾਈ ਤੇ ਅਜ਼ਾਦੀ ਵਿੱਚ ਜਿਊਣਗੇ ਅਤੇ ਉਹਨਾਂ ਲੋਕਾਂ ਨੂੰ ਸਭ ਤੋਂ ਚੰਗੇ ਸਮਝਿਆ ਜਾਵੇਗਾ ਜਿਹੜੇ ਸਾਰੇ ਸੰਸਾਰ ਨੂੰ ਆਪਣੇ ਦਿਲਾਂ ਦੀ ਵਲਗਣ ਵਿੱਚ ਵਲਣ ਤੇ ਇਹਨੂੰ ਪਿਆਰ ਕਰਨ ਦੇ ਯੋਗ ਹੋਣਗੇ, ਜਿਹੜੇ ਸਭ ਤੋਂ ਵੱਧ ਅਜ਼ਾਦ ਹੋਣਗੇ, ਕਿਉਂਕਿ ਉਹਨਾਂ ਵਿੱਚ ਸਭ ਤੋਂ ਵੱਧ ਹੁਸਨ ਹੈ! ਉਹ ਮਹਾਨ ਲੋਕ ਹੋਣਗੇ, ਉਹ ਨਵੀਂ ਜ਼ਿੰਦਗੀ ਵਾਲ਼ੇ।..."

ਉਹ ਇੱਕ ਮਿੰਟ ਲਈ ਚੁੱਪ ਹੋ ਗਿਆ, ਫਿਰ ਸਿੱਧਾ ਖੜਾ ਹੋ ਕੇ ਇੱਕ ਅਜਿਹੀ ਅਵਾਜ਼ ਵਿੱਚ ਬੋਲਿਆ ਜਿਹੜੀ ਉਹਦੀ ਰੂਹ ਦੀਆਂ ਡੂੰਘਾਈਆਂ ਵਿੱਚੋਂ ਆ ਰਹੀ ਜਾਪਦੀ ਸੀ:

"ਅਤੇ ਅਜਿਹੀ ਜ਼ਿੰਦਗੀ ਖ਼ਾਤਰ ਮੈਂ ਕੁਝ ਵੀ ਕਰਨ ਨੂੰ ਤਿਆਰ ਵਾਂ।..."

ਉਹਦਾ ਮੂੰਹ ਫਰਕਿਆ ਅਤੇ ਵੱਡੇ ਵੱਡੇ ਹੰਝੂ ਉਹਦੀਆਂ ਗੱਲ੍ਹਾਂ ਤੋਂ ਕਿਰਨ ਲੱਗ ਪਏ।

ਪਾਵੇਲ ਦਾ ਰੰਗ ਉੱਡ ਗਿਆ ਅਤੇ ਅੱਖਾਂ ਪਾੜ ਕੇ ਉਹਦੇ ਵੱਲ ਵੇਖਦੇ ਹੋਏ ਉਹਨੇ ਆਪਣਾ ਸਿਰ ਚੁੱਕਿਆ। ਮਾਂ ਦੇ ਮਨ ਵਿੱਚ ਕੋਈ ਭਿਆਨਕ ਤੌਖਲਾ ਜਾਗਿਆ ਅਤੇ ਵੱਧਣ ਲੱਗਾ ਅਤੇ ਉਹ ਜਜ਼ਬਿਆਂ ਗੁੱਧੀ ਖੜੀ ਹੋ ਗਈ।

"ਕੀ ਗੱਲ ਏ, ਆਂਦਰੇਈ," ਪਾਵੇਲ ਨੇ ਨਰਮੀ ਨਾਲ਼ ਪੁੱਛਿਆ।

**ਖੋਖੋਲ** ਨੇ ਆਪਣਾ ਸਿਰ ਜ਼ੋਰ ਦੀ ਹਿਲਾਇਆ, ਤਣ ਕੇ ਖੜਾ ਹੋ ਗਿਆ, ਅਤੇ ਮਾਂ ਵੱਲ ਸਿੱਧਾ ਵੇਖਣ ਲੱਗ ਪਿਆ।

"ਮੈਂ ਇਹ ਕਤਲ ਹੁੰਦਾ ਵੇਖਿਐ।... ਮੈਨੂੰ ਸਭ ਪਤੈ।..."

ਮਾਂ ਨੱਠ ਕੇ ਉਹਦੇ ਵੱਲ ਗਈ ਅਤੇ ਉਹਦੇ ਹੱਥ ਫੜ ਲਏ। ਉਹਨੇ ਆਪਣਾ ਸੱਜਾ ਹੱਥ ਛੁਡਾਉਣ ਦਾ ਜਤਨ ਕੀਤਾ, ਪਰ ਉਹ ਚੰਬੜੀ ਰਹੀ।

"ਚੁੱਪ! ਮੇਰੇ ਪਿਆਰੇ, ਮੇਰੇ ਲਾਡਲੇ ਪੁੱਤਰ!..." ਉਹਨੇ ਗਰਮੀ ਨਾਲ਼ ਕਿਹਾ।

"ਠਹਿਰੋ," **ਖੋਖੋਲ** ਭਰੜਾਈ ਅਵਾਜ਼ ਵਿੱਚ ਬੁੜਬੁੜਾਇਆ। "ਮੈਂ ਤੁਹਾਨੂੰ ਦੱਸਦਾਂ ਇਹ ਕਿਵੇਂ ਹੋਇਆ।...

"ਨਹੀਂ, ਨਾ ਦੱਸ," ਮਾਂ ਨੇ ਆਪਣੇ ਹੰਝੂਆਂ ਵਿੱਚੋਂ ਉਹਦੇ ਵੱਲ ਵੇਖਦੇ ਹੋਏ ਬੁੜ ਬੁੜ ਕੀਤੀ। "ਆਂਦਰੀਊਸ਼ਾ ਇਉਂ ਨਾ ਕਰ।"

ਪਾਵੇਲ ਹੌਲ਼ੀ ਹੌਲ਼ੀ ਉਹਦੇ ਕੋਲ਼ ਆਇਆ। ਉਹਦਾ ਰੰਗ ਉੱਡਿਆ ਹੋਇਆ ਸੀ ਅਤੇ ਉਹਦੀਆਂ ਅੱਖਾਂ ਵੀ ਗਿੱਲੀਆਂ ਸਨ।

"ਮਾਂ ਨੂੰ ਡਰ ਏ ਇਹ ਕੰਮ ਤੂੰ ਕੀਤੈ," ਉਹਨੇ ਨਿੱਕਾ ਜਿਹਾ ਹਾਸਾ ਹੱਸ ਕੇ ਹੌਲ਼ੀ ਹੌਲ਼ੀ ਨਿੰਮ੍ਹੀ ਅਵਾਜ਼ ਵਿੱਚ ਕਿਹਾ।

"ਮੈਨੂੰ ਕੋਈ ਡਰ ਨਹੀਂ! ਮੈਂ ਇਹ ਮੰਨਦੀ ਹੀ ਨਹੀਂ! ਜੇ ਮੈਂ ਆਪਣੀ ਅੱਖੀਂ ਵੀ ਡਿੱਠਾ

ਹੁੰਦਾ ਤਾਂ ਵੀ ਮੈਨੂੰ ਇਸ ਉੱਤੇ ਯਕੀਨ ਨਾ ਆਉਂਦਾ!"

"ਠਹਿਰੋ!" **ਖੋਖੋਲ** ਨੇ ਆਪਣੀ ਗਰਦਨ ਮੋੜ ਕੇ ਆਪਣੇ ਹੱਥ ਛੁਡਾਉਣ ਦਾ ਜਤਨ ਕਰਦੇ ਹੋਏ ਕਿਹਾ। "ਮੈਂ ਇਹ ਕੰਮ ਨਹੀਂ ਕੀਤਾ, ਪਰ ਮੈਂ ਇਹ ਹੋਣੋਂ ਰੋਕ ਸਕਦਾ ਸਾਂ।..."

"ਚੁੱਪ, ਆਂਦਰੇਈ!" ਪਾਵੇਲ ਨੇ ਕਿਹਾ।

ਉਹਨੇ ਆਪਣੇ ਮਿੱਤਰ ਦਾ ਹੱਥ ਆਪਣੇ ਇੱਕ ਹੱਥ ਵਿੱਚ ਲੈ ਲਿਆ ਅਤੇ ਦੂਜਾ ਉਹਦੇ ਮੋਢੇ ਉੱਤੇ ਰੱਖ ਦਿੱਤਾ ਜਿਵੇਂ ਉਹਦੀ ਕੰਬਦੀ ਲੰਮੀ ਦੇਹ ਦਾ ਕਾਂਬਾ ਸ਼ਾਂਤ ਕਰਨਾ ਚਾਹੁੰਦਾ ਹੋਵੇ।

"ਤੂੰ ਜਾਣਦੈਂ, ਪਾਵੇਲ, ਮੈਂ ਨਹੀਂ ਸਾਂ ਚਾਹੁੰਦਾ ਇਉਂ ਹੋਵੇ," ਆਂਦਰੇਈ ਨੇ ਉਹਨਾਂ ਉੱਤੇ ਝੁਕਦੇ ਹੋਏ ਨਿੰਮ੍ਹੀ ਥਿੜਕਦੀ ਅਵਾਜ਼ ਵਿੱਚ ਕਿਹਾ। "ਹੋਇਆ ਇਉਂ: ਜਦੋਂ ਤੂੰ ਮੈਨੂੰ ਉੱਥੇ ਮੋੜ ਤੇ ਦਰਾਗੂਨੋਵ ਕੋਲ਼ ਛੱਡ ਕੇ ਆਇਆ ਸਾਏਂ ਤਾਂ ਇਸਾਈ ਆਇਆ ਅਤੇ ਸਾਡੇ ਵੱਲ ਵੇਖਦਾ ਅਤੇ ਸਾਨੂੰ ਝਿੜਾਂ ਕਰਦਾ ਉੱਥੇ ਖੜਾ ਹੋ ਗਿਆ।... ਦਰਾਗੂਨੋਵ ਨੇ ਕਿਹਾ, 'ਉਹਨੂੰ ਵੇਖਿਆ ਈ? ਉਹ ਸਾਰੀ ਰਾਤ ਮੇਰਾ ਪਿੱਛਾ ਕਰਦਾ ਰਿਹੈ, ਮੈਂ ਇਹਦੀ ਜ਼ਰੂਰ ਖੁੰਬ ਠਪ ਦੇਣੀ ਏ।' ਫਿਰ ਉਹ ਚਲਾ ਗਿਆ — ਮੈਂ ਸੋਚਿਆ ਘਰ ਗਿਐ।... ਅਤੇ ਇਸਾਈ ਮੇਰੇ ਕੋਲ਼ ਆਇਆ।"

**ਖੋਖੋਲ** ਨੇ ਲੰਮਾ ਸਾਹ ਲਿਆ।

"ਕਦੀ ਕਿਸੇ ਨੇ ਮੇਰੀ ਇੰਨੀ ਬੇਇੱਜ਼ਤੀ ਨਹੀਂ ਕੀਤੀ ਜਿੰਨੀ ਉਹਨੇ ਉਦੋਂ ਕੀਤੀ, ਕੁੱਤਾ ਕਿਧਰੋਂ ਦਾ!"

ਮਾਂ ਚੁੱਪ ਚਾਪ ਉਹਨੂੰ ਮੇਜ਼ ਕੋਲ਼ ਲੈ ਗਈ ਅਤੇ ਉਹਨੂੰ ਉੱਥੇ ਬਿਠਾ ਦਿੱਤਾ। ਉਹ ਆਪ ਉਹਦੇ ਕੋਲ਼ ਬਹਿ ਗਈ, ਉਹਦਾ ਮੋਢਾ **ਖੋਖੋਲ** ਦੇ ਮੋਢੇ ਨਾਲ ਲੱਗਾ ਹੋਇਆ ਸੀ। ਪਾਵੇਲ ਖੜਾ ਰਿਹਾ, ਨਾਖੁਸ਼ ਢੰਗ ਨਾਲ਼ ਆਪਣੀ ਦਾੜ੍ਹੀ ਠੂੰਗਦਾ।

"ਉਹਨੇ ਮੈਨੂੰ ਦੱਸਿਆ ਕਿ ਉਹਨਾਂ ਨੂੰ ਸਾਡੇ ਸਾਰਿਆਂ ਦੇ ਨਾਵਾਂ ਦਾ ਪਤੈ, ਕਿ ਅਸੀਂ ਸਾਰੇ ਜੈਨਡਾਰਮਾਂ ਦੀ ਸੂਚੀ ਵਿੱਚ ਦਰਜ ਹਾਂ ਅਤੇ ਮਈ ਦਿਨ ਦੇ ਮੁਜ਼ਾਹਿਰੇ ਤੋਂ ਐਨ ਪਹਿਲਾਂ ਸਾਨੂੰ ਫੜ ਲਿਆ ਜਾਵੇਗਾ। ਮੈਂ ਉਹਨੂੰ ਕੁਝ ਨਾ ਕਿਹਾ, ਬਸ ਹੱਸ ਕੇ ਉਹਦਾ ਠੱਠਾ ਉਡਾ ਛੱਡਿਆ, ਪਰ ਅੰਦਰੋਂ ਅੰਦਰ ਮੈਂ ਉੱਬਲ ਰਿਹਾ ਸਾਂ। ਉਹਨੇ ਕਿਹਾ ਕਿ ਮੈਂ ਚੁਸਤ ਬੰਦਾ ਵਾਂ ਤੇ ਇਹ ਮਾੜੀ ਗੱਲ ਏ ਕਿ ਮੈਂ ਗ਼ਲਤ ਰਾਹ ਚੁਣ ਲਿਐ। ਚੰਗਾ ਹੋਵੇ ਜੇ ਮੈਂ।..."

ਉਹ ਰੁਕ ਗਿਆ ਅਤੇ ਆਪਣੇ ਖੱਬੇ ਹੱਥ ਨਾਲ਼ ਆਪਣਾ ਮੂੰਹ ਪੂੰਝਿਆ। ਉਹਦੀਆਂ ਅੱਖਾਂ ਵਿੱਚ ਇੱਕ ਸੁੱਕੀ ਲਿਸ਼ਕ ਸੀ।

"ਮੈਂ ਸਮਝਦਾਂ," ਪਾਵੇਲ ਨੇ ਕਿਹਾ।

" 'ਕਾਨੂੰਨ ਦੀ ਸੇਵਾ ਕਰਨਾ ਚੰਗੇਰੀ ਗੱਲ ਹੋਵੇਗੀ,' ਉਹਨੇ ਕਿਹਾ।" **ਖੋਖੋਲ** ਨੇ ਆਪਣਾ ਮੁੱਕਾ ਲਹਿਰਾਇਆ।

"ਕਾਨੂੰਨ — ਰੱਬ ਉਹਨੂੰ ਨਰਕਾਂ ਵਿੱਚ ਸੁੱਟੇ!" ਉਹ ਕਰੀਚੇ ਹੋਏ ਦੰਦਾਂ ਵਿੱਚੋਂ ਬੁੜਬੁੜਾਇਆ। ਜੇ ਉਹ ਮੈਨੂੰ ਥੱਪੜ ਮਾਰ ਦੇਂਦਾ ਤਾਂ ਇਸ ਨਾਲ਼ੋਂ ਤਾਂ ਚੰਗੇਰਾ ਹੁੰਦਾ। ਇਹ ਗੱਲ ਮੇਰੇ ਲਈ ਸੌਖੇਰੀ ਹੁੰਦੀ ਤੇ ਸ਼ੈਦ ਉਹਦੇ ਲਈ ਵੀ। ਮੈਂ ਆਪਣੇ ਦਿਲ ਦੇ ਵਿੱਚ ਉਹਦਾ ਬਦਬੋ ਛੱਡਦਾ ਥੁੱਕਣਾ ਸਹਿ ਨਹੀਂ ਸਾਂ ਸਕਦਾ।"

ਆਂਦਰੇਈ ਨੇ ਕੁੜਵਲ ਜਿਹੇ ਨਾਲ਼ ਪਾਵੇਲ ਤੋਂ ਆਪਣਾ ਹੱਥ ਛੁਡਾ ਲਿਆ ਅਤੇ ਨਿੰਮ੍ਹੇ, ਘਿਰਣਾ ਭਰੇ ਢੰਗ ਨਾਲ਼ ਬੋਲੀ ਗਿਆ:

"ਮੈਂ ਉਹਨੂੰ ਚੰਡ ਮਾਰੀ ਤੇ ਉੱਥੋਂ ਚਲਾ ਆਇਆ। ਫਿਰ ਮੈਂ ਦਰਾਗੂਨੋਵ ਨੂੰ ਆਪਣੇ ਪਿੱਛੇ ਹੌਲ਼ੀ ਜਿਹੇ ਕਹਿੰਦੇ ਸੁਣਿਆ,'ਅਖ਼ੀਰ ਤੈਨੂੰ ਫੜ ਹੀ ਲਿਆ!' ਉਹ ਮੋੜ ਦੁਆਲੇ ਉਡੀਕਦਾ ਪਿਆ ਹੋਣੈ।"

**ਖੋਖੋਲ** ਰੁਕਿਆ।

"ਮੈਂ ਮੁੜਿਆ ਨਾ, ਭਾਵੇਂ ਮੈਨੂੰ ਜਾਪਿਆ ਕਿ ਮੈਂ ਸੱਟ ਵਜਦੀ ਸੁਣੀ।... ਪਰ ਮੈਂ ਆਪਣੇ ਰਾਹ ਚਲਦਾ ਗਿਆ, ਜਿਵੇਂ ਕਿਸੇ ਡੱਡੂ ਉੱਤੇ ਮੇਰਾ ਪੈਰ ਆ ਗਿਆ ਹੋਵੇ। ਕੰਮ 'ਤੇ ਕੁਝ ਲੋਕ ਇਹ ਕਹਿੰਦੇ ਹੋਏ ਆਏ, 'ਉਹਨਾਂ ਇਸਾਈ ਨੂੰ ਕਤਲ ਕਰ ਦਿੱਤੈ!' ਮੈਨੂੰ ਯਕੀਨ ਨਾ ਆਇਆ। ਪਰ ਮੇਰੀ ਬਾਂਹ ਵਿੱਚ ਇੰਨੀ ਪੀੜ ਹੋਣ ਲੱਗ ਪਈ ਕਿ ਮੈਂ ਮਸਾਂ ਹੀ ਕੰਮ ਕਰ ਸਕਿਆ। ਅਸਲੀ ਪੀੜ ਤਾਂ ਇਹ ਨਹੀਂ ਸੀ, ਪਰ ਜਾਪਦਾ ਸੀ ਮੇਰੀ ਬਾਂਹ ਸੁੱਕ ਗਈ ਏ।..."

ਉਹਨੇ ਚੋਰੀ ਚੋਰੀ ਆਪਣੇ ਹੱਥ ਵੱਲ ਵੇਖਿਆ।

"ਮੈਨੂੰ ਜਾਪਦੈ ਸਾਰੀ ਉਮਰ ਮੈਂ ਇਹ ਗੰਦਾ ਦਾਗ਼ ਨਹੀਂ ਧੋ ਸਕਾਂਗਾ।..."

"ਵੱਡੀ ਗੱਲ ਇਹ ਵੇ ਕਿ ਤੇਰਾ ਮਨ ਸਾਫ਼ ਏ, ਮੇਰੇ ਲਾਲ," ਮਾਂ ਨੇ ਪੋਲੇ ਜਿਹੇ ਕਿਹਾ।

"ਮੈਂ ਆਪਣੇ ਆਪ ਨੂੰ ਇਸ ਗੱਲ ਲਈ ਦੋਸ਼ੀ ਨਹੀਂ ਸਮਝਦਾ—ਬਿਲਕੁਲ ਨਹੀਂ," **ਖੋਖੋਲ** ਨੇ ਦ੍ਰਿੜਤਾ ਨਾਲ ਕਿਹਾ। "ਬਸ ਘੇਰ ਪੈਂਦੀ ਏ। ਮੈਨੂੰ ਇਸ ਮਾਮਲੇ ਵਿੱਚ ਪੈਣਾ ਨਹੀਂ ਸੀ ਚਾਹੀਦਾ।"

"ਮੈਨੂੰ ਤੇਰੀ ਸਮਝ ਨਹੀਂ ਆਉਂਦੀ," ਪਾਵੇਲ ਨੇ ਮੋਢੇ ਸੰਗੋੜ ਕੇ ਕਿਹਾ। "ਤੂੰ ਕਤਲ ਨਹੀਂ ਕੀਤਾ, ਪਰ ਜੇ ਤੂੰ ਕੀਤਾ ਵੀ ਹੁੰਦਾ।..."

"ਸੁਣ, ਵੀਰ — ਜੇ ਤੈਨੂੰ ਪਤਾ ਹੋਵੇ ਕਿ ਕਤਲ ਹੋਣ ਵਾਲ਼ਾ ਏ ਤੇ ਤੂੰ ਇਹਨੂੰ ਹੋਣੋਂ ਨਾ ਰੋਕੇਂ।..."

"ਮੈਨੂੰ ਤੇਰੀ ਸਮਝ ਨਹੀਂ ਆਉਂਦੀ," ਪਾਵੇਲ ਨੇ ਜ਼ੋਰ ਦੇ ਕੇ ਕਿਹਾ, ਤੇ ਫਿਰ ਥੋੜ੍ਹਾ ਸੋਚ ਕੇ ਉਹਨੇ ਵਾਧਾ ਕੀਤਾ:

"ਮਤਲਬ ਏ, ਸ਼ੈਦ ਸਮਝ ਆਉਂਦੀ ਏ, ਪਰ ਇਹਦਾ ਮੇਰੇ ਉੱਤੇ ਅਸਰ ਨਹੀਂ ਹੁੰਦਾ।"

ਸੀਟੀ ਵੱਜੀ। **ਖੋਖੋਲ** ਨੇ ਇਹਦਾ ਹਾਕਮਾਨਾ ਸੱਦਾ ਸੁਣਿਆ, ਫਿਰ ਆਪਣਾ ਸਿਰ ਪਿੱਛੇ ਵੱਲ ਸੁੱਟਿਆ।

"ਮੈਂ ਕੰਮ 'ਤੇ ਵਾਪਸ ਨਹੀਂ ਜਾ ਰਿਹਾ," ਆਪਣੇ ਆਪ ਨੂੰ ਉਭਾਰਦੇ ਹੋਏ ਉਹਨੇ ਕਿਹਾ।

"ਤੇ ਨਾ ਹੀ ਮੈਂ," ਪਾਵੇਲ ਨੇ ਕਿਹਾ।

"ਮੈਂ ਹਮਾਮ ਚੱਲਿਆਂ" ਆਂਦਰੇਈ ਇੱਕ ਨਿੱਕਾ ਜਿਹਾ ਹਾਸਾ ਹੱਸਿਆ ਅਤੇ ਕਾਹਲੀ ਕਾਹਲੀ ਅਤੇ ਚੁੱਪ ਚਾਪ ਆਪਣੇ ਕੱਪੜੇ ਇਕੱਠੇ ਕਰਨ ਲੱਗ ਪਿਆ। ਉਹ ਢਹਿੰਦੀਆਂ ਕਲਾਂ ਵਿੱਚ ਘਰੋਂ ਗਿਆ।

ਮਾਂ ਨੇ ਹਮਦਰਦੀ ਭਰੀ ਨਿਗਾਹ ਨਾਲ਼ ਉਹਦੇ ਜਾਂਦੇ ਵੱਲ ਵੇਖਿਆ।

"ਭਾਵੇਂ ਜੋ ਜੀਅ ਆਏ ਕਹਿ ਲੈ ਪਾਵੇਲ," ਉਹਨੇ ਕਿਹਾ। "ਮੈਨੂੰ ਪਤੈ ਕਤਲ ਕਰਨਾ ਪਾਪ ਏ, ਪਰ ਮੈਂ ਕਿਸੇ ਨੂੰ ਮੁਲਜ਼ਮ ਨਹੀਂ ਸਮਝਦੀ। ਮੈਨੂੰ ਇਸਾਈ 'ਤੇ ਰਹਿਮ ਆਉਂਦੈ, ਉਹ ਕਿੰਨਾ ਨਿਗੂਣਾ ਜਿਹਾ ਸੀ। ਜਦੋਂ ਮੈਂ ਅੱਜ ਉਹਨੂੰ ਵੇਖਿਆ ਤਾਂ ਮੈਨੂੰ ਯਾਦ ਆਇਆ ਕਿ ਉਹਨੇ ਤੈਨੂੰ ਫਾਹੇ ਲਾਉਣ ਦੀ ਧਮਕੀ ਦਿੱਤੀ ਸੀ। ਪਰ ਇਸ ਨਾਲ਼ ਮੈਨੂੰ ਉਹਦੇ ਨਾਲ਼ ਨਫ਼ਰਤ ਨਾ ਹੋਈ ਜਾਂ ਇਸ ਗੱਲ 'ਤੇ ਖੁਸ਼ੀ ਨਾ ਹੋਈ ਕਿ ਉਹ ਮਰ ਗਿਐ। ਮੈਨੂੰ ਤਾਂ ਬਸ ਉਹਦੇ ਉੱਤੇ ਰਹਿਮ ਆਇਆ। ਪਰ ਹੁਣ—ਮੈਨੂੰ ਰਹਿਮ ਵੀ ਨਹੀਂ ਆਉਂਦਾ।..."

ਉਹ ਚੁੱਪ ਅਤੇ ਸੋਚਵਾਨ ਹੋ ਗਈ, ਪਰ ਫਿਰ ਉਹਨੇ ਹੈਰਾਨੀ ਭਰੀ ਮੁਸਕਾਨ ਨਾਲ਼ ਕਿਹਾ:

"ਹਾਏ ਰੱਬਾ, ਪਾਸ਼ਾ ਸੁਣਿਆ ਈ ਮੈਂ ਕੀ ਕਿਹੈ ?"

ਸਾਫ਼ ਸੀ ਕਿ ਉਹਨੇ ਨਹੀਂ ਸੀ ਸੁਣਿਆ। ਕਿਉਂਕਿ ਅੱਖਾਂ ਨੀਵੀਆਂ ਸੁੱਟੀ ਫ਼ਰਸ਼ ਉੱਤੇ ਇੱਧਰ ਉੱਧਰ ਜਾਂਦੇ ਉਹਨੇ ਸੋਚਦੇ ਹੋਏ ਅਤੇ ਉਦਾਸੀ ਨਾਲ਼ ਜਵਾਬ ਦਿੱਤਾ:

"ਵੇਖ ਲਓ, ਇਹ ਹੈ ਜ਼ਿੰਦਗੀ ! ਵੇਖਿਆ ਲੋਕ ਕਿਵੇਂ ਇੱਕ ਦੂਜੇ ਦੇ ਖ਼ਿਲਾਫ਼ ਖੜੇ ਕੀਤੇ ਜਾਂਦੇ ਨੇ। ਤੁਸੀਂ ਨਾ ਚਾਹੁੰਦੇ ਹੋਏ ਵੀ ਕਿਸੇ ਉੱਤੇ ਵਾਰ ਕਰ ਦੇਂਦੇ ਹੋ। ਤੇ ਤੁਸੀਂ ਕਿਸੇ ਉੱਤੇ ਵਾਰ ਕਰਦੇ ਹੋ ? ਕਿਸੇ ਵਿਚਾਰੇ ਉੱਤੇ, ਜਿਸਨੂੰ ਤੁਹਾਡੇ ਤੋਂ ਵੱਧ ਹੱਕ ਨਹੀਂ ਮਿਲੇ ਹੋਏ। ਇਸ ਹਾਲਤ ਵਿੱਚ ਉਹ ਤੁਹਾਡੇ ਨਾਲ਼ੋਂ ਘੱਟ ਖੁਸ਼-ਕਿਸਮਤ ਏ, ਕਿਉਂਕਿ ਉਹ ਮੂਰਖ ਏ। ਪੁਲੀਸ ਅਤੇ ਜੈਨਡਾਰਮ ਅਤੇ ਜਸੂਸ ਸੱਭੇ ਸਾਡੇ ਵੈਰੀ ਨੇ। ਪਰ ਉਹ ਸਾਡੇ ਵਾਂਗ ਮਨੁੱਖ ਨੇ, ਜਿਨ੍ਹਾਂ ਦੀ ਰੱਤ ਸਾਡੇ ਵਾਂਗ ਹੀ ਚੂਸੀ ਜਾਂਦੀ ਏ ਅਤੇ ਜਿਨ੍ਹਾਂ ਨਾਲ਼ ਸਾਡੇ ਵਾਂਗ ਈ ਨਫ਼ਰਤ ਕੀਤੀ ਜਾਂਦੀ ਏ। ਅਸੀਂ ਸੱਭੇ ਇੱਕੋ ਜਿਹੇ ਵਾਂ। ਪਰ ਮਾਲਕਾਂ ਨੇ ਲੋਕਾਂ ਨੂੰ ਇੱਕ ਦੂਜੇ ਦੇ ਖ਼ਿਲਾਫ਼ ਕਰ ਦਿੱਤੈ, ਉਹਨਾਂ ਨੂੰ ਡਰ ਅਤੇ ਬਕਵਾਸ ਨਾਲ਼ ਅੰਨ੍ਹਾ ਕਰ ਦਿੱਤੈ, ਉਹਨਾਂ ਦੇ ਹੱਥ ਪੈਰ ਬੰਨ੍ਹ ਦਿੱਤੇ ਨੇ, ਉਹਨਾਂ ਨੂੰ ਨਚੋੜਦੇ ਹੋਏ ਅਤੇ ਉਹਨਾਂ ਦੀ ਰੱਤ ਚੂਸਦੇ ਹੋਏ, ਉਹਨਾਂ ਤੋਂ ਇੱਕ ਦੂਜੇ ਨੂੰ ਮਾਰ ਪਵਾਉਂਦੇ ਅਤੇ ਕੁਚਲਾਉਂਦੇ ਹੋਏ। ਉਹਨਾਂ ਲੋਕਾਂ ਨੂੰ ਬੰਦੂਕਾਂ ਅਤੇ ਡੰਡਿਆਂ ਅਤੇ ਪੱਥਰਾਂ ਵਿੱਚ ਤਬਦੀਲ ਕਰ ਦਿੱਤੈ ਤੇ ਕਹਿੰਦੇ ਨੇ: 'ਇਹ ਰਾਜ ਏ !'..."

ਉਹ ਆਪਣੀ ਮਾਂ ਕੋਲ਼ ਗਿਆ।

"ਮਾਂ, ਇਹ ਮੁਜਰਮਾਨਾ ਏ ! ਲਖੂਖਾਂ ਲੋਕਾਂ ਨੂੰ ਘੋਰੀ ਢੰਗ ਨਾਲ਼ ਮਾਰਨਾ। ਮਨੁੱਖੀ ਰੂਹਾਂ ਨੂੰ ਕਤਲ ਕਰਨਾ।... ਤੂੰ ਸਮਝਦੀ ਏਂ ? ਰੂਹਾਂ ਦੇ ਕਾਤਲ ! ਤੇ ਤੂੰ ਉਹਨਾਂ ਅਤੇ ਸਾਡੇ ਵਿੱਚ ਫ਼ਰਕ ਸਮਝਦੀ ਏਂ ? ਜਦੋਂ ਅਸੀਂ ਕਿਸੇ ਬੰਦੇ ਉੱਤੇ ਵਾਰ ਕਰਦੇ ਵਾਂ ਤਾਂ ਇਹ ਘਿਣਤ, ਸ਼ਰਮਨਾਕ ਅਤੇ ਦੁਖਦਾਈ ਹੁੰਦੈ — ਸਭ ਤੋਂ ਵੱਧ ਘਿਣਤ। ਪਰ ਉਹ ਹਜ਼ਾਰਾਂ ਲੋਕਾਂ ਨੂੰ ਸ਼ਾਂਤੀ ਨਾਲ਼ ਅਤੇ ਬੇਕਿਰਕੀ ਨਾਲ਼ ਕਤਲ ਕਰਦੇ ਨੇ, ਬਗ਼ੈਰ ਕਿਸੇ ਝਿਜਕ ਦੇ ਅਤੇ ਅਤਿ-ਅੰਤ ਤਸੱਲੀ ਨਾਲ। ਅਤੇ ਲੋਕਾਂ ਨੂੰ ਕੁਚਲ ਕੇ ਮਾਰਨ ਲਈ ਉਹਨਾਂ ਕੋਲ਼ ਇੱਕੋ ਇੱਕ ਕਾਰਨ ਏ, ਆਪਣਾ ਸੋਨਾ ਅਤੇ ਚਾਂਦੀ ਅਤੇ ਹੁੰਡੀਆਂ ਅਤੇ ਉਹ ਸਾਰਾ ਚੰਦਰਾ ਮਸਾਲਾ ਸਾਂਭ ਕੇ ਰੱਖਣਾ, ਜਿਹੜਾ ਉਹਨਾਂ ਨੂੰ ਸਾਨੂੰ ਗ਼ੁਲਾਮ ਬਣਾਉਣ ਯੋਗ ਬਣਾਉਂਦਾ ਏ। ਜ਼ਰਾ ਇਹਦੇ ਬਾਰੇ ਸੋਚ — ਜਦੋਂ ਉਹ ਲੋਕਾਂ ਨੂੰ ਕਤਲ ਕਰਦੇ ਨੇ ਤੇ ਉਹਨਾਂ ਦੀਆਂ ਰੂਹਾਂ ਦੇ ਟੁਕੜੇ ਕਰਦੇ ਨੇ ਤਾਂ ਉਹ ਆਪਣੀਆਂ ਜਿੰਦਾਂ ਦੀ ਰੱਖਿਆ ਨਹੀਂ ਕਰ ਰਹੇ ਹੁੰਦੇ — ਸਗੋਂ ਆਪਣੀਆਂ ਮਿਲਖਾਂ ਦੀ, ਜਿਹੜੀਆਂ ਸ਼ੈਆਂ ਮਨੁੱਖ

ਤੋਂ ਬਾਹਰ ਨੇ, ਉਹਦੇ ਅੰਦਰ ਨਹੀਂ।...”

ਮਾਂ ਦੇ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਉਹ ਉਹਨਾਂ ਉੱਤੇ ਝੁਕਿਆ ਅਤੇ ਉਹਨਾਂ ਨੂੰ ਘੁੱਟਿਆ।

“ਜੇ ਕਿਤੇ ਤੂੰ ਵੇਖ ਸਕਦੀ ਕਿ ਇਹ ਕਿੰਨੀ ਨੀਵੀਂ ਤੇ ਸ਼ਰਮਨਾਕ ਏ ਤਾਂ ਤੂੰ ਉਹ ਸੱਚ ਸਮਝ ਲੈਂਦੀ ਜਿਸ ਲਈ ਅਸੀਂ ਲੜ ਰਹੇ ਵਾਂ। ਤੂੰ ਇਹ ਸਮਝ ਲੈਂਦੀ ਇਹ ਕਿੰਨਾ ਸ਼ਾਨਦਾਰ ਤੇ ਮਹਾਨ ਏ।...”

ਮਾਂ ਉੱਠੀ, ਆਪਣੇ ਸੀਨੇ ਵਿੱਚ ਮਘਦੀ ਅੱਗ ਨੂੰ ਆਪਣੇ ਪੁੱਤਰ ਦੀ ਅੱਗ ਨਾਲ਼ ਮੇਲ ਕੇ ਇੱਕ ਮਹਾਨ ਲਾਟ ਬਣਾਉਣ ਦੀ ਇੱਛਾ ਨਾਲ਼ ਭਰੀ ਹੋਈ।

“ਸਬਰ ਕਰ ਪਵੇਲ,” ਉਹ ਔਖ ਨਾਲ਼ ਬੁੜਬੁੜਾਈ। “ਸਬਰ ਕਰ! ਸਮਾਂ ਪਾਕੇ ਮੈਂ ਸਮਝ ਜਾਵਾਂਗੀ।...”

## 25

ਜ਼ੋਰ ਜ਼ੋਰ ਦੀ ਪੈਰ ਮਾਰਦਾ ਕੋਈ ਡਿਉਢੀ ਵਿੱਚ ਆਇਆ ਤੇ ਮਾਂ ਅਤੇ ਪੁੱਤਰ ਨੇ ਹੈਰਾਨੀ ਨਾਲ਼ ਇੱਕ ਦੂਜੇ ਵੱਲ ਵੇਖਿਆ।

ਦਰਵਾਜ਼ਾ ਖੁੱਲ੍ਹਾ ਅਤੇ ਰੀਬਿਨ ਹੌਲ਼ੀ ਹੌਲ਼ੀ ਅੰਦਰ ਆਇਆ।

“ਮੈਂ ਆ ਗਿਆ,” ਉਹਨੇ ਮੁਸਕਰਾ ਕੇ ਆਪਣਾ ਸਿਰ ਚੁੱਕਦੇ ਹੋਏ ਕਿਹਾ। “ਸ਼ੰਕਾਵਾਦੀ ਟਾਮਸ*, ਆਪਣੇ ਇਕਰਾਰ ਦਾ ਸੱਚਾ, ਇੱਧਰ ਜਾਂਦਾ, ਉੱਧਰ ਜਾਂਦਾ, ਹਰ ਥਾਂ ਆਪਣੀ ਟੰਗ ਫਸਾਂਦਾ!...”

ਉਹਨੇ ਰੁੱਖ ਦੀ ਛਾਲ ਦੇ ਸੈਂਡਲ ਪਹਿਨੇ ਹੋਏ ਸਨ, ਇੱਕ ਜੱਤਲ ਟੋਪੀ ਪਾਈ ਹੋਈ ਸੀ ਅਤੇ ਕੋਲਤਾਰ ਨਾਲ਼ ਲਿਬੜੀ ਪੋਸਤੀਨ। ਕਾਲ਼ੇ ਦਸਤਾਨਿਆਂ ਦੀ ਜੋੜੀ ਉਹਦੀ ਪੇਟੀ ਵਿੱਚ ਫਸੀ ਹੋਈ ਸੀ।

“ਕੀ ਹਾਲ ਚਾਲ ਏ? ਸੋ ਤੈਨੂੰ ਉਹਨਾਂ ਛੱਡ ਦਿੱਤੈ, ਪਾਵੇਲ? ਚੰਗਾ ਹੋਇਆ। ਪੇਲਾਗੀਆ ਨਿਲੋਵਨਾ, ਕਿਵੇਂ ਗੁਜ਼ਰ ਰਹੀ ਏਂ?” ਉਹ ਖੁੱਲ੍ਹ ਕੇ ਮੁਸਕਰਾਇਆ ਅਤੇ ਆਪਣੇ ਚਿੱਟੇ ਦੰਦ ਲਿਸ਼ਕਾਏ; ਉਹਦੀ ਅਵਾਜ਼ ਪਹਿਲਾਂ ਨਾਲ਼ੋਂ ਵਧੇਰੇ ਨਰਮ ਹੋ ਗਈ ਸੀ ਅਤੇ ਉਹਦੇ ਮੂੰਹ ਉੱਤੇ ਸੰਘਣੀ ਦਾੜ੍ਹੀ ਉੱਗੀ ਹੋਈ ਸੀ।

ਮਾਂ ਉਹਨੂੰ ਵੇਖ ਕੇ ਖੁਸ਼ ਹੋਈ ਸੀ ਅਤੇ ਉਹਦੇ ਕੋਲ਼ ਜਾਕੇ ਉਹਨੇ ਕਾਲ਼ੇ ਧੱਬਿਆਂ ਨਾਲ਼ ਕੱਜਿਆ ਉਹਦਾ ਵੱਡਾ ਸਾਰਾ ਹੱਥ ਆਪਣੇ ਹੱਥਾਂ ਵਿੱਚ ਲਿਆ।

“ਰੱਬਾ!” ਉਹਨੇ ਕੋਲਤਾਰ ਦੀ ਤਿੱਖੀ, ਨਰੋਈ ਬੋ ਵਾਲ਼ਾ ਲੰਮਾ ਸਾਹ ਲੈਂਦੇ ਹੋਏ ਕਿਹਾ। “ਤੈਨੂੰ ਵੇਖ ਕੇ ਮੈਂ ਕਿੰਨੀ ਖੁਸ਼ ਵਾਂ!”

“ਇਹ ਏ ਅਸਲੀ ਮੂਜ਼ੀਕ!” ਪਾਵੇਲ ਨੇ ਰੀਬਿਨ ਵੱਲ ਵੇਖਦੇ ਹੋਏ ਮੁਸਕਰਾ ਕੇ ਕਿਹਾ।

* ਹਜ਼ਰਤ ਈਸਾ ਦੇ ਬਾਰ੍ਹਾਂ ਆਦਿ ਸ਼ਿਸ਼ਾਂ ਵਿੱਚੋਂ ਇੱਕ, ਜਿਹੜਾ ਆਪਣੇ ਸ਼ੰਕਾਵਾਦੀ ਸੁਭਾ ਲਈ ਪ੍ਰਸਿੱਧ ਸੀ। — **ਅਨੁ:**

ਪ੍ਰਾਹੁਣੇ ਨੇ ਹੌਲ਼ੀ ਹੌਲ਼ੀ ਆਪਣੇ ਕੱਪੜੇ ਲਾਹੇ।

"ਹਾਂ, ਮੈਂ ਮੁੜ ਮੂਜ਼ੀਕ ਬਣ ਗਿਆਂ। ਤੁਸੀਂ ਤਾਂ ਵਧੇਰੇ ਸਾਊਆਂ ਜਿਹੇ ਹੀ ਹੋਈ ਜਾਂਦੇ ਓ, ਮੈਂ ਦੂਜੇ ਪਾਸੇ ਟੁਰੀ ਜਾਨਾਂ।... ਇਹੋ ਤਾਂ ਗੱਲ ਏ!"

ਆਪਣੀ ਰਾਂਗਲੀ ਕੁੜਤੀ ਖਿੱਚਦਾ ਹੋਇਆ ਸਭ ਕੁਝ ਵੇਖਦਾ ਕਮਰੇ ਵਿੱਚ ਘੁੰਮਦਾ ਰਿਹਾ।

"ਇੱਥੇ ਤਾਂ ਕਿਤਾਬਾਂ ਤੋਂ ਬਿਨਾਂ ਕੁਝ ਵੀ ਨਵਾਂ ਨਹੀਂ। ਹੂੰ! ਸੋ, ਮੈਨੂੰ ਖ਼ਬਰ ਸਾਰ ਦੱਸੋ।"

ਉਹ ਲੱਤਾਂ ਚੌੜੀਆਂ ਗੱਡ ਕੇ ਬਹਿ ਗਿਆ ਅਤੇ ਉਹਦੇ ਹੱਥਾਂ ਨੇ ਉਹਦੇ ਗੋਡੇ ਫੜੇ ਹੋਏ ਸਨ, ਦਿਆਲਤਾ ਨਾਲ਼ ਮੁਸਕਰਾ ਕੇ ਜਵਾਬ ਦੀ ਉਡੀਕ ਕਰਦਾ ਉਹ ਘੋਖਵੀਂ ਨਿਗਾਹ ਨਾਲ਼ ਪਾਵੇਲ ਵੱਲ ਵੇਖ ਰਿਹਾ ਸੀ।

"ਅਸੀਂ ਉਨੱਤੀ ਕਰ ਰਹੇ ਵਾਂ," ਪਾਵੇਲ ਨੇ ਕਿਹਾ।

"ਅਸੀਂ ਹਲ ਵਾਹੁੰਦੇ ਤੇ ਬੀਜ ਬੀਜਦੇ ਆਂ ਤੇ ਫਿਰ ਫ਼ਸਲ ਉੱਗਦੀ ਵੇਖਦੇ ਆਂ, ਫਿਰ ਅਸੀਂ ਹਾਂ ਬੀਅਰ ਬਣਾਉਂਦੇ ਤੇ ਸਾਲ ਭਰ ਸੌਂਦੇ—ਇਵੇਂ ਏ, ਕਿਉਂ ਮਿੱਤਰੋ?" ਰੀਬਿਨ ਹੱਸਿਆ।

"ਤੇਰਾ ਕੀ ਹਾਲ ਏ ਮਿਖਾਈਲੋ ਈਵਾਨੋਵਿਚ?" ਪਾਵੇਲ ਨੇ ਉਹਦੇ ਸਾਹਮਣੇ ਬਹਿੰਦੇ ਹੋਏ ਕਿਹਾ।

"ਠੀਕ ਠਾਕ। ਯੇਗੇਲਦੇਯੇਵੋ ਵਿੱਚ ਰਹਿੰਦੇ — ਕਦੀ ਇਹਦਾ ਨਾਂ ਸੁਣਿਐ? ਯੇਗੇਲਦੇਯੇਵੋ? ਸੋਹਣਾ ਨਿੱਕਾ ਜਿਹਾ ਪਿੰਡ ਏ। ਸਾਲ ਵਿੱਚ ਦੋ ਮੇਲੇ। ਦੋ ਹਜ਼ਾਰ ਤੋਂ ਵੱਧ ਵਸਨੀਕ। ਗੁੱਸੇ ਹੋਏ। ਉਹਨਾਂ ਦੀ ਆਪਣੀ ਕੋਈ ਭੋਂ ਨਹੀਂ — ਪਟੇ 'ਤੇ ਲੈਣੀ ਪੈਂਦੀ ਏ। ਤੇ ਜ਼ਮੀਨ ਵੀ ਬਹੁਤ ਚੰਗੀ ਨਹੀਂ। ਮੈਂ ਉੱਥੇ ਇੱਕ ਜੋਕ ਦੇ ਨੌਕਰੀ ਕਰ ਲਈ ਏ। ਉੱਥੇ ਉਹ ਉਸੇ ਤਰ੍ਹਾਂ ਪੁਰ ਪੁਰ ਪਏ ਕਰਦੇ ਨੇ ਜਿਵੇਂ ਮੁਰਦੇ ਵਿੱਚ ਕੀੜੇ। ਲੱਕੜੀ ਸਾੜੋ, ਕੋਲਾ ਬਣਾਓ ਤੇ ਕੋਲਤਾਰ ਕੱਢੋ। ਇੱਥੋਂ ਨਾਲ਼ੋਂ ਚੌਥਾ ਹਿੱਸਾ ਕਮਾਓ ਤੇ ਦੂਣੀ ਮਿਹਨਤ ਕਰੋ। ਅਸੀਂ ਸੱਤ ਜਣੇ ਉਸ ਜੋਕ ਲਈ ਕੰਮ ਕਰਦੇ ਆਂ। ਚੰਗੇ ਜਣੇ ਨੇ, ਸਾਰੇ ਜਵਾਨ, ਮੇਰੇ ਬਿਨਾਂ ਸਾਰੇ ਉੱਥੋਂ ਦੇ ਰਹਿਣ ਵਾਲ਼ੇ ਅਤੇ ਉਹ ਸਾਰੇ ਪੜ੍ਹਨਾ ਲਿਖਣਾ ਜਾਣਦੇ ਨੇ। ਉਹਨਾਂ ਵਿੱਚੋਂ ਇੱਕ, ਯੇਫ਼ੀਮ ਇੰਨਾ ਗਰਮ ਸੁਭਾ ਦਾ ਏ ਕਿ ਸਮਝ ਨਹੀਂ ਆਉਂਦੀ ਉਹਨੂੰ ਕਿਵੇਂ ਸਾਂਭਿਆ ਜਾਵੇ।"

"ਤੂੰ ਕਿਵੇਂ ਕੰਮ ਕਰਨੈਂ? ਉਹਨਾਂ ਨਾਲ਼ ਬਹਿਸਾਂ ਕਰਨੈਂ?" ਪਾਵੇਲ ਨੇ ਉਤਸੁਕਤਾ ਨਾਲ਼ ਪੁੱਛਿਆ।

"ਇਸ ਗੱਲ ਦਾ ਤੂੰ ਯਕੀਨ ਰੱਖ ਮੈਂ ਆਪਣੀ ਜੀਭ ਨੂੰ ਜੰਦਰਾ ਲਾ ਕੇ ਨਹੀਂ ਰੱਖਦਾ! ਮੈਂ ਤੁਹਾਡੇ ਸਾਰੇ ਇਸ਼ਤਿਹਾਰ ਆਪਣੇ ਨਾਲ਼ ਲੈ ਗਿਆ ਸਾਂ, ਕੁੱਲ ਚੌਂਤੀ। ਪਰ ਵਧੇਰੇ ਮੈਂ ਬਾਈਬਲ ਵਰਤਦਾਂ। ਬਾਈਬਲ ਵਿੱਚੋਂ ਬਹੁਤ ਕੁਝ ਲੱਭ ਸਕਦੈ। ਮੋਟੀ ਕਿਤਾਬ ਏ ਤੇ ਸਰਕਾਰੀ ਵੀ, ਜਿਸਦੀ ਪਵਿੱਤਰ ਸਿਨੋਦ* ਨੇ ਮਨਜ਼ੂਰੀ ਦਿੱਤੀ ਹੋਈ ਏ। ਤੁਸੀਂ ਇਹਦੇ 'ਤੇ ਭਰੋਸਾ ਰੱਖ ਸਕਦੇ ਓ!"

---

* ਪਵਿੱਤਰ ਸਿਨੋਦ — ਪੁਰਾਤਨਤਾਵਾਦੀ ਰੂਸੀ ਇਸਾਈ ਸੰਪ੍ਰਦਾਅ ਦੀ ਸਰਵਉੱਚ ਧਾਰਮਕ ਅਤੇ ਪ੍ਰਬੰਧਕ ਸੰਸਥਾ। — **ਅਨੁ:**

ਉਹ ਹੱਸਿਆ ਤੇ ਪਾਵੇਲ ਨੂੰ ਅੱਖ ਮਾਰੀ।

"ਪਰ ਇਹ ਕਾਫ਼ੀ ਨਹੀਂ। ਮੈਂ ਤੁਹਾਥੋਂ ਕਿਤਾਬਾਂ ਮੰਗਣ ਆਇਆਂ। ਅਸੀਂ ਦੋ ਆਂ; ਮੈਂ ਯੇਫ਼ੀਮ ਨੂੰ ਆਪਣੇ ਨਾਲ਼ ਲਿਆਇਆਂ। ਉਹਨਾਂ ਕੋਲਤਾਰ ਦਾ ਇੱਕ ਭਾਰ ਦੇ ਕੇ ਸਾਨੂੰ ਇੱਧਰ ਭੇਜਿਆ, ਸੋ ਅਸਾਂ ਥੋੜ੍ਹਾ ਵਲਾ ਪਾ ਲਿਆ ਤੇ ਤੁਹਾਨੂੰ ਮਿਲਣ ਆ ਗਏ। ਯੇਫ਼ੀਮ ਦੇ ਆਉਣ ਤੋਂ ਪਹਿਲਾਂ ਮੈਨੂੰ ਕਿਤਾਬਾਂ ਦੇ ਦਿਓ। ਉਹਨੂੰ ਬਹੁਤ ਪਤਾ ਨਹੀਂ ਲੱਗਣਾ ਚਾਹੀਦਾ।..."

ਰੀਬਿਨ ਵੱਲ ਵੇਖਦਿਆਂ ਮਾਂ ਨੇ ਸੋਚਿਆ ਇਕੱਲੇ ਉਹਦੇ ਕੱਪੜੇ ਹੀ ਹੋਰ ਤਰਾਂ ਦੇ ਨਹੀਂ ਸਨ। ਉਹਦਾ ਅੰਦਾਜ਼ ਘੱਟ ਡਰਾਉਣਾ ਸੀ, ਉਹਦੀ ਨਿਗਾਹ ਵਧੇਰੇ ਖਚਰੀ ਸੀ, ਉਹਦੀਆਂ ਅੱਖਾਂ ਪਹਿਲਾਂ ਨਾਲ਼ੋਂ ਘੱਟ ਖਰੀਆਂ ਸਨ।

"ਮਾਂ," ਪਾਵੇਲ ਨੇ ਕਿਹਾ, "ਕਿਤਾਬਾਂ ਲਿਆਉਣ ਦੀ ਖੇਚਲ ਕਰੇਂਗੀ ? ਉੱਥੇ ਲੋਕਾਂ ਨੂੰ ਪਤੈ ਕਿਹੜੀਆਂ। ਉਹਨਾਂ ਨੂੰ ਕਹੀਂ ਇਹ ਪਿੰਡਾਂ ਵਿੱਚ ਭੇਜਣੀਆਂ ਨੇ।"

"ਬਹੁਤ ਅੱਛਾ," ਮਾਂ ਨੇ ਕਿਹਾ। "ਸਾਮਾਵਰ ਉਬਲਦਿਆਂ ਹੀ ਮੈਂ ਜਾਂਦੀ ਆਂ।"

"ਤੂੰ ਵੀ ਇਸ ਮਾਮਲੇ ਵਿੱਚ ਸ਼ਾਮਲ ਹੋ ਗਈ ਏਂ, ਪੇਲਾਗੀਆ ਨਿਲੋਵਨਾ ?" ਰੀਬਿਨ ਹੱਸ ਪਿਆ। "ਹੂੰ। ਉੱਥੇ ਅਨੇਕ ਲੋਕ ਕਿਤਾਬਾਂ ਮੰਗਦੇ ਨੇ। ਇਹ ਉੱਥੋਂ ਦੇ ਉਸਤਾਦ ਦਾ ਕੰਮ ਏ; ਕਹਿੰਦੇ ਨੇ ਚੰਗਾ ਬੰਦੈ, ਭਾਵੇਂ ਪਾਦਰੀ ਟੱਬਰ ਤੋਂ ਏ। ਤੇ ਇੱਕ ਹੋਰ ਉਸਤਾਨੀ ਵੀ ਏ, ਸੱਤ ਕੁ ਵੇਰਸਤ ਦੂਰ। ਉਹਨਾਂ ਵਿੱਚੋਂ ਕੋਈ ਵੀ ਜ਼ਬਤ ਹੋਈਆਂ ਕਿਤਾਬਾਂ ਨਹੀਂ ਵਰਤਦਾ। ਡਰਦੇ ਨੇ, ਨੌਕਰੀ ਚਲੀ ਜਾਵੇਗੀ। ਪਰ ਮੈਨੂੰ ਤਾਂ ਜ਼ਬਤ ਹੋਈਆਂ ਕਿਤਾਬਾਂ ਦੀ ਲੋੜ ਏ, ਜਿਨ੍ਹਾਂ ਵਿੱਚ ਥੋੜ੍ਹੀ ਮਿਰਚ ਹੋਵੇ। ਜਿਹੜੀਆਂ ਕਿਤਾਬਾਂ ਮੈਂ ਵੰਡਾਂ, ਜੇ ਉਹ ਪੁਲੀਸ ਇੰਸਪੈਕਟਰ ਜਾਂ ਪਾਦਰੀ ਦੇ ਹੱਥ ਪੈ ਗਈਆਂ ਤਾਂ ਉਹ ਉਹਨਾਂ ਉਸਤਾਦਾਂ ਤੋਂ ਛੁਟ ਕਿਸੇ 'ਤੇ ਅਲਜ਼ਾਮ ਨਹੀਂ ਲਾਉਣਗੇ ? ਹਾਲ ਦੀ ਘੜੀ ਮੈਂ ਲੁਕਿਆ ਰਹਾਂਗਾ।"

ਉਹਨੇ ਖਾਖਾਂ ਅੱਡੀਆਂ, ਉਹ ਆਪਣੀ ਚਲਾਕੀ 'ਤੇ ਬਹੁਤ ਖੁਸ਼ ਸੀ।

"ਆਹਾ," ਮਾਂ ਨੇ ਸੋਚਿਆ। "ਜਾਪਦਾ ਤਾਂ ਤੂੰ ਰਿੱਛ ਏਂ ਪਰ ਹੈਂ ਲੂੰਮੜ।..."

"ਜੇ ਉਹਨਾਂ ਨੂੰ ਉਸਤਾਦਾਂ ਉੱਤੇ ਜ਼ਬਤ ਹੋਇਆ ਸਾਹਿਤ ਵੰਡਣ ਦਾ ਸ਼ੱਕ ਹੋਇਆ ਤਾਂ ਉਹ ਉਹਨਾਂ ਨੂੰ ਜੇਲ੍ਹ ਵਿੱਚ ਸੁੱਟ ਦੇਣਗੇ ?" ਪਾਵੇਲ ਨੇ ਪੁੱਛਿਆ।

"ਹਾਂ, ਜ਼ਰੂਰ ਹੀ," ਰੀਬਿਨ ਨੇ ਜਵਾਬ ਦਿੱਤਾ। "ਤਾਂ ਕੀ ਹੋਇਆ ?"

"ਪਰ ਕਸੂਰ ਤਾਂ ਤੇਰਾ ਏ, ਉਹਨਾਂ ਦਾ ਨਹੀਂ। ਉਹਨਾਂ ਨੂੰ ਤੈਨੂੰ ਜੇਲ੍ਹ ਵਿੱਚ ਸੁੱਟਣਾ ਚਾਹੀਦੈ।..."

"ਅਜੀਬ ਬੰਦਾ ਏਂ !" ਰੀਬਿਨ ਨੇ ਆਪਣੇ ਗੋਡੇ ਉੱਤੇ ਹੱਥ ਮਾਰ ਕੇ ਕਿਹਾ। "ਮੇਰੇ ਉੱਤੇ ਕਿਸੇ ਕਦੀ ਸ਼ੱਕ ਨਹੀਂ ਕਰਨਾ ! ਮੂਜ਼ੀਕ ਅਜਿਹੇ ਕੰਮ ਨਹੀਂ ਕਰਦੇ। ਕਿਤਾਬਾਂ ਤਾਂ ਸਾਊਆਂ ਦਾ ਕੰਮ ਏ ਤੇ ਉਹਨਾਂ ਨੂੰ ਹੀ ਇਹਨਾਂ ਲਈ ਜਵਾਬਦੇਹ ਹੋਣਾ ਪਵੇਗਾ।..."

ਮਾਂ ਨੂੰ ਮਹਿਸੂਸ ਹੋਇਆ ਕਿ ਪਾਵੇਲ ਨੇ ਰੀਬਿਨ ਦੀ ਗੱਲ ਨਹੀਂ ਸਮਝੀ। ਉਹਨੇ ਆਪਣੇ ਪੁੱਤਰ ਨੂੰ ਅੱਖਾਂ ਸੁੰਗੇੜਦੇ ਵੇਖਿਆ, ਅਤੇ ਇਹਦਾ ਮਤਲਬ ਸੀ ਉਹ ਗੁੱਸੇ ਹੈ।

"ਮਿਖਾਈਲੋ ਈਵਾਨੋਵਿਚ ਕੰਮ ਤਾਂ ਆਪ ਕਰਨਾ ਚਾਹੁੰਦੈ, ਪਰ ਚਾਹੁੰਦੈ ਅਲਜ਼ਾਮ

ਹੋਰਨਾਂ ਸਿਰ ਲੱਗੇ," ਮਾਂ ਨੇ ਧਿਆਨ ਅਤੇ ਨਰਮੀ ਨਾਲ਼ ਕਿਹਾ।

"ਇਹੋ ਤਾਂ ਗੱਲ ਏ," ਰੀਬਿਨ ਨੇ ਆਪਣੀ ਦਾੜ੍ਹੀ ਪਲੋਸਦੇ ਹੋਏ ਕਿਹਾ। "ਹਾਲ ਦੀ ਘੜੀ।"

"ਸੁਣ ਮਾਂ," ਪਾਵੇਲ ਨੇ ਰੁਖਾਈ ਨਾਲ਼ ਕਿਹਾ, "ਜੇ ਸਾਡੇ ਬੰਦਿਆਂ ਵਿੱਚੋਂ ਕੋਈ ਇੱਕ, ਮਿਸਾਲ ਵਜੋਂ ਆਂਦਰੇਈ, ਮੇਰੀ ਪਿੱਠ ਪਿੱਛੇ ਛੁਪੇ ਅਤੇ ਇਸ ਲਈ ਮੈਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਵੇ ਤਾਂ ਇਹ ਗੱਲ ਤੈਨੂੰ ਕਿੰਨੀ ਕੁ ਚੰਗੀ ਲੱਗੇਗੀ ?"

ਮਾਂ ਕੁਝ ਕੁ ਤਰਭਕੀ ਅਤੇ ਹੈਰਾਨੀ ਨਾਲ਼ ਆਪਣੇ ਪੁੱਤਰ ਵੱਲ ਵੇਖਿਆ।

"ਆਪਣੇ ਸਾਥੀ ਨਾਲ਼ ਇਹੋ ਜਿਹੀ ਚਾਲ ਕੌਣ ਚੱਲ ਸਕਦੈ ?" ਉਹਨੇ ਸਿਰ ਹਿਲਾਉਂਦੇ ਹੋਏ ਪੁੱਛਿਆ।

"ਹੂੰ-ਊਂ-ਊਂ," ਰੀਬਿਨ ਨੇ ਲਮਕਾ ਕੇ ਕਿਹਾ। "ਮੈਂ ਤੇਰਾ ਮਤਲਬ ਸਮਝਦਾਂ, ਪਾਵੇਲ !"

ਉਹਨੇ ਮਾਂ ਨੂੰ ਖਚਰੇ ਢੰਗ ਨਾਲ਼ ਅੱਖ ਮਾਰੀ।

"ਇਹ ਗੁੰਝਲਦਾਰ, ਔਖਾ ਮਾਮਲਾ ਏ ਮਾਂ," ਉਹਨੇ ਕਿਹਾ।

ਫਿਰ ਪਾਵੇਲ ਵੱਲ ਮੁੜਦੇ ਅਤੇ ਸਿੱਖਿਆਦਾਇਕ ਢੰਗ ਅਪਣਾਉਂਦੇ ਹੋਏ ਉਹਨੇ ਕਿਹਾ:

"ਭਰਾਵਾ ! ਤੂੰ ਬੱਚਿਆਂ ਵਾਂਗ ਸੋਚਦਾ ਏਂ। ਖ਼ੁਫ਼ੀਆ ਕੰਮ ਕਰਦੇ ਹੋਏ ਬੰਦਾ ਇਮਾਨਦਾਰ ਹੋਣ ਦਾ ਫ਼ਿਕਰ ਨਹੀਂ ਕਰ ਸਕਦਾ। ਤੂੰ ਆਪ ਇਨਸਾਫ਼ ਕਰ: ਸਭ ਤੋਂ ਪਹਿਲਾਂ, ਉਹ ਜਿਸਨੂੰ ਜੇਲ੍ਹ ਵਿੱਚ ਸੁੱਟਣਗੇ ਉਹ ਉਸਤਾਦ ਉੱਕਾ ਨਹੀਂ ਹੋਣਗੇ, ਸਗੋਂ ਉਹ ਬੰਦਾ ਹੋਵੇਗਾ, ਜਿਸ ਤੋਂ ਕਿਤਾਬ ਫੜੀ ਜਾਵੇਗੀ। ਪਹਿਲੀ ਗੱਲ ਤਾਂ ਇਹ ਵੇ। ਦੂਜੇ: ਭਾਵੇਂ ਉਸਤਾਦ ਬਸ ਮਨਜ਼ੂਰ ਹੋਈਆਂ ਕਿਤਾਬਾਂ ਹੀ ਵਰਤਦੇ ਨੇ ਜਿਹੜਾ ਖ਼ਿਆਲ ਉਹ ਸਿਖਾਉਂਦੇ ਨੇ ਉਹ ਉਹੋ ਏ। ਬਸ ਲਫ਼ਜ਼ ਵੱਖਰੇ ਨੇ — ਘੱਟ ਸੱਚੇ। ਮੁਕਦੀ ਗੱਲ, ਮੰਸ਼ਾ ਉਹਨਾਂ ਦੀ ਵੀ ਉਹੋ ਏ ਜਿਹੜਾ ਮੇਰਾ, ਪਰ ਉਹ ਵਲ ਪਾ ਕੇ ਓਧਰ ਜਾ ਰਹੇ ਨੇ ਤੇ ਮੈਂ ਸਿੱਧੇ ਗਾਡੀ ਰਾਹ ਤੋਂ। ਮਾਲਕਾਂ ਦੀ ਨਿਗਾਹ ਵਿੱਚ ਅਸੀਂ ਦੋਵੇਂ ਕਸੂਰਵਾਰ ਵਾਂ, ਹਾਂ ਕਿ ਨਹੀਂ ? ਤੀਜੇ: ਮੈਨੂੰ ਉਹਨਾਂ ਦੀ ਭੋਰਾ ਜਿੰਨੀ ਵੀ ਪ੍ਰਵਾਹ ਨਹੀਂ, ਭਰਾ ! ਤੁਸੀਂ ਪੈਦਲ ਫ਼ੌਜ ਨੂੰ ਕਦੀ ਰਸਾਲੇ ਦਾ ਯਾਰ ਨਹੀਂ ਬਣਾ ਸਕਦੇ। ਹੋ ਸਕਦੈ ਮੈਂ ਕਿਸੇ ਮੂਜ਼ੀਕ ਨਾਲ਼ ਅਜਿਹਾ ਨਾ ਕਰਾਂ। ਪਰ ਉਹਨਾਂ ਨਾਲ਼ — ਇੱਕ ਤਾਂ ਪਾਦਰੀ ਦਾ ਪੁੱਤਰ ਏ ਤੇ ਦੂਜੀ ਅਮੀਰ ਜਾਗੀਰਦਾਰ ਦੀ ਧੀ — ਉਹ ਕਿਉਂ ਲੋਕਾਂ ਨੂੰ ਭੜਕਾਂਦੇ ਫਿਰਦੇ ਨੇ ? ਇਹ ਮੇਰਾ, ਇੱਕ ਮੂਜ਼ੀਕ ਦਾ ਕੰਮ ਨਹੀਂ ਕਿ ਉਹਨਾਂ ਦੇ ਦਿਲ ਪੜ੍ਹਦਾ ਫਿਰਾਂ। ਮੈਨੂੰ ਪਤੈ ਮੈਂ ਕੀ ਕਰ ਰਿਹਾਂ, ਪਰ ਮੈਨੂੰ ਇਸ ਗੱਲ ਦੀ ਉੱਕਾ ਹੀ ਸਮਝ ਨਹੀਂ ਉਹ ਕੀ ਚਾਹੁੰਦੇ ਨੇ। ਹਜ਼ਾਰ ਵਰ੍ਹਿਆਂ ਤੋਂ ਸਾਊ ਲੋਕ ਉਹੋ ਕੁਝ ਕਰਦੇ ਆਏ ਨੇ ਜੋ ਉਹਨਾਂ ਤੋਂ ਆਸ ਕੀਤੀ ਜਾ ਸਕਦੀ ਸੀ — ਮੂਜ਼ੀਕ ਦੀ ਖੱਲ੍ਹ ਉਧੇੜਨੀ। ਹੁਣ ਉਹ ਅਚਾਨਕ ਜਾਗ ਪਏ ਨੇ ਤੇ ਆਪਣੇ ਹੱਥਾਂ ਨਾਲ਼ ਮੂਜ਼ੀਕ ਦੀਆਂ ਅੱਖਾਂ ਤੋਂ ਖੋਪੇ ਲਾਹੁਣਾ ਚਾਹੁੰਦੇ ਨੇ। ਮੈਂ ਪਰੀ ਕਹਾਣੀਆਂ ਵਿੱਚ ਯਕੀਨ ਨਹੀਂ ਰੱਖਦਾ ਤੇ ਇਹ ਗੱਲ ਮੈਨੂੰ ਬਹੁਤ ਜ਼ਿਆਦਾ ਪਰੀ ਕਹਾਣੀ ਜਿਹੀ ਜਾਪਦੀ ਏ। ਮੇਰੇ ਤੇ ਸਾਊਆਂ ਵਿਚਕਾਰ ਬਹੁਤ ਵਿੱਥ ਏ। ਕਈ ਵਾਰ ਜਦੋਂ ਤੁਸੀਂ ਸਰਦੀਆਂ ਵਿੱਚ ਘੋੜੇ ਉੱਤੇ ਚੜ੍ਹੇ ਖੇਤਾਂ ਵਿੱਚੋਂ ਜਾ ਰਹੇ ਹੁੰਦੇ ਹੋ, ਤੁਹਾਨੂੰ ਦੂਰ ਕੋਈ ਸ਼ੈਅ ਅੱਖ ਦੇ ਪਲਕਾਰੇ ਲਈ ਦਿੱਸਦੀ ਏ। ਇਹ ਕੀ ਏ ? ਬਘਿਆੜ

ਜਾਂ ਲੂੰਬੜ ਜਾਂ ਕੁੱਤਾ? ਕਹਿ ਨਹੀਂ ਸਕਦੇ। ਵਿੱਥ ਬਹੁਤ ਹੁੰਦੀ ਏ।"

ਮਾਂ ਨੇ ਆਪਣੇ ਪੁੱਤਰ ਵੱਲ ਵੇਖਿਆ। ਉਹ ਨਿਮੋਝੂਣਾ ਜਾਪਦਾ ਸੀ।

ਰੀਬਿਨ ਬੜੀ ਮਗਨਤਾ ਨਾਲ਼ ਪਾਵੇਲ ਵੱਲ ਵੇਖ ਰਿਹਾ ਸੀ ਅਤੇ ਆਪਣੀ ਦਾੜ੍ਹੀ ਵਿੱਚ ਉਂਗਲਾਂ ਨਾਲ਼ ਕੰਘੀ ਕਰ ਰਿਹਾ ਸੀ, ਉਹਦੀਆਂ ਅੱਖਾਂ ਕਿਸੇ ਗੂੜ੍ਹੀ ਰੌਸ਼ਨੀ ਨਾਲ਼ ਚਮਕ ਰਹੀਆਂ ਸਨ।

"ਚੰਗੇ ਚੱਜ ਵਿਹਾਰ ਬਾਰੇ ਸੋਚਣ ਦਾ ਸਮਾਂ ਨਹੀਂ," ਉਹਨੇ ਗੱਲ ਜਾਰੀ ਰੱਖੀ। "ਜ਼ਿੰਦਗੀ ਕਰੜੀ ਏ। ਕੁੱਤਿਆਂ ਦੀ ਟੋਲੀ ਭੇਡਾਂ ਦੇ ਵੱਗ ਜਿਹੀ ਨਹੀਂ ਹੁੰਦੀ—ਹਰ ਕੁੱਤਾ ਆਪਣੇ ਢੰਗ ਨਾਲ਼ ਭੌਂਕਦੈ।..."

"ਅਜਿਹੇ ਵੀ ਸਾਊ ਲੋਕ ਨੇ ਜਿਹੜੇ ਆਮ ਲੋਕਾਂ ਦੀ ਖ਼ਾਤਰ ਮੌਤ ਸਹੇੜਦੇ ਨੇ," ਮਾਂ ਨੇ ਜਾਣੇ ਪਛਾਣੇ ਮੂੰਹਾਂ ਬਾਰੇ ਸੋਚਦੇ ਹੋਏ ਕਿਹਾ। "ਜਿਹੜੇ ਆਪਣੀ ਸਾਰੀ ਜ਼ਿੰਦਗੀ ਜੇਲ੍ਹਾਂ ਵਿੱਚ ਗੁਜ਼ਾਰ ਦੇਂਦੇ ਨੇ।..."

"ਉਹ ਖ਼ਾਸ ਕਿਸਮ ਦੇ ਬੰਦੇ ਨੇ," ਰੀਬਿਨ ਨੇ ਕਿਹਾ। "ਮੂਜ਼ੀਕ ਅਮੀਰ ਹੋ ਜਾਂਦੇ ਨੇ ਤੇ ਸਾਊਆਂ ਵਿੱਚ ਰਲ ਜਾਂਦੇ ਨੇ; ਸਾਊ ਲੋਕ ਗ਼ਰੀਬ ਹੋ ਜਾਂਦੇ ਨੇ ਤੇ ਮੂਜ਼ੀਕਾਂ ਵਿੱਚ ਸ਼ਾਮਲ ਹੋ ਜਾਂਦੇ ਨੇ। ਭਾਵੇਂ ਕੁਝ ਹੋਵੇ, ਜਦੋਂ ਬੰਦੇ ਦਾ ਖੀਸਾ ਖ਼ਾਲੀ ਹੁੰਦੈ ਉਹਦੀ ਰੂਹ ਪਾਕ ਹੁੰਦੀ ਏ। ਪਾਵੇਲ, ਯਾਦ ਈ ਤੂੰ ਮੈਨੂੰ ਕਿਵੇਂ ਸਮਝਾਇਆ ਸੀ? ਬੰਦੇ ਦੀ ਜ਼ਿੰਦਗੀ ਕਿਹੋ ਜਿਹੀ ਏ, ਇਸ ਨਾਲ ਉਹਦੇ ਸੋਚਣ ਦੇ ਢੰਗ ਦਾ ਫ਼ੈਸਲਾ ਹੁੰਦੈ। ਇਹੋ ਤਾਂ ਗੱਲ ਏ! ਜੇ ਕਿਰਤੀ ਕਹੇ 'ਹਾਂ' ਤਾਂ ਉਹਦਾ ਮਾਲਕ 'ਨਾਂਹ' ਕਹਿੰਦੈ; ਜੇ ਕਿਰਤੀ 'ਨਾਂਹ' ਕਹੇ ਤਾਂ ਉਹਦਾ ਮਾਲਕ 'ਹਾਂ' ਕਹਿੰਦੈ। ਇਹ ਉਹਨਾਂ ਦੀ ਖ਼ਸਲਤ ਏ। ਸੋ, ਮੂਜ਼ੀਕ ਤੇ ਜਾਗੀਰਦਾਰ ਵਿਚਕਾਰ ਵੀ ਇਹੋ ਫ਼ਰਕ ਏ। ਜੇ ਉਹਨੂੰ ਦਿੱਸ ਪਵੇ ਕਿ ਮੂਜ਼ੀਕ ਨੂੰ ਢਿੱਡ ਭਰ ਕੇ ਖਾਣ ਨੂੰ ਮਿਲਦੈ ਤਾਂ ਜਾਗੀਰਦਾਰ ਦਾ ਤਾਂ ਜੀਅ ਕੱਚਾ ਹੋਣ ਲੱਗ ਪਵੇਗਾ। ਸੁਭੌਕੀ ਈ, ਹਰ ਸ਼੍ਰੇਣੀ ਵਿੱਚ ਉਹਦੇ ਆਪਣੇ ਕੁੱਤੀ ਦੇ ਪੁੱਤਰ ਹੁੰਦੇ ਨੇ ਤੇ ਮੈਂ ਸਭਨਾਂ ਮੂਜ਼ੀਕਾਂ ਦੀ ਹਮੈਤ ਨਹੀਂ ਕਰ ਰਿਹਾ।..."

ਉਹ ਖੜਾ ਹੋ ਗਿਆ, ਤਕੜਾ ਤੇ ਘੂਰਦਾ, ਉਹਦੇ ਨਕਸ਼ ਧੁੰਦਲੇ ਪੈ ਗਏ, ਉਹਦੀ ਦਾੜ੍ਹੀ ਕੰਬ ਰਹੀ ਸੀ, ਜਿਵੇਂ ਉਹਨੇ ਚੁੱਪ ਚਾਪ ਦੰਦ ਕਰੀਚ ਲਏ ਹੋਣ।

"ਪੰਜ ਵਰ੍ਹੇ ਮੈਂ ਕਾਰਖ਼ਾਨਿਉਂ ਕਾਰਖ਼ਾਨੇ ਜਾਂਦਾ ਰਿਹਾ — ਇਹ ਭੁੱਲ ਈ ਗਿਆ ਕਿ ਪਿੰਡ ਕਿਹੋ ਜਿਹਾ ਹੁੰਦੈ," ਉਹਨੇ ਵਧੇਰੇ ਨਰਮ ਢੰਗ ਨਾਲ਼ ਆਪਣੀ ਗੱਲ ਜਾਰੀ ਰੱਖੀ। "ਅਖ਼ੀਰ ਜਦੋਂ ਮੈਂ ਪਿੰਡ ਗਿਆ ਤਾਂ ਮੈਂ ਸਮਝ ਗਿਆ ਕਿ ਮੈਂ ਹੁਣ ਹੋਰ ਉਸ ਢੰਗ ਨਾਲ਼ ਨਹੀਂ ਸਾਂ ਰਹਿ ਸਕਦਾ! ਸਮਝਿਐਂ? ਰਹਿ ਹੀ ਨਹੀਂ ਸਾਂ ਸਕਦਾ! ਇੱਥੇ ਰਹਿੰਦੇ ਹੋਏ ਤੁਸੀਂ ਉੱਥੇ ਹੁੰਦੀ ਬੇਇਨਸਾਫ਼ੀ ਨਹੀਂ ਵੇਖ ਸਕਦੇ। ਉੱਥੇ ਭੁੱਖ ਉਹਨਾਂ ਦੇ ਪਰਛਾਵੇਂ ਵਾਂਗ ਲੋਕਾਂ ਦਾ ਪਿੱਛਾ ਕਰਦੀ ਏ ਤੇ ਖਾਣਾ ਮਿਲਣ ਦੀ ਆਸ ਕੋਈ ਹੁੰਦੀ ਨਹੀਂ। ਉੱਕਾ ਹੀ ਨਹੀਂ ਹੁੰਦੀ! ਭੁੱਖ ਲੋਕਾਂ ਦੀਆਂ ਰੂਹਾਂ ਹੜਪ ਕਰ ਜਾਂਦੀ ਏ ਤੇ ਉਹਨਾਂ ਦੀਆਂ ਦੇਹਾਂ ਤੋਂ ਇਨਸਾਨੀ ਮੂੰਹ ਖਾ ਜਾਂਦੀ ਏ। ਉਹ ਜਿਊਂਦੇ ਨਹੀਂ: ਉਹ ਤਾਂ ਬੱਸ ਆਪਣੀ ਅਮੁੱਕ ਥੁੜ ਵਿੱਚ ਸੜ ਰਹੇ ਨੇ।... ਅਫ਼ਸਰ ਬਾਜ਼ਾਂ ਵਾਂਗ ਉਹਨਾਂ ਉੱਤੇ ਨਿਗਾਹ ਰੱਖਦੇ ਨੇ, ਇਹ ਪੱਕੀ ਕਰਨ ਲਈ ਕਿ ਉਹਨਾਂ ਨੂੰ ਕੁਝ ਵਾਧੂ ਨਾ ਮਿਲ

ਜਾਵੇ। ਜੇ ਉਹ ਕਿਸੇ ਮੁਜ਼ੀਕ ਕੋਲ਼ ਕੁਝ ਵੇਖ ਲੈਣ ਤਾਂ ਉਹ ਇਹ ਖੋਹ ਲੈਂਦੇ ਨੇ ਅਤੇ ਉਹਦੇ ਮੂੰਹ 'ਤੇ ਇੱਕ ਜੜਦੇ ਨੇ।..."

ਰੀਬਿਨ ਨੇ ਚਾਰੇ ਪਾਸੇ ਵੇਖਿਆ, ਫਿਰ ਮੇਜ਼ ਦੇ ਉੱਤੋਂ ਪਾਵੇਲ ਵੱਲ ਝੁਕਿਆ:

"ਉਸ ਜ਼ਿੰਦਗੀ ਵਿੱਚ ਮੁੜਨ ਨੇ ਮੇਰੇ ਢਿੱਡ ਵਿੱਚ ਮਰੋੜ ਉਠਾ ਦਿੱਤਾ। ਮੈਂ ਸੋਚਿਆ ਮੈਂ ਇਹ ਸਹਾਰ ਨਹੀਂ ਸਕਾਂਗਾ। ਫਿਰ ਮੈਂ ਆਪਣੇ ਆਪ ਨੂੰ ਕਿਹਾ: 'ਤੈਨੂੰ ਇਹ ਸਹਾਰਨਾ ਹੀ ਪਵੇਗਾ। ਹੋ ਸਕਦੈ ਤੂੰ ਉਹਨਾਂ ਨੂੰ ਰੋਟੀ ਨਾ ਦੇ ਸਕੇ, ਪਰ ਕਾਹੜਨੀ ਵਿੱਚ ਚੰਗਾ ਉਬਾਲ ਤਾਂ ਲਿਆ ਸੀ ਸਕੇਂਗਾ!' ਤੇ ਮੈਂ ਉੱਥੇ ਹੀ ਰਹਿਣ ਲੱਗ ਪਿਆ, ਮੈਨੂੰ ਜਿਹੜਾ ਗੁੱਸਾ ਸੀ ਉਸ ਨਾਲ਼ ਮੇਰਾ ਦਿਲ ਲਗਭਗ ਫਟਣ ਹੀ ਲੱਗਾ ਸੀ। ਅਤੇ ਉਹ ਗੁੱਸਾ ਅੱਜੇ ਵੀ ਉਸੇ ਤਰ੍ਹਾਂ ਹੈ, ਮੇਰੇ ਦਿਲ ਵਿੱਚ ਛੁਰੇ ਵਾਂਗ ਖੁੱਭਿਆ ਹੋਇਆ।"

ਹੌਲ਼ੀ ਹੌਲ਼ੀ ਉਹ ਪਾਵੇਲ ਕੋਲ਼ ਗਿਆ ਅਤੇ ਉਹਦੇ ਮੋਢੇ ਉੱਤੇ ਹੱਥ ਰੱਖਿਆ। ਉਹਦੇ ਮੱਥੇ ਤੋਂ ਪਸੀਨਾ ਚੋ ਰਿਹਾ ਸੀ ਅਤੇ ਉਹਦਾ ਹੱਥ ਕੰਬ ਰਿਹਾ ਸੀ।

"ਮੈਨੂੰ ਤੇਰੀ ਮਦਦ ਚਾਹੀਦੀ ਏ! ਮੈਨੂੰ ਕਿਤਾਬਾਂ ਦਿਓ, ਜਿਨ੍ਹਾਂ ਨੂੰ ਪੜ੍ਹ ਕੇ ਬੰਦੇ ਦੀ ਨੀਂਦ ਹਰਾਮ ਹੋ ਜਾਵੇ। ਅਸੀਂ ਉਹਨਾਂ ਦੀਆਂ ਖੋਪੜੀਆਂ ਹੇਠ ਝਾਉ ਵਾੜਨਾ ਚਾਹੁੰਦੇ ਹਾਂ, ਜਿਸ ਦੇ ਕੰਡੇ ਤਿੱਖੇ ਹੋਣ! ਜਿਹੜੇ ਲੋਕ ਤੁਹਾਡੇ ਲਈ ਲਿਖਦੇ ਨੇ ਉਹਨਾਂ ਨੂੰ ਕਹੋ ਕਿ ਪਿੰਡਾਂ ਬਾਰੇ ਵੀ ਲਿਖਣ। ਅਜਿਹੇ ਲਫ਼ਜ਼ ਲਿਖਣ ਜਿਨ੍ਹਾਂ ਵਿੱਚੋਂ ਅੱਗ ਸਿੰਮਦੀ ਹੋਵੇ! ਤਾਂ ਜੁ ਲੋਕ ਕਾਜ਼ ਲਈ ਜਾਨ ਦੇ ਦੇਣ!"

ਉਹਨੇ ਆਪਣੀ ਬਾਂਹ ਉਲਾਰੀ ਅਤੇ ਇੱਕ ਇੱਕ ਲਫ਼ਜ਼ ਵੱਖ ਵੱਖ ਅਤੇ ਸਾਫ਼ ਸਾਫ਼ ਉਚਾਰਿਆ।

"ਮੌਤ ਹੀ ਮੌਤ ਉੱਤੇ ਜਿੱਤ ਪਾਏਗੀ! ਦੂਜੇ ਲਫ਼ਜ਼ਾਂ ਵਿੱਚ ਲੋਕਾਂ ਨੂੰ ਸੁਰਜੀਤ ਕਰਨ ਲਈ ਮਰੋ! ਅਸੀਂ ਹਜ਼ਾਰਾਂ ਦੀ ਗਿਣਤੀ ਵਿੱਚ ਮਰ ਜਾਈਏ ਤਾਂ ਜੁ ਸਾਰੀ ਧਰਤੀ ਉੱਤੇ ਲਖੂਖਾਂ ਲੋਕ ਸੁਰਜੀਤ ਹੋ ਜਾਣ! ਇਹ ਏ ਗੱਲ! ਮੋਇਆਂ ਨੂੰ ਜਿਵਾਉਣ ਲਈ ਮਰਨਾ ਸੌਖਾ ਏ! ਜੇ ਕਿਤੇ ਲੋਕ ਉੱਠ ਖੜੇ ਹੋਣ!"

ਮਾਂ ਸਾਮਾਵਰ ਅੰਦਰ ਲਿਆਈ ਅਤੇ ਕਾਣੀ ਅੱਖ ਨਾਲ਼ ਰੀਬਿਨ ਵੱਲ ਵੇਖਿਆ। ਉਹਨੂੰ ਜਾਪਿਆ ਕਿ ਉਹਦੀ ਗੱਲ ਦੇ ਭਾਰ ਅਤੇ ਬਲ ਨੇ ਉਹਨੂੰ ਕੁਚਲ ਦਿੱਤਾ ਹੈ। ਉਹਦੇ ਵਿੱਚ ਕੁਝ ਅਜਿਹਾ ਸੀ ਜਿਹੜਾ ਮਾਂ ਨੂੰ ਉਹਦੇ ਘਰ ਵਾਲ਼ੇ ਦੀ ਯਾਦ ਦਿਵਾਉਂਦਾ। ਉਹਦਾ ਘਰ ਵਾਲ਼ਾ ਇਸੇ ਤਰ੍ਹਾਂ ਦੰਦ ਕੱਢਦਾ ਸੀ ਅਤੇ ਇਸੇ ਤਰ੍ਹਾਂ ਹੱਥ ਹਿਲਾਇਆ ਅਤੇ ਬਾਹਵਾਂ ਕੁੰਜਿਆ ਕਰਦਾ ਸੀ। ਅਤੇ ਉਹ ਵੀ ਬੇਚੈਨ ਗੁੱਸੇ ਨਾਲ਼ ਭਰਿਆ ਹੋਇਆ ਸੀ। ਬੇਚੈਨ ਪਰ ਅਬੋਲ, ਜਿੱਥੇ ਕਿ ਇਹ ਬੰਦਾ ਆਪਣੇ ਗੁੱਸੇ ਨੂੰ ਲਫ਼ਜ਼ਾਂ ਦਾ ਰੂਪ ਦੇ ਰਿਹਾ ਸੀ। ਇਸ ਤਰ੍ਹਾਂ ਉਹ ਘੱਟ ਡਰਾਉਣਾ ਬਣ ਜਾਂਦਾ।

"ਇਹ ਸਾਨੂੰ ਕਰਨਾ ਹੀ ਪਵੇਗਾ," ਪਾਵੇਲ ਨੇ ਸਿਰ ਹਿਲਾ ਕੇ ਕਿਹਾ। "ਸਾਨੂੰ ਤੱਥ ਦਿਓ ਤੇ ਅਸੀਂ ਤੁਹਾਡੇ ਲਈ ਅਖ਼ਬਾਰ ਛਾਪ ਦਿਆਂਗੇ।..."

ਮਾਂ ਨੇ ਮੁਸਕਰਾ ਕੇ ਆਪਣੇ ਪੁੱਤਰ ਵੱਲ ਤੱਕਿਆ ਅਤੇ ਸਿਰ ਹਿਲਾਇਆ। ਫਿਰ ਚੁੱਪ

ਚਾਪ ਕੱਪੜੇ ਪਾਏ ਤੇ ਬਾਹਰ ਚਲੀ ਗਈ।

"ਬਹੁਤ ਅੱਛਾ! ਅਸੀਂ ਤੁਹਾਨੂੰ ਸਮੱਗਰੀ ਦਿਆਂਗੇ। ਇੰਨੀ ਸਾਦਾ ਬੋਲੀ ਵਿੱਚ ਲਿਖੋ ਕਿ ਗਊਆਂ ਵੀ ਉਹਨੂੰ ਸਮਝ ਲੈਣ!" ਗੀਬਿਨ ਕੂਕਿਆ।

ਰਸੋਈ ਦਾ ਦਰਵਾਜ਼ਾ ਖੁੱਲ੍ਹਾ ਅਤੇ ਕੋਈ ਅੰਦਰ ਆਇਆ।

"ਇਹ ਯੇਫ਼ੀਮ ਏ," ਗੀਬਿਨ ਨੇ ਰਸੋਈ ਵਿੱਚ ਝਾਤ ਮਾਰਦੇ ਹੋਏ ਕਿਹਾ। "ਐਧਰ ਆ ਯੇਫ਼ੀਮ! ਇਹ ਪਾਵੇਲ ਏ। ਮੈਂ ਤੈਨੂੰ ਉਹਦੀ ਬਾਬਤ ਦੱਸਿਆ ਸੀ।"

ਪਾਵੇਲ ਦੇ ਸਾਹਮਣੇ ਇੱਕ ਲੰਮਾ, ਕੱਕੇ ਵਾਲਾਂ, ਅਤੇ ਚੌੜੇ ਮੂੰਹ ਵਾਲ਼ਾ ਜਵਾਨ ਖੜਾ ਸੀ, ਜਿਸਨੇ ਇੱਕ ਨਿੱਕੀ ਪੋਸਤੀਨ ਪਹਿਨੀ ਹੋਈ ਸੀ, ਆਪਣੀ ਟੋਪੀ ਆਪਣੇ ਹੱਥ ਵਿੱਚ ਫੜੀ ਹੋਈ ਸੀ ਅਤੇ ਸੁੰਗੇੜਿਆਂ ਭਰਵੱਟਿਆਂ ਹੇਠੋਂ ਉਹਦੇ ਵੱਲ ਆਪਣੀਆਂ ਭੂਰੀਆਂ ਅੱਖਾਂ ਨਾਲ਼ ਵੇਖ ਰਿਹਾ ਸੀ। ਉਹ ਬਹੁਤ ਤਕੜਾ ਜਾਪਦਾ ਸੀ।

"ਤੈਨੂੰ ਮਿਲ ਕੇ ਬਹੁਤ ਖੁਸ਼ੀ ਹੋਈ!" ਉਹਨੇ ਘੱਗੀ ਅਵਾਜ਼ ਵਿੱਚ ਕਿਹਾ, ਅਤੇ ਫਿਰ ਜਦੋਂ ਉਹ ਹੱਥ ਮਿਲਾ ਚੁੱਕਾ ਤਾਂ ਉਹਨੇ ਆਪਣੀਆਂ ਉਂਗਲਾਂ ਆਪਣੇ ਲੰਮੇ ਸਿੱਧੇ ਵਾਲਾਂ ਵਿੱਚ ਫੇਰੀਆਂ। ਕਮਰੇ ਵਿੱਚ ਚਾਰੇ ਪਾਸੇ ਵੇਖਦੇ ਉਹਦੀ ਨਿਗਾਹ ਕਿਤਾਬਾਂ ਉੱਤੇ ਪਈ ਅਤੇ ਫਿਰ ਹੌਲ਼ੀ ਹੌਲ਼ੀ, ਜਿਵੇਂ ਛਹਿੜ ਕੇ ਜਾ ਰਿਹਾ ਹੋਵੇ, ਉਹ ਉਹਨਾਂ ਵੱਲ ਵੱਧਣ ਲੱਗ ਪਿਆ।

"ਉਹਨੇ ਵੇਖ ਲਈਆਂ ਨੇ!" ਗੀਬਿਨ ਨੇ ਅੱਖ ਮਾਰ ਕੇ ਪਾਵੇਲ ਨੂੰ ਕਿਹਾ। ਯੇਫ਼ੀਮ ਨੇ ਚਾਰੇ ਪਾਸੇ ਵੇਖਿਆ ਅਤੇ ਕਿਤਾਬਾਂ ਫਰੋਲਣ ਲੱਗ ਪਿਆ।

"ਕਿੰਨੀਆਂ ਕਿਤਾਬਾਂ ਨੇ!" ਉਹ ਬੋਲ ਉੱਠਿਆ। "ਤੇ ਸ਼ੈਦ ਤੇਰੇ ਕੋਲ਼ ਉਹਨਾਂ ਨੂੰ ਪੜ੍ਹਨ ਲਈ ਵਕਤ ਵੀ ਨਹੀਂ। ਜੇ ਤੂੰ ਪਿੰਡ ਵਿੱਚ ਰਹਿੰਦਾ ਤਾਂ ਤੇਰੇ ਕੋਲ਼ ਇਸ ਕੰਮ ਲਈ ਵਧੇਰੇ ਵਕਤ ਹੁੰਦਾ।..."

"ਪਰ ਘੱਟ ਸ਼ੌਂਕ?" ਪਾਵੇਲ ਨੇ ਪੁੱਛਿਆ।

"ਉਹ ਨਹੀਂ, ਸ਼ੌਂਕ ਵੀ ਬਥੇਰਾ ਹੁੰਦਾ," ਮੁੰਡੇ ਆਪਣੀ ਠੋਡੀ ਪਲੋਸਦੇ ਹੋਏ ਜਵਾਬ ਦਿੱਤਾ। "ਲੋਕਾਂ ਨੇ ਆਪਣੇ ਸਿਰ ਵਰਤਣੇ ਸ਼ੁਰੂ ਕਰ ਦਿੱਤੇ ਨੇ। 'ਭੂ-ਗਰਭ-ਵਿਗਿਆਨ' — ਇਹ ਕੀ ਏ?"

ਪਾਵੇਲ ਨੇ ਦੱਸਿਆ।

"ਸਾਨੂੰ ਇਹਦੀ ਲੋੜ ਨਹੀਂ," ਮੁੰਡੇ ਨੇ ਕਿਹਾ ਅਤੇ ਕਿਤਾਬ ਵਾਪਸ ਫੱਟੇ ਉੱਤੇ ਰੱਖ ਦਿੱਤੀ।

"ਮੂਜ਼ੀਕ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਧਰਤੀ ਕਿੱਥੋਂ ਆਈ ਏ।" ਗੀਬਿਨ ਨੇ ਜ਼ੋਰ ਦਾ ਹਉਕਾ ਭਰ ਕੇ ਕਿਹਾ। "ਉਹਨੂੰ ਤਾਂ ਇਸ ਗੱਲ ਵਿੱਚ ਦਿਲਚਸਪੀ ਹੈ ਕਿ ਇਹਦੀ ਵੰਡ ਕਿਵੇਂ ਹੋਈ ਹੈ, ਕਿਵੇਂ ਜਾਗੀਰਦਾਰਾਂ ਨੇ ਉਹਦੀਆਂ ਅੱਖਾਂ ਸਾਹਮਣੇ ਇਹਨੂੰ ਚੁਰਾ ਲਿਆ। ਉਹਦੇ ਲਈ ਇਸ ਨਾਲ਼ ਕੀ ਫ਼ਰਕ ਪੈਂਦੈ ਕਿ ਇਹ ਚਲਦੀ ਏ ਜਾਂ ਅਹਿਲ ਰਹਿੰਦੀ ਏ? ਇਹਨੂੰ ਕਿੱਲੀ ਉੱਤੇ ਟੰਗ ਦਿੱਤਾ ਜਾਵੇ ਜਾਂ ਕਿੱਲਾਂ ਨਾਲ਼ ਜੜ ਦਿੱਤਾ ਜਾਵੇ, ਮੂਜ਼ੀਕ ਨੂੰ ਕੋਈ ਫ਼ਰਕ ਨਹੀਂ ਪੈਂਦਾ, ਜਦੋਂ ਤੱਕ ਇਹ ਉਹਨੂੰ ਖਾਣਾ ਦੇਂਦੀ ਏ!..."

" 'ਗ਼ੁਲਾਮੀ ਦਾ ਇਤਿਹਾਸ'," ਯੇਫ਼ੀਮ ਨੇ ਪੜ੍ਹਿਆ। "ਕੀ ਇਹ ਸਾਡੇ ਬਾਰੇ ਏ ?"

"ਨਹੀਂ, ਪਰ ਇਸ ਕਿਤਾਬ ਵਿੱਚ ਰੂਸੀ ਖੇਤ–ਗੁਲਾਮੀ ਬਾਰੇ ਇੱਕ ਕਾਂਡ ਵੇ," ਪਾਵੇਲ ਨੇ ਇੱਕ ਹੋਰ ਪੁਸਤਕ ਉਹਨੂੰ ਦੇਂਦੇ ਹੋਏ ਕਿਹਾ। ਯੇਫ਼ੀਮ ਨੇ ਇਹ ਲਈ ਅਤੇ ਇਹਨੂੰ ਉਲਟਦਾ ਪੁਲਟਦਾ ਰਿਹਾ।

"ਇਹ ਤਾਂ ਬੀਤੇ ਦੀ ਗੱਲ ਏ," ਉਹਨੇ ਲਾਪਰਵਾਹੀ ਨਾਲ਼ ਕਿਹਾ ਅਤੇ ਕਿਤਾਬ ਰੱਖ ਦਿੱਤੀ।

"ਤੈਨੂੰ ਭੋਂ ਮਿਲੀ ਹੋਈ ਏ ?" ਪਾਵੇਲ ਨੇ ਪੁੱਛਿਆ।

"ਜ਼ਰੂਰ। ਮੇਰੇ ਅਤੇ ਮੇਰੇ ਦੋ ਭਰਾਵਾਂ ਕੋਲ਼ ਚਾਰ ਦੇਸੀਆਤਿਨ ਭੋਂ ਏ। ਨਿਰੀ ਰੇਤੀ, ਪਿੱਤਲ ਚਮਕਾਉਣ ਲਈ ਤਾਂ ਚੰਗੀ ਏ, ਪਰ ਖੇਤੀ ਲਈ ਕਿਸੇ ਕੰਮ ਦੀ ਨਹੀਂ।"

ਉਹ ਇੱਕ ਛਿਣ ਰੁਕਿਆ।

"ਪਰ ਮੈਂ ਭੋਂ ਛੱਡ ਆਇਆਂ। ਉਹ ਹੈ ਕਿਸ ਕੰਮ ਦੀ ? ਢਿੱਡ ਤਾਂ ਭਰਦੀ ਨਹੀਂ ਬਸ ਬੰਨ੍ਹੀ ਰੱਖਦੀ ਏ। ਚਾਰ ਵਰ੍ਹਿਆਂ ਤੋਂ ਮੈਂ ਖੇਤ–ਮਜ਼ਦੂਰ ਵਾਂ। ਪਤ–ਝੜ ਦੀ ਰੁੱਤੇ ਫ਼ੌਜੀ ਸੇਵਾ ਕਰਨੀ ਪਵੇਗੀ। ਚਾਚਾ ਮਿਖਾਇਲੋ ਕਹਿੰਦੈ ਮੈਂ ਨਾ ਜਾਵਾਂ। ਕਹਿੰਦੈ ਅੱਜ ਕੱਲ੍ਹ ਫ਼ੌਜੀਆਂ ਨੂੰ ਬੰਦਿਆਂ ਨੂੰ ਮਾਰਨ ਲਈ ਭੇਜਦੇ ਨੇ। ਪਰ ਮੇਰਾ ਖ਼ਿਆਲ ਏ ਮੈਂ ਜਾਵਾਂਗਾ। ਫ਼ੌਜੀ ਤਾਂ ਸਤੇਪਾਨ ਰਾਜ਼ਿਨ ਤੇ ਪੁਗਾਚੋਵ ਦੇ ਜ਼ਮਾਨੇ ਵਿੱਚ ਵੀ ਲੋਕਾਂ ਨੂੰ ਮਾਰਦੇ ਸਨ। ਸਮਾਂ ਆ ਗਿਐ ਇਸ ਗੱਲ ਦਾ ਅੰਤ ਕੀਤਾ ਜਾਵੇ, ਤੇਰਾ ਕੀ ਖ਼ਿਆਲ ਏ ?" ਉਹਨੇ ਤਾੜੀ ਲਾ ਕੇ ਪਾਵੇਲ ਵੱਲ ਵੇਖਦੇ ਹੋਏ ਕਿਹਾ।

"ਸੱਚਮੁਚ ਸਮਾਂ ਆ ਗਿਐ," ਪਾਵੇਲ ਨੇ ਮੁਸਕਰਾ ਕੇ ਕਿਹਾ। "ਪਰ ਇਹ ਸੌਖਾ ਨਹੀਂ। ਬੰਦੇ ਨੂੰ ਪਤਾ ਹੋਣਾ ਚਾਹੀਦੈ ਫ਼ੌਜੀਆਂ ਨੂੰ ਕੀ ਕਹਿਣੈ ਤੇ ਕਿਵੇਂ ਕਹਿਣੈ।..."

"ਅਸੀਂ ਸਿੱਖ ਲਵਾਂਗੇ," ਯੇਫ਼ੀਮ ਨੇ ਕਿਹਾ।

"ਜੇ ਅਫ਼ਸਰਾਂ ਨੂੰ ਪਤਾ ਲੱਗ ਗਿਆ ਤਾਂ ਉਹ ਸ਼ੈਦ ਤੈਨੂੰ ਗੋਲ਼ੀ ਮਾਰ ਦੇਣਗੇ," ਪਾਵੇਲ ਨੇ ਯੇਫ਼ੀਮ ਵੱਲ ਅਜੀਬ ਢੰਗ ਨਾਲ਼ ਵੇਖਦੇ ਹੋਏ ਕਿਹਾ।

"ਉਹਨਾਂ ਤੋਂ ਰਹਿਮ ਦੀ ਤਾਂ ਆਸ ਹੀ ਨਹੀਂ ਕੀਤੀ ਜਾ ਸਕਦੀ," ਮੁੰਡੇ ਨੇ ਕਿਤਾਬਾਂ ਵੱਲ ਮੁੜਦੇ ਹੋਏ ਠਰ੍ਹੰਮੇ ਨਾਲ਼ ਜਵਾਬ ਦਿੱਤਾ।

"ਯੇਫ਼ੀਮ ਚਾਹ ਪੀ ਲੈ," ਰੀਬਿਨ ਨੇ ਕਿਹਾ। "ਅਸੀਂ ਛੇਤੀ ਹੀ ਜਾਣੈ।"

"ਬਹੁਤ ਅੱਛਾ!" ਮੁੰਡੇ ਨੇ ਹੁੰਗਾਰਾ ਭਰਿਆ ਅਤੇ ਫਿਰ ਪੁੱਛਿਆ, "ਕੀ ਇਨਕਲਾਬ ਬਗ਼ਾਵਤ ਹੁੰਦੀ ਏ ?"

ਆਂਦਰੇਈ ਅੰਦਰ ਆਇਆ, ਹਮਾਮ ਤੋਂ ਲਾਲ ਸੂਹਾ ਹੋਇਆ ਤੇ ਭਾਫ਼ ਛੱਡਦਾ, ਉਹਦੇ ਮੂੰਹ ਉੱਤੇ ਚਿੰਤਾ ਦੇ ਨਿਸ਼ਾਨ ਸਨ। ਉਹਨੇ ਚੁੱਪ ਚਾਪ ਯੇਫ਼ੀਮ ਨਾਲ਼ ਹੱਥ ਮਿਲਾਇਆ, ਚੁੱਪ ਚਾਪ ਰੀਬਿਨ ਕੋਲ਼ ਬਹਿ ਗਿਆ, ਉਹਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਨਿੱਕਾ ਜਿਹਾ ਠਹਾਕਾ ਮਾਰਿਆ।

"ਤੂੰ ਬਹੁਤ ਖੁਸ਼ ਨਹੀਂ ਜਾਪਦਾ। ਕੀ ਗੱਲ ਏ ?" ਰੀਬਿਨ ਨੇ ਉਹਦੇ ਗੋਡੇ ਉੱਤੇ ਥਪਕੀ ਦੇਂਦੇ ਹੋਏ ਕਿਹਾ।

"ਕੋਈ ਖ਼ਾਸ ਗੱਲ ਨਹੀਂ," **ਖੋਖੋਲ** ਨੇ ਕਿਹਾ।

"ਇਹ ਵੀ ਕਾਰਖ਼ਾਨੇ ਦਾ ਕਿਰਤੀ ਏ ?" ਯੇਫ਼ੀਮ ਨੇ ਸਿਰ ਹਿਲਾ ਕੇ ਆਂਦਰੇਈ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

"ਹਾਂ," ਆਂਦਰੇਈ ਬੋਲਿਆ, "ਕੀ ਗੱਲ ਏ ?"

"ਇਹਨੇ ਪਹਿਲਾਂ ਕਦੀ ਕਿਰਤੀ ਨਹੀਂ ਵੇਖਿਆ," ਰੀਬਿਨ ਨੇ ਵਿਆਖਿਆ ਕੀਤੀ। "ਇਹਨੂੰ ਜਾਪਦੈ ਉਹ ਹੋਰਨਾਂ ਜਿਹੇ ਨਹੀਂ।..."

"ਅਸੀਂ ਹੋਰ ਤਰ੍ਹਾਂ ਦੇ ਕਿਵੇਂ ਆਂ ?" ਪਾਵੇਲ ਨੇ ਪੁੱਛਿਆ।

"ਤੁਹਾਡੀਆਂ ਹੱਡੀਆਂ ਤਿੱਖੀਆਂ ਨੇ," ਯੇਫ਼ੀਮ ਨੇ ਆਂਦਰੇਈ ਵੱਲ ਧਿਆਨ ਨਾਲ਼ ਵੇਖਣ ਪਿੱਛੋਂ ਕਿਹਾ। "ਮੂਜ਼ੀਕ ਦੀਆਂ ਹੱਡੀਆਂ ਗੋਲਾਈ ਵਾਲ਼ੀਆਂ ਹੁੰਦੀਆਂ ਨੇ।..."

"ਮੂਜ਼ੀਕ ਆਪਣੇ ਪੈਰਾਂ ਉੱਤੇ ਵਧੇਰੇ ਪੱਕੀ ਤਰ੍ਹਾਂ ਖੜ੍ਹਾ ਹੁੰਦੈ," ਰੀਬਿਨ ਨੇ ਵਾਧਾ ਕੀਤਾ। "ਉਹਨੂੰ ਆਪਣੇ ਪੈਰਾਂ ਹੇਠ ਭੋਂ ਨਿੱਗਰ ਜਾਪਦੀ ਏ, ਭਾਵੇਂ ਇਹ ਉਹਦੀ ਆਪਣੀ ਨਾ ਵੀ ਹੋਵੇ। ਉਹ ਇਹਨੂੰ ਮਹਿਸੂਸ ਕਰਦਾ ਏ, ਧਰਤੀ ਨੂੰ ! ਪਰ ਕਾਰਖ਼ਾਨੇ ਦਾ ਕਿਰਤੀ ਇੱਕ ਪੰਛੀ ਵਾਂਗ ਏ: ਨਾ ਕੋਈ ਜੰਮਣ ਭੋਂ, ਨਾ ਘਰ—ਅੱਜ ਇੱਥੇ ਏ, ਭਲਕੇ ਟੁਰ ਗਿਆ। ਤੀਵੀਂ ਵੀ ਉਹਨੂੰ ਬੰਨ੍ਹ ਕੇ ਨਹੀਂ ਰੱਖ ਸਕਦੀ। ਜਿਉਂ ਹੀ ਕੁਝ ਵਿਗੜਦੈ ਉਹ ਤੀਵੀਂ ਨੂੰ ਛੱਡ ਜਾਂਦੈ। ਕੁਝ ਚੰਗੇਰੇ ਦੀ ਭਾਲ ਵਿੱਚ ਟੁਰ ਪੈਂਦੈ। ਪਰ ਮੂਜ਼ੀਕ ਆਪਣੀ ਥਾਂ ਛੱਡੇ ਬਿਨਾਂ ਹੀ ਚੰਗਿਆਈ ਚਾਹੁੰਦੈ। ਲੈ ਤੇਰੀ ਮਾਂ ਮੁੜ ਆਈ ਏ।"

"ਤੂੰ ਮੈਨੂੰ ਆਪਣੀ ਇੱਕ ਕਿਤਾਬ ਪੜ੍ਹਨ ਲਈ ਦੇਵਂਗਾ ?" ਯੇਫ਼ੀਮ ਨੇ ਪਾਵੇਲ ਕੋਲ਼ ਆਉਂਦੇ ਹੋਏ ਪੁੱਛਿਆ।

"ਜ਼ਰੂਰ ਦੇ ਦਿਆਂਗਾ," ਪਾਵੇਲ ਨੇ ਖੁਸ਼ੀ ਨਾਲ਼ ਕਿਹਾ।

ਮੁੰਡੇ ਦੀਆਂ ਅੱਖਾਂ ਉਤਸੁਕਤਾ ਨਾਲ਼ ਚਮਕ ਪਈਆਂ।

"ਮੈਂ ਇਹ ਮੋੜ ਦਿਆਂਗਾ," ਉਹਨੇ ਪਾਵੇਲ ਨੂੰ ਯਕੀਨ ਦਿਵਾਇਆ। "ਸਾਡੇ ਬੰਦੇ ਇੱਥੇ ਕੋਲਤਾਰ ਲਿਔਂਦੇ ਰਹਿੰਦੇ ਨੇ ਤੇ ਉਹ ਲੈ ਆਉਣਗੇ।"

"ਚੱਲਣ ਦਾ ਵੇਲਾ ਹੋ ਗਿਐ," ਰੀਬਿਨ ਨੇ ਕਿਹਾ, ਉਹਨੇ ਪਹਿਲਾਂ ਹੀ ਪੋਸਤੀਨ ਪਾ ਲਈ ਸੀ ਅਤੇ ਹੁਣ ਪੇਟੀ ਕੱਸ ਰਿਹਾ ਸੀ।

"ਅਹਿ ਤਾਂ ਮੌਜਾਂ ਬਣ ਗਈਆਂ !" ਯੇਫ਼ੀਮ ਨੇ ਕਿਤਾਬ ਫੜਦੇ ਅਤੇ ਖੁੱਲ੍ਹ ਕੇ ਹੱਸਦੇ ਹੋਏ ਕਿਹਾ।

ਜਦੋਂ ਉਹ ਚਲੇ ਗਏ ਤਾਂ ਪਾਵੇਲ ਉਤਸੁਕਤਾ ਨਾਲ਼ ਆਂਦਰੇਈ ਵੱਲ ਮੁੜਿਆ।

"ਉਹਨਾਂ ਸ਼ੈਤਾਨਾਂ ਬਾਰੇ ਤੇਰਾ ਕੀ ਖ਼ਿਆਲ ਏ ?" ਉਹ ਚਹਿਕ ਕੇ ਕੂਕਿਆ।

"ਹੂੰ-ਊਂ-ਉਂ," **ਖੋਖੋਲ** ਨੇ ਗੱਲ ਲਮਕਾਈ। "ਦੋ ਹਨੇਰੇ ਬੱਦਲਾਂ ਜਿਹੇ ਨੇ।..."

"ਮਿਖਾਈਲੋ ?" ਮਾਂ ਨੇ ਕਿਹਾ। "ਉਹ ਤਾਂ ਜਾਪਦੈ ਕਦੀ ਕਾਰਖ਼ਾਨੇ ਦਾ ਮਜ਼ਦੂਰ ਰਿਹਾ ਈ ਨਹੀਂ। ਸੱਚਮੁਚ ਮੂਜ਼ੀਕ। ਅਤੇ ਇੰਨਾ ਭਿਆਨਕ !"

"ਕਿੰਨੀ ਮਾੜੀ ਗੱਲ ਏ ਕਿ ਜਦੋਂ ਉਹ ਆਏ ਤੂੰ ਇੱਥੇ ਨਹੀਂ ਸਾਏਂ," ਪਾਵੇਲ ਨੇ

ਆਂਦਰੇਈ ਨੂੰ ਕਿਹਾ, ਜਿਹੜਾ ਮੇਜ਼ ਕੋਲ਼ ਬੈਠਾ ਆਪਣੇ ਚਾਹ ਦੇ ਗਲਾਸ ਨੂੰ ਘੂਰ ਰਿਹਾ ਸੀ। 'ਤੂੰ ਹਮੇਸ਼ਾ ਮਨੁੱਖੀ ਦਿਲ ਦੀਆਂ ਗੱਲਾਂ ਕਰਦੈਂ; ਤੈਨੂੰ ਇਹਨਾਂ ਦੋ ਦਿਲਾਂ ਵਿੱਚ ਝਾਤ ਮਾਰਨੀ ਚਾਹੀਦੀ ਸੀ। ਰੀਬਿਨ ਨੇ ਤਾਂ ਮੇਰਾ ਸਾਹ ਈ ਸੁਕਾ ਦਿੱਤਾ; ਮੈਂ ਤਾਂ ਉਹਦੇ ਨਾਲ਼ ਬਹਿਸ ਵੀ ਨਾ ਕਰ ਸਕਿਆ। ਉਹਨੂੰ ਮਨੁੱਖਾਂ ਉੱਤੇ ਲਗਭਗ ਉੱਕਾ ਹੀ ਇਤਬਾਰ ਨਹੀਂ ਅਤੇ ਉਹ ਉਹਦੇ ਕਿਸੇ ਕੰਮ ਦੇ ਨਹੀਂ। ਮਾਂ ਦੀ ਗੱਲ ਠੀਕ ਸੀ — ਉਹਦੇ ਵਿਚ ਕੁਝ ਭਿਆਨਕ ਏ!..."

"ਇਹ ਤਾਂ ਮੈਂ ਵੇਖ ਸਕਦਾ ਸਾਂ," **ਖ਼ੋਖ਼ੋਲ** ਨੇ ਉਦਾਸੀ ਨਾਲ਼ ਕਿਹਾ। "ਹਾਕਮਾਂ ਨੇ ਲੋਕਾਂ ਦੇ ਦਿਲਾਂ ਵਿੱਚ ਜ਼ਹਿਰ ਭਰ ਦਿੱਤੈ। ਜਦੋਂ ਜਨਤਾ ਉੱਠ ਖੜੀ ਹੋਈ ਉਹ ਸਭ ਕੁਝ ਢਾਹ ਢੇਰੀ ਕਰੇਗੀ। ਉਹਨਾਂ ਨੂੰ ਖ਼ਾਲੀ ਭੋਂ ਚਾਹੀਦੀ ਏ; ਜੇ ਇਹ ਖ਼ਾਲੀ ਨਹੀਂ ਤਾਂ ਉਹ ਇਹਨੂੰ ਖ਼ਾਲੀ ਕਰ ਲੈਣਗੇ। ਉਹ ਸਭ ਕੁਝ ਢਾਹ ਢੇਰੀ ਕਰਨਗੇ!"

ਉਹ ਹੌਲ਼ੀ ਹੌਲ਼ੀ ਬੋਲ ਰਿਹਾ ਸੀ ਅਤੇ ਇਹ ਗੱਲ ਸਾਫ਼ ਸੀ ਕਿ ਉਹਦੇ ਮਨ ਵਿੱਚ ਕੋਈ ਹੋਰ ਖ਼ਿਆਲ ਵੜਿਆ ਹੋਇਆ ਸੀ। ਮਾਂ ਨੇ ਅੱਗੇ ਵੱਧ ਕੇ ਉਹਨੂੰ ਪੋਲੇ ਜਿਹੇ ਹੱਥ ਲਾਇਆ।

"ਆਪਣੇ ਆਪ ਨੂੰ ਸਾਂਭ ਆਂਦਰੀਉਸ਼ਾ," ਉਹ ਬੋਲੀ।

"ਜ਼ਰਾ ਠਹਿਰ **ਨੈਨਕੋ**," ਉਹਨੇ ਸ਼ਾਂਤ ਨਰਮੀ ਨਾਲ਼ ਕਿਹਾ।

ਅਚਾਨਕ ਉਹ ਭੜਕ ਉੱਠਿਆ ਅਤੇ ਮੇਜ਼ ਉੱਤੇ ਮੁੱਕਾ ਮਾਰਿਆ।

"ਇਹ ਸੱਚ ਏ ਪਾਵੇਲ! ਜਦੋਂ ਉਹ ਇੱਕ ਵਾਰ ਆਪਣੇ ਪੈਰਾਂ ਉੱਤੇ ਖੜਾ ਹੋ ਗਿਆ ਤਾਂ ਮੂਜ਼ੀਕ ਭੋਂ ਨੂੰ ਆਪਣੀ ਵਰਤੋਂ ਲਈ ਖ਼ਾਲੀ ਕਰ ਲਵੇਗਾ। ਉਹ ਸਭ ਕੁਝ ਸਾੜ ਦੇਵੇਗਾ, ਜਿਵੇਂ ਪਲੇਗ ਤੋਂ ਪਿੱਛੋਂ ਹੁੰਦਾ ਏ, ਉਹ ਉਸ ਦੁੱਖ ਦੇ ਸਭ ਨਿਸ਼ਾਨ ਮਿਟਾ ਦੇਵੇਗਾ, ਜਿਹੜਾ ਉਹਨੇ ਸਹਾਰਿਆ ਏ।..."

"ਤੇ ਫਿਰ ਉਹ ਸਾਡੇ ਰਾਹ ਵਿੱਚ ਖੜਾ ਹੋ ਜਾਵੇਗਾ," ਪਾਵੇਲ ਨੇ ਪੋਲੀ ਜਿਹੀ ਅਵਾਜ਼ ਵਿੱਚ ਕਿਹਾ।

"ਇਹ ਸਾਡੇ ਹੱਥ ਏ ਕਿ ਅਸੀਂ ਉਹਨੂੰ ਅਜਿਹਾ ਨਾ ਕਰਨ ਦਈਏ! ਇਹ ਸਾਡੇ ਹੱਥ ਏ ਕਿ ਅਸੀਂ ਉਹਨੂੰ ਨੱਥੀਏ! ਅਸੀਂ ਕਿਸੇ ਹੋਰ ਨਾਲ਼ੋਂ ਉਹਦੇ ਵਧੇਰੇ ਨੇੜੇ ਵਾਂ। ਉਹ ਸਾਡੇ ਉੱਤੇ ਇਤਬਾਰ ਕਰੇਗਾ ਤੇ ਸਾਡੇ ਪਿੱਛੇ ਚੱਲੇਗਾ।"

"ਰੀਬਿਨ ਨੇ ਕਿਹੈ ਅਸੀਂ ਪਿੰਡਾਂ ਲਈ ਇੱਕ ਅਖ਼ਬਾਰ ਛਾਪੀਏ," ਪਾਵੇਲ ਨੇ ਕਿਹਾ।

"ਐਨ ਇਹੋ ਤਾਂ ਕਰਨ ਵਾਲ਼ਾ ਕੰਮ ਏ!"

"ਬੜੀ ਮਾੜੀ ਗੱਲ ਹੋਈ ਮੈਂ ਉਹਦੇ ਨਾਲ਼ ਬਹਿਸ ਨਹੀਂ ਕੀਤੀ," ਪਾਵੇਲ ਨੇ ਨਿੱਕਾ ਜਿਹਾ ਹਾਸਾ ਹੱਸ ਕੇ ਕਿਹਾ।

"ਅਜੇ ਵੀ ਇਹਦੇ ਲਈ ਵਕਤ ਏ," **ਖ਼ੋਖ਼ੋਲ** ਨੇ ਆਪਣੀਆਂ ਉਂਗਲਾਂ ਆਪਣੇ ਵਾਲਾਂ ਵਿੱਚ ਫੇਰਦੇ ਹੋਏ ਠਰ੍ਹੰਮੇ ਨਾਲ਼ ਕਿਹਾ। "ਆਪਣਾ ਢੋਲ ਵਜਾਈ ਜਾਓ ਤੇ ਜਿਨ੍ਹਾਂ ਦੇ ਪੈਰ ਭੋਂ ਵਿੱਚ ਗੱਡੇ ਨਹੀਂ ਹੋਏ ਉਹ ਤੁਹਾਡੇ ਤਾਲ 'ਤੇ ਨੱਚਣ ਲੱਗ ਪੈਣਗੇ। ਜਦੋਂ ਰੀਬਿਨ ਨੇ ਕਿਹਾ ਕਿ ਅਸੀਂ ਆਪਣੇ ਪੈਰਾਂ ਹੇਠ ਭੋਂ ਮਹਿਸੂਸ ਨਹੀਂ ਕਰਦੇ ਤਾਂ ਉਹ ਠੀਕ ਸੀ ਅਤੇ ਸਾਨੂੰ ਇਹ ਮਹਿਸੂਸ ਕਰਨੀ ਵੀ ਨਹੀਂ ਚਾਹੀਦੀ, ਕਿਉਂਕਿ ਇਹਨੂੰ ਚੰਗੀ ਤਰ੍ਹਾਂ ਹਿਲਾਉਣਾ ਸਾਡਾ ਕੰਮ

ਏ। ਅਸੀਂ ਇਹਨੂੰ ਇੱਕ ਵਾਰ ਹਿਲਾਵਾਂਗੇ ਤੇ ਲੋਕ ਉੱਖੜ ਜਾਣਗੇ; ਅਸੀਂ ਇਹਨੂੰ ਇੱਕ ਵਾਰ ਫਿਰ ਹਿਲਾਵਾਂਗੇ ਤੇ ਉਹ ਅਜ਼ਾਦ ਹੋ ਜਾਣਗੇ।"

"ਆਂਦਰੀਉਸ਼ਾ, ਤੈਨੂੰ ਤਾਂ ਹਰ ਗੱਲ ਇੰਨੀ ਸਾਦੀ ਜਾਪਦੀ ਏ," ਮਾਂ ਨੇ ਹੱਸ ਕੇ ਕਿਹਾ।

"ਇਹ ਹੈ ਵੀ," ਖ਼ੋਖ਼ੋਲ ਨੇ ਕਿਹਾ। "ਖ਼ੁਦ ਜ਼ਿੰਦਗੀ ਜਿਹੀ ਸਾਦੀ!"

ਕੁਝ ਮਿੰਟਾਂ ਪਿੱਛੋਂ ਉਹਨੇ ਕਿਹਾ:

"ਮੈਂ ਖੇਤਾਂ ਵਿੱਚ ਸੈਰ ਕਰਨ ਜਾ ਰਿਹਾਂ।..."

"ਹਮਾਮ ਤੋਂ ਪਿੱਛੋਂ! ਹਵਾ ਚੱਲ ਰਹੀ ਏ ਤੇ ਤੈਨੂੰ ਠੰਢ ਲੱਗ ਜਾਵੇਗੀ," ਮਾਂ ਨੇ ਸੁਚੇਤ ਕੀਤਾ।

"ਮੈਨੂੰ ਖੁੱਲ੍ਹੀ ਹਵਾ ਦੀ ਲੋੜ ਏ," ਉਹਨੇ ਜਵਾਬ ਦਿੱਤਾ।

"ਠੰਢ ਨਾ ਲਵਾ ਲਈਂ," ਪਾਵੇਲ ਨੇ ਸਨੇਹ ਨਾਲ਼ ਕਿਹਾ। "ਚੰਗਾ ਨਾ ਹੋਵੇ ਜੇ ਥੋੜ੍ਹਾ ਸੌਂ ਲਵੇਂ?"

"ਨਹੀਂ, ਮੈਂ ਚੱਲਿਆਂ।"

ਉਹਨੇ ਕੱਪੜੇ ਪਾਏ ਤੇ ਕੁਝ ਕਹੇ ਬਿਨਾਂ ਬਾਹਰ ਚਲਾ ਗਿਆ।...

"ਉਹ ਬਹੁਤ ਦੁਖੀ ਏ," ਮਾਂ ਨੇ ਹਉਕਾ ਲੈਕੇ ਕਿਹਾ।

"ਕਤਲ ਤੋਂ ਪਿੱਛੋਂ ਤੈਨੂੰ ਉਹਦੇ ਨਾਲ਼ ਵਧੇਰੇ ਸਨੇਹ ਹੋ ਗਿਆ ਜਾਪਦੈ," ਪਾਵੇਲ ਨੇ ਕਿਹਾ, "ਤੇ ਮੈਂ ਇਸ ਗੱਲ 'ਤੇ ਖ਼ੁਸ਼ ਵਾਂ।"

ਮਾਂ ਨੇ ਹੈਰਾਨੀ ਨਾਲ਼ ਉਹਦੇ ਵੱਲ ਵੇਖਿਆ।

"ਅੱਛਾ? ਮੈਨੂੰ ਤਾਂ ਪਤਾ ਹੀ ਨਹੀਂ ਲੱਗਾ। ਮੈਨੂੰ ਉਹਦੇ ਨਾਲ਼ ਇੰਨਾ ਪਿਆਰ ਏ ਕਿ ਦੱਸ ਨਹੀਂ ਸਕਦੀ!"

"ਮਾਂ ਤੇਰਾ ਦਿਲ ਬੜਾ ਮਿਹਰਬਾਨ ਏ," ਪਾਵੇਲ ਨੇ ਨਰਮੀ ਨਾਲ਼ ਕਿਹਾ।

"ਜੇ ਕਿਤੇ ਮੈਂ ਤੇਰੀ ਤੇ ਤੇਰੇ ਦੋਸਤਾਂ ਦੀ ਥੋੜ੍ਹੀ ਜਿਹੀ ਵੀ ਮਦਦ ਕਰ ਸਕਦੀ! ਜੇ ਮੈਨੂੰ ਪਤਾ ਲੱਗ ਜਾਵੇ ਕਿ ਮੈਂ ਕਿਵੇਂ ਕਰ ਸਕਦੀ ਵਾਂ!..."

"ਤੂੰ ਫ਼ਿਕਰ ਨਾ ਕਰ, ਤੈਨੂੰ ਜਾਚ ਆ ਜਾਵੇਗੀ!"

"ਮੈਨੂੰ ਤਾਂ ਫ਼ਿਕਰ ਕਰਨਾ ਬੰਦ ਕਰਨ ਦੀ ਜਾਚ ਸਿੱਖਣੀ ਚਾਹੀਦੀ ਵੇ," ਮਾਂ ਨੇ ਹੱਸ ਕੇ ਕਿਹਾ।

"ਚੰਗੀ ਗੱਲ ਇਹੋ ਏ ਅਸੀਂ ਇਸ ਬਾਰੇ ਹੋਰ ਕੁਝ ਨਾ ਕਹੀਏ, ਅੰਮਾਂ। ਪਰ ਇੱਕ ਗੱਲ ਯਾਦ ਰੱਖੀਂ — ਮੈਂ ਤੇਰਾ ਬਹੁਤ ਬਹੁਤ ਧੰਨਵਾਦੀ ਵਾਂ!"

ਉਹ ਰਸੋਈ ਵਿੱਚ ਚਲੀ ਗਈ ਤਾਂ ਜੁ ਉਹਦਾ ਪੁੱਤਰ ਉਹਦੇ ਹੰਝੂ ਨਾ ਵੇਖ ਸਕੇ।

ਜਦੋਂ **ਖ਼ੋਖ਼ੋਲ** ਥੱਕਿਆ ਘਰ ਮੁੜਿਆ ਤਾਂ ਬਹੁਤ ਦੇਰ ਹੋ ਚੁੱਕੀ ਸੀ, ਉਹ ਸਿੱਧਾ ਬਿਸਤਰੇ ਵੱਲ ਗਿਆ।

"ਮੈਂ ਘੱਟੋ ਘੱਟ ਦਸ ਵੇਰਸਤ ਪੈਦਲ ਚੱਲਿਆ ਹੋਵਾਂਗਾ," ਉਹਨੇ ਕਿਹਾ।

"ਕੁਝ ਅਰਾਮ ਆਇਆ?" ਪਾਵੇਲ ਨੇ ਪੁੱਛਿਆ।

"ਇਹ ਗੱਲ ਛੱਡ, ਮੈਂ ਸੌਣ ਲੱਗਾਂ!"

ਅਤੇ ਉਹਨੇ ਇੱਕ ਲਫ਼ਜ਼ ਵੀ ਨਾ ਕਿਹਾ।

ਕੁਝ ਚਿਰ ਪਿੱਛੋਂ ਵੇਸੋਵਸ਼ਚੀਕੋਵ ਆ ਗਿਆ, ਉਹ ਹਮੇਸ਼ਾ ਵਾਂਗ ਹੀ ਗੰਦਾ, ਖ਼ੁਥੜ ਤੇ ਅਸੰਤੁਸ਼ਟ ਸੀ।

"ਤੁਸੀਂ ਕੁਝ ਸੁਣਿਐ ਇਸਾਈ ਨੂੰ ਕਿਸਨੇ ਕਤਲ ਕੀਤੈ ?" ਉਹਨੇ ਭੌਂਦੀ ਤਰ੍ਹਾਂ ਕਮਰੇ ਵਿੱਚ ਇੱਧਰ ਉੱਧਰ ਫਿਰਦੇ ਹੋਏ ਪਾਵੇਲ ਤੋਂ ਪੁੱਛਿਆ।

"ਨਹੀਂ," ਪਾਵੇਲ ਨੇ ਸੰਖੇਪ ਜਵਾਬ ਦਿੱਤਾ।

"ਉਹਨਾਂ ਕੋਈ ਅਜਿਹਾ ਬੰਦਾ ਲੱਭ ਲਿਐ ਜਿਹੜਾ ਇਸ ਕੰਮ ਤੋਂ ਬਹੁਤਾ ਜਕਣ ਵਾਲ਼ਾ ਨਹੀਂ। ਮੈਂ ਆਪ ਉਹਨੂੰ ਮਾਰ ਮੁਕਾਉਣ ਦੀ ਤਿਆਰੀ ਕਰ ਰਿਹਾ ਸਾਂ। ਬਹੁਤ ਮਾੜੀ ਗੱਲ ਹੋਈ ਉਹ ਮੇਰੇ ਹੱਥੋਂ ਨਹੀਂ ਮਰਿਆ; ਮੈਂ ਇਸ ਕੰਮ ਲਈ ਐਨ ਠੀਕ ਸਾਂ!"

"ਅਜਿਹੀਆਂ ਗੱਲਾਂ ਨਾ ਕਹਿ, ਨਿਕੋਲਾਈ," ਪਾਵੇਲ ਨੇ ਦੋਸਤਾਨਾ ਢੰਗ ਨਾਲ਼ ਕਿਹਾ।

"ਜ਼ਰਾ ਇਹਦੀ ਗੱਲ ਸੁਣੋ!" ਮਾਂ ਨੇ ਸਨੇਹ ਨਾਲ਼ ਕਿਹਾ। "ਦਿਲ ਤੇਰਾ ਲੇਲੇ ਵਰਗੈ ਤੇ ਧਾੜਦਾ ਤੂੰ ਬੱਬਰ ਸ਼ੇਰ ਵਾਂਗ ਏਂ! ਤੂੰ ਅਜਿਹਾ ਕਿਉਂ ਕਰਦੈਂ ?"

ਅੱਜ ਰਾਤ ਉਹ ਨਿਕੋਲਾਈ ਨੂੰ ਮਿਲ ਕੇ ਖੁਸ਼ ਸੀ। ਇੱਥੋਂ ਤੱਕ ਕਿ ਉਹਦਾ ਮਾਤਾ ਦੇ ਦਾਗ਼ਾਂ ਵਾਲ਼ਾ ਮੂੰਹ ਵੀ ਚੰਗਾ ਲੱਗ ਰਿਹਾ ਸੀ।

"ਮੈਂ ਤਾਂ ਬਸ ਅਜਿਹੇ ਕੰਮ ਲਈ ਈ ਠੀਕ ਵਾਂ," ਨਿਕੋਲਾਈ ਨੇ ਮੋਢੇ ਸੁੰਗੇੜ ਕੇ ਕਿਹਾ। "ਮੈਂ ਸੋਚਦਾ ਰਹਿੰਦਾਂ ਮੈਂ ਕੀ ਕਰ ਸਕਦਾਂ। ਕੁਝ ਵੀ ਨਹੀਂ। ਲੋੜ ਲੋਕਾਂ ਨਾਲ਼ ਗੱਲ ਕਰਨ ਦੀ ਏ ਤੇ ਮੈਨੂੰ ਅਜਿਹਾ ਕਰਨਾ ਨਹੀਂ ਆਉਂਦਾ। ਮੈਂ ਵੇਖਦਾਂ ਮਾਮਲਾ ਕੀ ਏ, ਕਿਵੇਂ ਲੋਕਾਂ ਨਾਲ਼ ਬੇਇਨਸਾਫ਼ੀ ਕੀਤੀ ਜਾ ਰਹੀ ਹੈ, ਪਰ ਮੈਂ ਇਹ ਬਿਆਨ ਨਹੀਂ ਕਰ ਸਕਦਾ! ਮੈਂ ਤਾਂ ਇੱਕ ਗੂੰਗਾ ਜਾਨਵਰ ਵਾਂ।"

ਪਾਵੇਲ ਕੋਲ਼ ਜਾ ਕੇ ਉਹਨੇ ਨੀਵੀਂ ਪਾ ਲਈ ਅਤੇ ਮੇਜ਼ ਨੂੰ ਖੁਰਚਦੇ ਉੱਥੇ ਖੜੇ ਹੋਏ ਉਹਨੇ ਬੱਚਿਆਂ ਜਿਹੀ ਮਿੰਨਤ ਕਰਦੀ ਅਵਾਜ਼ ਵਿੱਚ ਕਿਹਾ, ਜਿਹੜੀ ਉਹਦੀ ਆਮ ਅਵਾਜ਼ ਜਿਹੀ ਤਾਂ ਉੱਕਾ ਹੀ ਨਹੀਂ ਸੀ:

"ਦੋਸਤੋ! ਮੈਨੂੰ ਕਰਨ ਲਈ ਕੋਈ ਔਖਾ ਕੰਮ ਦਿਓ! ਮੈਂ ਇਉਂ ਨਹੀਂ ਜਿਊਂ ਸਕਦਾ। ਤੁਸੀਂ ਸਾਰੇ ਆਪਣੇ ਕੰਮ ਵਿੱਚ ਮਸਤ ਓ ਤੇ ਮੈਂ ਵੇਖ ਰਿਹਾਂ ਇਹ ਕਿਵੇਂ ਵੱਧ ਰਿਹੈ ਤੇ ਮੈਂ ਇਹਦੇ ਵਿੱਚ ਨਹੀਂ। ਬਸ ਗੇਲੀਆਂ ਦੇ ਫੱਟੇ ਢੋਈ ਜਾਨਾਂ। ਬੰਦੇ ਕੋਲ਼ ਜਿਊਣ ਲਈ ਕੁਝ ਨਹੀਂ! ਮੈਨੂੰ ਔਖਾ ਕੰਮ ਦਿਓ!"

ਪਾਵੇਲ ਨੇ ਉਹਦਾ ਹੱਥ ਫੜਿਆ ਤੇ ਉਹਨੂੰ ਆਪਣੇ ਵੱਲ ਖਿੱਚਿਆ।

"ਅਸੀਂ ਅਜਿਹਾ ਕਰਾਂਗੇ," ਉਹਨੇ ਕਿਹਾ।

ਕੰਧ ਤੋਂ ਪਾਰੋਂ **ਖੋਖੋਲ** ਦੀ ਅਵਾਜ਼ ਆਈ।

"ਮੈਂ ਤੈਨੂੰ ਸਾਡੇ ਅਖ਼ਬਾਰ ਲਈ ਅੱਖਰ ਜੋੜਨੇ ਸਿਖਾ ਦਿਆਂਗਾ, ਨਿਕੋਲਾਈ। ਇਹਦੇ ਬਾਰੇ ਕੀ ਖ਼ਿਆਲ ਏ ?"

ਨਿਕੋਲਾਈ ਉਹਦੇ ਕੋਲ਼ ਗਿਆ।

"ਜੇ ਤੂੰ ਮੈਨੂੰ ਸਿਖਾ ਦੇਵੇਂ ਤਾਂ — ਤਾਂ ਮੈਂ ਤੈਨੂੰ ਆਪਣਾ ਚਾਕੂ ਦੇ ਦਿਆਂਗਾ!" ਉਹਨੇ ਕਿਹਾ।

"ਢੱਠੇ ਖ਼ੂਹ ਵਿੱਚ ਪਵੇ ਤੇਰਾ ਚਾਕੂ!" **ਖੋਖੋਲ** ਜ਼ੋਰ ਦੀ ਹੱਸਦਾ ਹੋਇਆ ਚਿਲਾਇਆ।

"ਇਹ ਸੋਹਣਾ ਚਾਕੂ ਏ," ਨਿਕੋਲਾਈ ਨੇ ਜ਼ਿੱਦ ਕੀਤੀ।

ਪਾਵੇਲ ਵੀ ਹੱਸਣ ਲੱਗ ਪਿਆ।

"ਮੇਰਾ ਠੱਠਾ ਉਡਾ ਰਹੇ ਓ?" ਨਿਕੋਲਾਈ ਨੇ ਕਮਰੇ ਦੇ ਵਿਚਕਾਰ ਰੁਕਦੇ ਹੋਏ ਕਿਹਾ।

"ਜ਼ਰੂਰ," **ਖੋਖੋਲ** ਨੇ ਛਾਲ ਮਾਰਕੇ ਬਿਸਤਰੇ ਵਿੱਚੋਂ ਨਿਕਲਦੇ ਹੋਏ ਕਿਹਾ।

"ਸੁਣ, ਚੱਲ ਖੇਤਾਂ ਵੱਲ ਸੈਰ ਕਰਨ ਚੱਲੀਏ; ਅੱਜ ਪੂਰੇ ਚੰਨ ਦੀ ਸੋਹਣੀ ਰਾਤ ਏ। ਚੱਲੀਏ?"

"ਚੰਗਾ," ਪਾਵੇਲ ਨੇ ਕਿਹਾ।

"ਮੈਂ ਵੀ ਚੱਲਦਾਂ," ਨਿਕੋਲਾਈ ਬੋਲਿਆ। "ਮੈਨੂੰ **ਖੋਖੋਲ** ਦਾ ਹਾਸਾ ਚੰਗਾ ਲੱਗਦੈ।..."

"ਤੇ ਮੈਨੂੰ ਤੇਰਾ ਸੁਗ਼ਾਤਾਂ ਦਾ ਇਕਰਾਰ ਕਰਨਾ ਚੰਗਾ ਲੱਗਦੈ," **ਖੋਖੋਲ** ਨੇ ਠਹਾਕੇ ਨਾਲ਼ ਕਿਹਾ।

ਉਹ ਰਸੋਈ ਵਿੱਚ ਗਿਆ ਤੇ ਛੇਤੀ ਛੇਤੀ ਕੱਪੜੇ ਪਾਏ।

"ਕੁਝ ਗਰਮ ਕੱਪੜੇ ਪਾ ਲੈ," ਮਾਂ ਨੇ ਔਖੀ ਤਰ੍ਹਾਂ ਕਿਹਾ।

ਜਦੋਂ ਤਿੰਨੇ ਚਲੇ ਗਏ ਤਾਂ ਮਾਂ ਥੋੜ੍ਹੀ ਦੇਰ ਬਾਰੀ ਵਿੱਚੋਂ ਬਾਹਰ ਵੇਖਦੀ ਰਹੀ, ਫਿਰ ਪਵਿੱਤਰ ਤਸਵੀਰ ਵੱਲ ਮੁੜੀ।

"ਰੱਬਾ, ਇਹਨਾਂ 'ਤੇ ਮਿਹਰ ਕਰੀਂ, ਇਹਨਾਂ ਦੀ ਮਦਦ ਕਰੀਂ!..." ਉਹ ਬੁੜਬੁੜਾਈ।

## 26

ਦਿਨ ਇੰਨੀ ਛੇਤੀ ਲੰਘ ਗਏ ਕਿ ਮਾਂ ਨੂੰ ਮਈ ਦਿਨ ਦੀ ਆਉਂਦ ਬਾਰੇ ਸੋਚਣ ਦੀ ਵਿਹਲ ਤੱਕ ਨਾ ਮਿਲੀ। ਪਰ ਰਾਤੀਂ ਜਦੋਂ ਉਹ ਦਿਨ ਭਰ ਦੀ ਸ਼ੋਰੀਲੀ, ਉਤੇਜਤ ਕਰਦੀ ਹਿਲਜੁਲ ਕਾਰਨ ਚੂਰ ਹੋ ਕੇ ਬਿਸਤਰੇ ਉੱਤੇ ਲੇਟਦੀ ਤਾਂ ਉਹਦੇ ਦਿਲ ਵਿੱਚ ਨਿੰਮ੍ਹੀ ਨਿੰਮ੍ਹੀ ਪੀੜ ਹੁੰਦੀ ਜਾਪਦੀ।

"ਜੇ ਕਿਤੇ ਇਹ ਛੇਤੀ ਆ ਜਾਵੇ!..." ਉਹ ਸੋਚਦੀ।

ਪਹੁ ਫੁਟਦੇ ਹੀ ਸੀਟੀ ਵੱਜਦੀ ਅਤੇ ਕਾਹਲ ਨਾਲ਼ ਛਾਹ ਵੇਲਾ ਕਰ ਕੇ ਉਹਦਾ ਪੁੱਤਰ ਅਤੇ ਆਂਦਰੇਈ ਚਲੇ ਜਾਂਦੇ, ਉਹਦੇ ਲਈ ਕਰਨ ਜੋਗੇ ਦਰਜਨ ਕੰਮ ਛੱਡ ਕੇ। ਸਾਰਾ ਦਿਨ ਉਹ ਕਿਸੇ ਪਿੰਜਰੇ ਵਿੱਚ ਫਸੀ ਗੁਲਹਿਰੀ ਵਾਂਗ ਇੱਧਰ ਉੱਧਰ ਨੱਠਦੀ ਫਿਰਦੀ, ਖਾਣਾ ਤਿਆਰ ਕਰਦੀ, ਉਹਨਾਂ ਦੇ ਇਸ਼ਤਿਹਾਰਾਂ ਲਈ ਕਿਰਮਚੀ ਸਿਆਹੀ ਤੇ ਲੇਵੀ ਤਿਆਰ ਕਰਦੀ, ਅਣਜਾਣੇ ਲੋਕਾਂ ਨਾਲ਼ ਗੱਲਾਂ ਕਰਦੀ, ਜਿਹੜੇ ਭੇਤ-ਭਰੇ ਢੰਗ ਨਾਲ਼ ਪ੍ਰਗਟ ਹੁੰਦੇ, ਉਹਨੂੰ ਪਾਵੇਲ ਲਈ ਸੁਨੇਹੇ ਦੇ ਜਾਂਦੇ ਅਤੇ ਉਸੇ ਹੀ ਭੇਤ-ਭਰੇ ਢੰਗ ਨਾਲ਼ ਲੋਪ ਹੋ ਜਾਂਦੇ, ਅਤੇ ਆਪਣੀ

ਉਤਸੁਕਤਾ ਦਾ ਕੁਝ ਹਿੱਸਾ ਉਹਨੂੰ ਦੇ ਜਾਂਦੇ।

ਲਗਭਗ ਹਰ ਰਾਤ ਕਿਰਤੀਆਂ ਦੇ ਨਾਂ ਮਈ ਦਿਵਸ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਦੀਆਂ ਅਪੀਲਾਂ ਜੰਗਲਿਆਂ ਅਤੇ ਇੱਥੋਂ ਤੱਕ ਕਿ ਥਾਣੇ ਦੇ ਦਰਵਾਜ਼ੇ ਉੱਤੇ ਵੀ ਚਿਪਕਾ ਦਿੱਤੀਆਂ ਜਾਂਦੀਆਂ; ਅਤੇ ਕਾਰਖ਼ਾਨੇ ਵਿੱਚ ਰੋਜ਼ ਇਸ਼ਤਿਹਾਰ ਖਿਲਰੇ ਹੁੰਦੇ। ਸਵੇਰੇ ਪੁਲਸੀਏ ਕਿਰਤੀਆਂ ਦੀ ਬਸਤੀ ਵਿੱਚੋਂ ਲੰਘਦੇ ਅਤੇ ਗਾਹਲਾਂ ਕੱਢਦੇ ਹੋਏ ਕਿਰਮਚੀ ਇਸ਼ਤਿਹਾਰ ਪਾੜਦੇ ਅਤੇ ਵਿਲੂੰਧਰਦੇ। ਪਰ ਦੁਪਹਿਰ ਦੇ ਖਾਣੇ ਤੱਕ ਹਵਾ ਦੁਬਾਰਾ ਲੋਕਾਂ ਦੇ ਪੈਰਾਂ ਹੇਠ ਨਵੇਂ ਇਸ਼ਤਿਹਾਰ ਉਡਾ ਕੇ ਲੈ ਆਉਂਦੀ। ਸ਼ਹਿਰੋਂ ਸੂਹੀਏ ਭੇਜੇ ਗਏ ਅਤੇ ਉਹ ਸੜਕਾਂ ਦੇ ਮੋੜਾਂ ਉੱਤੇ ਖੜੇ ਹੋ ਜਾਂਦੇ, ਕਿਰਤੀਆਂ ਦੇ ਮੂੰਹਾਂ ਨੂੰ ਘੋਖਦੇ, ਜਿਹੜੇ ਹੱਸਦੇ ਹੱਸਦੇ ਦੁਪਹਿਰ ਦੇ ਖਾਣੇ ਸਮੇਂ ਕਾਰਖ਼ਾਨੇ ਦੇ ਅੰਦਰ ਬਾਹਰ ਆਉਂਦੇ ਜਾਂਦੇ। ਸਾਰੇ ਪੁਲੀਸ ਦੀ ਪ੍ਰਸਥਿਤੀ ਦਾ ਮੁਕਾਬਲਾ ਕਰਨੋਂ ਅਸਮਰੱਥਾ ਦਾ ਸੁਆਦ ਮਾਣਦੇ, ਇੱਥੋਂ ਤੱਕ ਕਿ ਵਡੇਰੀ ਉਮਰ ਦੇ ਕਿਰਤੀ ਵੀ ਮੁਸਕਰਾਉਂਦੇ।

"ਜ਼ਰਾ ਵੇਖੋ ਉਹ ਕੀ ਪਏ ਕਰਦੇ ਨੇ!" ਉਹ ਕਹਿੰਦੇ।

ਕਿਰਤੀਆਂ ਦੀਆਂ ਟੋਲੀਆਂ ਹਰ ਥਾਂ ਅਪੀਲ ਉੱਤੇ ਗਰਮਾ ਗਰਮ ਬਹਿਸ ਕਰਦੀਆਂ ਦਿਸਦੀਆਂ। ਬਹੁਤ ਉਤਸੁਕਤਾ ਸੀ ਅਤੇ ਉਸ ਸਾਲ ਬਸੰਤ ਦੀ ਰੁੱਤੇ ਹਰ ਇੱਕ ਨੂੰ ਜ਼ਿੰਦਗੀ ਵਧੇਰੇ ਦਿਲਚਸਪ ਲੱਗੀ ਕਿਉਂਕਿ ਇਹਦੇ ਵਿੱਚ ਕੁਝ ਨਵਾਂ ਸੀ। ਕੁਝ ਲੋਕ ਪਹਿਲਾਂ ਨਾਲ਼ੋਂ ਵੱਧ ਗੁੱਸੇ ਸਨ ਅਤੇ ਬਾਗ਼ੀਆਂ ਨੂੰ ਖੋਰੀ ਗਾਹਲਾਂ ਕੱਢਦੇ। ਹੋਰਨਾਂ ਨੂੰ ਧੁੰਦਲੀ ਜਿਹੀ ਆਸ ਅਤੇ ਤੌਖਲੇ ਦਾ ਅਨੁਭਵ ਹੁੰਦਾ। ਕੁਝ ਹੋਰਨਾਂ ਨੂੰ, ਅਤੇ ਉਹ ਘੱਟ-ਗਿਣਤੀ ਵਿੱਚ ਸਨ, ਇਹ ਜਾਣਨ ਦੀ ਤਿੱਖੀ ਖੁਸ਼ੀ ਪ੍ਰਾਪਤ ਸੀ ਕਿ ਉਹਨਾਂ ਹੀ ਲੋਕਾਂ ਵਿੱਚ ਹਿਲਜੁਲ ਪੈਦਾ ਕੀਤੀ ਹੈ।

ਪਾਵੇਲ ਅਤੇ ਆਂਦਰੇਈ ਨੂੰ ਸੌਣ ਦਾ ਸਮਾਂ ਲਗਭਗ ਉੱਕਾ ਹੀ ਨਾ ਮਿਲਦਾ। ਪੀਲ਼ੇ ਪਏ, ਗਲੇ ਬੈਠੇ, ਉੱਕਾ ਹੀ ਥੱਕੇ, ਉਹ ਪਹੁ-ਫੁਹਾਲੇ ਸਮੇਂ ਘਰ ਮੁੜਦੇ। ਮਾਂ ਜਾਣਦੀ ਸੀ ਕਿ ਉਹ ਜੰਗਲ ਅਤੇ ਜਿਲ੍ਹਣਾਂ ਵਿੱਚ ਮੀਟਿੰਗਾਂ ਕਰ ਰਹੇ ਨੇ। ਉਹ ਇਹ ਵੀ ਜਾਣਦੀ ਸੀ ਕਿ ਘੋੜ-ਸਵਾਰ ਪੁਲੀਸ ਰਾਤੀਂ ਬਸਤੀ ਦੇ ਦੁਆਲੇ ਇਲਾਕੇ ਵਿੱਚ ਗਸ਼ਤ ਲਾਉਂਦੀ ਅਤੇ ਇਹ ਕਿ ਸੂਹੀਏ ਹਰ ਪਾਸੇ ਪਏ ਘੁੰਮਦੇ ਸਨ, ਕੁਝ ਕਿਰਤੀਆਂ ਨੂੰ ਫੜਦੇ ਤੇ ਉਹਨਾਂ ਦੀ ਤਲਾਸ਼ੀ ਲੈਂਦੇ, ਲੋਕਾਂ ਦੀਆਂ ਜਿਹੜੀਆਂ ਟੋਲੀਆਂ ਉਹਨਾਂ ਨੂੰ ਦਿਸਦੀਆਂ, ਉਹਨਾਂ ਨੂੰ ਖਿੰਡਾ ਦੇਂਦੇ ਅਤੇ ਕਦੀ ਕਦੀ ਗ੍ਰਿਫ਼ਤਾਰੀਆਂ ਕਰਦੇ। ਉਹ ਜਾਣਦੀ ਸੀ ਕਿ ਉਹਦੇ ਪੁੱਤਰ ਅਤੇ ਆਂਦਰੇਈ ਦੇ ਕਿਸੇ ਘੜੀ ਫੜੇ ਜਾਣ ਦਾ ਡਰ ਹੈ ਅਤੇ ਉਹ ਲਗਭਗ ਚਾਹੁੰਦੀ ਸੀ ਕਿ ਉਹ ਗ੍ਰਿਫ਼ਤਾਰ ਹੋ ਜਾਣ, ਇਹ ਸੋਚਦੇ ਹੋਏ ਕਿ ਇਹ ਉਹਨਾਂ ਲਈ ਚੰਗੇਰਾ ਹੋਵੇਗਾ।

ਪਤਾ ਨਹੀਂ ਕਿਉਂ ਟਾਈਮ-ਕੀਪਰ ਦੇ ਕਤਲ ਦਾ ਮਾਮਲਾ ਇੱਧਰ ਉੱਧਰ ਕਰ ਦਿੱਤਾ ਗਿਆ। ਦੋ ਕੁ ਦਿਨ ਸਥਾਨਕ ਪੁਲੀਸ ਤਫ਼ਤੀਸ਼ ਕਰਦੀ ਰਹੀ, ਪਰ ਦਰਜਨ ਕੁ ਲੋਕਾਂ ਤੋਂ ਪੁੱਛ-ਪੜਤਾਲ ਕਰਨ ਪਿੱਛੋਂ ਉਹਨਾਂ ਮਾਮਲਾ ਛੱਡ ਦਿੱਤਾ।

ਇੱਕ ਦਿਨ ਮਾਰੀਆ ਕੋਰਸੂਨੋਵਾ ਨੇ, ਜਿਸਦੀ ਕਿਸੇ ਹੋਰ ਵਾਂਗ ਪੁਲੀਸ ਨਾਲ਼ ਖ਼ੂਬ ਬਣਦੀ ਸੀ, ਮਾਂ ਨੂੰ ਆਪਣੀ ਰਾਏ ਦੱਸੀ, ਜਿਹੜੀ ਬਿਨਾਂ ਸ਼ੱਕ ਪੁਲੀਸ ਦੀ ਰਾਏ ਸੀ।

"ਕਾਤਲ ਦਾ ਪਤਾ ਲੱਗਣ ਦੀ ਭਲੀ ਪੁੱਛੀ!" ਉਹਨੇ ਕਿਹਾ। "ਉਸ ਸਵੇਰ ਇਸਾਈ

ਸੌ ਤੋਂ ਵੱਧ ਲੋਕਾਂ ਨੂੰ ਮਿਲਿਆ ਹੋਣੈ ਅਤੇ ਉਹਨਾਂ ਵਿੱਚੋਂ ਨੱਬੇਂ ਤੋਂ ਵੱਧ ਉਹਦਾ ਫਸਤਾ ਵੱਢ ਕੇ ਖੁਸ਼ ਹੀ ਹੁੰਦੇ। ਸੱਤਾਂ ਵਰ੍ਹਿਆਂ ਤੋਂ ਉਹ ਲੋਕਾਂ ਨੂੰ ਉਕਸਾਉਂਦਾ ਰਿਹੈ।..."

**ਖੋਖੋਲ** ਵਿੱਚ ਪ੍ਰਤੱਖ ਤਬਦੀਲੀ ਆ ਗਈ। ਉਹਦਾ ਮੂੰਹ ਪਤਲਾ ਅਤੇ ਸੂਤਿਆ ਹੋ ਗਿਆ ਅਤੇ ਉਹਦੀਆਂ ਅੱਖਾਂ ਦੀਆਂ ਗੰਨੀਆਂ ਸੁਜ ਗਈਆਂ, ਜਿਸ ਨਾਲ਼ ਉਹਦੀਆਂ ਉੱਭਰਵੀਆਂ ਅੱਖਾਂ ਲਗਭਗ ਅੱਧੀਆਂ ਬੰਦ ਰਹਿੰਦੀਆਂ। ਉਹਦੀਆਂ ਨਾਸਾਂ ਤੋਂ ਉਹਦੇ ਮੂੰਹ ਦੀਆਂ ਨੁੱਕਰਾਂ ਤੱਕ ਝੁਰੜੀਆਂ ਪੈ ਗਈਆਂ। ਉਹ ਸਧਾਰਨ ਗੱਲਾਂ ਬਾਰੇ ਘੱਟ ਹੀ ਬੋਲਦਾ, ਪਰ ਸਦਾ ਵਧੇਰੇ ਉਹਨੂੰ ਵਿਸਮਾਦ ਦੇ ਦੌਰੇ ਪੈਂਦੇ ਜਦੋਂ ਉਹ ਆਪਣੇ ਸ੍ਰੋਤਿਆਂ ਨੂੰ ਅਜਿਹੇ ਭਵਿੱਖ ਬਾਰੇ ਆਪਣੇ ਨਕਸ਼ਿਆਂ ਨਾਲ਼ ਝੂਣ ਦੇਂਦਾ, ਜਿਸ ਵਿੱਚ ਤਰਕ ਅਤੇ ਅਜ਼ਾਦੀ ਜੇਤੂ ਹੋਣਗੇ।

ਇਸਾਈ ਦੇ ਕਤਲ ਬਾਰੇ ਦੰਦ-ਕਥਾ ਛੇਤੀ ਹੀ ਮੁੱਕ ਗਈ।

"ਉਹਨਾਂ ਦੀਆਂ ਅੱਖਾਂ ਵਿੱਚ ਇਨਸਾਨਾਂ ਦਾ ਮੁੱਲ ਕੌਡੀ ਬਰਾਬਰ ਨਹੀਂ, ਉਹਨਾਂ ਦਾ ਵੀ ਨਹੀਂ ਜਿਨ੍ਹਾਂ ਨੂੰ ਉਹ ਸਾਡੇ ਖ਼ਿਲਾਫ਼ ਵਰਤਦੇ ਨੇ," ਆਂਦਰੇਈ ਨੇ ਘਿਰਣਾ ਅਤੇ ਉਦਾਸੀ ਨਾਲ਼ ਭਰੀ ਮੁਸਕਾਨ ਨਾਲ਼ ਕਿਹਾ। "ਤੇ ਉਹਨਾਂ ਨੂੰ ਆਪਣੇ ਚਾਟੜਿਆਂ ਦੇ ਮਰ ਮੁੱਕ ਜਾਣ 'ਤੇ ਵੀ ਅਫ਼ਸੋਸ ਨਹੀਂ — ਉਹਨਾਂ ਨੂੰ ਸਿਰਫ਼ ਆਪਣੇ ਧਨ ਦਾ ਫ਼ਿਕਰ ਏ।..."

"ਅਜਿਹੀ ਗੱਲਬਾਤ ਬਹੁਤ ਹੋ ਚੁੱਕੀ ਏ, ਆਂਦਰੇਈ," ਪਾਵੇਲ ਨੇ ਦ੍ਰਿੜਤਾ ਨਾਲ਼ ਕਿਹਾ।

"ਸਿਉਂਕ ਖਾਧੀ ਸ਼ੈਅ ਹੱਥ ਲੱਗਦਿਆਂ ਹੀ ਭੁਰ ਗਈ, ਬਸ ਇੰਨੀ ਈ ਗੱਲ ਏ," ਮਾਂ ਨੇ ਕਿਹਾ।

"ਸੱਚੀ ਗੱਲ ਏ, ਪਰ ਇਹਦੇ ਨਾਲ਼ ਕੋਈ ਬਹੁਤਾ ਸੁੱਖ ਨਹੀਂ ਮਿਲਦਾ," ਖੋਖੋਲ ਨੇ ਉਦਾਸੀ ਨਾਲ਼ ਕਿਹਾ।

ਉਹ ਅਕਸਰ ਇਹ ਗੱਲ ਕਹਿੰਦਾ ਅਤੇ ਜਦੋਂ ਉਹ ਇਹ ਕਹਿੰਦਾ ਤਾਂ ਉਹਦੇ ਸ਼ਬਦ ਵਿਸ਼ਾਲ ਹੋ ਕੇ ਇੱਕ ਕਾਟਵਾਂ ਅਤੇ ਕੌੜਾ ਆਮਿਆਇਆ ਬਿਆਨ ਬਣ ਜਾਂਦੇ।...

...ਅਖ਼ੀਰ ਚਿਰਾਂ ਉਡੀਕਿਆ ਦਿਨ ਆ ਗਿਆ: ਪਹਿਲੀ ਮਈ ਦਾ ਦਿਹਾੜਾ।

ਸੀਟੀ ਸਦਾ ਵਾਂਗ ਹਾਕਮਾਨਾ ਢੰਗ ਨਾਲ਼ ਚੀਕੀ। ਮਾਂ ਨੇ ਸਾਰੀ ਰਾਤ ਅੱਖ ਨਹੀਂ ਸੀ ਝਮਕੀ, ਉਹ ਛਾਲ ਮਾਰ ਕੇ ਬਿਸਤਰੇ ਵਿੱਚੋਂ ਬਾਹਰ ਨਿਕਲੀ ਅਤੇ ਸਾਮਾਵਰ ਬਾਲਿਆ, ਜਿਹੜਾ ਉਹਨੇ ਰਾਤੀਂ ਹੀ ਤਿਆਰ ਕਰ ਰੱਖਿਆ ਸੀ, ਉਹ ਸਦਾ ਵਾਂਗ ਮੁੰਡਿਆਂ ਦੇ ਕਮਰੇ ਦਾ ਦਰਵਾਜ਼ਾ ਖੜਕਾਉਣ ਲੱਗੀ ਸੀ ਕਿ ਕੁਝ ਸੋਚ ਕੇ ਰੁੱਕ ਗਈ ਅਤੇ ਬਾਰੀ 'ਤੇ ਬਹਿ ਗਈ, ਇੱਕ ਹੱਥ ਆਪਣੇ ਮੂੰਹ ਉੱਤੇ ਰੱਖ ਕੇ, ਜਿਵੇਂ ਉਹਦੀ ਦਾੜ੍ਹ ਦੁਖਦੀ ਹੋਵੇ।

ਪੀਲ਼ੀ ਭਾਹ ਮਾਰਦੇ ਨੀਲ਼ੇ ਅਸਮਾਨ ਵਿੱਚ ਪਤਲੇ ਗੁਲਾਬੀ ਤੇ ਚਿੱਟੇ ਬੱਦਲਾਂ ਦਾ ਇੱਕ ਝੁੰਡ ਤੈਰ ਰਿਹਾ ਸੀ, ਜਿਵੇਂ ਉਹ ਵੱਡੇ ਪੰਛੀਆਂ ਦੀ ਇੱਕ ਡਾਰ ਹੋਣ ਜਿਸਨੂੰ ਕਾਰਖ਼ਾਨੇ ਤੋਂ ਆਉਂਦੀ ਭਾਫ਼ ਦੀ ਸਾਂ ਸਾਂ ਨੇ ਡਰਾ ਦਿੱਤਾ ਹੋਵੇ। ਮਾਂ ਸੁਪਨਿਆਲੇ ਢੰਗ ਨਾਲ਼ ਬੱਦਲਾਂ ਵੱਲ ਵੇਖਣ ਲੱਗ ਪਈ। ਰਾਤ ਦੇ ਉਨੀਂਦੇ ਕਾਰਨ ਉਹਦਾ ਸਿਰ ਭਾਰਾ ਸੀ ਅਤੇ ਉਹਦੀਆਂ ਅੱਖਾਂ ਸੁੱਕੀਆਂ ਅਤੇ ਸੁੱਜੀਆਂ ਹੋਈਆਂ ਸਨ। ਉਹਦੇ ਅੰਦਰ ਇੱਕ ਅਜੀਬ ਸ਼ਾਂਤੀ ਸੀ। ਉਹਦਾ ਦਿਲ

ਇਕਸਾਰ ਧੜਕ ਰਿਹਾ ਸੀ ਅਤੇ ਉਹਦਾ ਮਨ ਸਾਦੇ ਵਿਚਾਰਾਂ ਨੇ ਮੱਲਿਆ ਹੋਇਆ ਸੀ।...

"ਮੈਂ ਸਾਮਾਵਰ ਬਹੁਤ ਛੇਤੀ ਬਾਲ ਦਿੱਤੈ; ਪਾਣੀ ਉਬਲ ਉਬਲ ਕੇ ਸੁੱਕ ਜਾਵੇਗਾ।... ਉਹ ਦੋਵੇਂ ਹੁਟੇ ਹੋਏ ਨੇ, ਜੱਜ ਦੀ ਸਵੇਰ ਥੋੜ੍ਹੀ ਦੇਰ ਹੋਰ ਸੌਂ ਲੈਣ ਦਿਓ ਨੇ।..."

ਸਵੇਰ ਦੇ ਸੂਰਜ ਦੀ ਇੱਕ ਹਸੂੰ ਹਸੂੰ ਕਰਦੀ ਕਿਰਨ ਨੇ ਕਮਰੇ ਵਿੱਚ ਝਾਕਿਆ। ਮਾਂ ਨੇ ਆਪਣਾ ਹੱਥ ਵਧਾਇਆ ਅਤੇ ਜਦੋਂ ਲਿਸ਼ਕਦਾ ਨਿੱਘ ਉਹਦੇ ਹੱਥ ਉੱਤੇ ਟਿਕ ਗਿਆ ਤਾਂ ਉਹਨੇ ਸੋਚਦੇ ਹੋਏ ਆਪਣੇ ਦੂਜੇ ਹੱਥ ਨਾਲ਼ ਉਹਨੂੰ ਪਿਆਰ ਨਾਲ਼ ਪਲੋਸਿਆ। ਅਖ਼ੀਰ ਉਹ ਉੱਠੀ ਅਤੇ ਚੁੱਪ ਚਾਪ ਦੂਦ-ਕਸ਼ ਸਾਮਾਵਰ ਵਿੱਚੋਂ ਕੱਢ ਲਿਆ। ਫਿਰ ਸ਼ੋਰ ਨਾ ਕਰਨ ਦਾ ਜਤਨ ਕਰਦੇ ਹੋਏ ਉਹਨੇ ਮੂੰਹ ਹੱਥ ਧੋਤਾ ਅਤੇ ਦੁਆ ਕਰਨ ਲੱਗ ਪਈ, ਆਪਣੇ ਉੱਤੇ ਬੜੀ ਲਗਨ ਨਾਲ਼ ਸਲੀਬ ਦਾ ਨਿਸ਼ਾਨ ਬਣਾਉਂਦੀ ਅਤੇ ਚੁੱਪ ਚਾਪ ਆਪਣੇ ਬੁੱਲ੍ਹ ਹਿਲਾਉਂਦੀ। ਉਹਦਾ ਮੂੰਹ ਭਖਣ ਲੱਗ ਪਿਆ ਅਤੇ ਉਹਦਾ ਸੱਜਾ ਭਰਵੱਟਾ ਜਾਂ ਤਾਂ ਹੌਲ਼ੀ ਹੌਲ਼ੀ ਉਪਰ ਉੱਠਦਾ ਅਤੇ ਜਾਂ ਅਚਾਨਕ ਹੇਠਾਂ ਲਹਿ ਜਾਂਦਾ।

ਦੂਜੀ ਸੀਟੀ ਇੰਨੀ ਉੱਚੀ ਤੇ ਹਾਕਮਾਨਾ ਨਹੀਂ ਸੀ; ਇਹਦੇ ਮੋਟੇ, ਸਿਲ੍ਹੇ ਬੋਲ ਵਿੱਚ ਮਾੜਾ ਜਿਹਾ ਕਾਂਬਾ ਸੀ, ਅਤੇ ਮਾਂ ਨੂੰ ਜਾਪਿਆ ਕਿ ਇਹ ਸਧਾਰਨ ਨਾਲੋਂ ਵਧੇਰੇ ਸਮਾਂ ਵੱਜਦੀ ਰਹੀ ਏ।

ਦੂਜੇ ਕਮਰੇ ਵਿੱਚੋਂ **ਖੋਖੋਲ** ਦੀ ਡੂੰਘੀ ਸਾਫ਼ ਅਵਾਜ਼ ਆਈ।

"ਸੁਣਦੈਂ ਪਾਵੇਲ ?"

ਕਿਸੇ ਦੇ ਨੰਗੇ ਪੈਰ ਠੱਕ ਕਰਕੇ ਫ਼ਰਸ਼ ਉੱਤੇ ਵੱਜੇ ਅਤੇ ਮੁੰਡਿਆਂ ਵਿੱਚੋਂ ਇੱਕ ਨੇ ਲੰਮੀ ਉਬਾਸੀ ਲਈ।...

"ਸਾਮਾਵਰ ਤਿਆਰ ਏ," ਮਾਂ ਨੇ ਉੱਚੀ ਅਵਾਜ਼ ਵਿੱਚ ਕਿਹਾ।

"ਅਸੀਂ ਉੱਠਣ ਹੀ ਲੱਗੇ ਵਾਂ," ਪਾਵੇਲ ਨੇ ਹਸੂੰ ਹਸੂੰ ਕਰਦਾ ਜਵਾਬ ਦਿੱਤਾ।

"ਸੂਰਜ ਉੱਗ ਰਿਹੈ," **ਖੋਖੋਲ** ਨੇ ਕਿਹਾ। "ਤੇ ਅਸਮਾਨ ਵਿੱਚ ਬੱਦਲ ਨੇ। ਅੱਜ ਸਾਨੂੰ ਬੱਦਲਾਂ ਦੀ ਲੋੜ ਨਹੀਂ ਸੀ।..."

ਉਹ ਨੀਂਦ ਨਾਲ਼ ਮਧੋਲਿਆ ਅਤੇ ਵੱਟ ਪਿਆ ਰਸੋਈ ਵਿੱਚ ਆਇਆ, ਪਰ ਉਹਦਾ ਰੌਂਅ ਅਤਿ-ਅੰਤ ਸੋਹਣਾ ਸੀ।

"ਸ਼ੁਭ ਸਵੇਰ, **ਨੈਨਕੋ** ! ਰਾਤ ਕਿਵੇਂ ਲੰਘੀ ?"

ਮਾਂ ਉਹਦੇ ਕੋਲ਼ ਗਈ।

"ਤੂੰ ਉਹਦੇ ਨਾਲ਼ ਨਾਲ਼ ਮਾਰਚ ਕਰੀਂ, ਆਂਦਰੀਊਸ਼ਾ," ਉਹਨੇ ਪੋਲੇ ਜਿਹੇ ਕਿਹਾ।

"ਜ਼ਰੂਰ, ਮੈਂ ਇੰਵ ਹੀ ਕਰਾਂਗਾ," **ਖੋਖੋਲ** ਨੇ ਫੁਸ ਫੁਸ ਕੀਤੀ। "ਯਕੀਨ ਰੱਖ **ਨੈਨਕੋ**, ਜਿੰਨਾ ਚਿਰ ਅਸੀਂ ਇਕੱਠੇ ਵਾਂ ਅਸੀਂ ਇੱਕ ਦੂਜੇ ਦੇ ਨਾਲ਼ ਨਾਲ਼ ਮਾਰਚ ਕਰਾਂਗੇ !"

"ਤੁਸੀਂ ਕੀ ਫੁਸ ਫੁਸ ਪਏ ਕਰਦੇ ਓ ?" ਪਾਵੇਲ ਨੇ ਪੁੱਛਿਆ।

"ਕੋਈ ਖ਼ਾਸ ਗੱਲ ਨਹੀਂ ਪਾਸ਼ਾ !"

"ਉਹ ਮੈਨੂੰ ਕਹਿ ਰਹੀ ਏ ਮੈਂ ਕੰਨਾਂ ਦੇ ਪਿੱਛੋਂ ਸਫ਼ਾਈ ਕਰਾਂ ! ਕੁੜੀਆਂ ਅੱਜ ਮੈਨੂੰ ਤਾੜ

ਕੇ ਵੇਖਣਗੀਆਂ !" **ਖੋਖੋਲ** ਨੇ ਮੂੰਹ ਹੱਥ ਧੋਣ ਲਈ ਡਿਉਢੀ ਵਿੱਚ ਜਾਂਦੇ ਹੋਏ ਜਵਾਬ ਦਿੱਤਾ।

" 'ਜਾਗੋ, ਕਿਰਤੀਓ ! ਜਾਗੋ, ਘੋਲ਼ ਕਰਨ ਲਈ ਜਾਗੋ !' " ਪਾਵੇਲ ਹੌਲ਼ੀ ਹੌਲ਼ੀ ਗਾਉਣ ਲੱਗ ਪਿਆ।

ਜਿਉਂ ਜਿਉਂ ਦਿਨ ਚੜ੍ਹਦਾ ਗਿਆ ਮੌਸਮ ਚੰਗੇਰਾ ਹੁੰਦਾ ਗਿਆ ਅਤੇ ਹਵਾ ਨੇ ਪਤਲੇ ਬੱਦਲਾਂ ਨੂੰ ਉੱਡਾ ਦਿੱਤਾ। ਮਾਂ ਨੇ ਨਾਸ਼ਤੇ ਲਈ ਮੇਜ਼ ਪ੍ਰੋਸਦੇ ਹੋਏ ਆਪਣਾ ਸਿਰ ਹਿਲਾਇਆ, ਉਹ ਮਨ ਹੀ ਮਨ ਵਿੱਚ ਸੋਚ ਰਹੀ ਸੀ ਕਿ ਇਹ ਕਿੰਨੀ ਅਜੀਬ ਗੱਲ ਹੈ: ਸਵੇਰੇ ਸਵੇਰੇ ਉਹ ਹੱਸ ਰਹੇ ਤੇ ਠੱਠਾ ਉਡਾ ਰਹੇ ਨੇ, ਪਰ ਕਿਸੇ ਨੂੰ ਪਤਾ ਨਹੀਂ ਦਿਨੇ ਉਹਨਾਂ ਨਾਲ਼ ਕੀ ਵਾਪਰੇਗੀ। ਅਤੇ ਪਤਾ ਨਹੀਂ ਕਿਉਂ ਉਹ ਆਪ ਸ਼ਾਂਤ ਅਤੇ ਲਗਭਗ ਖੁਸ਼ ਹੋ ਗਈ।

ਉਹ ਸਮਾਂ ਤੇਜ਼ੀ ਨਾਲ਼ ਲੰਘਾਣ ਲਈ ਹੌਲ਼ੀ ਹੌਲ਼ੀ ਚਾਹ ਪੀਂਦੇ ਰਹੇ। ਪਾਵੇਲ ਆਪਣੀ ਆਦਤ ਮੁਤਾਬਕ ਧਿਆਨ ਨਾਲ਼ ਗਲਾਸ ਵਿੱਚ ਖੰਡ ਹਿਲਾਉਂਦਾ ਰਿਹਾ ਅਤੇ ਆਪਣੀ ਰੋਟੀ ਉੱਤੇ ਇਕਸਾਰ ਲੂਣ ਛਿੜਕਦਾ ਰਿਹਾ — ਡਬਲ ਰੋਟੀ ਦੇ ਉਪਰਲੇ ਹਿੱਸੇ ਉੱਤੇ ਜਿਹੜਾ ਉਹਨੂੰ ਸਦਾ ਚੰਗਾ ਲੱਗਦਾ ਸੀ। **ਖੋਖੋਲ** ਆਪਣੇ ਪੈਰ ਮੇਜ਼ ਹੇਠ ਇੱਧਰ ਉੱਧਰ ਕਰਦਾ ਰਿਹਾ (ਉਹਨੂੰ ਆਪਣੇ ਪੈਰਾਂ ਲਈ ਕਦੀ ਸੁਖਾਵੀਂ ਥਾਂ ਲੱਭਦੀ ਹੀ ਨਹੀਂ ਸੀ) ਅਤੇ ਚਾਹ ਵਿੱਚੋਂ ਪਰਤਾਈ ਸੂਰਜ ਦੀ ਇੱਕ ਕਿਰਨ ਨੂੰ ਸਾਰੀ ਕੰਧ ਅਤੇ ਛੱਤ ਉੱਚੇ ਨੱਚਦੇ ਵੇਖਦਾ ਰਿਹਾ।

"ਜਦੋਂ ਮੇਰੀ ਉਮਰ ਦਸਾਂ ਕੁ ਵਰ੍ਹਿਆਂ ਦੀ ਸੀ, ਮੇਰਾ ਖ਼ਿਆਲ ਸੀ ਮੈਂ ਧੁੱਪ ਨੂੰ ਗਲਾਸ ਵਿੱਚ ਪਕੜ ਲਵਾਂਗਾ," ਉਹਨੇ ਕਿਹਾ। "ਸੋ ਮੈਂ ਗਲਾਸ ਲਿਆ, ਪੋਲੇ ਪੈਰੀਂ ਧੁੱਪ ਦੇ ਇੱਕ ਟੋਟੇ ਤੱਕ ਗਿਆ ਤੇ — ਗਲਾਸ ਧੜਾਮ ਕਰਕੇ ਮਾਰਿਆ ! ਮੇਰਾ ਹੱਥ ਫਟਿਆ ਗਿਆ ਤੇ ਨਾਲ਼ੇ ਮੇਰੀ ਚੰਗੀ ਝੰਬ ਹੋਈ। ਕੁੱਟ ਪੈਣ ਪਿੱਛੋਂ ਮੈਂ ਵਿਹੜੇ ਵਿੱਚ ਗਿਆ ਤਾਂ ਮੈਂ ਇੱਕ ਛੱਪੜੀ ਵਿੱਚ ਸੂਰਜ ਦਾ ਪਰਛਾਵਾਂ ਵੇਖਿਆ, ਮੈਂ ਪੂਰਾ ਜ਼ੋਰ ਲਾ ਕੇ ਇਹਨੂੰ ਮਧੋਲ ਦਿੱਤਾ। ਮੇਰੇ ਕੱਪੜਿਆਂ ਉੱਤੇ ਚਿੱਕੜ ਦੇ ਛਿੱਟੇ ਪੈ ਗਏ ਤੇ ਮੈਨੂੰ ਇੱਕ ਵਾਰ ਫਿਰ ਕੁੱਟ ਪਈ।... ਪਰ ਕੀਤਾ ਵੀ ਕੀ ਜਾਵੇ ? ਮੈਂ ਸੂਰਜ ਨੂੰ ਆਪਣੀ ਜੀਭ ਚਿੜ੍ਹਾ ਕੇ ਤੇ ਜ਼ੋਰ ਦੀ ਬੋਲ ਕੇ ਕਿਹਾ, 'ਉੱਕਾ ਹੀ ਪੀੜ ਨਹੀਂ ਹੋਈ, ਸਾਲੇ ਸੁਰਖ਼ਿਆ ! ਉੱਕਾ ਹੀ ਪੀੜ ਨਹੀਂ ਹੋਈ।' ਅਤੇ ਮੈਂ ਆਪਣੀ ਜੀਭ ਬਾਹਰ ਕੱਢੀ ਗਿਆ। ਪਤਾ ਨਹੀਂ ਕਿਉਂ ਇਸ ਨਾਲ਼ ਮੇਰਾ ਰੌਂਅ ਕੁਝ ਚੰਗਾ ਹੋ ਗਿਆ।"

"ਤੂੰ ਉਹਨੂੰ ਸੁਰਖ਼ਾ ਕਿਉਂ ਕਿਹਾ ?" ਪਾਵੇਲ ਹੱਸਿਆ।

"ਸਾਡੇ ਘਰ ਦੇ ਸਾਹਮਣੇ ਗਲੀ ਦੇ ਦੂਜੇ ਪਾਸੇ, ਇੱਕ ਵੱਡਾ ਲਾਲ ਮੂੰਹ ਵਾਲ਼ਾ ਲੁਹਾਰ ਰਹਿੰਦਾ ਸੀ, ਜਿਸਦੀ ਦਾੜ੍ਹੀ ਵੀ ਲਾਲ ਸੀ। ਉਹ ਖੁਸ਼-ਰਹਿਣਾ, ਮਿਹਰਬਾਨ ਦਿਲ ਵਾਲ਼ਾ ਬੰਦਾ ਸੀ ਤੇ ਮੈਨੂੰ ਜਾਪਦਾ ਕਿ ਸੂਰਜ ਉਹਦੇ ਵਰਗਾ ਸੀ।..."

ਜਦੋਂ ਮਾਂ ਹੋਰ ਸਹਿ ਨਾ ਸਕੀ ਤਾਂ ਉਹਨੇ ਕਿਹਾ, "ਤੁਸੀਂ ਇਸ ਬਾਰੇ ਗੱਲ ਕਿਉਂ ਨਹੀਂ ਕਰਦੇ ਕਿ ਤੁਸੀਂ ਅੱਜ ਮਾਰਚ ਕਿਵੇਂ ਕਰੋਗੇ ?"

"ਜਿਸ ਬਾਰੇ ਪਹਿਲਾਂ ਹੀ ਨਿਰਣਾ ਹੋ ਚੁੱਕੈ ਉਹਦੇ ਬਾਰੇ ਗੱਲਬਾਤ ਕਰਨ ਨਾਲ਼ ਘਚੋਲਾ ਹੀ ਪਵੇਗਾ," **ਖੋਖੋਲ** ਨੇ ਨਰਮੀ ਨਾਲ਼ ਕਿਹਾ। "ਜੇ ਫ਼ਰਜ਼ ਕਰੋ ਉਹਨਾਂ ਸਾਨੂੰ ਸਾਰਿਆਂ ਨੂੰ ਫੜ ਲਿਆ, **ਨੈਨਕੋ** ਤਾਂ ਨਿਕੋਲਾਈ ਈਵਾਨੋਵਿਚ ਆਵੇਗਾ ਤੇ ਤੈਨੂੰ ਦੱਸੇਗਾ ਕੀ ਕਰਨਾ ਏ।"

"ਬਹੁਤ ਅੱਛਾ," ਮਾਂ ਨੇ ਹਉਕਾ ਲੈ ਕੇ ਕਿਹਾ।

"ਜ਼ਰਾ ਸੈਰ ਨਾ ਹੋ ਜਾਏ ?" ਪਾਵੇਲ ਨੇ ਸੁਪਨਿਆਲੇ ਢੰਗ ਨਾਲ਼ ਕਿਹਾ।

"ਹਾਲ ਦੀ ਘੜੀ ਘਰੇ ਰਹੀਏ ਤਾਂ ਚੰਗੈ," ਆਂਦਰੇਈ ਨੇ ਜਵਾਬ ਦਿੱਤਾ। "ਵੇਲੇ ਤੋਂ ਪਹਿਲਾਂ ਹੀ ਪੁਲੀਸ ਨੂੰ ਕਿਉਂ ਝਕਾਈਏ। ਉਹ ਪਹਿਲਾਂ ਹੀ ਤੈਨੂੰ ਚੰਗੀ ਤਰ੍ਹਾਂ ਜਾਣਦੇ ਨੇ !"

ਫ਼ਿਓਦੋਰ ਮਾਜ਼ੀਨ ਨੱਠਦਾ ਹੋਇਆ ਆਇਆ, ਉਹਦਾ ਮੂੰਹ ਲਿਸ਼ਕ ਰਿਹਾ ਸੀ ਅਤੇ ਉਹਦੀਆਂ ਗੱਲ੍ਹਾਂ ਭੱਖ ਰਹੀਆਂ ਸਨ। ਉਹਦੀ ਖੁਸ਼ੀ–ਭਰੀ ਉਤੇਜਨਾ ਨੇ ਉਡੀਕ ਦੇ ਖਿਚਾਅ ਨੂੰ ਤੋੜ ਦਿੱਤਾ।

"ਮਾਮਲਾ ਸ਼ੁਰੂ ਹੋ ਗਿਐ !" ਉਹਨੇ ਕਿਹਾ। "ਲੋਕ ਹਿੱਲ ਪਏ ਨੇ ! ਉਹ ਦ੍ਰਿੜ੍ਹ ਮੂੰਹਾਂ ਨਾਲ਼ ਸੜਕਾਂ ਉੱਤੇ ਆ ਰਹੇ ਨੇ। ਵੇਸੋਵਸ਼ਚੀਕੋਵ ਅਤੇ ਵਾਸੀਆ ਗੁਸੇਵ ਅਤੇ ਸਮੋਈਲੋਵ ਕਾਰਖ਼ਾਨੇ ਦੇ ਫਾਟਕ ਕੋਲ਼ ਤਕਰੀਰਾਂ ਕਰਦੇ ਖੜੇ ਨੇ। ਅਨੇਕਾਂ ਕਿਰਤੀ ਘਰਾਂ ਨੂੰ ਮੁੜ ਗਏ ਨੇ ! ਚਲੋ ! ਚੱਲਣ ਦਾ ਵੇਲਾ ਹੋ ਗਿਐ ! ਦਸ ਤਾਂ ਵੱਜ ਵੀ ਗਏ ਨੇ !"

"ਮੈਂ ਆਉਂਦਾ," ਪਾਵੇਲ ਨੇ ਨਿਰਣਾਇਕ ਢੰਗ ਨਾਲ਼ ਕਿਹਾ।

"ਵੇਖ ਲਵੀਂ ਦੁਪਹਿਰ ਦੇ ਖਾਣੇ ਤੋਂ ਪਿੱਛੋਂ ਕਾਰਖ਼ਾਨੇ ਦੇ ਸਾਰੇ ਮਜ਼ਦੂਰ ਬਾਹਰ ਆ ਜਾਣਗੇ !" ਫ਼ਿਓਦੋਰ ਨੱਠ ਕੇ ਬਾਹਰ ਜਾਂਦੇ ਹੋਏ ਕੂਕਿਆ।

"ਉਹ ਤਾਂ ਹਵਾ ਵਿੱਚ ਰੱਖੀ ਮੋਮਬੱਤੀ ਵਾਂਗ ਮੱਚ ਰਿਹੈ," ਮਾਂ ਨੇ ਠਰ੍ਹੰਮੇ ਨਾਲ਼ ਕਿਹਾ। ਫਿਰ ਉਹ ਉੱਠੀ ਅਤੇ ਕੱਪੜੇ ਬਦਲਣ ਲਈ ਰਸੋਈ ਵਿੱਚ ਗਈ।

"ਤੂੰ ਕਿੱਧਰ ਚਲੀ ਏਂ, **ਨੈਨਕੋ** ?"

"ਤੁਹਾਡੇ ਨਾਲ਼," ਮਾਂ ਨੇ ਜਵਾਬ ਦਿੱਤਾ।

ਆਂਦਰੇਈ ਨੇ ਆਪਣੀ ਮੁੱਛ ਖਿੱਚੀ ਅਤੇ ਪਾਵੇਲ ਵੱਲ ਵੇਖਿਆ। ਪਾਵੇਲ ਨੇ ਆਪਣੇ ਵਾਲਾਂ ਵਿੱਚ ਉਂਗਲਾਂ ਫੇਰੀਆਂ ਅਤੇ ਮਾਂ ਕੋਲ਼ ਗਿਆ।

"ਮਾਂ, ਮੈਂ ਤੈਨੂੰ ਰੋਕਣ ਲਈ ਕੁਝ ਨਹੀਂ ਕਹਾਂਗਾ, ਤੇ — ਤੂੰ ਵੀ ਮੈਨੂੰ ਕੁਝ ਨਾ ਕਹੀਂ — ਠੀਕ ਏ ?"

"ਠੀਕ ਏ, ਠੀਕ ਏ। ਰੱਬ ਤੁਹਾਡੇ ਅੰਗ ਸੰਗ ਰਹੇ !" ਉਹ ਬੁੜਬੁੜਾਈ।

## 27

ਜਦੋਂ ਉਹ ਬਾਹਰ ਆਈ ਅਤੇ ਹਵਾ ਵਿੱਚ ਅਵਾਜ਼ਾਂ ਦੀ ਉਤੇਜਤ, ਆਸ–ਭਰਪੂਰ ਘੂਕਰ ਸੁਣੀ, ਅਤੇ ਜਦੋਂ ਉਹਨੇ ਲੋਕਾਂ ਦੀਆਂ ਟੋਲੀਆਂ ਨੂੰ ਫਾਟਕਾਂ ਕੋਲ਼ ਅਤੇ ਮਕਾਨਾਂ ਦੀਆਂ ਬਾਰੀਆਂ ਵਿੱਚ ਖੜੇ ਆਪਣੇ ਪੁੱਤਰ ਅਤੇ ਆਂਦਰੇਈ ਵੱਲ ਉਤਸੁਕਤਾ ਨਾਲ਼ ਵੇਖਦੇ ਤੱਕਿਆ ਤਾਂ ਉਹਦੀਆਂ ਅੱਖਾਂ ਦੇ ਸਾਹਮਣੇ ਸਭ ਕੁਝ ਹਰੇ ਅਤੇ ਭੂਰੇ ਰੰਗ ਦੇ ਧੁੰਦਲੇ ਮਿਸ਼ਰਣ ਵਿੱਚ ਤੈਰਨ ਲੱਗ ਪਿਆ।

ਲੋਕ ਉਹਨਾਂ ਨੂੰ ਸ਼ੁਭ–ਇਛਾਵਾਂ ਭੇਟਾਂ ਕਰਦੇ ਅਤੇ ਉਹਨਾਂ ਦੇ ਬੋਲਾਂ ਵਿੱਚ ਵਿਸ਼ੇਸ਼ ਮਹੱਤਤਾ ਸੀ। ਉਹਨੇ ਖਰ੍ਹਵੀਆਂ, ਸ਼ਾਂਤ ਅਵਾਜ਼ਾਂ ਵਿੱਚ ਕਹੀਆਂ ਗੱਲਾਂ ਸੁਣੀਆਂ।

"ਔਹ ਨੇ—ਸਾਡੇ ਲੀਡਰ।..."

"ਸਾਨੂੰ ਕੀ ਪਤਾ ਲੀਡਰ ਕੌਣ ਨੇ।..."

"ਮੇਰੀ ਨੀਅਤ ਕੋਈ ਮਾੜੀ ਨਹੀਂ ਸੀ!..."

ਇੱਕ ਵਿਹੜੇ ਵਿੱਚੋਂ ਕੋਈ ਗੁੱਸੇ ਨਾਲ਼ ਕੂਕਿਆ:

"ਪੁਲੀਸ ਨੇ ਉਹਨਾਂ ਨੂੰ ਫੜ ਲੈਣੇ ਤੇ ਬਸ ਫਸਤਾ ਮੁੱਕ ਜਾਣੈ।"

"ਉਹਨਾਂ ਪਹਿਲਾਂ ਵੀ ਇੱਕ ਵਾਰ ਫੜਿਆ ਸੀ!"

ਇੱਕ ਇਸਤਰੀ ਦੀ ਰੂੰ ਰੂੰ ਬਾਰੀ ਵਿੱਚੋਂ ਸੜਕ 'ਤੇ ਆਈ:

"ਜ਼ਰਾ ਸੋਚ ਕੀ ਪਿਆ ਕਰਨੈਂ? ਯਾਦ ਰੱਖੀਂ ਤੂੰ ਟੱਬਰ ਨੂੰ ਪਾਲਣਾ ਵੇ!"

ਉਹ ਲੱਤ-ਹੀਣ ਜ਼ੋਸੀਮੋਵ ਦੇ ਘਰ ਅੱਗੋਂ ਲੰਘੇ, ਜਿਸਨੂੰ ਕੰਮ ਕਰਦੇ ਹੋਏ ਅਪਾਹਜ ਹੋ ਜਾਣ ਕਾਰਨ ਕਾਰਖ਼ਾਨੇ ਤੋਂ ਮਾਹਵਾਰ ਪੈਨਸ਼ਨ ਮਿਲਦੀ ਸੀ।

"ਪਾਵੇਲ!" ਉਹਨੇ ਸਿਰ ਬਾਰੀ 'ਚੋਂ ਬਾਹਰ ਕੱਢਦੇ ਹੋਏ ਉੱਚੀ ਅਵਾਜ਼ ਵਿੱਚ ਕਿਹਾ। "ਬਦਮਾਸ਼, ਇਸ ਕੰਮ ਲਈ ਉਹ ਤੇਰੀ ਧੌਣ ਤੋੜ ਦੇਣਗੇ! ਤੈਨੂੰ ਕਰਨੀ ਦਾ ਫਲ ਮਿਲ ਜਾਏਗਾ!"

ਮਾਂ ਕੰਬੀ ਅਤੇ ਅਹਿਲ ਖੜੀ ਹੋ ਗਈ। ਗੁੱਸੇ ਦੀ ਇੱਕ ਕਟਾਰ ਨੇ ਉਹਦਾ ਅੰਦਰਾ ਚੀਰ ਦਿੱਤਾ। ਉਹਨੇ ਅਪਾਹਜ ਦੇ ਫੁੱਲੇ ਮੂੰਹ ਵੱਲ ਨਜ਼ਰ ਚੁੱਕ ਕੇ ਵੇਖਿਆ ਅਤੇ ਉਹਨੇ ਗਾਹਲ ਕੱਢ ਕੇ ਆਪਣਾ ਸਿਰ ਅੰਦਰ ਕਰ ਲਿਆ। ਮਾਂ ਨੇ ਆਪਣੀ ਚਾਲ ਤੇਜ਼ ਕਰ ਦਿੱਤੀ ਅਤੇ ਆਪਣੇ ਪੁੱਤਰ ਦੀ ਪੈੜ ਦੱਬਦੀ ਚੱਲ ਪਈ, ਪਿੱਛੇ ਨਾ ਰਹਿ ਜਾਣ ਦਾ ਜਤਨ ਕਰਦੀ ਹੋਈ।

ਜਾਪਦਾ ਸੀ ਪਾਵੇਲ ਅਤੇ ਆਂਦਰੇਈ ਕਿਸੇ ਗੱਲ ਵੱਲ ਧਿਆਨ ਨਹੀਂ ਸਨ ਦੇ ਰਹੇ ਅਤੇ ਉਹਨਾਂ ਉੱਤੇ ਜਿਹੜੀਆਂ ਟਿਚਕਰਾਂ ਕੀਤੀਆਂ ਜਾਂਦੀਆਂ ਸਨ, ਉਹਨਾਂ ਵੱਲੋਂ ਉੱਕਾ ਹੀ ਬੇਧਿਆਨ ਸਨ। ਉਹ ਅਰਾਮ ਨਾਲ਼ ਅਤੇ ਬਿਨਾਂ ਕਾਹਲ ਟੁਰੀ ਗਏ। ਇੱਕ ਵਾਰ ਮਿਰੋਨੋਵ ਨੇ ਉਹਨਾਂ ਨੂੰ ਰੋਕਿਆ, ਉਹ ਨਿਰਮਾਣ ਅਧ-ਖੜ ਬੰਦਾ ਸੀ, ਜਿਸਦਾ ਸਾਰੇ ਉਹਦੇ ਗੰਭੀਰ, ਇਮਾਨਦਾਰ ਜੀਵਨ-ਢੰਗ ਕਾਰਨ ਸਤਿਕਾਰ ਕਰਦੇ ਸਨ।

"ਸੋ ਤੁਸੀਂ ਅੱਜ ਕੰਮ 'ਤੇ ਨਾ ਜਾਣ ਦਾ ਫ਼ੈਸਲਾ ਕੀਤੈ, ਦਾਨੀਲੋ ਈਵਾਨੋਵਿਚ?" ਪਾਵੇਲ ਨੇ ਕਿਹਾ।

"ਮੇਰੀ ਘਰ ਵਾਲ਼ੀ ਦੇ ਬੱਚਾ ਹੋਣ ਵਾਲ਼ੈ। ਨਾਲ਼ੇ ਅੱਜ ਜਿਹਾ ਦਿਨ ਤੁਹਾਨੂੰ ਬੇਚੈਨ ਕਰ ਦੇਂਦੈ।" ਉਹਨੇ ਨੀਵੀਂ ਅਵਾਜ਼ ਵਿੱਚ ਪੁੱਛਦੇ ਹੋਏ ਆਪਣੇ ਸਾਥੀਆਂ ਵੱਲ ਇੱਕ-ਟਕ ਵੇਖਿਆ।

"ਸੁਣਿਐ ਤੁਸੀਂ ਅੱਜ ਡਾਇਰੈਕਟਰ ਨੂੰ ਤੰਗ ਕਰਨ ਦੀ ਨੀਅਤ ਧਾਰੀ ਏ — ਕੁਝ ਬਾਰੀਆਂ ਭੰਨੋਗੇ, ਹੈਂ?"

"ਅਸੀਂ ਸ਼ਰਾਬੀ ਨਹੀਂ!" ਪਾਵੇਲ ਨੇ ਉੱਚੀ ਜਿਹੀ ਕਿਹਾ।

"ਸਾਡੀ ਮਨਸ਼ਾ ਤਾਂ ਬਸ ਆਪਣੇ ਝੰਡੇ ਲੈ ਕੇ ਸੜਕ ਉੱਤੇ ਮਾਰਚ ਕਰਨ ਅਤੇ ਕੁਝ ਗੀਤ ਗਾਉਣ ਦੀ ਏ," **ਖੋਖੋਲ** ਨੇ ਕਿਹਾ। "ਜ਼ਰਾ ਸਾਡੇ ਗੀਤ ਸੁਣ, ਉਹ ਸਾਡੇ ਵਿਸ਼ਵਾਸ ਦਾ

ਪ੍ਰਗਟਾਅ ਨੇ!"

"ਮੈਨੂੰ ਤੁਹਾਡੇ ਵਿਸ਼ਵਾਸ ਦਾ ਖ਼ੂਬ ਪਤੈ," ਮਿਰੋਨੋਵ ਨੇ ਸੋਚਦੇ ਹੋਏ ਕਿਹਾ। "ਮੈਂ ਤੁਹਾਡੇ ਅਖ਼ਬਾਰ ਪੜ੍ਹੇ ਨੇ। ਆਹ, ਪੇਲਾਗੀਆ ਨਿਲੋਵਨਾ," ਉਹਨੇ ਸਿਆਣੀਆਂ ਅੱਖਾਂ ਨਾਲ਼ ਮੁਸਕਰਾ ਕੇ ਮਾਂ ਵੱਲ ਵੇਖਦੇ ਹੋਏ ਉੱਚੀ ਅਵਾਜ਼ ਵਿੱਚ ਕਿਹਾ। "ਤੂੰ ਵੀ ਬਗ਼ਾਵਤ ਵਿੱਚ ਸ਼ਾਮਲ ਹੋ ਗਈ ਏਂ?"

"ਮਰਨ ਤੋਂ ਪਹਿਲਾਂ ਇੱਕ ਵਾਰ ਤਾਂ ਇਨਸਾਫ਼ ਦੀ ਧਿਰ ਨਾਲ਼ ਚੱਲਣਾ ਹੀ ਪੈਣੈ!"

"ਚੰਗਾ, ਚੰਗਾ!" ਮਿਰੋਨੋਵ ਨੇ ਕਿਹਾ। "ਜਾਪਦੈ ਉਹਨਾਂ ਦਾ ਇਹ ਕਹਿਣਾ ਠੀਕ ਸੀ ਕਿ ਤੂੰ ਹੀ ਇਸ਼ਤਿਹਾਰ ਕਾਰਖ਼ਾਨੇ ਵਿੱਚ ਲਿਆਇਆ ਕਰਦੀ ਸੈਂ!"

"ਕਿਸ ਨੇ ਕਿਹਾ ਸੀ ਇਹ?" ਪਾਵੇਲ ਨੇ ਪੁੱਛਿਆ।

"ਹੂੰ-ਊਂ।... ਲੋਕ ਇਹੋ ਕਹਿੰਦੇ ਸਨ। ਚੰਗਾ, ਰੱਬ ਰਾਖਾ। ਆਪਣੇ ਆਪ ਉੱਤੇ ਕਾਬੂ ਰੱਖਿਓ!"

ਮਾਂ ਚੁੱਪ ਚਾਪ ਮੁਸਕਰਾਈ। ਉਹ ਖੁਸ਼ ਸੀ ਕਿ ਉਹਨਾਂ ਉਹਦੇ ਬਾਰੇ ਅਜਿਹੀਆਂ ਗੱਲਾਂ ਕਹੀਆਂ ਸਨ।

ਮਾਂ, ਤੂੰ ਵੀ ਜੇਲ੍ਹ ਜਾ ਕੇ ਰਹੇਂਗੀ," ਪਾਵੇਲ ਨੇ ਹੱਸ ਕੇ ਕਿਹਾ।

ਸੂਰਜ ਉੱਪਰ ਉੱਠਦਾ ਗਿਆ, ਆਪਣਾ ਨਿੱਘ ਬਸੰਤ ਦੇ ਦਿਨ ਦੀ ਕਰਾਰੀ ਤਾਜ਼ਗੀ ਵਿੱਚ ਡੋਲ੍ਹਦਾ। ਬੱਦਲਾਂ ਦੀ ਹਰਕਤ ਮੱਧਮ ਪੈ ਗਈ ਅਤੇ ਉਹਨਾਂ ਦੇ ਪਰਛਾਵੇਂ ਪਤਲੇ ਤੇ ਵਧੇਰੇ ਪਾਰਦਰਸ਼ੀ ਹੋ ਗਏ। ਉਹ ਹੌਲ਼ੀ ਹੌਲ਼ੀ ਸੜਕ ਅਤੇ ਮਕਾਨਾਂ ਦੀਆਂ ਛੱਤਾਂ ਉੱਤੇ ਤੈਰ ਰਹੇ ਸਨ, ਲੋਕਾਂ ਉੱਤੇ ਛਾਂ ਕਰਦੇ ਅਤੇ ਬਸਤੀ ਨੂੰ ਸਾਫ਼ ਕਰਦੇ, ਮਕਾਨਾਂ ਦੀਆਂ ਕੰਧਾਂ ਅਤੇ ਛੱਤਾਂ ਤੋਂ ਗੰਦ ਤੇ ਮਿੱਟੀ ਅਤੇ ਲੋਕਾਂ ਦੇ ਮੂੰਹਾਂ ਉੱਤੋਂ ਅਕੇਵਾਂ ਪੂੰਝਦੇ। ਸਭ ਕੁਝ ਵਧੇਰੇ ਖੁਸ਼-ਰਹਿਣਾ ਜਾਪ ਰਿਹਾ ਸੀ। ਅਵਾਜ਼ਾਂ ਦਾ ਸ਼ੋਰ ਵੱਧਦਾ ਗਿਆ ਇੱਥੋਂ ਤੱਕ ਕਿ ਇਹਨੇ ਮਸ਼ੀਨਾਂ ਦੀ ਦੁਰਾਡੀ ਘੂਕਰ ਨੂੰ ਡਬੋ ਦਿੱਤਾ।

ਇੱਕ ਵਾਰ ਫਿਰ ਬਾਰੀਆਂ ਅਤੇ ਵਿਹੜਿਆਂ 'ਚੋਂ ਲਫ਼ਜ਼ ਉੱਡਦੇ ਅਤੇ ਰਿੜ੍ਹਦੇ ਹੋਏ ਮਾਂ ਦੇ ਕੰਨਾਂ ਤੱਕ ਆਏ—ਲਫ਼ਜ਼ ਜਿਹੜੇ ਖੋਰੀ ਅਤੇ ਤੌਖਲੇ ਭਰੇ ਸਨ, ਵਿਚਾਰਾਂ ਭਰੇ ਅਤੇ ਦਿਲ ਵਧਾਉਣ ਵਾਲ਼ੇ ਸਨ। ਪਰ ਹੁਣ ਉਹ ਤਰਦੀਦ ਕਰਨ, ਸਮਝਾਉਣ, ਆਪਣਾ ਧੰਨਵਾਦ ਪ੍ਰਗਟ ਕਰਨ ਲਈ ਉਤਸੁਕਤ ਸੀ—ਉਸ ਦਿਨ ਦੀ ਅਜੀਬ ਵੰਨ-ਸੁਵੰਨੀ ਜ਼ਿੰਦਗੀ ਵਿੱਚ ਸਰਗਰਮ ਹਿੱਸਾ ਲੈਣ ਲਈ।

ਲਗਭਗ ਸੌ ਲੋਕਾਂ ਦੀ ਭੀੜ ਇੱਕ ਤੰਗ ਗਲ਼ੀ ਵਿੱਚ ਇਕੱਠੀ ਹੋ ਗਈ ਸੀ ਅਤੇ ਉਹਨਾਂ ਦੇ ਵਿਚਕਾਰੋਂ ਵੇਸੋਵਸ਼ਚੀਕੋਵ ਦੀ ਅਵਾਜ਼ ਆ ਰਹੀ ਸੀ।

"ਉਹ ਰਸਭਰੀਆਂ ਦੇ ਰਸ ਵਾਂਗ ਸਾਡਾ ਲਹੂ ਨਿਚੋੜ ਲੈਂਦੇ ਨੇ।" ਉਹਦੇ ਬੇਤੁਕੇ ਬੋਲ ਲੋਕਾਂ ਦੇ ਸਿਰਾਂ ਉੱਤੇ ਬੋਝਲ ਤਰ੍ਹਾਂ ਪਏ।

"ਕਿਵੇਂ ਨਿਚੋੜਦੇ ਨੇ!" ਕਈ ਅਵਾਜ਼ਾਂ ਇੱਕੋਂ ਦਮ ਗੂੰਜਦੀਆਂ।

"ਮੁੰਡਾ ਜਤਨ ਕਰ ਰਿਹੈ," ਖ਼ੋਖ਼ੋਲ ਨੇ ਕਿਹਾ। "ਮੇਰਾ ਖ਼ਿਆਲ ਏ ਮੈਂ ਜਾ ਕੇ ਉਹਦਾ ਹੱਥ

ਵਟਾਵਾਂ!...”

ਅਤੇ ਇਸ ਤੋਂ ਪਹਿਲਾਂ ਕਿ ਪਾਵੇਲ ਨੂੰ ਉਹਨੂੰ ਰੋਕਣ ਦਾ ਅਵਸਰ ਮਿਲਦਾ, ਉਹਨੇ ਆਪਣੀ ਲੰਮੀ, ਛਹਲ ਦੇਹ ਭੀੜ ਵਿੱਚੋਂ ਇਉਂ ਮਰੋੜ ਲਈ ਜਿਵੇਂ ਡੱਟਾ ਕੱਢਣ ਵਾਲ਼ਾ ਪੇਚ ਡੱਟੇ ਵਿੱਚ ਘੁਸ ਜਾਂਦੈ।

“ਸਾਥੀਓ!” ਉਹਨੇ ਆਪਣੀ ਭਰਵੀਂ ਅਵਾਜ਼ ਵਿੱਚ ਕਿਹਾ। “ਉਹ ਕਹਿੰਦੇ ਨੇ ਧਰਤੀ ਉੱਤੇ ਵੱਖ ਵੱਖ ਕੌਮਾਂ ਰਹਿੰਦੀਆਂ ਨੇ—ਯਹੂਦੀ ਤੇ ਜਰਮਨ, ਅੰਗ੍ਰੇਜ਼ ਤੇ ਤਾਤਾਰ। ਪਰ ਮੈਂ ਇਹ ਗੱਲ ਨਹੀਂ ਮੰਨਦਾ! ਸਿਰਫ਼ ਦੋ ਕੌਮਾਂ ਨੇ — ਦੋ ਅਣਮੋਲ ਕੌਮਾਂ — ਅਮੀਰ ਅਤੇ ਗ਼ਰੀਬ! ਲੋਕ ਵੱਖ ਵੱਖ ਤਰ੍ਹਾਂ ਦੇ ਕੱਪੜੇ ਪਹਿਨਦੇ ਨੇ ਅਤੇ ਵੱਖ ਵੱਖ ਤਰ੍ਹਾਂ ਗੱਲਾਂ ਕਰਦੇ ਨੇ, ਪਰ ਜਦੋਂ ਅਸੀਂ ਵੇਖਦੇ ਵਾਂ ਕਿਵੇਂ ਅਮੀਰ ਫ਼ਰਾਂਸੀਸੀ, ਜਰਮਨ ਅਤੇ ਅੰਗ੍ਰੇਜ਼ ਕਿਰਤੀ ਲੋਕਾਂ ਨਾਲ਼ ਸਲੂਕ ਕਰਦੇ ਨੇ ਤਾਂ ਅਸੀਂ ਸਮਝ ਜਾਂਦੇ ਵਾਂ ਕਿ ਸਾਡੇ, ਕਿਰਤੀਆਂ ਲਈ ਉਹ ਸਭੇ ਛਟੇ ਬਦਮਾਸ਼ ਨੇ, ਉਹਨਾਂ ਉੱਤੇ ਰੱਬ ਦੀ ਮਾਰ!”

ਭੀੜ ਵਿੱਚੋਂ ਕੋਈ ਹੱਸਿਆ।

“ਦੂਜੇ ਹੱਥ, ਜੇ ਤੁਸੀਂ ਨੇੜਵੀਂ ਨਿਗਾਹ ਮਾਰੋ ਤਾਂ ਤੁਸੀਂ ਵੇਖੋਗੇ ਕਿ ਫ਼ਰਾਂਸੀਸੀ ਅਤੇ ਤਾਤਾਰ ਅਤੇ ਤੁਰਕ ਕਿਰਤੀ ਸਭ ਉਹੋ ਕੁੱਤਿਆਂ ਜਿਹੀ ਜ਼ਿੰਦਗੀ ਜਿਊਂਦੇ ਨੇ ਜਿਹੋ ਜਿਹੀ ਅਸੀਂ ਰੂਸੀ ਕਿਰਤੀ ਜਿਊਂਦੇ ਵਾਂ!”

ਸਦਾ ਵਧੇਰੇ ਲੋਕ ਗਲ਼ੀ ਵੱਲ ਮੁੜਦੇ ਗਏ, ਉਹ ਚੁੱਪ ਚਾਪ ਆਪਣੀਆਂ ਧੌਣਾਂ ਅੱਗ ਵਧਾਉਂਦੇ ਅਤੇ ਪੱਬਾਂ ਭਾਰ ਖੜੇ ਹੋ ਜਾਂਦੇ।

ਆਂਦਰੇਈ ਦੀ ਅਵਾਜ਼ ਉਚੇਰੀ ਹੋ ਗਈ।

“ਬਦੇਸ਼ਾਂ ਵਿੱਚ ਕਿਰਤੀਆਂ ਨੇ ਪਹਿਲਾਂ ਹੀ ਇਹ ਸਾਦਾ ਸੱਚ ਸਮਝ ਲਿਆ ਹੈ, ਅਤੇ ਅੱਜ, ਇਸ ਲਿਸ਼ਕਦੇ ਮਈ ਦਿਵਸ ’ਤੇ...”

“ਪੁਲੀਸ!” ਕੋਈ ਕੂਕਿਆ।

ਚਾਰ ਘੋੜਸਵਾਰ ਪੁਲਸੀਏ ਸਿੱਧੇ ਘੋੜੇ ਵਧਾਉਂਦੇ ਗਲ਼ੀ ਵਿੱਚ ਆਏ, ਆਪਣੇ ਛਾਂਟੇ ਲਹਿਰਾਉਂਦੇ ਹੋਏ ਘੋੜਸਵਾਰ ਪੁਲਸੀਏ ਸਿੱਧੇ ਲੋਕਾਂ ਵੱਲ ਆ ਰਹੇ ਸਨ ਅਤੇ ਕੂਕ ਰਹੇ ਸਨ:

“ਖਿੰਡ ਪੁੰਡ ਜਾਓ!”

ਲੋਕਾਂ ਨੇ ਘੂਰੀਆਂ ਵੱਟੀਆਂ ਅਤੇ ਅਣਮੰਨਵੇਂ ਢੰਗ ਨਾਲ਼ ਘੋੜਿਆਂ ਲਈ ਰਾਹ ਛੱਡਿਆ। ਕੁਝ ਜੰਗਲਿਆਂ ਉੱਤੇ ਚੜ੍ਹ ਗਏ।

“ਉਹ ਆਪਣੇ ਆਪ ਨੂੰ ਬਹਾਦਰ ਸਿਪਾਹੀ ਸਮਝਦੇ ਨੇ, ਪਰ ਹੈ ਉਹ ਐਨ ਸੂਰ ਨੇ!” ਕਿਸੇ ਨੇ ਨਿਝੱਕ ਹੋ ਕੇ ਅਵਾਜ਼ ਕਸਿਆ।

**ਖੋਖੋਲ** ਗਲੀ ਦੇ ਵਿਚਕਾਰ ਜਿੱਥੇ ਸੀ ਉੱਥੇ ਖੜਾ ਰਿਹਾ, ਅਤੇ ਦੋ ਘੋੜੇ ਆਪਣੇ ਸਿਰ ਸੁੱਟਦੇ ਉਹਦੇ ਵੱਲ ਵਧੇ। ਉਹ ਇੱਕ ਪਾਸੇ ਹੋ ਗਿਆ ਅਤੇ ਉਸੇ ਛਿਣ ਮਾਂ ਨੇ ਉਹਦਾ ਹੱਥ ਫੜ ਲਿਆ ਅਤੇ ਉਹਨੂੰ ਆਪਣੇ ਪਿੱਛੇ ਖਿੱਚ ਲਿਆ।

“ਤੂੰ ਤਾਂ ਪਾਵੇਲ ਦੇ ਨਾਲ਼ ਰਹਿਣ ਦਾ ਇਕਰਾਰ ਕੀਤਾ ਸੀ,” ਮਾਂ ਨੇ ਗੁੱਸੇ ਜਿਹੇ ਨਾਲ਼

ਕਿਹਾ, "ਤੇ ਤੂੰ ਏਂ ਕਿ ਇਕੱਲਾ ਹੀ ਮੁਸੀਬਤ ਸਹੇੜ ਰਿਹੈਂ।"

"ਹਜ਼ਾਰ ਵਾਰ ਮਾਫ਼ੀ ਮੰਗਦਾਂ," **ਖੋਖੋਲ** ਨੇ ਮੁਸਕਰਾ ਕੇ ਕਿਹਾ।

ਪੇਲਾਗੀਆ ਨੂੰ ਇੱਕ ਕੁਚਲਦੀ, ਕੁਸ਼ਗਣੀ ਥਕਾਵਟ ਦਾ ਅਨੁਭਵ ਹੋਇਆ, ਜਿਹੜੀ ਉਹਦੇ ਧੁਰ ਅੰਦਰੋਂ ਉੱਠ ਰਹੀ ਸੀ ਅਤੇ ਉਹਦਾ ਸਿਰ ਚਕਰਾ ਦੇਂਦੀ, ਵਾਰੋ ਵਾਰੀ ਖ਼ੁਸ਼ੀ ਅਤੇ ਗ਼ਮ ਦੀ ਅਜੀਬ ਲਹਿਰ ਉਠਾਉਂਦੀ। ਉਹਦਾ ਜੀਅ ਕਰਦਾ ਦੁਪਹਿਰ ਦੇ ਖਾਣੇ ਦੀ ਸੀਟੀ ਵੱਜ ਜਾਵੇ।

ਉਹ ਚੌਕ ਵਿੱਚ ਗਿਰਜੇ ਕੋਲ਼ ਆਏ। ਗਿਰਜੇ ਦੇ ਹਾਤੇ ਵਿੱਚ ਲੋਕਾਂ ਦੀ ਘਣੀ ਭੀੜ ਸਾਰੇ ਪਾਸੇ ਬੈਠੀ ਅਤੇ ਖੜੀ ਹੋਈ ਸੀ, ਪੰਜ ਸੌ ਸ਼ੌਂਗੀਲੇ ਜਵਾਨ ਅਤੇ ਬੱਚੇ ਇਕੱਠੇ ਹੋਏ ਹੋਏ ਸਨ। ਭੀੜ ਅੱਗੇ ਪਿੱਛੇ ਲਹਿਰਾਉਂਦੀ। ਲੋਕ ਬੇਚੈਨੀ ਨਾਲ਼ ਆਪਣੇ ਸਿਰ ਚੁੱਕਦੇ, ਬੇਸਬਰੀ ਨਾਲ਼ ਕਿਸੇ ਸ਼ੈ ਨੂੰ ਉਡੀਕਦੇ। ਹਵਾ ਵਿੱਚ ਕੁਝ ਉੱਚ ਸੀ। ਜਾਪਦਾ ਸੀ ਕੁਝ ਲੋਕਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਕਰਨਾ ਹੈ, ਹੋਰ ਬਹਾਦਰੀ ਦਾ ਵਿਖਾਲਾ ਕਰ ਰਹੇ ਸਨ। ਔਰਤਾਂ ਦੀਆਂ ਦੱਬੀਆਂ ਅਵਾਜ਼ਾਂ ਮਰਦਾਂ ਦੀਆਂ ਮਿੰਨਤਾਂ ਕਰਦੀਆਂ, ਜਿਹੜੇ ਖਿੱਝ ਨਾਲ਼ ਉਹਨਾਂ ਤੋਂ ਮੂੰਹ ਮੋੜ ਲੈਂਦੇ। ਕਦੀ ਕਦੀ ਦਬੀ ਜ਼ਬਾਨੇ ਗਾਹਲਾਂ ਸੁਣਾਈ ਦੇਂਦੀਆਂ। ਮਿਲੀ ਜੁਲੀ ਭੀੜ ਵਿੱਚੋਂ ਦਵੈਖ ਦੀ ਖੁੰਢੀ ਭਿਣਕਾਰ ਉੱਠਦੀ।

"ਮਿਤੇਨਕਾ!" ਇੱਕ ਔਰਤ ਦੀ ਕੰਬਦੀ ਅਵਾਜ਼ ਨੇ ਕਿਹਾ। "ਆਪਣੇ ਆਪ ਉੱਤੇ ਰਹਿਮ ਕਰ!..."

"ਮੇਰਾ ਖਹਿੜਾ ਛੱਡ ਪਰ੍ਹਾਂ!" ਜਵਾਬ ਮਿਲਿਆ।

ਸਿਜ਼ੋਵ ਦੀ ਪ੍ਰਭਾਵਸ਼ਾਲੀ ਅਵਾਜ਼ ਸ਼ਾਂਤ ਅਤੇ ਮਨਾਉਣੀ ਗੂੰਜੀ।

"ਸਾਨੂੰ ਜਵਾਨਾਂ ਨੂੰ ਪਿੱਛੇ ਨਹੀਂ ਛੱਡ ਦੇਣਾ ਚਾਹੀਦਾ," ਉਹਨੇ ਕਿਹਾ। "ਉਹਨਾਂ ਵਿੱਚ ਸਾਡੇ ਨਾਲ਼ੋਂ ਵਧੇਰੇ ਸੂਝ ਏ ਤੇ ਵਧੇਰੇ ਦਲੇਰੀ ਏ। ਸਾਡੇ ਜਿਲ੍ਹਣ ਦੇ ਕੋਪੀਕਾਂ ਲਈ ਕੌਣ ਖੜਾ ਹੋਇਆ ਸੀ ? ਉਹੋ ਸਨ ਅਤੇ ਸਾਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ। ਇਸ ਕੰਮ ਲਈ ਉਹਨਾਂ ਨੂੰ ਜੇਲ੍ਹੀਂ ਸੁੱਟ ਦਿੱਤਾ ਗਿਆ ਤੇ ਸਾਨੂੰ ਫ਼ਾਇਦਾ ਹੋਇਆ!..."

ਸੀਟੀ ਵੱਜੀ, ਆਪਣੀ ਅਵਾਜ਼ ਦੇ ਕਾਲ਼ੇ ਵਹਿਣ ਵਿੱਚ ਲੋਕਾਂ ਦੀਆਂ ਅਵਾਜ਼ਾਂ ਨੂੰ ਹੜਪਦੀ। ਭੀੜ ਉਤੋਂ ਦੀ ਇੱਕ ਕੰਬਣੀ ਫਿਰ ਗਈ। ਜਿਹੜੇ ਬੈਠੇ ਸਨ ਉਹ ਖੜੇ ਹੋ ਗਏ, ਅਤੇ ਇੱਕ ਛਿਣ ਲਈ ਸਭੇ ਚੁੱਪ ਸਨ ਅਤੇ ਚੌਕੰਨੇ, ਕਈਆਂ ਦੇ ਮੂੰਹ ਤਾਂ ਪੀਲ਼ੇ ਵੀ ਪੈ ਗਏ ਸਨ।

"ਸਾਥੀਓ!" ਪਾਵੇਲ ਦੀ ਤਕੜੀ ਅਤੇ ਭਰਪੂਰ ਅਵਾਜ਼ ਆਈ। ਮਾਂ ਦੀਆਂ ਅੱਖਾਂ ਵਿੱਚ ਗਰਮ ਹੰਝੂਆਂ ਦੀ ਚੋਭ ਹੋਈ ਅਤੇ ਉਹਦੇ ਵਿੱਚ ਸ਼ਕਤੀ ਦਾ ਸੱਜਰਾ ਉਬਾਲ ਆ ਗਿਆ। ਇੱਕੋ ਇੱਕ ਛੂਹਲੀ ਹਰਕਤ ਨਾਲ਼ ਉਹ ਆਪਣੇ ਪੁੱਤਰ ਦੇ ਪਿੱਛੇ ਖੜੀ ਹੋ ਗਈ, ਜਿਸ ਦੁਆਲੇ ਲੋਕ ਚੁੰਬਕ ਦੁਆਲੇ ਅਸਪਾਤ ਦੇ ਟੋਟਿਆਂ ਵਾਂਗ ਜੁੜੇ ਹੋਏ ਸਨ।

ਮਾਂ ਨੇ ਉਹਦੇ ਮੂੰਹ ਉੱਤੇ ਝਾਤ ਮਾਰੀ ਅਤੇ ਉਹਨੂੰ ਬਸ ਉਹਦੀਆਂ ਮਾਣ-ਮੱਤੀਆਂ, ਦਲੇਰ, ਲੂੰਹਦੀਆਂ ਅੱਖਾਂ ਹੀ ਦਿੱਸੀਆਂ।...

"ਸਾਥੀਓ! ਅਸਾਂ ਨਿਰਣਾ ਕੀਤਾ ਹੈ ਕਿ ਅੱਜ ਅਸੀਂ ਇਸ ਗੱਲ ਦਾ ਖੁੱਲ੍ਹਾ ਐਲਾਨ

ਕਰਾਂਗੇ ਕਿ ਅਸੀਂ ਕੌਣ ਵਾਂ ਅਤੇ ਆਪਣਾ ਝੰਡਾ, ਤਰਕ, ਇਨਸਾਫ਼ ਤੇ ਅਜ਼ਾਦੀ ਦਾ ਝੰਡਾ ਉੱਚਾ ਚੁਕਾਂਗੇ!"

ਇੱਕ ਲੰਮਾ ਚਿੱਟਾ ਝੰਡਾ ਹਵਾ ਵਿੱਚ ਝੂਲਿਆ, ਫਿਰ ਭੀੜ ਵਿੱਚ ਝੁਕਿਆ, ਇਹਦੇ ਦੋ ਹਿੱਸੇ ਕਰਦਾ, ਭੀੜ ਨੇ ਇਹਨੂੰ ਲੁਕਾ ਲਿਆ, ਇੱਥੋਂ ਤੱਕ ਕਿ ਇੱਕ ਛਿਣ ਪਿੱਛੋਂ ਕਿਰਤੀ ਸ਼੍ਰੇਣੀ ਦਾ ਝੰਡਾ ਉੱਪਰ ਚੁੱਕੇ ਮੂੰਹਾਂ ਉੱਤੇ ਕਿਸੇ ਵੱਡੇ ਲਾਲ ਪੰਛੀ ਵਾਂਗ ਉੱਭਰਿਆ।

ਪਾਵੇਲ ਨੇ ਆਪਣੀ ਬਾਂਹ ਉਲਾਰੀ ਅਤੇ ਝੰਡਾ ਲਰਜ਼ਿਆ; ਦਰਜਨ ਹੱਥਾਂ ਨੇ ਝੰਡੇ ਦੇ ਡੰਡੇ ਦੀ ਕੂਲੀ ਚਿੱਟੀ ਲੱਕੜ ਨੂੰ ਥੰਮ੍ਹਿਆ, ਅਤੇ ਉਹਨਾਂ ਵਿੱਚ ਉਹਦੀ ਮਾਂ ਦਾ ਹੱਥ ਵੀ ਸੀ।

"ਕਿਰਤੀ ਸ਼੍ਰੇਣੀ ਜ਼ਿੰਦਾਬਾਦ!" ਪਾਵੇਲ ਨੇ ਨਾਹਰਾ ਲਾਇਆ।

ਸੈਂਕੜੇ ਅਵਾਜ਼ਾਂ ਹੁੰਗਾਰਾ ਭਰਦੀਆਂ ਗਰਜੀਆਂ।

"ਸੋਸ਼ਲ-ਡੈਮੋਕਰੈਟਕ ਕਿਰਤੀਆਂ ਦੀ ਪਾਰਟੀ — ਸਾਥੀਓ! ਸਾਡੀ ਪਾਰਟੀ — ਸਾਡੇ ਵਿਚਾਰਾਂ ਦਾ ਸੋਮਾ, ਜ਼ਿੰਦਾਬਾਦ!"

ਭੀੜ ਉਬਾਲੇ ਖਾਣ ਲੱਗ ਪਈ। ਜਿੰਨ੍ਹਾਂ ਨੂੰ ਝੰਡੇ ਦੀ ਮਹੱਤਤਾ ਦਾ ਪਤਾ ਸੀ ਉਹ ਅੱਗੇ ਵਧੇ: ਮਾਜ਼ੀਨ, ਸਮੋਈਲੋਵ ਅਤੇ ਗੁਸੇਵ ਭਰਾ ਪਾਵੇਲ ਤੱਕ ਅਪੜ ਗਏ; ਧੁਸ ਮਾਰਦਾ ਨਿਕੋਲਾਈ ਭੀੜ ਵਿੱਚੋਂ ਅੱਗੇ ਵਧਿਆ ਅਤੇ ਮਾਂ ਨੂੰ ਜਾਪਿਆ ਕਿ ਚਮਕਦੀਆਂ ਅੱਖਾਂ ਵਾਲ਼ੇ ਹੋਰ ਜਵਾਨ ਲੋਕ, ਜਿਨ੍ਹਾਂ ਨੂੰ ਉਹ ਜਾਣਦੀ ਨਹੀਂ ਸੀ, ਉਹਨੂੰ ਇੱਕ ਪਾਸੇ ਧੱਕ ਰਹੇ ਹਨ।...

"ਸੰਸਾਰ ਦੇ ਕਿਰਤੀ, ਜ਼ਿੰਦਾਬਾਦ!" ਪਾਵੇਲ ਨੇ ਨਾਹਰਾ ਲਾਇਆ।

ਉਹਦੇ ਨਾਹਰੇ ਦਾ ਹੁੰਗਾਰਾ ਖੁਸ਼ੀ ਅਤੇ ਬਲ ਦੇ ਹੜ੍ਹ ਵਿੱਚ ਇੱਕ ਹਜ਼ਾਰ ਮੂੰਹਾਂ ਵਿੱਚੋਂ ਰੂਹ-ਹਲੂਣਦਾ ਨਾਹਰਾ ਆਇਆ।

ਮਾਂ ਨੇ ਨਿਕੋਲਾਈ ਦਾ ਅਤੇ ਕਿਸੇ ਹੋਰ ਦਾ ਹੱਥ ਫੜ ਲਿਆ; ਉਹਦਾ ਗੱਚ ਭਰ ਆਇਆ ਸੀ, ਪਰ ਉਹ ਰੋਈ ਨਾ। ਉਹਦੇ ਗੋਡੇ ਕੰਬਦੇ ਅਤੇ ਕੰਬਦੇ ਹੋਠਾਂ ਵਿੱਚੋਂ ਉਹ ਕਹਿੰਦੀ:

"ਹਾਏ ਵੇ ਮੇਰੇ ਦੁਲਾਰਿਓ!..."

ਨਿਕੋਲਾਈ ਦੇ ਮਾਤਾ ਦੇ ਦਾਗ਼ਾਂ ਵਾਲ਼ੇ ਮੂੰਹ ਉੱਤੇ ਖੁੱਲ੍ਹੀ ਮੁਸਕਾਨ ਫੈਲ ਗਈ। ਝੰਡੇ ਵੱਲ ਦੇਖਦੇ ਹੋਏ ਉਹਨੇ ਕੁਝ ਬੁੜ ਬੁੜ ਕੀਤੀ ਅਤੇ ਆਪਣਾ ਹੱਥ ਉਸ ਵੱਲ ਵਧਾਇਆ। ਅਚਾਨਕ ਉਹਨੇ ਇੱਕ ਬਾਂਹ ਮਾਂ ਦੇ ਗਲ ਦੁਆਲੇ ਵੱਲ ਲਈ ਅਤੇ ਉਹ ਨੂੰ ਚੁੰਮਿਆ, ਅਜਿਹਾ ਕਰਦੇ ਹੋਏ ਉਹ ਹੱਸਿਆ।

"ਸਾਥੀਓ!" **ਖ਼ੋਖੋਲ** ਨੇ ਕਿਹਾ, ਉਹਦੀ ਮਿੱਠੀ ਅਵਾਜ਼ ਭੀੜ ਦੀ ਭਿਣ ਭਿਣ ਤੋਂ ਉੱਪਰ ਉੱਠੀ। "ਅਸਾਂ ਇੱਕ ਨਵੇਂ ਦੇਵਤੇ, ਚਾਨਣ ਅਤੇ ਤਰਕ, ਚੰਗਿਆਈ ਅਤੇ ਸੱਚ ਦੇ ਦੇਵਤੇ ਦੇ ਨਾਂ ਉੱਤੇ ਇੱਕ ਪਵਿੱਤਰ ਸੰਗਰਾਮ ਸ਼ੁਰੂ ਕੀਤਾ ਹੈ! ਸਾਡਾ ਨਿਸ਼ਾਨਾ ਬਹੁਤ ਦੂਰ ਹੈ, ਪਰ ਸਾਡਾ ਕੰਡਿਆਂ ਦਾ ਤਾਜ* ਨੇੜੇ ਹੈ। ਜੇ ਕਿਸੇ ਅੰਦਰ ਸੱਚ ਦੀ ਜਿੱਤ ਵਿੱਚ ਨਿਸ਼ਚੇ ਦੀ ਘਾਟ ਹੈ, ਜੇ ਕਿਸੇ ਵਿੱਚ ਇਸ ਸੱਚ ਲਈ ਆਪਣੀ ਜਾਨ ਵਾਰਨ ਲਈ ਹਿੰਮਤ ਦਾ ਘਾਟਾ ਹੈ, ਜੇ ਕਿਸੇ ਨੂੰ

---

* ਕੰਡਿਆਂ ਦਾ ਤਾਜ਼ ਪਹਿਨਣਾ ਉਹਨਾਂ ਤਸੀਹਾਂ ਵਿੱਚੋਂ ਇੱਕ ਸੀ ਜਿਹੜੇ ਹਜ਼ਰਤ ਈਸਾ ਨੂੰ ਸੂਲੀ ਚਾੜ੍ਹਣ ਤੋਂ ਪਹਿਲਾਂ ਦਿੱਤੇ ਗਏ। — **ਅਨੁ:**

ਆਪਣੇ ਬਲ ਉੱਤੇ ਸ਼ੱਕ ਹੈ ਤੇ ਤਸੀਹੇ ਝਲਣੋਂ ਡਰਦੈ, ਤਾਂ ਪਿੱਛੇ ਰਹਿ ਜਾਵੇ। ਅਸੀਂ ਸਿਰਫ਼ ਉਹਨਾਂ ਦੇ ਸਾਥ ਦੇ ਚਾਹਵਾਨ ਹਾਂ ਜਿਨ੍ਹਾਂ ਨੂੰ ਸਾਡੀ ਜਿੱਤ ਵਿੱਚ ਨਿਸ਼ਚਾ ਹੈ। ਜਿਨ੍ਹਾਂ ਨੂੰ ਸਾਡਾ ਨਿਸ਼ਾਨਾ ਨਹੀਂ ਦਿੱਸਦਾ ਉਹ ਸਾਡੇ ਨਾਲ਼ ਮਾਰਚ ਨਾ ਕਰਨ ਕਿਉਂਕਿ ਉਹਨਾਂ ਨੂੰ ਬਸ ਦੁੱਖ ਹੀ ਮਿਲੇਗਾ। ਸਾਥੀਓ, ਸਾਡੀਆਂ ਸਫ਼ਾਂ ਵਿੱਚ ਸ਼ਾਮਲ ਹੋ ਜਾਓ! ਅਜ਼ਾਦ ਲੋਕਾਂ ਦਾ ਤਿਹਾਰ ਜ਼ਿੰਦਾਬਾਦ! ਮਈ ਦਿਵਸ ਜ਼ਿੰਦਾਬਾਦ!"

ਭੀੜ ਵੱਧਦੀ ਗਈ। ਪਾਵੇਲ ਨੇ ਝੰਡਾ ਉੱਚਾ ਚੁੱਕਿਆ ਅਤੇ ਅੱਗੇ ਲਿਜਾਏ ਜਾਂਦੇ ਇਹ ਹਵਾ ਵਿੱਚ ਲਹਿਰਾਇਆ, ਸੂਰਜ ਨੇ ਇਹਨੂੰ ਰੁਸ਼ਨਾ ਦਿੱਤਾ, ਇਹ ਇੱਕ ਖੁੱਲ੍ਹੀ, ਲਿਸ਼ਕਦੀ ਮੁਸਕਾਨ ਨਾਲ਼ ਮੁਸਕਰਾ ਰਿਹਾ ਸੀ।...

ਫ਼ਿਓਦੋਰ ਮਾਜ਼ੀਨ ਗੂੰਜਦੀ ਅਵਾਜ਼ ਵਿੱਚ ਗਾਉਣ ਲੱਗ ਪਿਆ:

**ਸਦਾ ਲਈ ਛੱਡ ਜਗਤ ਪੁਰਾਣਾ।...**

ਦਰਜਨਾਂ ਹੋਰ ਅਵਾਜ਼ਾਂ ਇੱਕ ਨਰਮ, ਤਕੜੀ ਲਹਿਰ ਵਿੱਚ ਇਹਦੇ ਨਾਲ਼ ਮਿਲਣ ਲਈ ਉੱਭਰੀਆਂ:

**ਧੂੜ ਇਹਦੀ ਅਸੀਂ ਪੈਰੋਂ ਛੰਡੀਏ!...**

ਮਾਂ ਮਾਜ਼ੀਨ ਦੇ ਨਾਲ਼ ਨਾਲ਼ ਚੱਲ ਰਹੀ ਸੀ, ਉਹਦੇ ਹੋਠਾਂ ਉੱਤੇ ਲਿਸ਼ਕਦੀ ਮੁਸਕਾਨ ਸੀ, ਉਹਦੀਆਂ ਅੱਖਾਂ ਫ਼ਿਓਦੋਰ ਦੇ ਸਿਰ ਦੇ ਉਪਰੋਂ ਝੰਡੇ ਅਤੇ ਆਪਣੇ ਪੁੱਤਰ ਵੱਲ ਲੱਗੀਆਂ ਹੋਈਆਂ ਸਨ। ਉਹਦੇ ਚਾਰੇ ਪਾਸੇ ਖੁਸ਼ੀਆਂ ਭਰੇ ਮੂੰਹ ਅਤੇ ਅਨੇਕ ਰੰਗਾਂ ਦੀਆਂ ਅੱਖਾਂ ਸਨ, ਅਤੇ ਸਭ ਤੋਂ ਅੱਗੇ ਅੱਗੇ ਉਹਦਾ ਪੁੱਤਰ ਅਤੇ ਆਂਦਰੇਈ ਮਾਰਚ ਕਰ ਰਹੇ ਸਨ। ਉਹ ਉਹਨਾਂ ਦੋਹਾਂ ਨੂੰ ਗਾਉਂਦਾ ਸੁਣ ਸਕਦੀ ਸੀ, ਆਂਦਰੇਈ ਦੀ ਸੁਰੀਲੀ ਸੁਰ ਪਾਵੇਲ ਦੇ ਡੂੰਘੇ ਪੰਚਮ ਨਾਲ਼ ਮਿਲ ਰਹੀ ਸੀ:

**ਜਾਗੋ ਕਿਰਤੀਓ, ਜਾਗੋ, ਘੋਲ਼ ਕਰਨ ਲਈ ਜਾਗੋ!**
**ਜਾਗੋ ਸਭੇ, ਕੰਮ ਜੋ ਕਰਦੇ, ਭੁੱਖੇ ਮਰਦੇ!**

ਲੋਕ ਨੱਠਦੇ ਹੋਏ ਲਾਲ ਝੰਡੇ ਵੱਲ ਆਏ। ਉਹ ਨੱਠਦੇ ਹੋਏ ਨਾਹਰੇ ਲਾ ਰਹੇ ਸਨ, ਪਰ ਉਹਨਾਂ ਦੇ ਨਾਹਰੇ ਗੀਤ ਦੀਆਂ ਅਵਾਜ਼ਾਂ ਵਿੱਚ ਡੁੱਬ ਜਾਂਦੇ—ਉਹੋ ਗੀਤ ਆਪਣਾ ਘਰੇ ਹੋਰਨਾਂ ਨਾਲ਼ੋਂ ਮੱਧਮ ਸੁਰ ਵਿੱਚ ਗਾਇਆ ਜਾਂਦਾ, ਇੱਥੇ ਸੜਕ ਉੱਤੇ ਇਹ ਬੇਰੋਕ ਅਤੇ ਇੱਕ ਭਿਆਨਕ ਸ਼ਕਤੀ ਨਾਲ਼ ਗਾਇਆ ਜਾ ਰਿਹਾ ਸੀ। ਇਹ ਅਜਿੱਤ ਦਲੇਰੀ ਨਾਲ਼ ਗੂੰਜਦਾ ਅਤੇ ਜਿੱਥੇ ਇਹ ਲੋਕਾਂ ਨੂੰ ਭਵਿੱਖ ਦਾ ਰਾਹ ਅਪਣਾਉਣ ਲਈ ਵੰਗਾਰਦਾ, ਇਹ ਉਹਨਾਂ ਨੂੰ ਸਪਸ਼ਟ ਤੌਰ 'ਤੇ ਦੱਸਦਾ ਕਿ ਇਹ ਰਾਹ ਕਿੰਨਾ ਔਖਾ ਹੋਵੇਗਾ। ਇਹਦੀ ਵੱਡੀ ਬਝਵੀਂ ਲਾਟ ਆਪਣਾ ਸਮਾਂ ਵਿਹਾ ਚੁੱਕੀ ਹਰ ਸ਼ੈ ਦੇ ਹਨੇਰੇ ਮਨੂਰ ਨੂੰ, ਰਵਾਇਤੀ ਜਜ਼ਬਿਆਂ ਦੇ ਸਾਰੇ ਕੂੜੇ ਨੂੰ ਸਾੜੀ ਜਾਂਦੀਂ, ਨਵੇਂ ਦੇ ਜਹਨਮੀ ਡਰ ਨੂੰ ਸੁਆਹ ਬਣਾਈ ਜਾਂਦੀ।...

ਇੱਕ ਡਰਿਆ, ਖੁਸ਼ ਮੂੰਹ ਮਾਂ ਨੇ ਨੇੜੇ ਆਇਆ ਅਤੇ ਰਊਂ ਰਊਂ ਕਰਦੀ ਅਵਾਜ਼ ਵਿੱਚ ਪੁੱਛਿਆ, "ਮੀਤੀਆ! ਤੂੰ ਕਿੱਥੇ ਚਲਿਐ ?"

"ਜਾਣ ਦੇ ਸੂ," ਮਾਂ ਨੇ ਰੁਕੇ ਬਿਨਾਂ ਕਿਹਾ। "ਉਹਦੇ ਬਾਰੇ ਫ਼ਿਕਰ ਨਾ ਕਰ! ਪਹਿਲਾਂ ਪਹਿਲਾਂ ਮੈਂ ਵੀ ਡਰਦੀ ਸਾਂ। ਮੇਰਾ ਪੁੱਤਰ ਸਭ ਤੋਂ ਅੱਗੇ ਵੇ — ਉਹ ਜਿਸਨੇ ਝੰਡਾ ਚੁੱਕਿਆ ਹੋਇਐ।"

"ਕਿੱਧਰ ਵਧੀ ਜਾ ਰਹੇ ਹੋ, ਪਾਗਲੋ ? ਅੱਗੇ ਸਿਪਾਹੀ ਨੇ!"

ਔਰਤ ਨੇ, ਜਿਹੜੀ ਲੰਮੀ ਚਮਰਖ਼ ਸੀ, ਅਚਾਨਕ ਮਾਂ ਨੂੰ ਇੱਕ ਹੱਡਲ ਹੱਥ ਨਾਲ਼ ਫੜ ਲਿਆ।

"ਇਹਨਾਂ ਨੂੰ ਗੌਂਦਿਆਂ ਸੁਣਿਆ ਈ, ਚੰਨੀਏ!" ਉਹ ਉੱਚੀ ਉੱਚੀ ਜਿਹੀ ਬੋਲੀ। "ਤੇ ਮੇਰਾ ਮੀਤੀਆ ਵੀ ਉਹਨਾਂ ਦੇ ਨਾਲ਼ ਏ!..."

"ਡਰ ਨਾ," ਮਾਂ ਬੁੜਬੁੜਾਈ। "ਉਹਨਾਂ ਦਾ ਕਾਜ਼ ਪਵਿੱਤਰ ਏ।... ਜ਼ਰਾ ਸੋਚ, ਜੇ ਲੋਕਾਂ ਉਹਦੇ ਲਈ ਜਾਨਾਂ ਨਾ ਦਿੱਤੀਆਂ ਹੁੰਦੀਆਂ ਤਾਂ ਈਸਾ ਮਸੀਹ ਵੀ ਨਾ ਹੁੰਦਾ!"

ਇਹ ਵਿਚਾਰ ਅਚਾਨਕ ਉਹਦੇ ਮਨ ਵਿੱਚੋਂ ਲਿਸ਼ਕਿਆ ਅਤੇ ਆਪਣੇ ਸਾਦੇ, ਸਾਫ਼ ਸੱਚ ਨਾਲ਼ ਉਹਦੇ ਉੱਤੇ ਛਾ ਗਿਆ। ਉਹਨੇ ਉਸ ਔਰਤ ਦੇ ਮੂੰਹ ਉੱਤੇ ਨਿਗਾਹ ਮਾਰੀ ਜਿਸਨੇ ਅਜੇ ਤੱਕ ਉਹਦਾ ਹੱਥ ਘੁੱਟਿਆ ਹੋਇਆ ਸੀ।

"ਜੇ ਲੋਕ ਉਹਦੇ ਲਈ — ਰੱਬ ਲਈ — ਮਰੇ ਨਾ ਹੁੰਦੇ ਤਾਂ ਕਦੀ ਕੋਈ ਈਸਾ ਨਾ ਹੁੰਦਾ," ਉਹਨੇ ਹੈਰਾਨੀ-ਭਰੀ ਮੁਸਕਾਨ ਨਾਲ਼ ਕਿਹਾ।

ਸਿਜ਼ੋਵ ਉਹਦੇ ਕੋਲ਼ ਆਇਆ।

"ਅੱਜ ਖੁੱਲ੍ਹ ਕੇ ਮਾਰਚ ਕਰ ਰਹੇ ਵਾਂ, ਹੈਂ ?" ਉਹਨੇ ਆਪਣੀ ਟੋਪੀ ਲਾਹ ਕੇ ਗੀਤ ਦੇ ਤਾਲ 'ਤੇ ਲਹਿਰਾਉਂਦੇ ਹੋਏ ਕਿਹਾ। "ਗਾਣਾ ਗਾ ਰਹੇ ਵਾਂ। ਅਤੇ ਕਿਆ ਗਾਣਾ ਏ, ਮਾਂ, ਹੈਂ ?"

**ਜ਼ਾਰ ਨੇ ਲੜਨੀ ਜੰਗ, ਉਹ ਫ਼ੌਜਾਂ ਜੋੜ ਰਿਹਾ,**
**ਦੇ ਦਿਓ ਉਹਨੂੰ ਪੁੱਤਰ ਆਪਣੇ।...**

"ਇਹਨਾਂ ਨੂੰ ਕਿਸੇ ਤੋਂ ਡਰ ਨਹੀਂ ਲੱਗਦਾ," ਸਿਜ਼ੋਵ ਨੇ ਕਿਹਾ। "ਤੇ ਮੇਰਾ ਵਿਚਾਰਾ ਪੁੱਤਰ ਕਬਰ ਵਿੱਚ ਪਿਐ।..."

ਮਾਂ ਦਾ ਦਿਲ ਬਹੁਤ ਤੇਜ਼ੀ ਨਾਲ਼ ਧੜਕ ਰਿਹਾ ਸੀ ਅਤੇ ਸੋ ਉਹਨੂੰ ਪਿੱਛੇ ਹਟਣਾ ਪਿਆ। ਉਹਨੂੰ ਇੱਕ ਦਮ ਇੱਕ ਪਾਸੇ ਕਰ ਦਿੱਤਾ ਗਿਆ ਅਤੇ ਜੰਗਲੇ ਨਾਲ਼ ਧੱਕ ਦਿੱਤਾ ਗਿਆ, ਅਤੇ ਲੋਕ ਕਿਸੇ ਵੱਡੀ ਲਹਿਰ ਵਾਂਗ ਉਹਦੇ ਕੋਲ਼ੋਂ ਲੰਘੀ ਗਏ। ਉਹ ਬਹੁਤ ਸਾਰੇ ਸਨ ਅਤੇ ਇਸ 'ਤੇ ਮਾਂ ਨੂੰ ਖੁਸ਼ੀ ਹੋਈ।

**ਜਾਗੋ ਕਿਰਤੀਓ, ਜਾਗੋ, ਘੋਲ਼ ਕਰਨ ਲਈ ਜਾਗੋ!...**

ਜਾਪਦਾ ਸੀ ਸੱਚਮੁਚ ਇੱਕ ਵੱਡਾ ਪਿੱਤਲ ਦਾ ਵਾਜਾ ਆਪਣਾ ਸੰਗੀਤ ਹਵਾ ਵਿੱਚ ਪਾਈ ਜਾ ਰਿਹਾ ਹੈ, ਕੁਝ ਵਿੱਚ ਲੜਨ ਲਈ ਤਤਪਰਤਾ ਜਗਾਉਂਦਾ, ਹੋਰਨਾਂ ਵਿੱਚ ਲਹੂਣਵੀਂ ਉਤਸੁਕਤਾ, ਕਿਸੇ ਅਸਪਸ਼ਟ ਖ਼ੁਸ਼ੀ ਦਾ, ਕੁਝ ਨਵੇਂ ਦਾ ਅਨੁਭਵ ਜਗਾਉਂਦਾ; ਇੱਧਰ ਇਹ ਸੰਗਦੀਆਂ ਉਮੀਦਾਂ ਜਗਾਉਂਦਾ, ਉੱਧਰ ਇਹ ਚਿਰਾਂ ਤੋਂ ਇਕੱਠੇ ਹੋਏ ਗੁੱਸੇ ਦਾ ਕੱੜ ਪਾੜਦਾ। ਸੱਭੇ ਅੱਗੇ ਉਸ ਥਾਂ ਵੱਲ ਵੇਖ ਰਹੇ ਸਨ, ਜਿੱਥੇ ਪੌਣ ਵਿੱਚ ਲਾਲ ਝੰਡਾ ਝੂਲ ਰਿਹਾ ਸੀ।

"ਉਹ ਚੱਲ ਪਏ!" ਕੋਈ ਵਿਸਮਾਦੀ ਢੰਗ ਨਾਲ਼ ਗਰਜਿਆ। "ਅਸ਼ਕੇ, ਜਵਾਨੋ!"

ਅਤੇ ਕਿਉਂਕਿ ਉਸ ਬੰਦੇ ਦਾ ਮਨ ਕਿਸੇ ਅਜਿਹੀ ਸ਼ੈ ਨਾਲ਼ ਭਰਿਆ ਸੀ ਜਿਹੜੀ ਸਾਦੇ ਲਫ਼ਜ਼ਾਂ ਵਿੱਚ ਪ੍ਰਗਟ ਕਰਨ ਲਈ ਬਹੁਤ ਹੀ ਵੱਡੀ ਸੀ, ਉਹਨੇ ਇੱਕ ਬਹੁਤ ਵੱਡੀ ਗਾਹਲ ਕੱਢੀ। ਪਰ ਖੋਰ, ਕਿਸੇ ਗੁਲਾਮ ਦਾ ਕਾਲ਼ਾ, ਅੰਨ੍ਹਾ ਖੋਰ, ਕਿਸੇ ਅਜਿਹੇ ਸੱਪ ਵਾਂਗ ਸ਼ੂਕਿਆ, ਜਿਸ ਉੱਤੇ ਧੁੱਪ ਦੀ ਕਿਰਨ ਪੈ ਗਈ ਸੀ ਅਤੇ ਇਹਨੂੰ ਭੈੜੇ ਸ਼ਬਦਾਂ ਵਿੱਚ ਪ੍ਰਗਟਾਅ ਮਿਲਿਆ।

"ਕਾਫ਼ਰ ਕਿਤੋਂ ਦੇ!" ਇੱਕ ਆਦਮੀ ਨੇ ਬਾਰੀ ਵਿੱਚੋਂ ਆਪਣਾ ਮੁੱਕਾ ਲਹਿਰਾਉਂਦੇ ਹੋਏ ਗੜੈਂ ਗੜੈਂ ਕੀਤੀ।

"ਆਲਮ ਪਨਾਹ ਸ਼ਹਿਨਸ਼ਾਹ ਵਿਰੁੱਧ ਉੱਠ ਖੜੇ ਹੋਏ, ਆਲਮ ਪਨਾਹ ਜ਼ਾਰ ਵਿਰੁੱਧ! ਬਗਾਵਤ!" ਇੱਕ ਹੋਰ ਦੀ ਰਊਂ ਰਊਂ ਕਰਦੀ ਅਵਾਜ਼ ਆਈ।

ਜਦੋਂ ਮਰਦ ਅਤੇ ਔਰਤਾਂ ਉਹਦੇ ਕੋਲ਼ੋਂ ਛਾਲਾਂ ਮਾਰਦੇ ਲੰਘੇ ਤਾਂ ਮਾਂ ਨੇ ਘਾਬਰੇ ਮੂੰਹ ਵੇਖੇ। ਭੀੜ ਲਾਵੇ ਵਾਂਗ ਵੱਧਦੀ ਹੀ ਗਈ, ਗੀਤ ਨਾਲ਼ ਸਦਾ ਅੱਗੇ ਵੱਲ ਖਿੱਚੀ ਜਾਂਦੀ, ਜਿਹੜਾ ਇਹਦੇ ਅੱਗੇ ਅੱਗੇ ਹੂੰਝਾ ਫੇਰਦਾ, ਖ਼ਾਲਸ ਆਪਣੀ ਟੱਕਰ ਦੀ ਸ਼ਕਤੀ ਨਾਲ਼ ਹੀ ਸੜਕ ਸਾਫ਼ ਕਰੀ ਜਾਂਦਾ ਜਾਪਦਾ। ਜਦੋਂ ਉਹਨੇ ਅੱਗੇ ਅੱਗੇ ਲਾਲ ਝੰਡੇ ਵੱਲ ਵੇਖਿਆ ਤਾਂ ਉਹਨੇ ਆਪਣੇ ਮਨ ਦੀ ਅੱਖ ਨਾਲ਼ ਆਪਣੇ ਪੁੱਤਰ ਦਾ ਮੂੰਹ ਵੇਖਿਆ — ਉਹਦਾ ਸੰਵਲਾਇਆ ਮੱਥਾ, ਅਤੇ ਨਿਸ਼ਚੇ ਦੀ ਲੋਅ ਨਾਲ਼ ਚਮਕਦੀਆਂ ਉਹਦੀਆਂ ਅੱਖਾਂ।

ਹੁਣ ਉਹਨੇ ਵੇਖਿਆ ਕਿ ਉਹ ਜਲੂਸ ਦੇ ਅਖ਼ੀਰ ਉੱਤੇ ਹੈ, ਅਜਿਹੇ ਲੋਕਾਂ ਵਿਚਕਾਰ ਜਿਹੜੇ ਕਾਹਲ ਕੀਤੇ ਬਿਨਾਂ ਚੱਲ ਰਹੇ ਸਨ, ਆਲੇ ਦੁਆਲੇ ਅਜਿਹੇ ਦਰਸ਼ਕਾਂ ਦੀ ਠੰਢੀ ਲਾਪ੍ਰਵਾਹੀ ਨਾਲ਼ ਵੇਖਦੇ, ਜਿਹੜੇ ਪਹਿਲਾਂ ਹੀ ਜਾਣਦੇ ਸਨ ਕਿ ਨਾਟਕ ਦਾ ਅੰਤ ਕਿਵੇਂ ਹੋਵੇਗਾ। ਉਹ ਖ਼ੁਸ਼ਕ ਜਿਹੀਆਂ ਅਵਾਜ਼ਾਂ ਵਿੱਚ ਅਤੇ ਪੱਕੇ ਨਿਸ਼ਚੇ ਨਾਲ਼ ਬੋਲਦੇ।

"ਸਿਪਾਹੀਆਂ ਦੀ ਇੱਕ ਕੰਪਨੀ ਸਕੂਲ ਵਿੱਚ ਖੜੀ ਏ ਤੇ ਇੱਕ ਕਾਰਖ਼ਾਨੇ ਕੋਲ਼।..."

"ਗਵਰਨਰ ਆ ਗਿਐ।..."

"ਸੱਚੀਂ?"

"ਮੈਂ ਆਪਣੀਆਂ ਅੱਖਾਂ ਨਾਲ਼ ਉਹਨੂੰ ਵੇਖਿਐ। ਹੁਣੇ ਈ ਆਇਐ!"

"ਅਖ਼ੀਰ ਉਹ ਸਾਥੋਂ ਡਰ ਗਏ ਨੇ—ਜ਼ਰਾ ਸੋਚ ਸਿਪਾਹੀ ਤੇ ਗਵਰਨਰ!" ਵਕਤੇ ਨੇ ਖ਼ੁਸ਼ੀ ਨਾਲ਼ ਗਾਹਲ ਕੱਢੀ।

"ਆਏ ਹਾਏ ਬੀਬੇ ਰਾਣਿਓ!" ਮਾਂ ਦਾ ਦਿਲ ਸੋਚਾਂ ਨਾਲ਼ ਧੜਕ ਰਿਹਾ ਸੀ।

ਪਰ ਉਹਨੇ ਜਿਹੜੇ ਬੋਲ ਸੁਣੇ ਉਹ ਠੰਢੇ ਅਤੇ ਮੁਰਦਾ ਜਾਪਦੇ ਸਨ। ਉਹਨੇ ਆਪਣੀ

ਚਾਲ ਤਿੱਖੀ ਕਰ ਦਿੱਤੀ ਤਾਂ ਜੁ ਅਜਿਹੇ ਲੋਕਾਂ ਤੋਂ ਅੱਗੇ ਲੰਘ ਜਾਵੇ; ਉਹਨਾਂ ਤੋਂ ਅੱਗੇ ਲੰਘ ਜਾਣਾ ਸੌਖਾ ਸੀ, ਉਹ ਇੰਨੇ ਹੌਲ਼ੀ ਹੌਲ਼ੀ ਅਤੇ ਆਲਸੀ ਢੰਗ ਨਾਲ਼ ਚਲਦੇ।

ਅਚਾਨਕ ਇਉਂ ਜਾਪਿਆ ਜਿਵੇਂ ਜਲੂਸ ਦਾ ਅਗਲਾ ਹਿੱਸਾ ਕਿਸੇ ਸ਼ੈ ਨਾਲ਼ ਟਕਰਾਇਆ ਹੋਵੇ ਅਤੇ ਉਹਦਾ ਧੜ ਰੁਕੇ ਬਿਨਾਂ ਡਰੀ ਗਰਜ ਨਾਲ਼ ਮੱਛਰਿਆ। ਗੀਤ ਵੀ ਕੰਬਿਆ, ਪਰ ਇੱਕ ਵਾਰ ਫਿਰ ਪਹਿਲਾਂ ਨਾਲ਼ੋਂ ਉਚੇਰੇ ਅਤੇ ਤਿਖੇਰੇ ਤਾਲ ਨਾਲ਼ ਸ਼ੁਰੂ ਹੋਣ ਲਈ। ਪਰ ਅਵਾਜ਼ਾਂ ਦੀ ਘਣੀ ਲਹਿਰ ਇੱਕ ਵਾਰ ਫਿਰ ਮੱਧਮ ਪਈ ਅਤੇ ਹੌਲ਼ੀ ਹੌਲ਼ੀ ਪਿੱਛੇ ਹਟੀ। ਵੱਖ ਵੱਖ ਅਵਾਜ਼ਾਂ ਗੀਤ ਨੂੰ ਇਹਦੀ ਪਹਿਲੀ ਸ਼ਾਨ ਤੱਕ ਚੁੱਕਣ ਦਾ, ਇਹਨੂੰ ਭੜਕਾਉਣ ਦਾ, ਅੱਗੇ ਵੱਧਣ ਦਾ ਜਤਨ ਕਰਦੀਆਂ ਜਾਪਦੀਆਂ:

**ਜਾਗੋ ਕਿਰਤੀਓ, ਜਾਗੋ, ਘੋਲ਼ ਕਰਨ ਲਈ ਜਾਗੋ,**
**ਜਾਗੋ ਸਭ, ਕੰਮ ਜੋ ਕਰਦੇ, ਭੁੱਖੇ ਮਰਦੇ।...**

ਪਰ ਇਹ ਜਤਨ ਹੁਣ ਸਾਂਝੀ ਇੱਛਾ ਨਹੀਂ ਸੀ, ਜੁੜਵਾਂ ਨਿਸ਼ਚਾ ਨਹੀਂ ਸੀ। ਅਵਾਜ਼ਾਂ ਵਿੱਚ ਹੁਣ ਤੌਖਲਾ ਸੁਣੀਂਦਾ ਸੀ।

ਕਿਉਂਕਿ ਮਾਂ ਮੂਹਰਲੀਆਂ ਕਤਾਰਾਂ ਨਹੀਂ ਸੀ ਵੇਖ ਸਕਦੀ ਅਤੇ ਉਹਨੂੰ ਪਤਾ ਨਹੀਂ ਸੀ ਕੀ ਹੋਇਆ ਹੈ, ਉਹਨੇ ਜਲੂਸ ਦੇ ਲੋਕਾਂ ਨੂੰ ਇੱਕ ਪਾਸੇ ਧੱਕਣਾ ਅਤੇ ਜ਼ੋਰ ਲਾਕੇ ਅੱਗੇ ਵੱਧਣਾ ਸ਼ੁਰੂ ਕੀਤਾ। ਅੱਗੇ ਵੱਧਦੇ ਹੋਏ ਉਹਦੀ ਟੱਕਰ ਉਹਨਾਂ ਲੋਕਾਂ ਨਾਲ਼ ਹੁੰਦੀ ਜਿਹੜੇ ਪਿੱਛੇ ਹਟ ਰਹੇ ਸਨ, ਕੁਝ ਘੂਰੀਆਂ ਵੱਟੀ, ਸਿਰ ਨੀਵੇਂ ਪਾਈ, ਹੋਰ ਨਮੋਸ਼ੀ ਨਾਲ਼ ਮੁਸਕਰਾਉਂਦੇ, ਅਤੇ ਹੋਰ ਵਿਅੰਗ ਨਾਲ਼ ਸੀਟੀਆਂ ਮਾਰਦੇ। ਉਹ ਚਿੰਤਾ ਨਾਲ਼ ਉਹਨਾਂ ਦੇ ਮੂੰਹ ਘੋਖਦੀ, ਉਹਦੀਆਂ ਅੱਖਾਂ ਪੁੱਛ, ਅਰਜ਼ੋਈ ਅਤੇ ਤਰਲੇ ਨਾਲ਼ ਭਰੀਆਂ ਹੋਈਆਂ।...

"ਸਾਥੀਓ!" ਪਾਵੇਲ ਦੀ ਅਵਾਜ਼ ਆਈ। "ਸਿਪਾਹੀ ਵੀ ਸਾਡੇ ਜਿਹੇ ਹੀ ਲੋਕ ਨੇ! ਉਹ ਸਾਨੂੰ ਹੱਥ ਨਹੀਂ ਲਾਉਣਗੇ। ਉਹ ਸਾਨੂੰ ਕਿਉਂ ਹੱਥ ਲਾਉਣ? ਬਸ ਸਿਰਫ਼ ਇਸ ਲਈ ਕਿ ਅਸੀਂ ਉਸ ਸੱਚ ਦਾ ਐਲਾਨ ਕਰਦੇ ਹਾਂ ਜਿਸਦਾ ਸਭਨਾਂ ਨੂੰ ਪਤਾ ਹੋਣਾ ਚਾਹੀਦਾ ਹੈ। ਉਹਨਾਂ ਨੂੰ ਵੀ ਇਹ ਸੁਣਨਾ ਚਾਹੀਦਾ ਹੈ। ਉਹ ਅਜੇ ਮਹਿਸੂਸ ਨਹੀਂ ਕਰਦੇ, ਪਰ ਸਮਾਂ ਛੇਤੀ ਆਵੇਗਾ ਜਦੋਂ ਉਹ ਕਤਲ ਅਤੇ ਲੁੱਟ ਦੇ ਝੰਡੇ ਹੇਠ ਸਾਡਾ ਵਿਰੋਧ ਕਰਨ ਦੀ ਥਾਂ ਅਜ਼ਾਦੀ ਦੇ ਝੰਡੇ ਹੇਠ ਸਾਡੀਆਂ ਸਫ਼ਾਂ ਵਿੱਚ ਸ਼ਾਮਲ ਹੋ ਜਾਣਗੇ। ਅਤੇ ਉਹਨਾਂ ਵਿੱਚ ਸੱਚ ਦੀ ਸਮਝ ਛੇਤੀ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਅੱਗੇ ਵੱਧਦੇ ਹੀ ਜਾਈਏ। ਅੱਗੇ ਵੱਧੋ, ਸਾਥੀਓ! ਸਦਾ ਅੱਗੇ!"

ਪਾਵੇਲ ਦੀ ਅਵਾਜ਼ ਮਜ਼ਬੂਤ ਗੂੰਜਦੀ ਸੀ। ਉਹਦੇ ਸ਼ਬਦ ਤਿੱਖੇ ਅਤੇ ਸਪਸ਼ਟ ਗੂੰਜੇ, ਪਰ ਭੀੜ ਖਿੰਡ ਰਹੀ ਸੀ। ਇੱਕ ਇੱਕ ਕਰਕੇ ਲੋਕ ਪਾਲਾਂ ਵਿੱਚੋਂ ਨਿਕਲਦੇ ਜਾਂਦੇ ਅਤੇ ਜੰਗਲਿਆਂ ਨਾਲ਼ ਢਾਸਣਾ ਲਾ ਕੇ ਖੜੇ ਹੋ ਜਾਂਦੇ। ਹੁਣ ਜਲੂਸ ਦੇ ਇੱਕ ਫਾਨੇ ਦਾ ਰੂਪ ਧਾਰ ਲਿਆ ਸੀ, ਜਿਸ ਦੇ ਅੱਗੇ ਪਾਵੇਲ ਸੀ, ਜਿਸ ਦੇ ਸਿਰ ਉੱਤੇ ਕਿਰਤੀਆਂ ਦਾ ਲਾਲ ਝੰਡਾ ਲਿਸ਼ਕਦਾ ਹੋਇਆ ਝੂਲ ਰਿਹਾ ਸੀ। ਜਾਂ ਸ਼ਾਇਦ ਜਲੂਸ ਕਿਸੇ ਕਾਲ਼ੇ ਪੰਛੀ ਨਾਲ਼ ਵਧੇਰੇ ਮਿਲਦਾ ਸੀ ਜਿਸਨੇ ਸੋਚੀ

ਸਮਝੀ ਉਡਾਰੀ ਲਈ ਆਪਣੇ ਖੰਭ ਫੈਲਾਏ ਹੋਏ ਸਨ, ਪਾਵੇਲ ਇਸ ਪੰਛੀ ਦੀ ਚੁੰਝ ਸੀ।...

## 28

ਸੜਕ ਦੇ ਅਖ਼ੀਰ 'ਤੇ ਮਾਂ ਨੇ ਬੇਨੁਹਾਰੇ ਲੋਕਾਂ ਦੀ ਇੱਕ ਭੂਰੀ ਕੰਧ ਵੇਖੀ, ਜਿਹੜੇ ਸਾਰੇ ਇੱਕੋ ਜਿਹੇ ਜਾਪਦੇ ਸਨ, ਉਹਨਾਂ ਚੌਂਕ ਵਿੱਚ ਦਾਖ਼ਲ ਹੋਣ ਦਾ ਰਾਹ ਰੋਕਿਆ ਹੋਇਆ ਸੀ। ਹਰ ਇੱਕ ਦੇ ਮੋਢੇ ਤੋਂ ਸੰਗੀਨ ਦਾ ਠੰਢਾ ਲਿਸ਼ਕਾਰਾ ਉੱਠ ਰਿਹਾ ਸੀ। ਅਤੇ ਉਸ ਖ਼ਾਮੋਸ਼, ਅਹਿਲ ਕੰਧ ਤੋਂ ਇੱਕ ਬਰਫ਼ੀਲਾ ਸਾਹ ਆਉਂਦਾ, ਜਿਸਨੇ ਕਿਰਤੀਆਂ ਨੂੰ ਆਪਣੀ ਵਲਗਣ ਵਿੱਚ ਲੈ ਲਿਆ ਅਤੇ ਮਾਂ ਦੇ ਦਿਲ ਨਾਲ਼ ਟਕਰਾਇਆ ਅਤੇ ਉਸ ਵਿੱਚ ਘੁਸ ਗਿਆ।

ਉਹਨੇ ਭੀੜ ਵਿੱਚੋਂ ਧੱਕੇ ਮਾਰ ਕੇ ਅੱਗੇ ਵੱਲ ਰਾਹ ਬਣਾਇਆ, ਉਸ ਥਾਂ ਅਪੜਨ ਦਾ ਜਤਨ ਕਰਦੇ ਹੋਏ ਜਿੱਥੇ ਉਹ ਲੋਕ, ਜਿਨ੍ਹਾਂ ਨੂੰ ਉਹ ਜਾਣਦੀ ਸੀ, ਉਹਨਾਂ ਲੋਕਾਂ ਦੇ ਨਾਲ ਲਾਲ ਝੰਡੇ ਦੁਆਲੇ ਖੜੇ ਸਨ, ਜਿਨ੍ਹਾਂ ਨੂੰ ਉਹ ਨਹੀਂ ਸੀ ਜਾਣਦੀ, ਜਿਨ੍ਹਾਂ ਤੋਂ ਉਹਦੇ ਮਿੱਤਰ ਹਮਾਇਤ ਭਾਲਦੇ ਜਾਪਦੇ। ਉਹ ਸਖ਼ਤੀ ਨਾਲ਼ ਇੱਕ ਲੰਮੇ, ਸਫ਼ਾਚਟ ਮੂੰਹ ਵਾਲ਼ੇ, ਕਾਣੇ ਮਨੁੱਖ ਨਾਲ਼ ਭਿਚੀ ਹੋਈ ਸੀ, ਜਿਸਨੂੰ ਉਹਦੇ ਵੱਲ ਵੇਖਣ ਲਈ ਆਪਣਾ ਸਿਰ ਅੱਧਾ ਭੰਵਾਣਾ ਪਿਆ।

"ਤੈਨੂੰ ਹੋਇਆ ਕੀ ਏ ? ਤੂੰ ਕੌਣ ਏ ?..." ਉਹਨੇ ਪੁੱਛਿਆ।

"ਮੈਂ ਪਾਵੇਲ ਵਲਾਸੋਵ ਦੀ ਮਾਂ ਵਾਂ," ਉਹਨੇ ਕਿਹਾ, ਉਹਨੂੰ ਇਸ ਗੱਲ ਦੀ ਸੋਝੀ ਸੀ ਕਿ ਉਹਦੇ ਗੋਡੇ ਕੰਬ ਰਹੇ ਸਨ ਅਤੇ ਉਹਦਾ ਹੇਠਲਾ ਹੋਂਠ ਉਹਦੇ ਕਾਬੂ ਵਿੱਚ ਨਹੀਂ ਸੀ ਜਾਪਦਾ।

"ਓਹ!" ਕਾਣੇ ਬੰਦੇ ਨੇ ਕਿਹਾ।

"ਸਾਥੀਓ!" ਪਾਵੇਲ ਨੇ ਕਿਹਾ। "ਇਹ ਲਾਜ਼ਮੀ ਹੈ ਕਿ ਸਾਰੀ ਜ਼ਿੰਦਗੀ ਅਸੀਂ ਅੱਗੇ ਵੱਲ ਵਧੀਏ। ਸਾਡੇ ਲਈ ਹੋਰ ਕੋਈ ਦਿਸ਼ਾ ਨਹੀਂ!"

ਲੋਕ ਚੁੱਪ ਅਤੇ ਆਸਵਾਨ ਹੋ ਗਏ। ਝੰਡਾ ਉੱਚਾ ਚੁੱਕਿਆ ਗਿਆ, ਇੱਕ ਛਿਣ ਲਈ ਥਿੜਕਿਆ, ਫਿਰ ਫ਼ੌਜੀਆਂ ਦੀ ਭੂਰੀ ਕੰਧ ਵੱਲ ਲਿਜਾਇਆ ਜਾਂਦਾ ਰੁਕ ਰੁਕ ਕੇ ਲੋਕਾਂ ਦੇ ਸਿਰਾਂ ਉੱਤੇ ਲਹਿਰਾਇਆ। ਮਾਂ ਕੰਬੀ ਅਤੇ ਇੱਕ ਹਟਕੋਰਾ ਲੈ ਕੇ ਅੱਖਾਂ ਬੰਦ ਕਰ ਲਈਆਂ: ਚਾਰ ਜਣੇ — ਪਾਵੇਲ, ਆਂਦਰੇਈ, ਸਮੋਈਲੋਵ ਅਤੇ ਮਾਜ਼ੀਨ — ਭੀੜ ਨਾਲ਼ੋਂ ਅੱਗੇ ਵਧੇ ਸਨ।

ਹਵਾ ਵਿੱਚ ਫ਼ਿਓਦੋਰ ਮਾਜ਼ੀਨ ਦੀ ਸਾਫ਼ ਅਵਾਜ਼ ਸਹਿਜੇ ਜਿਹੇ ਗੂੰਜੀ:

**ਤੂੰ ਡਿੱਗਿਆ, ਇੱਕ ਉੱਚ ਕੁਰਬਾਨੀ।...**

ਅਤੇ ਨੀਵੀਂਆਂ ਅਵਾਜ਼ਾਂ ਨੇ ਦੋ ਡੂੰਘੇ ਹਉਕਿਆਂ ਵਾਂਗ ਹੁੰਗਾਰਾ ਭਰਿਆ:

**ਇਸ ਘੋਲ਼,... ਅਸਾਵੇਂ ਅੰਦਰ।...**

ਲੋਕ ਸੰਗੀਤ ਦੇ ਤਾਲ 'ਤੇ ਪੈਰ ਪੁੱਟਦੇ ਅੱਗੇ ਵੱਧੇ।

ਫ਼ਿਓਦੋਰ ਦੀ ਅਵਾਜ਼ ਕਿਸੇ ਚਮਕਦੇ ਫ਼ੀਤੇ ਵਾਂਗ ਖੁੱਲ੍ਹਦੀ ਗਈ, ਦ੍ਰਿੜ੍ਹਤਾ ਨਾਲ਼ ਭਰਪੂਰ,

ਇਸ ਨਿਸ਼ਚੇ ਦਾ ਐਲਾਨ ਕਰਦੀ:

**ਵਾਰ ਦਿੱਤਾ ਸਰਬੰਸ ਨੂੰ ਆਪਣਾ।...**

ਅਤੇ ਉਹਦੇ ਸਾਥੀ ਦੂਜੀ ਸਤਰ ਵਿੱਚ ਨਾਲ਼ ਰਲ ਗਏ:

**ਅਜ਼ਾਦੀ ਦੇ ਕਾਜ਼ ਦੀ ਖ਼ਾਤਰ।...**

"ਆਹਾ," ਕਿਸੇ ਨੇ ਇੱਕ ਪਾਸਿਉਂ ਖੋਰੀ ਹਾਸੇ ਨਾਲ਼ ਕਿਹਾ। "ਅਲਾਹੁਣੀਆਂ ਪਏ ਦੇਂਦੇ ਨੇ, ਕੁੱਤੀ ਦੇ ਪੁੱਤਰ!..."

"ਜੜ ਇਹਨੂੰ ਇੱਕ!" ਇੱਕ ਗ਼ੁਸੈਲੀ ਅਵਾਜ਼ ਗੂੰਜੀ।

ਮਾਂ ਨੇ ਆਪਣੇ ਹੱਥ ਆਪਣੇ ਸੀਨੇ ਨਾਲ਼ ਲਾ ਲਏ ਤੇ ਆਲੇ ਦੁਆਲੇ ਵੇਖਿਆ। ਉਹਨੇ ਵੇਖਿਆ ਕਿ ਜਿਹੜੀ ਭੀੜ ਨੇ ਸਾਰੀ ਸੜਕ ਉੱਤੇ ਹੜ੍ਹ ਲਿਆ ਦਿੱਤਾ ਸੀ ਉਹ ਚਾਰ ਜਣਿਆਂ ਨੂੰ ਝੰਡੇ ਨਾਲ਼ ਅੱਗੇ ਵੱਧਦੇ ਵੇਖ ਕੇ ਡੋਲ ਰਹੀ ਸੀ। ਮਾਰਚ ਕਰਨ ਵਾਲਿਆਂ ਵਿੱਚੋਂ ਕੁਝ ਦਰਜਨਾਂ ਹੀ ਉਹਨਾਂ ਦੇ ਪਿੱਛੇ ਰਹਿ ਗਏ ਸਨ, ਪਰ ਹਰ ਪੈਰ 'ਤੇ ਇੱਕ ਅੱਧ ਨਿੱਖੜ ਜਾਂਦਾ, ਜਿਵੇਂ ਪਟੜੀ ਉਹਨਾਂ ਦੇ ਪੈਰਾਂ ਦੀਆਂ ਤਲੀਆਂ ਲੂਹ ਰਹੀ ਹੋਵੇ।

**ਹਿੰਸਾ ਦਾ ਫਿਰ ਅੰਤ ਹੋਵੇਗਾ।...**

ਫ਼ਿਓਦੋਰ ਨੇ ਭਵਿੱਖ-ਬਾਣੀ ਵਾਂਗ ਗਾਇਆ।...

**ਜਨਤਾ ਜਾਗ ਪਵੇਗੀ।...**

ਜਵਾਬ ਵਿੱਚ ਮਜ਼ਬੂਤ ਅਵਾਜ਼ਾਂ ਦੇ ਇੱਕ ਬਲਵਾਨ ਸਮੂਹ ਨੇ ਨਿਸ਼ਚਿਤ ਤਾੜਨਾ ਦਾ ਹੁੰਗਾਰਾ ਭਰਿਆ।

ਪਰ ਡਰੀ ਹੋਈ ਫੁਸ ਫੁਸ ਬਲਵਾਨ ਅਵਾਜ਼ਾਂ ਦੇ ਸਮੂਹ-ਗਾਣ ਵਿੱਚ ਰਲ ਗਈ।

"ਉਹ ਹੁਕਮ ਦੇਣ ਹੀ ਵਾਲ਼ਾ ਏ।..."

ਅਤੇ ਨਿਸ਼ਚੇ ਹੀ, ਸਾਹਮਣਿਉਂ ਤਿੱਖੀ ਅਵਾਜ਼ ਆਈ:

"ਰਫ਼ਲਾਂ ਹੇਠਾਂ ਕਰੋ!"

ਸੰਗੀਨਾਂ ਇੱਕ ਹਲਦੀ ਕਤਾਰ ਵਿੱਚ ਨੀਵੀਆਂ ਕਰ ਦਿੱਤੀਆਂ ਗਈਆਂ ਇੱਥੋਂ ਤੱਕ ਕਿ ਉਹ ਅੱਗੇ ਵੱਧ ਰਹੇ ਝੰਡੇ ਨੂੰ ਇੱਕ ਚਤੁਰ ਅਸਪਾਤੀ ਮੁਸਕਾਨ ਨਾਲ਼ ਮਿਲੀਆਂ।

"ਅੱਗੇ ਮਾਰਚ!"

"ਔਹ ਆਏ!" ਕਾਣੇ ਬੰਦੇ ਨੇ ਆਪਣੇ ਹੱਥ ਆਪਣੀਆਂ ਜੇਬਾਂ ਵਿੱਚ ਪਾਉਂਦੇ ਅਤੇ ਇੱਕ ਪਾਸੇ ਜਾਂਦੇ ਹੋਏ ਕਿਹਾ।

ਮਾਂ ਅੱਖ ਝਮਕਾਏ ਬਿਨਾਂ ਵੇਖਦੀ ਰਹੀ। ਸਿਪਾਹੀ ਸੜਕ ਦੀ ਸਾਰੀ ਚੌੜਾਈ ਤੇ ਇੱਕ ਭੂਰੀ

ਲਹਿਰ ਵਿੱਚ ਵੱਧ ਰਹੇ ਸਨ, ਜਿਹੜੀ ਇੱਕਸਾਰ ਠੰਡੇ ਸਿਰੜ ਨਾਲ਼ ਵੱਧ ਰਹੀ ਸੀ ਅਤੇ ਜਿਸ ਦੇ ਉੱਤੇ ਸੰਗੀਨਾਂ ਦੀ ਰੁਪਹਿਲੀ ਚਮਕ ਦੀ ਝੱਗ ਸੀ। ਕੁਝ ਤਿੱਖੇ ਕਦਮ ਪੁੱਟ ਕੇ ਉਹ ਆਪਣੇ ਪੁੱਤਰ ਕੋਲ਼ ਅੱਪੜ ਗਈ ਅਤੇ ਵੇਖਿਆ ਕਿ ਆਪਣੇ ਲੰਮੇ ਜੁਸੇ ਨਾਲ਼ ਉਹਨੂੰ ਬਚਾਉਣ ਲਈ ਆਂਦਰੇਈ ਉਹਦੇ ਅੱਗੇ ਖੜੇ ਸੀ।

"ਆਪਣੀ ਥਾਂ ਮੁੜ ਜਾ ਸਾਥੀ!" ਪਾਵੇਲ ਨੇ ਤਿੱਖੀ ਅਵਾਜ਼ ਵਿੱਚ ਕਿਹਾ।

ਆਂਦਰੇਈ ਆਪਣਾ ਸਿਰ ਪਿੱਛੇ ਸੁੱਟ ਕੇ ਅਤੇ ਆਪਣੇ ਹੱਥ ਪਿੱਠ ਪਿੱਛੇ ਜੋੜ ਕੇ ਗਾ ਰਿਹਾ ਸੀ। ਪਾਵੇਲ ਨੇ ਉਹਨੂੰ ਮੋਢੇ ਨਾਲ਼ ਧੱਕਾ ਦੇ ਕੇ ਇੱਕ ਪਾਸੇ ਕਰ ਦਿੱਤਾ ਅਤੇ ਇੱਕ ਵਾਰ ਫਿਰ ਕਿਹਾ:

"ਮੁੜ ਜਾ! ਤੈਨੂੰ ਅਜਿਹਾ ਕਰਨ ਦਾ ਕੋਈ ਹੱਕ ਨਹੀਂ! ਝੰਡਾ ਸਭ ਤੋਂ ਮੂਹਰੇ ਜਾਣਾ ਚਾਹੀਦੈ!"

"ਖਿੰਡ ਪੁੰਡ ਜਾਓ!" ਇੱਕ ਨਿੱਕੇ ਅਫ਼ਸਰ ਨੇ ਆਪਣੀ ਚਮਕਦੀ ਤਲਵਾਰ ਲਹਿਰਾਉਂਦੇ ਹੋਏ ਮਹੀਨ ਜਿਹੀ ਅਵਾਜ਼ ਵਿੱਚ ਹੁਕਮ ਦਿੱਤਾ। ਮਾਰਚ ਕਰਦਾ ਹੋਇਆ ਉਹ ਆਪਣੀਆਂ ਲੱਤਾਂ ਉੱਚੀਆਂ ਚੁੱਕਦਾ, ਆਪਣੇ ਗੋਡੇ ਮੋੜੇ ਬਿਨਾਂ, ਅਤੇ ਆਪਣੇ ਬੂਟਾਂ ਦੇ ਤਲਿਆਂ ਨਾਲ਼ ਧਰਤੀ ਨੂੰ ਜੋਸ਼ ਨਾਲ਼ ਕੁੱਟਦਾ। ਮਾਂ ਨੂੰ ਉਹਦੇ ਬੂਟਾਂ ਦੀ ਚਮਕ ਸਾਫ਼ ਦਿੱਸੀ।

ਇੱਕ ਲੰਮਾ ਬੰਦਾ, ਜਿਸਦਾ ਸਿਰ ਘੋਨ ਕੀਤਾ ਹੋਇਆ ਸੀ ਅਤੇ ਜਿਸਦੀਆਂ ਘਣੀਆਂ ਚਿੱਟੀਆਂ ਮੁੱਛਾਂ ਸਨ ਉਹਦੇ ਨਾਲ਼ ਅਤੇ ਥੋੜ੍ਹਾ ਪਿੱਛੇ ਭਾਰੇ ਪੈਰੀਂ ਚੱਲ ਰਿਹਾ ਸੀ। ਉਹਨੇ ਲਾਲ ਅਸਤਰ ਵਾਲ਼ਾ ਇੱਕ ਲੰਮਾ ਭੂਰਾ ਕੋਟ ਪਹਿਨਿਆ ਹੋਇਆ ਸੀ ਅਤੇ ਉਹਦੀ ਚੌੜੀ ਪਤਲੂਨ ਦੀਆਂ ਲੱਤਾਂ 'ਤੇ ਇੱਕ ਪੀਲ਼ੀ ਪੱਟੀ ਲੱਗੀ ਹੋਈ ਸੀ। **ਖੋਖੋਲ** ਵਾਂਗ ਹੀ ਉਹ ਆਪਣੇ ਹੱਥ ਪਿੱਠ ਪਿੱਛੇ ਕਰੀ ਚੱਲ ਰਿਹਾ ਸੀ। ਉਹਦੀਆਂ ਅੱਖਾਂ, ਜਿਨ੍ਹਾਂ ਦੇ ਭਰਵੇਂ ਚਿੱਟੇ ਭਰਵੱਟੇ ਉੱਪਰ ਉੱਠੇ ਹੋਏ ਸਨ ਪਾਵੇਲ ਉੱਤੇ ਟਿਕੀਆਂ ਹੋਈਆਂ ਸਨ।

ਮਾਂ ਦੀ ਤੱਕਣੀ ਉਹ ਸਭ ਕੁਝ ਆਪਣੀ ਵਲਗਣ ਵਿੱਚ ਨਾ ਲੈ ਸਕੀ ਜੋ ਉਹਨੇ ਵੇਖਿਆ। ਉਹਦੀ ਛਾਤੀ ਇੱਕ ਉੱਚੀ ਚੀਕ ਨਾਲ਼ ਭਰੀ ਪਈ ਸੀ, ਜਿਸਦੇ ਹਰ ਸਾਹ ਨਾਲ਼ ਬਾਹਰ ਨਿਕਲ ਕੇ ਫੁੱਟ ਪੈਣ ਦਾ ਖ਼ਤਰਾ ਸੀ; ਪਰ ਉਹਨੇ ਆਪਣਾ ਸੀਨਾ ਘੁੱਟ ਕੇ ਫੜ ਲਿਆ ਅਤੇ ਚੀਕ ਨੂੰ ਦੱਬ ਲਿਆ। ਜਦੋਂ ਉਹ ਸੋਚੇ ਬਿਨਾਂ, ਲਗਭਗ ਬੇਹੋਸ਼ ਅੱਗੇ ਵੱਧ ਰਹੀ ਸੀ, ਲੋਕ ਉਹਨੂੰ ਧੱਕੇ ਦੇਂਦੇ ਅਤੇ ਉਹ ਆਪਣੇ ਪੈਰਾਂ ਉੱਤੇ ਝੂਲਦੀ। ਮਾਂ ਨੇ ਅਨੁਭਵ ਕੀਤਾ ਕਿ ਜਿਉਂ ਜਿਉਂ ਠੰਢੀ ਲਹਿਰ ਭੀੜ ਵੱਲ ਵੱਧ ਰਹੀ ਸੀ ਅਤੇ ਇਹਨੂੰ ਖਿੰਡਾ ਰਹੀ ਸੀ ਤਾਂ ਭੀੜ ਉਹਦੀ ਪਿੱਠ ਪਿੱਛੇ ਛਦਰੀ ਹੋਣ ਲੱਗ ਪਈ।

ਲਾਲ ਝੰਡੇ ਵਾਲ਼ੇ ਲੋਕਾਂ ਅਤੇ ਭੂਰੇ ਲੋਕਾਂ ਦੀ ਨਿੱਗਰ ਲਹਿਰ ਨੂੰ ਵੱਖ ਕਰਦੀ ਥਾਂ ਛੁਟੇਰੀ ਅਤੇ ਛੁਟੇਰੀ ਹੁੰਦੀ ਗਈ। ਹੁਣ ਉਹ ਸਿਪਾਹੀਆਂ ਦਾ ਸਮੂਹਕ ਮੂੰਹ ਵੇਖ ਸਕਦੀ ਸੀ — ਇੱਕ ਵਿਗੜਿਆ ਮੂੰਹ, ਜਿਹੜਾ ਸੜਕ ਦੇ ਆਰ ਪਾਰ ਖਿਲਰੀ ਇੱਕ ਗੰਦੀ-ਪੀਲ਼ੀ ਲਕੀਰ ਵਿੱਚ ਫਿੱਸਿਆ ਹੋਇਆ ਸੀ ਜਿਸ ਵਿੱਚ ਵੱਖ ਵੱਖ ਰੰਗਾਂ ਦੀਆਂ ਅੱਖਾਂ ਉਗੜ ਦੁਗੜ ਖਿੱਲਰੀਆਂ ਹੋਈਆਂ ਸਨ। ਉਹਨਾਂ ਦੇ ਸਾਹਮਣੇ ਅਸਪਾਤ ਦੇ ਜ਼ਾਲਮ ਨੁਕਤੇ ਚਮਕਦੇ, ਜਿਨ੍ਹਾਂ ਦਾ

ਨਿਸ਼ਾਨਾ ਜਲੂਸ ਵਾਲ਼ਿਆਂ ਦੀਆਂ ਛਾਤੀਆਂ ਸਨ ਅਤੇ ਉਹਨਾਂ ਨੂੰ ਛੂਹੇ ਬਿਨਾਂ ਅਸਪਾਤ ਨੇ ਉਹਨਾਂ ਨੂੰ, ਇੱਕ ਤੋਂ ਪਿੱਛੋਂ ਦੂਜੇ ਨੂੰ, ਵੱਖ ਵੱਖ ਕਰ ਦਿੱਤਾ, ਭੀੜ ਨੂੰ ਖਿੰਡਾ ਦਿੱਤਾ।

ਮਾਂ ਨੇ ਆਪਣੀ ਪਿੱਠ ਪਿੱਛੇ ਲੋਕਾਂ ਦੇ ਨੱਠਣ ਦੀ ਅਵਾਜ਼ ਸੁਣੀ ਅਤੇ ਉਦਾਸ ਘਾਬਰੀਆਂ ਅਵਾਜ਼ਾਂ ਦੀਆਂ ਕੂਕਾਂ ਸੁਣੀਆਂ:

"ਖਿੰਡ ਜਾਓ, ਯਾਰੋ!..."

"ਨੱਠ ਜਾ, ਵਲਾਸੋਵ!..."

"ਪਿੱਛੇ ਹੱਟ ਜਾ, ਪਾਵੇਲ!..."

"ਝੰਡਾ ਸੁੱਟ ਦੇ, ਪਾਵੇਲ!" ਵੇਸੋਵਸ਼ਚੀਕੋਵ ਨੇ ਗ਼ੁਸੈਲੇ ਢੰਗ ਨਾਲ਼ ਕਿਹਾ। "ਇਹ ਮੈਨੂੰ ਦੇ ਦੇ, ਮੈਂ ਇਹਨੂੰ ਲੁਕਾ ਦਿਆਂਗਾ!"

ਉਹਨੇ ਡੰਡਾ ਫੜ ਲਿਆ ਅਤੇ ਝੰਡਾ ਪਿੱਛੇ ਵੱਲ ਝੂਲਿਆ।

"ਛੱਡ ਦੇ!" ਪਾਵੇਲ ਕੂਕਿਆ।

ਨਿਕੋਲਾਈ ਨੇ ਆਪਣਾ ਹੱਥ ਪਿੱਛੇ ਖਿੱਚ ਲਿਆ ਜਿਵੇਂ ਇਹ ਸੜ ਗਿਆ ਹੋਵੇ। ਗੀਤ ਰੁਕ ਗਿਆ। ਲੋਕ ਰੁਕ ਗਏ ਅਤੇ ਪਾਵੇਲ ਦੁਆਲੇ ਨਿੱਗਰ ਕੰਧ ਬਣਾ ਲਈ, ਪਰ ਉਹ ਅਜੇ ਵੀ ਅੱਗੇ ਹੀ ਵਧੀ ਜਾ ਰਿਹਾ ਸੀ। ਅਚਾਨਕ ਅਤੇ ਆਸ ਤੋਂ ਬਿਨਾਂ ਚੁੱਪ ਛਾ ਗਈ, ਜਿਹੜੀ ਉਪਰੋਂ ਡਿੱਗੀ ਜਾਪਦੀ ਸੀ, ਇਹਨੇ ਸਭਨਾਂ ਨੂੰ ਇੱਕ ਅਣ-ਦਿਸੇ ਬੱਦਲ ਵਿੱਚ ਲਪੇਟ ਲਿਆ।

ਵੀਹ ਕੁ ਬੰਦੇ ਝੰਡੇ ਦੁਆਲੇ ਖੜੇ ਸਨ — ਇਸ ਤੋਂ ਵੱਧ ਨਹੀਂ — ਪਰ ਉਹ ਪੱਕੇ ਪੈਰੀਂ ਖੜੇ ਸਨ। ਫ਼ਿਕਰ ਅਤੇ ਉਹਨਾਂ ਨੂੰ ਕੁਝ ਦੱਸਣ ਦੀ ਧੁੰਦਲੀ ਇੱਛਾ ਨੇ ਮਾਂ ਨੂੰ ਉਹਨਾਂ ਵੱਲ ਖਿੱਚ ਲਿਆ।...

"ਲੈਫਟੀਨੈਂਟ, ਉਹ ਸ਼ੈਅ ਉਹਦੇ ਤੋਂ ਖੋਹ ਲੈ," ਲੰਮੇ ਬੁੱਢੇ ਆਦਮੀ ਨੇ ਝੰਡੇ ਵੱਲ ਇਸ਼ਾਰਾ ਕਰਦੇ ਹੋਏ ਇਕਸਾਰ ਅਵਾਜ਼ ਵਿੱਚ ਕਿਹਾ।

ਨਿੱਕਾ ਅਫ਼ਸਰ ਦੌੜ ਕੇ ਪਾਵੇਲ ਕੋਲ਼ ਆਇਆ ਅਤੇ ਝੰਡਾ ਫੜ ਲਿਆ।

"ਛੱਡ ਦੇ!" ਉਹ ਚੀਕਿਆ।

"ਆਪਣੇ ਹੱਥ ਪਰ੍ਹਾਂ ਕਰ!" ਪਾਵੇਲ ਨੇ ਉੱਚੀ ਅਵਾਜ਼ ਵਿੱਚ ਕਿਹਾ।

ਝੰਡਾ ਹਵਾ ਵਿੱਚ ਲਾਲ ਲਾਟ ਬਣ ਕੇ ਝੂਲਿਆ, ਸੱਜੇ ਵੱਲ ਝੁਕਿਆ ਅਤੇ ਫਿਰ ਖੱਬੇ ਵੱਲ, ਫਿਰ ਸਿੱਧਾ ਖੜਾ ਹੋ ਗਿਆ। ਨਿੱਕੇ ਅਫ਼ਸਰ ਨੇ ਪਿੱਛੇ ਵੱਲ ਛਾਲ ਮਾਰੀ ਅਤੇ ਡਿੱਗ ਪਿਆ। ਨਿਕੋਲਾਈ ਆਪਣਾ ਮੁੱਕਾ ਲਹਿਰਾਉਂਦਾ ਮਾਂ ਦੇ ਕੋਲ਼ੋਂ ਬਹੁਤ ਤੇਜ਼ੀ ਨਾਲ਼ ਨੱਠਿਆ ਜਿਹੜੀ ਗੱਲ ਉਹਦੇ ਲਈ ਅਸਧਾਰਨ ਸੀ।

"ਇਹਨਾਂ ਨੂੰ ਗ੍ਰਿਫ਼ਤਾਰ ਕਰੋ!" ਬੁੱਢੇ ਆਦਮੀ ਨੇ ਪੈਰ ਭੁੰਜੇ ਪਟਕਾ ਕੇ ਕਿਹਾ।

ਕਈ ਸਿਪਾਹੀ ਅੱਗੇ ਵੱਲ ਨੱਠੇ। ਉਹਨਾਂ ਵਿੱਚੋਂ ਇੱਕ ਨੇ ਆਪਣੀ ਰਫ਼ਲ ਦਾ ਕੁੰਦਾ ਲਹਿਰਾਇਆ। ਝੰਡਾ ਕੰਬਿਆ, ਅੱਗੇ ਵੱਲ ਡਿੱਗਾ ਅਤੇ ਸਿਪਾਹੀਆਂ ਦੇ ਭੂਰੇ ਸਮੂਹ ਵਿੱਚ ਗੁਆਚ ਗਿਆ।

"ਹਾਏ ਰੱਬਾ!" ਕੋਈ ਕੁੜੱਤਣ ਨਾਲ਼ ਕੂਕਿਆ।

ਮਾਂ ਕਿਸੇ ਫੱਟੜ ਜਾਨਵਰ ਵਾਂਗ ਕੁਰਲਾਈ। ਉਹਦੇ ਜਵਾਬ ਵਿੱਚ ਫ਼ੌਜੀਆਂ ਵਿੱਚੋਂ ਪਾਵੇਲ ਦੀ ਸਾਫ਼ ਅਵਾਜ਼ ਆਈ।

"ਰੱਬ ਰਾਖਾ, ਮਾਂ! ਰੱਬ ਰਾਖਾ, ਮੇਰੀ ਸਭ ਤੋਂ ਪਿਆਰੀ!..."

ਦੋ ਖ਼ਿਆਲ ਉਹਨੂੰ ਅਹੁੜੇ: "ਉਹ ਜਿਊਂਦੈ! ਉਹਨੇ ਮੈਨੂੰ ਯਾਦ ਰੱਖਿਆ!"

"ਰੱਬ ਰਾਖਾ, **ਨੈਨਕੋ**!"

ਉਹ ਉਹਨਾਂ ਨੂੰ ਇੱਕ ਝਾਤ ਵੇਖਣ ਲਈ ਆਪਣੇ ਪੱਬਾਂ ਭਾਰ ਖੜ੍ਹੀ ਹੋ ਗਈ। ਉਧਰ, ਸਿਪਾਹੀਆਂ ਦੇ ਸਿਰਾਂ ਦੇ ਉੱਤੋਂ ਉਹਨੂੰ ਆਂਦਰੇਈ ਦਾ ਗੋਲ਼ ਮੂੰਹ ਦਿਸਿਆ। ਉਹ ਮੁਸਕਰਾ ਰਿਹਾ ਸੀ ਅਤੇ ਝੁਕ ਝੁਕ ਕੇ ਉਹਨੂੰ ਸਲਾਮ ਕਰ ਰਿਹਾ ਸੀ।

"ਹਾਏ ਮੇਰੇ ਪਿਆਰਿਓ।... ਆਂਦਰੀਊਸ਼ਾ! ਪਾਸ਼ਾ!" ਉਹ ਕੂਕੀ।

"ਰੱਬ ਰਾਖਾ, ਸਾਥੀਓ!" ਉਹਨਾਂ ਸਿਪਾਹੀਆਂ ਦੇ ਵਿਚਕਾਰੋਂ ਅਵਾਜ਼ ਦਿੱਤੀ।

ਇੱਕ ਗੂੰਜ ਦੀਆਂ ਬਹੁ-ਮੂੰਹੀਆਂ ਲੀਰਾਂ ਨੇ ਉਹਨਾਂ ਨੂੰ ਜਵਾਬ ਦਿੱਤਾ। ਇਹ ਬਾਰੀਆਂ ਵਿੱਚੋਂ ਆਈਆਂ, ਕਿੱਧਰੇ ਉਪਰੋਂ ਆਈਆਂ, ਐਨ ਛੱਤਾਂ ਤੋਂ ਆਈਆਂ।

## 29

ਕਿਸੇ ਨੇ ਉਹਨੂੰ ਸੀਨੇ ਉੱਤੇ ਮਾਰਿਆ। ਉਹਨੂੰ ਆਪਣੇ ਸਾਹਮਣੇ ਖੜ੍ਹੇ ਅਫ਼ਸਰ ਦਾ ਖਿੱਚਿਆ ਲਾਲ ਮੂੰਹ ਧੁੰਦਲਾ ਜਿਹਾ ਦਿੱਸਿਆ।

"ਇੱਥੋਂ ਟੁਰਦੀ ਹੋ, ਬੁੱਢੀਏ!" ਉਹ ਕੂਕਿਆ।

ਮਾਂ ਨੇ ਉਹਨੂੰ ਇੱਕ ਨਜ਼ਰ ਨਾਲ਼ ਪੂਰੀ ਤਰ੍ਹਾਂ ਵੇਖਿਆ। ਮਾਂ ਨੇ ਵੇਖਿਆ ਉਹਦੇ ਪੈਰਾਂ ਕੋਲ਼ ਝੰਡੇ ਦਾ ਡੰਡਾ ਦੋ ਟੋਟੇ ਹੋਇਆ ਪਿਆ ਸੀ, ਲਾਲ ਕੱਪੜੇ ਦਾ ਇੱਕ ਟੋਟਾ ਅੱਜੇ ਤੱਕ ਉਹਦੇ ਇੱਕ ਸਿਰ ਨਾਲ਼ ਬੰਨ੍ਹਿਆ ਹੋਇਆ ਸੀ। ਉਹ ਝੁਕੀ ਅਤੇ ਇਹ ਚੁੱਕ ਲਿਆ। ਅਫ਼ਸਰ ਨੇ ਇਹ ਉਹਦੇ ਹੱਥੋਂ ਖੋਹ ਲਿਆ ਅਤੇ ਉਹਨੂੰ ਇੱਕ ਪਾਸੇ ਧੱਕ ਦਿੱਤਾ।

"ਮੈਂ ਤੈਨੂੰ ਕਿਹੈ, ਟੁਰਦੀ ਹੋ!" ਉਹ ਭੋਂ ਉੱਤੇ ਪੈਰ ਪਟਕਦਾ ਹੋਇਆ ਚਿੱਲਾਇਆ।

ਸਿਪਾਹੀਆਂ ਦੇ ਘੇਰੇ ਵਿੱਚੋਂ ਗੀਤ ਉੱਠਿਆ:

**ਜਾਗੋ ਕਿਰਤੀਓ, ਜਾਗੋ, ਘੋਲ਼ ਕਰਨ ਲਈ ਜਾਗੋ!...**

ਸਭ ਕੁਝ ਘੁੰਮ, ਤੈਰ ਤੇ ਕੰਬ ਰਿਹਾ ਸੀ। ਹਵਾ ਵਿੱਚ ਇੱਕ ਡਰਾਉਣੀ ਅਵਾਜ਼ ਸੀ, ਟੈਲੀਗਰਾਫ਼ ਦੀਆਂ ਤਾਰਾਂ ਦੀ ਇੱਕਸਾਰ ਘੂਕਰ ਵਾਂਗ। ਅਫ਼ਸਰ ਨੱਠ ਕੇ ਆਇਆ।

"ਗਾਣਾ ਬੰਦ ਕਰੋ!" ਉਹ ਗੁੱਸੇ ਨਾਲ਼ ਝਲਿਆਇਆ ਕੂਕਿਆ। "ਸਾਰਜੈਂਟ-ਮੇਜਰ ਕਰਾਈਨੋਵ।..."

ਥਿੜਕਦੇ ਪੈਰੀਂ ਮਾਂ ਉੱਥੇ ਗਈ ਜਿੱਥੇ ਅਫ਼ਸਰ ਨੇ ਝੰਡੇ ਦਾ ਟੁੱਟਿਆ ਡੰਡਾ ਸੁੱਟਿਆ ਸੀ ਅਤੇ ਉਹ ਫਿਰ ਚੁੱਕ ਲਿਆ।

"ਉਹਨਾਂ ਦੇ ਹਰਾਮੀ ਮੂੰਹ ਬੰਦ ਕਰ!..."

ਗੀਤ ਥਿੜਕਿਆ, ਕੰਬਿਆ, ਟੁੱਟਿਆ ਅਤੇ ਖ਼ਤਮ ਹੋ ਗਿਆ। ਕਿਸੇ ਨੇ ਮਾਂ ਦੇ ਮੋਢੇ ਉੱਤੇ ਹੱਥ ਰੱਖਿਆ, ਉਹਨੂੰ ਮੋੜਿਆ ਅਤੇ ਧੱਕਾ ਦਿੱਤਾ।

"ਚਲ, ਚਲ, ਇੱਥੋਂ ਟੁਰਦੀ ਹੋ," ਉਹਨੇ ਕਿਹਾ।

"ਸੜਕ ਖ਼ਾਲੀ ਕਰਾਓ!" ਅਫ਼ਸਰ ਚਿੱਲਾਇਆ।

ਮਾਂ ਨੇ ਕੁਝ ਕਦਮ ਦੂਰ ਲੋਕਾਂ ਦੀ ਇੱਕ ਹੋਰ ਘਣੀ ਭੀੜ ਵੇਖੀ। ਉਹ ਸੜਕ 'ਤੇ ਪਿੱਛੇ ਜਾਂਦੇ ਜਾਂਦੇ ਅਤੇ ਮਕਾਨਾਂ ਦੇ ਵਿਹੜਿਆਂ ਵਿੱਚ ਲੋਪ ਹੁੰਦੇ ਖੱਪ ਪਾ ਰਹੇ ਸਨ ਅਤੇ ਬੁੜ ਬੁੜ ਕਰ ਰਹੇ ਸਨ ਅਤੇ ਸੀਟੀਆਂ ਮਾਰ ਰਹੇ ਸਨ।

"ਟੁਰਦੀ ਹੋ, ਚੁੜੇਲੇ!" ਇੱਕ ਮੁੱਛਲ ਜਵਾਨ ਸਿਪਾਹੀ ਨੇ ਮਾਂ ਦੇ ਕੰਨ ਵਿੱਚ ਕੂਕ ਕੇ ਕਿਹਾ, ਅਤੇ ਉਹਦੇ ਕੋਲ਼ ਆ ਕੇ ਉਹਨੂੰ ਧੱਕਾ ਦੇ ਕੇ ਫੁੱਟਪਾਥ ਉੱਤੇ ਚਾੜ੍ਹ ਦਿੱਤਾ।

ਉਹ ਉੱਥੋਂ ਚਲੀ ਗਈ, ਝੰਡੇ ਦੇ ਡੰਡੇ ਉੱਤੇ ਭਾਰ ਪਾ ਕੇ ਝੁਕੀ ਹੋਈ, ਕਿਉਂਕਿ ਜਾਪਦਾ ਸੀ ਉਹਦਾ ਸਾਹ ਸਤ ਮੁੱਕ ਗਿਐ। ਦੂਜੇ ਹੱਥ ਨਾਲ਼ ਉਹਨੇ ਕੰਧਾਂ ਅਤੇ ਜੰਗਲਿਆਂ ਦੀ ਟੇਕ ਲਈ ਹੋਈ ਸੀ ਤਾਂ ਜੁ ਉਹ ਡਿੱਗ ਨਾ ਪਵੇ। ਲੋਕ ਉਸ ਤੋਂ ਪਰ੍ਹਾਂ ਹੱਟਦੇ ਗਏ ਅਤੇ ਉਹਦੇ ਪਿੱਛੇ ਅਤੇ ਉਹਦੇ ਨਾਲ਼ ਸਿਪਾਹੀ ਟੁਰ ਰਹੇ ਸਨ:

"ਵਗਦੇ ਹੋਵੋ! ਵਗਦੇ ਹੋਵੋ!" ਉਹ ਕੂਕਦੇ।

ਮਾਂ ਨੇ ਉਹਨਾਂ ਨੂੰ ਲੰਘ ਜਾਣ ਦਿੱਤਾ, ਫਿਰ ਉਹ ਰੁਕੀ ਅਤੇ ਆਸੇ ਪਾਸੇ ਵੇਖਿਆ। ਸੜਕ ਦੇ ਦੂਜੇ ਸਿਰੇ ਉਹਨੇ ਇੱਕ ਪਤਲੀ ਜਿਹੀ ਪਾਲ ਬਣਾ ਕੇ ਖੜੇ ਹੋਰ ਸਿਪਾਹੀਆਂ ਨੂੰ ਚੌਂਕ ਵਿੱਚ ਵੜਨ ਦਾ ਰਾਹ ਰੋਕੀ ਵੇਖਿਆ। ਚੌਂਕ ਖ਼ਾਲੀ ਸੀ। ਉਹਦੇ ਅੱਗੇ ਅੱਗੇ ਭੂਰੇ ਅਕਾਰ ਝੂਮ ਰਹੇ ਸਨ, ਹੌਲ਼ੀ ਹੌਲ਼ੀ ਲੋਕਾਂ ਵੱਲ ਵੱਧ ਰਹੇ ਸਨ।...

ਉਹ ਪਿੱਛੇ ਹੱਟਣਾ ਲੋਚਦੀ ਸੀ, ਪਰ ਆਪ-ਮੁਹਾਰੇ ਉਹ ਅੱਗੇ ਵਧੀ ਗਈ, ਇੱਥੋਂ ਤੱਕ ਕਿ ਉਹ ਤੰਗ, ਖ਼ਾਲੀ ਗਲ਼ੀ ਤੱਕ ਅੱਪੜ ਗਈ, ਜਿਸ ਵਿੱਚ ਉਹ ਮੁੜ ਗਈ।

ਉਹ ਇੱਕ ਵਾਰ ਫਿਰ ਰੁਕੀ। ਉਹਨੇ ਡੂੰਘਾ ਹਉਕਾ ਭਰਿਆ ਅਤੇ ਕੰਨ ਲਾ ਕੇ ਸੁਣਿਆ। ਕਿੱਧਰੇ ਅੱਗੋਂ ਭੀੜ ਦੀ ਭਿਣਭਿਣ ਆ ਰਹੀ ਸੀ।

ਡੰਡੇ ਉੱਤੇ ਭਾਰ ਪਾ ਕੇ, ਉਹ ਇੱਕ ਵਾਰ ਫਿਰ ਚੱਲ ਪਈ, ਹੁਣ ਉਹਨੂੰ ਤਰੇਲੀਆਂ ਛੁੱਟ ਰਹੀਆਂ ਸਨ, ਉਹਦੇ ਭਰਵੱਟੇ ਕੰਬ ਰਹੇ ਸਨ, ਉਹਦੇ ਬੁੱਲ੍ਹ ਫਰਕ ਰਹੇ ਸਨ, ਉਹ ਹੱਥ ਹਿਲਾ ਰਹੀ ਸੀ ਅਤੇ ਉਹਦੇ ਮਨ ਵਿੱਚ ਉਗੜ-ਦੁਗੜ ਲਫ਼ਜ਼ ਚੰਗਿਆੜੀਆਂ ਵਾਂਗ ਲਿਸ਼ਕ ਰਹੇ ਸਨ, ਅਕਾਰ ਵਿੱਚ ਵੱਧਦੇ ਹੋਏ ਇੱਥੋਂ ਤੱਕ ਕਿ ਉਹ ਉਹਨਾਂ ਨੂੰ ਉਚਰ ਦੇਣ, ਉਹਨਾਂ ਨੂੰ ਕੂਕਣ ਦੀ ਇੱਕ ਫ਼ੌਰੀ, ਅਰੁਕ ਇੱਛਾ ਵਿੱਚ ਫਟ ਪਏ।

ਗਲ਼ੀ ਖੱਬੇ ਹੱਥ ਇੱਕ ਤਿੱਖਾ ਮੋੜ ਕੱਟਦੀ ਸੀ, ਅਤੇ ਇੱਥੇ ਲੋਕਾਂ ਦੀ ਇੱਕ ਵੱਡੀ ਘਣੀ ਟੋਲੀ ਮਾਂ ਦੀ ਨਜ਼ਰੀ ਪਈ।

"ਭਰਾਵੋ! ਬੰਦਾ ਐਵੇਂ ਸ਼ੌਂਕ ਨਾਲ਼ ਹੀ ਸੰਗੀਨਾਂ ਦੀ ਪਾਲ ਨੂੰ ਨਹੀਂ ਵੰਗਾਰਦਾ," ਕਿਸੇ ਨੇ ਉੱਚੀ ਤਕੜੀ ਅਵਾਜ਼ ਵਿੱਚ ਕਿਹਾ।

"ਕਦੀ ਅਜਿਹੀ ਗੱਲ ਵੇਖੀ ਈ? ਸੰਗੀਨਾਂ ਉਹਨਾਂ ਵੱਲ ਵੱਧਦੀਆਂ ਆਉਂਦੀਆਂ ਤੇ

ਉਹ ਕਿਵੇਂ ਡੱਟ ਕੇ ਖੜੇ ਰਹੇ ! ਚੱਟਾਨ ਵਾਂਗ ਪੱਕੇ ਪੈਰੀਂ ਤੇ ਡਰੇ ਤਾਂ ਉੱਕਾ ਹੀ ਨਹੀਂ।...”

"ਇਹ ਹੋਇਆ ਨਾ ਪਾਵੇਲ ਵਲਾਸੋਵ !..."

"ਤੇ **ਖੋਖੋਲ** ?"

"ਹੱਥ ਪਿੱਠ ਪਿੱਛੇ ਅਤੇ ਸਾਰਾ ਸਮਾਂ ਹੱਸਦਾ ਰਿਹਾ, ਨਿੱਡਰ ਭੂਤਨਾ।..."

"ਮਿੱਤਰੋ !" ਮਾਂ ਕੂਕੀ, ਉਹਨੇ ਧੱਕਾ ਮਾਰ ਕੇ ਉਹਨਾਂ ਦੇ ਵਿਚਕਾਰ ਰਾਹ ਬਣਾਇਆ। ਉਹਨਾਂ ਸਤਿਕਾਰ ਨਾਲ਼ ਉਹਨੂੰ ਰਾਹ ਦੇ ਦਿੱਤਾ। ਕੋਈ ਹੱਸਿਆ:

"ਵੇਖੋ, ਝੰਡਾ ਉਹਦੇ ਕੋਲ਼ ਏ ! ਝੰਡਾ ਉਹਦੇ ਹੱਥ ਵਿੱਚ ਏ !"

"ਚੁੱਪ ਕਰ ," ਇੱਕ ਕਰੜੀ ਅਵਾਜ਼ ਨੇ ਕਿਹਾ।

ਮਾਂ ਨੇ ਆਪਣੀਆਂ ਬਾਹਾਂ ਖੋਲ੍ਹ ਕੇ ਉਲਾਰੀਆਂ।...

"ਸੁਣੋ — ਰੱਬ ਦੇ ਨਾਂ 'ਤੇ ! ਤੁਸੀਂ ਸਾਰੇ ਚੰਗੇ ਲੋਕੋ, ਸਾਰੇ ਪਿਆਰੇ ਲੋਕੋ, ਜੁ ਕੁਝ ਹੋਇਐ ਉਸ ਵੱਲ ਵੇਖਣੋ ਨਾ ਡਰੋ ! ਸਾਡੇ ਆਪਣੇ ਬੱਚੇ, ਸਾਡਾ ਹੱਡ-ਮਾਸ ਇਨਸਾਫ਼ ਦੇ ਨਾਂ ਉੱਤੇ ਇਸ ਰਾਹ ਪਏ ਨੇ।... ਉਹਨਾਂ ਤੁਹਾਡੇ ਸਭਨਾਂ ਲਈ, ਤੁਹਾਡੇ ਅਜੇ ਜੰਮਣ ਵਾਲ਼ੇ ਬੱਚਿਆਂ ਲਈ ਸੁਹਣੇਰੇ ਦਿਨ ਦੀ ਭਾਲ ਵਿੱਚ ਇਸ ਕੰਮ ਦਾ ਬੀੜਾ ਚੁੱਕਿਐ। ਉਹ ਇੱਕ ਹੋਰ ਤਰ੍ਹਾਂ ਦੀ ਜ਼ਿੰਦਗੀ ਚਾਹੁੰਦੇ ਨੇ — ਸੱਚ ਅਤੇ ਇਨਸਾਫ਼ ਦੀ ਜ਼ਿੰਦਗੀ।... ਉਹ ਸਭਨਾਂ ਲਈ ਚੰਗਿਆਈ ਚਾਹੁੰਦੇ ਨੇ !"

ਉਹਦਾ ਦਿਲ ਫਟ ਰਿਹਾ ਸੀ, ਉਹਨੇ ਆਪਣੀ ਛਾਤੀ ਉੱਤੇ ਦਬਾਅ ਅਨੁਭਵ ਕੀਤਾ, ਅਤੇ ਉਹਦਾ ਗਲਾ ਗਰਮ ਅਤੇ ਸੁੱਕਾ ਸੀ। ਉਹਦੇ ਧੁਰ ਅੰਦਰ, ਮਹਾਨ ਨਵੇਂ ਲਫ਼ਜ਼ ਜਨਮ ਲੈ ਰਹੇ ਸਨ — ਸਭ ਕੁਝ ਨੂੰ ਵਲਗਣ ਵਿੱਚ ਲੈਣ ਵਾਲ਼ੇ ਲਫ਼ਜ਼ ਜਿਹੜੇ ਉਹਦੀ ਜੀਭ ਨੂੰ ਲੂੰਹਦੇ ਅਤੇ ਉਹਦੀ ਜ਼ਬਾਨ ਨੂੰ ਰਵਾਨੀ ਅਤੇ ਬਲ ਨਾਲ਼ ਬੋਲਣ 'ਤੇ ਮਜ਼ਬੂਰ ਕਰਦੇ।

ਉਹ ਵੇਖ ਰਹੀ ਸੀ ਕਿ ਸਭੇ ਚੁੱਪ ਚਾਪ ਉਹਨੂੰ ਸੁਣ ਰਹੇ ਸਨ ਅਤੇ ਉਹ ਮਹਿਸੂਸ ਕਰਦੀ ਸੀ ਕਿ ਉਹਦੇ ਦੁਆਲੇ ਸੰਘਣੇ ਜੁੜੇ ਉਹ ਸੋਚ ਰਹੇ ਹਨ। ਉਹਦੇ ਮਨ ਵਿੱਚ ਇੱਛਾ ਪੈਦਾ ਹੋਈ ਜਿਸਨੂੰ ਹੁਣ ਉਹ ਸਾਫ਼ ਤੌਰ 'ਤੇ ਅਨੁਭਵ ਕਰਦੀ ਸੀ, ਕਿ ਉਹ ਉਹਨਾਂ ਉੱਤੇ ਜ਼ੋਰ ਦੇਵੇ ਕਿ ਉਹ ਉਹਦੇ ਪੁੱਤਰ ਅਤੇ ਆਂਦਰੇਈ ਅਤੇ ਉਹਨਾਂ ਸਭਨਾਂ ਦੇ ਪਿੱਛੇ ਚੱਲਣ ਜਿਨ੍ਹਾਂ ਨੂੰ ਉਹਨਾਂ ਸਿਪਾਹੀਆਂ ਦੇ ਹੱਥ ਪੈ ਜਾਣ ਦਿੱਤਾ ਸੀ, ਉਹਨਾਂ ਸਭਨਾਂ ਦੇ ਪਿੱਛੇ ਚੱਲਣ ਜਿਨ੍ਹਾਂ ਨੂੰ ਉਨ੍ਹਾਂ ਕਿਸਮਤ ਦੇ ਹਵਾਲੇ ਛੱਡ ਦਿੱਤਾ ਸੀ।

ਆਪਣੇ ਦੁਆਲੇ ਖੜੇ ਉਦਾਸ ਅਤੇ ਧਿਆਨ ਭਰੇ ਮੂੰਹਾਂ ਵੱਲ ਵੇਖਦੇ ਹੋਏ ਉਹਨੇ ਕੋਮਲਤਾ ਨਾਲ਼ ਜ਼ੋਰ ਦੇਂਦੀ ਅਵਾਜ਼ ਵਿੱਚ ਕਿਹਾ:

"ਸਾਡੇ ਬੱਚੇ ਖੁਸ਼ੀ ਦੀ ਭਾਲ ਵਿੱਚ ਚੱਲ ਪਏ ਨੇ, ਅਤੇ ਉਹਨਾਂ ਇਹ ਕੰਮ ਸਾਡੇ ਸਭਨਾਂ ਖ਼ਾਤਰ ਅਤੇ ਈਸਾ ਦੇ ਸੱਚ ਦੀ ਖ਼ਾਤਰ ਕੀਤੈ। ਉਹ ਉਸ ਸਭ ਕੁਝ ਨਾਲ਼ ਜੂਝਣ ਲਈ ਨਿਕਲੇ ਨੇ ਜਿਸਨੂੰ ਭੈੜੇ ਲੋਕ, ਧੋਖੇਬਾਜ਼ ਤੇ ਲਾਲਚੀ ਲੋਕ ਸਾਨੂੰ ਬੰਨ੍ਹਣ ਲਈ, ਸਾਡੇ ਮੂੰਹ ਵਿੱਚ ਬੁੱਜਾ ਦੇਣ ਲਈ, ਸਾਨੂੰ ਕੁਚਲਣ ਲਈ ਵਰਤਦੇ ਨੇ। ਪਿਆਰੇ ਲੋਕੋ ! ਜਵਾਨ ਲੋਕ ਸਾਡੀ ਖ਼ਾਤਰ ਉੱਠ ਖੜੇ ਹੋਏ ਨੇ — ਸਮੁੱਚੇ ਸੰਸਾਰ ਦੀ ਖ਼ਾਤਰ — ਜਿੱਥੇ ਕਿੱਧਰੇ ਵੀ ਉਹ ਹੋਣ, ਕਿਰਤੀ ਲੋਕਾਂ

ਦੀ ਖ਼ਾਤਰ! ਉਹਨਾਂ ਦਾ ਸਾਥ ਨਾ ਛੱਡੋ, ਉਹਨਾਂ ਨੂੰ ਪਿੱਠ ਨਾ ਦਿਓ, ਆਪਣੇ ਬੱਚਿਆਂ ਨੂੰ ਇਕੱਲੇ ਜਾਣ 'ਤੇ ਮਜ਼ਬੂਰ ਨਾ ਕਰੋ! ਆਪਣੇ ਬਾਰੇ ਸੋਚੋ।... ਆਪਣੇ ਬੱਚਿਆਂ ਦੇ ਦਿਲਾਂ ਵਿੱਚ ਨਿਸ਼ਚਾ ਰੱਖੋ, ਜਿਨ੍ਹਾਂ ਸੱਚ ਦਾ ਐਲਾਨ ਕੀਤਾ ਵੇ ਅਤੇ ਇਸ ਲਈ ਤਸੀਹੇ ਝੱਲ ਰਹੇ ਨੇ। ਉਹਨਾਂ ਵਿੱਚ ਭਰੋਸਾ ਰੱਖੋ!"

ਉਹਦੀ ਅਵਾਜ਼ ਕੰਬ ਗਈ, ਉਹ ਝੂਲੀ, ਲਗਭਗ ਬੇਹੋਸ਼ ਹੋਈ। ਕਿਸੇ ਨੇ ਉਹਨੂੰ ਫੜ ਲਿਆ।...

"ਉਹ ਰੱਬੀ ਸੱਚ ਬੋਲ ਰਹੀ ਏ!" ਇੱਕ ਉਤੇਜਤ ਅਤੇ ਸਪਾਟ ਅਵਾਜ਼ ਕੂਕੀ। "ਰੱਬੀ ਸੱਚ, ਭਲੇ ਲੋਕੋ! ਸੁਣੋ!"

"ਉਹ ਆਪਣੇ ਆਪ ਨੂੰ ਕਿਵੇਂ ਤਸੀਹੇ ਦੇ ਰਹੀ ਏ!" ਇੱਕ ਹੋਰ ਨੇ ਹਮਦਰਦੀ ਨਾਲ਼ ਕਿਹਾ।

"ਉਹ ਆਪਣੇ ਆਪ ਨੂੰ ਤਸੀਹੇ ਨਹੀਂ ਦੇ ਰਹੀ, ਉਹ ਸਾਡੇ ਮੂਰਖਾਂ ਦੀ ਖੁੰਬ ਠੱਪ ਰਹੀ ਏ!" ਇੱਕ ਹੋਰ ਨੇ ਉਲਾਹਮੇ ਨਾਲ਼ ਰੋਸ ਪ੍ਰਗਟ ਕੀਤਾ।

"ਸੱਚੇ ਸ਼ਰਧਾਲੂਓ!" ਇੱਕ ਇਸਤਰੀ ਉੱਚੀ, ਕੰਬਦੀ ਅਵਾਜ਼ ਵਿੱਚ ਕੂਕੀ! "ਮੇਰਾ ਮੀਤੀਆ—ਉਹਦੀ ਰੂਹ ਸੱਚੀ ਏ! ਉਹਨੇ ਕੀ ਮਾੜਾ ਕੰਮ ਕੀਤਾ ਏ? ਉਹ ਆਪਣੇ ਸਾਥੀਆਂ ਪਿੱਛੇ ਚੱਲਿਐ, ਜਿਨ੍ਹਾਂ ਨੂੰ ਉਹ ਪਿਆਰ ਕਰਦਾ ਸੀ।... ਉਹ ਜੋ ਕੁਝ ਕਹਿ ਰਹੀ ਏ ਸੱਚ ਏ—ਅਸੀਂ ਆਪਣੇ ਬੱਚਿਆਂ ਨੂੰ ਕਿਉਂ ਇਕੱਲੇ ਛੱਡ ਦਈਏ? ਉਹਨਾਂ ਕੀ ਮਾੜਾ ਕੰਮ ਕੀਤਾ ਏ?"

ਮਾਂ ਇਹ ਗੱਲ ਸੁਣ ਕੇ ਕੰਬ ਗਈ ਅਤੇ ਚੁੱਪ ਚਾਪ ਰੋਣ ਲੱਗ ਪਈ।

"ਪੇਲਾਗੀਆ ਨਿਲੋਵਨਾ, ਘਰ ਜਾ," ਸਿਜ਼ੋਵ ਨੇ ਉੱਚੀ ਕਿਹਾ। "ਇੱਕ ਦਿਨ ਲਈ ਤੂੰ ਬਹੁਤ ਕੁਝ ਸਹਾਰ ਲਿਐ!"

ਉਹਦਾ ਮੂੰਹ ਪੀਲ਼ਾ ਪਿਆ ਹੋਇਆ ਸੀ ਅਤੇ ਦਾੜ੍ਹੀ ਉਲਝੀ ਹੋਈ ਸੀ। ਅਚਾਨਕ ਉਹ ਸਿੱਧਾ ਖੜਾ ਹੋ ਗਿਆ ਅਤੇ ਆਲੇ ਦੁਆਲੇ ਕਰੜੀ ਨਿਗਾਹ ਨਾਲ਼ ਵੇਖਿਆ।

"ਤੁਸੀਂ ਸਾਰੇ ਜਾਣਦੇ ਓ ਮੇਰਾ ਪੁੱਤਰ ਮਾਤਵੇਈ ਕਾਰਖ਼ਾਨੇ ਵਿੱਚ ਮਾਰਿਆ ਗਿਆ," ਉਹਨੇ ਸਾਫ਼ ਸਾਫ਼ ਕਿਹਾ। "ਪਰ ਜੇ ਉਹ ਜਿਊਂਦਾ ਹੁੰਦਾ ਤਾਂ ਮੈਂ ਆਪ ਉਹਨੂੰ ਉਹਨਾਂ ਪਿੱਛੇ, ਉਹਨਾਂ ਹੋਰਨਾਂ ਪਿੱਛੇ ਭੇਜਦਾ। ਮੈਂ ਆਪ ਉਹਨੂੰ ਕਹਿੰਦਾ, 'ਮਾਤਵੇਈ, ਤੂੰ ਵੀ ਜਾ। ਇਹ ਇੱਕੋ ਇੱਕ ਸੱਚਾ ਰਾਹ ਏ, ਇੱਕੋ ਇੱਕ ਇਮਾਨਦਾਰ ਰਾਹ!"

ਉਹ ਰੁਕ ਗਿਆ ਅਤੇ ਚੁੱਪ ਹੋ ਗਿਆ ਅਤੇ ਹੋਰ ਸਭੇ ਵੀ ਗ਼ੁਸੈਲੇ ਚੁੱਪ ਸਨ, ਉਹ ਕਿਸੇ ਨਵੇਂ ਅਤੇ ਧੜਵੈਲ ਜਜ਼ਬੇ ਦੀ ਅਮੋੜ ਪਕੜ ਵਿੱਚ ਸਨ, ਜਿਸ ਤੋਂ ਹੁਣ ਇਹ ਲੋਕ ਡਰਦੇ ਨਹੀਂ ਸਨ। ਸਿਜ਼ੋਵ ਨੇ ਆਪਣੇ ਸਿਰ ਉੱਪਰ ਚੁੱਕਿਆ ਮੁੱਕਾ ਲਹਿਰਾਇਆ।

"ਇੱਕ ਬੁੱਢਾ ਬੰਦਾ ਤੁਹਾਡੇ ਨਾਲ਼ ਗੱਲ ਕਰ ਰਿਹੈ," ਉਹਨੇ ਕਿਹਾ। "ਤੁਸੀਂ ਸਾਰੇ ਮੈਨੂੰ ਜਾਣਦੇ ਹੋ! ਤਰਵੰਜਾ ਵਰ੍ਹਿਆਂ ਤੋਂ ਮੈਂ ਇਸ ਧਰਤੀ ਉੱਤੇ ਜੀ ਰਿਹਾਂ ਤੇ ਉਨਤਾਲੀ ਵਰ੍ਹਿਆਂ ਤੋਂ ਮੈਂ ਇੱਥੇ ਕੰਮ ਕਰ ਰਿਹਾਂ। ਅੱਜ ਉਹਨਾਂ ਮੇਰੇ ਭਣੇਵੇਂ ਨੂੰ ਫਿਰ ਗ੍ਰਿਫ਼ਤਾਰ ਕਰ ਲਿਐ, ਇੱਕ ਚੰਗੇ, ਸਿਆਣੇ ਮੁੰਡੇ ਨੂੰ। ਉਹ ਮੂਹਰਲੀ ਸਫ਼ ਵਿੱਚ ਮਾਰਚ ਕਰ ਰਿਹਾ ਸੀ, ਵਲਾਸੋਵ ਦੇ ਨਾਲ਼,

ਐਨ ਝੰਡੇ ਦੇ ਨਾਲ਼।...”

ਉਹਨੇ ਆਪਣਾ ਹੱਥ ਲਹਿਰਾਇਆ ਅਤੇ ਉਹਦੇ ਵਿੱਚੋਂ ਕੁਝ ਜ਼ਿੰਦਗੀ ਨਿਕਲ ਗਈ ਜਾਪਦੀ ਸੀ।

“ਇਸ ਬੀਬੀ ਨੇ ਜੋ ਕੁਝ ਕਿਹੈ ਉਹ ਸੱਚ ਏ,” ਉਹਨੇ ਮਾਂ ਦੀ ਬਾਂਹ ਫੜਦੇ ਹੋਏ ਕਿਹਾ। “ਸਾਡੇ ਬੱਚੇ ਇਮਾਨਦਾਰ, ਸੂਝ ਵਾਲ਼ੀ ਜ਼ਿੰਦਗੀ ਜਿਊਣਾ ਚਾਹੁੰਦੇ ਨੇ ਤੇ ਅਸਾਂ ਉਹਨਾਂ ਦਾ ਸਾਥ ਛੱਡ ਦਿੱਤੈ — ਸੱਚ ਮੁਚ ਛੱਡ ਦਿੱਤੈ। ਚੱਲ ਪੇਲਾਗੀਆ ਨਿਲੋਵਨਾ।...”

“ਚੰਗੇ ਲੋਕੋ,” ਮਾਂ ਨੇ ਲਾਲ ਗਨੀਆਂ ਵਾਲ਼ੀਆਂ ਅੱਖਾਂ ਨਾਲ਼ ਆਪਣੇ ਆਲੇ ਦੁਆਲੇ ਵੇਖਦੇ ਹੋਏ ਕਿਹਾ। “ਜ਼ਿੰਦਗੀ ਸਾਡੇ ਬੱਚਿਆਂ ਲਈ ਵੇ। ਧਰਤੀ ਉਹਨਾਂ ਲਈ ਵੇ!...”

“ਚਲ ਪੇਲਾਗੀਆ ਨਿਲੋਵਨਾ! ਐਹ ਲੈ ਆਪਣਾ ਡੰਡਾ,” ਸਿਜ਼ੋਵ ਨੇ ਮਾਂ ਨੂੰ ਝੰਡੇ ਵਾਲ਼ਾ ਟੁੱਟਾ ਡੰਡਾ ਫੜਾਉਂਦੇ ਕਿਹਾ।

ਉਹ ਅਫ਼ਸੋਸ ਅਤੇ ਸਤਿਕਾਰ ਨਾਲ਼ ਮਾਂ ਵੱਲ ਵੇਖਦੇ ਰਹੇ, ਹਮਦਰਦੀ ਦੀ ਫੁਸ ਫੁਸ ਕਰਦੇ ਹੋਏ। ਸਿਜ਼ੋਵ ਨੇ ਚੁੱਪ ਚਾਪ ਉਹਦੇ ਲਈ ਰਾਹ ਬਣਾਇਆ ਅਤੇ ਲੋਕ ਉਸੇ ਤਰ੍ਹਾਂ ਚੁੱਪ ਚਾਪ ਪਾਸੇ ਹੁੰਦੇ ਗਏ। ਕਿਸੇ ਸਮਝੋਂ ਬਾਹਰੀ ਸ਼ਕਤੀ ਦੇ ਖਿੱਚੇ ਹੋਏ ਉਹ ਸੜਕ ਉੱਤੇ ਉਹਦੇ ਪਿੱਛੇ ਪਿੱਛੇ ਚੱਲਦੇ ਗਏ, ਜਾਂਦੇ ਜਾਂਦੇ ਨਿੰਮ੍ਹੀ ਅਵਾਜ਼ ਵਿੱਚ ਸੰਖੇਪ ਗੱਲਾਂ ਕਰਦੇ।

ਜਦੋਂ ਉਹ ਉਹਦੇ ਮਕਾਨ ਦੇ ਫਾਟਕ ਕੋਲ਼ ਅੱਪੜੇ ਤਾਂ ਉਹ ਉਹਨਾਂ ਵੱਲ ਮੁੜੀ ਅਤੇ ਡੰਡੇ ਦਾ ਸਹਾਰਾ ਲੈ ਕੇ ਸਿਰ ਨਿਵਾਇਆ।

ਸ਼ੁਕਰੀਆ,” ਉਹਨੇ ਨਰਮੀ ਅਤੇ ਸ਼ੁਕਰਾਨੇ ਨਾਲ਼ ਕਿਹਾ।

ਅਤੇ ਉਹ ਵਿਚਾਰ ਯਾਦ ਕਰਦੇ ਹੋਏ — ਉਸ ਵਿਚਾਰ ਨੂੰ ਯਾਦ ਕਰਦੇ ਹੋਏ ਜਿਹੜਾ ਉਹਦੇ ਦਿਲ ਦੀ ਡੂੰਘਾਈ ਵਿੱਚ ਜੰਮਿਆ ਸੀ—ਉਹਨੇ ਵਾਧਾ ਕੀਤਾ:

“ਜੇ ਉਹਦੀ ਸ਼ਾਨ ਵਧਾਉਣ ਲਈ ਲੋਕਾਂ ਜਾਨਾਂ ਨਾ ਦਿੱਤੀਆਂ ਹੁੰਦੀਆਂ ਤਾਂ ਕੋਈ ਈਸਾ ਮਸੀਹ ਵੀ ਨਾ ਹੁੰਦਾ।...”

ਭੀੜ ਚੁੱਪ ਚਾਪ ਉਹਦੇ ਵੱਲ ਵੇਖਦੀ ਰਹੀ।

ਇੱਕ ਵਾਰ ਫਿਰ ਉਹਨੇ ਲੋਕਾਂ ਵੱਲ ਸਿਰ ਨਿਵਾਇਆ ਅਤੇ ਆਪਣੇ ਘਰ ਵਿੱਚ ਚਲੀ ਗਈ। ਸਿਜ਼ੋਵ ਨੇ ਸਿਰ ਨਿਵਾਇਆ ਅਤੇ ਉਹਦੇ ਪਿੱਛੇ ਪਿੱਛੇ ਚਲਾ ਗਿਆ।

ਕੁਝ ਦੇਰ ਲੋਕ ਖੜੇ ਰਹੇ, ਫਾਟਕ ਕੋਲ਼ ਗੱਲਾਂ ਕਰਦੇ।

ਫਿਰ ਉਹ ਹੌਲ਼ੀ ਹੌਲ਼ੀ ਉੱਥੋਂ ਚਲੇ ਗਏ।

# ਦੂਜਾ ਭਾਗ

## 1

ਬਾਕੀ ਦਾ ਦਿਨ ਯਾਦਾਂ ਦੀ ਧੁੰਦ ਅਤੇ ਉਸ ਅਤਿ ਦੇ ਥਕੇਵੇਂ ਵਿੱਚ ਬੀਤਿਆ ਜਿਸ ਨੇ ਉਹਦੀ ਰੂਹ ਅਤੇ ਦੇਹ ਨੂੰ ਜਕੜਿਆ ਹੋਇਆ ਸੀ। ਉਹਦੀਆਂ ਅੱਖਾਂ ਸਾਹਮਣੇ ਨਿੱਕੇ ਅਫ਼ਸਰ ਦਾ ਭੂਰਾ ਟਿਮਕਣਾ, ਪਾਵੇਲ ਦਾ ਸੰਵਲਾਇਆ ਮੂੰਹ ਅਤੇ ਆਂਦਰੇਈ ਦੀਆਂ ਹੱਸਦੀਆਂ ਅੱਖਾਂ ਨੱਚਦੀਆਂ ਰਹੀਆਂ।

ਉਹ ਕਮਰੇ ਵਿੱਚ ਘੁੰਮਦੀ ਰਹੀ, ਬਾਰੀ ਕੋਲ਼ ਬਹਿ ਗਈ ਅਤੇ ਬਾਹਰ ਸੜਕ ਉੱਤੇ ਨਿਗਾਹ ਮਾਰੀ, ਫਿਰ ਉੱਠੀ ਅਤੇ ਭਰਵੱਟੇ ਉੱਚੇ ਕਰਕੇ ਇੱਧਰ ਉੱਧਰ ਟੁਰਦੀ ਰਹੀ, ਮਾੜੀ ਤੋਂ ਮਾੜੀ ਅਵਾਜ਼ ਸੁਣ ਕੇ ਵੀ ਤ੍ਰਭਕ ਪੈਂਦੀ, ਇੱਧਰ ਉੱਧਰ ਨਿਗਾਹ ਮਾਰਦੀ, ਜਾਂ ਸਮਝੇ ਬਿਨਾਂ ਕੁਝ ਢੂੰਡਦੀ ਰਹਿੰਦੀ। ਉਹਨੇ ਪਾਣੀ ਪੀਤਾ, ਜਿਸ ਨਾਲ਼ ਨਾ ਤਾਂ ਉਹਦੀ ਪਿਆਸ ਬੁਝੀ ਅਤੇ ਨਾ ਹੀ ਉਹਦੇ ਸੀਨੇ ਵਿਚਲੀ ਧੁਖਦੀ ਚੋਟ ਅਤੇ ਲੁਛਣਾ ਹਿੱਸੇ। ਦਿਨ ਦੋ ਹਿੱਸਿਆਂ ਵਿੱਚ ਕੱਟਿਆ ਗਿਆ ਸੀ, — ਪਹਿਲੇ ਹਿੱਸੇ ਵਿੱਚ ਅਰਥ ਸਨ, ਪਰ ਦੂਜੇ ਅੱਧ ਵਿੱਚੋਂ ਸਾਰਾ ਅਰਥ ਨਚੋੜਿਆ ਗਿਆ ਸੀ ਅਤੇ ਉਹਦੇ ਸਾਹਮਣੇ ਇੱਕ ਉਜਾੜ ਦਰੂਗ ਸੀ, ਜਿਹੜਾ ਇਸ ਸਵਾਲ ਨੂੰ ਜਨਮ ਦੇਂਦਾ:

"ਹੁਣ ਮੈਂ ਕੀ ਕਰਾਂ ?"

ਕੋਰਸੂਨੋਵਾ ਉਹਨੂੰ ਮਿਲਣ ਆਈ। ਉਹਨੇ ਆਪਣੇ ਹੱਥ ਹਿਲਾਏ ਅਤੇ ਉੱਚੀ ਉੱਚੀ ਬੋਲੀ, ਕੂਕੀ ਅਤੇ ਵਿਸਮਾਦ ਵਿੱਚ ਚਲੀ ਗਈ, ਪੈਰ ਪਟਕੇ, ਧਮਕੀਆਂ ਦਿੱਤੀਆਂ, ਇਕਰਾਰ ਕੀਤੇ ਅਤੇ ਤਜਵੀਜ਼ਾਂ ਪੇਸ਼ ਕੀਤੀਆਂ। ਪਰ ਮਾਂ ਉੱਤੇ ਕਿਸੇ ਗੱਲ ਦਾ ਅਸਰ ਨਾ ਹੋਇਆ।

"ਆਹਾ ! ਉਹਨਾਂ ਅਖ਼ੀਰ ਲੋਕਾਂ ਨੂੰ ਗੁੱਸੇ ਕਰ ਹੀ ਲਿਐ ! ਸਾਰਾ ਕਾਰਖ਼ਾਨਾ ਜਾਗ ਪਿਐ ! ਸਾਰਾ ਕਾਰਖ਼ਾਨਾ !" ਫੇਰੀ ਵਾਲ਼ੀ ਦੀ ਚੀਕਵੀਂ ਅਵਾਜ਼ ਆਈ।

"ਹਾਂ," ਮਾਂ ਨੇ ਸਿਰ ਹਿਲਾਉਂਦੇ ਹੋਏ ਹੌਲ਼ੀ ਹੌਲ਼ੀ ਜਿਹੇ ਕਿਹਾ, ਪਰ ਉਹਦੀਆਂ ਅੱਖਾਂ ਬੀਤੇ ਉੱਤੇ ਲੱਗੀਆਂ ਹੋਈਆਂ ਸਨ, ਉਸ ਸਭ ਕੁਝ ਉੱਤੇ ਜਿਹੜਾ ਪਾਵੇਲ ਅਤੇ ਆਂਦਰੇਈ ਨਾਲ਼ ਲੋਪ ਹੋ ਗਿਆ ਸੀ। ਉਹ ਰੋ ਨਹੀਂ ਸੀ ਸਕਦੀ—ਉਹਦਾ ਦਿਲ ਸੁਕੜ ਗਿਆ ਸੀ ਅਤੇ ਸੁੱਕ ਗਿਆ ਸੀ। ਉਹਦੇ ਹੋਠ ਵੀ ਸੁੱਕੇ ਸਨ ਅਤੇ ਉਹਦੇ ਮੂੰਹ ਵਿੱਚ ਕੋਈ ਗਿੱਲ ਨਹੀਂ ਸੀ। ਉਹਦੇ ਹੱਥ ਕੰਬ ਰਹੇ ਸਨ ਅਤੇ ਉਹਦੀ ਪਿੱਠ ਉੱਤੇ ਠੰਢੀਆਂ ਝਰਨਾਟਾਂ ਛਿੜਦੀਆਂ

ਰਹਿੰਦੀਆਂ।

ਉਸੇ ਸ਼ਾਮ ਜੈਨਡਾਰਮ ਆਏ। ਉਹ ਹੈਰਾਨੀ ਜਾਂ ਡਰ ਤੋਂ ਬਿਨਾਂ ਉਹਨਾਂ ਨੂੰ ਮਿਲੀ। ਉਹ ਖੱਪ ਪਾਉਂਦੇ ਅੰਦਰ ਆਏ ਅਤੇ ਬੜੇ ਖੁਸ਼ ਅਤੇ ਆਪਣੇ ਆਪ ਵਿੱਚ ਮਗਨ ਜਾਪਦੇ ਸਨ। ਭੂਸਲੇ ਮੂੰਹ ਵਾਲ਼ੇ ਅਫ਼ਸਰ ਨੇ ਖਾਖਾਂ ਅੱਡਦੇ ਹੋਏ ਆਪਣੇ ਦੰਦ ਕੱਢੇ।

"ਕੀ ਹਾਲ ਚਾਲ ਏ ? ਜੇ ਮੈਂ ਗ਼ਲਤੀ ਨਹੀਂ ਕਰਦਾ ਤਾਂ ਅਸੀਂ ਤੀਜੀ ਵਾਰ ਮਿਲੇ ਹਾਂ।"

ਮਾਂ ਨੇ ਆਪਣੀ ਸੁੱਕੀ ਜੀਭ ਆਪਣੇ ਹੋਠਾਂ ਉੱਤੇ ਫੇਰੀ। ਅਫ਼ਸਰ ਬਹੁਤ ਬੋਲਦਾ ਰਿਹਾ, ਸਿੱਖਿਆ ਦੇਣ ਦਾ ਜਤਨ ਕਰਦਾ ਹੋਇਆ। ਉਹ ਜਾਣਦੀ ਸੀ ਕਿ ਅਫ਼ਸਰ ਨੂੰ ਗੱਲਾਂ ਕਰਨ ਵਿੱਚ ਸਵਾਦ ਆਉਂਦਾ ਸੀ, ਪਰ ਉਹਦੀਆਂ ਗੱਲਾਂ ਨੇ ਮਾਂ ਨੂੰ ਤੰਗ ਨਾ ਕੀਤਾ, ਉਹ ਤਾਂ ਉਹਦੇ ਤੱਕ ਅਪੜੀਆਂ ਹੀ ਨਹੀਂ। ਪਰ ਜਦੋਂ ਉਹਨੇ ਕਿਹਾ, "ਬੀਬੀ ਜੀ, ਜੇ ਤੁਸੀਂ ਆਪਣੇ ਪੁੱਤਰ ਦੇ ਦਿਲ ਵਿੱਚ ਰੱਬ ਅਤੇ ਜ਼ਾਰ ਲਈ ਠੀਕ ਸਤਿਕਾਰ ਨਹੀਂ ਭਰ ਸਕੇ ਤਾਂ ਇਹ ਤੁਹਾਡਾ ਆਪਣਾ ਈ ਕਸੂਰ ਏ," ਤਾਂ ਦਰਵਾਜ਼ੇ ਵਿੱਚ ਖੜੀ ਖੜੀ ਅਤੇ ਉਹਦੇ ਵੱਲ ਵੇਖੇ ਬਿਨਾਂ ਉਹ ਬੇਜਾਨ ਅਵਾਜ਼ ਵਿੱਚ ਬੋਲੀ:

"ਸਾਡੇ ਬੱਚੇ ਸਾਡੇ ਬਾਰੇ ਇਨਸਾਫ਼ ਕਰਨਗੇ," ਉਹਨੇ ਕਿਹਾ। "ਉਹ ਸਾਡੀ ਇਸ ਗੱਲ ਲਈ ਪਰਖ ਕਰਨਗੇ ਕਿ ਅਸੀਂ ਉਦੋਂ ਉਹਨਾਂ ਦਾ ਸਾਥ ਛੱਡ ਦਿੱਤਾ ਜਦੋਂ ਉਹ ਔਖੇ ਰਾਹ ਉੱਤੇ ਪਏ।"

"ਕੀ ਕਿਹਾ ?" ਅਫ਼ਸਰ ਚਿੱਲਾਇਆ। "ਖੁੱਲ੍ਹ ਕੇ ਗੱਲ ਕਰ !"

"ਮੈਂ ਕਿਹਾ ਸਾਡੇ ਬੱਚੇ ਸਾਡੇ ਬਾਰੇ ਇਨਸਾਫ਼ ਕਰਨਗੇ," ਮਾਂ ਨੇ ਹਉਕਾ ਭਰਕੇ ਕਿਹਾ।

ਉਹਨੇ ਖਿਝ ਕੇ ਕੁਝ ਬੁੜ ਬੁੜ ਕੀਤੀ, ਪਰ ਉਹਦੀ ਗੱਲ ਉਹਦੇ ਦੁਆਲਿਉਂ ਲੰਘਦੀ ਹੋਈ ਮਾਂ ਤੱਕ ਨਾ ਅੱਪੜੀ।

ਤਲਾਸ਼ੀ ਸਮੇਂ ਮਾਰੀਆ ਕੋਰਸੂਨੋਵਾ ਨੂੰ ਗਵਾਹ ਦੇ ਤੌਰ 'ਤੇ ਲਿਆਇਆ ਗਿਆ ਸੀ। ਉਹ ਪੇਲਾਗੀਆ ਦੇ ਕੋਲ਼ ਖੜੀ ਸੀ, ਪਰ ਉਹਦੇ ਵੱਲ ਵੇਖ ਨਹੀਂ ਸੀ ਰਹੀ। ਜਦੋਂ ਕਦੀ ਅਫ਼ਸਰ ਉਹਦੇ ਤੋਂ ਕੁਝ ਪੁੱਛਦਾ, ਉਹ ਬਹੁਤ ਝੁਕ ਕੇ ਸਲਾਮ ਕਰਦੀ ਅਤੇ ਇੱਕੋ ਗੱਲ ਦੁਹਰਾਉਂਦੀ:

"ਮੈਂ ਕੀ ਜਾਣਾ, ਮਹਾ ਮਹਿਮ। ਮੈਂ ਤਾਂ ਇੱਕ ਮੂੜ੍ਹ ਜ਼ਨਾਨੀ ਵਾਂ, ਜਿਹੜੀ ਮਾੜਾ ਮੋਟਾ ਕੰਮ ਕਰਕੇ ਡੰਗ ਟਪਾਉਂਦੀ ਏ ਅਤੇ ਇੰਨੀ ਮੂਰਖ ਏ ਕਿ ਉਹ ਕੁਝ ਵੀ ਨਹੀਂ ਜਾਣਦੀ।"

"ਬਕਵਾਸ ਬੰਦ ਕਰ !" ਅਫ਼ਸਰ ਨੇ ਆਪਣੀਆਂ ਮੁੱਛਾਂ ਹਿਲਾਉਂਦੇ ਹੋਏ ਹੁਕਮ ਦਿੱਤਾ। ਕੋਰਸੂਨੋਵਾ ਫਿਰ ਝੁਕੀ, ਪਰ ਜਦੋਂ ਅਫ਼ਸਰ ਨੇ ਉਹਦੇ ਵੱਲ ਪਿੱਠ ਕੀਤੀ ਤਾਂ ਉਹਨੇ ਉਹਨੂੰ ਠੁਠ ਵਿਖਾਇਆ।

"ਮੇਰੀ ਜੁੱਤੀ 'ਤੇ !" ਉਹਨੇ ਮਾਂ ਨੂੰ ਘੁਸਰ-ਮੁਸਰ ਕਰਦੇ ਹੋਏ ਕਿਹਾ।

ਜਦੋਂ ਉਹਨੂੰ ਪੇਲਾਗੀਆ ਦੀ ਤਲਾਸ਼ੀ ਲੈਣ ਲਈ ਕਿਹਾ ਗਿਆ ਤਾਂ ਉਹਨੇ ਅੱਖਾਂ ਝਪਕੀਆਂ ਅਤੇ ਅਫ਼ਸਰ ਵੱਲ ਵੇਖਦੀ ਰਹੀ।

"ਓਹ, ਪਰ ਮੈਨੂੰ ਤਾਂ ਅਜਿਹਾ ਕੰਮ ਕਰਨਾ ਆਉਂਦਾ ਹੀ ਨਹੀਂ, ਮਹਾ ਮਹਿਮ !" ਉਹਨੇ ਡਰੀ ਹੋਈ ਅਵਾਜ਼ ਵਿੱਚ ਕਿਹਾ।

ਅਫ਼ਸਰ ਨੇ ਆਪਣਾ ਪੈਰ ਪਟਕਿਆ, ਅਤੇ ਉਹਨੂੰ ਝਾੜਿਆ, ਮਾਰੀਆ ਨੇ ਅੱਖਾਂ ਨੀਵੀਆਂ ਪਾ ਲਈਆਂ।

"ਸੋ, ਫਿਰ, ਪੇਲਾਗੀਆ ਨਿਲੋਵਨਾ, ਤਣੀਆਂ ਸ਼ਣੀਆਂ ਖੋਹਲ," ਉਹਨੇ ਮਾਂ ਨੂੰ ਹੌਲ਼ੀ ਜਿਹੇ ਕਿਹਾ।

ਜਦੋਂ ਉਹ ਮਾਂ ਦੇ ਕੱਪੜਿਆਂ ਉੱਤੇ ਹੱਥ ਫੇਰ ਰਹੀ ਸੀ ਤਾਂ ਉਹਦਾ ਮੂੰਹ ਲਾਲ ਸੂਹਾ ਹੋ ਗਿਆ ਸੀ।

"ਸੌਹਰੇ, ਕਤੂਰੇ ਕਿੱਧਰੋਂ ਦੇ!" ਉਹਨੇ ਹੌਲ਼ੀ ਜਿਹੇ ਕਿਹਾ।

"ਕੀ ਕਹਿ ਰਹੀ ਏਂ ?" ਅਫ਼ਸਰ ਉਸ ਕੋਨੇ ਵੱਲ ਵੇਖਦੇ ਹੋਏ ਕੂਕਿਆ, ਜਿੱਥੇ ਤਲਾਸ਼ੀ ਚਲ ਰਹੀ ਸੀ।

"ਜ਼ਨਾਨੀਆਂ ਗੱਲਾਂ ਨੇ, ਮਹਾ ਮਹਿਮ," ਮਾਰੀਆ ਡਰੀ ਹੋਈ ਬੁੜਬੁੜਾਈ।

ਅਖ਼ੀਰ ਅਫ਼ਸਰ ਨੇ ਮਾਂ ਨੂੰ ਕਾਗ਼ਜ਼ਾਂ ਉੱਤੇ ਦਸਖ਼ਤ ਕਰਨ ਲਈ ਕਿਹਾ। ਉਹਦੇ ਨਾ-ਤਜਰਬਾਕਾਰ ਥਿੰਧੇ ਨਾਲ਼ ਚਮਕਦੇ ਹੱਥ ਨੇ ਵੱਡੇ ਵੱਡੇ ਅੱਖਰਾਂ ਵਿੱਚ ਲਿਖਿਆ:

"ਪੇਲਾਗੀਆ ਵਲਾਸੋਵਾ, ਇੱਕ ਕਿਰਤੀ ਦੀ ਵਿਧਵਾ।"

"ਇਹ ਤੂੰ ਕੀ ਲਿਖਿਐ ? ਇਹ ਤੂੰ ਕਿਉਂ ਲਿਖਿਐ ?" ਅਫ਼ਸਰ ਨੇ ਮੂੰਹ ਬਣਾ ਕੇ ਕਿਹਾ, ਫਿਰ ਨਿੱਕਾ ਜਿਹਾ ਹਾਸਾ ਹੱਸ ਕੇ ਵਾਧਾ ਕੀਤਾ, "ਜੰਗਲੀ!"

ਉਹ ਚਲੇ ਗਏ। ਮਾਂ ਆਪਣੇ ਸੀਨੇ ਉੱਤੇ ਹੱਥ ਜੋੜ ਕੇ, ਅੱਖ ਝਮਕੇ ਬਿਨਾਂ, ਵੇਖੇ ਬਿਨਾਂ, ਤਾੜੀ ਲਾਈ ਖੜੀ ਰਹੀ। ਉਹਦੇ ਹੋਂਠ ਤਣੇ ਹੋਏ ਸਨ, ਉਹਦੇ ਜਬਾੜੇ ਇੰਨੇ ਭਿਚੇ ਹੋਏ ਸਨ ਕਿ ਉਹਨੂੰ ਛੇਤੀ ਹੀ ਪੀੜ ਹੋਈ। ਲਾਲਟੈਨ ਵਿੱਚ ਮਿੱਟੀ ਦਾ ਤੇਲ ਮੁੱਕ ਗਿਆ ਸੀ, ਵਟੀ ਤਿੜ ਤਿੜ ਕਰਨ ਲੱਗ ਪਈ ਅਤੇ ਲੋਅ ਭੜਕਣ ਲੱਗ ਪਈ। ਉਹਨੇ ਇਹਨੂੰ ਬੁਝਾ ਦਿੱਤਾ ਅਤੇ ਹਨੇਰੇ ਵਿੱਚ ਬੈਠੀ ਰਹੀ। ਆਪਣੇ ਦਿਲ ਦੇ ਸੰਤਾਪ ਕਾਰਨ ਉਹ ਔਖੇ ਹੀ ਸਾਹ ਲੈ ਸਕਦੀ ਸੀ। ਉਹ ਖੜੀ ਦੀ ਖੜੀ ਰਹਿ ਗਈ, ਇੱਥੋਂ ਤੱਕ ਕਿ ਉਹਦੀਆਂ ਅੱਖਾਂ ਤੇ ਪੈਰ ਦਰਦ ਕਰਨ ਲੱਗ ਪਏ। ਉਹਨੇ ਮਾਰੀਆ ਨੂੰ ਬਾਰੀ ਕੋਲ਼ ਆਉਂਦੇ ਅਤੇ ਸ਼ਰਾਬੀ ਅਵਾਜ਼ ਵਿੱਚ ਕਹਿੰਦੇ ਸੁਣਿਆ:

"ਸੁੱਤੀ ਹੋਈ ਏਂ ਪੇਲਾਗੀਆ ? ਵਿਚਾਰੀ, ਕਿਵੇਂ ਦੁੱਖ ਝਾਗ ਰਹੀ ਏ ? ਸੌਂ ਜਾ!"

ਮਾਂ ਕੱਪੜੇ ਲਾਹੇ ਬਿਨਾਂ ਲੇਟ ਗਈ ਅਤੇ ਛੇਤੀ ਹੀ ਗੂੜ੍ਹੀ ਨੀਂਦ ਸੌਂ ਗਈ, ਜਿਸਨੇ ਉਹਨੂੰ ਕਿਸੇ ਛੱਪੜੀ ਦੇ ਪਾਣੀ ਵਾਂਗ ਵਲ੍ਹੇਟ ਲਿਆ।

ਉਹਨੂੰ ਸੁਪਨਾ ਆਇਆ ਕਿ ਉਹ ਸ਼ਹਿਰ ਜਾਂਦੀ ਹੋਈ, ਜਿਲ੍ਹਣ ਤੋਂ ਪਾਰ ਇੱਕ ਰੇਤਲੀ ਪੀਲ਼ੀ ਪਹਾੜੀ ਕੋਲ਼ੋਂ ਲੰਘ ਰਹੀ ਸੀ। ਪਾਵੇਲ ਇੱਕ ਚੋਟੀ ਦੀ ਦੰਦੀ ਉੱਤੇ ਖੜਾ ਸੀ ਜਿੱਥੋਂ ਮਜ਼ਦੂਰ ਰੇਤ ਕੱਢ ਰਹੇ ਸਨ ਅਤੇ ਆਂਦਰੇਈ ਸ਼ਾਂਤ ਅਤੇ ਸੁਰੀਲੀ ਅਵਾਜ਼ ਵਿੱਚ ਗਾ ਰਿਹਾ ਸੀ:

**ਕਿਰਤੀਓ ਜਾਗੋ, ਘੋਲ਼ ਕਰਨ ਲਈ ਜਾਗੋ !...**

ਉਹ ਪਹਾੜੀ ਕੋਲ਼ੋਂ ਲੰਘ ਗਈ, ਆਪਣੇ ਹੱਥ ਨਾਲ਼ ਆਪਣੀਆਂ ਅੱਖਾਂ ਉੱਤੇ ਛਾਂ ਕਰਕੇ

ਆਪਣੇ ਪੁੱਤਰ ਵੱਲ ਵੇਖਦੀ ਹੋਈ। ਨੀਲ਼ੇ ਅਸਮਾਨ ਦੇ ਸਾਹਮਣੇ ਉਹਦਾ ਅਕਾਰ ਤਿੱਖਾ ਅਤੇ ਸਾਫ਼ ਉੱਭਰਿਆ ਹੋਇਆ ਸੀ। ਉਹਨੂੰ ਆਪਣੇ ਪੁੱਤਰ ਕੋਲ਼ ਜਾਂਦਿਆਂ ਸ਼ਰਮ ਆਉਂਦੀ ਸੀ ਕਿਉਂਕਿ ਉਹ ਗਰਭਵਤੀ ਸੀ ਅਤੇ ਉਹਦੀਆਂ ਬਾਹਵਾਂ ਵਿੱਚ ਇੱਕ ਹੋਰ ਬੱਚਾ ਸੀ। ਉਹ ਚਲਦੀ ਗਈ, ਇੱਥੋਂ ਤੱਕ ਕਿ ਉਹ ਇੱਕ ਅਜਿਹੇ ਮੈਦਾਨ ਵਿੱਚ ਅੱਪੜੀ ਜਿਸ ਵਿੱਚ ਬੱਚੇ ਗੇਂਦ ਨਾਲ਼ ਖੇਡ ਰਹੇ ਸਨ। ਬੱਚੇ ਬਹੁਤ ਸਾਰੇ ਸਨ ਅਤੇ ਗੇਂਦ ਦਾ ਰੰਗ ਲਾਲ ਸੀ। ਉਹਦੀਆਂ ਬਾਹਵਾਂ ਵਿੱਚ ਪਏ ਬਾਲ ਨੇ ਗੇਂਦ ਵੱਲ ਹੱਥ ਵਧਾਇਆ ਅਤੇ ਉੱਚੀ ਉੱਚੀ ਰੋਣ ਲੱਗ ਪਿਆ। ਮਾਂ ਨੇ ਉਹਨੂੰ ਮੰਮਾ ਦਿੱਤਾ ਅਤੇ ਵਾਪਸ ਮੁੜ ਪਈ, ਪਰ ਹੁਣ ਪਹਾੜੀ ਦੇ ਉੱਤੇ ਆਪਣੀਆਂ ਸੰਗੀਨਾਂ ਉਹਦੇ ਵੱਲ ਕਰਕੇ ਸਿਪਾਹੀ ਖੜ੍ਹੇ ਸਨ। ਕਾਹਲੀ ਕਾਹਲੀ ਉਹ ਇੱਕ ਮੈਦਾਨ ਦੇ ਵਿਚਕਾਰ ਖੜ੍ਹੇ ਗਿਰਜੇ ਵੱਲ ਨੱਠੀ—ਇੱਕ ਚਿੱਟਾ, ਅਕਾਸ਼ੀ ਗਿਰਜਾ, ਜਿਹੜਾ ਅਥਾਹ ਉੱਚਾ ਸੀ ਅਤੇ ਬੱਦਲਾਂ ਦਾ ਬਣਿਆ ਜਾਪਦਾ ਸੀ। ਕੋਈ ਦਫ਼ਨਾਇਆ ਜਾ ਰਿਹਾ ਸੀ; ਤਾਬੂਤ ਵੱਡਾ ਅਤੇ ਕਾਲ਼ਾ ਅਤੇ ਘੁੱਟ ਕੇ ਬੰਦ ਕੀਤਾ ਹੋਇਆ ਸੀ। ਪਾਦਰੀ ਅਤੇ ਛੋਟੀ ਪਾਦਰੀ ਚਿੱਟੇ ਧਾਰਮਕ ਵਸਤਰ ਪਹਿਨੀ ਗਿਰਜੇ ਵਿੱਚ ਘੁੰਮ ਰਹੇ ਸਨ ਅਤੇ ਗਾ ਰਹੇ ਸਨ:

**ਮੁਬਾਰਕਾਂ, ਮੁਬਾਰਕਾਂ, ਈਸਾ ਮੁੜ ਸੁਰਜੀਤ ਹੈ ਹੋਇਆ...**

ਜੋਤ ਨੂੰ ਹਿਲਾਉਂਦਾ ਹੋਇਆ ਛੋਟਾ ਪਾਦਰੀ ਝੁਕਿਆ ਅਤੇ ਮਾਂ ਵੱਲ ਵੇਖ ਕੇ ਮੁਸਕਰਾਇਆ। ਸਮੋਈਲੋਵ ਵਾਂਗ ਉਹਦੇ ਵਾਲਾਂ ਦਾ ਰੰਗ ਗੂੜ੍ਹਾ ਲਾਲ ਅਤੇ ਖੁਸ਼-ਰਹਿਣਾ ਮੂੰਹ ਸੀ। ਗੁੰਬਦ ਵਿਚਲੇ ਛੇਕਾਂ ਵਿੱਚੋਂ ਧੁੱਪ ਦੀਆਂ ਚੌੜੀਆਂ ਪੱਟੀਆਂ ਚਿੱਟੇ ਦੁਪੱਟਿਆਂ ਵਾਂਗ ਲਹਿਰਾਉਂਦੀਆਂ ਆਉਂਦੀਆਂ। ਗੀਤ ਮੰਡਲੀਆਂ ਦੀਆਂ ਦੁਹਾਂ ਮਿਆਨੀਆਂ ਵਿੱਚ ਮੁੰਡੇ ਗਾ ਰਹੇ ਸਨ:

**ਮੁਬਾਰਕਾਂ, ਮੁਬਾਰਕਾਂ, ਈਸਾ ਮੁੜ ਸੁਰਜੀਤ ਹੈ ਹੋਇਆ!...**

ਇਹਨਾਂ ਨੂੰ ਗ੍ਰਿਫ਼ਤਾਰ ਕਰੋ!" ਗਿਰਜੇ ਦੇ ਵਿਚਕਾਰ ਰੁਕਦਾ ਹੋਇਆ ਪਾਦਰੀ ਇੱਕ ਦਮ ਚਿੱਲਾਇਆ। ਉਹਦਾ ਧਾਰਮਕ ਲਿਬਾਸ ਗ਼ਾਇਬ ਹੋ ਗਿਆ ਅਤੇ ਉਹਦੇ ਉਪਰਲੇ ਹੋਂਠ ਉੱਤੇ ਕਰੜੀ, ਚਿੱਟੀ ਮੁੱਛ ਦਿੱਸਣ ਲੱਗ ਪਈ। ਸਭ ਉੱਥੋਂ ਨੱਠ ਗਏ, ਇੱਥੋਂ ਤੱਕ ਕਿ ਜੋਤ ਨੂੰ ਇੱਕ ਪਾਸੇ ਸੁੱਟਦਾ ਹੋਇਆ ਛੋਟਾ ਪਾਦਰੀ ਵੀ, ਜਿਸਨੇ ਆਪਣਾ ਮੱਥਾ ਖੋਖੋਲ ਵਾਂਗ ਫੜਿਆ ਹੋਇਆ ਸੀ। ਮਾਂ ਨੇ ਬੱਚੇ ਨੂੰ ਨੱਠਦੇ ਲੋਕਾਂ ਦੇ ਪੈਰਾਂ ਕੋਲ਼ ਸੁੱਟ ਦਿੱਤਾ, ਪਰ ਉਹ ਉਹਦੇ ਨੰਗੇ ਸਰੀਰ ਨੂੰ ਡਰੀਆਂ ਅੱਖਾਂ ਨਾਲ਼ ਵੇਖਦੇ ਪਾਸਾ ਬਚਾ ਕੇ ਲੰਘ ਗਏ। ਮਾਂ ਗੋਡਿਆਂ ਭਾਰ ਹੋ ਗਈ ਅਤੇ ਉੱਚੀ ਅਵਾਜ਼ ਵਿੱਚ ਉਹਨਾਂ ਨੂੰ ਕਿਹਾ:

ਬੱਚੇ ਨੂੰ ਛੱਡ ਕੇ ਨਾ ਜਾਓ! ਉਹਨੂੰ ਆਪਣੇ ਨਾਲ਼ ਲੈ ਜਾਓ!..."

**ਮੁਬਾਰਕਾਂ, ਮੁਬਾਰਕਾਂ, ਈਸਾ ਮੁੜ ਸੁਰਜੀਤ ਹੈ ਹੋਇਆ!...**

ਮੁਸਕਰਾਉਂਦੇ ਹੋਏ ਅਤੇ ਆਪਣੇ ਹੱਥ ਪਿੱਠ ਪਿੱਛੇ ਕਰਕੇ ਖੋਖੋਲ ਗਾ ਰਿਹਾ ਸੀ।

ਉਹ ਝੁਕੀ ਅਤੇ ਬੱਚੇ ਨੂੰ ਚੁੱਕ ਲਿਆ ਅਤੇ ਉਹਨੂੰ ਫੱਟਿਆਂ ਨਾਲ਼ ਲੱਦੇ ਗੱਡੇ ਉੱਤੇ ਰੱਖ ਦਿੱਤਾ। ਨਿਕੋਲਾਈ ਗੱਡੇ ਦੇ ਨਾਲ਼ ਨਾਲ਼ ਚੱਲ ਰਿਹਾ ਸੀ ਅਤੇ ਹੱਸ ਰਿਹਾ ਸੀ।

"ਸੋ ਉਹਨਾਂ ਮੈਨੂੰ ਕੋਈ ਗੰਭੀਰ ਕੰਮ ਦੇ ਦਿੱਤੈ!" ਉਹ ਬੋਲਿਆ।

ਸੜਕਾਂ ਗੰਦੀਆਂ ਸਨ ਅਤੇ ਲੋਕ ਮਕਾਨਾਂ ਦੀਆਂ ਬਾਰੀਆਂ ਵਿੱਚੋਂ ਬਾਹਰ ਉੱਲਰੇ ਹੋਏ ਸਨ, ਖੱਪ ਪਾਉਂਦੇ, ਸੀਟੀਆਂ ਮਾਰਦੇ ਅਤੇ ਆਪਣੇ ਹੱਥ ਹਿਲਾਉਂਦੇ। ਮੌਸਮ ਖਰਾ ਸੀ, ਸੂਰਜ ਖੁੱਲ੍ਹ ਕੇ ਚਮਕ ਰਿਹਾ ਸੀ, ਅਤੇ ਕਿੱਧਰੇ ਪਰਛਾਵੇਂ ਦਾ ਨਿਸ਼ਾਨ ਤੱਕ ਨਹੀਂ ਸੀ।

"ਗਾ, **ਨੈਨਕੋ**!" **ਖੋਖੋਲ** ਉੱਚੀ ਅਵਾਜ਼ ਵਿੱਚ ਬੋਲਿਆ। "ਜ਼ਿੰਦਗੀ ਅਜਿਹੀ ਹੈ!"

ਉਹ ਆਪ ਗਾਉਣ ਲੱਗ ਪਿਆ, ਉਹਦੀ ਅਵਾਜ਼ ਹੋਰਨਾਂ ਸਭਨਾਂ ਅਵਾਜ਼ਾਂ ਉੱਤੇ ਛਾ ਗਈ। ਉਹ ਉੱਥੋਂ ਚਲਾ ਗਿਆ ਅਤੇ ਮਾਂ ਉਹਦੇ ਪਿੱਛੇ ਪਿੱਛੇ ਗਈ। ਅਚਾਨਕ ਉਹਨੂੰ ਠੇਡਾ ਲੱਗਾ ਅਤੇ ਉਹ ਇੱਕ ਅਥਾਹ ਟੋਏ ਵਿੱਚ ਡਿੱਗ ਪਈ ਜਿਸਦਾ ਖ਼ਾਲੀਪੁਣਾ ਚੀਕਦਾ ਹੋਇਆ ਉਹਨੂੰ ਮਿਲਣ ਲਈ ਵਧਿਆ।...

ਉਹ ਜਾਗੀ ਤਾਂ ਉਹਨੂੰ ਠੰਢੀ ਤਰੇਲੀ ਆਈ ਹੋਈ ਸੀ। ਇਉਂ ਜਾਪਦਾ ਸੀ ਕਿ ਇੱਕ ਖਰ੍ਹਵੇਂ, ਭਾਰੇ ਹੱਥ ਨੇ ਉਹਦੇ ਦਿਲ ਨੂੰ ਪਕੜ ਲਿਆ ਸੀ, ਇਹਦੇ ਨਾਲ਼ ਖੋਰੀ ਢੰਗ ਨਾਲ਼ ਖੇਡ ਰਿਹਾ ਸੀ ਅਤੇ ਇਹਨੂੰ ਹੌਲ਼ੀ ਹੌਲ਼ੀ ਨਪੀੜ ਰਿਹਾ ਸੀ। ਕਾਰਖ਼ਾਨੇ ਦੀ ਸੀਟੀ ਲਗਾਤਾਰ ਕਿਰਤੀਆਂ ਨੂੰ ਬੁਲਾਈ ਜਾ ਰਹੀ ਸੀ, ਉਹਨੇ ਪਛਾਣ ਲਿਆ ਕਿ ਇਹ ਦੂਜੀ ਸੀਟੀ ਸੀ। ਕਮਰੇ ਵਿੱਚ ਕਿਤਾਬਾਂ ਖਿਲਰੀਆਂ ਪਈਆਂ ਸਨ, ਸਭ ਕੁਝ ਉਗੜ-ਦੁਗੜ ਸੀ, ਫ਼ਰਸ਼ ਉੱਤੇ ਚਿੱਕੜ ਲਿਬੜੇ ਪੈਰਾਂ ਦੇ ਨਿਸ਼ਾਨ ਸਨ।

ਉਹ ਉੱਠੀ ਅਤੇ ਸੰਵਰੇ ਜਾਂ ਦੁਆ ਕੀਤੇ ਬਗ਼ੈਰ ਕਮਰੇ ਦੀ ਸਫ਼ਾਈ ਕਰਨ ਲੱਗ ਪਈ। ਰਸੋਈ ਵਿੱਚ ਉਹਦੀ ਨਿਗਾਹ ਝੰਡੇ ਦੇ ਟੁੱਟੇ ਹੋਏ ਡੰਡੇ ਉੱਤੇ ਪਈ, ਜਿਸ ਨਾਲ਼ ਬਨਾਤ ਦਾ ਇੱਕ ਟੋਟਾ ਅਜੇ ਤੱਕ ਲੱਗਾ ਹੋਇਆ ਸੀ। ਉਹਨੇ ਬੇਧਿਆਨੀ ਨਾਲ਼ ਇਹਨੂੰ ਚੁੱਕਿਆ ਅਤੇ ਅੰਗੀਠੀ ਹੇਠ ਵਾੜਨ ਹੀ ਲੱਗੀ ਸੀ, ਪਰ ਫਿਰ ਕੁਝ ਸੋਚ ਕੇ ਉਹਨੇ ਹਉਕਾ ਭਰਿਆ, ਲਾਲ ਕੱਪੜਾ ਲਾਹਿਆ, ਇਹਨੂੰ ਧਿਆਨ ਨਾਲ ਤਹਿ ਕੀਤਾ ਅਤੇ ਆਪਣੀ ਜੇਬ ਵਿੱਚ ਰੱਖ ਲਿਆ। ਫਿਰ ਉਹਨੇ ਗੋਡੇ ਉੱਤੇ ਰੱਖਕੇ ਸੋਟੀ ਤੋੜੀ ਅਤੇ ਅੰਗੀਠੀ ਵਿੱਚ ਸੁੱਟ ਦਿੱਤੀ, ਬਾਰੀਆਂ ਅਤੇ ਫ਼ਰਸ਼ ਠੰਢੇ ਪਾਣੀ ਨਾਲ਼ ਧੋਤੇ, ਸਾਮਾਵਰ ਬਾਲਿਆ, ਅਤੇ ਕੱਪੜੇ ਬਦਲੇ। ਫਿਰ ਉਹ ਰਸੋਈ ਦੀ ਬਾਰੀ ਕੋਲ਼ ਬਹਿ ਗਈ ਅਤੇ ਇਹ ਸਵਾਲ ਉਹਦੇ ਸਾਹਮਣੇ ਆ ਗਿਆ:

"ਹੁਣ ਮੈਂ ਕੀ ਕਰਾਂਗੀ?"

ਇਹ ਯਾਦ ਆਉਣ 'ਤੇ ਕਿ ਉਹਨੇ ਅਜੇ ਸਵੇਰੇ ਦੀ ਦੁਆ ਨਹੀਂ ਸੀ ਕੀਤੀ, ਉਹ ਉੱਠੀ ਅਤੇ ਪਵਿੱਤਰ ਤਸਵੀਰਾਂ ਕੋਲ਼ ਗਈ, ਪਰ ਉਹਨਾਂ ਸਾਹਮਣੇ ਥੋੜ੍ਹੀ ਦੇਰ ਖੜ੍ਹੇ ਹੋਣ ਪਿੱਛੋਂ ਉਹ ਬਹਿ ਗਈ। ਉਹਦਾ ਦਿਲ ਸੱਖਣਾ ਸੀ।

ਸਭ ਪਾਸੇ ਅਜੀਬ ਤਰ੍ਹਾਂ ਚੁੱਪ ਸੀ, ਜਿਵੇਂ ਉਹਨਾਂ ਲੋਕਾਂ ਨੇ ਜਿਨ੍ਹਾਂ ਕੱਲ੍ਹ ਸੜਕ ਉੱਤੇ ਇੰਨੇ ਜ਼ੋਰ ਨਾਲ਼ ਨਾਹਰੇ ਲਾਏ ਸਨ, ਆਪਣੇ ਆਪ ਨੂੰ ਘਰਾਂ ਵਿੱਚ ਲੁਕਾ ਲਿਆ ਸੀ ਅਤੇ ਇਹਨਾਂ

ਅਸਧਾਰਨ ਘਟਨਾਵਾਂ ਬਾਰੇ ਵਿਚਾਰ ਕਰ ਰਹੇ ਸਨ।

ਅਚਾਨਕ ਉਹਨੂੰ ਆਪਣੀ ਜਵਾਨੀ ਦੀ ਘਟਨਾ ਚੇਤੇ ਆਈ। ਜ਼ਾਊਸਾਈਲੋਵਾਂ ਦੀ ਮਾਲਕੀ ਵਾਲ਼ੀ ਮਾੜੀ ਦੇ ਨਾਲ਼ ਲੱਗਦੇ ਬਾਗ਼ ਵਿੱਚ ਇੱਕ ਵੱਡਾ ਸਾਰਾ ਛੱਪੜ ਸੀ, ਜਿਸ ਉੱਤੇ ਘਣੇ ਨੀਲੋਫ਼ਰ ਦੇ ਫੁੱਲ ਖਿੜੇ ਹੋਏ ਸਨ।ਪਤ-ਝੜ ਦੇ ਇੱਕ ਭੂਰੇ ਦਿਨ ਇਸ ਛੱਪੜ ਕੋਲ਼ੋਂ ਲੰਘਦੇ ਹੋਏ ਉਹਨੇ ਵੇਖਿਆ ਕਿ ਉਹਦੇ ਵਿਚਕਾਰ ਇੱਕ ਕਿਸ਼ਤੀ ਖੜੀ ਹੈ। ਛੱਪੜ ਕਾਲ਼ਾ ਅਤੇ ਚੁੱਪ ਸੀ ਅਤੇ ਇਉਂ ਜਾਪਦਾ ਸੀ ਕਿ ਮੁਰਝਾਏ ਪੱਤਿਆਂ ਦੀਆਂ ਉਦਾਸ ਬੂਟੀਆਂ ਵਾਲ਼ੇ ਕਾਲ਼ੇ ਪਾਣੀ ਉੱਤੇ ਬੇੜੀ ਚਿਪਕੀ ਹੋਈ ਸੀ।ਮਰੇ ਪੱਤਿਆਂ ਵਿਚਕਾਰ, ਬੇਜਾਨ ਪਾਣੀ ਵਿੱਚ ਚੱਪੂਆਂ ਅਤੇ ਮਨੁੱਖਾਂ ਤੋਂ ਬਿਨਾਂ ਇਸ ਕੱਲੀ-ਕਾਰੀ ਬੇੜੀ ਦੀ ਦਿੱਖ ਕਿਸੇ ਅਣਜਾਣੇ ਅਣੋਖੇ ਦੁੱਖ ਦਾ ਪ੍ਰਗਟਾਅ ਕਰਦੀ ਸੀ। ਲੰਮੇ ਸਮੇਂ ਤੱਕ ਉਹ ਕੰਢੇ ਉੱਤੇ ਖੜੀ ਇਹ ਸੋਚਦੀ ਰਹੀ ਕਿ ਬੇੜੀ ਨੂੰ ਪਾਣੀ ਵਿੱਚ ਕਿਸਨੇ ਧੱਕਿਆ ਸੀ ਅਤੇ ਕਿਸ ਕਾਰਨ। ਸ਼ਾਮੀਂ ਉਹਨੂੰ ਪਤਾ ਲੱਗਾ ਕਿ ਜਾਗੀਰ ਦੇ ਇੱਕ ਨੌਕਰ ਦੀ ਘਰ ਵਾਲ਼ੀ ਨੇ, ਜਿਹੜੀ ਖਿੱਲਰੇ ਕਾਲ਼ੇ ਵਾਲਾਂ ਅਤੇ ਤਿੱਖੀ ਚਾਲ ਵਾਲ਼ੀ ਇਸਤਰੀ ਸੀ, ਆਤਮ-ਹੱਤਿਆ ਕਰ ਲਈ ਹੈ।

ਮਾਂ ਨੇ ਆਪਣੇ ਮੱਥੇ ਉੱਤੇ ਹੱਥ ਫੇਰਿਆ ਤਾਂ ਪਿਛਲੇ ਦਿਨ ਦੇ ਪ੍ਰਭਾਵਾਂ ਵਿੱਚ ਉਹਦੇ ਖ਼ਿਆਲ ਝਕਦੇ ਤੈਰਨ ਲੱਗ ਪਏ। ਕਿੰਨਾ ਚਿਰ ਉਹ ਉਹਨਾਂ ਵਿੱਚ ਮਗਨ ਰਹੀ, ਆਪਣੇ ਸਾਹਮਣੇ ਪਏ ਠੰਢੀ ਚਾਹ ਦੇ ਗਲਾਸ ਵੱਲ ਤਾੜੀ ਲਾਕੇ ਘੂਰਦੀ, ਅਤੇ ਉਹਦੀ ਰੂਹ ਵਿੱਚ ਕਿਸੇ ਸਿਆਣੇ, ਸਧਾਰਨ ਬੰਦੇ ਨੂੰ ਮਿਲਣ ਦੀ ਇੱਛਾ ਵਧੀ, ਕਿਸੇ ਅਜਿਹੇ ਬੰਦੇ ਨੂੰ ਜਿਹੜਾ ਉਹਦੇ ਸਾਰੇ ਸਵਾਲਾਂ ਦਾ ਜਵਾਬ ਦੇ ਸਕੇ।

ਜਾਪਦਾ ਸੀ ਜਿਵੇਂ ਉਹ ਉਹਦੀ ਇਸ ਸਿੱਕ ਦੇ ਜਵਾਬ ਵਿੱਚ ਆਇਆ ਹੋਵੇ, ਦੁਪਹਿਰ ਦੇ ਖਾਣੇ ਤੋਂ ਪਿੱਛੋਂ ਨਿਕੋਲਾਈ ਈਵਾਨੋਵਿਚ ਉਹਨੂੰ ਮਿਲਣ ਆਇਆ। ਪਰ ਜਦੋਂ ਉਹਨੇ ਉਹਨੂੰ ਵੇਖਿਆ ਉਹ ਅਚਾਨਕ ਡਰ ਗਈ ਅਤੇ ਠਰ੍ਹੰਮੇ ਨਾਲ਼, ਉਹਦੀਆਂ ਸ਼ੁਭ-ਇੱਛਾਵਾਂ ਦਾ ਜਵਾਬ ਦਿੱਤੇ ਬਗ਼ੈਰ ਕਿਹਾ:

"ਤੂੰ ਕਿਉਂ ਆਇਐ ? ਬੜਾ ਮੂਰਖਾਂ ਵਾਲ਼ਾ ਕੰਮ ਕੀਤਾ। ਜੇ ਉਹਨਾਂ ਤੈਨੂੰ ਇੱਥੇ ਵੇਖ ਲਿਆ ਤਾਂ ਉਹ ਤੈਨੂੰ ਵੀ ਫੜ ਲੈਣਗੇ।...

ਉਹਨੇ ਮਾਂ ਦਾ ਹੱਥ ਜ਼ੋਰ ਨਾ ਘੁੱਟਿਆ, ਆਪਣੀ ਐਨਕ ਉੱਪਰ ਕੀਤੀ ਅਤੇ ਉਹਦੇ ਨੇੜੇ ਹੋਕੇ ਝੁਕਿਆ।

"ਪਾਵੇਲ ਅਤੇ ਆਂਦਰੇਈ ਅਤੇ ਮੇਰੇ ਵਿਚਕਾਰ ਫ਼ੈਸਲਾ ਹੋਇਆ ਸੀ ਕਿ ਜੇ ਉਹ ਫੜੇ ਗਏ ਤਾਂ ਮੈਂ ਅਗਲੇ ਦਿਨ ਤੈਨੂੰ ਸ਼ਹਿਰ ਲੈ ਜਾਵਾਂਗਾ," ਉਹਨੇ ਕਾਹਲੀ ਕਾਹਲੀ ਕਿਹਾ।ਉਹਦੀ ਅਵਾਜ਼ ਨਰਮ ਅਤੇ ਮਾਂ ਲਈ ਫ਼ਿਕਰ ਨਾਲ਼ ਭਰੀ ਹੋਈ ਸੀ।"ਉਹਨਾਂ ਤਲਾਸ਼ੀ ਲਈ ਏ ?"

"ਹਾਂ। ਉਹਨਾਂ ਹਰ ਸ਼ੈ ਫਰੋਲੀ, ਬਿਨਾਂ ਸ਼ਰਮ ਹਯਾ ਦੇ!" ਉਹ ਕੂਕੀ।

"ਉਹਨਾਂ ਨੂੰ ਸ਼ਰਮ ਕਿਉਂ ਆਵੇ ?" ਨਿਕੋਲਾਈ ਨੇ ਮੋਢੇ ਸੰਗੋੜ ਕੇ ਪੁੱਛਿਆ। ਅਤੇ ਉਹਨੂੰ ਸਮਝਾਉਣ ਲੱਗ ਪਿਆ ਕਿ ਉਹਦਾ ਸ਼ਹਿਰ ਵਿੱਚ ਰਹਿਣਾ ਕਿਉਂ ਜ਼ਰੂਰੀ ਹੈ।

ਉਹਨੇ ਉਹਦੀ ਮਿੱਤਰ, ਫ਼ਿਕਰਮੰਦ ਅਵਾਜ਼ ਧਿਆਨ ਨਾਲ਼ ਸੁਣੀ।ਉਹਦੀ ਕੋਈ ਦਲੀਲ

ਮਾਂ ਦੇ ਪੱਲੇ ਨਾ ਪਈ, ਪਰ ਉਹ ਉਸ ਭਰੋਸੇ ਅਤੇ ਪਿਆਰ ਉੱਤੇ ਹੈਰਾਨ ਸੀ ਜਿਹੜੇ ਉਹਨੇ ਉਹਦੇ ਦਿਲ ਵਿੱਚ ਜਗਾ ਦਿੱਤੇ ਸਨ।

"ਜੇ ਪਾਸ਼ਾ ਦੀ ਇਹੋ ਮਨਸ਼ਾ ਵੇ," ਉਹਨੇ ਕਿਹਾ, "ਤੇ ਜੇ ਤੈਨੂੰ ਔਖ ਨਾ ਹੋਵੇ।..."

"ਇਹਦੀ ਫ਼ਿਕਰ ਨਾ ਕਰ," ਨਿਕੋਲਾਈ ਨੇ ਉਹਦੀ ਗੱਲ ਟੋਕੀ। "ਮੈਂ ਇਕੱਲਾ ਰਹਿਨਾਂ। ਕਦੀ ਕਦੀ ਮੇਰੀ ਭੈਣ ਮੇਰੇ ਕੋਲ਼ ਰਹਿਣ ਆ ਜਾਂਦੀ ਏ।"

"ਪਰ ਮੈਂ ਤੇਰੇ ਉੱਤੇ ਭਾਰ ਨਹੀਂ ਬਣ ਸਕਦੀ," ਮਾਂ ਨੇ ਕਿਹਾ।

"ਜੇ ਤੂੰ ਚਾਹੇ ਤਾਂ ਅਸੀਂ ਤੇਰੇ ਲਈ ਕੰਮ ਲੱਭ ਲਵਾਂਗੇ," ਨਿਕੋਲਾਈ ਨੇ ਕਿਹਾ।

ਮਾਂ ਲਈ ਕੰਮ ਦਾ ਵਿਚਾਰ ਅਟੁੱਟ ਢੰਗ ਨਾਲ਼ ਆਪਣੇ ਪੁੱਤਰ ਅਤੇ ਆਂਦਰੇਈ ਦੇ ਕੰਮ ਨਾਲ਼ ਬੱਝਾ ਹੋਇਆ ਸੀ। ਉਹ ਨਿਕੋਲਾਈ ਦੇ ਨੇੜੇ ਆਈ ਅਤੇ ਉਹਦੀਆਂ ਅੱਖਾਂ ਵਿੱਚ ਝਾਕਿਆ।

"ਤੂੰ ਸੱਚਮੁਚ ਅਜਿਹਾ ਕਰ ਸਕਨੈਂ ?" ਉਹਨੇ ਪੁੱਛਿਆ।

"ਮੈਂ ਕੰਵਾਰਾ ਆਂ, ਸੋ ਮੇਰੇ ਘਰ ਵਿੱਚ ਬਹੁਤਾ ਕਰਨ ਨੂੰ ਨਹੀਂ।..."

"ਮੈਂ ਇਸ ਬਾਰੇ ਨਹੀਂ ਸਾਂ ਸੋਚ ਰਹੀ, ਘਰ ਦੇ ਕੰਮ ਬਾਰੇ ਨਹੀਂ," ਮਾਂ ਨੇ ਪੋਲਾ ਜਿਹਾ ਜਵਾਬ ਦਿੱਤਾ।

ਉਹਨੇ ਹਉਕਾ ਭਰਿਆ, ਇਸ ਗੱਲ 'ਤੇ ਦੁੱਖੀ ਕਿ ਨਿਕੋਲਾਈ ਨੇ ਉਹਦੀ ਗੱਲ ਨਹੀਂ ਸਮਝੀ। ਪਰ ਉਹ ਕਮਜ਼ੋਰ ਨਜ਼ਰ ਵਾਲ਼ੇ ਆਪਣੇ ਢੰਗ ਨਾਲ਼ ਮੁਸਕਰਾਇਆ ਅਤੇ ਫਿਰ ਸੋਚਦੇ ਹੋਏ ਕਿਹਾ:

"ਜੇ ਤੂੰ ਪਾਵੇਲ ਤੋਂ ਉਹਨਾਂ ਕਿਸਾਨਾਂ ਦਾ ਪਤਾ ਪੁੱਛ ਲਿਆਵੇਂ ਜਿਨ੍ਹਾਂ ਸਾਨੂੰ ਅਖ਼ਬਾਰ ਛਾਪਣ ਲਈ ਕਿਹਾ ਸੀ।..."

"ਮੈਂ ਉਹਨਾਂ ਨੂੰ ਜਾਣਦੀ ਵਾਂ!" ਮਾਂ ਖੁਸ਼ੀ ਨਾਲ਼ ਕੂਕੀ। "ਮੈਂ ਉਹਨਾਂ ਨੂੰ ਲੱਭ ਲਵਾਂਗੀ ਤੇ ਤੁਸੀਂ ਜੋ ਕਹੋਗੇ ਕਰਾਂਗੀ! ਕਿਸੇ ਨੂੰ ਮੇਰੇ ਤੇ ਕਾਨੂੰਨ ਦੇ ਖ਼ਿਲਾਫ਼ ਕੰਮ ਕਰਨ ਦਾ ਸ਼ੱਕ ਨਹੀਂ ਹੋਣ ਲੱਗਾ। ਰੱਬ ਤੇਰਾ ਭਲਾ ਕਰੇ, ਮੈਂ ਉਹ ਇਸ਼ਤਿਹਾਰ ਕਾਰਖ਼ਾਨੇ ਵਿੱਚ ਨਹੀਂ ਸਾਂ ਲੈ ਗਈ ?"

ਅਚਾਨਕ ਮੋਢੇ ਉੱਤੇ ਪਿੱਠੂ ਬੰਨ੍ਹ ਕੇ ਅਤੇ ਹੱਥ ਵਿੱਚ ਡੰਡਾ ਲੈਕੇ ਜੰਗਲਾਂ ਤੇ ਪਿੰਡਾਂ ਕੋਲ਼ੋਂ ਲੰਘਦੀ, ਦੇਸ਼ ਵਿੱਚ ਘੁੰਮਦੇ ਰਹਿਣ ਦੀ ਇੱਛਾ ਉਹਦੇ ਉੱਤੇ ਛਾ ਗਈ।

"ਹਾੜ੍ਹਾ ਵੇ, ਇਹ ਮੈਨੂੰ ਕਰਨ ਦਿਓ! ਵੇਖ ਲਈ ਮੈਂ ਸਭ ਥਾਈਂ ਜਾਵਾਂਗੀ! ਮੈਂ ਸਭ ਜ਼ਿਲਿਆਂ ਦੀਆਂ ਸੜਕਾਂ ਉੱਤੇ ਆਪਣਾ ਰਾਹ ਲੱਭ ਲਵਾਂਗੀ! ਹੁਨਾਲ ਅਤੇ ਸਿਆਲ — ਐਨ ਕਬਰ ਵਿੱਚ ਪੈਣ ਤੱਕ — ਇੱਕ ਰਮਤੀ ਯਾਤਰੀ — ਇਹ ਕੋਈ ਮਾੜੀ ਹੋਣੀ ਤਾਂ ਨਹੀਂ ?"

ਜਦੋਂ ਉਹਨੇ ਮਨ ਹੀ ਮਨ ਵਿੱਚ ਆਪਣੇ ਆਪਨੂੰ ਇੱਕ ਬੇਘਰ ਰਮਤੇ ਦੇ ਰੂਪ ਵਿੱਚ ਪਿੰਡਾਂ ਦੇ ਘਰਾਂ ਦੀਆਂ ਬਾਰੀਆਂ ਕੋਲ਼ ਈਸਾ ਦੇ ਨਾਂ ਤੇ ਭੀਖ ਮੰਗਦੀ ਵੇਖਿਆ ਤਾਂ ਉਹ ਸੋਗੀ ਹੋ ਗਈ।

ਨਿਕੋਲਾਈ ਨੇ ਪਿਆਰ ਨਾਲ਼ ਉਹਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਅਤੇ ਆਪਣੀ ਨਿੱਘੀ ਤਲੀ ਨਾਲ਼ ਉਹਨੂੰ ਪਲੋਸਿਆ। ਫਿਰ ਉਹਨੇ ਕਲਾਕ ਵੱਲ ਵੇਖਿਆ ਅਤੇ ਕਿਹਾ:

"ਇਸ ਬਾਰੇ ਅਸੀਂ ਕਦੀ ਫਿਰ ਗੱਲ ਕਰਾਂਗੇ!"

ਜੇ ਸਾਡੇ ਬੱਚੇ, ਸਾਡੇ ਦਿਲਾਂ ਦੇ ਅਤਿ ਪਿਆਰੇ ਟੋਟੇ, ਆਪਣੀਆਂ ਜਾਨਾਂ ਅਤੇ ਆਪਣੀ ਅਜ਼ਾਦੀ ਦੇ ਸਕਦੇ ਨੇ, ਆਪਣੇ ਬਾਰੇ ਸੋਚੇ ਵੀ ਬਿਨਾਂ ਮਰ ਸਕਦੇ ਨੇ, ਤਾਂ ਮੈਨੂੰ, ਮਾਂ ਨੂੰ, ਕੀ ਕਰਨਾ ਚਾਹੀਦੈ ?"

ਨਿਕੋਲਾਈ ਦਾ ਰੰਗ ਪੀਲ਼ਾ ਪੈ ਗਿਆ।

"ਮੈਂ ਕਿਸੇ ਨੂੰ ਪਹਿਲਾਂ ਕਦੀ ਇਓਂ ਗੱਲ ਕਰਦੇ ਨਹੀਂ ਸੁਣਿਆ," ਉਹਨੇ ਮਾਂ ਵੱਲ ਪਿਆਰ ਅਤੇ ਧਿਆਨ ਨਾਲ਼ ਵੇਖਦੇ ਹੋਏ, ਨਰਮੀ ਨਾਲ਼ ਕਿਹਾ।

"ਮੈਂ ਕੀ ਕਹਿ ਸਕਦੀ ਵਾਂ ?" ਮਾਂ ਨੇ ਆਪਣਾ ਸਿਰ ਅਫ਼ਸੋਸ ਨਾਲ਼ ਹਿਲਾਕੇ ਅਤੇ ਹੱਥਾਂ ਨਾਲ਼ ਵਿਅਰਥ ਜਿਹਾ ਇਸ਼ਾਰਾ ਕਰਕੇ ਕਿਹਾ। "ਜੇ ਕਿਤੇ ਮੈਂ ਆਪਣੇ ਅੰਦਰ ਧੜਕਦੇ ਮਾਂ ਦੇ ਦਿਲ ਦੀ ਵਿੱਥਿਆ ਦੱਸ ਸਕਦੀ।..."

ਉਹ ਉੱਠ ਖੜੀ ਹੋਈ, ਇੱਕ ਮਹਾਨ ਸ਼ਕਤੀ ਦਾ ਉੱਭਾਰ, ਜਿਸਨੇ ਗ਼ੁਸੈਲੇ ਲਫ਼ਜ਼ਾਂ ਦਾ ਹੜ੍ਹ ਲਿਆ ਦਿੱਤਾ ਸੀ।

"ਤਾਂ ਅਨੇਕਾਂ ਲੋਕ ਰੋਂਦੇ — ਉਹਨਾਂ ਵਿੱਚੋਂ ਸਭ ਤੋਂ ਨੀਵਾਂ, ਸਭ ਤੋਂ ਵੱਧ ਬੇਸ਼ਰਮ ਵੀ।..."

ਨਿਕੋਲਾਈ ਵੀ ਖੜਾ ਹੋ ਗਿਆ ਅਤੇ ਫਿਰ ਕਲਾਕ ਵੱਲ ਵੇਖਿਆ।

"ਸੋ ਗੱਲ ਪੱਕੀ ਹੋਈ ? ਤੂੰ ਸ਼ਹਿਰ ਆਕੇ ਮੇਰੇ ਕੋਲ਼ ਰਹੇਂਗੀ।"

ਮਾਂ ਨੇ ਸਿਰ ਹਿਲਾਇਆ।

"ਕਦੋਂ ? ਜਿੰਨੀ ਛੇਤੀਂ ਤੋਂ ਛੇਤੀ ਹੋ ਸਕੇ," ਉਹਨੇ ਕਿਹਾ ਤੇ ਪਿਆਰ ਨਾਲ਼ ਵਾਧਾ ਕੀਤਾ, "ਤੇਰੇ ਆਉਣ ਤੱਕ ਮੈਨੂੰ ਤੇਰੇ ਬਾਰੇ ਚਿੰਤਾ ਲੱਗੀ ਰਹੇਗੀ।"

ਮਾਂ ਨੇ ਹੈਰਾਨੀ ਨਾਲ਼ ਉਹਦੇ ਵੱਲ ਵੇਖਿਆ। ਉਹ ਉਹਦੀ ਕੀ ਲੱਗਦੀ ਸੀ ? ਉੱਥੇ ਖੜਾ ਸੀ ਉਹ, ਸਿਰ ਇੱਕ ਪਾਸੇ ਸੁੱਟੀ, ਸ਼ਰਮਾਕਲ ਢੰਗ ਨਾਲ਼ ਮੁਸਕਰਾਉਂਦਾ, ਝੁਕਿਆ, ਕਮਜ਼ੋਰ ਨਜ਼ਰ ਵਾਲ਼ਾ ਬੰਦਾ, ਜਿਸਨੇ ਸਾਦਾ ਕਾਲ਼ਾ ਕੋਟ ਪਹਿਨਿਆ ਹੋਇਆ ਸੀ। ਉਹਦੀ ਦਿੱਖ ਉਹਦੇ ਸੁਭਾ ਤੋਂ ਉਲਟੀ ਸੀ।

"ਤੇਰੇ ਕੋਲ਼ ਪੈਸੇ ਤਾਂ ਹੈਗੇ ਨੇ ਨਾ ?" ਉਹਨੇ ਅੱਖਾਂ ਨੀਵੀਆਂ ਕਰਦੇ ਹੋਏ ਕਿਹਾ।

"ਨਹੀਂ।"

ਨਿਕੋਲਾਈ ਨੇ ਕਾਹਲੀ ਨਾਲ਼ ਆਪਣੀ ਜੇਬ ਵਿੱਚ ਹੱਥ ਪਾਇਆ ਅਤੇ ਆਪਣਾ ਬਟੂਆ ਕੱਢਿਆ, ਇਹ ਖੋਹਲਿਆ ਅਤੇ ਪੈਸੇ ਉਸ ਵੱਲ ਵਧਾਏ।

"ਲੈ, ਇਹ ਜ਼ਰੂਰ ਲੈ ਲੈ," ਉਹਨੇ ਕਿਹਾ।

ਮਾਂ ਆਪ-ਮੁਹਾਰੇ ਮੁਸਕਰਾਈ।

"ਤੇਰੀ ਤਾਂ ਹਰ ਗੱਲ ਅਣੋਖੀ ਏ !" ਮਾਂ ਨੇ ਸਿਰ ਹਿਲਾ ਕੇ ਕਿਹਾ। "ਤੇਰੇ ਲਈ ਤਾਂ ਪੈਸੇ ਦਾ ਵੀ ਕੋਈ ਮੁੱਲ ਨਹੀਂ। ਕੁਝ ਲੋਕ ਇਹਦੇ ਲਈ ਆਪਣੀ ਰੂਹ ਵੇਚ ਦੇਂਦੇ ਨੇ—ਤੇਰੇ ਲਈ ਇਹ ਕੌਡੀ ਦੇ ਮੁੱਲ ਦਾ ਨਹੀਂ। ਜਾਪਦੈ ਤੂੰ ਤਾਂ ਬਸ ਇਸ ਲਈ ਹੀ ਰੱਖਦੈਂ ਕਿ ਲੋਕਾਂ ਦਾ ਕੰਮ ਸਾਰ ਸਕੇਂ।..."

ਨਿਕੋਲਾਈ ਖਿੜ ਕੇ ਹੱਸਿਆ।

"ਬੜੀ ਚੰਦਰੀ ਸ਼ੈ ਏ, ਪੈਸਾ! ਲੈਂਦਿਆਂ ਵੀ ਇੰਨੀ ਸ਼ਰਮ ਆਉਂਦੀ ਤੇ ਦੇਂਦਿਆਂ ਵੀ।..."

ਉਹਨੇ ਮਾਂ ਦਾ ਹੱਥ ਫੜਿਆ ਤੇ ਜ਼ੋਰ ਨਾਲ਼ ਘੁੱਟਿਆ।

"ਜਿੰਨੀ ਛੇਤੀ ਹੋ ਸਕੇ ਆ ਜਾਵੀਂ!" ਉਹਨੇ ਫਿਰ ਕਿਹਾ।

ਫਿਰ ਉਹ ਆਪਣੇ ਚੁੱਪ ਚਾਪ ਢੰਗ ਨਾਲ਼ ਬਾਹਰ ਚਲਾ ਗਿਆ।

ਮਾਂ ਉਹਨੂੰ ਬੂਹੇ ਤੱਕ ਛੱਡਣ ਗਈ ਸੋਚਦੀ ਰਹੀ:

"ਕਿੰਨੀ ਦਿਆਲ ਰੂਹ ਵੇ — ਪਰ ਉਹਨੂੰ ਮੇਰੇ 'ਤੇ ਤਰਸ ਨਹੀਂ ਆਉਂਦਾ।..."

ਅਤੇ ਉਹ ਕਹਿ ਨਹੀਂ ਸੀ ਸਕਦੀ ਕਿ ਉਹ ਇਸ ਗੱਲ 'ਤੇ ਨਰਾਜ਼ ਸੀ ਜਾਂ ਬਸ ਹੈਰਾਨ ਹੀ ਸੀ।

## 2

ਉਹਦੇ ਆਉਣ ਤੋਂ ਪਿੱਛੋਂ ਚੌਥੇ ਦਿਨ ਉਹ ਉਹਦੇ ਘਰ ਚਲੀ ਗਈ। ਜਦੋਂ ਗੱਡਾ, ਜਿਸ ਉੱਤੇ ਉਹਦੇ ਦੋ ਟਰੰਕ ਲੱਦੇ ਹੋਏ ਸਨ, ਬਸਤੀ ਤੋਂ ਬਾਹਰ ਖੇਤਾਂ ਵੱਲ ਮੁੜਿਆ, ਉਹ ਪਿੱਛੇ ਵੱਲ ਮੁੜੀ ਅਤੇ ਉਹਨੇ ਅਚਾਨਕ ਅਨੁਭਵ ਕੀਤਾ ਕਿ ਉਹ ਉਸ ਥਾਂ ਨੂੰ ਸਦਾ ਲਈ ਛੱਡ ਕੇ ਜਾ ਰਹੀ ਹੈ, ਜਿੱਥੇ ਉਹਨੇ ਆਪਣੀ ਜ਼ਿੰਦਗੀ ਦਾ ਇੱਕ ਹਨੇਰਾ ਅਤੇ ਔਖਾ ਹਿੱਸਾ ਕੱਟਿਆ ਸੀ ਅਤੇ ਜਿੱਥੇ ਉਹ ਇੱਕ ਹੋਰ ਹਿੱਸੇ ਵਿੱਚ ਦਾਖ਼ਲ ਹੋਈ ਸੀ, ਨਵੀਆਂ ਖੁਸ਼ੀਆਂ ਅਤੇ ਦੁੱਖਾਂ ਨਾਲ਼ ਭਰਪੂਰ, ਜਿਸ ਕਾਰਨ ਦਿਨ ਛੇਤੀ ਲੰਘ ਜਾਂਦੇ।

ਆਪਣੀਆਂ ਅਸਮਾਨ ਵੱਲ ਵੱਧਦੀਆਂ ਚਿਮਨੀਆਂ ਨਾਲ਼ ਕਾਰਖ਼ਾਨਾ ਧੁਆਂਖੀ ਧਰਤੀ ਉੱਤੇ ਕਿਸੇ ਬਹੁਤ ਵੱਡੇ ਲਾਲ ਮੱਕੜੇ ਵਾਂਗ ਛਹਿੜਿਆ ਹੋਇਆ ਜਾਪਦਾ ਸੀ। ਇਹਦੇ ਦੁਆਲੇ ਕਿਰਤੀਆਂ ਦੇ ਇੱਕ-ਮੰਜ਼ਲੇ ਮਕਾਨਾਂ ਦੇ ਝੁੰਡ ਸਨ। ਉਹ ਆਪੋ ਵਿੱਚ ਜੁੜੇ ਹੋਏ ਸਨ, ਭੂਰੇ ਅਤੇ ਦਬਕੇ ਹੋਏ, ਜਿਲ੍ਹਣ ਦੇ ਐਨ ਕੰਢੇ ਉੱਤੇ, ਆਪਣੀਆਂ ਨਿੱਕੀਆਂ ਬੇਨੂਰ ਬਾਰੀਆਂ ਵਿੱਚੋਂ ਤਰਸ ਨਾਲ਼ ਇੱਕ ਦੂਜੇ ਵੱਲ ਝਾਕਦੇ। ਉਹਨਾਂ ਦੇ ਉੱਪਰ ਗਿਰਜਾ ਉੱਠਿਆ ਹੋਇਆ ਸੀ, ਕਾਰਖ਼ਾਨੇ ਵਾਂਗ ਹੀ ਗੂੜ੍ਹਾ ਲਾਲ, ਅਤੇ ਇਹਦਾ ਮੁਨਾਰਾ ਚਿਮਨੀਆਂ ਨਾਲ਼ੋਂ ਨੀਵਾਂ ਸੀ।

ਹਉਕਾ ਭਰ ਕੇ ਮਾਂ ਨੇ ਆਪਣੇ ਬਲਾਊਜ਼ ਦਾ ਕਾਲਰ ਢਿੱਲਾ ਕੀਤਾ, ਜਿਹੜਾ ਉਹਦਾ ਗਲਾ ਘੁੱਟਦਾ ਜਾਪਦਾ ਸੀ।

"ਪੈਰ ਪੁੱਟ, ਪੁੱਤਰ," ਕੋਚਵਾਨ ਨੇ ਰਾਸਾਂ ਲਹਿਰਾਂ ਕੇ ਬੁੜ ਬੁੜ ਕੀਤੀ। ਉਹ ਟੇਢੀਆਂ ਲੱਤਾਂ ਵਾਲ਼ਾ ਬੰਦਾ ਸੀ, ਜਿਸ ਦੀ ਉਮਰ ਦਾ ਕੁਝ ਅੰਦਾਜ਼ਾ ਨਹੀਂ ਸੀ ਲੱਗਦਾ, ਉਹਦੇ ਸਿਰ ਅਤੇ ਮੂੰਹ ਉੱਤੇ ਪਤਲੇ, ਰੰਗ ਉੱਡੇ ਵਾਲ ਸਨ ਅਤੇ ਬੇਰੰਗ ਅੱਖਾਂ ਸਨ। ਉਹ ਗੱਡੇ ਦੇ ਨਾਲ਼ ਨਾਲ਼ ਚਲਦਾ, ਉਹ ਸੱਜੇ ਖੱਬੇ ਡੋਲਦਾ ਅਤੇ ਉਹਨੂੰ ਇਸ ਨਾਲ਼ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਹ ਸੱਜੇ ਮੁੜਦਾ ਹੈ ਜਾਂ ਖੱਬੇ।

"ਚੱਲ, ਪੁੱਤਰ, ਚੱਲ," ਉਹ ਬੇਰੰਗ ਜਿਹੀ ਅਵਾਜ਼ ਵਿੱਚ ਕਹਿੰਦਾ, ਚਿੱਕੜ ਜੰਮੇ ਬੂਟਾਂ ਵਿੱਚ ਪਈਆਂ ਆਪਣੀਆਂ ਲੱਤਾਂ ਹਸਾਉਣੇ ਢੰਗ ਨਾਲ਼ ਇੱਧਰ ਉੱਧਰ ਮਾਰਦਾ। ਮਾਂ ਆਪਣੇ ਆਲੇ ਦੁਆਲੇ ਵੇਖ ਰਹੀ ਸੀ। ਖੇਤ ਉਹਦੀ ਰੂਹ ਵਾਂਗ ਸੱਖਣੇ ਸਨ।

ਡੂੰਘੀ, ਧੁੱਪ-ਗਰਮਾਈ ਰੇਤ ਵਿੱਚ ਔਖ ਨਾਲ਼ ਚਲਦਾ ਹੋਇਆ ਘੋੜਾ ਆਪਣਾ ਸਿਰ ਅਕਾਊ ਢੰਗ ਨਾਲ਼ ਉੱਪਰ ਹੇਠਾਂ ਕਰਦਾ। ਰੇਤ ਮੱਧਮ ਸਰ ਸਰ ਕਰਦੀ, ਖੜਖੜਾ ਗੱਡਾ ਚੀਕਦਾ ਅਤੇ ਇਹ ਸ਼ੋਰ ਅਤੇ ਧੂੜ ਉਹਨਾਂ ਦੇ ਪਿੱਛੇ ਉੱਡਦੇ ਆਉਂਦੇ।...

ਨਿਕੋਲਾਈ ਈਵਾਨੋਵਿਚ ਸ਼ਹਿਰ ਦੇ ਸਿਰੇ ਉੱਤੇ ਇੱਕ ਨਵੇਕਲੀ ਸੜਕ ਉੱਤੇ ਰਹਿੰਦਾ ਸੀ। ਉਹਦਾ ਫ਼ਲੈਟ ਇੱਕ ਉਮਰ ਨਾਲ਼ ਝੁੱਲੀ ਦੋ-ਮੰਜ਼ਲੀ ਹਨੇਰੀ ਇਮਾਰਤ ਦੀ ਇੱਕ ਨਿੱਕੀ ਹਰੀ ਬਾਹੀ ਸੀ। ਸਾਹਮਣੇ ਇੱਕ ਨਿੱਕਾ ਜਿਹਾ ਘਣਾ ਬਾਗ਼ ਸੀ ਅਤੇ ਡੇਕਾਂ ਅਤੇ ਪਲਾਹਾਂ ਦੀਆਂ ਟਹਿਣੀਆਂ ਅਤੇ ਜਵਾਨ ਸਫ਼ੈਦਿਆਂ ਦੇ ਰੁਪਹਿਲੀ ਪੱਤੇ ਤਿੰਨਾਂ ਕਮਰਿਆਂ ਦੀਆਂ ਬਾਰੀਆਂ ਵਿੱਚੋਂ ਝਾਤੀਆਂ ਮਾਰਦੇ। ਅੰਦਰ ਸਭ ਕੁਝ ਸਾਫ਼ ਅਤੇ ਅਹਿਲ ਸੀ; ਪਿੜੀਆਂ ਵਾਲ਼ੇ ਪਰਛਾਵੇਂ ਹੌਲ਼ੀ ਹੌਲ਼ੀ ਫ਼ਰਸ਼ ਉੱਤੇ ਕੰਬਦੇ; ਕੰਧਾਂ ਉੱਤੇ ਕਿਤਾਬਾਂ ਭਰੇ ਫੱਟੇ ਜੜੇ ਹੋਏ ਸਨ, ਜਿਨ੍ਹਾਂ ਦੇ ਉੱਤੇ ਗੰਭੀਰ ਮੂੰਹਾਂ ਵਾਲ਼ੇ ਲੋਕਾਂ ਦੀਆਂ ਤਸਵੀਰਾਂ ਲਟਕੀਆਂ ਹੋਈਆਂ ਸਨ।

"ਇੱਥੇ ਤੈਨੂੰ ਅਰਾਮ ਰਹੇਗਾ ?" ਨਿਕੋਲਾਈ ਨੇ ਮਾਂ ਨੂੰ ਇੱਕ ਨਿੱਕੇ ਕਮਰੇ ਵਿੱਚ ਲਿਜਾਂਦੇ ਹੋਏ ਕਿਹਾ, ਜਿਸਦੀ ਇੱਕ ਬਾਰੀ ਬਾਗ਼ ਵਿੱਚ ਖੁੱਲ੍ਹਦੀ ਸੀ ਅਤੇ ਦੂਜੀ ਘਣੇ ਘਾਹ ਵਾਲ਼ੇ ਵਿਹੜੇ ਵਿੱਚ। ਇਸ ਕਮਰੇ ਦੀਆਂ ਕੰਧਾਂ ਉੱਤੇ ਵੀ ਕਿਤਾਬਾਂ ਵਾਲ਼ੇ ਫੱਟੇ ਜੜੇ ਹੋਏ ਸਨ।

"ਮੈਨੂੰ ਤਾਂ ਰਸੋਈ ਵਿੱਚ ਰਹਿਣਾ ਚੰਗਾ ਲੱਗਦੈ," ਮਾਂ ਨੇ ਕਿਹਾ। "ਰਸੋਈ ਸੋਹਣੀ ਤੇ ਸੁਥਰੀ ਏ।..."

ਮਾਂ ਦੇ ਸ਼ਬਦਾਂ ਨੇ ਉਹਨੂੰ ਡਰਾ ਦਿੱਤਾ ਜਾਪਦਾ ਸੀ। ਜਦੋਂ ਉਹ ਉਹਨੂੰ ਰਸੋਈ ਵਿੱਚ ਰਹਿਣੋਂ ਹੋੜਨ ਦੇ ਵਲੱਲੇ ਜਤਨਾਂ ਅੱਗੇ ਝੁਕ ਗਈ, ਤਾਂ ਉਹ ਇੱਕ ਦਮ ਖ਼ੁਸ਼ ਹੋ ਗਿਆ।

ਤਿੰਨਾਂ ਹੀ ਕਮਰਿਆਂ ਵਿੱਚ ਇੱਕ ਖ਼ਾਸ ਕਿਸਮ ਦਾ ਵਾਯੂ-ਮੰਡਲ ਸੀ। ਇੱਥੇ ਸਾਹ ਲੈਣਾ ਸੌਖਾ ਅਤੇ ਸਵਾਦਲਾ ਸੀ, ਪਰ ਬੰਦਾ ਉੱਚੀ ਅਵਾਜ਼ ਵਿੱਚ ਬੋਲਣੋਂ ਇਸ ਡਰੋ ਜਕਦਾ ਕਿ ਇੰਨੇ ਡੂੰਘੇ ਧਿਆਨ ਨਾਲ਼ ਕੰਧਾਂ ਉੱਤੋਂ ਵੇਖਦੇ ਲੋਕਾਂ ਦੀ ਬਿਰਤੀ ਵਿੱਚ ਵਿਘਨ ਪੈ ਜਾਵੇਗਾ।

"ਬੂਟਿਆਂ ਨੂੰ ਪਾਣੀ ਦੇਣ ਦੀ ਲੋੜ ਏ," ਮਾਂ ਨੇ ਬਾਰੀਆਂ ਉੱਤੇ ਪਏ ਗਮਲਿਆਂ ਦੀ ਮਿੱਟੀ ਨੂੰ ਟੋਂਹਦੇ ਹੋਏ ਕਿਹਾ।

"ਓਹ, ਹਾਂ," ਉਹਨਾਂ ਦੇ ਮਾਲਕ ਨੇ ਦੋਸ਼ੀ ਢੰਗ ਨਾਲ਼ ਕਿਹਾ। "ਮੈਨੂੰ ਉਹ ਚੰਗੇ ਲੱਗਦੇ ਨੇ, ਪਰ ਉਹਨਾਂ ਦਾ ਧਿਆਨ ਰੱਖਣ ਲਈ ਮੈਨੂੰ ਵਕਤ ਹੀ ਨਹੀਂ ਮਿਲਦਾ।..."

ਮਾਂ ਨੇ ਵੇਖਿਆ ਕਿ ਆਪਣੇ ਸੁਖਦਾਇਕ ਫ਼ਲੈਟ ਵਿੱਚ ਵੀ ਨਿਕੋਲਾਈ ਫੂਕ ਫੂਕ ਕੇ ਪੈਰ ਧਰਦਾ ਸੀ, ਜਿਵੇਂ ਇਹ ਉਹਦਾ ਆਪਣਾ ਨਾ ਹੋਵੇ। ਉਹ ਆਪਣਾ ਮੂੰਹ ਕਮਰੇ ਦੀਆਂ ਵੱਖ ਵੱਖ ਸ਼ੈਆਂ ਦੇ ਨੇੜੇ ਲਿਜਾਂਦਾ, ਆਪਣੀ ਐਨਕ ਆਪਣੇ ਸੱਜੇ ਹੱਥ ਦੀਆਂ ਪਤਲੀਆਂ ਉਂਗਲਾਂ ਨਾਲ਼ ਉੱਚੀ ਕਰਦਾ ਅਤੇ ਜਿਹੜੀ ਵੀ ਸ਼ੈਅ ਉਹਦਾ ਧਿਆਨ ਖਿੱਚਦੀ ਉਹਨੂੰ ਸਵਾਲੀਆਂ ਨਜ਼ਰਾਂ ਨਾਲ਼ ਵੇਖਦਾ। ਕਈ ਵਾਰ ਉਹ ਕਿਸੇ ਸ਼ੈ ਨੂੰ ਆਪਣੇ ਮੂੰਹ ਦੇ ਨੇੜੇ ਲਿਆਉਂਦਾ ਅਤੇ ਉਹਨੂੰ ਆਪਣੀਆਂ ਅੱਖਾਂ ਨਾਲ਼ ਟੋਹਦਾ ਜਾਪਦਾ। ਇਉਂ ਜਾਪਦਾ ਜਿਵੇਂ ਮਾਂ ਵਾਂਗ ਉਹ ਵੀ ਪਹਿਲੀ ਵਾਰ ਫ਼ਲੈਟ ਵਿੱਚ ਆਇਆ ਸੀ ਅਤੇ ਮਾਂ ਵਾਂਗ ਹੀ ਉਹਦੇ ਲਈ ਵੀ, ਹਰ ਸ਼ੈ ਨਵੀਂ ਅਤੇ ਓਪਰੀ ਸੀ। ਇਸ ਗੱਲ ਨੇ ਮਾਂ ਨੂੰ ਇੱਕ ਦਮ ਸੁਖਾਲਾ ਕਰ ਦਿੱਤਾ। ਉਹ ਉਹਦੇ ਪਿੱਛੇ

ਪਿੱਛੇ ਚਲਦੀ ਰਹੀ, ਇਹ ਧਿਆਨ ਰੱਖਦੇ ਹੋਏ ਕਿ ਵੱਖ ਵੱਖ ਚੀਜ਼ਾਂ ਕਿੱਥੇ ਕਿੱਥੇ ਪਈਆਂ ਹਨ ਅਤੇ ਉਹਦੇ ਦਿਨ ਦੇ ਪ੍ਰਬੰਧ ਬਾਰੇ ਪੁੱਛਦੀ ਰਹੀ। ਉਹ ਅਜਿਹੇ ਬੰਦੇ ਦੀ ਕਸੂਰਵਾਰ ਅਵਾਜ਼ ਵਿੱਚ ਜਵਾਬ ਦੇਂਦਾ ਜਿਹੜਾ ਜਾਣਦਾ ਸੀ ਕਿ ਉਹ ਕੰਮ ਉਸ ਢੰਗ ਨਾਲ਼ ਨਹੀਂ ਕਰਦਾ ਜਿਸ ਨਾਲ਼ ਕਰਨਾ ਚਾਹੀਦਾ ਹੈ, ਪਰ ਉਹ ਹੋਰ ਕੁਝ ਕਰ ਵੀ ਨਹੀਂ ਸੀ ਸਕਦਾ।

ਉਹਨੇ ਬੂਟਿਆਂ ਨੂੰ ਪਾਣੀ ਦਿੱਤਾ ਅਤੇ ਪਿਆਨੋ ਉੱਤੇ ਖਿੱਲਰੇ ਸੰਗੀਤ ਦੇ ਪਤਰਿਆਂ ਨੂੰ ਤਰਤੀਬ ਨਾਲ਼ ਰੱਖਿਆ। ਸਾਮਾਵਰ ਵੇਖ ਕੇ ਉਹਨੇ ਕਿਹਾ:

"ਇਹਨੂੰ ਲਿਸ਼ਕਾਉਣ ਦੀ ਲੋੜ ਏ।..."

ਉਹਨੇ ਬੇਰੰਗ ਹੋਈ ਧਾਤ ਉੱਤੇ ਆਪਣੀ ਉਂਗਲੀ ਫੇਰੀ ਅਤੇ ਇਹਨੂੰ ਵੇਖਣ ਲਈ ਆਪਣੇ ਨੱਕ ਕੋਲ਼ ਲਿਆਉਂਦਾ। ਮਾਂ ਹੱਸ ਪਈ।

ਜਦੋਂ ਮਾਂ ਰਾਤੀਂ ਸੌਣ ਲੱਗੀ ਅਤੇ ਦਿਨ ਦੀਆਂ ਘਟਨਾਵਾਂ ਵਿਚਾਰੀਆਂ, ਤਾਂ ਉਹਨੇ ਆਪਣਾ ਸਿਰ ਚੁੱਕਿਆ ਅਤੇ ਬੇਯਕੀਨੀ ਨਾਲ਼ ਆਲੇ ਦੁਆਲੇ ਵੇਖਿਆ। ਇਹ ਪਹਿਲੀ ਵਾਰ ਸੀ ਕਿ ਉਹਨੇ ਕੋਈ ਰਾਤ ਕਿਸੇ ਹੋਰ ਦੇ ਘਰ ਬਿਤਾਈ ਸੀ, ਪਰ ਉਹ ਇਸ ਗੱਲ 'ਤੇ ਔਖਾ ਅਨੁਭਵ ਨਹੀਂ ਸੀ ਕਰ ਰਹੀ। ਉਹਨੇ ਫ਼ਿਕਰਮੰਦੀ ਨਾਲ਼ ਨਿਕੋਲਾਈ ਬਾਰੇ ਸੋਚਿਆ ਅਤੇ ਉਹਦੇ ਰੋਮ ਰੋਮ ਵਿੱਚ ਇਹ ਇੱਛਾ ਜਾਗ ਪਈ ਕਿ ਉਹ ਉਹਦੇ ਲਈ ਕੁਝ ਸੁਖਾਵਾਂ ਕੰਮ ਕਰੇ, ਉਹਨੂੰ ਸਨੇਹ ਵਿਖਾਏ ਜਿਹੜਾ ਨਿਕੋਲਾਈ ਦੇ ਜੀਵਨ ਵਿੱਚ ਨਿੱਘ ਅਤੇ ਅਰਾਮ ਭਰ ਦੇਵੇ। ਮਾਂ ਦੇ ਦਿਲ ਉੱਤੇ ਉਹਦੇ ਅਨਾੜੀਪੁਣੇ, ਉਹਦੇ ਹਸਾਉਣੇ ਵਲੱਲ, ਸਧਾਰਨ ਲੋਕਾਂ ਨਾਲ਼ੋਂ ਉਹਦੀ ਵੱਖਰਤ ਅਤੇ ਉਹਦੀਆਂ ਖਰੀਆਂ ਅੱਖਾਂ ਵਿੱਚ ਸਿਆਣੀ, ਇਹਦੇ ਬਾਵਜੂਦ ਬੱਚਿਆਂ ਵਾਲ਼ੀ ਦਿੱਖ ਨੇ ਅਸਰ ਕੀਤਾ। ਫਿਰ ਉਹਦਾ ਮਨ ਆਪਣੇ ਪੁੱਤਰ ਵੱਲ ਚਲਾ ਗਿਆ, ਅਤੇ ਇੱਕ ਵਾਰ ਫਿਰ ਪਹਿਲੀ ਮਈ ਦੀਆਂ ਘਟਨਾਵਾਂ ਉਹਦੀਆਂ ਅੱਖਾਂ ਸਾਹਮਣਿਉਂ ਲੰਘੀਆਂ, ਹੁਣ ਉਹ ਨਵੀਆਂ ਅਵਾਜ਼ਾਂ ਨਾਲ਼ ਭਰੀਆਂ ਸਨ, ਉਹਨਾਂ ਨੂੰ ਨਵੇਂ ਅਰਥਾਂ ਦੇ ਖੰਭ ਲੱਗੇ ਹੋਏ ਸਨ। ਉਸ ਦਿਨ ਦੇ ਗ਼ਮ ਵਿੱਚ ਕੋਈ ਖ਼ਾਸ ਗੱਲ ਸੀ, ਜਿਵੇਂ ਉਸ ਦਿਨ ਬਾਰੇ ਸੀ। ਇਹ ਗ਼ਮ ਸ਼ਿਸ਼ਦਰ ਕਰਨ ਵਾਲ਼ੇ ਮੁੱਕੇ ਵਾਂਗ ਸਿਰ ਨੂੰ ਧਰਤੀ ਵੱਲ ਨਹੀਂ ਸੀ ਝੁਕਾਉਂਦਾ। ਇਹ ਘੜੀ ਮੁੜੀ ਕੀਤੇ ਹਮਲਿਆਂ ਨਾਲ਼ ਦਿਲ ਵਿੱਚ ਛੇਕ ਕਰਦਾ, ਜਿਸ ਨਾਲ਼ ਇੱਕ ਧੀਮਾ ਗੁੱਸਾ ਪੈਦਾ ਹੁੰਦਾ, ਜਿਹੜਾ ਝੁਕੀਆਂ ਪਿੱਠਾਂ ਨੂੰ ਸਿੱਧਾ ਕਰ ਦੇਂਦੇ।

"ਸਾਡੇ ਬੱਚੇ ਦੁਨੀਆਂ ਵਿੱਚ ਆਪਣੇ ਰਾਹ ਪੈ ਗਏ ਨੇ," ਮਾਂ ਨੇ ਸੋਚਿਆ, ਉਹ ਖੁੱਲ੍ਹੀ ਬਾਰੀ ਵਿੱਚੋਂ ਕਮਰੇ ਵਿੱਚ ਆਉਂਦੀਆਂ, ਬਾਗ਼ ਵਿੱਚ ਪੱਤਿਆਂ ਨੂੰ ਸਰਸਰਾਉਂਦੀਆਂ, ਸ਼ਹਿਰ ਦੀਆਂ ਅਣਜਾਣੀਆਂ, ਰਾਤ ਦੀਆਂ ਅਵਾਜ਼ਾਂ ਨੂੰ ਸੁਣ ਰਹੀ ਸੀ। ਉਹ ਦੂਰੋਂ ਆਉਂਦੀਆਂ, ਥੱਕੀਆਂ ਅਤੇ ਉੱਡੀਆਂ ਉੱਡੀਆਂ, ਅਤੇ ਕਮਰੇ ਵਿੱਚ ਚੁੱਪ ਚਾਪ ਮਰ ਜਾਂਦੀਆਂ।

ਅਗਲੀ ਸਵੇਰ ਸਾਝਰੇ, ਉਹਨੇ ਸਾਮਾਵਰ ਲਿਸ਼ਕਾਇਆ, ਚਾਹ ਲਈ ਪਾਣੀ ਉਬਾਲਿਆ, ਚੁੱਪ ਚਾਪ ਮੇਜ਼ ਪਰੋਸਿਆ ਅਤੇ ਰਸੋਈ ਵਿੱਚ ਬਹਿ ਕੇ ਨਿਕੋਲਾਈ ਦੇ ਜਾਗਣ ਦੀ ਉਡੀਕ ਕਰਨ ਲੱਗ ਪਈ। ਅਖ਼ੀਰ ਉਹਨੇ ਖੰਘਦੇ ਹੋਏ ਦਰਵਾਜ਼ਾ ਖੋਹਲਿਆ, ਉਹਨੇ ਇੱਕ ਹੱਥ ਵਿੱਚ ਆਪਣੀ ਐਨਕ ਫੜੀ ਹੋਈ ਸੀ ਅਤੇ ਦੂਜੇ ਨਾਲ਼ ਆਪਣਾ ਗਲਾ ਫੜਿਆ ਹੋਇਆ ਸੀ।

ਉਹਨਾਂ ਇੱਕ ਦੂਜੇ ਨੂੰ ਸ਼ੁਭ-ਇੱਛਾਵਾਂ ਆਖੀਆਂ ਅਤੇ ਫਿਰ ਉਹ ਸਾਮਾਵਰ ਦੂਜੇ ਕਮਰੇ ਵਿੱਚ ਲੈ ਗਈ ਅਤੇ ਨਿਕੋਲਾਈ ਨੇ ਮੂੰਹ ਧੋਤਾ, ਫ਼ਰਸ਼ ਉੱਤੇ ਪਾਣੀ ਦੇ ਛੱਟੇ ਸੁੱਟਦੇ ਹੋਏ, ਸਾਬਣ ਅਤੇ ਆਪਣਾ ਦੰਦਾਂ ਦਾ ਬੁਰਸ਼ ਡੇਗਦੇ ਹੋਏ, ਆਪਣੇ ਵਲੱਲੇਪੁਣੇ ਉੱਤੇ ਬੁੜ ਬੁੜ ਕਰਦੇ ਹੋਏ।

ਛਾਹ ਵੇਲਾ ਕਰਦੇ ਹੋਏ ਉਹਨੇ ਮਾਂ ਨੂੰ ਕਿਹਾ:

"ਜ਼ੇਮਸਤਵੋ ਬੋਰਡ 'ਤੇ ਮੇਰਾ ਇੱਕ ਸੋਗੀ ਜਿਹਾ ਫ਼ਰਜ਼ ਏ — ਇਹ ਵੇਖਣ ਦਾ ਕਿ ਸਾਡੇ ਕਿਸਾਨ ਕਿਵੇਂ ਉੱਜੜ ਰਹੇ ਨੇ।..."

ਉਹ ਕਸੂਰਵਾਰ ਢੰਗ ਨਾਲ਼ ਮੁਸਕਰਾਇਆ।

"ਲੋੜੋਂ ਘੱਟ ਖ਼ੁਰਾਕ ਕਿਸਾਨਾਂ ਨੂੰ ਸਮੇਂ ਤੋਂ ਪਹਿਲਾਂ ਮਾਰ ਰਹੀ ਏ। ਉਹਨਾਂ ਦੇ ਬੱਚੇ ਜੰਮਦਿਆਂ ਹੀ ਕਮਜ਼ੋਰ ਹੁੰਦੇ ਨੇ ਅਤੇ ਇਉਂ ਮਰਦੇ ਨੇ ਜਿਵੇਂ ਪਤ-ਝੜ ਵਿੱਚ ਮੱਖੀਆਂ। ਅਸੀਂ ਇਹ ਸਭ ਕੁਝ ਜਾਣਦੇ ਆਂ ਅਤੇ ਇਹਦਾ ਕਾਰਨ ਵੀ ਜਾਣਦੇ ਆਂ। ਸਾਨੂੰ ਤਾਂ ਇਸ ਅਮਲ ਦਾ ਧਿਆਨ ਰੱਖਣ ਲਈ ਤਨਖ਼ਾਹਾਂ ਵੀ ਦਿੱਤੀਆਂ ਜਾਂਦੀਆਂ ਨੇ, ਪਰ ਮਾਮਲਾ ਉੱਥੇ ਮੁੱਕ ਜਾਂਦੈ।..."

"ਤੂੰ ਵਿਦਿਆਰਥੀ ਏਂ ?" ਮਾਂ ਨੇ ਪੁੱਛਿਆ।

"ਨਹੀਂ, ਮੈਂ ਅਧਿਆਪਕ ਆਂ। ਮੇਰਾ ਪਿਉ ਵਿਆਕਤਾ ਵਿੱਚ ਕਾਰਖ਼ਾਨੇ ਦਾ ਮੈਨੇਜਰ ਏ, ਪਰ ਮੈਂ ਅਧਿਆਪਕ ਬਣ ਗਿਆ। ਪਿੰਡ ਵਿੱਚ ਮੈਂ ਮੁਜ਼ੀਕਾਂ ਵਿੱਚ ਕਿਤਾਬਾਂ ਵੰਡੀਆਂ ਅਤੇ ਇਸ ਲਈ ਮੈਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਆਪਣੀ ਸਜ਼ਾ ਭੁਗਤਣ ਪਿੱਛੋਂ, ਮੈਂ ਕਿਤਾਬਾਂ ਦੀ ਇੱਕ ਦੁਕਾਨ ਵਿੱਚ ਵਿਕਰੀ ਦਾ ਕੰਮ ਕਰਨ ਲੱਗ ਪਿਆ, ਪਰ ਆਪਣੀ ਲਾਪਰਵਾਹੀ ਕਾਰਨ ਮੈਂ ਫਿਰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਅਤੇ ਫਿਰ ਆਰਖਾਂਗੇਲਸਕ ਵਿਖੇ ਜਲਾਵਤਨ ਕਰ ਦਿੱਤਾ ਗਿਆ। ਉੱਥੇ ਵੀ ਮੈਂ ਗਵਰਨਰ ਨੂੰ ਨਰਾਜ਼ ਕਰ ਲਿਆ ਅਤੇ ਚਿੱਟੇ ਸਾਗਰ ਦੇ ਕੰਢੇ ਇੱਕ ਪਿੰਡ ਵਿੱਚ ਭੇਜ ਦਿੱਤਾ ਗਿਆ, ਜਿੱਥੇ ਮੈਂ ਪੰਜ ਵਰ੍ਹੇ ਰਿਹਾ।"

ਉਹਦੀ ਅਵਾਜ਼ ਰੌਸ਼ਨ ਧੁਪਿਆਲੇ ਕਮਰੇ ਵਿੱਚ ਬੜੀ ਰਵਾਂ ਅਤੇ ਠਰ੍ਹੰਮੇ ਨਾਲ਼ ਵਗਦੀ ਗਈ। ਮਾਂ ਨੇ ਹੁਣ ਤੱਕ ਅਜਿਹੀਆਂ ਕਈ ਕਹਾਣੀਆਂ ਸੁਣੀਆਂ ਸਨ, ਪਰ ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਜਿਹੜੇ ਲੋਕ ਇਹ ਕਹਾਣੀਆਂ ਦੱਸਦੇ ਨੇ ਉਹ ਇੰਨੇ ਸ਼ਾਂਤ ਕਿਵੇਂ ਰਹਿੰਦੇ ਨੇ, ਜਿਵੇਂ ਇਹ ਕੋਈ ਅਟੱਲ ਗੱਲ ਹੋਵੇ।

"ਅੱਜ ਮੇਰੀ ਭੈਣ ਆ ਰਹੀ ਏ," ਨਿਕੋਲਾਈ ਨੇ ਕਿਹਾ।

"ਉਹ ਵਿਆਹੀ ਹੋਈ ਵੇ ?"

"ਉਹ ਵਿਧਵਾ ਏ। ਉਹਦਾ ਪਤੀ ਸਾਇਬੇਰੀਆ ਵਿੱਚ ਜਲਾਵਤਨ ਕੀਤਾ ਗਿਆ, ਪਰ ਉਹ ਉੱਥੋਂ ਨੱਠ ਗਿਆ; ਦੋ ਵਰ੍ਹੇ ਹੋਏ ਯੂਰਪ ਵਿੱਚ ਤਪਦਿਕ ਕਾਰਨ ਮਰ ਗਿਆ।..."

"ਉਹ ਤੇਰੇ ਨਾਲ਼ੋਂ ਨਿੱਕੀ ਏ ?"

"ਨਹੀਂ, ਛੇ ਵਰ੍ਹੇ ਵੱਡੀ। ਮੈਂ ਉਹਦਾ ਬਹੁਤ ਹੀ ਰਿਣੀ ਆਂ। ਜ਼ਰਾ ਉਹਨੂੰ ਪਿਆਨੋ ਵਜਾਉਂਦੇ ਸੁਣੀ! ਇਹ ਉਹਦਾ ਪਿਆਨੋ ਏ।... ਤੇ ਹੋਰ ਵੀ ਕਈ ਚੀਜ਼ਾਂ ਉਹਦੀਆਂ ਨੇ। ਕਿਤਾਬਾਂ ਮੇਰੀਆਂ ਨੇ।..."

"ਉਹ ਕਿੱਥੇ ਰਹਿੰਦੀ ਵੇ ?"

"ਹਰ ਥਾਂ," ਉਹਨੇ ਮੁਸਕਰਾ ਕੇ ਜਵਾਬ ਦਿੱਤਾ। "ਜਿੱਥੇ ਕਿੱਧਰੇ ਉਹਨਾਂ ਨੂੰ ਕਿਸੇ ਦਲੇਰ ਬੰਦੇ ਦੀ ਲੋੜ ਹੁੰਦੀ ਏ, ਉੱਥੇ ਉਹ ਹੁੰਦੀ ਏ।"

"ਉਹ ਵੀ — ਇਹੋ ਕੰਮ — ਕਰਦੀ ਵੇ ?"

"ਉਹ ਹਾਂ !" ਨਿਕੋਲਾਈ ਨੇ ਜਵਾਬ ਦਿੱਤਾ।

ਛੇਤੀ ਹੀ ਉਹ ਚਲਾ ਗਿਆ ਅਤੇ ਮਾਂ ਨੇ "ਇਹੋ ਕੰਮ" ਅਤੇ ਉਹਨਾਂ ਲੋਕਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਜਿਹੜੇ ਸ਼ਾਂਤੀ ਅਤੇ ਸਿਰੜ ਨਾਲ਼ ਆਪਣੇ ਆਪ ਨੂੰ ਨਿਤਾ ਪ੍ਰਤੀ ਇਸ ਕੰਮ ਦੇ ਅਰਪਨ ਕਰ ਰਹੇ ਸਨ। ਅਤੇ ਉਹਨੇ ਅਨੁਭਵ ਕੀਤਾ ਕਿ ਉਹਨਾਂ ਦੇ ਸਾਹਮਣੇ ਉਹ ਗਿੱਠ-ਮੁਠੀਆ ਹੈ, ਜਿਵੇਂ ਮਨੁੱਖ ਰਾਤ ਨੂੰ ਪਹਾੜ ਦੇ ਸਾਹਮਣੇ ਨਿੱਕਚੂ ਜਿਹਾ ਹੋ ਜਾਂਦੈ।

ਦੁਪਹਿਰ ਦੇ ਨੇੜੇ ਕਾਲ਼ੇ ਕੱਪੜੇ ਪਹਿਨੀ ਇੱਕ ਲੰਮੀ ਸੋਹਣੀ ਇਸਤਰੀ ਨੇ ਘੰਟੀ ਵਜਾਈ। ਜਦੋਂ ਮਾਂ ਨੇ ਦਰਵਾਜ਼ਾ ਖੋਹਲਿਆ ਤਾਂ ਇਸਤਰੀ ਨੇ ਆਪਣਾ ਨਿੱਕਾ ਪੀਲ਼ਾ ਥੈਲਾ ਫ਼ਰਸ਼ ਉੱਤੇ ਸੁੱਟ ਦਿੱਤਾ ਅਤੇ ਚੁੱਪ ਚਾਪ ਮਾਂ ਦਾ ਹੱਥ ਫੜ ਲਿਆ।

"ਮੇਰਾ ਖ਼ਿਆਲ ਏ ਤੂੰ ਪਾਵੇਲ ਮਿਖਾਈਲੋਵਿਚ ਦੀ ਮਾਂ ਏਂ ?" ਉਹਨੇ ਕਿਹਾ।

"ਹਾਂ," ਮਾਂ ਨੇ ਜਵਾਬ ਦਿੱਤਾ, ਇਸਤਰੀ ਦੇ ਸੋਹਣੇ ਕੱਪੜਿਆਂ ਨੇ ਉਹਨੂੰ ਔਖਾ ਕਰ ਦਿੱਤਾ ਸੀ।

"ਤੂੰ ਤਾਂ ਐਨ ਉਹੋ ਜਿਹੀ ਏਂ, ਜਿਹੋ ਜਿਹੀ ਮੈਂ ਸੋਚਿਆ ਸੀ ਤੂੰ ਹੋਵੇਂਗੀ ! ਮੇਰੇ ਭਰਾ ਨੇ ਮੈਨੂੰ ਲਿਖਿਆ ਸੀ ਕਿ ਤੂੰ ਇੱਥੇ ਆਕੇ ਰਹੇਂਗੀ," ਇਸਤਰੀ ਨੇ ਸ਼ੀਸ਼ੇ ਦੇ ਸਾਹਮਣੇ ਆਪਣਾ ਹੈਟ ਲਾਹੁੰਦੇ ਹੋਏ ਕਿਹਾ। "ਮੈਂ ਬੜੇ ਚਿਰ ਤੋਂ ਪਾਵੇਲ ਮਿਖਾਈਲੋਵਿਚ ਦੀ ਮਿੱਤਰ ਰਹੀ ਆਂ। ਉਹਨੇ ਮੈਨੂੰ ਤੇਰੇ ਬਾਰੇ ਦੱਸਿਐ।"

ਉਹਦੀ ਅਵਾਜ਼ ਭਾਰੀ ਸੀ ਅਤੇ ਉਹ ਹੌਲ਼ੀ ਹੌਲ਼ੀ ਬੋਲਦੀ, ਪਰ ਉਹਦੀਆਂ ਹਰਕਤਾਂ ਛੁਹਲੀਆਂ ਅਤੇ ਤਕੜੀਆਂ ਸਨ। ਉਹਦੀਆਂ ਭੂਰੀਆਂ ਅੱਖਾਂ ਦੇ ਉਲਟ ਸਨ ਉਹ ਪਤਲੀਆਂ ਝੁਰੜੀਆਂ ਜਿਹੜੀਆਂ ਉਹਦੀਆਂ ਪੁੜਪੁੜੀਆਂ ਉੱਤੇ ਵੇਖੀਆਂ ਜਾ ਸਕਦੀਆਂ ਸਨ ਅਤੇ ਉਹ ਚਿੱਟੇ ਵਾਲ ਜਿਹੜੇ ਉਹਦੇ ਕੰਨਾਂ ਦੇ ਨਾਜ਼ੁਕ ਸੰਖਾਂ ਉੱਤੇ ਚਾਂਦੀ ਵਾਂਗ ਲਿਸ਼ਕ ਰਹੇ ਸਨ।

"ਮੈਂ ਭੁੱਖੀ ਆਂ !" ਉਹਨੇ ਕਿਹਾ। "ਕਾਫ਼ੀ ਦਾ ਕੱਪ ਖ਼ੂਬ ਰਹੇਗਾ।..."

"ਮੈਂ ਬਣਾ ਦੇਂਦੀ ਵਾਂ," ਮਾਂ ਨੇ ਕਿਹਾ। "ਤੂੰ ਕਿਹੈ ਪਾਵੇਲ ਨੇ ਤੇਰੇ ਨਾਲ਼ ਮੇਰੀ ਗੱਲ ਕੀਤੀ ਸੀ ?" ਉਹਨੇ ਅਲਮਾਰੀ ਵਿੱਚੋਂ ਕਾਫ਼ੀਦਾਨੀ ਕੱਢਦੇ ਹੋਏ ਕਿਹਾ।

"ਬਹੁਤ ਅਕਸਰ।..." ਇਸਤਰੀ ਨੇ ਚਮੜੇ ਦਾ ਨਿੱਕਾ ਜਿਹਾ ਸਿਗਰਟ ਕੇਸ ਕੱਢਿਆ, ਇੱਕ ਸਿਗਰਟ ਲਾਈ ਅਤੇ ਟਹਿਲਣ ਲੱਗ ਪਈ।

"ਤੈਨੂੰ ਉਹਦੇ ਬਾਰੇ ਬਹੁਤ ਫ਼ਿਕਰ ਏ ?"

ਮਾਂ ਨੇ ਕਾਫ਼ੀਦਾਨੀ ਦੇ ਹੇਠਾਂ ਸਪਿਰਟ-ਲੈਂਪ ਦੀ ਨੀਲ਼ੀ ਲਾਟ ਨੂੰ ਵੇਖਿਆ ਅਤੇ ਮੁਸਕਰਾਈ। ਖੁਸ਼ੀ ਨੇ ਉਸ ਔਖ ਨੂੰ ਹੜੱਪ ਲਿਆ ਜਿਹੜਾ ਇਸ ਇਸਤਰੀ ਦੇ ਸਾਹਮਣੇ ਉਹਨੇ ਅਨੁਭਵ ਕੀਤਾ ਸੀ।

"ਸੋ ਉਹਨੇ ਤੇਰੇ ਨਾਲ਼ ਮੇਰੇ ਬਾਰੇ ਗੱਲ ਕੀਤੀ ਸੀ, ਬੀਬਾ ਰਾਣਾ!" ਮਾਂ ਨੇ ਮਨ ਹੀ ਮਨ ਵਿੱਚ ਸੋਚਿਆ ਅਤੇ ਹੌਲ਼ੀ ਹੌਲ਼ੀ ਕਿਹਾ। "ਜ਼ਰੂਰ ਮੈਂ ਫ਼ਿਕਰਮੰਦ ਵਾਂ। ਇਹ ਕੋਈ ਸੌਖੀ ਗੱਲ ਨਹੀਂ, ਪਰ ਜੇ ਇਹ ਪਹਿਲਾਂ ਕਦੀ ਹੋਈ ਹੁੰਦੀ ਤਾਂ ਇਹ ਹੋਰ ਵੀ ਔਖੀ ਹੁੰਦੀ। ਘੱਟੋ ਘੱਟ ਹੁਣ ਮੈਨੂੰ ਪਤੈ ਉਹ ਇਕੱਲਾ ਨਹੀਂ।..."

ਇਸਤਰੀ ਦੇ ਮੂੰਹ ਵੱਲ ਵੇਖਦੇ ਹੋਏ ਮਾਂ ਨੇ ਪੁੱਛਿਆ, ਉਹਦਾ ਨਾਂ ਕੀ ਸੀ।

"ਸੋਫ਼ੀਆ," ਜਵਾਬ ਮਿਲਿਆ।

ਮਾਂ ਨੇ ਉਹਨੂੰ ਧਿਆਨ ਨਾਲ਼ ਵੇਖਿਆ। ਇਸ ਇਸਤਰੀ ਵਿੱਚ ਕੁਝ ਵਹਾ ਦੇਣ ਵਾਲ਼ਾ ਸੀ — ਲਗਭਗ ਲੋੜੋਂ ਵੱਧ ਦਲੇਰ ਅਤੇ ਕਾਹਲਾ।

"ਸਭ ਤੋਂ ਵੱਡੀ ਗੱਲ ਇਹ ਏ ਕਿ ਉਹ ਸਾਰੇ ਛੇਤੀ ਤੋਂ ਛੇਤੀ ਰਿਹਾ ਹੋ ਜਾਣ," ਸੋਫ਼ੀਆ ਨੇ ਭਰੋਸੇ ਨਾਲ਼ ਕਿਹਾ। "ਜੇ ਕਿਤੇ ਉਹ ਮੁਕੱਦਮਾ ਛੇਤੀ ਸ਼ੁਰੂ ਕਰ ਦੇਣ! ਜਿਉਂ ਹੀ ਉਹ ਉਹਨਾਂ ਨੂੰ ਜਲਾਵਤਨ ਕਰਨਗੇ ਅਸੀਂ ਪਾਵੇਲ ਮਿਖਾਈਲੋਵਿਚ ਦੇ ਨੱਠ ਜਾਣ ਦਾ ਬੰਦੋਬਸਤ ਕਰਾਂਗੇ। ਉਹਦੀ ਇੱਥੇ ਲੋੜ ਏ।"

ਮਾਂ ਨੇ ਬੇਦਲੀਲੀ ਨਾਲ਼ ਸੋਫ਼ੀਆ ਵੱਲ ਵੇਖਿਆ, ਜਿਹੜੀ ਆਪਣਾ ਸਿਗਰਟ ਦਾ ਟੋਟਾ ਰੱਖਣ ਲਈ ਕੋਈ ਥਾਂ ਲੱਭ ਰਹੀ ਸੀ। ਅਖ਼ੀਰ ਉਹਨੇ ਇਹ ਗਮਲੇ ਦੀ ਮਿੱਟੀ ਵਿੱਚ ਬੁਝਾ ਦਿੱਤਾ।

"ਇਉਂ ਫੁੱਲ ਖ਼ਰਾਬ ਹੋ ਜਾਂਦੇ ਨੇ," ਮਾਂ ਨੇ ਆਪ-ਮੁਹਾਰੇ ਕਿਹਾ।

"ਮੈਨੂੰ ਮਾਫ਼ ਕਰਨਾ," ਸੋਫ਼ੀਆ ਨੇ ਕਿਹਾ। "ਨਿਕੋਲਾਈ ਵੀ ਮੈਨੂੰ ਇਹੋ ਕੁਝ ਕਹਿੰਦੈ।" ਉਹਨੇ ਟੋਟਾ ਕੱਢਿਆ ਅਤੇ ਬਾਰੀ ਵਿੱਚੋਂ ਬਾਹਰ ਸੁੱਟ ਦਿੱਤਾ।

ਪ੍ਰੇਸ਼ਾਨ ਹੋਈ ਮਾਂ ਨੇ ਉਹਦੇ ਵੱਲ ਇੱਕ ਦੋਸ਼ੀ ਨਿਗਾਹ ਮਾਰੀ।

"ਮਾਫ਼ ਕਰੀਂ," ਉਹਨੇ ਕਿਹਾ, "ਪਤਾ ਨਹੀਂ ਮੈਂ ਕੀ ਕਹਿ ਗਈ ਵਾਂ। ਮੈ ਤੈਨੂੰ ਕਿਵੇਂ ਕਹਿ ਸਕਦੀ ਵਾਂ ਕੀ ਕਰ ਤੇ ਕੀ ਨਾ ਕਰ!"

"ਜੇ ਮੈਂ ਇੰਨਾ ਗੰਦ ਪਾਉਂਦੀ ਆਂ ਤਾਂ ਕਿਉਂ ਨਹੀਂ," ਸੋਫ਼ੀਆ ਨੇ ਮੋਢੇ ਸੰਗੋੜ ਕੇ ਜਵਾਬ ਦਿੱਤਾ। "ਕਾਫ਼ੀ ਬਣ ਗਈ ਕਿ ਨਹੀਂ? ਧੰਨਵਾਦ! ਪਰ ਇੱਕੋ ਪਿਆਲਾ ਕਿਉਂ? ਤੂੰ ਨਹੀਂ ਪੀਣੀ?"

ਅਚਾਨਕ ਉਹਨੇ ਮਾਂ ਦੇ ਮੋਢੇ ਫੜ ਲਏ, ਉਹਦੀਆਂ ਅੱਖਾਂ ਵਿੱਚ ਡੂੰਘੇ ਝਾਕਦੇ ਹੋਏ ਉਹਨੂੰ ਨੇੜੇ ਖਿੱਚ ਲਿਆ।

"ਸੰਗਦੀ ਪਈ ਏਂ?" ਉਹਨੇ ਪੁੱਛਿਆ।

ਮਾਂ ਮੁਸਕਰਾਈ।

"ਜਦੋਂ ਮੈਂ ਸਿਗਰਟ ਬਾਰ ਫੁੱਟ ਪਈ ਤਾਂ ਮੈਂ ਸੰਗਣੋਂ ਕਿਵੇਂ ਰੁਕ ਸਕਦੀ ਵਾਂ? ਪਰ ਤੂੰ ਆਪੇ ਵੇਖ," ਉਹਨੇ ਆਪਣੀ ਹੈਰਾਨੀ ਲੁਕਾਉਣ ਦਾ ਜਤਨ ਕਰਦੇ ਬਿਨਾਂ ਵਾਧਾ ਕੀਤਾ, "ਮੈਂ ਅਜੇ ਕੱਲ੍ਹ ਇੱਥੇ ਆਈ ਵਾਂ, ਪਰ ਮੈਨੂੰ ਜਾਪਦੈ ਕਿ ਇਹ ਹੁਣੇ ਹੀ ਮੇਰਾ ਆਪਣਾ ਘਰ ਵੇ — ਮੈਂ ਕਿਸੇ ਗੱਲੋਂ ਨਹੀਂ ਡਰਦੀ, ਜੋ ਮੂੰਹ ਆਉਂਦੈ ਕਹਿੰਦੀ ਵਾਂ।..."

"ਐਨ ਇਸੇ ਤਰ੍ਹਾਂ ਹੋਣਾ ਚਾਹੀਦੈ!" ਸੋਫ਼ੀਆ ਉੱਚੀ ਜਿਹੇ ਬੋਲੀ!

"ਮੇਰਾ ਸਿਰ ਚਕਰਾ ਰਿਹੈ ਤੇ ਮੈਨੂੰ ਆਪਣਾ ਪਤਾ ਨਹੀਂ," ਮਾਂ ਨੇ ਮੁੜ ਗੱਲ ਸ਼ੁਰੂ ਕੀਤੀ। "ਇੱਕ ਸਮਾਂ ਸੀ ਜਦੋਂ ਕਿਸੇ ਬੰਦੇ ਅੱਗੇ ਆਪਣਾ ਦਿਲ ਫੋਲਣ ਲਈ ਮੇਰੇ ਵਾਸਤੇ ਇਹ ਜ਼ਰੂਰੀ ਸੀ ਕਿ ਮੈਂ ਉਹਨੂੰ ਪੂਰੀ ਤਰ੍ਹਾਂ ਜਾਣਾਂ, ਪਰ ਹੁਣ ਮੇਰਾ ਦਿਲ ਸਦਾ ਖੁੱਲ੍ਹਾ ਵੇ ਤੇ ਮੈਂ ਅਜਿਹੀਆਂ ਗੱਲਾਂ ਕਹਿੰਦੀ ਵਾਂ ਜਿਨ੍ਹਾਂ ਦਾ ਮੈਂ ਪਹਿਲਾਂ ਕਦੀ ਸੁਪਨਾ ਵੀ ਨਹੀਂ ਲਿਆ।..."

ਸੋਫ਼ੀਆ ਨੇ ਇੱਕ ਹੋਰ ਸਿਗਰਟ ਲਾਈ ਅਤੇ ਆਪਣੀਆਂ ਸਲੇਟੀ ਅੱਖਾਂ ਦੀ ਨਰਮ ਲੋਅ ਮਾਂ ਵੱਲ ਮੋੜ ਦਿੱਤੀ।

"ਤੂੰ ਕਹਿਨੀ ਵੇ ਤੂੰ ਇਸ ਗੱਲ ਦਾ ਇੰਤਜ਼ਾਮ ਕਰ ਦੇਵੇਂਗੀ ਕਿ ਉਹ ਨੱਠ ਜਾਵੇ। ਪਰ ਉਹ ਗੁਜ਼ਾਰਾ ਕਿਵੇਂ ਕਰੇਗਾ — ਮਫ਼ਰੂਰ ?" ਮਾਂ ਨੇ ਆਪਣੇ ਦਿਲ ਤੋਂ ਇਸ ਤੰਗ ਕਰਨ ਵਾਲ਼ੇ ਸਵਾਲ ਦਾ ਭਾਰ ਲਾਹੁੰਦੇ ਹੋਏ ਪੁੱਛਿਆ।

"ਇਹ ਕੋਈ ਔਖੀ ਗੱਲ ਨਹੀਂ ਹੋਣ ਲੱਗੀ," ਸੋਫ਼ੀਆ ਨੇ ਆਪਣੇ ਲਈ ਕਾਫ਼ੀ ਦਾ ਇੱਕ ਹੋਰ ਪਿਆਲਾ ਬਣਾਉਂਦੇ ਹੋਏ ਕਿਹਾ। "ਉਹ ਦਰਜਨਾਂ ਹੋਰਨਾਂ ਮਫ਼ਰੂਰਾਂ ਵਾਂਗ ਰਹੀ ਜਾਵੇਗਾ।... ਮੈਂ ਹੁਣੇ ਹੀ ਉਹਨਾਂ ਵਿੱਚੋਂ ਇੱਕ ਨੂੰ ਮਿਲੀ ਸਾਂ ਤੇ ਉਹਨੂੰ ਵਿਖਾਇਆ ਹੈ ਕਿ ਉਹ ਕਿੱਥੇ ਰਹੇ। ਉਹਦੀ ਵੀ ਬਹੁਤ ਲੋੜ ਏ। ਉਹਨੂੰ ਪੰਜਾਂ ਵਰ੍ਹਿਆਂ ਦੀ ਸਜ਼ਾ ਦਿੱਤੀ ਗਈ ਸੀ, ਪਰ ਉਹਨੇ ਜਲਾਵਤਨੀ ਵਿੱਚ ਬਸ ਸਾਢੇ ਤਿੰਨ ਮਹੀਨੇ ਹੀ ਕੱਟੇ।..."

ਮਾਂ ਨੇ ਉਹਦੇ ਵੱਲ ਥੋੜ੍ਹੀ ਦੇਰ ਵੇਖਿਆ ਅਤੇ ਫਿਰ ਮੁਸਕਰਾਈ।

"ਜਾਪਦੈ ਪਹਿਲੀ ਮਈ ਨੇ ਮੈਨੂੰ ਕੁਝ ਕਰ ਦਿੱਤੈ," ਉਹਨੇ ਨਰਮੀ ਨਾਲ਼ ਸਿਰ ਹਿਲਾਕੇ ਕਿਹਾ। "ਮੈਨੂੰ ਕੁਝ ਅਹੁੜ ਨਹੀਂ ਰਿਹਾ, ਜਿਵੇਂ ਮੈਂ ਇੱਕੋ ਸਮੇਂ ਦੋ ਵੱਖ ਵੱਖ ਸੜਕਾਂ ਉੱਤੇ ਜਾ ਰਹੀ ਹੋਵਾਂ। ਕਦੀ ਕਦੀ ਜਾਪਦੈ ਮੈਂ ਸਭ ਕੁਝ ਸਮਝ ਲਿਐ, ਪਰ ਫਿਰ ਸਭ ਕੁਝ ਧੁੰਦਲਾ ਹੋ ਜਾਂਦੈ। ਤੂੰ ਆਪਣੇ ਵੱਲ ਈ ਵੇਖ — ਇੱਕ ਸਾਊ ਜ਼ਨਾਨੀ, ਇਹ ਕੰਮ ਪਈ ਕਰਦੀ ਵੇਂ।... ਤੂੰ ਮੇਰੇ ਪਾਵੇਲ ਨੂੰ ਜਾਣਦੀ ਵੇਂ ਅਤੇ ਉਹਦੇ ਬਾਰੇ ਚੰਗੀ ਗੱਲ ਕਰਨੀ ਵੇਂ ਤੇ ਮੈਂ ਇਸ ਲਈ ਤੇਰੀ ਰਿਣੀ ਵਾਂ।..."

"ਧੰਨਵਾਦ ਤਾਂ ਤੇਰਾ ਕੀਤਾ ਜਾਣਾ ਚਾਹੀਦੈ," ਸੋਫ਼ੀਆ ਹੱਸੀ।

"ਮੈਂ ਕੀ ਕੀਤੈ ? ਇਹ ਸਭ ਕੁਝ ਉਹਨੂੰ ਮੈਂ ਤਾਂ ਨਹੀਂ ਸਿਖਾਇਆ," ਮਾਂ ਨੇ ਹਉਕਾ ਭਰਿਆ।

ਸੋਫ਼ੀਆ ਨੇ ਆਪਣੀ ਸਿਗਰਟ ਇੱਕ ਪਿਰਚ ਵਿੱਚ ਬੁਝਾ ਦਿੱਤੀ ਅਤੇ ਆਪਣਾ ਸਿਰ ਹਿਲਾਇਆ, ਇੱਥੋਂ ਤੱਕ ਕਿ ਉਹਦੇ ਸੁਨਹਿਰੀ ਵਾਲਾਂ ਦੇ ਘਣੇ ਲੱਛੇ ਡਿੱਗ ਕੇ ਉਹਦੀ ਕਮਰ ਤੱਕ ਆ ਗਏ।

"ਮੇਰੇ ਲਈ ਇਹ ਸਾਰੀ ਸਜ ਧਜ ਲਾਹ ਦੇਣ ਦਾ ਸਮਾਂ ਆ ਗਿਐ," ਉਹਨੇ ਉੱਠਦੇ ਤੇ ਬਾਹਰ ਜਾਂਦੇ ਹੋਏ ਕਿਹਾ।

## 3

ਨਿਕੋਲਾਈ ਸ਼ਾਮੀਂ ਮੁੜਿਆ। ਜਦੋਂ ਉਹ ਖਾਣਾ ਖਾ ਰਹੇ ਸਨ ਤਾਂ ਸੋਫ਼ੀਆ ਨੇ ਹੱਸਦੇ ਹੋਏ

ਦੱਸਿਆ ਕਿ ਕਿਵੇਂ ਉਹ ਜਲਾਵਤਨੀ ਤੋਂ ਨੱਠੇ ਇੱਕ ਮਫ਼ਰੂਰ ਨੂੰ ਮਿਲੀ ਅਤੇ ਉਹਨੂੰ ਲੁਕਾਇਆ, ਕਿਵੇਂ ਉਹ ਸੂਹੀਆਂ ਤੋਂ ਡਰਦੀ ਸੀ, ਹਰ ਇੱਕ ਉੱਤੇ ਸ਼ੱਕ ਕਰਦੀ ਅਤੇ ਮਫ਼ਰੂਰ ਦਾ ਵਤੀਰਾ ਕਿਹੋ ਜਿਹਾ ਹਸਾਉਣਾ ਸੀ। ਮਾਂ ਨੂੰ ਉਹਦੇ ਬੋਲਣ ਦੇ ਢੰਗ ਵਿੱਚ ਕੁਝ ਫੜ ਮਾਰਨ ਜਿਹਾ ਜਾਪਿਆ ਜਿਵੇਂ ਉਹ ਇੱਕ ਕਿਰਤੀ ਸੀ ਜਿਹੜੀ ਕਿਸੇ ਔਖੇ ਕੰਮ ਨੂੰ ਚੰਗੀ ਤਰ੍ਹਾਂ ਨੇਪਰੇ ਚਾੜ੍ਹਨ ਦੀ ਗੱਲ ਦੱਸ ਰਹੀ ਸੀ।

ਹੁਣ ਉਹਨੇ ਪੂਰੀ ਘੱਗਰੀ ਵਾਲ਼ਾ ਇੱਕ ਸਲੇਟੀ ਹੁਨਾਲੀ ਲਿਬਾਸ ਪਹਿਨਿਆ ਹੋਇਆ ਸੀ। ਇਹਦੇ ਵਿੱਚ ਉਹ ਹੋਰ ਵੀ ਲੰਮੀ ਜਾਪਦੀ ਸੀ, ਉਹਦੀਆਂ ਅੱਖਾਂ ਗੂੜ੍ਹੀਆਂ ਜਾਪਦੀਆਂ ਅਤੇ ਉਹਦੀਆਂ ਹਰਕਤਾਂ ਵਧੇਰੇ ਠਰ੍ਹੰਮੇ ਵਾਲ਼ੀਆਂ ਜਾਪਦੀਆਂ।

"ਸੋਫ਼ੀਆ, ਹੁਣ ਤੈਨੂੰ ਇੱਕ ਹੋਰ ਕੰਮ ਕਰਨਾ ਪੈਣੈ," ਨਿਕੋਲਾਈ ਨੇ ਖਾਣੇ ਤੋਂ ਪਿੱਛੋਂ ਕਿਹਾ। "ਮੈਂ ਤੈਨੂੰ ਦੱਸਿਆ ਸੀ ਅਸਾਂ ਕਿਸਾਨਾਂ ਲਈ ਅਖ਼ਬਾਰ ਛਾਪਣਾ ਮੰਨ ਲਿਆ ਸੀ, ਪਰ ਇਹਨਾਂ ਸਾਰੀਆਂ ਗ੍ਰਿਫ਼ਤਾਰੀਆਂ ਕਰਕੇ ਸਾਡਾ ਉਸ ਬੰਦੇ ਨਾਲ਼ ਸਬੰਧ ਟੁੱਟ ਗਿਐ ਜਿਸਨੇ ਇਹ ਵੰਡਣਾ ਸੀ। ਇਕੱਲੀ ਪੇਲਾਗੀਆ ਨਿਲੋਵਨਾ ਹੀ ਉਹਨੂੰ ਲੱਭਣ ਵਿੱਚ ਸਾਡੀ ਮਦਦ ਕਰ ਸਕਦੀ ਏ। ਤੈਨੂੰ ਉਹਦੇ ਨਾਲ਼ ਪੇਂਡੂ ਇਲਾਕੇ ਵਿੱਚ ਜਾਣਾ ਪਵੇਗਾ ਤੇ ਇਹ ਕੰਮ ਛੇਤੀ ਤੋਂ ਛੇਤੀ ਕਰਨਾ ਪਵੇਗਾ।"

"ਬਹੁਤ ਅੱਛਾ," ਸੋਫ਼ੀਆ ਨੇ ਆਪਣੀ ਸਿਗਰਟ ਦਾ ਕਸ਼ ਲੈਂਦੇ ਹੋਏ ਕਿਹਾ। "ਅਸੀਂ ਜਾਵਾਂਗੀਆਂ, ਜਾਵਾਂਗੀਆਂ ਨਾ, ਪੇਲਾਗੀਆ ਨਿਲੋਵਨਾ ?"

"ਅਸੀਂ ਜਾਵਾਂਗੀਆਂ।..."

"ਉਹ ਥਾਂ ਦੂਰ ਏ ?"

"ਲਗਭਗ ਅੱਸੀ ਵੇਰਸਤ।..."

"ਕੋਈ ਗੱਲ ਨਹੀਂ ! ਤੇ ਮੇਰਾ ਖ਼ਿਆਲ ਏ ਹੁਣ ਥੋੜ੍ਹਾ ਜਿਹਾ ਸੰਗੀਤ ਚੰਗਾ ਰਹੇਗਾ। ਕੀ ਖ਼ਿਆਲ ਏ, ਪੇਲਾਗੀਆ ਨਿਲੋਵਨਾ, ਤੁਸੀਂ ਮੇਰਾ ਪਿਆਨੋ ਵਜਾਉਣਾ ਸਹਾਰ ਸਕੋਗੇ ?"

"ਮੇਰੀ ਫ਼ਿਕਰ ਨਾ ਕਰੋ — ਤੁਸੀਂ ਇਉਂ ਸਮਝੋ ਜਿਵੇਂ ਮੈਂ ਇੱਥੇ ਹੈ ਹੀ ਨਹੀਂ," ਮਾਂ ਨੇ ਕੌਚ ਦੀ ਇੱਕ ਨੁੱਕਰੇ ਸੁੰਗੜਦੇ ਹੋਏ ਕਿਹਾ। ਭਰਾ ਤੇ ਭੈਣ ਉਹਦੇ ਵੱਲ ਉੱਕਾ ਕੋਈ ਧਿਆਨ ਦੇਂਦੇ ਨਹੀਂ ਸਨ ਜਾਪਦੇ, ਪਰ ਉਹ ਬੜੀ ਚੁਸਤੀ ਨਾਲ਼ ਉਹਨੂੰ ਗੱਲਬਾਤ ਵਿੱਚ ਸ਼ਾਮਲ ਕਰੀ ਰੱਖਦੇ।

"ਇਹ ਸੁਣ ਨਿਕੋਲਾਈ, ਇਹ ਗਰੀਗ ਦੀ ਰਚਨਾ ਏ। ਇਹ ਮੈਂ ਅੱਜ ਆਪਣੇ ਨਾਲ਼ ਲਿਆਈ ਆਂ।... ਬਾਰੀਆਂ ਬੰਦ ਕਰ ਦੇ।"

ਉਹਨੇ ਸੰਗੀਤ-ਲਿਖਤ ਖੋਹਲੀ ਅਤੇ ਆਪਣੇ ਖੱਬੇ ਹੱਥ ਨਾਲ਼ ਹੌਲ਼ੀ ਹੌਲ਼ੀ ਪਿਆਨੋ ਵਜਾਉਣ ਲੱਗ ਪਈ। ਤਾਰਾਂ ਭਰਪੂਰ ਡੂੰਘੀ ਅਵਾਜ਼ ਵਿੱਚ ਗੂੰਜੀਆਂ ਅਤੇ ਇੱਕ ਨਿੰਮ੍ਹਾ ਹਉਕਾ ਲੈ ਕੇ ਇੱਕ ਹੋਰ ਸੁਰੀਲੀ ਅਵਾਜ਼ ਉਹਨਾਂ ਵਿੱਚ ਮਿਲ ਗਈ। ਉਹਦੇ ਸੱਜੇ ਹੱਥ ਦੀਆਂ ਉਂਗਲਾਂ ਹੇਠੋਂ ਸੁਨਹਿਰੀ ਤਾਨਾਂ ਦਾ ਇੱਕ ਲਿਸ਼ਕਦਾ ਝੁਰਮਟ ਉੱਭਰਿਆ, ਖਰਜ ਦੀ ਗੂੜ੍ਹੀ ਪਿਛੋਕੜ ਸਾਹਮਣੇ ਡਰੇ ਪੰਛੀਆਂ ਵਾਂਗ ਨੱਠਦਾ ਅਤੇ ਰਿੜ੍ਹਦਾ।

ਪਹਿਲਾਂ ਪਹਿਲ ਮਾਂ ਉੱਤੇ ਸੰਗੀਤ ਦਾ ਕੋਈ ਪ੍ਰਭਾਵ ਨਾ ਪਿਆ, ਜਿਸਦਾ ਵਹਾ ਉਹਦੇ

ਲਈ ਅਵਾਜ਼ਾਂ ਦਾ ਇੱਕ ਮਿਲਗੋਭਾ ਹੀ ਸੀ। ਉਹਦੇ ਕੰਨ ਗੁੰਝਲਦਾਰ ਸੁਰਮੇਲ ਵਿੱਚੋਂ ਲੈਅ ਨੂੰ ਨਾ ਫੜ ਸਕੇ। ਸੁਪਨਿਆਲੇ ਢੰਗ ਨਾਲ਼ ਉਹ ਨਿਕੋਲਾਈ ਵੱਲ ਵੇਖਦੀ ਰਹੀ, ਜਿਹੜਾ ਆਪਣੀਆਂ ਲੱਤਾਂ ਆਪਣੇ ਹੇਠਾਂ ਕਰਕੇ ਕੌਚ ਦੇ ਦੂਜੇ ਸਿਰੇ ਉੱਤੇ ਬੈਠਾ, ਸੋਫ਼ੀਆ ਦੇ ਗੰਭੀਰ ਮੂੰਹ ਵੱਲ ਵੇਖ ਰਿਹਾ ਸੀ, ਜਿਸਦੇ ਉੱਤੇ ਸੁਨਹਿਰੇ ਵਾਲਾਂ ਦਾ ਢੇਰ ਸੀ। ਸੂਰਜ ਨਿੱਘੀ ਤਰ੍ਹਾਂ ਸੋਫ਼ੀਆ ਦੇ ਸਿਰ ਅਤੇ ਮੋਢਿਆਂ ਨੂੰ ਰੁਸ਼ਨਾਉਂਦਾ ਅਤੇ ਫਿਰ ਸੁਰਾਂ ਉੱਤੇ ਖਿਸਕ ਕੇ ਉਹਦੀਆਂ ਉਂਗਲਾਂ ਨੂੰ ਪਲੋਸਦਾ। ਸੰਗੀਤ ਉੱਭਰਿਆ ਅਤੇ ਕਮਰੇ ਨੂੰ ਭਰ ਦਿੱਤਾ, ਛੋਪਲੇ ਜਿਹੇ ਮਾਂ ਦੇ ਦਿਲ ਵਿੱਚ ਅੱਪੜ ਗਿਆ।

ਕਿਸੇ ਕਾਰਨ ਬੀਤੇ ਦੇ ਹਨੇਰੇ ਟੋਏ ਵਿੱਚੋਂ ਇੱਕ ਬਹੁਤ ਵੱਡਾ ਦੁੱਖ ਉੱਭਰਿਆ, ਜਿਹੜਾ ਚਿਰ ਤੋਂ ਭੁਲਾਇਆ ਹੋਇਆ ਸੀ, ਪਰ ਹੁਣ ਕੌੜੀ ਸਪਸ਼ਟਤਾ ਨਾਲ਼ ਸੁਰਜੀਤ ਹੋ ਕੇ ਸਾਹਮਣੇ ਆਇਆ।

ਇੱਕ ਰਾਤ ਉਹਦਾ ਘਰ ਵਾਲ਼ਾ ਬਹੁਤ ਦੇਰ ਨਾਲ਼ ਘਰ ਮੁੜਿਆ, ਨਸ਼ੇ ਵਿੱਚ ਧੁੱਤ। ਮਾਂ ਨੂੰ ਬਾਂਹੋਂ ਫੜ ਕੇ ਉਹਨੇ ਉਹਨੂੰ ਬਿਸਤਰੇ 'ਚੋਂ ਘਸੀਟ ਕੇ ਫ਼ਰਸ਼ ਉੱਤੇ ਸੁੱਟਿਆ ਅਤੇ ਉਹਦੀ ਵੱਖੀ ਵਿੱਚ ਠੁੱਡਾ ਮਾਰਿਆ।

"ਦਫ਼ਾ ਹੋ ਜਾ ਇੱਥੋਂ, ਕੁੱਤੀਏ! ਮੈਂ ਤੈਥੋਂ ਅੱਕ ਗਿਆਂ!" ਉਹ ਚੀਕਿਆ।

ਆਪਣੇ ਆਪ ਨੂੰ ਉਹਦੀਆਂ ਸੱਟਾਂ ਤੋਂ ਬਚਾਉਣ ਲਈ ਉਹਨੇ ਫ਼ਰਸ਼ ਉੱਤੇ ਗੋਡਿਆਂ ਭਾਰ ਹੋਈ ਨੇ ਆਪਣੇ ਦੋ ਵਰ੍ਹਿਆਂ ਦੇ ਪੁੱਤਰ ਨੂੰ ਚੁੱਕਿਆ ਅਤੇ ਆਪਣੇ ਸਾਹਮਣੇ ਰੱਖਿਆ। ਉਹਦੇ ਹੱਥਾਂ ਵਿੱਚ ਫੜਿਆ ਬੱਚਾ ਰੋਇਆ ਅਤੇ ਹੱਥ ਪੈਰ ਮਾਰਦਾ ਰਿਹਾ ਸੀ, ਨਿੱਘਾ ਅਤੇ ਨੰਗਾ ਅਤੇ ਡਰਿਆ ਹੋਇਆ।

"ਨਿਕਲ ਜਾ!" ਮਿਖਾਇਲ ਗਰਜਿਆ।

ਉਹ ਉੱਛਲ ਕੇ ਖੜੀ ਹੋ ਗਈ ਸੀ, ਦੌੜ ਕੇ ਰਸੋਈ ਵਿੱਚ ਗਈ ਅਤੇ ਆਪਣੇ ਮੋਢਿਆਂ ਉੱਤੇ ਜੈਕਟ ਸੁੱਟ ਕੇ, ਬੱਚੇ ਨੂੰ ਸ਼ਾਲ ਵਿੱਚ ਲਪੇਟ ਕੇ, ਅਤੇ ਚੁੱਪ ਚਾਪ, ਰੋਏ ਜਾਂ ਸ਼ਿਕਾਇਤ ਕੀਤੇ ਬਿਨਾਂ, ਨੰਗੇ ਪੈਰੀਂ, ਬਸ ਰਾਤ ਦੇ ਕੱਪੜੇ ਅਤੇ ਜੈਕਟ ਪਹਿਨੀ, ਘਰੋਂ ਚਲੀ ਗਈ ਸੀ। ਮਈ ਦਾ ਮਹੀਨਾ ਸੀ ਅਤੇ ਰਾਤ ਠੰਢੀ ਸੀ। ਸੜਕ ਦੀ ਮਿੱਟੀ ਉਹਦੇ ਪੈਰਾਂ ਦੀਆਂ ਤਲੀਆਂ ਨਾਲ਼ ਠੰਢੀ ਤਰ੍ਹਾਂ ਚੰਬੜਦੀ ਅਤੇ ਉਂਗਲਾਂ ਵਿਚਕਾਰ ਘੁਸ ਜਾਂਦੀ। ਉਹਦੇ ਕੁੱਛੜ ਚੁੱਕਿਆ ਬਾਲ ਰੋਂਦਾ ਅਤੇ ਹੱਥ ਪੈਰ ਮਾਰਦਾ। ਉਹਨੇ ਬੱਚੇ ਨੂੰ ਜੈਕਟ ਹੇਠਾਂ ਆਪਣੇ ਪਿੰਡੇ ਨਾਲ਼ ਲਾ ਲਿਆ ਅਤੇ ਉਹਨੂੰ ਚੁੱਪ ਕਰਾਉਣ ਲਈ ਪਿਆਰ ਨਾਲ਼ ਲੋਰੀਆਂ ਦੇਂਦੀ ਸੜਕ ਉੱਤੇ ਨੱਠੀ ਗਈ, ਡਰ ਉਹਦਾ ਪਿੱਛਾ ਕਰ ਰਿਹਾ ਸੀ:

"ਆਹ—ਹ—ਹ—ਹ! ਆਹ—ਹ—ਹ—ਹ! ਆਹ—ਹ—ਹ—ਹ!"

ਪਹੁ ਫੁੱਟੀ। ਸ਼ਰਮਿੰਦੀ ਅਤੇ ਇਸ ਗੱਲੋਂ ਡਰਦੀ ਮਤੇ ਕੋਈ ਉਹਨੂੰ ਅੱਧ-ਨੰਗੀ ਹਾਲਤ ਵਿੱਚ ਵੇਖ ਲਵੇ, ਉਹ ਜਿਲ੍ਹਣ ਵਿੱਚ ਗਈ ਅਤੇ ਐਸਪਨ ਦੇ ਕੁਝ ਜਵਾਨ ਰੁੱਖਾਂ ਹੇਠ ਬਹਿ ਗਈ। ਉੱਥੇ ਉਹ ਬੜਾ ਚਿਰ ਬੈਠੀ ਰਹੀ, ਚੁਪੱਟ ਖੁੱਲ੍ਹੀਆਂ ਅੱਖਾਂ ਨਾਲ਼ ਹਨੇਰੇ ਵਿੱਚ ਘੂਰਦੀ, ਊਂਘਦੇ ਬੱਚੇ ਨੂੰ ਅਤੇ ਆਪਣੇ ਦਿਲ ਦੀ ਪੀੜ ਨੂੰ ਸ਼ਾਂਤ ਕਰਨ ਲਈ ਅਕਾਊ ਢੰਗ ਨਾਲ਼

ਲੋਰੀਆਂ ਦੇਂਦੀ:

"ਆਹ—ਹ—ਹ—ਹ! ਆਹ—ਹ—ਹ—ਹ! ਆਹ—ਹ—ਹ—ਹ!"

ਅਚਾਨਕ ਇੱਕ ਕਾਲ਼ਾ ਪੰਛੀ ਤੇਜ਼ੀ ਨਾਲ਼ ਉੱਡਦਾ ਲੰਘਿਆ। ਇਹਨੇ ਉਹਨੂੰ ਸਿਥਲਤਾ ਦੀ ਹਾਲਤ ਵਿੱਚੋਂ ਤ੍ਰਭਕਾਇਆ ਅਤੇ ਖੜਾ ਕਰ ਦਿੱਤਾ। ਠੰਢ ਨਾਲ਼ ਕੰਬਦੀ ਉਹ ਘਰ ਵੱਲ ਮੁੜ ਪਈ — ਮਾਰਾਂ ਅਤੇ ਬੇਇੱਜ਼ਤੀਆਂ ਦੇ ਜਾਣੇ ਪਛਾਣੇ ਡਰ ਵੱਲ।...

ਅਖ਼ੀਰੀ ਖੋਖੋਲੀ, ਗੂੰਜਦੀ ਸੁਰ ਵੱਜੀ। ਠੰਢੇ, ਅਵੇਸਲੇ ਹਉਕੇ ਨਾਲ਼ ਸੰਗੀਤ ਚੁੱਪ ਹੋ ਗਿਆ।

ਸੋਫ਼ੀਆ ਆਪਣੇ ਭਰਾ ਵੱਲ ਮੁੜੀ।

"ਤੈਨੂੰ ਪਸੰਦ ਆਇਆ?" ਉਹਨੇ ਹੌਲ਼ੀ ਜਿਹੇ ਪੁੱਛਿਆ।

"ਬਹੁਤ ਜ਼ਿਆਦਾ," ਉਹਨੇ ਜਵਾਬ ਦਿੱਤਾ, ਜਿਵੇਂ ਉਹ ਨੀਂਦ ਵਿੱਚੋਂ ਜਾਗਿਆ ਹੋਵੇ। "ਬਹੁਤ ਜ਼ਿਆਦਾ।..."

ਉਹਦੀਆਂ ਯਾਦਾਂ ਦੀ ਗੂੰਜ ਮਾਂ ਦੇ ਸੀਨੇ ਵਿੱਚ ਕੰਬੀ, ਜਿੱਥੇ ਕਿ ਚੇਤਨਤਾ ਦੇ ਕੰਢੇ ਇੱਕ ਵਿਚਾਰ ਰੂਪ ਧਾਰ ਰਿਹਾ ਸੀ:

"ਅਜਿਹੇ ਵੀ ਲੋਕ ਨੇ, ਜਿਹੜੇ ਮਿੱਤਰਾਂ ਵਾਲ਼ੇ, ਅਮਨ-ਭਰੇ ਢੰਗ ਨਾਲ਼ ਇਕੱਠੇ ਰਹਿੰਦੇ ਨੇ। ਉਹ ਲੜਦੇ ਨਹੀਂ, ਸ਼ਰਾਬੀ ਨਹੀਂ ਹੁੰਦੇ, ਉਹ ਰੋਟੀ ਦੇ ਹਰ ਟੁਕੜੇ ਲਈ ਖਹਿਬੜਦੇ ਨਹੀਂ, ਜਿਵੇਂ ਇੱਕ ਹੋਰ ਹਨੇਰੀ **ਜ਼ਿੰਦਗੀ** ਵਿੱਚ ਲੋਕ ਕਰਦੇ ਨੇ।..."

ਸੋਫ਼ੀਆ ਨੇ ਇੱਕ ਸਿਗਰਟ ਲਾਈ। ਉਹ ਬਹੁਤ ਜ਼ਿਆਦਾ ਸਿਗਰਟ ਪੀਂਦੀ ਸੀ, ਲਗਭਗ ਲਗਾਤਾਰ।

"ਇਹ ਸਵਰਗਵਾਸੀ ਕੋਸਤੀਆ ਨੂੰ ਸਭ ਤੋਂ ਚੰਗਾ ਲੱਗਦਾ ਸੀ," ਉਹਨੇ ਕਿਹਾ। ਉਹਨੇ ਜ਼ੋਰ ਦਾ ਸੂਟਾ ਲਾਇਆ, ਫਿਰ ਸੁਰਾਂ ਵੱਲ ਮੁੜੀ ਅਤੇ ਇੱਕ ਕੋਮਲ, ਦਰਦ ਭਰੀ ਸੁਰ ਛੇੜੀ। "ਉਹਦੇ ਲਈ ਵਜਾਉਣਾ ਮੈਨੂੰ ਕਿੰਨਾ ਚੰਗਾ ਲੱਗਦਾ ਸੀ! ਉਹ ਕਿੰਨਾ ਕੋਮਲ-ਭਾਵੀ ਸੀ, ਹਰ ਗੱਲ ਦਾ ਹੁੰਗਾਰਾ ਭਰਦਾ, ਉਹਦਾ ਦਿਲ ਡੁੱਲ੍ਹ ਡੁੱਲ੍ਹ ਪੈਂਦਾ।..."

"ਉਹ ਜ਼ਰੂਰ ਆਪਣੇ ਘਰ ਵਾਲ਼ੇ ਬਾਰੇ ਸੋਚ ਰਹੀ ਹੋਵੇਗੀ," ਮਾਂ ਨੇ ਸੋਚਿਆ। "ਅਤੇ ਮੁਸਕਰਾ ਕੇ।..."

"ਉਹਨੇ ਮੈਨੂੰ ਕਿੰਨੀ ਖੁਸ਼ੀ ਦਿੱਤੀ!" ਸੋਫ਼ੀਆ ਨੇ ਨਰਮੀ ਨਾਲ਼ ਗੱਲ ਜਾਰੀ ਰੱਖੀ, ਗੱਲ ਕਰਦੇ ਕਰਦੇ ਉਹ ਸੁਰਾਂ ਦੀਆਂ ਮੱਧਮ ਅਵਾਜ਼ਾਂ ਆਪਣੇ ਵਿਚਾਰਾਂ ਨਾਲ਼ ਮਿਲਾਈ ਗਈ। "ਉਹਨੂੰ ਜਿਊਣਾ ਆਉਂਦਾ ਸੀ!..."

"ਹਾਂ, ਉਹਨੂੰ ਜ਼ਰੂਰ ਆਉਂਦਾ ਸੀ," ਨਿਕੋਲਾਈ ਆਪਣੀ ਦਾੜ੍ਹੀ ਪਲੋਸਦਾ ਹੋਇਆ ਸਹਿਮਤ ਹੋਇਆ। "ਉਹ ਇੱਕ ਗਾਉਂਦੀ ਰੂਹ ਸੀ!..."

ਸੋਫ਼ੀਆ ਨੇ ਉਹ ਸਿਗਰਟ ਸੁੱਟ ਦਿੱਤੀ ਜਿਹੜੀ ਉਹਨੇ ਹੁਣੇ ਹੁਣੇ ਲਾਈ ਸੀ ਅਤੇ ਮਾਂ ਵੱਲ ਮੁੜੀ।

"ਆਸ ਏ ਮੇਰੀ ਖੱਪ ਤੈਨੂੰ ਤੰਗ ਨਹੀਂ ਕਰ ਰਹੀ," ਉਹਨੇ ਕਿਹਾ।

ਮਾਂ ਆਪਣੀ ਖਿੱਝ ਲੁਕਾ ਨਾ ਸਕੀ।

"ਮੇਰੀ ਪ੍ਰਵਾਹ ਨਾ ਕਰੋ। ਮੈਨੂੰ ਸਮਝ ਨਹੀਂ ਆਉਂਦੀ। ਮੈਂ ਇੱਥੇ ਬੈਠੀ ਸੁਣਦੀ ਰਹਿੰਦੀ ਵਾਂ। ਆਪਣੇ ਹੀ ਖ਼ਿਆਲਾਂ ਵਿੱਚ ਰੁੱਝੀ।..."

"ਪਰ ਮੈਂ ਚਾਹੁੰਦੀ ਆਂ ਤੂੰ ਸਮਝੇਂ!" ਸੋਫ਼ੀਆ ਨੇ ਕਿਹਾ। "ਹਰ ਇਸਤਰੀ ਨੂੰ ਸੰਗੀਤ ਦੀ ਸਮਝ ਹੋਣੀ ਚਾਹੀਦੀ ਏ, ਖ਼ਾਸ ਤੌਰ ਤੇ ਜਦੋਂ ਉਹ ਉਦਾਸ ਹੋਵੇ।..."

ਉਹਨੇ ਜ਼ੋਰ ਨਾਲ਼ ਸੁਰਾਂ ਉੱਤੇ ਹੱਥ ਮਾਰਿਆ ਅਤੇ ਪਿਆਨੋ ਚੀਕਿਆ ਜਿਵੇਂ ਕਿਸੇ ਨੂੰ ਭਿਆਨਕ ਖ਼ਬਰ ਮਿਲੀ ਹੋਵੇ। ਇਹੋ ਜਿਹੀ ਸ਼ਸ਼ਿਦਰ ਕਰਨ ਵਾਲ਼ੀ ਚੀਕ ਪੈਦਾ ਕਰਨ ਲਈ ਜ਼ਰੂਰ ਹੀ ਇਹਦਾ ਕਲੇਜਾ ਵਿੰਨ੍ਹਿਆ ਗਿਆ ਹੋਵੇਗਾ। ਡਰੀਆਂ ਜਵਾਨ ਅਵਾਜ਼ਾਂ ਹੁੰਗਾਰਾ ਭਰਦੀਆਂ ਉੱਛਲੀਆਂ ਅਤੇ ਤੇਜ਼ੀ ਨਾਲ਼ ਹੈਰਾਨ ਹੋ ਕੇ ਚਲੀਆਂ ਗਈਆਂ। ਇੱਕ ਵਾਰ ਫਿਰ ਇੱਕ ਉੱਚੀ ਗੁਸੈਲੀ ਚੀਕ ਆਈ, ਜਿਸਨੇ ਹੋਰ ਸਭ ਕੁਝ ਨੂੰ ਡੋਬ ਦਿੱਤਾ। ਇਉਂ ਜਾਪਿਆ ਜਿਵੇਂ ਕੋਈ ਵੱਡੀ ਮੁਸੀਬਤ ਵਾਪਰੀ ਸੀ, ਪਰ ਇਹ ਤਰਸ ਦੀ ਥਾਂ ਗੁੱਸੇ ਦੀ ਭਾਵਨਾ ਜਗਾਉਂਦੀ। ਫਿਰ ਇੱਕ ਬਲਵਾਨ ਅਵਾਜ਼ ਆਈ, ਇੱਕ ਸਾਦੀ ਅਤੇ ਸੋਹਣੀ ਸੁਰ ਗਾਉਂਦੀ, ਮਨਾਉਣੀ ਅਤੇ ਲੁਭਾਉਣੀ।

ਮਾਂ ਇਹਨਾਂ ਲੋਕਾਂ ਨੂੰ ਦਿਆਲ ਸ਼ਬਦ ਕਹਿਣ ਲਈ ਲੂਛਦੀ ਸੀ। ਉਹ ਸੰਗੀਤ ਨਾਲ਼ ਨਸ਼ਿਆਈ ਗਈ ਸੀ ਅਤੇ ਉਹ ਮੁਸਕਰਾਈ, ਉਹਨੂੰ ਨਿਸ਼ਚਾ ਸੀ ਕਿ ਭੈਣ ਅਤੇ ਭਰਾ ਦੇ ਕੰਮ ਆ ਸਕਦੀ ਸੀ।

ਉਹਨੇ ਆਲੇ ਦੁਆਲੇ ਵੇਖਿਆ — ਉਹ ਕੀ ਕਰ ਸਕਦੀ ਸੀ। ਚੁੱਪ ਚਾਪ ਉਹ ਰਸੋਈ ਵਿੱਚ ਗਈ ਅਤੇ ਸਾਮਾਵਰ ਬਾਲਿਆ।

ਪਰ ਇਹਦੇ ਨਾਲ਼ ਉਹਦੀ ਉਹਨਾਂ ਲਈ ਕੁਝ ਕਰਨ ਦੀ ਤੀਬਰ ਇੱਛਾ ਦੀ ਤਸੱਲੀ ਨਾ ਹੋਈ ਅਤੇ ਜਦੋਂ ਉਹ ਚਾਹ ਗਲਾਸਾਂ ਵਿੱਚ ਪਾ ਰਹੀ ਸੀ ਤਾਂ ਉਹਨੇ ਸੰਗਦੇ ਹਾਸੇ ਨਾਲ਼ ਕਿਹਾ, ਜਿਵੇਂ ਉਹ ਅਜਿਹੇ ਸ਼ਬਦਾਂ ਨਾਲ਼ ਜਿਹੜੇ ਉਹਦੇ ਆਪਣੇ ਲਈ ਵੀ ਉੱਨੇ ਹੀ ਓਪਰੇ ਸਨ ਜਿੰਨੇ ਉਹਨਾਂ ਲਈ ਆਪਣੇ ਦਿਲ ਨੂੰ ਤਸੱਲੀ ਦੇ ਰਹੀ ਹੋਵੇ:

"ਅਸੀਂ ਹਨੇਰੀ ਜ਼ਿੰਦਗੀ ਦੇ ਲੋਕ — ਅਸੀਂ ਸਭ ਕੁਝ ਮਹਿਸੂਸ ਕਰਦੇ ਵਾਂ, ਪਰ ਉਹ ਬਿਆਨ ਕਰਨਾ ਔਖਾ ਵੇ ਤੇ ਸਾਨੂੰ ਸ਼ਰਮ ਆਉਂਦੀ ਵੇ, ਕਿਉਂਕਿ ਵੇਖੋ ਨਾ — ਅਸੀਂ ਸਮਝਦੇ ਵਾਂ, ਪਰ ਕਹਿ ਨਹੀਂ ਸਕਦੇ। ਅਤੇ ਅਕਸਰ — ਆਪਣੀ ਸ਼ਰਮ ਕਰਕੇ — ਅਸੀਂ ਆਪਣੇ ਖ਼ਿਆਲਾਂ 'ਤੇ ਦੁਖੀ ਹੋ ਜਾਂਦੇ ਵਾਂ। ਜ਼ਿੰਦਗੀ ਸਾਨੂੰ ਸਭ ਪਾਸਿਉਂ ਚੋਭਾਂ ਦੇਂਦੀ ਵੇ; ਅਸੀਂ ਅਰਾਮ ਕਰਨਾ ਚਾਹੁੰਦੇ ਵਾਂ, ਪਰ ਸਾਡੀਆਂ ਸੋਚਾਂ ਸਾਨੂੰ ਅਰਾਮ ਨਹੀਂ ਕਰਨ ਦੇਂਦੀਆਂ।"

ਸੁਣਦੇ ਸੁਣਦੇ ਨਿਕੋਲਾਈ ਨੇ ਆਪਣੀ ਐਨਕ ਸਾਫ਼ ਕੀਤੀ ਅਤੇ ਸੋਫ਼ੀਆ ਨੇ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਚੁਪੱਟ ਖੋਹਲ ਦਿੱਤੀਆਂ ਅਤੇ ਸਿਗਰਟ ਪੀਣਾ ਭੁੱਲ ਗਈ, ਜਿਹੜੀ ਬੁਝਣ ਬੁਝਣ ਪਈ ਕਰਦੀ ਸੀ। ਉਹ ਅਜੇ ਤੱਕ ਪਿਆਨੋ ਕੋਲ਼ ਬੈਠੀ ਸੀ, ਅੱਧੀ ਆਪਣੇ ਭਰਾ ਵੱਲ ਮੁੜੀ ਹੋਈ, ਕਦੀ ਕਦੀ ਸੁਰਾਂ ਨੂੰ ਆਪਣੇ ਸੱਜੇ ਹੱਥ ਨਾਲ਼ ਪੋਲੇ ਜਿਹੇ ਛੂੰਹਦੀ। ਸੁਰਾਂ ਛੋਪਲੇ ਜਿਹੇ ਉਹਨਾਂ ਸਾਦੇ, ਦਿਲੋਂ ਨਿਕਲੇ ਬੋਲਾਂ ਨਾਲ਼ ਮਿਲ ਜਾਂਦੀਆਂ, ਜਿਨ੍ਹਾਂ ਵਿੱਚ

ਮਾਂ ਆਪਣੇ ਜਜ਼ਬਿਆਂ ਨੂੰ ਪ੍ਰਗਟ ਕਰ ਰਹੀ ਸੀ।

"ਹੁਣ ਮੈਂ ਆਪਣੇ ਬਾਰੇ ਅਤੇ ਸਭਨਾਂ ਲੋਕਾਂ ਬਾਰੇ ਕੁਝ ਕਹਿ ਸਕਦੀ ਵਾਂ, ਕਿਉਂਕਿ— ਮੈਂ ਸਮਝਣ ਲੱਗ ਪਈ ਵਾਂ ਅਤੇ ਮੈਂ ਮੁਕਾਬਲਾ ਕਰ ਸਕਦੀ ਵਾਂ। ਪਹਿਲਾਂ ਹਾਲਤ ਦਾ ਕਿਸੇ ਸ਼ੈਅ ਨਾਲ਼ ਮੁਕਾਬਲਾ ਨਹੀਂ ਸੀ ਕੀਤਾ ਜਾ ਸਕਦਾ। ਸਾਡੀ ਜ਼ਿੰਦਗੀ ਵਿੱਚ ਸੱਭੇ ਇੱਕੋ ਤਰ੍ਹਾਂ ਜਿਉਂਦੇ ਨੇ। ਪਰ ਹੁਣ ਜਦੋਂ ਮੈਂ ਵੇਖਦੀ ਵਾਂ ਕਿ ਹੋਰ ਲੋਕ ਕਿਵੇਂ ਰਹਿੰਦੇ ਨੇ ਅਤੇ ਇਹ ਯਾਦ ਕਰਦੀ ਵਾਂ ਕਿ ਮੈਂ ਕਿਵੇਂ ਰਹਿੰਦੀ ਸਾਂ—ਇਹ ਬੜੀ ਕੌੜੀ ਗੱਲ ਵੇ!"

ਉਹਨੇ ਆਪਣੀ ਅਵਾਜ਼ ਨੀਵੀਂ ਕਰ ਲਈ।

"ਸ਼ੈਦ ਮੈਂ ਇਹ ਗੱਲ ਠੀਕ ਤਰ੍ਹਾਂ ਬਿਆਨ ਨਹੀਂ ਕਰ ਰਹੀ ਅਤੇ ਸ਼ੈਦ ਜੋ ਕੁਝ ਮੈਂ ਕਹਿ ਰਹੀ ਵਾਂ ਉਹਦੇ ਵਿੱਚ ਕੋਈ ਮਤਲਬ ਨਹੀਂ, ਕਿਉਂਕਿ ਇਹਦੇ ਵਿੱਚ ਤੁਹਾਡੇ ਲਈ ਕੁਝ ਨਵਾਂ ਨਹੀਂ।..."

ਉਹਦੇ ਬੋਲਾਂ ਵਿੱਚ ਹੰਝੂ ਸਨ, ਪਰ ਉਹਨਾਂ ਵੱਲ ਵੇਖਦੀਆਂ ਉਹਦੀਆਂ ਅੱਖਾਂ ਮੁਸਕਰਾ ਰਹੀਆਂ ਸਨ।

"ਮੈਂ ਆਪਣਾ ਦਿਲ ਖੋਹਲ ਕੇ ਤੁਹਾਡੇ ਸਾਹਮਣੇ ਰੱਖਣਾ ਚਾਹੁੰਦੀ ਵਾਂ," ਉਹਨੇ ਕਿਹਾ। "ਮੈਂ ਚਾਹੁੰਦੀ ਵਾਂ ਤੁਸੀਂ ਉਹ ਸੱਭੇ ਚੰਗਿਆਈਆਂ, ਉਹ ਸਾਰੀ ਖੁਸ਼ੀ ਸਮਝ ਲਓ ਜਿਹੜੀ ਮੈਂ ਤੁਹਾਡੇ ਲਈ ਮੰਗ ਰਹੀ ਵਾਂ!"

"ਅਸੀਂ ਜ਼ਰੂਰ ਹੀ ਜਾਣਦੇ ਹਾਂ," ਨਿਕੋਲਾਈ ਨੇ ਹੌਲ਼ੇ ਜਿਹੇ ਕਿਹਾ।

ਜਾਪਦਾ ਸੀ ਉਹ ਆਪਣੀ ਲੁਛਣਾ ਪੂਰੀ ਨਹੀਂ ਸੀ ਕਰ ਸਕਦੀ ਅਤੇ ਉਹ ਉਹਨਾਂ ਨੂੰ ਉਹ ਗੱਲਾਂ ਦੱਸੀ ਗਈ ਜਿਹੜੀਆਂ ਉਹਦੇ ਲਈ ਨਵੀਆਂ ਸਨ ਅਤੇ ਬੇਹਿਸਾਬ ਮਹੱਤਤਾ ਵਾਲ਼ੀਆਂ ਸਨ। ਉਹਨੇ ਉਹਨਾਂ ਨੂੰ ਆਪਣੀ ਕੌੜੀ ਜ਼ਿੰਦਗੀ ਅਤੇ ਸਬਰ ਨਾਲ਼ ਸਹਾਰੇ ਦੁੱਖਾਂ ਬਾਰੇ ਦੱਸਿਆ, ਉਹ ਗੁੱਸੇ ਤੋਂ ਬਿਨਾਂ ਬੋਲ ਰਹੀ ਸੀ, ਪਰ ਉਹਨੇ ਆਪਣੇ ਹੋਠਾਂ ਨੂੰ ਵਿਅੰਗ ਨਾਲ਼ ਮੋੜਿਆ ਹੋਇਆ ਸੀ। ਉਹਨੇ ਉਹਨਾਂ ਦੁਖੀ ਦਿਨਾਂ ਦੀ ਭੂਰੀ ਪਟੀ ਖੋਹਲੀ ਜਿਹੜੀ ਉਹਦੀ ਪਹਿਲੀਆਂ ਦੀ ਜ਼ਿੰਦਗੀ ਸੀ, ਆਪਣੇ ਘਰ ਵਾਲ਼ੇ ਵੱਲੋਂ ਪਈਆਂ ਮਾਰਾਂ ਦੱਸਦੀ ਹੋਈ, ਉਹਨਾਂ ਦੇ ਨਿਗੂਣੇ ਕਾਰਨਾਂ ਅਤੇ ਉਹਨਾਂ ਨੂੰ ਰੋਕ ਸਕਣ ਦੀ ਆਪਣੀ ਅਸਮਰੱਥਾ ਉੱਤੇ ਹੈਰਾਨ ਹੁੰਦੀ।...

ਚੁੱਪ ਚਾਪ ਉਹਦੀ ਗੱਲ ਸੁਣਦੇ ਹੋਏ ਉਹਨਾਂ ਨੂੰ ਅਹੁੜਿਆ ਕਿ ਇੱਕ ਅਜਿਹੇ ਜੀਵ ਦੀ ਜ਼ਿੰਦਗੀ ਪਿੱਛੇ, ਜਿਸਨੂੰ ਜਾਨਵਰ ਤੋਂ ਕੁਝ ਹੀ ਵੱਧ ਸਮਝਿਆ ਜਾਂਦਾ ਸੀ ਅਤੇ ਜਿਸਨੇ ਚੁੱਪ ਚਾਪ ਆਪ ਆਪਣਾ ਇਹ ਮੁਲੰਗਣ ਪ੍ਰਵਾਨ ਕਰ ਲਿਆ ਸੀ, ਕਿੰਨੇ ਡੂੰਘੇ ਅਰਥ ਸਨ। ਜਾਪਦਾ ਸੀ ਕਿ ਉਹਦੇ ਮੂੰਹੋਂ ਹਜ਼ਾਰਾਂ ਲੋਕ ਬੋਲ ਰਹੇ ਸਨ; ਜੋ ਕੁਝ ਉਹਦੇ ਨਾਲ਼ ਬੀਤੀ ਸੀ ਸਾਦਾ ਅਤੇ ਸਧਾਰਨ ਸੀ — ਓਨੀ ਹੀ ਸਾਦਾ ਅਤੇ ਸਧਾਰਨ ਜਿੰਨੀ ਇਸ ਧਰਤੀ ਉੱਤੇ ਬਹੁ-ਗਿਣਤੀ ਦੀ ਜ਼ਿੰਦਗੀ—ਅਤੇ ਉਹਦੀ ਜ਼ਿੰਦਗੀ ਨੇ ਇੱਕ ਚਿੰਨ੍ਹ ਦਾ ਰੂਪ ਧਾਰ ਲਿਆ। ਨਿਕੋਲਾਈ ਨੇ ਆਪਣੀਆਂ ਅਰਕਾਂ ਮੇਜ਼ ਉੱਤੇ ਟਿਕਾਈਆਂ, ਆਪਣਾ ਸਿਰ ਆਪਣੇ ਹੱਥਾਂ ਉੱਤੇ ਰੱਖਿਆ, ਅਤੇ ਅੱਖਾਂ ਸੰਗੋੜ ਕੇ ਆਪਣੀ ਐਨਕ ਵਿੱਚੋਂ ਉਹਨੂੰ ਵੇਖਦਾ ਰਿਹਾ। ਸੋਫ਼ੀਆ ਆਪਣੀ ਕੁਰਸੀ

ਵਿੱਚ ਪਿੱਛੇ ਝੁਕੀ ਹੋਈ ਸੀ, ਕਦੀ ਕਦੀ ਕੰਬਦੀ ਅਤੇ ਆਪਣਾ ਸਿਰ ਹਿਲਾਉਂਦੀ। ਉਹਦਾ ਮੂੰਹ ਵਧੇਰੇ ਪਤਲਾ ਅਤੇ ਪੀਲ਼ਾ ਹੋ ਗਿਆ ਜਾਪਦਾ ਸੀ ਅਤੇ ਉਹਨੇ ਸਿਗਰਟ ਨਾ ਪੀਤੀ।

"ਇੱਕ ਸਮਾਂ ਸੀ ਜਦੋਂ ਮੈਂ ਆਪਣੇ ਆਪ ਨੂੰ ਅਭਾਗੀ ਸਮਝਦੀ ਸਾਂ," ਸੋਫ਼ੀਆ ਨੇ ਨੀਵੀਂ ਪਾਉਂਦੇ ਹੋਏ ਹੌਲ਼ੀ ਜਿਹੇ ਕਿਹਾ। "ਮੈਨੂੰ ਜਾਪਦਾ ਸੀ ਮੈਂ ਬੇਸੁਰਤੀ ਦੀ ਹਾਲਤ ਵਿੱਚ ਜਿਉਂ ਰਹੀ ਹਾਂ। ਇਹ ਉਦੋਂ ਦੀ ਗੱਲ ਏ ਜਦੋਂ ਮੈਂ ਇੱਕ ਅਤਿ ਨਿੱਕੇ ਕਸਬੇ ਵਿੱਚ ਜਲਾਵਤਨ ਸਾਂ। ਕਰਨ ਲਈ ਮੇਰੇ ਕੋਲ਼ ਕੁਝ ਨਹੀਂ ਸੀ, ਅਤੇ ਆਪਣੇ ਤੋਂ ਬਿਨਾਂ ਸੋਚਣ ਲਈ ਕੁਝ ਨਹੀਂ। ਸਮਾਂ ਬਿਤਾਉਣ ਲਈ ਮੈਂ ਆਪਣੇ ਜਫ਼ਰਾਂ ਨੂੰ ਘੜੀ ਮੁੜੀ ਯਾਦ ਕਰਦੀ: ਮੈਂ ਆਪਣੇ ਪਿਤਾ ਨਾਲ਼, ਜਿਸਨੂੰ ਮੈਂ ਪਿਆਰ ਕਰਦੀ ਸਾਂ, ਲੜ ਪਈ ਸਾਂ; ਮੈਨੂੰ ਸਕੂਲੋਂ ਕੱਢ ਦਿੱਤਾ ਗਿਆ ਸੀ ਅਤੇ ਮੈਨੂੰ ਇੱਕ ਭੈੜੀ ਮਿਸਾਲ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਸੀ; ਮੈਨੂੰ ਜੇਲ੍ਹੀਂ ਸੁੱਟਿਆ ਗਿਆ ਸੀ; ਇੱਕ ਗੂੜ੍ਹੇ ਮਿੱਤਰ ਨੇ ਮੇਰੇ ਨਾਲ਼ ਵਿਸਾਹਘਾਤ ਕੀਤਾ ਸੀ; ਮੇਰਾ ਪਤੀ ਫੜਿਆ ਗਿਆ ਸੀ; ਮੈਨੂੰ ਫਿਰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਸੀ ਅਤੇ ਜਲਾਵਤਨ ਕੀਤਾ ਗਿਆ ਸੀ; ਫਿਰ ਮੇਰਾ ਪਤੀ ਮਰ ਗਿਆ ਸੀ। ਮੈਨੂੰ ਜਾਪਦਾ ਮੈਂ ਦੁਨੀਆਂ ਵਿੱਚ ਸਭ ਤੋਂ ਦੁਖੀ ਜੀਵ ਹਾਂ। ਪਰ ਮੇਰੀਆਂ ਸਾਰੀਆਂ ਮੁਸੀਬਤਾਂ ਅਤੇ ਦਸ ਗੁਣਾ ਹੋਰ ਵੀ, ਤੇਰੀ ਜ਼ਿੰਦਗੀ ਦੇ ਇੱਕ ਮਹੀਨੇ ਦੇ ਬਰਾਬਰ ਨਹੀਂ ਹੋ ਸਕਦੀਆਂ, ਪੇਲਾਗੀਆ ਨਿਲੋਵਨਾ।...ਤੇਰੀ ਜ਼ਿੰਦਗੀ ਨਿੱਤ ਦਾ ਨਰਕ ਸੀ, ਇੱਕ ਤੋਂ ਪਿੱਛੋਂ ਦੂਜੇ ਵਰ੍ਹੇ। ਲੋਕਾਂ ਵਿੱਚ ਅਜਿਹੇ ਕਸ਼ਟ ਸਹਿਣ ਲਈ ਬਲ ਕਿੱਥੋਂ ਆਉਂਦੈ ?"

"ਉਹ ਇਹਦੇ ਆਦੀ ਹੋ ਜਾਂਦੇ ਨੇ," ਪੇਲਾਗੀਆ ਨੇ ਹਉਕਾ ਲੈ ਕੇ ਕਿਹਾ।

"ਮੈਨੂੰ ਇਸ ਗੱਲ 'ਤੇ ਮਾਣ ਸੀ ਕਿ ਮੈਂ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਸਮਝਦਾਂ," ਨਿਕੋਲਾਈ ਨੇ ਸੋਚਦੇ ਹੋਏ ਕਿਹਾ। "ਪਰ ਇਹਦੇ ਬਾਵਜੂਦ ਜਦੋਂ ਕਦੀ ਮੈਨੂੰ ਅਜਿਹੀ ਸਿੱਧੀ ਝਾਤ ਦਿੱਸਦੀ ਏ — ਕਿਤਾਬੀ ਝਾਤ ਨਹੀਂ ਤੇ ਨਾ ਹੀ ਮੇਰੇ ਆਪਣੇ ਖ਼ੁੱਬੜ ਪ੍ਰਭਾਵ — ਤਾਂ ਇਹ ਨਾਰਕੀ ਜਾਪਦੈ! ਅਤੇ ਇਹ ਨਿੱਕੀਆਂ ਨਿੱਕੀਆਂ ਗੱਲਾਂ ਈ ਨਾਰਕੀ ਹੁੰਦੀਆਂ ਨੇ। ਨਿਗੂਣੇ ਛਿਣ ਜਿਹੜੇ ਰਲ ਕੇ ਵਰ੍ਹੇ ਬਣਦੇ ਨੇ।..."

ਉਹ ਗੱਲਾਂ ਕਰੀ ਹੀ ਗਏ, ਆਪਣੀ ਹਨੇਰੀ ਜ਼ਿੰਦਗੀ ਦੇ ਸਭਨਾਂ ਪੱਖਾਂ ਨੂੰ ਲੈਂਦੇ, ਮਾਂ ਯਾਦਾਂ ਵਿੱਚ ਲੀਨ ਹੋ ਗਈ, ਬੀਤੇ ਦੇ ਧੁੰਦਲਕੇ ਵਿੱਚੋਂ ਉਹ ਰੋਜ਼ਾਨਾ ਨਿਰਾਦਰੀਆਂ ਖਿੱਚਦੀ ਜਿਨ੍ਹਾਂ ਉਹਦੀ ਜਵਾਨੀ ਨੂੰ ਭਿਆਨਕ ਬਣਾ ਦਿੱਤਾ ਸੀ।

"ਤੁਹਾਡੇ ਸੌਣ ਦਾ ਵੇਲਾ ਹੋ ਗਿਐ ਤੇ ਮੈਂ ਬੋਲੀ ਈ ਜਾਂਦੀ ਵਾਂ," ਅਖ਼ੀਰ ਉਹਨੇ ਕਿਹਾ। "ਜੋ ਕੁਝ ਕਹਿਣ ਜੋਗੈ ਬੰਦਾ ਉਹ ਸਾਰਾ ਤਾਂ ਕਹਿ ਹੀ ਨਹੀਂ ਸਕਦਾ।..."

ਭਰਾ ਅਤੇ ਭੈਣ ਚੁੱਪ ਚਾਪ ਉਸ ਤੋਂ ਵਿਦਿਆ ਹੋਏ। ਜਾਪਦਾ ਸੀ ਨਿਕੋਲਾਈ ਸਦਾ ਨਾਲ਼ੋਂ ਵਧੇਰੇ ਝੁਕਿਆ ਸੀ ਅਤੇ ਉਹਨੇ ਉਹਦਾ ਹੱਥ ਖ਼ਾਸ ਨਿੱਘ ਨਾਲ਼ ਘੁੱਟਿਆ। ਸੋਫ਼ੀਆ ਮਾਂ ਨੂੰ ਉਹਦੇ ਕਮਰੇ ਤੱਕ ਛੱਡਣ ਗਈ।

"ਸ਼ੁਭ ਰਾਤਰੀ। ਚੰਗੀ ਤਰ੍ਹਾਂ ਅਰਾਮ ਕਰੋ," ਉਹਦੇ ਤੋਂ ਵੱਖ ਹੁੰਦਿਆਂ ਸੋਫ਼ੀਆ ਨੇ ਕਿਹਾ।

ਉਹਦੀ ਅਵਾਜ਼ ਜਜ਼ਬੇ ਗੁੱਧੀ ਸੀ, ਉਹਦੀਆਂ ਭੂਰੀਆਂ ਅੱਖਾਂ ਪਿਆਰ ਨਾਲ਼ ਮਾਂ ਦੇ ਮੂੰਹ ਉੱਤੇ ਲੱਗੀਆਂ ਹੋਈਆਂ ਸਨ।...

ਪੇਲਾਗੀਆ ਨੇ ਸੋਫ਼ੀਆ ਦਾ ਹੱਥ ਆਪਣੇ ਦੋਹਾਂ ਹੱਥਾਂ ਵਿੱਚ ਲਿਆ।

"ਸ਼ੁਕਰੀਆ," ਉਹਨੇ ਕਿਹਾ।

## 4

ਕੁਝ ਦਿਨ ਪਿੱਛੋਂ ਮਾਂ ਅਤੇ ਸੋਫ਼ੀਆ ਗ਼ਰੀਬ ਸ਼ਹਿਰਨਾਂ ਦੇ ਕੱਪੜੇ ਪਹਿਨੀ ਨਿਕੋਲਾਈ ਦੇ ਸਾਹਮਣੇ ਆਈਆਂ। ਉਹਨਾਂ ਘਸੇ ਹੋਏ ਸੂਤੀ ਕੱਪੜੇ ਅਤੇ ਜੈਕਟਾਂ ਪਹਿਨੀਆਂ ਹੋਈਆਂ ਸਨ, ਉਹਨਾਂ ਦੀਆਂ ਪਿੱਠਾਂ ਉੱਤੇ ਪਿੱਠੂ ਸਨ ਅਤੇ ਹੱਥਾਂ ਵਿੱਚ ਸੋਟੀਆਂ। ਸੋਫ਼ੀਆ ਇਹਨਾਂ ਕੱਪੜਿਆਂ ਵਿੱਚ ਨਿਕੇਰੀ ਜਾਪਦੀ ਸੀ ਅਤੇ ਉਹਦਾ ਪੀਲ਼ਾ ਮੂੰਹ ਸਦਾ ਨਾਲ਼ੋਂ ਵਧੇਰੇ ਗੰਭੀਰ ਜਾਪਦਾ ਸੀ।

ਜਦੋਂ ਉਹਨੇ ਉਹਨੂੰ ਵਿਦਿਆ ਕੀਤਾ ਤਾਂ ਨਿਕੋਲਾਈ ਨੇ ਉਹਦਾ ਹੱਥ ਜ਼ੋਰ ਦਾ ਘੁੱਟਿਆ ਅਤੇ ਇੱਕ ਵਾਰ ਫਿਰ ਮਾਂ ਉਹਨਾਂ ਦੇ ਸਬੰਧਾਂ ਦੀ ਸ਼ਾਂਤ ਸਾਦਗੀ ਤੋਂ ਪ੍ਰਭਾਵਤ ਹੋਈ। ਉਹਨਾਂ ਇੱਕ ਦੂਜੇ ਨੂੰ ਚੁੰਮਿਆ ਨਾ ਅਤੇ ਨਾ ਹੀ ਬਹੁਤ ਪਿਆਰ ਦੀਆਂ ਗੱਲਾਂ ਕੀਤੀਆਂ, ਪਰ ਉਹ ਸਦਾ ਹੀ ਇੱਕ ਦੂਜੇ ਲਈ ਬਹੁਤ ਫ਼ਿਕਰ ਵਿਖਾਉਂਦੇ। ਜਿੱਥੇ ਉਹ ਰਹਿੰਦੀ ਰਹੀ ਸੀ ਉੱਥੇ ਲੋਕ ਇੱਕ ਦੂਜੇ ਨੂੰ ਚੁੰਮਦੇ ਰਹਿੰਦੇ ਅਤੇ ਪਿਆਰ ਦੇ ਸ਼ਬਦ ਵਰਤਦੇ ਰਹਿੰਦੇ, ਪਰ ਉਹ ਇੱਕ ਦੂਜੇ ਉੱਤੇ ਕੁੱਤਿਆਂ ਵਾਂਗ ਝਈਆਂ ਲੈਂਦੇ।

ਇਸਤਰੀਆਂ ਚੁੱਪ ਚਾਪ ਸ਼ਹਿਰ ਦੀਆਂ ਸੜਕਾਂ ਉੱਤੇ ਟੁਰਦੀਆਂ ਗਈਆਂ ਅਤੇ ਬਾਹਰ ਖੇਤਾਂ ਵਿੱਚ ਅੱਪੜ ਗਈਆਂ, ਉਹ ਬਰਚੇ ਦੇ ਪੁਰਾਣੇ ਰੁੱਖਾਂ ਦੀਆਂ ਦੋ ਕਤਾਰਾਂ ਵਿਚਕਾਰ ਇੱਕ ਚੌੜੀ ਅਣਪੱਧਰੀ ਸੜਕ ਉੱਤੇ ਨਾਲ਼ੋਂ ਨਾਲ਼ ਚੱਲ ਰਹੀਆਂ ਸਨ।

"ਤੂੰ ਥੱਕ ਤਾਂ ਨਹੀਂ ਜਾਵੇਂਗੀ ?" ਮਾਂ ਨੇ ਸੋਫ਼ੀਆ ਨੂੰ ਪੁੱਛਿਆ।

"ਆਪਣੇ ਸਮੇਂ ਮੈਂ ਚੋਖਾ ਪੈਂਡਾ ਮਾਰਿਐ। ਮੈਂ ਇਹਦੀ ਆਦੀ ਹਾਂ।..."

ਸੋਫ਼ੀਆ ਖੁਸ਼ੀ ਖੁਸ਼ੀ ਉਹਨੂੰ ਆਪਣੀਆਂ ਇਨਕਲਾਬੀ ਸਰਗਰਮੀਆਂ ਬਾਰੇ ਦੱਸਣ ਲੱਗ ਪਈ, ਜਿਵੇਂ ਉਹ ਆਪਣੇ ਬਚਪਨ ਦੀਆਂ ਸ਼ਰਾਰਤਾਂ ਦੱਸ ਰਹੀ ਹੋਵੇ। ਉਹ ਵੱਖ ਵੱਖ ਨਾਂ ਅਪਣਾ ਕੇ ਝੂਠਿਆਂ ਦਸਤਾਵੇਜ਼ਾਂ ਦੇ ਸਹਾਰੇ ਰਹਿੰਦੀ ਰਹੀ ਸੀ। ਉਹਨੇ ਸੂਹੀਆਂ ਤੋਂ ਬਚਣ ਲਈ ਭੇਸ ਵਟਾਏ ਸਨ, ਗ਼ੈਰ-ਕਾਨੂੰਨੀ ਸਾਹਿਤ ਦੇ ਬੰਡਲ ਸ਼ਹਿਰੋ ਸ਼ਹਿਰ ਲੈ ਗਈ ਸੀ, ਜਲਾਵਤਨ ਸਾਥੀਆਂ ਲਈ ਨੱਠਣ ਦਾ ਬੰਦੋਬਸਤ ਕੀਤਾ ਸੀ ਅਤੇ ਉਹਨਾਂ ਨੂੰ ਬਦੇਸ਼ੀ ਸ਼ਹਿਰਾਂ ਵਿੱਚ ਲੈ ਗਈ ਸੀ। ਇੱਕ ਵਾਰ ਉਹਨੇ ਆਪਣੇ ਫ਼ਲੈਟ ਵਿੱਚ ਖ਼ੁਫ਼ੀਆ ਛਾਪਾਖ਼ਾਨਾ ਰੱਖਿਆ ਸੀ ਅਤੇ ਜਦੋਂ ਜੈਨਡਾਰਮਾਂ ਨੇ ਇਹ ਲੱਭ ਲਿਆ ਅਤੇ ਤਲਾਸ਼ੀ ਲੈਣ ਆਏ ਤਾਂ ਉਹ ਮਸਾਂ ਨੌਕਰਾਣੀ ਦਾ ਭੇਸ ਵਟਾ ਸਕੀ ਅਤੇ ਬਚ ਨਿਕਲੀ। ਉਹ ਜੈਨਡਾਰਮਾਂ ਨੂੰ ਫਾਟਕ ਉੱਤੇ ਮਿਲੀ। ਸਿਆਲ ਦਾ ਠੰਡਾ ਦਿਨ ਸੀ ਅਤੇ ਉਹਨੇ ਪਤਲੇ ਜਿਹੇ ਕੱਪੜੇ ਪਹਿਨੇ ਹੋਏ ਸਨ। ਉਹਦੇ ਸਿਰ ਉੱਤੇ ਸੂਤੀ ਰੁਮਾਲ ਸੀ, ਤੇਲ ਦੀ ਪੀਪੀ ਹੱਥ ਵਿੱਚ ਲਈ ਉਹਨੇ ਸਾਰਾ ਸ਼ਹਿਰ ਗਾਹ ਮਾਰਿਆ, ਜਿਵੇਂ ਉਹ ਮਿੱਟੀ ਦਾ ਤੇਲ ਲੈਣ ਚੱਲੀ ਹੋਵੇ।

ਇੱਕ ਹੋਰ ਵਾਰ ਉਹ ਇੱਕ ਓਪਰੇ ਸ਼ਹਿਰ ਕੁਝ ਮਿੱਤਰਾਂ ਨੂੰ ਮਿਲਣ ਅੱਪੜੀ ਸੀ ਅਤੇ

ਉਹਨਾਂ ਦੇ ਫ਼ਲੈਟ ਦੀਆਂ ਪੌੜੀਆਂ ਚੜ੍ਹਦਿਆਂ ਉਹਨੂੰ ਪਤਾ ਲੱਗਾ ਕਿ ਉੱਥੇ ਤਲਾਸ਼ੀ ਹੋ ਰਹੀ ਸੀ। ਮੁੜਨ ਦਾ ਸਮਾਂ ਨਹੀਂ ਸੀ, ਸੋ ਉਹਨੇ ਦਲੇਰੀ ਨਾਲ਼ ਹੇਠਲੇ ਫ਼ਲੈਟ ਦੀ ਘੰਟੀ ਵਜਾਈ ਅਤੇ ਆਪਣੇ ਸਮਾਨ ਸਮੇਤ ਆਪਣੇ ਅਟੈਚੀ ਨੂੰ ਉਹਨਾਂ ਅਣਜਾਣੇ ਲੋਕਾਂ ਦੇ ਸਿਰ ਮੜ੍ਹ ਦਿੱਤਾ।

"ਜੇ ਚਾਹੋ ਤਾਂ ਤੁਸੀਂ ਮੈਨੂੰ ਪੁਲੀਸ ਦੇ ਹਵਾਲੇ ਕਰ ਸਕਦੇ ਹੋ, ਪਰ ਮੇਰਾ ਉੱਕਾ ਹੀ ਖ਼ਿਆਲ ਨਹੀਂ ਕਿ ਤੁਸੀਂ ਅਜਿਹਾ ਕਰੋਗੇ," ਉਸ ਉਹਨਾਂ ਨੂੰ ਪ੍ਰਸਥਿਤੀ ਖਰੀ ਤਰ੍ਹਾਂ ਸਮਝਾਉਣ ਪਿੱਛੋਂ ਖਰੀ ਤਰ੍ਹਾਂ ਕਿਹਾ।

ਉਹ ਇੰਨੇ ਡਰ ਗਏ ਸਨ ਕਿ ਉਹਨਾਂ ਸਾਰੀ ਰਾਤ ਅੱਖ ਨਾ ਛਪਕੀ, ਉਹਨਾਂ ਦਾ ਖ਼ਿਆਲ ਸੀ ਕਿ ਕਿਸੇ ਵੀ ਛਿਣ ਬੂਹਾ ਖੜਕੇਗਾ, ਪਰ ਉਹਨਾਂ ਉਹਨੂੰ ਪੁਲੀਸ ਦੇ ਹਵਾਲੇ ਵੀ ਨਾ ਕੀਤਾ ਅਤੇ ਅਗਲੀ ਸਵੇਰ ਉਹ ਇਸ ਘਟਨਾ 'ਤੇ ਖੁੱਲ੍ਹ ਕੇ ਹੱਸੇ।

ਇੱਕ ਹੋਰ ਵਾਰ ਉਹਨੇ ਇਸਾਈ ਸਾਧਣੀ ਦਾ ਭੇਸ ਵਟਾਇਆ ਅਤੇ ਗੱਡੀ ਦੇ ਉਸੇ ਡੱਬੇ, ਇੱਥੋਂ ਤੱਕ ਕਿ ਉਸੇ ਖ਼ਾਨੇ ਵਿੱਚ ਸਫ਼ਰ ਕੀਤਾ ਜਿਸ ਵਿੱਚ ਉਹਦਾ ਪਿੱਛਾ ਕਰ ਰਿਹਾ ਸੂਹੀਆ ਸਫ਼ਰ ਕਰ ਰਿਹਾ ਸੀ। ਸੂਹੀਏ ਨੇ ਉਹਦੇ ਅੱਗੇ ਬੜ੍ਹ ਮਾਰੀ ਸੀ ਕਿ ਕਿਵੇਂ ਉਹ ਚਤੁਰਾਈ ਨਾਲ਼ ਇਸ ਇਸਤਰੀ ਦਾ ਪਿੱਛਾ ਕਰ ਰਿਹੈ। ਉਹਦਾ ਖ਼ਿਆਲ ਸੀ ਕਿ ਉਹ ਉਸੇ ਗੱਡੀ ਦੇ ਦੂਜੇ ਦਰਜੇ ਦੇ ਡੱਬੇ ਵਿੱਚ ਸਫ਼ਰ ਕਰ ਰਹੀ ਸੀ; ਹਰ ਸਟੇਸ਼ਨ ਤੇ ਉਹ ਬਾਹਰ ਉਹਨੂੰ ਢੂੰਡਣ ਜਾਂਦਾ, ਅਤੇ ਵਾਪਸ ਆਕੇ ਸਾਧਣੀ ਨੂੰ ਕਹਿੰਦੇ:

"ਕਿੱਧਰੇ ਵੀ ਨਹੀਂ ਦਿੱਸਦੀ — ਸ਼ੈਦ ਸੌਂ ਗਈ ਏ। ਉਹ ਵੀ ਤਾਂ ਥੱਕ ਜਾਂਦੇ ਨੇ — ਉਹਨਾਂ ਦੀ ਜ਼ਿੰਦਗੀ ਸਾਡੇ ਨਾਲ਼ੋਂ ਕੋਈ ਸੌਖੀ ਨਹੀਂ।"

ਮਾਂ ਹੱਸੀ ਅਤੇ ਇਹ ਕਹਾਣੀਆਂ ਸੁਣਦੇ ਹੋਏ ਸਨੇਹ ਨਾਲ਼ ਆਪਣੀ ਸਾਥਣ ਵੱਲ ਵੇਖਿਆ। ਲੰਮੀ ਅਤੇ ਪਤਲੀ ਸੋਫ਼ੀਆ, ਆਪਣੇ, ਸੁਡੌਲ ਪੈਰਾਂ ਉੱਤੇ ਛੁਹਲੇ ਪੈਰੀਂ ਟੁਰ ਰਹੀ ਸੀ। ਉਹਦੇ ਚੱਲਣ ਅਤੇ ਗੱਲ ਕਰਨ ਦੇ ਢੰਗ ਵਿੱਚ, ਉਹਦੀ ਖੁਸ਼, ਭਾਰੀ ਅਵਾਜ਼ ਵਿੱਚ, ਉਹਦੇ ਸਾਰੇ ਸਿੱਧੇ ਸਰੀਰ ਵਿੱਚ ਕੁਝ ਦਲੇਰ ਅਤੇ ਨਰੋਆ ਸੀ। ਹਰ ਸ਼ੈਅ ਵੱਲ ਉਹਦੀ ਪਹੁੰਚ ਜਵਾਨਾਂ ਵਾਲ਼ੀ ਸੀ ਅਤੇ ਜਿੱਧਰ ਕਿੱਧਰੇ ਉਹ ਵੇਖਦੀ ਉਹਨੂੰ ਕੁਝ ਨਾ ਕੁਝ ਲੱਭ ਪੈਂਦਾ ਜਿਹੜਾ ਉਹਨੂੰ ਖੁਸ਼ੀ ਦੇਂਦਾ।

"ਕਿਆ ਸੋਹਣਾ ਦਿਆਰ ਏ!" ਸੋਫ਼ੀਆ ਰੁੱਖਾਂ ਵਿੱਚੋਂ ਇੱਕ ਵੱਲ ਇਸ਼ਾਰਾ ਕਰਦੇ ਹੋਏ ਬੋਲ ਉੱਠੀ। ਮਾਂ ਰੁਕੀ ਅਤੇ ਵੇਖਿਆ — ਦਿਆਰ ਹੋਰਨਾਂ ਜਿਹਾ ਹੀ ਸੀ।

"ਹਾਂ, ਇਹ ਸੋਹਣਾ ਰੁੱਖ ਵੇ," ਉਹ ਹੱਸੀ, ਹਵਾ ਨੂੰ ਦੂਜੀ ਇਸਤਰੀ ਦੇ ਕੰਨਾਂ ਕੋਲ਼ ਚਿੱਟੇ ਵਾਲਾਂ ਦੇ ਛੱਲੇ ਉਡਾਉਂਦੀ ਵੇਖਦੇ ਹੋਏ ਬੋਲੀ।

"ਚੰਡੋਲ!" ਸੋਫ਼ੀਆ ਦੀਆਂ ਸਲੇਟੀ ਅੱਖਾਂ ਕੋਮਲਤਾ ਨਾਲ਼ ਚਮਕਣ ਲੱਗ ਪਈਆਂ ਅਤੇ ਉਹਦਾ ਸਾਰਾ ਸਰੀਰ ਖਰੇ ਅਕਾਸ਼ ਵਿੱਚ ਗੂੰਜਦੇ ਅਦਿੱਖ ਸੰਗੀਤ ਵੱਲ ਝੁਕਿਆ। ਕਈ ਵਾਰ ਉਹਦਾ ਛੁਹਲਾ ਸਰੀਰ ਕੋਈ ਜੰਗਲੀ ਫੁੱਲ ਤੋੜਨ ਲਈ ਝੁਕਦਾ, ਜਿਸਦੀਆਂ ਕੰਬਦੀਆਂ ਪੱਤੀਆਂ ਨੂੰ ਉਹ ਕੋਈ ਧੁਨ ਗੁਣਗੁਣਾਉਂਦੀ ਹੋਈ ਆਪਣੀਆਂ ਛੁਹਲੀਆਂ ਪਤਲੀਆਂ ਉਂਗਲਾਂ ਨਾਲ਼ ਪਲੋਸਦੀ।

ਇਸ ਸਭ ਕੁਝ ਨੇ ਮਾਂ ਦਾ ਸਲੇਟੀ ਅੱਖਾਂ ਵਾਲ਼ੀ ਇਸਤਰੀ ਨਾਲ਼ ਪਿਆਰ ਪਾ ਦਿੱਤਾ, ਅਤੇ ਉਹ ਉਹਦੇ ਨੇੜੇ ਹੋਕੇ ਟੁਰਨ ਲੱਗ ਪਈ, ਪੈਰ ਨਾਲ਼ ਪੈਰ ਮਿਲਾਉਣ ਦਾ ਜਤਨ ਕਰਦੀ। ਪਰ ਕਈ ਵਾਰ ਸੋਫ਼ੀਆ ਤਿੱਖੀ ਤਰ੍ਹਾਂ ਗੱਲ ਕਰਦੀ ਅਤੇ ਮਾਂ ਨੂੰ ਇਸ ਉੱਤੇ ਦੁੱਖ ਹੁੰਦਾ।

"ਰੀਬਿਨ ਨੂੰ ਇਹ ਚੰਗੀ ਨਹੀਂ ਲੱਗਣੀ," ਉਹ ਫ਼ਿਕਰਮੰਦੀ ਨਾਲ਼ ਸੋਚਦੀ।

ਪਰ ਅਗਲੇ ਹੀ ਛਿਣ ਸੋਫ਼ੀਆ ਫਿਰ ਨਿੱਘ ਅਤੇ ਸਾਦਗੀ ਨਾਲ਼ ਬੋਲ ਰਹੀ ਹੁੰਦੀ ਅਤੇ ਮਾਂ ਮੁਸਕਰਾਉਂਦੀ ਹੋਈ ਉਹਦੇ ਵੱਲ ਤੱਕਦੀ।

"ਤੂੰ ਅਜੇ ਵੀ ਕਿੰਨੀ ਜੁਆਨ ਵੇਂ!" ਉਹਨੇ ਹਉਕਾ ਲੈ ਕੇ ਕਿਹਾ।

"ਬੱਤੀਆਂ ਦੀ ਤਾਂ ਮੈਂ ਹੋ ਵੀ ਗਈ ਹਾਂ!" ਸੋਫ਼ੀਆ ਕੂਕੀ।

ਪੇਲਾਗੀਆ ਮੁਸਕਰਾਈ।

"ਮੇਰਾ ਮਤਲਬ ਇਹ ਨਹੀਂ ਸੀ। ਤੇਰੀ ਦਿੱਖ ਤੋਂ ਮੈਂ ਤੈਨੂੰ ਦੋ ਚਾਰ ਵਰ੍ਹੇ ਵਡੇਰੀ ਹੀ ਸਮਝਣਾ ਸੀ। ਪਰ ਜਦੋਂ ਮੈਂ ਤੇਰੀਆਂ ਗੱਲਾਂ ਸੁਣਦੀ ਵਾਂ ਤੇ ਤੇਰੀਆਂ ਅੱਖਾਂ ਵਿੱਚ ਝਾਕਦੀ ਵਾਂ ਤਾਂ ਮੈਂ ਹਮੇਸ਼ਾ ਹੈਰਾਨ ਹੁੰਦੀ ਵਾਂ — ਤੂੰ ਤਾਂ ਕਿਸੇ ਮੁਟਿਆਰ ਵਾਂਗ ਏਂ। ਤੂੰ ਔਖੀ ਤੇ ਖ਼ਤਰਨਾਕ ਜ਼ਿੰਦਗੀ ਜਿਊ ਰਹੀ ਏਂ, ਪਰ ਤੇਰਾ ਦਿਲ ਹਸੂੰ ਹਸੂੰ ਕਰਦਾ ਰਹਿੰਦੈ।"

"ਮੈਨੂੰ ਔਖ ਦਾ ਕਦੀ ਅਨੁਭਵ ਹੀ ਨਹੀਂ ਹੋਇਆ ਅਤੇ ਮੈਨੂੰ ਜਾਪਦੈ ਮੇਰੀ ਜ਼ਿੰਦਗੀ ਨਾਲ਼ੋਂ ਚੰਗੇਰੀ ਅਤੇ ਵਧੇਰੇ ਦਿਲਚਸਪ ਜ਼ਿੰਦਗੀ ਕੋਈ ਹੋ ਹੀ ਨਹੀਂ ਸਕਦੀ।... ਮੈਂ ਤੈਨੂੰ ਤੇਰੇ ਪਿੱਤਰੀ ਨਾਂ ਨਾਲ਼ ਸੱਦਾਂਗੀ — ਨਿਲੋਵਨਾ। ਪਤਾ ਨਹੀਂ ਕਿਉਂ ਪੇਲਾਗੀਆ ਤੈਨੂੰ ਸਜਦਾ ਨਹੀਂ।"

"ਜਿਵੇਂ ਤੇਰਾ ਜੀਅ ਕਰੇ ਸੱਦ," ਮਾਂ ਨੇ ਸੋਚਦੇ ਹੋਏ ਕਿਹਾ। "ਜਿਵੇਂ ਤੇਰਾ ਜੀਅ ਕਰੇ। ਮੈਂ ਤੇਰੇ ਵੱਲ ਵੇਖਦੀ ਅਤੇ ਸੁਣਦੀ ਰਹਿੰਦੀ ਵਾਂ ਤੇ ਆਪਣੀਆਂ ਸੋਚਾਂ ਵਿੱਚ ਡੁੱਬੀ ਰਹਿੰਦੀ ਵਾਂ। ਮੈਨੂੰ ਇਹ ਵੇਖ ਕੇ ਖੁਸ਼ੀ ਹੁੰਦੀ ਵੇ ਕਿ ਤੂੰ ਇੱਕ ਮਨੁੱਖੀ ਦਿਲ ਤੱਕ ਰਾਹ ਲੱਭ ਲਿਐ। ਬੰਦਾ ਡਰ ਤੋਂ ਬਿਨਾਂ ਤੈਨੂੰ ਉਹ ਸਭ ਕੁਝ ਦੱਸ ਦੇਂਦੈ ਜੋ ਕੁਝ ਉਹਦੇ ਅੰਦਰ ਵਾਪਰ ਰਿਹੈ; ਆਪਣੇ ਆਪ ਆਪਣੀ ਰੂਹ ਤੇਰੇ ਅੱਗੇ ਖੋਹਲ ਕੇ ਰੱਖ ਦੇਂਦੈ। ਤੇ ਜਦੋਂ ਮੈਂ ਤੁਹਾਡੇ ਸਾਰੇ ਲੋਕਾਂ ਬਾਰੇ ਸੋਚਦੀ ਵਾਂ ਤਾਂ ਮੈਨੂੰ ਯਕੀਨ ਹੋ ਜਾਂਦੈ ਕਿ ਤੁਸੀਂ ਜ਼ਿੰਦਗੀ ਵਿੱਚ ਬੁਰਾਈ ਉੱਤੇ ਕਾਬੂ ਪਾ ਲਓਗੇ— ਮੈਨੂੰ ਇਸ ਗੱਲ ਦਾ ਯਕੀਨ ਏ!"

"ਅਸੀਂ ਕਾਬੂ ਪਾ ਲਵਾਂਗੇ ਕਿਉਂਕਿ ਅਸੀਂ ਕਿਰਤੀ ਸ਼੍ਰੇਣੀ ਨਾਲ਼ ਇੱਕ ਹਾਂ," ਸੋਫ਼ੀਆ ਨੇ ਉੱਚੇ ਭਰੋਸੇ ਨਾਲ਼ ਕਿਹਾ। "ਉਹਨਾਂ ਵਿੱਚ ਇੱਕ ਮਹਾਨ ਸ਼ਕਤੀ ਲੁਕੀ ਹੋਈ ਏ; ਉਹਨਾਂ ਨਾਲ਼ ਹੁੰਦਿਆਂ ਬੰਦਾ ਸਭ ਕੁਝ ਕਰ ਸਕਦੈ! ਅਸਾਂ ਤਾਂ ਉਹਨਾਂ ਨੂੰ ਉਹਨਾਂ ਦੀ ਸਮਰੱਥਾ ਦੀ ਸੋਝੀ ਹੀ ਦਿਵਾਉਣੀ ਏ, ਤਾਂ ਜੁ ਉਹ ਵਿਕਾਸ ਕਰਨ ਲਈ ਅਜ਼ਾਦ ਹੋਣ।..."

ਉਹਦੀ ਗੱਲ ਨੇ ਮਾਂ ਦੇ ਦਿਲ ਵਿੱਚ ਮਿਲੇ ਜੁਲੇ ਜਜ਼ਬਿਆਂ ਨੂੰ ਜਨਮ ਦਿੱਤਾ। ਪਤਾ ਨਹੀਂ ਕਿਉਂ ਉਹਨੂੰ ਬੁਰਾ ਨਾ ਲੱਗਣ ਵਾਲ਼ੇ, ਮਿੱਤਰਾਂ ਵਾਲ਼ੇ ਢੰਗ ਨਾਲ਼ ਸੋਫ਼ੀਆ ਉੱਤੇ ਤਰਸ ਆਉਣ ਲੱਗ ਪਿਆ ਅਤੇ ਉਹਦਾ ਜੀਅ ਕੀਤਾ ਉਹ ਉਹਨੂੰ ਹੋਰ ਤਰਾਂ ਦੇ, ਵਧੇਰੇ ਸਾਦੇ ਲਫ਼ਜ਼ ਬੋਲਦੇ ਸੁਣੇ।

"ਤੁਹਾਨੂੰ ਤੁਹਾਡੇ ਜਤਨਾਂ ਦਾ ਫਲ ਕੌਣ ਕਦੀ ਦੇਵੇਗਾ ?" ਉਹਨੇ ਹੌਲ਼ੀ ਜਿਹੀ ਅਤੇ ਸੋਗੀ ਢੰਗ ਨਾਲ਼ ਪੁੱਛਿਆ।

"ਸਾਨੂੰ ਤਾਂ ਪਹਿਲਾਂ ਹੀ ਫਲ ਮਿਲ ਚੁੱਕਿਐ," ਸੋਫ਼ੀਆ ਨੇ ਜਵਾਬ ਦਿੱਤਾ ਅਤੇ ਮਾਂ ਨੂੰ ਜਾਪਿਆ ਕਿ ਉਹਦੀ ਅਵਾਜ਼ ਵਿੱਚ ਮਾਣ ਸੀ। "ਅਸੀਂ ਜ਼ਿੰਦਗੀ ਦਾ ਅਜਿਹਾ ਢੰਗ ਢੂੰਡ ਲਿਐ ਜਿਹੜਾ ਸਾਨੂੰ ਰਾਸ ਆਉਂਦੈ। ਅਸੀਂ ਰੂਹ ਦੀਆਂ ਪੂਰੀਆਂ ਸ਼ਕਤੀਆਂ ਨਾਲ਼ ਜਿਉਂ ਰਹੇ ਹਾਂ—ਅਸੀਂ ਜ਼ਿੰਦਗੀ ਤੋਂ ਹੋਰ ਕੀ ਮੰਗ ਸਕਦੇ ਹਾਂ ?"

ਮਾਂ ਨੇ ਉਹਦੇ ਵੱਲ ਵੇਖਿਆ ਅਤੇ ਆਪਣੀਆਂ ਅੱਖਾਂ ਨੀਵੀਆਂ ਪਾ ਲਈਆਂ, ਉਹ ਇੱਕ ਵਾਰ ਫਿਰ ਸੋਚ ਰਹੀ ਸੀ:

"ਉਹ ਰੀਬਿਨ ਨੂੰ ਚੰਗੀ ਨਹੀਂ ਲੱਗਣੀ।..."

ਉਹ ਤਿੱਖੇ ਪੈਰੀਂ, ਪਰ ਕਾਹਲ ਕੀਤੇ ਬਿਨਾਂ ਚੱਲਦੀਆਂ ਰਹੀਆਂ, ਮਿੱਠੀ ਪੌਣ ਦੇ ਲੰਮੇ ਸਾਹ ਲੈਂਦੀਆਂ ਹੋਈਆਂ ਅਤੇ ਮਾਂ ਨੇ ਕਲਪਨਾ ਕੀਤੀ ਕਿ ਉਹ ਕਿਸੇ ਯਾਤਰਾ 'ਤੇ ਜਾ ਰਹੀ ਹੈ। ਉਹਨੇ ਉਹ ਖ਼ੁਸ਼ੀ ਯਾਦ ਕੀਤੀ ਜਿਸ ਨਾਲ਼ ਉਹ ਆਪਣੇ ਬਚਪਨ ਵਿੱਚ ਇੱਕ ਦੁਰਾਡੇ ਮੱਠ ਵਿੱਚ ਤਿਹਾਰੀ ਰੀਤਾਂ ਵੇਖਣ ਜਾਂਦੀ, ਜਿੱਥੇ ਇੱਕ ਕਰਾਮਾਤਾਂ ਕਰਨ ਵਾਲ਼ੀ ਪਵਿੱਤਰ ਮੂਰਤ ਸੀ।

ਕਦੀ ਕਦੀ ਸੋਫ਼ੀਆ ਨਿੰਮ੍ਹੀ ਸੁਰੀਲੀ ਅਵਾਜ਼ ਵਿੱਚ ਅਸਮਾਨ ਬਾਰੇ ਜਾਂ ਪਿਆਰ ਬਾਰੇ ਕੋਈ ਨਵਾਂ ਗੀਤ ਗਾਉਂਦੀ; ਜਾਂ ਕਦੀ ਕਦੀ ਉਹ ਖੇਤਾਂ ਅਤੇ ਜੰਗਲਾਂ ਅਤੇ ਵੋਲਗਾ ਬਾਰੇ ਨਜ਼ਮਾਂ ਸੁਣਾਉਂਦੀ ਅਤੇ ਮਾਂ ਸੁਣਦੀ ਅਤੇ ਮੁਸਕਰਾਉਂਦੀ, ਆਪ-ਮੁਹਾਰੇ ਕਵਿਤਾ ਦੇ ਤੋਲ ਨਾਲ਼ ਸਿਰ ਹਿਲਾਉਂਦੀ, ਇਹਦੇ ਗੀਤ ਵਸ ਪੈ ਕੀਲੀ ਜਾਂਦੀ।

ਉਹਦਾ ਅੰਦਰਾ ਪੂਰੀ ਤਰ੍ਹਾਂ ਨਿੱਘਾ ਅਤੇ ਸ਼ਾਂਤ ਅਤੇ ਸੋਚਾਂ ਡੁੱਬਾ ਸੀ, ਜਿਵੇਂ ਉਹ ਹੁਨਾਲ ਦੀ ਸ਼ਾਮ ਨੂੰ ਕਿਸੇ ਬਾਗ਼ ਦੀ ਸੁਖਾਵੀਂ ਨੁੱਕਰੇ ਖੜੀ ਹੋਵੇ।

## 5

ਉਹ ਤੀਜੇ ਦਿਨ ਆਪਣੀ ਮੰਜ਼ਿਲੇ ਅੱਪੜੀਆਂ। ਮਾਂ ਨੇ ਖੇਤਾਂ ਵਿੱਚ ਕੰਮ ਕਰਦੇ ਇੱਕ ਮੂਜ਼ੀਕ ਤੋਂ ਪੁੱਛਿਆ ਕਿ ਕੋਲਤਾਰ ਦਾ ਕਾਰਖ਼ਾਨਾ ਕਿੱਥੇ ਹੈ ਅਤੇ ਛੇਤੀ ਹੀ ਉਹ ਜੰਗਲ ਵਿੱਚ ਇੱਕ ਦੰਦੀਹਾਰ ਰਾਹ ਉੱਤੇ ਜਾ ਰਹੀਆਂ ਸਨ, ਜਿੱਥੇ ਰੁੱਖਾਂ ਦੀਆਂ ਜੜ੍ਹਾਂ ਪੌੜੀਆਂ ਦਾ ਚੰਗਾ ਕੰਮ ਦੇਂਦੀਆਂ ਸਨ। ਇਹ ਰਾਹ ਉਹਨਾਂ ਨੂੰ ਇੱਕ ਗੋਲ਼ ਸਾਫ਼ ਕੀਤੀ ਥਾਂ ਲੈ ਗਿਆ, ਜਿੱਥੇ ਕੋਲ਼ਾ ਅਤੇ ਛੌਡੇ ਖਿੱਲਰੇ ਹੋਏ ਸਨ ਅਤੇ ਕੋਲਤਾਰ ਦੇ ਟੋਟੇ ਜੰਮੇ ਹੋਏ ਸਨ।

"ਸੋ ਅਸੀਂ ਅੱਪੜ ਗਈਆਂ!" ਮਾਂ ਨੇ ਔਖੇ ਹੋਕੇ ਆਪਣੇ ਆਲੇ ਦੁਆਲੇ ਵੇਖਦੇ ਹੋਏ ਕਿਹਾ।

ਡੰਡਿਆਂ ਅਤੇ ਟਹਿਣੀਆਂ ਦੇ ਬਣੇ ਇੱਕ ਢਾਰੇ ਦੇ ਸਾਹਮਣੇ ਇੱਕ ਮੇਜ਼ ਪਿਆ ਸੀ ਜਿਹੜਾ ਲੱਕੜੀ ਦੀਆਂ ਘੋੜੀਆਂ ਉੱਤੇ ਰੱਖੇ ਤਿੰਨ ਫੱਟਿਆਂ ਦਾ ਬਣਿਆ ਹੋਇਆ ਸੀ। ਕੋਲਤਾਰ ਨਾਲ਼ ਕਾਲ਼ਾ ਹੋਇਆ, ਕਮੀਜ਼ ਦੇ ਬਟਨ ਖੁੱਲ੍ਹੇ, ਰੀਬਿਨ ਮੇਜ਼ ਤੇ ਬੈਠਾ ਯੇਫ਼ੀਮ ਅਤੇ

ਹੋਰ ਜਵਾਨ ਮੁੰਡਿਆਂ ਨਾਲ਼ ਦੁਪਹਿਰ ਦਾ ਖਾਣਾ ਖਾ ਰਿਹਾ ਸੀ। ਸਭ ਤੋਂ ਪਹਿਲਾਂ ਇਸਤਰੀਆਂ ਉੱਤੇ ਗੀਬਿਨ ਦੀ ਹੀ ਨਿਗਾਹ ਪਈ ਅਤੇ ਉਹ ਆਪਣੇ ਇੱਕ ਹੱਥ ਨਾਲ਼ ਅੱਖਾਂ ਉੱਤੇ ਧੁੱਪ ਤੋਂ ਛਾਂ ਕਰਕੇ ਚੁੱਪ ਚਾਪ ਉਹਨਾਂ ਦੇ ਨੇੜੇ ਅੱਪੜਨ ਦੀ ਉਡੀਕ ਕਰਨ ਲੱਗ ਪਿਆ।

"ਸ਼ੁਭ ਦਿਨ, ਵੀਰ ਮਿਖਾਈਲੋ!" ਮਾਂ ਨੇ ਦੂਰੋਂ ਉੱਚੀ ਅਵਾਜ਼ ਵਿੱਚ ਕਿਹਾ।

ਉਹ ਉੱਠਿਆ ਅਤੇ ਕਾਹਲ ਕੀਤੇ ਬਿਨਾਂ ਉਹਨਾਂ ਵੱਲ ਗਿਆ। ਜਦੋਂ ਉਹਨੇ ਉਹਨੂੰ ਪਛਾਣ ਲਿਆ ਤਾਂ ਉਹ ਮੁਸਕਰਾਇਆ ਅਤੇ ਆਪਣੇ ਕਾਲ਼ੇ ਹੱਥ ਨਾਲ਼ ਆਪਣੀ ਦਾੜ੍ਹੀ ਪਲੋਸੀ।

"ਅਸੀਂ ਯਾਤਰਾ ਕਰਨ ਨਿਕਲੀਆਂ ਵਾਂ," ਮਾਂ ਨੇ ਨੇੜੇ ਅੱਪੜਦੇ ਹੋਏ ਕਿਹਾ। "ਸੋ ਮੈਂ ਸੋਚਿਆ ਥੋੜ੍ਹੀ ਦੇਰ ਤੇਰੇ ਕੋਲ਼ ਠਹਿਰ ਕੇ ਵੇਖ ਲਵਾਂ ਤੇਰਾ ਕੀ ਹਾਲ ਚਾਲ ਏ। ਇਹ ਮੇਰੀ ਸਹੇਲੀ ਏ — ਉਹਦਾ ਨਾਂ ਅੱਨਾ ਵੇ।..."

ਆਪਣੀ ਚੁਤਰਾਈ 'ਤੇ ਮਾਣ ਕਰਦਿਆਂ ਉਹਨੇ ਕਾਣੀ ਅੱਖ ਨਾਲ਼ ਸੋਫ਼ੀਆ ਦੇ ਮੂੰਹ ਵੱਲ ਵੇਖਿਆ, ਜਿਹੜਾ ਕਰੜਾ ਅਤੇ ਗੰਭੀਰ ਸੀ।

"ਕੀ ਹਾਲ ਚਾਲ ਏ," ਗੀਬਿਨ ਨੇ ਮਾਂ ਨਾਲ਼ ਹੱਥ ਮਿਲਾਉਂਦੇ ਅਤੇ ਸੋਫ਼ੀਆ ਨੂੰ ਝੁਕ ਕੇ ਸਲਾਮ ਕਰਦੇ ਹੋਏ ਇੱਕ ਟੇਢੀ ਮੁਸਕਾਨ ਨਾਲ਼ ਕਿਹਾ। "ਝੂਠ ਨਾ ਬੋਲ। ਹੁਣ ਤੂੰ ਸ਼ਹਿਰ ਵਿੱਚ ਨਹੀਂ—ਇੱਥੇ ਝੂਠਾਂ ਦੀ ਲੋੜ ਨਹੀਂ। ਸਾਰੇ ਸਾਡੇ ਆਪਣੇ ਬੰਦੇ ਨੇ।..."

ਯੇਫ਼ੀਮ ਨੇ ਮੇਜ਼ ਕੋਲ਼ ਬੈਠੇ ਬੈਠੇ ਯਾਤਰੂਆਂ ਵੱਲ ਗਹੁ ਨਾਲ਼ ਵੇਖਿਆ ਅਤੇ ਘੁਸਰ-ਮੁਸਰ ਕਰਦੇ ਹੋਏ ਆਪਣੇ ਸਾਥੀਆਂ ਨੂੰ ਕੁਝ ਕਿਹਾ। ਜਦੋਂ ਇਸਤਰੀਆਂ ਨੇੜੇ ਆਈਆਂ ਤਾਂ ਉਹ ਉੱਠਿਆ ਅਤੇ ਚੁੱਪ ਚਾਪ ਝੁਕ ਕੇ ਉਹਨਾਂ ਨੂੰ ਸਲਾਮ ਕੀਤੀ। ਉਹਦੇ ਸਾਥੀ ਅਹਿਲ ਬੈਠੇ ਰਹੇ ਜਿਵੇਂ ਉਹਨਾਂ ਮਹਿਮਾਨਾਂ ਨੂੰ ਵੇਖਿਆ ਹੀ ਨਹੀਂ ਸੀ।

"ਅਸੀਂ ਵਿਰਕਤਾਂ ਵਾਂਗ ਰਹਿੰਦੇ ਆਂ," ਗੀਬਿਨ ਨੇ ਪੇਲਾਗੀਆ ਦੇ ਮੋਢੇ ਉੱਤੇ ਨਿੱਕੀ ਜਿਹੀ ਥਪਕੀ ਦੇਂਦੇ ਹੋਏ ਕਿਹਾ। "ਕੋਈ ਵੀ ਸਾਨੂੰ ਮਿਲਣ ਨਹੀਂ ਆਉਂਦਾ। ਮਾਲਕ ਬਾਹਰ ਗਿਆ ਹੋਇਐ, ਉਹਦੀ ਵਹੁਟੀ ਹਸਪਤਾਲ ਵਿੱਚ ਏ ਤੇ ਲਗਭਗ ਸਭ ਕੁਝ ਮੇਰੇ ਈ ਹੱਥ ਏ। ਬਹਿ ਜਾ, ਸ਼ੈਦ ਤੂੰ ਕੁਝ ਖਾਣਾ ਚਾਹੇਂਗੀ। ਕੁਝ ਦੁੱਧ ਲਿਆ ਯੇਫ਼ੀਮ।"

ਯੇਫ਼ੀਮ ਕਾਹਲ ਕੀਤੇ ਬਿਨਾਂ ਢਾਰੇ ਵਿੱਚ ਗਿਆ ਅਤੇ ਯਾਤਰੂਆਂ ਨੇ ਆਪਣੀ ਪਿੱਠ ਤੋਂ ਪਿੱਠੂ ਲਾਹੇ। ਜਵਾਨ ਮੁੰਡਿਆਂ ਵਿੱਚੋਂ ਇੱਕ, ਜਿਹੜਾ ਲੰਮਾ, ਪਤਲਾ ਜਣਾ ਸੀ, ਉੱਠਿਆ ਅਤੇ ਉਹਨਾਂ ਦਾ ਹੱਥ ਵਟਾਇਆ, ਪਰ ਉਹਦਾ ਝੰਡਲ, ਗੀਂਢਾ, ਤਕੜਾ ਸਾਥੀ ਆਪਣਾ ਸਿਰ ਖੁਰਕਦਾ ਅਤੇ ਇੱਕ ਧੁਨ ਗੁਣਗੁਣਾਉਂਦਾ, ਸੋਚਦੇ ਹੋਏ ਉਹਨਾਂ ਵੱਲ ਵੇਖਦਾ ਆਪਣੀਆਂ ਅਰਕਾਂ ਮੇਜ਼ ਉੱਤੇ ਰੱਖ ਕੇ ਬੈਠਾ ਰਿਹਾ।

ਕੋਲਤਾਰ ਅਤੇ ਗਲ ਰਹੇ ਪੱਤਿਆਂ ਦੀ ਤਿੱਖੀ ਬੋ ਨੇ ਇਸਤਰੀਆਂ ਦੇ ਸਿਰ ਚਕਰਾ ਦਿੱਤੇ।

"ਇਹਦਾ ਨਾਂ ਯਾਕੋਵ ਏ," ਗੀਬਿਨ ਨੇ ਲੰਮੇ ਜਣੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ, "ਅਤੇ ਇਹ ਦੂਜਾ ਇਗਨਾਤ ਏ। ਸੋ, ਤੇਰੇ ਪੁੱਤਰ ਦਾ ਕੀ ਹਾਲ ਏ?"

"ਉਹ ਤਾਂ ਜੇਲ੍ਹ ਵਿੱਚ ਵੇ," ਮਾਂ ਨੇ ਹਉਕਾ ਲੈ ਕੇ ਕਿਹਾ।

"ਫਿਰ ?" ਗੀਬਿਨ ਚੂਕਿਆ। "ਉਹ ਜ਼ਰੂਰ ਉਹਨੂੰ ਚੰਗੀ ਲੱਗੀ ਹੋਣੀ ਏ।..."

ਇਗਨਾਤ ਨੇ ਗਾਣਾ ਬੰਦ ਕਰ ਦਿੱਤਾ ਅਤੇ ਯਾਕੋਵ ਨੇ ਮਾਂ ਦੇ ਹੱਥੋਂ ਸੋਟੀ ਫੜੀ।

"ਬਹਿ ਜਾ," ਉਹਨੇ ਕਿਹਾ।

"ਤੂੰ ਖੜੀ ਕਿਉਂ ਏਂ ? ਬਹਿ ਜਾ," ਗੀਬਿਨ ਨੇ ਸੋਫ਼ੀਆ ਨੂੰ ਕਿਹਾ। ਚੁੱਪ ਚਾਪ ਉਹ ਇੱਕ ਮੁੱਢ ਉੱਤੇ ਬਹਿ ਗਈ, ਗੀਬਿਨ ਵੱਲ ਧਿਆਨ ਨਾਲ਼ ਵੇਖਦੀ।

"ਉਹਨਾਂ ਉਹਨੂੰ ਕਦੋਂ ਫੜਿਆ ?" ਗੀਬਿਨ ਨੇ ਮਾਂ ਦੇ ਸਾਹਮਣੇ ਬਹਿੰਦੇ ਅਤੇ ਸਿਰ ਹਿਲਾਉਂਦੇ ਹੋਏ ਪੁੱਛਿਆ। "ਨਿਲੋਵਨਾ ! ਕਿਸਮਤ ਨੇ ਤੇਰਾ ਸਾਥ ਨਹੀਂ ਦਿੱਤਾ !"

"ਸਭ ਠੀਕ ਠਾਕ ਵੇ," ਮਾਂ ਨੇ ਕਿਹਾ।

"ਇਸ ਗੱਲ ਦੀ ਆਦੀ ਹੋਈ ਜਾਨੀ ਏਂ ?"

"ਨਹੀਂ। ਮੈਂ ਆਦੀ ਤਾਂ ਨਹੀਂ ਹੋਈ, ਪਰ ਮੈਂ ਵੇਖਦੀ ਵਾਂ ਹੋਰ ਕੋਈ ਰਾਹ ਹੈ ਵੀ ਤਾਂ ਨਹੀਂ !"

"ਹੂੰ," ਗੀਬਿਨ ਨੇ ਕਿਹਾ। "ਸੋ, ਸਾਨੂੰ ਇਹਦੇ ਬਾਰੇ ਦੱਸ।..."

ਯੇਫ਼ੀਮ ਅੰਦਰੋਂ ਦੁੱਧ ਦਾ ਭਰਿਆ ਜੱਗ ਲਿਆਇਆ, ਮੇਜ਼ ਤੋਂ ਇੱਕ ਪਿਆਲਾ ਚੁੱਕਿਆ, ਇਹਨੂੰ ਹੰਗਾਲਿਆ, ਇਹਦੇ ਵਿੱਚ ਦੁੱਧ ਪਾਇਆ ਅਤੇ ਇਹ ਸੋਫ਼ੀਆ ਨੂੰ ਦਿੱਤਾ, ਅਜਿਹਾ ਕਰਦੇ ਹੋਏ ਉਹ ਧਿਆਨ ਨਾਲ਼ ਮਾਂ ਦੀ ਕਹਾਣੀ ਸੁਣਦਾ ਰਿਹਾ। ਉਹਨੇ ਇਸ ਗੱਲ ਦਾ ਧਿਆਨ ਰੱਖਿਆ ਕਿ ਉਹ ਸ਼ੋਰ ਨਾ ਕਰੇ। ਜਦੋਂ ਮਾਂ ਨੇ ਆਪਣਾ ਸੰਖੇਪ ਬ੍ਰਿਤਾਂਤ ਮੁਕਾ ਲਿਆ ਤਾਂ ਕਿਸੇ ਨੇ ਕੁਝ ਨਾ ਕਿਹਾ ਜਾਂ ਕਿਸੇ ਹੋਰ ਵੱਲ ਨਾ ਵੇਖਿਆ। ਇਗਨਾਤ ਮੇਜ਼ ਕੋਲ਼ ਬੈਠਾ ਫੱਟਿਆਂ ਉੱਤੇ ਆਪਣੀ ਉਂਗਲ ਦੇ ਨਹੁੰ ਨਾਲ਼ ਲਕੀਰਾਂ ਵਾਹ ਰਿਹਾ ਸੀ; ਯੇਫ਼ੀਮ ਗੀਬਿਨ ਦੇ ਮੋਢੇ ਉੱਤੇ ਅਰਕ ਰੱਖ ਕੇ ਉਹਦੇ ਪਿੱਛੇ ਖੜਾ ਸੀ; ਯਾਕੋਵ ਇੱਕ ਰੁੱਖ ਦੇ ਤਣੇ ਨਾਲ਼ ਢਾਸਣਾ ਲਾਈ, ਆਪਣੀਆਂ ਬਾਹਾਂ ਛਾਤੀ ਉੱਤੇ ਦੁਹਰੀਆਂ ਕਰਕੇ ਅਤੇ ਸਿਰ ਨੀਵਾਂ ਕਰਕੇ ਖੜਾ ਸੀ; ਸੋਫ਼ੀਆ ਆਪਣੇ ਭਰਵੱਟਿਆਂ ਹੇਠੋਂ ਮੂਜ਼ੀਕਾਂ ਨੂੰ ਧਿਆਨ ਨਾਲ਼ ਵੇਖਦੇ ਹੋਏ ਬੈਠੀ ਸੀ।...

"ਹੂੰ-ਊਂ-ਊਂ," ਗੀਬਿਨ ਨੇ ਹੌਲ਼ੀ ਹੌਲ਼ੀ ਅਤੇ ਖੁਸ਼ੀ ਤੋਂ ਬਿਨਾਂ ਕਿਹਾ, "ਸੋ ਇਹ ਗੱਲ ਏ, — ਖੁਲ੍ਹਮ-ਖੁੱਲ੍ਹਾ !..."

"ਜੇ ਅਸੀਂ ਕਦੀ ਅਜਿਹਾ ਜਲੂਸ ਕੱਢੀਏ," ਯੇਫ਼ੀਮ ਨੇ ਉਦਾਸ ਮੁਸਕਾਨ ਨਾਲ਼ ਕਿਹਾ, "ਮੂਜ਼ੀਕ ਤਾਂ ਕੁੱਟ ਕੁੱਟ ਕੇ ਸਾਡੀ ਮਿੱਝ ਕੱਢ ਦੇਣਗੇ !"

"ਸੱਚਮੁਚ, ਉਹ ਸਾਨੂੰ ਮਾਰ ਦੇਣਗੇ," ਇਗਨਾਤ ਸਿਰ ਹਿਲਾਕੇ ਸਹਿਮਤ ਹੋਇਆ। "ਮੈਂ ਕਾਰਖ਼ਾਨੇ ਵਿੱਚ ਕੰਮ ਕਰਾਂਗਾ। ਉੱਥੇ ਹਾਲਤ ਚੰਗੇਰੀ ਹੁੰਦੀ ਏ।..."

"ਸੋ, ਤੂੰ ਕਹਿੰਦੀ ਏਂ ਪਾਵੇਲ 'ਤੇ ਮੁਕੱਦਮਾ ਚੱਲੇਗਾ ?" ਗੀਬਿਨ ਨੇ ਪੁੱਛਿਆ। "ਤੇ ਸਜ਼ਾ ਕੀ ਹੋਵੇਗੀ ? ਕੁਝ ਸੁਣਿਆ ਈ।"

"ਕੈਦ ਬਾਮੁੱਸ਼ਕਤ ਜਾਂ ਸਦਾ ਲਈ ਸਾਇਬੇਰੀਆ ਵਿੱਚ ਜਲਾਵਤਨੀ," ਮਾਂ ਨੇ ਸ਼ਾਂਤੀ ਨਾਲ਼ ਜਵਾਬ ਦਿੱਤਾ।

ਤਿੰਨੇ ਜਵਾਨ ਮੁੰਡੇ ਇਕੱਠੇ ਹੀ ਉਹਦੇ ਵੱਲ ਮੁੜੇ।

"ਜਦੋਂ ਉਹਨੇ ਇਹ ਕੰਮ ਕੀਤਾ ਤਾਂ ਉਹਨੂੰ ਇਸ ਗੱਲ ਦਾ ਪਤਾ ਸੀ ?" ਗੀਬਿਨ ਨੇ ਸਿਰ

ਨੀਵਾਂ ਪਾਉਂਦੇ ਹੋਏ ਕਿਹਾ।

"ਹਾਂ, ਉਹਨੂੰ ਪਤਾ ਸੀ," ਸੋਫ਼ੀਆ ਨੇ ਉੱਚੀ ਅਵਾਜ਼ ਵਿੱਚ ਕਿਹਾ।

ਸੱਭੇ ਚੁੱਪ ਅਤੇ ਅਹਿਲ ਸਨ, ਜਿਵੇਂ ਇਸ ਵਿਚਾਰ ਨੇ ਉਹਨਾਂ ਨੂੰ ਕੀਲ ਦਿੱਤਾ ਹੋਵੇ।

"ਹੂੰ-ਊਂ," ਰੀਬਿਨ ਨੇ ਗੰਭੀਰ ਮਹੱਤਤਾ ਨਾਲ਼ ਗੱਲ ਸ਼ੁਰੂ ਕੀਤੀ। "ਮੈਨੂੰ ਯਕੀਨ ਏ ਉਹਨੂੰ ਪਤਾ ਸੀ। ਉਹ ਹਨੇਰੇ ਵਿੱਚ ਛਾਲ ਨਹੀਂ ਮਾਰ ਸਕਦਾ — ਉਹ ਬਹੁਤ ਗੰਭੀਰ ਏ। ਸੁਣਿਆ, ਮੁੰਡਿਓ! ਉਹਨੂੰ ਪਤਾ ਸੀ ਕਿ ਉਹ ਆਪਣੀਆਂ ਸੰਗੀਨਾਂ ਉਹਦੇ ਵਿੱਚ ਖੋਭ ਦੇਣਗੇ ਜਾਂ ਉਹਨੂੰ ਸਾਇਬੇਰੀਆ ਭੇਜ ਦੇਣਗੇ, ਪਰ ਇਹ ਗੱਲ ਉਹਨੂੰ ਰੋਕ ਨਾ ਸਕੀ। ਜੇ ਉਹਦੀ ਆਪਣੀ ਮਾਂ ਉਹਦੇ ਰਾਹ ਵਿੱਚ ਲੇਟੀ ਹੁੰਦੀ ਤਾਂ ਉਹ ਉਸ ਉੱਤੋਂ ਟੱਪ ਕੇ ਲੰਘ ਜਾਂਦਾ, ਲੰਘ ਜਾਂਦਾ ਕਿ ਨਹੀਂ, ਨਿਲੋਵਨਾ?"

"ਹਾਂ, ਉਹ ਲੰਘ ਜਾਂਦਾ," ਮਾਂ ਨੇ ਤ੍ਰਭਕ ਕੇ ਕਿਹਾ। ਉਹਨੇ ਹਉਕਾ ਭਰਿਆ ਅਤੇ ਆਲੇ ਦੁਆਲੇ ਵੇਖਿਆ। ਸੋਫ਼ੀਆ ਨੇ ਚੁੱਪ ਚਾਪ ਉਹਦਾ ਹੱਥ ਪਲੋਸਿਆ, ਸੁੰਗੇੜੇ ਭਰਵੱਟਿਆਂ ਨਾਲ਼ ਰੀਬਿਨ ਵੱਲ ਵੇਖਦੀ ਰਹੀ।

"ਹੋਇਆ ਨਾ ਜਣਾ!" ਉਹਨੇ ਆਪਣੀਆਂ ਕਾਲ਼ੀਆਂ ਅੱਖਾਂ ਨਾਲ਼ ਉਹਨਾਂ ਸਭਨਾਂ ਵੱਲ ਵੇਖਦੇ ਹੋਏ ਅਰਾਮ ਨਾਲ਼ ਕਿਹਾ। ਇੱਕ ਵਾਰ ਫਿਰ ਛੇ ਦੇ ਛੇ ਚੁੱਪ ਸਨ। ਸੂਰਜ ਦੀਆਂ ਪਤਲੀਆਂ ਕਿਰਨਾਂ ਹਵਾ ਵਿੱਚ ਸੁਨਹਿਰੀ ਫ਼ੀਤਿਆਂ ਵਾਂਗ ਲਟਕੀਆਂ ਹੋਈਆਂ ਸਨ। ਕਿੱਧਰੇ ਇੱਕ ਕਾਂ ਕਾਂ-ਕਾਂ ਕਰਕੇ ਬੋਲਿਆ। ਮਾਂ ਮਈ ਦਿਵਸ ਦੀਆਂ ਯਾਦਾਂ ਅਤੇ ਪਾਵੇਲ ਤੇ ਆਂਦਰੇਈ ਲਈ ਆਪਣੇ ਉਦਰੇਵੇ ਕਾਰਨ ਉਤੇਜਤ ਸੀ। ਛੋਟੀ ਜਿਹੀ ਸਾਫ਼ ਕੀਤੀ ਥਾਂ ਵਿੱਚ ਕੋਲਤਾਰ ਦੇ ਖ਼ਾਲੀ ਡਰਮ ਖਿੱਲਰੇ ਹੋਏ ਸਨ ਅਤੇ ਉੱਖੜੇ ਮੁੱਢ ਹਰ ਥਾਂ ਪਏ ਹੋਏ ਸਨ। ਕੰਢਿਆਂ ਕੋਲ਼ ਬਲੂਤ ਅਤੇ ਬਰਚ ਦੇ ਅਹਿਲ ਝੁੰਡ ਸਨ, ਜਿਹੜੇ ਚੁੱਪ ਵਿੱਚ ਜੁੜੇ ਭੋਂ ਉੱਤੇ ਨਿੱਘਾ, ਕਾਲ਼ਾ ਪਰਛਾਵਾਂ ਸੁੱਟ ਰਹੇ ਸਨ।

ਅਚਾਨਕ ਯਾਕੋਵ ਦਰੱਖ਼ਤ ਤੋਂ ਪਰ੍ਹਾਂ ਹਟਿਆ ਅਤੇ ਪਾਸੇ ਚਲਾ ਗਿਆ।

"ਜਦੋਂ ਉਹਨਾਂ ਸਾਨੂੰ ਫ਼ੌਜ ਵਿੱਚ ਜਬਰੀ ਭਰਤੀ ਕਰ ਲਿਆ ਤਾਂ ਉਹ ਮੈਨੂੰ ਅਤੇ ਯੇਫ਼ੀਮ ਨੂੰ ਅਜਿਹੇ ਲੋਕਾਂ ਦੇ ਖ਼ਿਲਾਫ਼ ਹੀ ਭੇਜਣਗੇ?" ਉਹਨੇ ਆਪਣਾ ਸਿਰ ਪਿੱਛੇ ਸੁੱਟਦੇ ਹੋਏ ਉੱਚੀ ਜਿਹੇ ਪੁੱਛਿਆ।

"ਤੇਰਾ ਕੀ ਖ਼ਿਆਲ ਸੀ ਤੈਨੂੰ ਕਿੰਨ੍ਹਾਂ ਦੇ ਖ਼ਿਲਾਫ਼ ਭੇਜਣਗੇ?" ਰੀਬਿਨ ਨੇ ਜਵਾਬ ਦਿੱਤਾ। "ਉਹ ਤਾਂ ਸਾਡਾ ਗਲਾ ਘੁੱਟਣ ਲਈ ਸਾਡੇ ਆਪਣੇ ਹੱਥ ਹੀ ਵਰਤਦੇ ਨੇ — ਇਹੋ ਤਾਂ ਸਾਰੀ ਚਾਲ ਏ!"

"ਪਰ ਮੈਂ ਤਾਂ ਫ਼ੌਜੀ ਜ਼ਰੂਰ ਬਣਨੈ," ਯੇਫ਼ੀਮ ਨੇ ਅੜੀ ਨਾਲ਼ ਕਿਹਾ।

"ਤੈਨੂੰ ਮਨ੍ਹਾ ਕੌਣ ਕਰ ਰਿਹੈ?" ਇਗਨਾਤ ਕੂਕਿਆ। "ਜਾਹ, ਬਣ ਜਾ! ਬਸ ਇੱਕੋ ਗੱਲ," ਉਹਨੇ ਨਿੱਕਾ ਜਿਹਾ ਹਾਸਾ ਹੱਸ ਕੇ ਵਾਧਾ ਕੀਤਾ, "ਜਦੋਂ ਮੇਰੇ 'ਤੇ ਗੋਲ਼ੀ ਚਲਾਵੇਂਗਾ ਤਾਂ ਮੇਰੇ ਸਿਰ ਦਾ ਨਿਸ਼ਾਨਾ ਬਣਾਈ—ਮੈਨੂੰ ਅਪਾਹਜ ਨਾ ਬਣਾਵੀਂ; ਮੈਨੂੰ ਇੱਕ ਦਮ ਮਾਰ ਸੁੱਟੀ!"

"ਇਹ ਗੱਲ ਤੂੰ ਇੱਕ ਵਾਰ ਪਹਿਲਾਂ ਵੀ ਕਹੀ ਸੀ," ਯੇਫ਼ੀਮ ਨੇ ਤਿੱਖਾ ਜਵਾਬ ਦਿੱਤਾ।

"ਜ਼ਰਾ ਠਹਿਰੋ, ਜਣਿਓ!" ਰੀਬਿਨ ਨੇ ਆਪਣਾ ਹੱਥ ਚੁੱਕਦੇ ਹੋਏ ਕਿਹਾ। "ਇਹ ਇੱਕ ਜ਼ਨਾਨੀ ਏ," — ਉਹਨੇ ਮਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ — "ਜਿਸ ਦੇ ਪੁੱਤਰ ਦਾ ਫਸਤਾ ਸ਼ੈਦ ਉਹਨਾਂ ਮੁਕਾ ਦਿੱਤੈ।..."

"ਤੂੰ ਇਹ ਕਿਉਂ ਕਹਿਨੈ?" ਮਾਂ ਨੇ ਘਬਰਾਹਟ ਨਾਲ਼ ਝਉਂ ਕੇ ਕਿਹਾ।

"ਇਹ ਕਹਿਣਾ ਈ ਪੈਣੈ," ਉਹਨੇ ਗੰਭੀਰਤਾ ਨਾਲ਼ ਜਵਾਬ ਦਿੱਤਾ। "ਤਾਂ ਜੁ ਤੇਰੇ ਵਾਲ ਐਵੇਂ ਹੀ ਚਿੱਟੇ ਨਾ ਹੋ ਗਏ ਹੋਣ। ਤੇ ਤੁਹਾਡਾ ਕੀ ਖ਼ਿਆਲ ਏ ਉਹਦੇ ਪੁੱਤਰ ਦਾ ਫਸਤਾ ਵੱਢ ਕੇ ਉਹਨਾਂ ਇਹਨੂੰ ਮਾਰ ਦਿੱਤੈ? ਨਿਲੋਵਨਾ, ਤੂੰ ਇਸ਼ਤਿਹਾਰ ਲਿਆਈ ਏਂ?"

ਮਾਂ ਨੇ ਉਹਦੇ ਵੱਲ ਵੇਖਿਆ।

"ਹਾਂ।..." ਉਹ ਥੋੜ੍ਹੀ ਦੇਰ ਰੁੱਕ ਕੇ ਬੋਲੀ।

"ਵੇਖਿਆ," ਰੀਬਿਨ ਨੇ ਮੇਜ਼ ਉੱਤੇ ਮੁੱਕਾ ਮਾਰਦੇ ਹੋਏ ਕਿਹਾ। "ਮੈਂ ਤੈਨੂੰ ਵੇਖਦਿਆਂ ਈ ਸਮਝ ਗਿਆ ਸਾਂ। ਤੂੰ ਹੋਰ ਕਾਹਦੇ ਲਈ ਇੱਥੇ ਆਉਣਾ ਸੀ? ਵੇਖਿਆ? ਉਹਨਾਂ ਉਹਦੇ ਪੁੱਤਰ ਨੂੰ ਸਫ਼ਾਂ ਵਿੱਚੋਂ ਬਾਹਰ ਸੁੱਟ ਦਿੱਤਾ ਤੇ ਮਾਂ ਨੇ ਉਹਦੀ ਥਾਂ ਲੈ ਲਈ!"

ਉਹਨੇ ਆਪਣਾ ਮੁੱਕਾ ਹਿਲਾਇਆ ਅਤੇ ਇੱਕ ਬਹੁਤ ਵੱਡੀ ਗਾਹਲ ਕੱਢੀ।

ਡਰੀ ਹੋਈ ਮਾਂ ਨੇ ਉਹਦੇ ਮੂੰਹ ਵੱਲ ਵੇਖਿਆ ਅਤੇ ਵੇਖਿਆ ਕਿ ਉਹ ਤੇਜ਼ੀ ਨਾਲ਼ ਤਬਦੀਲ ਹੋ ਗਿਆ ਹੈ; ਉਹ ਪਤਲਾ ਹੋ ਗਿਆ ਸੀ, ਉਹਦੀ ਦਾੜ੍ਹੀ ਉਲਝੀ ਹੋਈ ਸੀ ਅਤੇ ਇਹਦੇ ਹੇਠਾਂ ਉਹਦੀਆਂ ਗੱਲ੍ਹਾਂ ਦੀਆਂ ਉੱਭਰੀਆਂ ਹੱਡੀਆਂ ਦਿਸਦੀਆਂ ਸਨ। ਉਹਦੀਆਂ ਅੱਖਾਂ ਦੇ ਨੀਲ਼ੀ ਭਾਹ ਮਾਰਦੇ ਆਨਿਆਂ ਵਿੱਚ ਮਹੀਨ ਲਾਲ ਡੋਰੇ ਦਿਸਣ ਲੱਗ ਪਏ ਸਨ, ਜਿਵੇਂ ਉਹ ਲੰਮੇ ਸਮੇਂ ਤੋਂ ਨਾ ਸੁੱਤਾ ਹੋਵੇ। ਉਹਦਾ ਨੱਕ ਨਪੀੜਿਆ ਅਤੇ ਤੋਤੇਹਾਰ ਹੋ ਗਿਆ ਸੀ, ਕਿਸੇ ਸ਼ਿਕਾਰੀ ਪੰਛੀ ਵਾਂਗ। ਉਹਦਾ ਖੁੱਲ੍ਹਾ ਕਾਲਰ ਜਿਹੜਾ ਕਦੀ ਲਾਲ ਹੁੰਦਾ ਸੀ, ਪਰ ਹੁਣ ਕੋਲਤਾਰ ਕਾਰਨ ਕਾਲ਼ਾ ਸੀ, ਉਹਦੀਆਂ ਉੱਭਰੀਆਂ ਹੱਸ ਦੀਆਂ ਹੱਡੀਆਂ ਅਤੇ ਉਹਦੀ ਛਾਤੀ ਉੱਤੇ ਘਣੇ ਕਾਲ਼ੇ ਵਾਲ ਪ੍ਰਗਟ ਕਰਦਾ ਸੀ। ਉਹਦੀ ਸਾਰੀ ਦਿੱਖ ਪਹਿਲਾਂ ਕਿਸੇ ਸਮੇਂ ਨਾਲ਼ੋਂ ਵਧੇਰੇ ਉਦਾਲ ਅਤੇ ਸੋਗੀ ਸੀ। ਉਹਦੀਆਂ ਸੁੱਜੀਆਂ ਅੱਖਾਂ ਵਿੱਚ ਗੁੱਸੇ ਦੀਆਂ ਅੱਗਾਂ ਭਖ ਰਹੀਆਂ ਸਨ, ਜਿਹੜੀਆਂ ਉਹਦੇ ਕਾਲ਼ੇ ਮੂੰਹ ਨੂੰ ਰੁਸ਼ਨਾ ਦੇਂਦੀਆਂ। ਸੋਫ਼ੀਆ ਪੀਲ਼ੀ ਅਤੇ ਚੁੱਪ ਬੈਠੀ ਸੀ, ਉਹ ਆਪਣੀਆਂ ਅੱਖਾਂ ਇਹਨਾਂ ਤਿੰਨਾਂ ਮੁਜ਼ੀਕਾਂ ਤੋਂ ਨਹੀਂ ਸੀ ਹਟਾ ਸਕਦੀ। ਇਗਨਾਤ ਨੇ ਸਿਰ ਹਿਲਾਇਆ ਅਤੇ ਅੱਖ ਕਾਣੀ ਕੀਤੀ, ਅਤੇ ਢਾਰੇ ਵਿੱਚ ਜਾਕੇ ਯਾਕੋਵ ਖੰਭਿਆਂ ਤੋਂ ਗੁੱਸੇ ਨਾਲ਼ ਛੌਡੇ ਲਾਹੁੰਦਾ ਖੜਾ ਸੀ। ਯੇਫ਼ੀਮ ਮੇਜ਼ ਦੇ ਕੋਲ਼, ਮਾਂ ਦੀ ਪਿੱਠ ਪਿੱਛੇ ਇੱਧਰ ਉਧਰ ਟਹਿਲ ਰਿਹਾ ਸੀ। ਰੀਬਿਨ ਫਿਰ ਬੋਲਣ ਲੱਗ ਪਿਆ:

"ਪਿੱਛੇ ਜਿਹੇ ਜ਼ਿਲ੍ਹੇ ਦੇ ਮੁਖੀ ਨੇ ਮੈਨੂੰ ਬੁਲਾਇਆ ਅਤੇ ਕਿਹਾ: 'ਬਦਮਾਸ਼, ਤੂੰ ਪਾਦਰੀ ਨੂੰ ਕੀ ਕਿਹਾ ਸੀ?' 'ਬਦਮਾਸ਼?' ਮੈਂ ਕਿਹਾ। ਮੈਂ ਦਸਾਂ ਨਹੁੰਆਂ ਦੀ ਕਿਰਤ ਨਾਲ਼ ਰੋਜ਼ੀ ਕਮਾਉਂਦਾਂ ਤੇ ਮੈਂ ਕੋਈ ਨੁਕਸਾਨ ਨਹੀਂ ਕਰਦਾ। 'ਉਹ ਮੇਰੇ 'ਤੇ ਗਰਜਿਆ, ਮੇਰੇ ਦੰਦਾਂ ਵਿੱਚ ਇੱਕ ਜੜੀ ਅਤੇ ਉਹਨਾਂ ਮੈਨੂੰ ਤਿੰਨ ਦਿਨ ਕੈਦ ਰੱਖਿਆ। 'ਸੋ ਤੁਸੀਂ ਆਮ ਲੋਕਾਂ ਨਾਲ਼ ਇਉਂ

ਗੱਲ ਕਰਦੇ ਹੋ, ਹੈਂ ?' ਮੈਂ ਸੋਚਿਆ, 'ਤਾਂ ਇਹ ਆਸ ਨਾ ਕਰਨਾ ਕਿ ਅਸੀਂ ਇਹ ਭੁੱਲ ਜਾਵਾਂਗੇ, ਬੁੱਢੇ ਸ਼ੈਤਾਨ ! ਜੇ ਮੈਂ ਅਜਿਹਾ ਨਾ ਕਰ ਸਕਿਆ ਤਾਂ ਕੋਈ ਹੋਰ ਤੇਰੇ ਅਤੇ ਤੇਰੇ ਬੱਚਿਆਂ ਨਾਲ਼ ਨਿਬੜ ਲਵੇਗਾ — ਯਾਦ ਰੱਖੀਂ ! ਤੁਸਾਂ ਲੋਕਾਂ ਦੇ ਸੀਨਿਆਂ ਉੱਤੇ ਆਪਣੇ ਲੋਹੇ ਦੇ ਪੰਜਿਆਂ ਨਾਲ਼ ਹਲ ਵਾਹਿਆ ਏ ਤੇ ਇਹਦੇ ਵਿੱਚ ਨਫ਼ਰਤ ਬੀਜੀ ਏ, ਸੋ ਭੂਤਨੀਓ, ਰਹਿਮ ਦੀ ਆਸ ਨਾ ਰੱਖਣਾ !' ਇਹੋ ਤਾਂ ਗੱਲ ਏ !"

ਉਹਦਾ ਮੂੰਹ ਆਪਣੇ ਅੰਦਰ ਉਬਲਦੇ ਗੁੱਸੇ ਨਾਲ਼ ਸੂਹਾ ਹੋ ਗਿਆ ਸੀ ਅਤੇ ਉਹਦੀ ਅਵਾਜ਼ ਵਿੱਚ ਅਜਿਹੇ ਬੋਲ ਸਨ ਜਿਨ੍ਹਾਂ ਨੇ ਮਾਂ ਨੂੰ ਡਰਾ ਦਿੱਤਾ।

"ਤੇ ਮੈਂ ਪਾਦਰੀ ਨੂੰ ਕਿਹਾ ਕੀ ਸੀ ?" ਉਹਨੇ ਵਧੇਰੇ ਠਰ੍ਹੰਮੇ ਨਾਲ਼ ਗੱਲ ਜਾਰੀ ਰੱਖੀ, "ਇੱਕ ਵਾਰ ਪਿੰਡ ਦਾ ਆਪਣਾ ਚੱਕਰ ਪੂਰਾ ਕਰਕੇ ਉਹ ਬੈਠਾ ਹੋਇਆ ਕੁਝ ਮੁਜ਼ੀਕਾਂ ਨਾਲ਼ ਗੱਲਾਂ ਕਰ ਰਿਹਾ ਸੀ — ਉਹਨਾਂ ਨੂੰ ਕਹਿ ਰਿਹਾ ਸੀ ਕਿ ਆਮ ਲੋਕ ਭੇਡਾਂ ਵਾਂਗ ਨੇ, ਜਿਨ੍ਹਾਂ ਨੂੰ ਸਦਾ ਆਜੜੀ ਦੀ ਲੋੜ ਹੁੰਦੀ ਏ। ਹੂੰ। ਸੋ ਮੈਂ ਠੱਠਾ ਕਰਦੇ ਹੋਏ ਕਿਹਾ: 'ਜਦੋਂ ਉਹਨਾਂ ਲੂੰਮੜ ਨੂੰ ਜਾਨਵਰਾਂ ਦਾ ਮੁਖੀ ਬਣਾ ਦਿੱਤਾ ਤਾਂ ਖੰਭ ਤਾਂ ਬਥੇਰੇ ਉੱਡਣਗੇ, ਪਰ ਪੰਛੀ ਕੋਈ ਨਹੀਂ ਰਹਿਣਾ !' ਉਹਨੇ ਆਪਣਾ ਸਿਰ ਟੇਢਾ ਕਰਕੇ ਮੇਰੇ ਵੱਲ ਵੇਖਿਆ ਤੇ ਇਸ ਬਾਰੇ ਕੁਝ ਕਿਹਾ ਕਿ ਕਿਵੇਂ ਲੋਕਾਂ ਨੂੰ ਚਿਰ-ਸੰਤੋਖੀ ਹੋਣਾ ਅਤੇ ਰੱਬ ਅੱਗੇ ਦੁਆ ਕਰਨਾ ਚਾਹੀਦੀ ਏ ਕਿ ਉਹ ਉਹਨਾਂ ਨੂੰ ਸਭ ਅਜ਼ਮੈਸ਼ਾਂ ਅਤੇ ਮੁਸੀਬਤਾਂ ਸਹਿਣ ਲਈ ਬਲ ਬਖ਼ਸ਼ੇ। ਮੈਂ ਕਿਹਾ ਲੋਕ ਤਾਂ ਪਹਿਲਾਂ ਹੀ ਬਹੁਤ ਦੁਆਵਾਂ ਕਰਦੇ ਨੇ, ਪਰ ਰੱਬ ਨੂੰ ਉਹਨਾਂ ਦੀ ਸੁਣਨ ਦੀ ਵਿਹਲ ਨਹੀਂ। ਹੂੰ। ਸੋ ਉਹ ਮੈਥੋਂ ਪੁੱਛਦੈ ਮੈਂ ਕਿਹੜੀਆਂ ਦੁਆਵਾਂ ਕਰਦਾਂ, ਤੇ ਮੈਂ ਜਵਾਬ ਦਿੱਤਾ: 'ਮੈਂ ਸਾਰੀ ਉਮਰ ਇੱਕੋ ਇੱਕ ਦੁਆ ਕਰਦਾਂ, ਬਾਕੀ ਸਾਰੇ ਆਮ ਲੋਕਾਂ ਵਾਂਗ: ਪਿਆਰੇ ਰੱਬਾ, ਮੈਨੂੰ ਇਹ ਸਿਖਾ ਕਿ ਮੈਂ ਸਾਊ ਲੋਕਾਂ ਦੀ ਸੇਵਾ ਕਰਦਾ ਹੋਇਆ ਕਿਵੇਂ ਪੱਥਰ ਖਾਵਾਂ ਤੇ ਗੋਲੀਆਂ ਹੱਗਾਂ। ਪਰ ਉਹਨੇ ਮੈਨੂੰ ਗੱਲ ਮੁਕਾਉਣ ਈ ਨਾ ਦਿੱਤੀ।" ਅਚਾਨਕ ਰੀਬਿਨ ਸੋਫ਼ੀਆ ਵੱਲ ਮੁੜਿਆ। "ਤੂੰ ਸਾਊ ਘਰਾਣੇ ਦੀ ਤੀਵੀਂ ਏਂ ?"

"ਸਾਊ ਘਰਾਣੇ ਦੀ ਇਸਤਰੀ ਕਿਉਂ ?" ਸੋਫ਼ੀਆ ਨੇ ਕਾਹਲ ਨਾਲ਼, ਹੈਰਾਨ ਹੋਕੇ ਤ੍ਰਭਕਦੇ ਹੋਏ ਕਿਹਾ।

"ਕਿਉਂ," ਰੀਬਿਨ ਵਿਅੰਗ ਨਾਲ਼ ਮੁਸਕ੍ਰਾਇਆ। "ਕਿਉਂਕਿ ਤੂੰ ਇਸੇ ਤਰ੍ਹਾਂ ਜੰਮੀ ਸੈਂ, ਮੇਰਾ ਖ਼ਿਆਲ ਏ। ਉਹ ਜਿਸ ਤਰ੍ਹਾਂ ਜੰਮਿਐ, ਉਹੋ ਹੋਣਾ ਹਰ ਬੰਦੇ ਦੀ ਹੋਣੀ ਏ। ਹੂੰ। ਤੇਰਾ ਖ਼ਿਆਲ ਤੂੰ ਸਾਊ ਲੋਕਾਂ ਦੇ ਗੁਨਾਹ ਸਿਰ ਉੱਤੇ ਬੰਨ੍ਹੇ ਕਿਸਾਨਾਂ ਦੇ ਇਸ ਰੁਮਾਲ ਨਾਲ਼ ਲੁਕਾ ਸਕਦੀ ਏਂ ? ਅਸੀਂ ਜਦੋਂ ਕਿਸੇ ਪਾਦਰੀ ਨੂੰ ਮਿਲਦੇ ਹਾਂ ਤਾਂ ਭਾਵੇਂ ਉਹ ਕਿਸੇ ਬੋਰੀ ਵਿੱਚ ਬੰਦ ਹੋਵੇ ਉਹਨੂੰ ਅਸੀਂ ਪਛਾਣ ਲੈਂਦੇ ਆਂ। ਜਦੋਂ ਮੇਜ਼ ਉੱਤੇ ਡੁੱਲ੍ਹੀ ਕਿਸੇ ਸ਼ੈਅ ਨਾਲ਼ ਤੇਰੀ ਅਰਕ ਲੱਗੀ ਤਾਂ ਤੂੰ ਕੰਬੀ ਤੇ ਮੂੰਹ ਬਣਾਇਆ। ਤੇ ਤੇਰੀ ਪਿੱਠ ਕਿਸੇ ਕਿਰਤੀ ਜ਼ਨਾਨੀ ਲਈ ਬਹੁਤ ਸਿੱਧੀ ਏ।..."

ਮਾਂ ਨੇ ਦਖ਼ਲ ਦਿੱਤਾ, ਉਹਨੂੰ ਡਰ ਸੀ ਕਿ ਉਹ ਆਪਣੇ ਖਰ੍ਹਵੇ ਠੱਠੇ ਨਾਲ਼ ਸੋਫ਼ੀਆ ਨੂੰ ਦੁਖੀ ਕਰ ਦੇਵੇਗਾ।

"ਉਹ ਮੇਰੀ ਸਹੇਲੀ ਵੇ, ਮਿਖਾਈਲੋ ਈਵਾਨੋਵਿਚ, ਅਤੇ ਬਹੁਤ ਹੀ ਚੰਗੀ ਏ। ਸਾਡੇ ਕਾਜ਼ ਦੀ ਸੇਵਾ ਕਰਦਿਆਂ ਉਹਦੇ ਵਾਲ ਚਿੱਟੇ ਹੋ ਗਏ ਨੇ। ਤੂੰ ਕੁਝ ਤਿੱਖੀ ਗੱਲ ਕਰ ਰਿਹੈਂ।..."

ਰੀਬਿਨ ਨੇ ਡੂੰਘਾ ਹਉਕਾ ਲਿਆ।

"ਕੀ ਮੈਂ ਕੋਈ ਉਲਟੀ ਪੁਲਟੀ ਗੱਲ ਕਹਿ ਦਿੱਤੀ ਏ ?"

"ਮੇਰਾ ਖ਼ਿਆਲ ਏ ਤੂੰ ਮੈਨੂੰ ਕੁਝ ਦੱਸਣਾ ਚਾਹੁੰਦਾ ਸੈਂ," ਸੋਫ਼ੀਆ ਨੇ ਰੁੱਖੇ ਢੰਗ ਨਾਲ਼ ਕਿਹਾ।

"ਮੈਂ ਕੁਝ ਕਹਿਣਾ ਚਾਹੁੰਦਾ ਸਾਂ ? ਓਹ ਹਾਂ। ਬਹੁਤ ਸਮਾਂ ਨਹੀਂ ਹੋਇਆ ਇੱਥੇ ਇੱਕ ਨਵਾਂ ਜਣਾ ਆਇਆ—ਯਾਕੋਵ ਦਾ ਚਚੇਰ। ਉਹਨੂੰ ਤਪਦਿਕ ਏ। ਮੈਂ ਉਹਨੂੰ ਬੁਲਾਂ ਭੇਜਾਂ ?"

"ਜ਼ਰੂਰ," ਸੋਫ਼ੀਆ ਨੇ ਕਿਹਾ।

ਰੀਬਿਨ ਨੇ ਅੱਖਾਂ ਸੰਗੋੜ ਕੇ ਇੱਕ ਮਿੰਟ ਉਹਦੇ ਵੱਲ ਵੇਖਿਆ।

"ਜਾ ਅਤੇ ਉਹਨੂੰ ਕਹਿ ਸ਼ਾਮੀਂ ਇੱਥੇ ਆ ਜਾਵੇ," ਉਹਨੇ ਅਵਾਜ਼ ਨੀਵੀਂ ਕਰਦੇ ਹੋਏ ਯੇਫ਼ੀਮ ਨੂੰ ਕਿਹਾ।

ਯੇਫ਼ੀਮ ਨੇ ਟੋਪੀ ਪਹਿਨੀ ਅਤੇ ਚੁੱਪ ਚਾਪ, ਕੁਝ ਕਹੇ ਜਾਂ ਕਿਸੇ ਵੱਲ ਵੇਖੇ ਬਿਨਾਂ ਜੰਗਲ ਵਿੱਚ ਗੁਆਚ ਗਿਆ। ਰੀਬਿਨ ਨੇ ਉਹਦੇ ਪਿੱਛੇ ਵੇਖਦੇ ਹੋਏ ਸਿਰ ਹਿਲਾਇਆ।

"ਬੜਾ ਔਖਾ ਸਮਾਂ ਬਿਤਾ ਰਿਹੈ," ਉਹਨੇ ਘੱਗੀ ਅਵਾਜ਼ ਵਿੱਚ ਕਿਹਾ। "ਛੇਤੀ ਹੀ ਜਬਰੀਆ ਭਰਤੀ ਕਰ ਲਿਆ ਜਾਵੇਗਾ—ਉਹ ਤੇ ਯਾਕੋਵ। ਯਾਕੋਵ ਤਾਂ ਸਿੱਧੀ ਗੱਲ ਕਰਦੈ: ਕਹਿੰਦੈ ਇਹ ਕੰਮ ਉਹਦੇ ਲਈ ਨਹੀਂ। ਇਹ ਯੇਫ਼ੀਮ ਦਾ ਵੀ ਨਹੀਂ, ਪਰ ਉਹ ਜਾਣਾ ਚਾਹੁੰਦੈ।... ਉਹਦਾ ਖ਼ਿਆਲ ਏ ਉਹ ਫ਼ੌਜੀਆਂ ਨੂੰ ਉਭਾਰ ਸਕੇਗਾ। ਪਰ ਮੈਂ ਕਹਿੰਦਾਂ ਤੁਸੀਂ ਸਿਰ ਮਾਰ ਮਾਰ ਕੇ ਕੰਧ ਨਹੀਂ ਤੋੜ ਸਕਦੇ। ਕਿਸੇ ਬੰਦੇ ਨੂੰ ਬੰਦੂਕ ਫੜਾ ਦਿਓ ਤੇ ਉਹ ਮੋਢੇ ਨਾਲ਼ ਮੋਢਾ ਜੋੜ ਕੇ ਚੱਲਣ ਲੱਗ ਪਵੇਗਾ। ਪਰ ਯੇਫ਼ੀਮ ਬਹੁਤ ਔਖਾ ਏ ਤੇ ਐਹ ਇਗਨਾਤ, ਉਹਨੂੰ ਤੰਗ ਈ ਕਰੀ ਜਾਂਦੈ। ਇਹਦੇ ਵਿੱਚ ਅਕਲ ਦੀ ਗੱਲ ਕੋਈ ਨਹੀਂ।"

"ਹਾਂ, ਹੈ," ਇਗਨਾਤ ਨੇ ਰੀਬਿਨ ਵੱਲ ਵੇਖੇ ਬਿਨਾਂ ਗਮਰੁਠ ਢੰਗ ਨਾਲ਼ ਕਿਹਾ। "ਜਦੋਂ ਤੱਕ ਉਹਨਾਂ ਇਹਨੂੰ ਛੱਡਣੈ, ਉਹ ਕਿਸੇ ਹੋਰ ਵਾਂਗ ਹੀ ਨਿਸ਼ਾਨਾ ਬੰਨ੍ਹ ਕੇ ਉਹਨਾਂ ਲਈ ਗੋਲ਼ੀ ਚਲਾਵੇਗਾ।..."

"ਮੈਂ ਨਹੀਂ ਮੰਨਦਾ," ਰੀਬਿਨ ਨੇ ਸੋਚਦੇ ਹੋਏ ਕਿਹਾ। "ਭਾਵੇਂ ਜੇ ਉਹ ਨਾ ਜਾਂਦਾ ਤਾਂ ਚੰਗਾ ਈ ਹੁੰਦਾ। ਰੂਸ ਬੜੀ ਵੱਡੀ ਥਾਂ ਏ—ਉਹ ਉਹਨੂੰ ਕਿੱਥੇ ਲੱਭਦੇ ਫਿਰਦੇ ? ਉਹ ਨਕਲੀ ਪਾਸਪੋਰਟ ਲੈ ਲੈਂਦਾ ਤੇ ਪਿੰਡੋ ਪਿੰਡ ਵਗਿਆ ਫਿਰਦਾ।..."

"ਮੈਂ ਤਾਂ ਇਹੋ ਕਰਨੈ," ਇਗਨਾਤ ਨੇ ਆਪਣੇ ਪੈਰ ਉੱਤੇ ਸੋਟੀ ਮਾਰਦੇ ਹੋਏ ਕਿਹਾ। "ਜਦੋਂ ਇੱਕ ਵਾਰ ਤੁਸਾਂ ਉਹਨਾਂ ਦੇ ਖ਼ਿਲਾਫ਼ ਜਾਣ ਲਈ ਮਨ ਬਣਾ ਲਿਐ, ਤੁਹਾਨੂੰ ਸਿੱਧੇ ਅੱਗੇ ਹੀ ਜਾਣਾ ਚਾਹੀਦੈ!"

ਗੱਲ ਬਾਤ ਟੁੱਟ ਗਈ। ਮਖਿਆਰੀਆਂ ਅਤੇ ਭੂੰਡ ਰੁੱਝੇ ਹੋਏ ਚੱਕਰ ਕੱਟ ਰਹੇ ਸਨ, ਹਵਾ ਨੂੰ ਆਪਣੀ ਭਿਣ ਭਿਣ ਨਾਲ਼ ਭਰਦੇ, ਚੁੱਪ ਨੂੰ ਹੋਰ ਵੀ ਭਰਪੂਰ ਬਣਾਉਂਦੇ। ਪੰਛੀ ਚਹਿਕਦੇ

ਅਤੇ ਖੇਤਾਂ ਤੋਂ ਇੱਕ ਗੀਤ ਲੜਖੜਾਉਂਦਾ ਹੋਇਆ ਆਇਆ।

"ਸੋ, ਸਾਡੇ ਲਈ ਤਾਂ ਕੰਮ ਕਰਨ ਦਾ ਵੇਲਾ ਹੋ ਗਿਐ," ਰੀਬਿਨ ਨੇ ਕੁਝ ਦੇਰ ਰੁੱਕ ਕੇ ਕਿਹਾ। "ਸ਼ੈਦ ਤੁਸੀਂ ਥੋੜ੍ਹਾ ਅਰਾਮ ਕਰਨਾ ਚਾਹੋ ? ਢਾਰੇ ਵਿੱਚ ਕੁਝ ਫੱਟੇ ਨੇ। ਯਾਕੋਵ ਜਾਕੇ ਕੁਝ ਸੁੱਕੇ ਪੱਤੇ ਲਿਆ।... ਤੇ ਇਸ਼ਤਿਹਾਰ ਸਾਨੂੰ ਦੇ ਦੇ, ਮਾਂ।..."

ਮਾਂ ਅਤੇ ਸੋਫ਼ੀਆ ਨੇ ਆਪਣੇ ਪਿੱਠੂ ਖੋਹਲਣੇ ਸ਼ੁਰੂ ਕਰ ਦਿੱਤੇ।

"ਤੁਸੀਂ ਕਿੰਨੇ ਸਾਰੇ ਲਿਆਏ ਓ!" ਰੀਬਿਨ ਪਿੱਠੂਆਂ ਉੱਤੇ ਝੁਕਦਾ ਖੁਸ਼ੀ ਨਾਲ਼ ਕੂਕਿਆ। "ਲੰਮੇ ਚਿਰ ਤੋਂ ਇਸ ਕੰਮ ਵਿੱਚ ਲੱਗੀ ਰਹੀ ਏਂ — ਏ — ਕੀ ਨਾਂ ਏ ਤੇਰਾ ?" ਉਹਨੇ ਸੋਫ਼ੀਆ ਤੋਂ ਪੁੱਛਿਆ।

"ਅੰਨਾ ਈਵਾਨੋਵਨਾ," ਉਹਨੇ ਜਵਾਬ ਦਿੱਤਾ। "ਬਾਰ੍ਹਾਂ ਵਰ੍ਹੇ ਹੋ ਗਏ ਨੇ।... ਤੂੰ ਕਿਉਂ ਪੁੱਛਦੈ ?"

"ਕੋਈ ਖ਼ਾਸ ਗੱਲ ਨਹੀਂ। ਜੇਲ੍ਹ ਵੀ ਗਈ ਏਂ ?"

"ਹਾਂ।"

"ਵੇਖਿਆ ?" ਮਾਂ ਨੇ ਉਲਾਹਮੇ ਦੇ ਢੰਗ ਵਿੱਚ ਧੀਮੇ ਜਿਹੇ ਕਿਹਾ। "ਤੇ ਤੂੰ ਇੰਨੀ ਗੁਸਤਾਖ਼ੀ ਨਾਲ਼ ਬੋਲਿਆ।..."

"ਮੇਰੀ ਗੱਲ ਦਾ ਖ਼ਿਆਲ ਨਾ ਕਰਨਾ," ਉਹ ਚੁੱਪ ਰਹਿਣ ਪਿੱਛੋਂ ਮੁਸਕ੍ਰਾਇਆ ਅਤੇ ਕਿਤਾਬਾਂ ਦਾ ਇੱਕ ਬੰਡਲ ਚੁੱਕਦੇ ਹੋਏ ਬੋਲਿਆ। "ਸਾਊ ਲੋਕ ਤੇ ਮੂਜ਼ੀਕ ਕੋਲਤਾਰ ਤੇ ਪਾਣੀ ਵਾਂਗ ਨੇ — ਆਪੋ ਵਿੱਚ ਰਲਦੇ ਨਹੀਂ!"

"ਪਰ ਮੈਂ ਸਾਊ ਟੱਬਰ ਦੀ ਇਸਤਰੀ ਨਹੀਂ — ਮੈਂ ਤਾਂ ਇੱਕ ਮਨੁੱਖ ਹਾਂ," ਸੋਫ਼ੀਆ ਨੇ ਨਿੰਮ੍ਹੀ ਮੁਸਕਾਨ ਨਾਲ਼ ਇੰਤਰਾਜ਼ ਕੀਤਾ।

"ਸ਼ੈਦ," ਰੀਬਿਨ ਨੇ ਜਵਾਬ ਦਿੱਤਾ। "ਕਹਿੰਦੇ ਨੇ ਕੁੱਤੇ ਕਦੀ ਬਘਿਆੜ ਹੁੰਦੇ ਸਨ। ਮੈਂ ਜਾਕੇ ਇਹ ਮਾਲ ਲੁਕਾ ਦਿਆਂ।"

ਇਗਨਾਤ ਅਤੇ ਯਾਕੋਵ ਹੱਥ ਅੱਗੇ ਵਧਾ ਕੇ ਉਹਦੇ ਵੱਲ ਗਏ।

"ਸਾਨੂੰ ਵੀ ਵੇਖਣ ਦੇ," ਇਗਨਾਤ ਨੇ ਕਿਹਾ।

"ਉਹ ਸਾਰੇ ਇੱਕੋ ਜਿਹੇ ਨੇ ?" ਰੀਬਿਨ ਨੇ ਸੋਫ਼ੀਆ ਤੋਂ ਪੁੱਛਿਆ।

"ਨਹੀਂ, ਕੁਝ ਅਖ਼ਬਾਰ ਵੀ ਨੇ।..."

"ਇਹ ਤਾਂ ਸੋਹਣੀ ਗੱਲ ਏ!"

ਤਿੰਨ ਬੰਦੇ ਕਾਹਲੀ ਕਾਹਲੀ ਢਾਰੇ ਵਿੱਚ ਚਲੇ ਗਏ।

"ਮੂਜ਼ੀਕ ਜਾਗ ਪਿਐ," ਮਾਂ ਨੇ ਠਰ੍ਹੰਮੇ ਨਾਲ਼, ਰੀਬਿਨ ਦੇ ਪਿੱਛੇ ਸੋਚਾਂ ਭਰੀ ਨਜ਼ਰ ਨਾਲ਼ ਵੇਖਦੇ ਹੋਏ ਕਿਹਾ।

"ਹਾਂ," ਸੋਫ਼ੀਆ ਨੇ ਹੌਲ਼ੀ ਜਿਹੇ ਜਵਾਬ ਦਿੱਤਾ। "ਮੈਂ ਅਜਿਹਾ ਮੂੰਹ ਪਹਿਲਾਂ ਕਦੀ ਨਹੀਂ ਵੇਖਿਆ—ਕਿਸੇ ਸ਼ਹੀਦ ਜਿਹਾ। ਆ ਅਸੀਂ ਵੀ ਉੱਥੇ ਅੰਦਰ ਚੱਲੀਏ: ਮੈਂ ਉਹਨਾਂ ਨੂੰ ਵੇਖਣਾ ਚਾਹੁੰਦੀ ਹਾਂ।..."

"ਉਹਦੀ ਗੁਸਤਾਖ਼ੀ 'ਤੇ ਦੁਖੀ ਨਾ ਹੋਵੀਂ," ਮਾਂ ਨੇ ਹੌਲ਼ੀ ਜਿਹੇ ਕਿਹਾ।

ਸੋਫ਼ੀਆ ਹੱਸੀ।

"ਤੂੰ ਕਿੰਨੀ ਚੰਗੀ ਏਂ, ਨਿਲੋਵਨਾ!"

ਜਦੋਂ ਉਹ ਦਰਵਾਜ਼ੇ ਕੋਲ਼ ਅੱਪੜੀਆਂ ਤਾਂ ਇਗਨਾਤ ਨੇ ਆਪਣਾ ਸਿਰ ਚੁੱਕਿਆ, ਉਹਨਾਂ ਵੱਲ ਇੱਕ ਤਿੱਖੀ ਨਿਗਾਹ ਨਾਲ਼ ਵੇਖਿਆ, ਫਿਰ ਉਹਨੇ ਆਪਣੇ ਘੁੰਗਰਾਲੇ ਵਾਲਾਂ ਵਿੱਚ ਉਂਗਲਾਂ ਫੇਰੀਆਂ ਅਤੇ ਆਪਣੇ ਗੋਡਿਆਂ ਉੱਤੇ ਖਿਲਾਰੇ ਅਖ਼ਬਾਰ ਉੱਤੇ ਝੁਕ ਗਿਆ; ਰੀਬਿਨ ਖੜ੍ਹਾ ਹੋਇਆ ਸੀ, ਉਹਨੇ ਆਪਣਾ ਅਖ਼ਬਾਰ ਛੱਤ ਵਿਚਲੀ ਇੱਕ ਤਰੇੜ ਵਿੱਚੋਂ ਆਉਂਦੀ ਸੂਰਜ ਦੀ ਕਿਰਨ ਹੇਠਾਂ ਕੀਤਾ ਹੋਇਆ ਸੀ ਅਤੇ ਪੜ੍ਹਦਾ ਹੋਇਆ ਆਪਣੇ ਹੋਂਠ ਹਿਲਾ ਰਿਹਾ ਸੀ; ਯਾਕੋਵ ਫੱਟੇ ਉੱਤੇ ਖਿੱਲਰੇ ਇਸ਼ਤਿਹਾਰਾਂ ਦੇ ਢੇਰ ਕੋਲ਼ ਗੋਡਿਆਂ ਭਾਰ ਹੋਇਆ ਹੋਇਆ ਸੀ।

ਮਾਂ ਢਾਰੇ ਦੀ ਇੱਕ ਨੁੱਕਰੇ ਗਈ ਅਤੇ ਬਹਿ ਗਈ, ਅਤੇ ਸੋਫ਼ੀਆ ਉਹਦੇ ਮੋਢੇ ਉੱਤੇ ਹੱਥ ਰੱਖ ਕੇ ਖੜ੍ਹੀ ਹੋ ਗਈ, ਚੁੱਪ ਚਾਪ ਮਰਦਾਂ ਨੂੰ ਵੇਖਦੀ।

"ਉਹ ਸਾਡੇ, ਮੁਜ਼ੀਕਾਂ ਵਿੱਚ ਨੁਕਸ ਲੱਭ ਰਹੇ ਨੇ, ਚਾਚਾ ਮਿਖਾਈਲੋ," ਯਾਕੋਵ ਨੇ ਬਗ਼ੈਰ ਮੁੜੇ ਹੌਲ਼ੀ ਜਿਹੀ ਕਿਹਾ। ਰੀਬਿਨ ਨੇ ਉਸ ਵੱਲ ਵੇਖਿਆ ਅਤੇ ਹੱਸਿਆ।

"ਇਹ ਇਸ ਕਰਕੇ ਕਿ ਉਹ ਸਾਨੂੰ ਪਿਆਰ ਕਰਦੇ ਨੇ," ਉਹਨੇ ਕਿਹਾ।

ਇਗਨਾਤ ਨੇ ਡੂੰਘਾ ਸਾਹ ਲਿਆ ਅਤੇ ਆਪਣਾ ਸਿਰ ਚੁੱਕਿਆ।

"ਇੱਥੇ ਲਿਖਿਐ, 'ਕਿਸਾਨ ਹੁਣ ਇਨਸਾਨ ਨਹੀਂ ਜਾਪਦਾ।' ਸੱਚਮੁਚ ਉੱਕਾ ਹੀ ਨਹੀਂ ਜਾਪਦਾ।"

ਉਹਦੇ ਸਾਦੇ ਖੁੱਲ੍ਹੇ ਮੂੰਹ ਉੱਤੇ ਇੱਕ ਪਰਛਾਵਾਂ ਫਿਰ ਗਿਆ, ਜਿਵੇਂ ਉਹ ਗੁੱਸੇ ਹੋਵੇ।

"ਹਾਂ, ਜ਼ਰਾ ਥੋੜ੍ਹੀ ਦੇਰ ਲਈ ਮੇਰੀ ਚਮੜੀ ਵਿੱਚ ਵੜ ਕੇ ਵੇਖ ਤੇ ਤੈਨੂੰ ਪਤਾ ਲੱਗੇਗਾ ਤੂੰ ਕਿਹੋ ਜਿਹਾ ਦਿਸਦੈਂ, ਵੱਡੇ ਚਲਾਕਾ!"

"ਮੈਂ ਤਾਂ ਲੇਟਣ ਲੱਗੀ ਵਾਂ," ਮਾਂ ਨੇ ਸੋਫ਼ੀਆ ਨੂੰ ਬਹੁਤ ਹੌਲ਼ੇ ਜਿਹੇ ਕਿਹਾ। "ਮੈਂ ਥੱਕ ਗਈ ਵਾਂ ਅਤੇ ਇਹ ਬੋ ਮੇਰਾ ਸਿਰ ਚੱਕਰਾ ਰਹੀ ਏ। ਤੇਰੀ ਕੀ ਸਲਾਹ ਵੇ?"

"ਮੈਂ ਅਰਾਮ ਨਹੀਂ ਕਰਨਾ ਚਾਹੁੰਦੀ।"

ਮਾਂ ਫੱਟੇ ਉੱਤੇ ਲੇਟ ਗਈ ਅਤੇ ਊਂਘਣ ਲੱਗ ਪਈ। ਸੋਫ਼ੀਆ ਉਹਦੇ ਕੋਲ਼ ਬਹਿ ਗਈ ਮਰਦਾਂ ਵੱਲ ਵੇਖਦੀ ਹੋਈ ਅਤੇ ਜਿਹੜੇ ਭੂੰਡ ਜਾਂ ਮਖਿਆਰੀਆਂ ਵੱਡੀ ਇਸਤਰੀ ਦੇ ਅਰਾਮ ਵਿੱਚ ਵਿਘਨ ਪਾਉਣ ਆਉਂਦੀਆਂ ਉਹਨਾਂ ਨੂੰ ਉਡਾਉਂਦੀ ਹੋਈ। ਮਾਂ ਅੱਧ-ਮੁੰਦੀਆਂ ਅੱਖਾਂ ਵਿੱਚੋਂ ਵੇਖਦੀ, ਉਹਦੇ ਇਸ ਤਰ੍ਹਾਂ ਧਿਆਨ ਦੇਣ ਲਈ ਸ਼ੁਕਰਗੁਜ਼ਾਰ।

ਰੀਬਿਨ ਕੋਲ਼ ਆਇਆ।

"ਸੌਂ ਗਈ।" ਉਹਨੇ ਉੱਚੀ ਘੁਸਰ-ਮੁਸਰ ਵਿੱਚ ਕਿਹਾ।

"ਹਾਂ।"

ਉਹ ਇੱਕ ਛਿਣ ਖੜ੍ਹਾ ਚੁੱਪ ਚਾਪ ਮਾਂ ਦੇ ਮੂੰਹ ਵੱਲ ਵੇਖਦਾ ਰਿਹਾ।

"ਮੇਰਾ ਖ਼ਿਆਲ ਏ ਉਹ ਪਹਿਲੀ ਜ਼ਨਾਨੀ ਏ ਜਿਹੜੀ ਆਪਣੇ ਪੁੱਤਰ ਦੇ ਪਿੱਛੇ ਚੱਲੀ ਏ," ਉਹਨੇ ਅਖ਼ੀਰ ਹਉਕਾ ਲੈ ਕੇ ਕਿਹਾ।

"ਅਸੀਂ ਉਹਨੂੰ ਬੇਅਰਾਮ ਨਾ ਕਰੀਏ। ਚੱਲ ਬਾਹਰ ਚੱਲੀਏ," ਸੋਫ਼ੀਆ ਨੇ ਕਿਹਾ।

"ਮੈਂ ਤਾਂ ਕੰਮ 'ਤੇ ਜਾਣਾ ਈ ਏ। ਤੇਰੇ ਨਾਲ਼ ਗੱਲਾਂ ਕਰਨ ਨੂੰ ਜੀਅ ਕਰਦੈ, ਪਰ ਇਹ ਗੱਲ ਸ਼ਾਮ ਤੱਕ ਪਿੱਛੇ ਪਾਉਣੀ ਪਵੇਗੀ। ਚੱਲੋ ਮੁੰਡਿਓ!..."

ਤਿੰਨੇ ਮਰਦ ਬਾਹਰ ਚਲੇ ਗਏ, ਸੋਫ਼ੀਆ ਨੂੰ ਢਾਰੇ ਵਿੱਚ ਛੱਡ ਕੇ।

"ਰੱਬ ਦਾ ਸ਼ੁਕਰ ਏ, ਉਹਨਾਂ ਦੀ ਬਣ ਗਈ ਵੇ," ਮਾਂ ਨੇ ਸੋਚਿਆ।

ਅਤੇ ਜੰਗਲ ਤੇ ਕੋਲਤਾਰ ਦੀ ਤਿੱਖੀ ਬੋ ਸੁੰਘਦੀ ਉਹ ਸੌਂ ਗਈ।

## 6

ਕੋਲਤਾਰ ਦਾ ਕੰਮ ਕਰਨ ਵਾਲ਼ੇ ਮੁੜ ਆਏ, ਉਹ ਖੁਸ਼ ਸਨ ਕਿ ਕੰਮ ਦਿਹਾੜੀ ਮੁੱਕ ਗਈ ਹੈ।

ਉਹਨਾਂ ਦੀਆਂ ਅਵਾਜ਼ਾਂ ਨੇ ਮਾਂ ਨੂੰ ਜਗਾ ਦਿੱਤਾ ਅਤੇ ਉਹ ਉਬਾਸੀਆਂ ਲੈਂਦੀ ਅਤੇ ਮੁਸਕਰਾਉਂਦੀ ਬਾਹਰ ਆਈ।

"ਤੁਸੀਂ ਕੰਮ ਕਰਦੇ ਰਹੇ ਤੇ ਮੈਂ ਕਿਸੇ ਮਲਕਜ਼ਾਦੀ ਵਾਂਗ ਸੁੱਤੀ ਰਹੀ!" ਉਹਨੇ ਉਹਨਾਂ ਵੱਲ ਪਿਆਰ ਨਾਲ਼ ਵੇਖਦੇ ਹੋਏ ਕਿਹਾ।

"ਇਹਦੇ ਲਈ ਤੈਨੂੰ ਮਾਫ਼ ਕੀਤਾ ਜਾ ਸਕਦੈ," ਗੀਬਿਨ ਨੇ ਜਵਾਬ ਦਿੱਤਾ। ਥਕੇਵੇਂ ਨੇ ਉਹਦੀ ਵਾਧੂ ਸ਼ਕਤੀ ਖਾ ਲਈ ਸੀ ਅਤੇ ਉਹਨੂੰ ਵਧੇਰੇ ਸ਼ਾਂਤ ਕਰ ਦਿੱਤਾ ਸੀ।

"ਇਗਨਾਤ," ਉਹਨੇ ਕਿਹਾ, "ਚਾਹ ਬਾਰੇ ਕੀ ਖ਼ਿਆਲ ਏ? ਅਸੀਂ ਘਰ ਦਾ ਕੰਮ ਵਾਰੋ ਵਾਰੀ ਕਰਦੇ ਆਂ। ਅੱਜ ਸਾਨੂੰ ਖਾਣਾ ਪੀਣਾ ਦੇਣ ਦੀ ਇਗਨਾਤ ਦੀ ਵਾਰੀ ਏ।"

"ਅੱਜ ਮੈਂ ਕਿਸੇ ਹੋਰ ਨਾਲ਼ ਵਟਾਉਣ ਲਈ ਤਿਆਰ ਆਂ," ਇਗਨਾਤ ਨੇ ਅੱਗ ਲਈ ਟਹਿਣੀਆਂ ਤੇ ਛੌਂਡੇ ਇਕੱਠੇ ਕਰਦੇ ਹੋਏ ਕਿਹਾ।

"ਤੂੰ ਇਕੱਲਾ ਈ ਨਹੀਂ ਜਿਸਦਾ ਜੀਅ ਪ੍ਰਾਹੁਣਿਆਂ ਨਾਲ਼ ਰਹਿਣ ਨੂੰ ਕਰਦੈ," ਯੇਫ਼ੀਮ ਨੇ ਸੋਫ਼ੀਆ ਦੇ ਨਾਲ਼ ਬਹਿੰਦੇ ਹੋਏ ਜਵਾਬ ਦਿੱਤਾ।

"ਮੈਂ ਤੇਰਾ ਹੱਥ ਵਟਾਉਣਾ, ਇਗਨਾਤ," ਯਾਕੋਵ ਨੇ ਕਿਹਾ। ਉਹ ਢਾਰੇ ਵਿੱਚ ਗਿਆ ਅਤੇ ਇੱਕ ਡਬਲ ਰੋਟੀ ਲੈ ਆਇਆ, ਜਿਸਨੂੰ ਉਹਨੇ ਟੋਟਿਆਂ ਵਿੱਚ ਕੱਟਿਆ ਅਤੇ ਮੇਜ਼ ਉੱਤੇ ਰੱਖ ਦਿੱਤਾ।

"ਸੁਣੋ!" ਯੇਫ਼ੀਮ ਨੇ ਕਿਹਾ। "ਕੋਈ ਖੰਘ ਰਿਹੈ।..."

ਗੀਬਿਨ ਨੇ ਕੰਨ ਖੜੇ ਕੀਤੇ ਅਤੇ ਸਿਰ ਹਿਲਾਇਆ।

"ਇਹ ਉਹੋ ਏ। ਜਿਊਂਦੀ ਸ਼ਹਾਦਤ ਆ ਰਹੀ ਏ," ਉਹਨੇ ਸੋਫ਼ੀਆ ਨੂੰ ਸਮਝਾਇਆ। "ਜੇ ਮੇਰਾ ਵੱਸ ਚੱਲੇ ਤਾਂ ਮੈਂ ਉਹਨੂੰ ਸ਼ਹਿਰੋ ਸ਼ਹਿਰ ਲਿਜਾਵਾਂ ਅਤੇ ਮੰਡੀਆਂ ਵਿੱਚ ਲੋਕਾਂ ਨੂੰ ਵਿਖਾਵਾਂ, ਤਾਂ ਜੁ ਸਭ ਲੋਕ ਉਹਦੀ ਗੱਲ ਸੁਣ ਸਕਣ। ਉਹ ਸਦਾ ਇੱਕੋ ਗੱਲ ਦੁਹਰਾਉਂਦੈ,

ਪਰ ਇਹ ਇੱਕ ਅਜਿਹੀ ਗੱਲ ਏ ਜਿਸ ਬਾਰੇ ਸਭਨਾਂ ਨੂੰ ਪਤਾ ਹੋਣਾ ਚਾਹੀਦੈ।..."

ਧੁੰਦਲਕਾ ਅਤੇ ਚੁੱਪ ਗਹਿਰੇ ਹੋ ਗਏ; ਲੋਕਾਂ ਦੀਆਂ ਅਵਾਜ਼ਾਂ ਨਰਮ ਹੋ ਗਈਆਂ। ਸੋਫ਼ੀਆ ਅਤੇ ਮਾਂ ਮਰਦਾਂ ਵੱਲ ਵੇਖਦੀਆਂ ਰਹੀਆਂ — ਉਹ ਸਾਰੇ ਹੌਲ਼ੀ ਹੌਲ਼ੀ, ਬੋਝਲ ਢੰਗ ਨਾਲ, ਕਿਸੇ ਅਜੀਬ ਥਕੇਵੇਂ ਨਾਲ਼ ਹਿਲਦੇ ਜੁਲਦੇ। ਅਤੇ ਆਪਣੀ ਵਾਰੀ ਉਹ ਵੀ ਇਸਤਰੀਆਂ ਨੂੰ ਵੇਖ ਰਹੇ ਸਨ।

ਜੰਗਲ ਵਿੱਚੋਂ ਸੋਟੀ ਦਾ ਸਹਾਰਾ ਲਈ ਇੱਕ ਲੰਮਾ, ਝੁਕਿਆ ਸਰੀਰ ਆਇਆ। ਉਹਦਾ ਭਰੜਾਇਆ ਸਾਹ ਦੂਰੋਂ ਸੁਣਾਈ ਦੇਂਦਾ ਸੀ।

"ਮੈਂ ਆ ਗਿਆਂ," ਉਹਨੇ ਕਿਹਾ ਅਤੇ ਉਹਨੂੰ ਖੰਘ ਦਾ ਦੌਰਾ ਪੈ ਗਿਆ।

ਉਹਨੇ ਭੋਂ ਤੱਕ ਲੰਮਾ ਘਸਿਆ ਹੋਇਆ ਕੋਟ ਪਹਿਨਿਆ ਹੋਇਆ ਸੀ। ਉਹਦੇ ਫਿੱਸੇ ਗੋਲ਼ ਹੈਟ ਹੇਠੋਂ ਸਿੱਧੇ ਪੀਲ਼ੇ ਵਾਲਾਂ ਦੀਆਂ ਲਿਟਾਂ ਢਿੱਲੀਆਂ ਲਮਕ ਰਹੀਆਂ ਸਨ। ਉਹਦਾ ਹੱਡਲ ਪੀਲ਼ਾ ਮੂੰਹ ਕੱਕੀ ਦਾੜ੍ਹੀ ਨਾਲ਼ ਕੱਜਿਆ ਹੋਇਆ ਸੀ, ਉਹਦੇ ਹੋਂਠ ਹਮੇਸ਼ਾ ਖੁੱਲ੍ਹੇ ਰਹਿੰਦੇ ਅਤੇ ਉਹਦੀਆਂ ਅੱਖਾਂ ਜਿਹੜੇ ਕਾਲ਼ੇ ਟੋਇਆਂ ਵਿੱਚ ਧੱਸ ਗਈਆਂ ਸਨ, ਉਹਨਾਂ ਵਿੱਚੋਂ ਤਪੀਆਂ ਹੋਈਆਂ ਲਿਸ਼ਕ ਰਹੀਆਂ ਸਨ।

"ਮੈਂ ਸੁਣਿਐ ਤੁਸੀਂ ਕਿਤਾਬਾਂ ਲਿਆਏ ਓ ?" ਜਦੋਂ ਗੀਬਿਨ ਨੇ ਸੋਫ਼ੀਆ ਨਾਲ਼ ਵਾਕਫ਼ੀ ਕਾਰਵਾਈ ਤਾਂ ਉਹਨੇ ਕਿਹਾ।

"ਹਾਂ," ਉਹ ਬੋਲੀ।

"ਸ਼ੁਕਰੀਆ—ਸਭਨਾਂ ਲੋਕਾਂ ਵੱਲੋਂ।...ਅਜੇ ਉਹ ਸੱਚ ਨਹੀਂ ਸਮਝ ਸਕਦੇ, ਪਰ ਮੈਂ, ਜਿਹੜਾ ਸੱਚ ਜਾਣਦਾਂ ਤੁਹਾਡਾ ਧੰਨਵਾਦ ਕਰਦਾਂ—ਉਹਨਾਂ ਵੱਲੋਂ।"

ਉਹ ਕਾਹਲੇ ਸਾਹ ਲੈ ਰਿਹਾ ਸੀ, ਤਿੱਖੇ, ਖਿਚਵੇਂ ਸਾਹ। ਉਹਦੀ ਅਵਾਜ਼ ਟੁੱਟ ਟੁੱਟ ਜਾਂਦੀ ਅਤੇ ਉਹਦੀਆਂ ਹੱਡਲ ਉਂਗਲਾਂ ਕੋਟ ਦੇ ਬਟਨ ਬੰਦ ਕਰਨ ਦਾ ਜਤਨ ਕਰਦੀਆਂ ਉਹਦੇ ਸੀਨੇ ਉੱਤੇ ਫਿਰਦੀਆਂ।

"ਇੰਨੀ ਦੇਰ ਨਾਲ਼ ਜੰਗਲ ਵਿੱਚ ਬਾਹਰ ਰਹਿਣਾ ਤੇਰੇ ਲਈ ਚੰਗਾ ਨਹੀਂ। ਰੁੱਖ ਹਵਾ ਨੂੰ ਸਿਲ੍ਹਾ ਤੇ ਭਾਰਾ ਬਣਾ ਦੇਂਦੇ ਨੇ," ਸੋਫ਼ੀਆ ਨੇ ਕਿਹਾ।

"ਮੇਰੇ ਲਈ ਹੁਣ ਕੁਝ ਵੀ ਚੰਗਾ ਨਹੀਂ," ਉਹਨੇ ਲੰਮਾ ਸਾਹ ਲੈਕੇ ਜਵਾਬ ਦਿੱਤਾ। "ਹੁਣ ਤਾਂ ਮੇਰੇ ਲਈ ਬਸ ਮੌਤ ਈ ਚੰਗੀ ਏ।..."

ਉਹਦੀ ਅਵਾਜ਼ ਸੁਣ ਕੇ ਦੁੱਖ ਹੁੰਦਾ ਅਤੇ ਉਹਦੀ ਸਮੁੱਚੀ ਦਿੱਖ ਉਹ ਹੱਦੋਂ ਵੱਧ ਤਰਸ ਉਪਜਾਉਂਦੀ ਜਿਸਨੂੰ ਆਪਣੇ ਵਿਅਰਥ ਹੋਣ ਦਾ ਅਨੁਭਵ ਹੁੰਦੈ ਅਤੇ ਜਿਹੜੀ ਰੋਗੀ ਨਾਰਾਜ਼ਗੀ ਨੂੰ ਜਨਮ ਦੇਂਦੀ ਏ। ਉਹ ਇੱਕ ਬੈਰਲ ਉੱਤੇ ਬਹਿ ਗਿਆ ਅਤੇ ਆਪਣੀਆਂ ਲੱਤਾਂ ਮੋੜ ਲਈਆਂ, ਜਿਵੇਂ ਡਰਦਾ ਹੋਵੇ ਕਿ ਉਹ ਟੁੱਟ ਜਾਣਗੀਆਂ ਅਤੇ ਆਪਣੇ ਮੱਥੇ ਤੋਂ ਪਸੀਨਾ ਪੂੰਝਿਆ। ਉਹਦੇ ਵਾਲ ਸੁੱਕੇ ਅਤੇ ਬੇਜਾਨ ਲਟਕ ਰਹੇ ਸਨ।

ਅੱਗ ਭੜਕੀ, ਹਰ ਸ਼ੈ ਉੱਛਲੀ ਅਤੇ ਕੰਬੀ, ਝੁਲਸੇ ਪਰਛਾਵੇਂ ਡਰੇ ਹੋਏ ਜੰਗਲ ਵਿੱਚ ਨੱਠ ਗਏ ਅਤੇ ਅੱਗ ਦੇ ਉੱਤੇ ਇਗਨਾਤ ਦਾ ਗੋਲ਼ ਮੂੰਹ ਪਲ੍ਹਮਿਆ। ਅੱਗ ਬੁਝ ਗਈ, ਧੂੰ ਦੀ ਬੋ

ਆਈ, ਹੌਲ਼ੀ ਹੌਲ਼ੀ ਖ਼ਾਲੀ ਕੀਤੀ ਥਾਂ ਹਨੇਰੇ ਅਤੇ ਖ਼ਾਮੋਸ਼ੀ ਨਾਲ਼ ਭਰ ਗਈ, ਬਿਮਾਰ ਆਦਮੀ ਦੀ ਕਹਾਣੀ ਸੁਣਨ ਲਈ ਜਤਨ ਨਾਲ਼ ਖਿੱਚੀ ਹੋਈ।

"ਮੈਂ ਅਜੇ ਵੀ ਆਮ ਲੋਕਾਂ ਦੇ ਕੰਮ ਆ ਸਕਦਾਂ — ਇੱਕ ਘੋਰ ਜੁਰਮ ਦੀ ਜਿਊਂਦੀ ਸ਼ਹਾਦਤ ਦੇ ਤੌਰ 'ਤੇ।... ਜ਼ਰਾ ਮੇਰੇ ਵੱਲ ਵੇਖੋ।...ਮੈਂ ਅਠਾਈਆਂ ਦਾ ਵਾਂ, ਪਰ ਮੈਂ ਮਰ ਰਿਹਾਂ! ਦਸ ਸਾਲ ਹੋਏ ਮੈਂ ਸਾਹ ਲਏ ਬਿਨਾਂ ਬਾਰਾਂ ਪੂਡ ਭਾਰ ਚੁੱਕ ਲੈਂਦਾ ਸਾਂ! ਮੈਨੂੰ ਯਕੀਨ ਸੀ ਕਿ ਮੇਰੇ ਜਿਹਾ ਤਕੜਾ ਬੰਦਾ ਸੱਤਰਾਂ ਤੱਕ ਜ਼ਰੂਰ ਜੀਵੇਗਾ। ਪਰ ਮੈਂ ਬਸ ਦਸ ਵਰ੍ਹੇ ਹੋਰ ਜੀਵਿਆ — ਤੇ ਹੁਣ — ਸਭ ਕੁਝ ਮੁੱਕ ਗਿਐ। ਮੇਰੇ ਮਾਲਕਾਂ ਨੇ ਮੈਨੂੰ ਲੁੱਟਿਆ — ਮੈਥੋਂ ਜ਼ਿੰਦਗੀ ਦੇ ਚਾਲ੍ਹੀ ਵਰ੍ਹੇ ਲੁੱਟ ਗਏ — ਚਾਲ੍ਹੀ ਵਰ੍ਹੇ!"

"ਉਹ ਇਹੋ ਗੀਤ ਗੌਂਦੈ," ਗੀਬਿਨ ਨੇ ਭਾਰੀ ਅਵਾਜ਼ ਵਿੱਚ ਕਿਹਾ।

ਅੱਗ ਫਿਰ ਭਬਕੀ, ਪਹਿਲਾਂ ਨਾਲ਼ੋਂ ਲਿਸ਼ਕਦੀ ਅਤੇ ਬਲਵਾਨ ਤੇ ਫਿਰ ਪਰਛਾਵੇਂ ਜੰਗਲ ਵੱਲ ਨੱਠ ਗਏ, ਅਤੇ ਅੱਗ ਕੋਲ਼ ਮੁੜ ਆਏ, ਇਹਦੇ ਦੁਆਲੇ ਖ਼ਾਮੋਸ਼, ਦੋਖੀ ਨਾਚ ਨੱਚਦੇ। ਗਿੱਲੀਆਂ ਲੱਕੜਾਂ ਸੂੰ ਸੂੰ ਕਰਦੀਆਂ ਅਤੇ ਤਿੜਕਦੀਆਂ। ਦਰੱਖ਼ਤਾਂ ਦੇ ਪੱਤੇ ਨਿੱਘੀ ਹਵਾ ਦੇ ਵਹਿਣ ਨਾਲ਼ ਘੁਸਰ-ਮੁਸਰ ਕਰਦੇ। ਲਾਲ ਅਤੇ ਪੀਲ਼ੀਆਂ ਲਾਟਾਂ ਦੀਆਂ ਜੀਭਾਂ ਰਲ ਕੇ ਨੱਚਦੀਆਂ, ਵਲੇਵੇਂ ਖਾਂਦੀਆਂ, ਉੱਭਰਦੇ ਹੋਏ ਪੀਲ਼ੀਆਂ ਚੰਗਿਆੜੀਆਂ ਖਿੰਡਾਂਦੀਆਂ; ਇੱਕ ਮੱਚਦਾ ਪੱਤਾ ਹਵਾ ਵਿੱਚ ਉੱਭਰਿਆ ਅਤੇ ਰਾਤ ਦੇ ਅਕਾਸ਼ ਵਿੱਚ ਤਾਰੇ ਚੰਗਿਆੜੀਆਂ ਨੂੰ ਵੇਖ ਕੇ ਮੁਸਕਰਾਏ, ਉਹਨਾਂ ਨੂੰ ਉੱਪਰ ਆਉਣ ਲਈ ਸੈਨਤਾਂ ਕਰਦੇ।

"ਇਹ ਮੇਰਾ ਗੀਤ ਨਹੀਂ। ਇਹ ਉਹ ਗੀਤ ਏ ਜਿਹੜਾ ਹਜ਼ਾਰਾਂ ਲੋਕ ਇਹ ਸਮਝੇ ਬਿਨਾਂ ਗੌਂਦੇ ਨੇ ਕਿ ਉਹਨਾਂ ਦੀ ਬਦਕਿਸਮਤੀ ਹੋਰਨਾਂ ਲਈ ਚੰਗਾ ਸਬਕ ਏ। ਕਿੰਨੇ ਲੋਕ ਕੰਮ ਦੇ ਅਪਾਹਜ ਬਣਾਏ, ਭੁੱਖ ਨਾਲ਼ ਮਰ ਜਾਂਦੇ ਨੇ।..." ਉਹ ਖੰਘ ਦੇ ਮਾਰੇ ਦੂਹਰਾ ਹੋ ਗਿਆ।

ਯਾਕੋਵ ਨੇ ਕਵਾਸ* ਦਾ ਇੱਕ ਭਾਂਡਾ ਅਤੇ ਭੂਕਾਂ ਵਾਲ਼ੇ ਪਿਆਜ਼ਾਂ ਦੀ ਇੱਕ ਦੱਥੀ ਮੇਜ਼ ਉੱਤੇ ਰੱਖੀ।

"ਆ ਜਾ, ਸਾਵੇਲੀ, ਮੈਂ ਤੇਰੇ ਲਈ ਕੁਝ ਦੁੱਧ ਲਿਆਇਆਂ," ਉਹਨੇ ਕਿਹਾ।

ਸਾਵੇਲੀ ਨੇ ਸਿਰ ਹਿਲਾਇਆ, ਪਰ ਯਾਕੋਵ ਨੇ ਉਹਨੂੰ ਕੱਛਾਂ ਹੇਠ ਹੱਥ ਪਾਕੇ ਚੁੱਕਿਆ ਅਤੇ ਉਹਨੂੰ ਮੇਜ਼ ਕੋਲ਼ ਲੈ ਗਿਆ।

"ਤੂੰ ਉਹਨੂੰ ਇੱਥੇ ਕਿਉਂ ਲਿਆਇਐ," ਸੋਫ਼ੀਆ ਨੇ ਨਿੰਮ੍ਹੀ ਅਵਾਜ਼ ਵਿੱਚ ਗਿਲਾ ਕਰਦੇ ਢੰਗ ਨਾਲ਼ ਗੀਬਿਨ ਨੂੰ ਕਿਹਾ। "ਉਹ ਤਾਂ ਕਿਸੇ ਵੀ ਛਿਣ ਮਰ ਸਕਦੈ।..."

"ਮੈਂ ਜਾਣਦਾਂ," ਗੀਬਿਨ ਸਹਿਮਤ ਹੋਇਆ। "ਪਰ ਜਿੰਨਾ ਚਿਰ ਉਹ ਬੋਲ ਸਕਦੈ, ਉਹਨੂੰ ਬੋਲਣ ਦਿਓ। ਉਹਦੀ ਜ਼ਿੰਦਗੀ ਕਿਸੇ ਚੰਗੇ ਕੰਮ ਤਾਂ ਲੱਗੀ ਨਹੀਂ; ਇੱਕ ਚੰਗੇ ਕੰਮ ਲਈ ਉਹ ਕੁਝ ਹੋਰ ਸਹਾਰ ਲਵੇ। ਸਭ ਠੀਕ ਠਾਕ ਏ, ਫ਼ਿਕਰ ਨਾ ਕਰੋ!"

"ਤੈਨੂੰ ਤਾਂ ਇਹਦੇ ਵਿੱਚ ਸਵਾਦ ਆਉਂਦਾ ਜਾਪਦੈ!" ਸੋਫ਼ੀਆ ਕੂਕੀ।

ਗੀਬਿਨ ਨੇ ਉਹਦੇ ਵੱਲ ਵੇਖਿਆ ਅਤੇ ਗ਼ੁਸੈਲੇ ਢੰਗ ਨਾਲ਼ ਬੋਲਿਆ:

* ਰਾਈ ਦੀ ਡਬਲ ਰੋਟੀ ਦੇ ਚੂਰੇ ਤੋਂ ਬਣਾਈ ਇੱਕ ਗ਼ੈਰ-ਨਸ਼ੀਲੀ ਪੀਣ ਵਾਲ਼ੀ ਚੀਜ਼। **ਅਨੁ:**

"ਸਾਊ ਲੋਕ ਹੀ ਸੂਲੀ ਉੱਤੇ ਹੂੰਗਰਦੇ ਈਸਾ ਮਸੀਹ ਦੀ ਸ਼ਲਾਘਾ ਕਰਕੇ ਸਵਾਦ ਲੈਂਦੇ ਨੇ। ਪਰ ਅਸੀਂ ਇਸ ਬੰਦੇ ਤੋਂ ਇੱਕ ਸਬਕ ਸਿਖਾਣਾ ਚਾਹੁੰਦੇ ਆਂ ਅਤੇ ਚਾਹੁੰਦੇ ਆਂ ਕਿ ਤੁਸੀਂ ਵੀ ਸਬਕ ਸਿੱਖੋਂ।..."

ਮਾਂ ਨੇ ਤੌਖਲੇ ਨਾਲ਼ ਇੱਕ ਭਰਵੱਟਾ ਚੁੱਕਿਆ।

"ਬਹੁਤ ਹੋ ਗਈ!" ਉਹਨੇ ਕਿਹਾ।

ਹੁਣ ਮੇਜ਼ ਕੋਲ਼ ਬੈਠੇ ਬਿਮਾਰ ਆਦਮੀ ਨੇ ਮੁੜ ਬੋਲਣਾ ਸ਼ੁਰੂ ਕਰ ਦਿੱਤਾ।

"ਉਹ ਕੰਮ ਰਾਹੀਂ ਲੋਕਾਂ ਨੂੰ ਮਾਰਦੇ ਕਿਉਂ ਨੇ? ਉਹ ਕਿਸੇ ਬੰਦੇ ਤੋਂ ਉਹਦੀ ਜ਼ਿੰਦਗੀ ਕਿਉਂ ਲੁੱਟਣ, ਸਾਡੇ ਮਾਲਕ ਨੇ — ਮੈਂ ਨੇਫ਼ੇਦੋਵ ਕਾਰਖ਼ਾਨੇ ਵਿੱਚ ਕੰਮ ਕਰਦਾ ਸਾਂ — ਸਾਡੇ ਮਾਲਕ ਨੇ ਇੱਕ ਐਕਟ੍ਰੈਸ ਨੂੰ ਮੂੰਹ ਹੱਥ ਧੋਣ ਲਈ ਸੋਨੇ ਦੀ ਚਿਲਮਚੀ ਦਿੱਤੀ ਅਤੇ ਇੱਕ ਸੋਨੇ ਦਾ ਬੈਡ-ਪਾਟ* ਵੀ! ਮੇਰੀ ਤਾਕਤ ਤੇ ਮੇਰੀ ਜ਼ਿੰਦਗੀ ਉਸ ਪਾਟ ਵਿੱਚ ਗਈ! ਇਸੇ ਲਈ ਮੈਂ ਆਪਣੀ ਜ਼ਿੰਦਗੀ ਦਿੱਤੀ। ਇੱਕ  ਬੰਦੇ ਨੇ ਮੈਨੂੰ ਕੰਮ ਲੈ ਲੈ ਮਾਰ ਦਿੱਤਾ ਤਾਂ ਜੁ ਉਹ ਮੇਰੀ ਜ਼ਿੰਦਗੀ ਦੇ ਖ਼ੂਨ ਨਾਲ਼ ਆਪਣੀ ਰਖੇਲ ਨੂੰ ਖ਼ੁਸ਼ ਕਰ ਸਕੇ! ਉਹਨੇ ਮੇਰੀ ਜ਼ਿੰਦਗੀ ਦੇ ਖ਼ੂਨ ਨਾਲ਼ ਉਹਨੂੰ  ਸੋਨੇ ਦਾ ਬੈਡ-ਪਾਟ ਲੈ ਦਿੱਤਾ!"

"ਮਨੁੱਖ ਰੱਬ ਦੇ ਰੂਪ ਤੇ ਉਹਦੀ ਸ਼ਕਲ ਵਿੱਚ ਸਾਜਿਆ ਗਿਐ**," ਯੇਫ਼ੀਮ ਨੇ ਨੱਠਾ ਉਡਾਇਆ, "ਤੇ ਇਹ ਏ ਜੋ ਕੁਝ ਉਹ ਉਹਦੇ ਨਾਲ਼ ਕਰਦੇ ਨੇ!..."

"ਸਭਨਾਂ ਨੂੰ ਇਸ ਬਾਰੇ ਦੱਸੋ!" ਗੀਬਿਨ ਆਪਣੀ ਤਲੀ ਮੇਜ਼ ਉੱਤੇ ਪਟਕਦਾ ਹੋਇਆ ਕੂਕਿਆ।

"ਇਹ ਬਰਦਾਸ਼ਤ ਨਾ ਕਰੋ!" ਯਾਕੋਵ ਨੇ ਪੋਲੇ ਜਿਹੇ ਵਾਧਾ ਕੀਤਾ।

ਇਗਨਾਤ ਹੱਸਿਆ।

ਮਾਂ ਨੇ ਵੇਖਿਆ ਕਿ ਤਿੰਨੇ ਮੁੰਡੇ ਭੁੱਖੀਆਂ ਰੂਹਾਂ ਦੀ ਅਖੁੱਟ ਉਤਸੁਕਤਾ ਨਾਲ਼ ਸੁਣਦੇ, ਜਦੋਂ ਕਦੀ ਗੀਬਿਨ ਬੋਲਦਾ ਇੱਕ-ਟੱਕ ਉਹਦੇ ਵੱਲ ਵੇਖਦੇ। ਸਾਵੇਲੀ ਦੀ ਗੱਲ ਨੇ ਉਹਨਾਂ ਦੇ ਮੂੰਹ ਉੱਤੇ ਅਜੀਬ ਅਤੇ ਤਿੱਖੇ ਠੱਠੇ ਦਾ ਭਾਵ ਲਿਆ ਦਿੱਤਾ। ਉਹਨਾਂ ਨੂੰ ਬਿਮਾਰ ਆਦਮੀ ਉੱਤੇ ਉੱਕਾ ਹੀ ਤਰਸ ਨਹੀਂ ਸੀ ਆ ਰਿਹਾ।

"ਜੋ ਕੁਝ ਕਹਿੰਦੈ ਉਹ ਸੱਚਮੁਚ ਠੀਕ ਏ?" ਮਾਂ ਨੇ ਸੋਫ਼ੀਆ ਵੱਲ ਝੁਕਦੇ ਹੋਏ ਪੁੱਛਿਆ।

"ਹਾਂ, ਇਹ ਸੱਚ ਏ," ਸੋਫ਼ੀਆ ਨੇ ਉੱਚੀ ਅਵਾਜ਼ ਵਿੱਚ ਕਿਹਾ। "ਇਹਨਾਂ ਸੁਗ਼ਾਤਾਂ ਬਾਰੇ ਉਹਨਾਂ ਮਾਸਕੋ ਦੀਆਂ ਅਖ਼ਬਾਰਾਂ ਵਿੱਚ ਵੀ ਲਿਖਿਆ ਸੀ।..."

"ਪਰ ਦੋਸ਼ੀ ਨੂੰ ਕਦੀ ਸਜ਼ਾ ਨਹੀਂ ਦਿੱਤੀ ਜਾਂਦੀ" ਗੀਬਿਨ ਨੇ ਭਾਰੀ ਅਵਾਜ਼ ਵਿੱਚ ਕਿਹਾ। "ਤੇ ਉਹਨੂੰ ਲਿਆਉਣਾ ਚਾਹੀਦੈ—ਉਹਨੂੰ ਜ਼ਰੂਰ ਲੋਕਾਂ ਸਾਹਮਣੇ ਲਿਆਉਣਾ ਚਾਹੀਦੈ ਅਤੇ ਉਹਦੇ ਡੱਕਰੇ ਕਰਨੇ ਚਾਹੀਦੇ ਨੇ ਅਤੇ ਉਹਦਾ ਸੜਿਆ ਮਾਸ ਕੁੱਤਿਆਂ ਨੂੰ ਖੁਆ ਦੇਣਾ ਚਾਹੀਦੈ! ਉਹ, ਜਦੋਂ ਉਹ ਜਾਗ ਪਏ ਤਾਂ ਲੋਕ ਬਹੁਤ ਵੱਡੀ ਸਜ਼ਾ ਦੇਣਗੇ! ਉਹਨਾਂ ਜਿਹੜੇ

* ਬਿਸਤਰੇ ਵਿੱਚੋਂ ਨਿਕਲੇ ਬਗ਼ੈਰ ਟੱਟੀ ਪਿਸ਼ਾਬ ਕਰਨ ਲਈ ਭਾਂਡਾ। — **ਅਨੁ:**

** ਬਾਈਬਲ ਅਨੁਸਾਰ ਰੱਬ ਨੇ ਮਨੁੱਖ ਨੂੰ ਆਪਣੇ ਰੂਪ ਦੀ ਨਕਲ ਬਣਾਇਆ। — **ਅਨੁ:**

ਜ਼ਫ਼ਰ ਜਾਲੇ ਨੇ ਉਹਨਾਂ ਨੂੰ ਧੌਣ ਲਈ ਉਹ ਬਹੁਤ ਖ਼ੂਨ ਵਹਾਉਣਗੇ! ਅਤੇ ਇਹ ਉਹਨਾਂ ਦਾ ਆਪਣਾ ਲਹੂ ਹੋਵੇਗਾ, ਉਹਨਾਂ ਦੀਆਂ ਆਪਣੀਆਂ ਰਗਾਂ ਵਿੱਚੋਂ ਕੱਢਿਆ ਹੋਇਆ, ਸੋ ਉਹਨਾਂ ਨੂੰ ਹੱਕ ਹੋਵੇਗਾ ਕਿ ਉਹ ਇਹਦੇ ਨਾਲ਼ ਜੋ ਚਾਹੁਣ ਉਹ ਕਰਨ।"

"ਮੈਨੂੰ ਠੰਢ ਲੱਗ ਰਹੀ ਏ," ਬਿਮਾਰ ਆਦਮੀ ਨੇ ਕਿਹਾ।

ਯਾਕੋਵ ਨੇ ਉੱਠਣ ਵਿੱਚ ਉਹਦੀ ਸਹਾਇਤਾ ਕੀਤੀ ਅਤੇ ਉਹਨੂੰ ਅੱਗ ਕੋਲ਼ ਲੈ ਗਿਆ।

ਹੁਣ ਅੱਗ ਤੇਜ਼ ਤੇਜ਼ ਬਲ ਰਹੀ ਸੀ ਅਤੇ ਧੁੰਦਲੇ ਪਰਛਾਵੇਂ ਇਹਦੇ ਦੁਆਲੇ ਨੱਚਦੇ, ਸਾਫ਼ ਤੌਰ 'ਤੇ ਲਾਟਾਂ ਦੀ ਖ਼ੁਸ਼ੀ-ਭਰੀ ਖੇਡ ਵੇਖਦੇ। ਸਾਵੇਲੀ ਇੱਕ ਮੁੱਢ ਉੱਤੇ ਬਹਿ ਗਿਆ ਅਤੇ ਆਪਣੇ ਸੁੱਕੇ ਪਾਰਦਰਸ਼ੀ ਹੱਥ ਅੱਗ ਵੱਲ ਵਧਾਏ।

"ਉਹ ਇਹ ਗੱਲ ਕਿਤਾਬਾਂ ਨਾਲ਼ੋਂ ਵਧੇਰੇ ਸਾਫ਼ ਕਰ ਦੇਂਦੈ," ਗੀਬਿਨ ਨੇ ਬਿਮਾਰ ਬੰਦੇ ਵੱਲ ਇਸ਼ਾਰਾ ਕਰਦੇ ਹੋਏ ਸੋਫ਼ੀਆ ਨੂੰ ਕਿਹਾ। "ਜਦੋਂ ਕੋਈ ਮਸ਼ੀਨ ਕਿਸੇ ਕਿਰਤੀ ਨੂੰ ਮਾਰ ਦੇਂਦੀ ਏ ਜਾਂ ਉਹਦੀ ਬਾਂਹ ਵੱਢ ਦੇਂਦੀ ਏ ਤਾਂ ਉਹ ਕਹਿੰਦੇ ਨੇ ਇਹ ਉਹਦਾ ਆਪਣਾ ਕਸੂਰ ਸੀ। ਪਰ ਜਦੋਂ ਉਹ ਬੰਦੇ ਦੀ ਸਾਰੀ ਰੱਤ ਚੂਸ ਲੈਂਦੇ ਨੇ ਤੇ ਕੂੜੇ ਵਾਂਗ ਉਹਨੂੰ ਸੁੱਟ ਦੇਂਦੇ ਨੇ ਤਾਂ ਇਹਦਾ ਕਾਰਨ ਨਹੀਂ ਦਿਸਦਾ। ਮੈਂ ਸੁਤੇ ਸਿਧ ਕਤਲ ਕਰਨਾ ਸਮਝ ਸਕਦਾਂ, ਪਰ ਬਸ ਮਜ਼ੇ ਲਈ ਕਿਸੇ ਬੰਦੇ ਨੂੰ ਤਸੀਹੇ ਦੇਕੇ ਮਾਰਨ ਦੀ ਮੈਨੂੰ ਸਮਝ ਨਹੀਂ ਆਉਂਦੀ! ਉਹ ਲੋਕਾਂ ਨੂੰ ਤਸੀਹੇ ਕਿਉਂ ਦੇਂਦੇ ਨੇ ? ਉਹ ਸਾਨੂੰ ਸਾਰਿਆਂ ਨੂੰ ਤਸੀਹੇ ਕਿਉਂ ਦੇਂਦੇ ਨੇ ? ਬਸ ਮੌਜ ਮੇਲੇ ਲਈ, ਆਪਣੀ ਖ਼ੁਸ਼ੀ ਲਈ, ਤਾਂ ਜੁ ਉਹ ਇਸ ਧਰਤੀ ਉੱਤੇ ਐਸ਼ ਕਰ ਸਕਣ — ਜੋ ਕੁਝ ਚਾਹੁਣ ਮਨੁੱਖੀ ਰੱਤ ਵਿੱਚ ਮੁੱਲ ਤਾਰ ਕੇ ਖ਼ਰੀਦ ਸਕਣ: ਐਕਟ੍ਰੈਸਾਂ, ਨਸਲੀ ਘੋੜੇ, ਚਾਂਦੀ ਦੀਆਂ ਛੁਰੀਆਂ, ਸੋਨੇ ਦੀਆਂ ਤਸ਼ਤਰੀਆਂ, ਆਪਣੇ ਬੱਚਿਆਂ ਲਈ ਮਹਿੰਗੇ ਖਿਡੌਣੇ। 'ਕੰਮ ਕਰੋ!' ਮਾਲਕ ਕਹਿੰਦੈ। 'ਕਰੜਾ ਤੇ ਹੋਰ ਕਰੜਾ ਕੰਮ ਕਰੋ ਤਾਂ ਜੁ ਮੈਂ ਤੁਹਾਡੀ ਮਿਹਨਤ ਤੋਂ ਪੈਸੇ ਇਕੱਠੇ ਕਰ ਸਕਾਂ, ਆਪਣੀ ਰਖੇਲ ਨੂੰ ਮੂਤਰਨ ਲਈ ਸੋਨੇ ਦਾ ਭਾਂਡਾ ਦੇ ਸਕਾਂ।' "

ਜਦੋਂ ਮਾਂ ਵੇਖ ਅਤੇ ਸੁਣ ਰਹੀ ਸੀ ਤਾਂ ਪਾਵੇਲ ਅਤੇ ਉਹਦੇ ਸਾਥੀਆਂ ਵੱਲੋਂ ਚੁਣਿਆ ਲਿਸ਼ਕਦਾ ਰਾਹ ਰਾਤ ਦੇ ਹਨੇਰੇ ਵਿੱਚ ਚਮਕਦਾ ਜਾਪਦਾ।

ਜਦੋਂ ਰਾਤ ਦਾ ਖਾਣਾ ਖ਼ਤਮ ਹੋ ਗਿਆ ਤਾਂ ਉਹ ਸਾਰੇ ਉੱਠ ਕੇ ਅੱਗ ਦੁਆਲੇ ਬਹਿ ਗਏ। ਹਰਸਾਈਆਂ ਹੋਈਆਂ ਲਾਟਾਂ ਲੱਕੜਾਂ ਨੂੰ ਚੱਟਦੀਆਂ; ਉਹਨਾਂ ਦੇ ਪਿੱਛੇ ਹਨੇਰੇ ਦਾ ਪਰਦਾ ਉੱਠ ਰਿਹਾ ਸੀ, ਜਿਸ ਨੇ ਜੰਗਲ ਅਤੇ ਅਸਮਾਨ ਨੂੰ ਲੁਕਾਇਆ ਹੋਇਆ ਸੀ। ਬਿਮਾਰ ਆਦਮੀ ਚੌੜ-ਚਪੁੱਟ ਖੁੱਲ੍ਹੀਆਂ ਅੱਖਾਂ ਨਾਲ਼ ਤਾੜੀ ਲਾਕੇ ਅੱਗ ਵਿੱਚ ਝਾਕ ਰਿਹਾ ਸੀ। ਉਹ ਲਗਾਤਾਰ ਖੰਘਦਾ ਅਤੇ ਇਉਂ ਕੰਬਦਾ ਜਿਵੇਂ ਉਹਦੀ ਜ਼ਿੰਦਗੀ ਦੀ ਰਹਿੰਦ-ਖੂੰਹਦ ਆਪਣੇ ਆਪ ਨੂੰ ਉਹਦੀ ਬਿਮਾਰੀ ਹੱਥੋਂ ਗਾਲੀ ਦੇਹ ਤੋਂ ਅਜ਼ਾਦ ਕਰਾਉਣ ਲਈ ਬੇਸਬਰੀ ਨਾਲ਼ ਘੁਲ ਰਹੀ ਹੋਵੇ। ਲਾਟਾਂ ਦੀ ਲੋਅ ਉਹਦੀ ਬੇਜਾਨ ਚਮੜੀ ਵਿੱਚ ਜਾਨ ਪਾਏ ਬਿਨਾਂ ਉਹਦੇ ਮੂੰਹ ਉੱਤੇ ਪੈਂਦੀ। ਬਸ ਉਹਦੀਆਂ ਅੱਖਾਂ ਹੀ ਮਰਨ-ਮਰਾਂਦ ਅੱਗ ਨਾਲ਼ ਲਿਸ਼ਕਦੀਆਂ।

"ਚੰਗਾ ਨਾ ਹੋਵੇ ਸਾਵੇਲੀ, ਜੇ ਤੂੰ ਢਾਰੇ ਵਿੱਚ ਚਲਾ ਜਾਵੇਂ ?" ਯਾਕੋਵ ਨੇ ਉਹਦੇ ਉੱਤੇ ਝੁਕਦੇ ਹੋਏ ਕਿਹਾ।

"ਕਿਉਂ ?" ਬਿਮਾਰ ਬੰਦੇ ਨੇ ਜ਼ੋਰ ਲਾਕੇ ਕਿਹਾ। "ਮੈਂ ਇੱਥੇ ਹੀ ਰਹਾਂਗਾ — ਮੇਰੇ ਕੋਲ਼ ਹੁਣ ਲੋਕਾਂ ਨਾਲ਼ ਰਹਿਣ ਲਈ ਬਹੁਤ ਸਮਾਂ ਨਹੀਂ!..."

ਉਹਨੇ ਆਪਣੇ ਆਲੇ ਦੁਆਲੇ ਤੱਕਿਆ ਅਤੇ ਫਿਰ ਕੁਝ ਦੇਰ ਰੁੱਕ ਕੇ ਫਿੱਕੀ ਜਿਹੀ ਮੁਸਕਾਨ ਨਾਲ਼ ਕਿਹਾ।

"ਤੁਹਾਡੇ ਨਾਲ਼ ਰਹਿਣਾ ਚੰਗਾ ਲੱਗਦੈ। ਜਦੋਂ ਮੈਂ ਤੁਹਾਡੇ ਵੱਲ ਵੇਖਦਾਂ ਤਾਂ ਆਸ ਪੈਦਾ ਹੁੰਦੀ ਏ ਕਿ ਤੁਸੀਂ ਉਹਨਾਂ ਦਾ ਬਦਲਾ ਲਓਗੇ ਜਿਨ੍ਹਾਂ ਨੂੰ ਹਿਰਸ ਨੇ ਲੁੱਟਿਆ ਅਤੇ ਕਤਲ ਕੀਤਾ ਏ।..."

ਕਿਸੇ ਨੇ ਉਹਦੀ ਗੱਲ ਦਾ ਜਵਾਬ ਨਾ ਦਿੱਤਾ ਅਤੇ ਛੇਤੀ ਹੀ ਉਹ ਸੌਂ ਗਿਆ, ਉਹਦਾ ਸਿਰ ਬੇਜਾਨ ਢੰਗ ਨਾਲ ਉਹਦੀ ਛਾਤੀ ਉੱਤੇ ਡਿੱਗ ਪਿਆ।

"ਆਉਂਦੈ ਅਤੇ ਬਹਿ ਜਾਂਦੈ ਅਤੇ ਸਦਾ ਇੱਕੋ ਗੱਲ ਕਰਦੈ: ਇਸ ਭਿਆਨਕ ਸਿਰ-ਧੜ ਦੀ ਬਾਜ਼ੀ ਬਾਰੇ," ਰੀਬਿਨ ਨੇ ਉਹਦੇ ਵੱਲ ਵੇਖਦੇ ਹੋਏ ਪੋਲੇ ਜਿਹੇ ਕਿਹਾ। "ਉਹਦੀ ਸਾਰੀ ਰੂਹ ਇਸ ਨਾਲ਼ ਭਰੀ ਪਈ ਏ। ਉਹ ਹੋਰ ਕੁਝ ਵੀ ਨਹੀਂ ਵੇਖ ਸਕਦਾ—ਜਿਵੇਂ ਇਹ ਉਹਦੀਆਂ ਅੱਖਾਂ ਉੱਤੇ ਚਿਪਕਾ ਦਿੱਤੀ ਗਈ ਹੋਵੇ।"

"ਉਹ ਹੋਰ ਵੇਖੇ ਵੀ ਕੀ ?" ਮਾਂ ਨੇ ਸੋਚਦੇ ਹੋਏ ਕਿਹਾ। "ਜੇ ਨਿੱਤ ਦਿਹਾੜੇ ਹਜ਼ਾਰਾਂ ਲੋਕ ਕੰਮ ਕਾਰਨ ਬਸ ਇਸ ਲਈ ਮਰ ਰਹੇ ਨੇ ਕਿ ਉਹਨਾਂ ਦੇ ਮਾਲਕ ਹਰ ਤਰ੍ਹਾਂ ਦੀ ਵਾਹਯਾਤੀ ਤੇ ਪੈਸਾ ਬਰਬਾਦ ਕਰ ਸਕਣ ਤਾਂ ਹੋਰ ਵੇਖਣ ਨੂੰ ਹੈ ਵੀ ਕੀ ?"

"ਉਹਦੀਆਂ ਗੱਲਾਂ ਸੁਣ ਕੇ ਬੰਦਾ ਅੱਕ ਜਾਂਦੈ," ਇਗਨਾਤ ਨੇ ਕਿਹਾ। "ਜੇ ਤੁਸੀਂ ਇੱਕ ਵਾਰ ਸੁਣ ਲਓ ਤਾਂ ਤੁਸੀਂ ਭੁਲਾ ਨਹੀਂ ਸਕਦੇ, ਪਰ ਉਹ ਤਾਂ ਉਹੋ ਸੁਰ ਦੁਹਰਾਈ ਜਾਂਦੈ!"

"ਸਭ ਕੁਝ ਇਸ ਸੁਰ ਵਿੱਚ ਘੁਸੇੜਿਆ ਹੋਇਐ, ਸਾਰੀ ਜ਼ਿੰਦਗੀ," ਰੀਬਿਨ ਨੇ ਉਦਾਸੀ ਨਾਲ਼ ਕਿਹਾ। "ਇਹ ਗੱਲ ਸਮਝਣੀ ਚਾਹੀਦੀ ਏ। ਮੈਂ ਉਹਦੀ ਕਹਾਣੀ ਦਰਜਨ ਕੁ ਵਾਰ ਸੁਣੀ ਏ ਤੇ ਇਹਦੇ ਬਾਵਜੂਦ ਕਈ ਵਾਰ ਮੈਨੂੰ ਸ਼ੱਕ ਹੁੰਦੈ। ਅਜਿਹੇ ਚੰਗੇ ਛਿਣ ਵੀ ਆਉਂਦੇ ਨੇ ਜਦੋਂ ਤੁਸੀਂ ਇਹ ਯਕੀਨ ਨਹੀਂ ਕਰਨਾ ਚਾਹੁੰਦੇ ਕਿ ਲੋਕ ਗੰਦੇ ਤੇ ਮੂਰਖ ਨੇ, ਜਦੋਂ ਤੁਸੀਂ ਸਭਨਾਂ ਨੂੰ ਇਹੋ ਜਿਹਾ ਚੰਗਾ ਸਮਝਦੇ ਓ, ਅਮੀਰ ਅਤੇ ਗ਼ਰੀਬ ਇੱਕ ਤਰਾਂ—ਅਮੀਰ ਵੀ ਕੁਰਾਹੇ ਪਾਏ ਗਏ ਨੇ! ਕੁਝ ਲੋੜ ਕਾਰਨ ਅੰਨ੍ਹੇ ਨੇ; ਹੋਰ ਲੋਭ ਕਾਰਨ ਅੰਨ੍ਹੇ ਨੇ। ਗੱਲ ਤਾਂ ਇਹ ਏ! 'ਆਹ, ਚੰਗੇ ਲੋਕੋ!' ਤੁਸੀਂ ਸੋਚਦੇ ਓ। 'ਸਾਰੇ ਮੇਰੇ ਭਰਾਵੋ! ਜ਼ਰਾ ਆਪਣੇ ਆਪ ਨੂੰ ਹਿਲਾਓ, ਇਮਾਨਦਾਰੀ ਨਾਲ਼ ਸੋਚੋ, ਆਪਣੇ ਉੱਤੇ ਤਰਸ ਕੀਤੇ ਬਿਨਾਂ ਸੋਚੋ!' "

ਬਿਮਾਰ ਆਦਮੀ ਝੂਮਿਆ, ਅੱਖਾਂ ਖੋਹਲੀਆਂ ਅਤੇ ਜ਼ਮੀਨ ਉੱਤੇ ਲੇਟ ਗਿਆ। ਯਾਕੋਵ ਚੁੱਪ ਚਾਪ ਉੱਠਿਆ ਅਤੇ ਢਾਰੇ ਵਿੱਚ ਗਿਆ ਅਤੇ ਛੇਤੀ ਹੀ ਇੱਕ ਪੋਸਤੀਨ ਲੈ ਆਇਆ, ਜਿਹੜੀ ਉਹਨੇ ਆਪਣੇ ਚਚੇਰ ਦੁਆਲੇ ਲਪੇਟ ਦਿੱਤੀ; ਫਿਰ ਉਹ ਮੁੜਕੇ ਸੋਫ਼ੀਆ ਕੋਲ਼ ਬਹਿ ਗਿਆ।

ਅੱਗ ਦੀ ਨੱਚਦੀ ਮੁਸਕਾਨ ਨੇ ਆਪਣੇ ਦੁਆਲੇ ਹਨੇਰੇ ਅਕਾਰਾਂ ਨੂੰ ਰੁਸ਼ਨਾ ਦਿੱਤਾ, ਜਦੋਂ ਕਿ ਉਹਨਾਂ ਦੀਆਂ ਅਵਾਜ਼ਾਂ ਸੋਚਦੀਆਂ ਹੋਈਆਂ ਲਾਟਾਂ ਦੀ ਸ਼ਾਂਤ ਕਿੜ ਕਿੜ ਅਤੇ

ਸਰਸਰਾਹਟ ਵਿੱਚ ਮਿਲ ਗਈਆਂ।

ਸੋਫ਼ੀਆ ਨੇ ਉਹਨਾਂ ਨੂੰ ਜ਼ਿੰਦਗੀ ਦੇ ਹੱਕ ਲਈ ਸੰਸਾਰ ਭਰ ਦੀਆਂ ਕੌਮਾਂ ਦੇ ਘੌਲ਼ ਦੀ ਕਹਾਣੀ ਸੁਣਾਈ, ਜਰਮਨੀ ਵਿੱਚ ਬਹੁਤ ਸਮਾਂ ਪਹਿਲਾਂ ਦੀਆਂ ਕਿਸਾਨ ਬਗ਼ਾਵਤਾਂ ਦੀ, ਆਇਰਲੈਂਡ ਦੇ ਲੋਕਾਂ ਦੀ ਦੁਰਦਸ਼ਾ ਦੀ, ਅਜ਼ਾਦੀ ਲਈ ਉਹਨਾਂ ਦੇ ਅਕਸਰ ਹੁੰਦੇ ਘੋਲ਼ਾਂ ਵਿੱਚ ਫ਼ਰਾਂਸੀਸੀ ਕਿਰਤੀਆਂ ਦੀ ਸੂਰਮਗਤੀ ਦੀ।..."

ਇੱਥੇ ਜੰਗਲ ਵਿੱਚ, ਰਾਤ ਦੀ ਮਖ਼ਮਲ ਵਿੱਚ ਲਪੇਟੇ, ਕਾਲ਼ੇ ਅਸਮਾਨ ਦੇ ਚੰਦੋਏ ਹੇਠਾਂ ਰੁੱਖਾਂ ਵਿਚਕਾਰ ਖ਼ਾਲੀ ਕੀਤੀ ਇਸ ਨਿੱਕੀ ਥਾਂ ਵਿੱਚ, ਅੱਗ ਨਾਲ਼ ਰੁਸ਼ਨਾਏ, ਹੈਰਾਨ ਹੋਏ, ਦੋਖੀ ਪਰਛਾਵਿਆਂ ਨਾਲ਼ ਘਿਰੇ ਉਹਨਾਂ ਘਟਨਾਵਾਂ ਦੀ ਇੱਕ ਅਜਿਹੀ ਕਹਾਣੀ ਸੁਣਾਈ ਗਈ ਜਿਸਨੇ ਕਮੀਨੇ ਅਤੇ ਰੱਜ-ਖਾਣੇ ਲੋਕਾਂ ਦੀ ਦੁਨੀਆਂ ਨੂੰ ਹਿਲਾ ਦਿੱਤਾ ਸੀ। ਸੱਚ ਅਤੇ ਅਜ਼ਾਦੀਆਂ ਲਈ ਲੜਨ ਵਾਲ਼ੇ ਸੂਰਮਿਆਂ ਦੇ ਨਾਂ ਲਏ ਗਏ ਅਤੇ ਇੱਕ ਇੱਕ ਕਰਕੇ ਦੁਨੀਆਂ ਦੇ ਲੋਕਾਂ ਦੀਆਂ ਪਾਲਾਂ ਉੱਥੋਂ ਲੰਘੀਆਂ, ਲੜਾਈ ਕਾਰਨ ਥੱਕੇ ਅਤੇ ਫੱਟੋ ਫੱਟ ਹੋਏ।

ਇਸਤਰੀ ਦੀ ਅਵਾਜ਼ ਮੱਧਮ ਅਤੇ ਭਾਰੀ ਸੀ। ਇਹ ਬੀਤੇ ਵਿੱਚੋਂ ਆਉਂਦੀ ਜਾਪਦੀ ਸੀ, ਇਹਨਾਂ ਲੋਕਾਂ ਦੀਆਂ ਆਸਾਂ ਜਗਾਂਦੀ ਅਤੇ ਉਹਨਾਂ ਵਿੱਚ ਭਰੋਸਾ ਪੈਦਾ ਕਰਦੀ, ਜਿਹੜੇ ਹੋਰਨਾਂ ਦੇਸ਼ਾਂ ਵਿਚਲੇ ਆਪਣੇ ਆਤਮਕ ਭਰਾਵਾਂ ਦੀ ਇਹ ਕਹਾਣੀ ਸੁਣ ਰਹੇ ਸਨ। ਸੋਫ਼ੀਆ ਦੇ ਪੀਲ਼ੇ ਪਤਲੇ ਮੂੰਹ ਵੱਲ ਵੇਖਦੇ ਹੋਏ ਉਹਨਾਂ ਨੂੰ ਸਮੁੱਚੇ ਸੰਸਾਰ ਦੀਆਂ ਕੌਮਾਂ ਦੇ ਪਵਿੱਤਰ ਕਾਜ਼ ਦੀ ਵਧੇਰੇ ਸਪਸ਼ਟ ਸੋਝੀ ਆ ਗਈ: ਅਜ਼ਾਦੀ ਲਈ ਅਨੰਤ ਘੋਲ਼ ਦੀ। ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੇ ਆਪਣੇ ਸੁਪਨੇ ਅਤੇ ਆਸ਼ਾਵਾਂ ਉਹਨਾਂ ਅਣਜਾਣੀਆਂ ਨਸਲਾਂ ਦੇ ਸਨ ਜਿਹੜੀਆਂ ਦੂਰ ਅਤੀਤ ਵਿੱਚ ਜਿਊਂਦੀਆਂ ਸਨ, ਵਰਤਮਾਨ ਨਾਲ਼ੋਂ ਇਤਿਹਾਸ ਦੇ ਕਾਲ਼ੇ ਅਤੇ ਖ਼ੂਨੀ ਪਰਦੇ ਰਾਹੀਂ ਕੱਟੀਆਂ ਹੋਈਆਂ। ਆਪਣੇ ਦਿਲਾਂ ਅਤੇ ਦਿਮਾਗ਼ਾਂ ਨਾਲ਼ ਉਹਨਾਂ ਵਿਸ਼ਾਲ ਦੁਨੀਆਂ ਨਾਲ਼ ਸਬੰਧ ਸਥਾਪਤ ਕੀਤਾ, ਉਸ ਵਿੱਚ ਉਹ ਮਿੱਤਰ ਲੱਭੇ ਜਿਹੜੇ ਬੜੇ ਸਮੇਂ ਤੋਂ ਧਰਤੀ ਉੱਤੇ ਇਨਸਾਫ਼ ਸਥਾਪਤ ਕਰਨ ਦੇ ਦ੍ਰਿੜ੍ਹ ਨਿਸ਼ਚੇ ਕਾਰਨ ਇੱਕਮੁਠ ਸਨ, ਇਸ ਨਿਸ਼ਚੇ ਨੂੰ ਉਹਨਾਂ ਅਨੇਕ ਦੁੱਖਾਂ ਨਾਲ਼ ਜਿਹੜੇ ਚੰਗੇ ਜੀਵਨ ਲਈ ਉਹਨਾਂ ਸਹਾਰੇ ਸਨ ਅਤੇ ਉਸ ਖ਼ੂਨ ਨਾਲ਼ ਜਿਹੜਾ ਉਹਨਾਂ ਇਹਦੇ ਲਈ ਡੋਲ੍ਹਿਆ ਸੀ, ਪਵਿੱਤਰ ਬਣਾਉਂਦੇ ਹੋਏ। ਸਭਨਾਂ ਲੋਕਾਂ ਨਾਲ਼ ਆਤਮਕ ਨੇੜਤਾ ਦੀ ਇੱਕ ਭਾਵਨਾ ਜਾਗ ਪਈ ਅਤੇ ਸੰਸਾਰ ਵਿੱਚ ਇੱਕ ਨਵੇਂ ਦਿਲ ਦਾ ਜਨਮ ਹੋਇਆ—ਇੱਕ ਅਜਿਹੇ ਦਿਲ ਦਾ ਜਿਹੜਾ ਸਭ ਕੁਝ ਜਾਣਨ, ਸਭ ਕੁਝ ਸਮਝਣ ਦੀ ਤੀਬਰ ਭਾਵਨਾ ਨਾਲ਼ ਧੜਕ ਰਿਹਾ ਸੀ।

"ਇੱਕ ਦਿਨ ਆਵੇਗਾ ਜਦੋਂ ਸਾਰੇ ਦੇਸ਼ਾਂ ਦੇ ਕਿਰਤੀ ਉੱਠ ਪੈਣਗੇ ਅਤੇ ਦ੍ਰਿੜ੍ਹਤਾ ਨਾਲ਼ ਕਹਿਣਗੇ, 'ਬਹੁਤ ਹੋ ਗਈ! ਅਸੀਂ ਅਜਿਹੀ ਜ਼ਿੰਦਗੀ ਤੋਂ ਰੱਜ ਗਏ ਵਾਂ!' " ਸੋਫ਼ੀਆ ਨੇ ਭਰੋਸੇ ਨਾਲ਼ ਕਿਹਾ। "ਫਿਰ ਉਹਨਾਂ ਦੀ ਫੋਕੀ ਤਾਕਤ, ਜਿਹੜੇ ਬਸ ਆਪਣੇ ਲਾਲਚ ਵਿੱਚ ਹੀ ਬਲਵਾਨ ਨੇ, ਢਹਿ-ਢੇਰੀ ਹੋਵੇਗੀ, ਧਰਤੀ ਉਹਨਾਂ ਦੇ ਪੈਰਾਂ ਹੇਠੋਂ ਖਿਸਕ ਜਾਵੇਗੀ ਅਤੇ ਉਹਨਾਂ ਕੋਲ਼ ਫੜਨ ਲਈ ਕੁਝ ਨਹੀਂ ਰਹਿ ਜਾਵੇਗਾ।"

"ਸੱਚ ਏ," ਰੀਬਿਨ ਨੇ ਆਪਣਾ ਸਿਰ ਨਿਵਾਉਂਦੇ ਹੋਏ ਕਿਹਾ। "ਕੋਈ ਅਜਿਹਾ ਕੰਮ

ਨਹੀਂ ਜਿਹੜਾ ਅਸੀਂ ਨਹੀਂ ਕਰ ਸਕਦੇ ਜੇ ਅਸੀਂ ਆਪਣੇ ਆਪ ਦਾ ਖ਼ਿਆਲ ਨਾ ਕਰੀਏ!"

ਮਾਂ ਨੇ ਆਪਣੇ ਭਰਵੱਟੇ ਉੱਤੇ ਕਰਕੇ ਅਤੇ ਆਪਣੇ ਹੋਠਾਂ ਉੱਤੇ ਖ਼ੁਸ਼ੀ ਭਰੀ ਹੈਰਾਨੀ ਦੀ ਮੁਸਕਾਨ ਲਿਆ ਕੇ ਗੱਲ ਸੁਣੀ। ਉਹਨੇ ਵੇਖਿਆ ਕਿ ਜਿਹੜੀ ਗੱਲ ਸੋਫ਼ੀਆ ਵਿੱਚ ਬਹੁਤ ਅਚਾਨਕ ਅਤੇ ਬਹੁਤ ਉੱਚੀ ਅਤੇ ਬਹੁਤ ਵਿਸ਼ਾਲ ਘੇਰੇ ਵਾਲ਼ੀ—ਉਹਦੇ ਖ਼ਾਸੇ ਲਈ ਅਯੋਗ ਜਾਪਦੀ ਸੀ — ਉਹਦੀ ਕਹਾਣੀ ਦੇ ਉਤਸੁਕਤ, ਇਕਸਾਰ ਵਹਾ ਵਿੱਚ ਲੋਪ ਹੋ ਗਈ ਸੀ। ਉਹਨੂੰ ਰਾਤ ਦੀ ਚੁੱਪ, ਅੱਗ ਦੀਆਂ ਲਾਟਾਂ ਦਾ ਖੇਡਣਾ, ਸੋਫ਼ੀਆ ਦਾ ਮੂੰਹ ਚੰਗੇ ਲੱਗਦੇ ਸਨ — ਪਰ ਸਭ ਤੋਂ ਵੱਧ ਉਹਨੂੰ ਮੁਜ਼ੀਕਾਂ ਦੀ ਇਕਾਗਰਤਾ ਚੰਗੀ ਲੱਗਦੀ ਸੀ। ਉਹ ਅਹਿਲ ਬੈਠੇ ਸਨ, ਨਿਰੰਤਰ ਖੁੱਲ੍ਹ ਰਹੀ ਕਹਾਣੀ ਵਿੱਚ ਵਿਘਨ ਨਾ ਪਾਉਣ ਦਾ ਜਤਨ ਕਰਦੇ ਹੋਏ, ਉਸ ਲਿਸ਼ਕਦੀ ਤੰਦ ਨੂੰ ਤੋੜਨੋਂ ਡਰਦੇ ਜਿਹੜੀ ਉਹਨਾਂ ਨੂੰ ਸਾਰੇ ਸੰਸਾਰ ਨਾਲ਼ ਜੋੜ ਰਹੀ ਸੀ। ਸਮੇਂ ਸਮੇਂ ਉਹਨਾਂ ਵਿੱਚੋਂ ਇੱਕ ਧਿਆਨ ਨਾਲ਼ ਹੋਰ ਲੱਕੜੀਆਂ ਅੱਗ ਵਿੱਚ ਪਾਉਂਦਾ, ਅਤੇ ਇਹਦੇ ਤੋਂ ਉੱਠਦੀ ਚਿਣਗਾਂ ਦੀ ਵਾਛੜ ਅਤੇ ਧੂੰ ਦੇ ਬੱਦਲ ਤੋਂ ਇਸਤਰੀਆਂ ਦੀ ਰੱਖਿਆ ਕਰਨ ਲਈ ਆਪਣੇ ਹੱਥ ਹਿਲਾਉਂਦਾ।

ਇੱਕ ਵਾਰ ਯਾਕੋਵ ਉੱਠਿਆ ਅਤੇ ਸ਼ਾਂਤੀ ਨਾਲ਼ ਕਿਹਾ, "ਜ਼ਰਾ ਇੱਕ ਮਿੰਟ।..."

ਉਹ ਨੱਠ ਕੇ ਢਾਰੇ ਵਿੱਚ ਗਿਆ ਅਤੇ ਕੁਝ ਕੰਬਲ ਲੈ ਆਇਆ, ਜਿਹੜੇ ਉਹਨੇ ਅਤੇ ਇਗਨਾਤ ਨੇ ਚੁੱਪ ਚਾਪ ਮਹਿਮਾਨਾਂ ਦੇ ਮੋਢਿਆਂ ਅਤੇ ਗੋਡਿਆਂ ਉੱਤੇ ਪਾ ਦਿੱਤੇ। ਫਿਰ ਸੋਫ਼ੀਆ ਬੋਲੀ ਗਈ, ਜਿੱਤ ਦੇ ਦਿਨ ਦਾ ਨਕਸ਼ਾ ਖਿੱਚਦੀ, ਆਪਣੇ ਸ੍ਰੋਤਿਆਂ ਵਿੱਚ ਉਹਨਾਂ ਦੇ ਆਪਣੇ ਬਲ ਲਈ ਭਰੋਸਾ ਜਗਾਉਂਦੀ, ਉਹਨਾਂ ਦੇ ਅੰਦਰ ਉਹਨਾਂ ਸਭਨਾਂ ਨਾਲ਼ ਇਕੱਤਾ ਦੇ ਚੇਤਨਤਾ ਜਗਾਉਂਦੀ ਜਿਹੜੇ ਆਫਰੇ ਪਿਆਂ ਦੀਆਂ ਮੂਰਖ ਲਿਲ੍ਹਾਂ ਪੂਰੀਆਂ ਕਰਨ ਲਈ ਆਪਣੀਆਂ ਜ਼ਿੰਦਗੀਆਂ ਵਿਅਰਥ ਕਿਰਤ ਵਿੱਚ ਵਹਾ ਰਹੇ ਸਨ। ਮਾਂ ਸੋਫ਼ੀਆ ਦੀ ਗੱਲ ਸੁਣ ਕੇ ਉਤੇਜਤ ਨਹੀਂ ਸੀ ਹੋਈ, ਪਰ ਉਹਨੇ ਭਰਾਤ੍ਰੀਅਤਾ ਦਾ ਜਿਹੜਾ ਭਾਵ ਪੈਦਾ ਕੀਤਾ ਸੀ ਉਹਨੇ ਮਾਂ ਦੇ ਦਿਲ ਨੂੰ ਉਹਨਾਂ ਲੋਕਾਂ ਲਈ ਨਿਸ਼ਚੇਵਾਨ ਸ਼ੁਕਰਾਨੇ ਨਾਲ਼ ਭਰ ਦਿੱਤਾ ਜਿਹੜੇ ਆਪਣੀਆਂ ਜਾਨਾਂ ਖ਼ਤਰੇ ਵਿੱਚ ਪਾਕੇ ਉਹਨਾਂ ਲੋਕਾਂ ਲਈ, ਜਿਹੜੇ ਨਿੱਤ ਦੀ ਕਿਰਤ ਦੇ ਸੰਗਲਾਂ ਨਾਲ਼ ਬੰਨ੍ਹੇ ਹੋਏ ਸਨ, ਪਿਆਰ ਅਤੇ ਸੱਚ ਅਤੇ ਇਮਾਨਦਾਰ ਸੋਚ ਦੀਆਂ ਸੁਗ਼ਾਤਾਂ ਲਿਆਉਂਦੇ।

"ਰੱਬ ਉਹਨਾਂ ਦੇ ਅੰਗ ਸੰਗ ਰਹੇ," ਉਹਨੇ ਅੱਖਾਂ ਬੰਦ ਕਰਦੇ ਹੋਏ ਸੋਚਿਆ।

ਪਹੁ-ਫੁਟਾਲੇ ਸਮੇਂ ਥੱਕੀ ਸੋਫ਼ੀਆ ਨੇ ਆਪਣੀ ਕਹਾਣੀ ਮੁਕਾਈ ਅਤੇ ਮੁਸਕਰਾਉਂਦੇ ਹੋਏ ਆਲੇ ਦੁਆਲੇ ਲਿਸ਼ਕਦੇ ਅਤੇ ਸੋਚਾਂ ਡੁੱਬੇ ਮੂੰਹਾਂ ਵੱਲ ਵੇਖਿਆ।

"ਸਮਾਂ ਆ ਗਿਐ, ਅਸੀਂ ਚੱਲੀਏ," ਮਾਂ ਨੇ ਕਿਹਾ।

"ਹਾਂ, ਸੱਚਮੁਚ," ਸੋਫ਼ੀਆ ਬੋਲੀ।

ਮੁੰਡਿਆਂ ਵਿੱਚੋਂ ਇੱਕ ਨੇ ਇੱਕ ਡੂੰਘਾ ਹਉਕਾ ਲਿਆ।

"ਬਹੁਤ ਮਾੜੀ ਗੱਲ ਏ ਤੁਸੀਂ ਜਾਣੈਂ," ਰੀਬਿਨ ਨੇ ਅਸਧਾਰਨ ਨਰਮ ਅਵਾਜ਼ ਵਿੱਚ ਕਿਹਾ। "ਤੁਹਾਡੀ ਗੱਲ ਸੁਣਨਾ ਚੰਗਾ ਲੱਗਦੈ! ਲੋਕਾਂ ਨੂੰ ਉਹਨਾਂ ਦੀ ਇੱਕਤਾ ਦਾ ਅਨੁਭਵ ਕਰਾਉਣਾ ਬੜੀ ਵੱਡੀ ਗੱਲ ਏ! ਜਦੋਂ ਤੁਸੀਂ ਜਾਣਦੇ ਹੋ ਕਿ ਲਖੂਖਾ ਲੋਕ ਉਹੋ ਕੁਝ ਚਾਹੁੰਦੇ

ਨੇ ਜੋ ਤੁਸੀਂ ਚਾਹੁੰਦੇ ਹੋ ਤਾਂ ਇਸ ਨਾਲ਼ ਤੁਹਾਡਾ ਦਿਲ ਦਿਆਲ ਹੋ ਜਾਂਦੈ। ਅਤੇ ਦਯਾ ਇੱਕ ਬਲਵਾਨ ਸ਼ਕਤੀ ਏ!"

"ਦਯਾ ਕਰ ਤਾਂ ਜੁ ਦੂਜਾ ਬੰਦਾ ਤੇਰੇ ਚਿੱਤੜਾਂ ਉੱਤੇ ਠੁੱਡੇ ਮਾਰ ਸਕੇ!" ਯੇਫ਼ੀਮ ਹੌਲ਼ੇ ਜਿਹੇ ਉੱਠਦੇ ਹੋਏ ਹੱਸਿਆ। "ਚਾਚਾ ਮਿਖਾਇਲੋ, ਚੰਗਾ ਹੋਵੇ ਜੇ ਉਹ ਕਿਸੇ ਵੱਲੋਂ ਵੇਖੇ ਜਾਣ ਤੋਂ ਪਹਿਲਾਂ ਇੱਥੋਂ ਚਲੀਆਂ ਜਾਣ। ਜਿਉਂ ਹੀ ਅਸਾਂ ਇਸ਼ਤਿਹਾਰ ਵੰਡਣੇ ਸ਼ੁਰੂ ਕੀਤੇ ਹਾਕਮਾਂ ਨੇ ਉਹਨਾਂ ਨੂੰ ਲਿਆਉਣ ਵਾਲ਼ਿਆਂ ਨੂੰ ਲੱਭਣ ਲੱਗ ਪੈਣੈਂ। ਕਿਸੇ ਨੇ ਕਹਿ ਦੇਣੈ, 'ਯਾਦ ਈ ਉਹ ਯਾਤਰੂ ਜ਼ਨਾਨੀਆਂ ਜਿਹੜੀਆਂ ਇੱਥੇ ਆਈਆਂ ਸਨ।..."

"ਖੇਚਲ ਲਈ ਧੰਨਵਾਦ ਮਾਂ," ਰੀਬਿਨ ਨੇ ਗੱਲ ਟੋਕੀ। "ਤੈਨੂੰ ਵੇਖਦੇ ਮੈਨੂੰ ਪਾਵੇਲ ਯਾਦ ਆਉਂਦੈ। ਤੂੰ ਕਿੰਨਾ ਚੰਗਾ ਕੰਮ ਕਰ ਰਹੀ ਏਂ!"

ਹੁਣ ਉਹਦਾ ਰੌਂਅ ਵਧੇਰੇ ਨਰਮ ਸੀ ਅਤੇ ਉਹ ਖੁੱਲ੍ਹੀ, ਨਿੱਘੀ ਮੁਸਕਾਨ ਮੁਸਕਰਾਇਆ। ਹਵਾ ਵਿੱਚ ਠੰਢ ਸੀ, ਪਰ ਉਹ ਕੋਟ ਪਾਏ ਬਿਨਾਂ ਅਤੇ ਕਮੀਜ਼ ਖੁੱਲ੍ਹੀ, ਉਹਦੀ ਛਾਤੀ ਨੰਗੀ ਹੋਈ, ਉੱਥੇ ਖੜ੍ਹਾ ਰਿਹਾ। ਮਾਂ ਉਹਦੇ ਤਕੜੇ ਸਰੀਰ ਦੀ ਸ਼ਲਾਘਾ ਕੀਤੇ ਬਿਨਾਂ ਨਾ ਰਹਿ ਸਕੀ।

"ਤੂੰ ਕੁਝ ਪਾ ਲੈ," ਉਹਨੇ ਨਰਮੀ ਨਾਲ਼ ਕਿਹਾ। "ਠੰਢ ਵੇ।"

"ਮੇਰੇ ਅੰਦਰ ਨਿੱਘ ਏ," ਰੀਬਿਨ ਨੇ ਜਵਾਬ ਦਿੱਤਾ।

ਤਿੰਨ ਮੁੰਡੇ ਅੱਗ ਕੋਲ਼ ਬੈਠੇ ਹੌਲ਼ੀ ਹੌਲ਼ੀ ਗੱਲਾਂ ਕਰ ਰਹੇ ਸਨ, ਤੇ ਬਿਮਾਰ ਬੰਦਾ ਪੋਸਤੀਨ ਨਾਲ਼ ਕੱਜਿਆ ਉਹਨਾਂ ਦੇ ਪੈਰਾਂ ਵਿੱਚ ਪਿਆ ਸੀ। ਅਕਾਸ਼ ਪੀਲ਼ਾ ਹੋ ਗਿਆ, ਪਰਛਾਵੇਂ ਮਿਟ ਗਏ, ਉੱਗਦੇ ਸੂਰਜ ਦੀ ਉਡੀਕ ਕਰਦੇ ਪੱਤੇ ਕੰਬੇ।

"ਚੰਗਾ, ਮੇਰਾ ਖ਼ਿਆਲ ਏ ਹੁਣ ਵਿਛੜਨਾ ਪਵੇਗਾ," ਰੀਬਿਨ ਨੇ ਸੋਫ਼ੀਆ ਨਾਲ਼ ਹੱਥ ਮਿਲਾਉਂਦੇ ਹੋਏ ਕਿਹਾ। "ਅਸੀਂ ਤੈਨੂੰ ਸ਼ਹਿਰ ਵਿੱਚ ਕਿੱਥੇ ਲੱਭ ਸਕਦੇ ਆਂ?"

"ਲੱਭਣਾ ਤਾਂ ਤੁਸੀਂ ਮੈਨੂੰ ਵੇ," ਮਾਂ ਨੇ ਕਿਹਾ।

ਤਿੰਨੇ ਮੁੰਡੇ ਸੋਫ਼ੀਆ ਕੋਲ਼ ਆਏ ਅਤੇ ਵਲੱਲੀ ਸੁਲੱਗਤਾ ਨਾਲ਼ ਉਹਦੇ ਨਾਲ਼ ਹੱਥ ਮਿਲਾਏ। ਇਹ ਸਪਸ਼ਟ ਸੀ ਕਿ ਉਹਨਾਂ ਵਿੱਚੋਂ ਹਰ ਇੱਕ ਨੂੰ ਇੱਕ ਗੁੱਝੀ ਖ਼ੁਸ਼ੀ ਅਨੁਭਵ ਹੋ ਰਹੀ ਸੀ, ਧੰਨਵਾਦੀ ਅਤੇ ਮਿੱਤਰਾਂ ਵਾਲ਼ੀ, ਅਤੇ ਇਹ ਭਾਵਨਾ ਆਪਣੀ ਨਵੀਨਤਾ ਨਾਲ਼ ਉਹਨਾਂ ਨੂੰ ਪ੍ਰੇਸ਼ਾਨ ਕਰ ਰਹੀ ਜਾਪਦੀ ਸੀ। ਉਹ ਕਦੀ ਇੱਕ ਪੈਰ ਭਾਰ ਖੜ੍ਹੇ ਹੁੰਦੇ, ਕਦੀ ਦੂਜੇ ਭਾਰ ਅਤੇ ਉਹਦੇ ਵੱਲ ਅਜਿਹੀਆਂ ਅੱਖਾਂ ਨਾਲ਼ ਵੇਖ ਕੇ ਮੁਸਕਰਾਉਂਦੇ ਜਿਹੜੀਆਂ ਉਨੀਂਦੇ ਕਾਰਨ ਚਮਕ ਰਹੀਆਂ ਸਨ।

"ਜਾਣ ਤੋਂ ਪਹਿਲਾਂ ਥੋੜ੍ਹਾ ਦੁੱਧ ਨਹੀਂ ਪੀਓਗੇ?" ਯਾਕੋਵ ਨੇ ਪੁੱਛਿਆ।

"ਦੁੱਧ ਹੈ?" ਯੇਫ਼ੀਮ ਨੇ ਕਿਹਾ।

"ਨਹੀਂ," ਇਗਨਾਤ ਨੇ ਔਖਾ ਜਿਹਾ ਹੋਕੇ ਆਪਣੇ ਵਾਲ ਪਿੱਛੇ ਕਰਦੇ ਹੋਏ ਕਿਹਾ। "ਉਹ ਮੈਥੋਂ ਡੁੱਲ੍ਹ ਗਿਆ ਸੀ।..."

ਤਿੰਨੇ ਮੁੰਡੇ ਹੱਸ ਪਏ।

ਉਹਨਾਂ ਦੁੱਧ ਦੀ ਗੱਲ ਕੀਤੀ, ਪਰ ਮਾਂ ਨੇ ਅਨੁਭਵ ਕਰ ਲਿਆ ਕਿ ਉਹ ਕਿਸੇ ਹੋਰ ਗੱਲ

ਬਾਰੇ ਸੋਚ ਰਹੇ ਸਨ—ਕਿ ਉਹ ਉਹਦੇ ਅਤੇ ਸੋਫ਼ੀਆ ਵੱਲ ਸਦਭਾਵਨਾ ਨਾਲ਼ ਭਰੇ ਹੋਏ ਸਨ ਅਤੇ ਉਹਨਾਂ ਲਈ ਸ਼ੁਭ ਇੱਛਾਵਾਂ ਕਰ ਰਹੇ ਸਨ। ਸੋਫ਼ੀਆ ਨੇ ਵੀ ਇਹ ਅਨੁਭਵ ਕੀਤਾ ਅਤੇ ਇਹਨੇ ਉਹਨੂੰ ਸੰਗ ਅਤੇ ਨਿਰਮਾਣਤਾ ਨਾਲ਼ ਭਰ ਦਿੱਤਾ, ਇੱਥੋਂ ਤੱਕ ਕਿ ਉਹ ਬਸ ਇੰਨਾ ਹੀ ਕਹਿ ਸਕੀ, ਤੇ ਉਹ ਵੀ ਨਿੰਮ੍ਹੀ ਅਵਾਜ਼ ਵਿੱਚ, "ਧੰਨਵਾਦ, ਸਾਥੀਓ!"

ਮੁੰਡਿਆਂ ਨੇ ਇੱਕ ਦੂਜੇ ਵੱਲ ਵੇਖਿਆ, ਜਿਵੇਂ ਉਹਦੀ ਗੱਲ ਨੇ ਉਹਨਾਂ ਨੂੰ ਇੱਕ ਨਿੱਕਾ ਜਿਹਾ ਧੱਕਾ ਦਿੱਤਾ ਸੀ।

ਬਿਮਾਰ ਆਦਮੀ ਨੂੰ ਵੱਖੀਆਂ ਭੰਨਣ ਵਾਲ਼ੀ ਖੰਘ ਹੋਈ। ਜਿੱਥੇ ਅੱਗ ਬਲੀ ਸੀ ਉੱਥੇ ਕੋਲ਼ੇ ਮਘਣੇ ਬੰਦ ਹੋ ਗਏ।

"ਰੱਬ ਰਾਖਾ," ਮੂਜ਼ੀਕਾਂ ਨੇ ਸ਼ਾਂਤੀ ਨਾਲ਼ ਕਿਹਾ ਅਤੇ ਇਹ ਸੋਗੀ ਲਫ਼ਜ਼ ਇਸਤਰੀਆਂ ਦੇ ਕੰਨਾਂ ਵਿੱਚ ਗੂੰਜਦਾ ਰਿਹਾ।

ਉਹ ਪਹੁ-ਫੁਟਾਲੇ ਤੋਂ ਪਹਿਲਾਂ ਦੀ ਪੀਲ਼ੀ ਲੋਅ ਵਿੱਚ ਕਾਹਲ ਕੀਤੇ ਬਿਨਾਂ ਜੰਗਲੀ ਪਹੇ ਉੱਤੇ ਚਲਦੀਆਂ ਗਈਆਂ।

"ਕਿੰਨਾ ਸ਼ਾਨਦਾਰ ਸੀ ਇਹ," ਮਾਂ ਨੇ ਕਿਹਾ, ਉਹ ਸੋਫ਼ੀਆ ਦੇ ਪਿੱਛੇ ਪਿੱਛੇ ਚੱਲ ਰਹੀ ਸੀ। "ਸੁਪਨੇ ਵਾਂਗ ਸ਼ਾਨਦਾਰ! ਲੋਕ ਸੱਚ ਜਾਣਨਾ ਚਾਹੁੰਦੇ ਨੇ, ਮੇਰੀ ਜਿੰਦੇ; ਸੱਚਮੁਚ ਸੱਚ ਜਾਣਨਾ ਚਾਹੁੰਦੇ ਨੇ! ਇਹ ਤਾਂ ਗਿਰਜੇ ਵਿੱਚ ਹੋਣ ਵਾਂਗ ਵੇ, ਵੱਡੇ ਦਿਨ ਜਾਂ ਈਸਟਰ ਨੂੰ ਸਵੇਰ ਦੀ ਦੁਆ ਤੋਂ ਪਹਿਲੋਂ: ਪਾਦਰੀ ਅਜੇ ਆਇਆ ਨਹੀਂ, ਸਭ ਕੁਝ ਹਨੇਰਾ ਅਤੇ ਸ਼ਾਂਤ ਅਤੇ ਡਰਾਉਣਾ ਵੇ, ਪਰ ਹੌਲ਼ੀ ਹੌਲ਼ੀ ਲੋਕ ਆਉਣੇ ਸ਼ੁਰੂ ਹੋ ਜਾਂਦੇ ਨੇ।... ਕਿਧਰੇ ਕਿਸੇ ਮੂਰਤ ਸਾਹਮਣੇ ਇੱਕ ਮੋਮਬੱਤੀ ਬਾਲੀ ਜਾਂਦੀ ਵੇ, ਦੂਜੀ ਥਾਂ ਇੱਕ ਹੋਰ ਅਤੇ ਹੌਲ਼ੀ ਹੌਲ਼ੀ ਹਨੇਰਾ ਲੋਪ ਹੋ ਜਾਂਦੈ ਅਤੇ ਰੱਬ ਦਾ ਘਰ ਨੂਰ ਨਾਲ਼ ਭਰਿਆ ਜਾਂਦੈ।"

"ਕਿੰਨਾ ਸੱਚ ਏ!" ਸੋਫ਼ੀਆ ਨੇ ਖੁਸ਼ੀ ਨਾਲ਼ ਕਿਹਾ। "ਕੇਵਲ ਇੱਥੇ ਰੱਬ ਦਾ ਘਰ ਸਾਰੀ ਦੁਨੀਆਂ ਏ!"

"ਸਾਰੀ ਦੁਨੀਆਂ," ਮਾਂ ਨੇ ਗੱਲ ਦੁਹਰਾਈ, ਸੋਚਾਂ ਨਾਲ਼ ਆਪਣਾ ਸਿਰ ਹਿਲਾਉਂਦੇ ਹੋਏ। "ਇਹ ਇੰਨਾ ਚੰਗਾ ਵੇ ਲਗਭਗ ਸੱਚ ਨਹੀਂ ਹੋ ਸਕਦਾ।... ਤੇ ਚੰਨੀ ਤੂੰ ਕਿੰਨੀ ਸੋਹਣੀ ਤਰ੍ਹਾਂ ਬੋਲੀ—ਕਿੰਨੀ ਹੀ ਸੋਹਣੀ ਤਰ੍ਹਾਂ! ਤੇ ਮੈਨੂੰ ਡਰ ਸੀ ਤੂੰ ਉਹਨਾਂ ਨੂੰ ਚੰਗੀ ਨਹੀਂ ਲੱਗਣ ਲੱਗੀ।..."

ਸੋਫ਼ੀਆ ਇੱਕ ਛਿਣ ਚੁੱਪ ਰਹੀ।

"ਉਹਨਾਂ ਨਾਲ਼ ਹੋਣ ਸਮੇਂ ਬੰਦਾ ਵਧੇਰੇ ਸਾਦਾ ਹੋ ਜਾਂਦੈ," ਅਖ਼ੀਰ ਉਹਨੇ ਗੰਭੀਰ ਅਤੇ ਉਦਾਸ ਢੰਗ ਨਾਲ਼ ਕਿਹਾ।

ਉਹ ਆਪਣੇ ਰਾਹ ਟੁਰੀ ਗਈਆਂ, ਰੀਬਿਨ, ਬਿਮਾਰ ਬੰਦੇ ਅਤੇ ਮੁੰਡਿਆਂ ਬਾਰੇ ਗੱਲਾਂ ਕਰਦੀਆਂ, ਜਿਹੜੇ ਇੰਨੇ ਧਿਆਨ ਨਾਲ਼ ਚੁੱਪ ਅਤੇ ਸੰਗ ਰਹੇ ਸਨ, ਪਰ ਜਿਨ੍ਹਾਂ ਨਿੱਕੀਆਂ ਨਿੱਕੀਆਂ ਸੇਵਾਵਾਂ ਕਰਕੇ ਆਪਣਾ ਸ਼ੁਕਰਾਨਾ ਪ੍ਰਗਟ ਕੀਤਾ। ਛੇਤੀ ਹੀ ਉਹ ਖੇਤਾਂ ਵਿੱਚ ਅੱਪੜ ਗਈਆਂ ਅਤੇ ਸੂਰਜ ਉੱਭਰ ਕੇ ਉਹਨਾਂ ਨੂੰ ਮਿਲਿਆ। ਅਜੇ ਵੀ ਨਜ਼ਰੋਂ ਉਹਲੇ, ਉਹਨੇ ਆਪਣੀਆਂ ਗੁਲਾਬੀ ਕਿਰਨਾਂ ਦਾ ਪਾਰਦਰਸ਼ੀ ਪੱਖਾ ਅਕਾਸ਼ ਉੱਤੇ ਫੈਲਾ ਦਿੱਤਾ ਅਤੇ ਘਾਹ

ਉੱਤੇ ਪਏ ਤ੍ਰੇਲ ਦੇ ਤੁਪਕੇ ਬਸੰਤ ਦੀ ਲੁਛ ਲੁਛ ਕਰਦੀ ਖੁਸ਼ੀ ਦੀਆਂ ਬਹੁ–ਰੰਗੀਆਂ ਚਮਕਾਂ ਨਾਲ਼ ਲਿਸ਼ਕ ਪਏ। ਪੰਛੀ ਜਾਗ ਪਏ, ਉਹਨਾਂ ਆਪਣੀ ਹਸੂੰ ਹਸੂੰ ਕਰਦੀ ਚਹਿਕ ਨਾਲ਼ ਸਵੇਰ ਨੂੰ ਸੁਰਜੀਤ ਕਰ ਦਿੱਤਾ। ਮੋਟੇ ਕਾਂ, ਰੁਝੇਵਿਆਂ ਭਰੀ ਕਾਂ ਕਾਂ ਕਰਦੇ, ਆਪਣੇ ਖੰਭਾਂ ਦੀ ਭਾਰੀ ਸਰਸਰਾਹਟ ਨਾਲ਼ ਉੱਡਦੇ ਗਏ। ਇੱਕ ਪੀਲਕ ਨੇ ਸੀਟੀ ਮਾਰੀ। ਦੁਰਾਡੀਆਂ ਥਾਵਾਂ ਖੁੱਲ੍ਹ ਗਈਆਂ, ਪਹਾੜੀਆਂ ਮੂੰਹ ਤੋਂ ਰਾਤ ਦੇ ਘੁੰਡ ਲਾਹ ਕੇ ਉੱਗਦੇ ਸੂਰਜ ਨੂੰ ਜੀ–ਆਇਆਂ ਆਖਦੀਆਂ।

"ਕਈ ਵਾਰ ਕੋਈ ਬੰਦਾ ਬੋਲੀ ਈ ਜਾਂਦੈ ਤੇ ਤੁਸੀਂ ਉਹਦੀ ਗੱਲ ਨਹੀਂ ਸਮਝਦੇ ਜਦੋਂ ਤੱਕ ਉਹ ਕੋਈ ਸਾਦਾ ਲਫ਼ਜ਼ ਨਹੀਂ ਕਹਿੰਦਾ ਜਿਹੜਾ ਅਚਾਨਕ ਸਭ ਕੁਝ ਸਾਫ਼ ਕਰ ਦੇਂਦੈ," ਸੋਚੀਂ ਡੁੱਬੀ ਮਾਂ ਨੇ ਕਿਹਾ। "ਬਿਮਾਰ ਬੰਦੇ ਦੀ ਵੀ ਇਹੋ ਗੱਲ ਵੇ। ਮੈਂ ਬਹੁਤ ਕੁਝ ਸੁਣਿਐ ਅਤੇ ਮੈਂ ਇਸ ਬਾਰੇ ਬਹੁਤ ਕੁਝ ਜਾਣਦੀ ਵਾਂ ਕਿ ਕਿਵੇਂ ਉਹ ਕਾਰਖ਼ਾਨਿਆਂ ਵਿੱਚ ਅਤੇ ਹੋਰਨੀਂ ਥਾਈਂ ਮਜ਼ਦੂਰਾਂ ਦੀ ਮਿੱਝ ਕੱਢਦੇ ਨੇ। ਪਰ ਤੁਸੀਂ ਇਹਦੇ ਆਦੀ ਹੋ ਜਾਂਦੇ ਓ, ਇਹ ਤੁਹਾਡੇ ਉੱਤੇ ਉੱਕਾ ਅਸਰ ਨਹੀਂ ਕਰਦੀ। ਪਰ ਉਹਨੇ ਜੋ ਕੁਝ ਕਿਹਾ ਉਹ ਇੰਨਾ ਭਿਆਨਕ ਸੀ! ਇੰਨਾ ਨਮੋਸ਼ੀ ਭਰਿਆ! ਪਿਆਰੇ ਈਸਾ! ਕੀ ਇਹ ਹੋ ਸਕਦੈ ਕਿ ਲੋਕ ਆਪਣੀਆਂ ਜਾਨਾਂ ਮਾਰ ਦੇਂਦੇ ਨੇ ਤਾਂ ਜੁ ਉਹਨਾਂ ਦੇ ਮਾਲਕ ਅਜਿਹੇ ਠੱਠੇ ਉਡਾਉਣ? ਇਹਦੇ ਵਿੱਚ ਕੋਈ ਇਨਸਾਫ਼ ਨਹੀਂ!"

ਮਾਂ ਦੇ ਵਿਚਾਰ ਇਸੇ ਬੰਦੇ ਦੇ ਮਾਮਲੇ ਉੱਤੇ ਟਿਕ ਗਏ, ਜਿਸਨੇ ਅਜਿਹੇ ਹੋਰਨਾਂ ਮਾਮਲਿਆਂ ਉੱਤੇ ਵਿਅੰਗਮਈ ਚਾਨਣ ਪਾਇਆ, ਜਿਨ੍ਹਾਂ ਬਾਰੇ ਉਹਨੇ ਸੁਣਿਆ ਸੀ, ਪਰ ਭੁੱਲ ਗਈ ਸੀ।

"ਉਹ ਆਫਰ ਕੇ ਬਿਮਾਰ ਹੋਈ ਜਾਂਦੇ ਨੇ! ਮੈਨੂੰ ਇੱਕ ਪੇਂਡੂ ਅਫ਼ਸਰ ਦਾ ਪਤੈ ਜਿਹੜਾ ਮੂਜ਼ੀਕਾਂ ਨੂੰ ਇਸ ਗੱਲ 'ਤੇ ਮਜ਼ਬੂਰ ਕਰਦਾ ਕਿ ਜਿੰਨੀ ਵਾਰ ਉਹਦਾ ਘੋੜਾ ਪਿੰਡ ਵਿੱਚੋਂ ਲੰਘੇ ਉਹ ਝੁਕ ਕੇ ਉਹਨੂੰ ਸਲਾਮ ਕਰਨ ਤੇ ਜਿਹੜਾ ਅਜਿਹਾ ਨਾ ਕਰਦਾ ਉਹਨੂੰ ਉਹ ਗ੍ਰਿਫ਼ਤਾਰ ਕਰ ਲੈਂਦਾ। ਉਹ ਅਜਿਹਾ ਕਿਉਂ ਕਰਦਾ? ਇਸ ਗੱਲ ਦੀ ਕਿਸੇ ਤਰ੍ਹਾਂ ਸਮਝ ਨਹੀਂ ਆਉਂਦੀ।"

ਸੋਫ਼ੀਆ ਹੌਲ਼ੀ ਹੌਲ਼ੀ ਇੱਕ ਗੀਤ ਗਾਉਣ ਲੱਗ ਪਈ, ਜਿਹੜਾ ਸਵੇਰ ਵਾਂਗ ਹੀ ਲਿਸ਼ਕਦਾ ਸੱਜਰਾ ਸੀ।...

## 7

ਮਾਂ ਦੀ ਜ਼ਿੰਦਗੀ ਅਨੋਖੀ ਸ਼ਾਂਤੀ ਨਾਲ਼ ਲੰਘਦੀ ਗਈ। ਕਈ ਵਾਰ ਉਹਨੂੰ ਇਸ ਸ਼ਾਂਤੀ ਉੱਤੇ ਹੈਰਾਨੀ ਹੁੰਦੀ। ਉਹਦਾ ਪੁੱਤਰ ਜੇਲ੍ਹ ਵਿੱਚ ਸੀ ਅਤੇ ਉਹਨੂੰ ਪਤਾ ਸੀ ਕਿ ਉਹਨੂੰ ਜ਼ਾਲਮਾਨਾ ਸਜ਼ਾ ਮਿਲੇਗੀ, ਪਰ ਜਿੰਨੀ ਵਾਰ ਉਹ ਇਸ ਬਾਰੇ ਸੋਚਦੀ ਉਹਦੇ ਮਨ ਵਿੱਚ ਆਂਦੇਰਈ ਅਤੇ ਫ਼ਿਓਦੋਰ ਅਤੇ ਹੋਰਨਾਂ ਦੀਆਂ ਸ਼ਕਲਾਂ ਫਿਰਨ ਲੱਗ ਪੈਂਦੀਆਂ। ਆਪਣੇ ਪੁੱਤਰ ਦਾ ਬਿੰਬ, ਜਿਹੜਾ ਉਹਨਾਂ ਸਭਨਾਂ ਤੋਂ ਬਣਿਆ ਸੀ ਜਿਹੜੇ ਉਹਦੀ ਹੋਣੀ ਦੇ ਭਿਆਲ ਸਨ, ਉਹਦੀਆਂ ਅੱਖਾਂ ਵਿੱਚ ਵਡੇਰਾ ਹੁੰਦਾ ਗਿਆ ਉਹਦੇ ਬਾਰੇ ਅਜਿਹੇ ਵਿਚਾਰਾਂ ਨੂੰ ਜਨਮ ਦੇਂਦਾ ਜਿਹੜੇ ਛੋਪਲੇ ਜਿਹੇ ਸਭਨਾਂ ਪਾਸਿਆਂ ਵੱਲ ਵੱਧਦੇ ਗਏ। ਪਤਲੀਆਂ, ਉਗੜ–ਦਗੜ ਰਾਹ

ਢੂੰਡਦੀਆਂ ਕਿਰਨਾਂ ਵਾਂਗ ਉਹ ਹਰ ਥਾਂ ਅੱਪੜਦੇ, ਸਭਨਾਂ ਵਰਤਾਰਿਆਂ ਉੱਤੇ ਲੋਅ ਪਾਉਣ ਅਤੇ ਸਭਨਾਂ ਸ਼ੈਆਂ ਨੂੰ ਇੱਕੋ ਇੱਕ ਨਮੂਨੇ ਵਿੱਚ ਜੋੜਨ ਦਾ ਜਤਨ ਕਰਦੇ। ਉਹ ਉਹਦੇ ਵਿਚਾਰਾਂ ਦੇ ਕਿਸੇ ਇੱਕ ਸ਼ੈਅ ਉੱਤੇ ਕੇਂਦਰਿਤ ਹੋਣੋਂ, ਖ਼ਾਸ ਤੌਰ 'ਤੇ ਆਪਣੇ ਪੁੱਤਰ ਲਈ ਸਿਕ ਅਤੇ ਉਹਦੇ ਬਾਰੇ ਡਰਾਂ ਉੱਤੇ ਕੇਂਦਰਿਤ ਹੋਣੋਂ ਰੋਕਦੇ।

ਛੇਤੀ ਸੋਫ਼ੀਆ ਚਲੀ ਗਈ, ਪੰਜ ਦਿਨਾਂ ਪਿੱਛੋਂ, ਉੱਛਲਦੇ, ਖੁਸ਼ ਰੌਂਅ ਵਿੱਚ ਮੁੜਨ ਤੇ ਕੁਝ ਘੰਟਿਆਂ ਵਿੱਚ ਮੁੜ ਲੋਪ ਹੋ ਜਾਣ ਅਤੇ ਹੋਰ ਦੋ ਹਫ਼ਤਿਆਂ ਵਿੱਚ ਮੁੜ ਆਉਣ ਲਈ। ਜਾਪਦਾ ਸੀ ਕਿ ਉਹ ਚੌੜੇ ਘੇਰਿਆਂ ਵਿੱਚ ਜ਼ਿੰਦਗੀ ਵਿੱਚ ਸਫ਼ਰ ਕਰਦੀ ਜਿਨ੍ਹਾਂ ਵਿੱਚੋਂ ਉਹ ਸਮੇਂ ਸਮੇਂ ਆਪਣੇ ਭਰਾ ਕੋਲ਼ ਮੁੜ ਆਉਂਦੀ ਤਾਂ ਜੁ ਉਹ ਉਹਦੇ ਫ਼ਲੈਟ ਨੂੰ ਹਿੰਮਤ ਅਤੇ ਸੰਗੀਤ ਨਾਲ਼ ਭਰ ਦੇਵੇ।

ਮਾਂ ਸੰਗੀਤ ਨੂੰ ਪਿਆਰ ਕਰਨ ਲੱਗ ਪਈ। ਜਦੋਂ ਉਹ ਸੰਗੀਤ ਸੁਣਦੀ ਤਾਂ ਉਹਨੂੰ ਜਾਪਦਾ ਗਰਮ ਲਹਿਰਾਂ ਉਹਦੀ ਛਾਤੀ ਨਾਲ਼ ਵੱਜ ਰਹੀਆਂ ਹਨ ਅਤੇ ਉਹਦੇ ਦਿਲ ਨੂੰ ਧੋ ਰਹੀਆਂ ਹਨ, ਇਹਨੂੰ ਵਧੇਰੇ ਇਕਸਾਰਤਾ ਨਾਲ਼ ਧੜਕਾ ਰਹੀਆਂ ਅਤੇ ਇਹਦੇ ਵਿੱਚ ਸੋਚਾਂ ਦੀਆਂ ਨਵੀਆਂ ਲਗਰਾਂ ਪੈਦਾ ਕਰ ਰਹੀਆਂ ਹਨ, ਜਿਹੜੀਆਂ ਭੋਂ ਵਿੱਚ ਡੂੰਘੇ ਗੱਡੇ, ਚੰਗੀ ਤਰ੍ਹਾਂ ਸਿੰਜੇ ਬੀਆਂ ਵਾਂਗ ਸੌਖੇ ਹੀ ਅਤੇ ਸੋਹਣੀ ਤਰ੍ਹਾਂ ਸੰਗੀਤ ਦੇ ਅਸਰ ਹੇਠ ਲਫ਼ਜ਼ਾਂ ਵਿੱਚ ਖਿੜ ਪੈਂਦੀਆਂ।

ਮਾਂ ਲਈ ਸੋਫ਼ੀਆ ਦੀ ਬੇਤਰਤੀਬੀ ਸਹਾਰਨਾ ਔਖਾ ਸੀ: ਫ਼ਲੈਟ ਵਿੱਚ ਸਦਾ ਹੀ ਉਹਦੇ ਕੱਪੜਿਆਂ, ਸਿਗਰਟਾਂ ਅਤੇ ਸੁਆਹ ਦਾ ਘੜਮਸ ਪਿਆ ਰਹਿੰਦਾ। ਉਹਦੇ ਲਈ ਸੋਫ਼ੀਆ ਦੀਆਂ ਜੁਸ਼ੀਲੀਆਂ ਤਕਰੀਰਾਂ ਦਾ ਆਦੀ ਹੋਣਾ ਹੋਰ ਵੀ ਔਖਾ ਸੀ, ਜਿਹੜੀਆਂ ਨਿਕੋਲਾਈ ਦੇ ਉਸ ਸਵੈ-ਭਰੋਸੇ ਅਤੇ ਕੋਮਲ ਗੰਭੀਰਤਾ ਦਾ, ਜਿਸ ਨਾਲ਼ ਉਹ ਗੱਲ ਕਰਦਾ, ਇੰਨਾ ਪ੍ਰਤੱਖ ਉਲਟ ਸਨ। ਉਹਨੂੰ ਜਾਪਦਾ ਕਿ ਸੋਫ਼ੀਆ ਇੱਕ ਗਭਰੇਟ ਹੈ, ਜਿਹੜੀ ਜਵਾਨ ਗਿਣੇ ਜਾਣੇ ਲਈ ਉਤਾਵਲੀ ਹੈ ਅਤੇ ਲੋਕਾਂ ਨੂੰ ਬਸ ਅਣੋਖੇ ਖਿਡੌਣੇ ਸਮਝਦੀ ਹੈ। ਉਹ ਕਿਰਤ ਦੀ ਪਵਿੱਤਰਤਾ ਦੀਆਂ ਗੱਲਾਂ ਕਰਦੀ, ਪਰ ਆਪਣੀ ਬੇਤਰਤੀਬੀ ਨਾਲ਼ ਮਾਂ ਦੇ ਕੰਮ ਵਿੱਚ ਵਾਧਾ ਕਰੀ ਜਾਂਦੀ; ਉਹ ਬੜੇ ਜੋਸ਼ ਨਾਲ਼ ਅਜ਼ਾਦੀ ਦੀਆਂ ਗੱਲਾਂ ਕਰਦੀ, ਪਰ ਮਾਂ ਵੇਖ ਸਕਦੀ ਸੀ ਕਿ ਉਹ ਆਪਣੇ ਕੱਟੜਪੁਣੇ ਅਤੇ ਅਨੰਤ ਦਲੀਲਾਂ ਨਾਲ਼ ਹੋਰਨਾਂ ਉੱਤੇ ਜਬਰ ਕਰਦੀ। ਉਹ ਵਿਰੋਧਾਂ ਦੀ ਭਰੀ ਹੋਈ ਸੀ ਅਤੇ ਇਹ ਗੱਲ ਅਨੁਭਵ ਕਰਦੀ ਹੋਈ ਮਾਂ ਸਦਾ ਬੜੇ ਧਿਆਨ ਨਾਲ਼ ਉਹਦੇ ਨਾਲ਼ ਗਿਲਾ ਕਰਦੀ ਅਤੇ ਉਹਦੇ ਵੱਲ ਉਹ ਅਣਬਦਲਵਾਂ ਸਨੇਹ ਅਨੁਭਵ ਨਹੀਂ ਸੀ ਕਰਦੀ ਜਿਹੋ ਜਿਹਾ ਉਹ ਨਿਕੋਲਾਈ ਲਈ ਕਰਦੀ ਸੀ।

ਦਿਨ ਪ੍ਰਤੀ ਦਿਨ ਆਪਣਾ ਅਕਾਊ ਜੀਵਨ ਗੁਜ਼ਾਰਦਾ ਹੋਇਆ ਉਹ ਹੋਰਨਾਂ ਲਈ ਫ਼ਿਕਰਮੰਦੀ ਨਾਲ਼ ਭਰਿਆ ਹੋਇਆ ਸੀ: ਅੱਠ ਵਜੇ ਸਵੇਰੇ ਉਹ ਸਵੇਰ ਦੀ ਚਾਹ ਪੀਂਦਾ, ਉਦੋਂ ਹੀ ਉਹ ਅਖ਼ਬਾਰ ਪੜ੍ਹਦਾ ਅਤੇ ਮਾਂ ਨੂੰ ਖ਼ਬਰਾਂ ਦੱਸਦਾ। ਉਹਨੂੰ ਸੁਣਦੀ ਹੋਈ ਉਹ ਤ੍ਰਭਕਾ ਦੇਣ ਵਾਲ਼ੀ ਸਪਸ਼ਟਤਾ ਨਾਲ਼ ਅਨੁਭਵ ਕਰਦੀ, ਕਿਵੇਂ ਜੀਵਨ ਦੀ ਮਸ਼ੀਨ ਬੇਕਿਰਕੀ ਨਾਲ਼ ਲੋਕਾਂ ਨੂੰ ਪੀਹ ਕੇ ਪੈਸੇ ਵਿੱਚ ਤਬਦੀਲ ਕਰੀ ਜਾਂਦੀ ਹੈ। ਉਹਨੇ ਵੇਖਿਆ ਕਿ ਨਿਕੋਲਾਈ ਦਾ ਬਹੁਤ ਕੁਝ ਆਂਦਰੇਈ ਨਾਲ਼ ਮਿਲਦਾ ਜੁਲਦਾ ਹੈ। ਖੋਖੋਲ ਵਾਂਗ ਹੀ ਉਹ ਲੋਕਾਂ ਬਾਰੇ ਦੋਖ ਤੋਂ ਬਿਨਾਂ

ਗੱਲ ਕਰਦਾ, ਉਹਨਾਂ ਸਾਰਿਆਂ ਸਿਰ ਸੰਸਾਰ ਦੀਆਂ ਬੁਰਾਈਆਂ ਲਈ ਦੋਸ਼ ਦੇਂਦਾ, ਪਰ ਨਵੇਂ ਜੀਵਨ ਵਿੱਚ ਉਹਦਾ ਨਿਸ਼ਚਾ ਆਂਦਰੇਈ ਜਿਹਾ ਜੁਸ਼ੀਲਾ ਨਹੀਂ ਸੀ ਅਤੇ ਨਾ ਹੀ ਇੰਨਾ ਚਿਤਰਮਈ। ਉਹ ਕਿਸੇ ਕਰੜੇ ਅਤੇ ਇਮਾਨਦਾਰ ਜੱਜ ਦੀ ਸ਼ਾਂਤ ਅਵਾਜ਼ ਵਿੱਚ ਗੱਲ ਕਰਦਾ ਅਤੇ ਭਾਵੇਂ ਅਤਿ-ਅੰਤ ਭਿਆਨਕ ਗੱਲਾਂ ਬਾਰੇ ਬਹਿਸ ਕਰਦੇ ਹੋਏ ਉਹਦੇ ਬੁੱਲ੍ਹਾਂ ਉੱਤੇ ਅਫ਼ਸੋਸ ਦੀ ਨਿੰਮ੍ਹੀ ਜਿਹੀ ਮੁਸਕਾਨ ਹੁੰਦੀ, ਉਹਦੀਆਂ ਅੱਖਾਂ ਵਿੱਚ ਕਰੜੀ, ਠੰਢੀ ਚਮਕ ਹੁੰਦੀ। ਇਹ ਵੇਖਦੇ ਹੋਏ ਮਾਂ ਅਨੁਭਵ ਕਰਦੀ ਕਿ ਉਹ ਕਦੀ ਕਿਸੇ ਨੂੰ ਕੁਝ ਮਾਫ਼ ਨਹੀਂ ਕਰੇਗਾ — ਕਿ ਉਹ ਮਾਫ਼ ਨਹੀਂ ਸੀ ਕਰ ਸਕਦਾ — ਅਤੇ ਉਹਨੂੰ ਉਹਦੇ ਉੱਤੇ ਰਹਿਮ ਆਉਂਦਾ, ਕਿਉਂਕਿ ਉਹ ਜਾਣਦੀ ਸੀ ਕਿ ਕਰੜਾ ਹੋਣਾ ਉਹਦੇ ਲਈ ਸੌਖਾ ਨਹੀਂ ਸੀ। ਨਿਕੋਲਾਈ ਲਈ ਉਹਦਾ ਸਨੇਹ ਹਰ ਲੰਘਦੇ ਦਿਨ ਨਾਲ਼ ਵੱਧਦਾ ਗਿਆ।

ਨੌਂ ਵਜੇ ਉਹ ਕੰਮ 'ਤੇ ਚਲਾ ਜਾਂਦਾ। ਜਦੋਂ ਉਹ ਚਲਾ ਜਾਂਦਾ ਤਾਂ ਉਹ ਫ਼ਲੈਟ ਸਾਫ਼ ਕਰਦੀ, ਖਾਣਾ ਤਿਆਰ ਕਰਦੀ, ਆਪ ਨਹਾਂਦੀ ਧੋਂਦੀ, ਸਾਫ਼ ਲਿਬਾਸ ਪਹਿਨ ਲੈਂਦੀ ਅਤੇ ਕਿਤਾਬਾਂ ਵਿੱਚ ਛਪੀਆਂ ਮੂਰਤਾਂ ਵੇਖਦੀ ਆਪਣੇ ਕਮਰੇ ਵਿੱਚ ਬੈਠੀ ਰਹਿੰਦੀ। ਹੁਣ ਤੱਕ ਉਹਨੇ ਪੜ੍ਹਨਾ ਸਿਖ ਲਿਆ ਸੀ, ਪਰ ਇਹਦੇ ਲਈ ਉਹਨੂੰ ਇੰਨਾ ਜਤਨ ਕਰਨਾ ਪੈਂਦਾ ਕਿ ਉਹ ਛੇਤੀ ਹੀ ਥੱਕ ਜਾਂਦੀ ਅਤੇ ਇੱਕ ਲਫ਼ਜ਼ ਦੇ ਦੂਜੇ ਨਾਲ਼ ਸਬੰਧ ਨੂੰ ਨਾ ਸਮਝ ਸਕਦੀ। ਪਰ ਮੂਰਤਾਂ ਵੇਖਣ ਵਿੱਚ ਉਹਨੂੰ ਬੱਚਿਆਂ ਵਾਂਗ ਸਵਾਦ ਆਉਂਦਾ। ਉਹ ਉਹਦੇ ਸਾਹਮਣੇ ਇੱਕ ਨਵੀਂ ਅਤੇ ਸ਼ਾਨਦਾਰ ਜ਼ਿੰਦਗੀ ਪ੍ਰਗਟ ਕਰਦੀਆਂ, ਜਿਸਨੂੰ ਉਹ ਸਮਝਦੀ ਸੀ ਅਤੇ ਜਿਹੜੀ ਉਹਨੂੰ ਲਗਭਗ ਸਥੂਲ ਜਾਪਦੀ। ਉਹਦੀਆਂ ਅੱਖਾਂ ਸਾਹਮਣੇ ਧੜਵੈਲ ਸ਼ਹਿਰ, ਸੋਹਣੀਆਂ ਇਮਾਰਤਾਂ, ਮਸ਼ੀਨਾਂ, ਜਹਾਜ਼, ਯਾਦਗਾਰਾਂ, ਮਨੁੱਖ ਦੇ ਹੱਥਾਂ ਦੀ ਸਿਰਜੀ ਅਮੁੱਲ ਦੌਲਤ ਅਤੇ ਪ੍ਰਕਿਰਤੀ ਦੀਆਂ ਅਨੇਕ ਸੁਗ਼ਾਤਾਂ ਆਉਂਦੀਆਂ, ਜਿਨ੍ਹਾਂ ਦੀ ਵੰਨ-ਸੁਵੰਤਾ ਚਕਰਾ ਦੇਣ ਵਾਲ਼ੀ ਸੀ। ਜੀਵਨ ਅਨੰਤ ਫੈਲਦਾ ਜਾਂਦਾ, ਉਹਦੀਆਂ ਅੱਖਾਂ ਸਾਹਮਣੇ ਕੁਝ ਬਹੁਤ ਵਿਸ਼ਾਲ, ਅਣਜਾਣਿਆ ਅਤੇ ਅਦਭੁੱਤ ਖੋਹਲਦਾ, ਆਪਣੇ ਭਰਪੂਰ ਖ਼ਜ਼ਾਨੇ ਅਤੇ ਅਖੁੱਟ ਹੁਸਨ ਵਿਖਾ ਕੇ ਉਹਦੀ ਤਿਹਾਈ ਆਤਮਾ ਨੂੰ ਉਤੇਜਤ ਕਰਦਾ। ਉਹਨੂੰ ਜੀਵ-ਵਿਗਿਆਨਕ ਐਟਲਸ ਵੇਖਣਾ ਖ਼ਾਸ ਤੌਰ ਤੇ ਚੰਗਾ ਲੱਗਦਾ, ਭਾਵੇਂ ਇਹ ਬਦੇਸ਼ੀ ਭਾਸ਼ਾ ਵਿੱਚ ਛਪੀ ਸੀ, ਪਰ ਇਹ ਉਹਨੂੰ ਧਰਤੀ ਦੀ ਦੌਲਤ ਅਤੇ ਹੁਸਨ ਅਤੇ ਵਿਸ਼ਾਲਤਾ ਦਾ ਪ੍ਰਤੱਖ ਵਿਚਾਰ ਦੇਂਦੀ।

"ਦੁਨੀਆਂ ਕਿੰਨੀ ਵੱਡੀ ਵੇ!" ਉਹਨੇ ਇੱਕ ਦਿਨ ਨਿਕੋਲਾਈ ਨੂੰ ਕਿਹਾ।

ਉਹ ਕੀੜਿਆਂ, ਤਿੱਤਲੀਆਂ ਨੂੰ ਵੇਖ ਕੇ ਖ਼ਾਸ ਤੌਰ 'ਤੇ ਪ੍ਰਭਾਵਤ ਹੁੰਦੀ। ਹੈਰਾਨ ਹੁੰਦੀ ਹੋਈ ਉਹ ਮੂਰਤਾਂ ਵੇਖਦੀ।

"ਕੀ ਉਹ ਸੋਹਣੀਆਂ ਨਹੀਂ, ਨਿਕੋਲਾਈ ਈਵਾਨੋਵਿਚ?" ਉਹਨੇ ਕਿਹਾ: "ਕਿੰਨਾ ਸਾਰਾ ਇਹ ਹੁਸਨ ਹਰ ਥਾਂ ਵੇ — ਸਾਡੀ ਗਿਆਤ ਤੋਂ ਬਾਹਰਾ, ਅਣਵੇਖਿਆ ਉੱਡੀ ਜਾਂਦੈ। ਲੋਕ ਨੱਠਦੇ ਫਿਰਦੇ ਨੇ, ਕੁਝ ਨਾ ਜਾਣਦੇ, ਕੁਝ ਨਾ ਵੇਖਦੇ — ਇਹਦੇ ਲਈ ਸਮਾਂ ਈ ਨਹੀਂ ਤੇ ਇੱਛਾ ਵੀ ਨਹੀਂ। ਕਿੰਨੀ ਖੁਸ਼ੀ ਸਾਨੂੰ ਮਿਲਦੀ ਜੇ ਅਸੀਂ ਧਰਤੀ ਦੇ ਖ਼ਜ਼ਾਨਿਆਂ ਬਾਰੇ ਅਤੇ ਇਸ ਬਾਰੇ ਜਾਣ ਸਕਦੇ ਕਿ ਇਹਦੇ ਵਿੱਚ ਕਿੰਨੀਆਂ ਸ਼ਾਨਦਾਰ ਸ਼ੈਆਂ ਨੇ। ਅਤੇ ਸਭ ਕੁਝ ਹਰ ਕਿਸੇ ਲਈ

ਵੇ ਅਤੇ ਹਰ ਸ਼ੈ ਹਰ ਇੱਕ ਲਈ ਵੇ — ਕੀ ਅਜਿਹਾ ਨਹੀਂ ?"

"ਸੱਚ ਮੁਚ ਅਜਿਹਾ ਹੈ," ਨਿਕੋਲਾਈ ਈਵਾਨੋਵਿਚ ਉਹਦੇ ਲਈ ਇੱਕ ਹੋਰ ਸਚਿੱਤਰ ਪੁਸਤਕ ਲਿਆਉਂਦਾ ਮੁਸਕਰਾਇਆ।

ਲੋਕ ਅਕਸਰ ਸ਼ਾਮੀਂ ਉਹਨੂੰ ਮਿਲਣ ਆਉਂਦੇ। ਉਹਦੇ ਮਹਿਮਾਨਾਂ ਵਿੱਚੋਂ ਸੀ ਅਲੈਕਸੇਈ ਵਾਸੀਲੀਏਵਿਚ, ਇੱਕ ਸੋਹਣਾ ਮਰਦ, ਜਿਸਦਾ ਮੂੰਹ ਭੂਸਲਾ ਅਤੇ ਕਾਲ਼ੀ ਦਾੜ੍ਹੀ ਸੀ — ਬੜਾ ਪ੍ਰਭਾਵਸ਼ਾਲੀ ਅਤੇ ਚੁਪੀਤਾ; ਰੋਮਾਨ ਪਿਤਰੋਵਿਚ, ਥਿੰਮ੍ਹਾਂ ਵਾਲ਼ਾ, ਗੋਲ਼-ਸਿਰਾ ਬੰਦਾ, ਜਿਹੜਾ ਸਦਾ ਅਫ਼ਸੋਸੇ ਜਿਹੇ ਢੰਗ ਨਾਲ਼ ਕਿਸੇ ਇੱਕ ਜਾਂ ਦੂਜੀ ਗੱਲ ਬਾਰੇ ਟਕ ਟਕ ਕਰਦਾ ਰਹਿੰਦਾ; ਈਵਾਨ ਦਾਨੀਲੋਵਿਚ, ਇੱਕ ਨਿੱਕਾ ਪਤਲਾ ਬੰਦਾ, ਜਿਸਦੀ ਨੁਕੀਲੀ ਦਾੜ੍ਹੀ ਅਤੇ ਉੱਚੀ ਅਵਾਜ਼ ਸੀ — ਤਿੱਖਾ ਅਤੇ ਸ਼ੋਰੀਲਾ ਅਤੇ ਕਿਸੇ ਕਟਾਰ ਜਿਹਾ ਤੇਜ਼; ਯੇਗੋਰ, ਜਿਹੜਾ ਸਦਾ ਆਪਣਾ, ਆਪਣੇ ਸਾਥੀਆਂ ਦਾ ਅਤੇ ਉਸ ਬਿਮਾਰੀ ਦਾ ਠੱਠਾ ਉਡਾਉਂਦਾ ਰਹਿੰਦਾ ਜਿਹੜੀ ਵਿਗੜਦੀ ਹੀ ਜਾਂਦੀ ਸੀ। ਹੋਰ ਲੋਕ ਵੀ ਸਨ, ਜਿਹੜੇ ਦੁਰਾਡੇ ਸ਼ਹਿਰਾਂ ਤੋਂ ਆਉਂਦੇ। ਨਿਕੋਲਾਈ ਉਹਨਾਂ ਨਾਲ਼ ਲੰਮੀਆਂ ਸ਼ਾਂਤ ਗੱਲਾਂ ਕਰਦਾ, ਸਦਾ ਇੱਕੋ ਵਿਸ਼ੇ ਬਾਰੇ — ਸੰਸਾਰ ਦੇ ਕਿਰਤੀ ਲੋਕਾਂ ਬਾਰੇ। ਉਹ ਉਤੇਜਤ ਹੋਏ ਬਹਿਸਾਂ ਕਰਦੇ, ਆਪਣੇ ਹੱਥ ਹਿਲਾਉਂਦੇ ਅਤੇ ਬਹੁਤ ਜ਼ਿਆਦਾ ਚਾਹ ਪੀਂਦੇ। ਕਈ ਵਾਰ ਜਦੋਂ ਉਹ ਗੱਲਾਂ ਕਰ ਰਹੇ ਹੁੰਦੇ ਤਾਂ ਨਿਕੋਲਾਈ ਐਲਾਨ ਤਿਆਰ ਕਰਦਾ, ਜਿਹੜੇ ਉਹ ਆਪਣੇ ਸਾਥੀਆਂ ਨੂੰ ਉੱਚੀ ਪੜ੍ਹ ਕੇ ਸੁਣਾਉਂਦਾ। ਉਹ ਉਹਨਾਂ ਨੂੰ ਇੱਕ ਦਮ ਨਕਲ ਕਰ ਲੈਂਦੇ ਅਤੇ ਮਾਂ ਬੜੇ ਧਿਆਨ ਨਾਲ਼ ਪਾਟੇ ਖਰੜਿਆਂ ਦੇ ਟੋਟੇ ਇਕੱਠੇ ਕਰ ਲੈਂਦੀ ਅਤੇ ਉਹਨਾਂ ਨੂੰ ਸਾੜ ਦੇਂਦੀ।

ਜਦੋਂ ਉਹ ਉਹਨਾਂ ਨੂੰ ਚਾਹ ਦੇ ਰਹੀ ਹੁੰਦੀ ਤਾਂ ਉਹ ਉਸ ਜੋਸ਼ ਉੱਤੇ ਹੈਰਾਨ ਹੁੰਦੀ ਜਿਸ ਨਾਲ਼ ਉਹ ਕਿਰਤੀ ਲੋਕਾਂ ਦੇ ਜੀਵਨ ਅਤੇ ਹੋਣੀ ਬਾਰੇ ਗੱਲਾਂ ਕਰਦੇ, ਉਹਨਾਂ ਵਿੱਚ ਸੱਚ ਦਾ ਪ੍ਰਚਾਰ ਕਰਨ ਅਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਇੱਕ-ਮੁੱਠ ਕਰਨ ਦੇ ਸਭ ਤੋਂ ਚੰਗੇ ਅਤੇ ਸਭ ਤੋਂ ਤੇਜ਼ ਢੰਗ ਬਾਰੇ ਗੱਲਾਂ ਕਰਦੇ। ਅਕਸਰ ਬਹਿਸ ਕਰਦੇ ਹੋਏ ਉਹ ਗੁੱਸੇ ਹੋ ਜਾਂਦੇ ਅਤੇ ਇੱਕ ਦੂਜੇ ਉੱਤੇ ਦੋਖੀ ਅਲਜ਼ਾਮ ਲਾਉਂਦੇ, ਪਰ ਬਹਿਸ ਕਰੀ ਜਾਂਦੇ।

ਮਾਂ ਸਮਝਦੀ ਸੀ ਕਿ ਉਹਨੂੰ ਕਿਰਤੀਆਂ ਦੀ ਜ਼ਿੰਦਗੀ ਬਾਰੇ ਉਹਨਾਂ ਨਾਲ਼ੋਂ ਚੰਗੀ ਸੋਝੀ ਹੈ। ਉਹਨੂੰ ਜਾਪਦਾ ਸੀ ਕਿ ਉਹ ਉਸ ਕਾਰਜ ਦੀ ਧੜਵੈਲਤਾ ਨੂੰ ਵਧੇਰੇ ਸਪਸ਼ਟਤਾ ਨਾਲ਼ ਵੇਖਦੀ ਸੀ, ਜਿਹੜਾ ਉਹਨਾਂ ਹੱਥ ਲਿਆ ਹੈ ਅਤੇ ਇਹ ਗੱਲ ਉਹਨੂੰ ਇਸ ਯੋਗ ਬਣਾਉਂਦੀ ਕਿ ਉਹ ਉਹਨਾਂ ਵੱਲ ਕੁਝ ਦਿਆਲਤਾ ਨਾਲ਼ ਵੇਖੇ, ਅਜਿਹੇ ਵਡੇਰੀ ਉਮਰ ਦੇ ਬੰਦੇ ਦੀ ਗ਼ਮਗੀਨੀ ਨਾਲ਼ ਜਿਹੜਾ ਸਬੰਧਾਂ ਦੀ ਨਾਟਕੀਅਤ ਨੂੰ ਸਮਝੇ ਬਿਨਾਂ ਵਹੁਟੀ-ਗੱਭਰੂ ਦਾ ਖੇਡ ਖੇਡਦੇ ਬੱਚਿਆਂ ਨੂੰ ਵੇਖਦਾ ਹੈ। ਆਪਮੁਹਾਰੇ ਉਹ ਉਹਨਾਂ ਦੀਆਂ ਤਕਰੀਰਾਂ ਦਾ ਆਪਣੇ ਪੁੱਤਰ ਅਤੇ ਆਂਦਰੇਈ ਦੀਆਂ ਤਕਰੀਰਾਂ ਨਾਲ਼ ਮੁਕਾਬਲਾ ਕਰਦੀ ਅਤੇ ਉਹਨੂੰ ਇੱਕ ਫ਼ਰਕ ਦਾ ਅਨੁਭਵ ਸੀ ਜਿਸਦੀ ਪਹਿਲਾਂ ਪਹਿਲ ਉਹਨੂੰ ਸਮਝ ਨਾ ਆਈ। ਕਦੀ ਕਦੀ ਉਹਨੂੰ ਜਾਪਦਾ ਕਿ ਇੱਥੇ ਲੋਕ ਕਿਰਤੀਆਂ ਦੀ ਬਸਤੀ ਦੀਆਂ ਮੀਟਿੰਗਾਂ ਨਾਲ਼ੋਂ ਵਧੇਰੇ ਉੱਚੀ ਬੋਲਦੇ ਨੇ।

"ਉਹ ਵਧੇਰੇ ਜਾਣਦੇ ਨੇ, ਇਸ ਲਈ ਵਧੇਰੇ ਸ਼ੋਰ ਕਰਦੇ ਨੇ," ਮਾਂ ਨੇ ਆਪਣੇ ਆਪ ਨੂੰ

ਸਮਝਾਇਆ।

ਪਰ ਅਕਸਰ ਹੀ ਉਹਨੂੰ ਇਉਂ ਜਾਪਦਾ ਕਿ ਇਹ ਲੋਕ ਜਾਣ ਬੁੱਝ ਕੇ ਇੱਕ ਦੂਜੇ ਨੂੰ ਉਭਾਰ ਰਹੇ ਨੇ ਅਤੇ ਆਪਣੇ ਉਤਸ਼ਾਹ ਦਾ ਵਿਖਾਲਾ ਕਰ ਰਹੇ ਹਨ, ਜਿਵੇਂ ਉਹਨਾਂ ਵਿੱਚੋਂ ਹਰ ਇੱਕ ਆਪਣੇ ਸਾਥੀਆਂ ਲਈ ਇਹ ਸਾਬਤ ਕਰਨਾ ਚਾਹੁੰਦਾ ਹੋਵੇ ਕਿ ਉਹਦੇ ਲਈ ਉਹਨਾਂ ਨਾਲ਼ੋਂ ਸੱਚ ਦੇ ਵਧੇਰੇ ਅਰਥ ਹਨ; ਇਸ ਗੱਲ 'ਤੇ ਕਈ ਨਰਾਜ਼ ਹੋ ਜਾਂਦੇ ਅਤੇ ਇਹ ਸਾਬਤ ਕਰਨ ਲਈ ਕਿ ਉਹਨਾਂ ਨੂੰ ਸੱਚ ਦੀ ਵਧੇਰੇ ਪ੍ਰਵਾਹ ਹੈ, ਉਹ ਭੱਦੀਆਂ, ਕਾਟਵੀਆਂ ਦਲੀਲਾਂ ਵਰਤਦੇ। ਉਹਨਾਂ ਵਿੱਚੋਂ ਹਰ ਇੱਕ ਦੂਜੇ ਨਾਲ਼ੋਂ ਉਚੇਰੀ ਛਾਲ ਮਾਰਨ ਲਈ ਉਤਾਵਲਾ ਜਾਪਦਾ ਅਤੇ ਇਹ ਗੱਲ ਮਾਂ ਨੂੰ ਤੰਗ ਅਤੇ ਦੁਖੀ ਕਰਦੀ।

"ਉਹ ਪਾਸ਼ਾ ਤੇ ਉਹਦੇ ਸਾਥੀਆਂ ਨੂੰ ਉੱਕਾ ਭੁੱਲ ਭੁਲਾ ਗਏ ਨੇ," ਉਹ ਕੰਬਦੇ ਭਰਵੱਟਿਆਂ ਅਤੇ ਮਿੰਨਤ ਕਰਦੀਆਂ ਅੱਖਾਂ ਨਾਲ਼ ਉਹਨਾਂ ਵੱਲ ਵੇਖਦੇ ਹੋਏ ਸੋਚਦੀ।

ਉਹ ਵੱਧ ਤੋਂ ਵੱਧ ਧਿਆਨ ਨਾਲ਼ ਉਹਨਾਂ ਦੀਆਂ ਸਾਰੀਆਂ ਦਲੀਲਾਂ ਨੂੰ ਸੁਣਦੀ, ਭਾਵੇਂ, ਨਿਸ਼ਚੇ ਹੀ, ਇਹ ਸਾਰੀਆਂ ਉਹਨੂੰ ਸਮਝ ਨਹੀਂ ਸਨ ਆਉਂਦੀਆਂ। ਪਰ ਉਹ ਸ਼ਬਦਾਂ ਦੇ ਪਿੱਛੇ ਭਾਵਾਂ ਨੂੰ ਸਮਝਣ ਦਾ ਜਤਨ ਕਰਦੀ, ਅਤੇ ਇਹ ਗੱਲ ਉਹਦੇ ਲਈ ਸਪਸ਼ਟ ਹੋ ਗਈ ਕਿ ਜਦੋਂ ਕਿਰਤੀਆਂ ਦੀ ਬਸਤੀ ਵਿੱਚ ਨੇਕੀ ਦੇ ਵਿਚਾਰ ਉੱਤੇ ਬਹਿਸ ਕੀਤੀ ਜਾਂਦੀ ਸੀ ਤਾਂ ਇਹਦੇ ਬਾਰੇ ਆਮ ਤੌਰ 'ਤੇ, ਇੱਕ ਸਮੁੱਚੀ ਇਕਾਈ ਦੇ ਤੌਰ 'ਤੇ ਗੱਲ ਕੀਤੀ ਜਾਂਦੀ ਸੀ, ਜਿੱਥੇ ਕਿ ਇੱਥੇ ਇਹਨੂੰ ਟੋਟਿਆਂ ਵਿੱਚ ਵੰਡਿਆ ਜਾਂਦਾ ਸੀ; ਉੱਥੇ ਜਜ਼ਬੇ ਡੂੰਘੇਰੇ ਅਤੇ ਵਧੇਰੇ ਮਜ਼ਬੂਤ ਸਨ; ਇੱਥੇ ਤਿੱਖੀ ਸੋਚ ਨੇ ਉਹਨਾਂ ਦੇ ਡੱਕਰੇ ਕੀਤੇ ਹੁੰਦੇ ਸਨ। ਇੱਥੇ ਉਹ ਪੁਰਾਣੇ ਦੀ ਅਲਖ ਮੁਕਾਉਣ ਬਾਰੇ ਵਧੇਰੇ ਗੱਲ ਕਰਦੇ ਸਨ; ਉੱਥੇ ਉਹ ਨਵੇਂ ਦੀ ਗੱਲ ਵਧੇਰੇ ਕਰਦੇ ਸਨ ਅਤੇ ਇਸੇ ਕਾਰਨ ਆਪਣੇ ਪੁੱਤਰ ਅਤੇ ਆਂਦਰੇਈ ਦੇ ਬੋਲ ਉਹਦੇ ਲਈ ਵਧੇਰੇ ਪਿਆਰੇ ਅਤੇ ਸਮਝ ਆਉਣ ਵਾਲ਼ੇ ਸਨ।

ਉਹਨੇ ਵੇਖਿਆ ਕਿ ਜਦੋਂ ਕਦੀ ਕੋਈ ਕਿਰਤੀ ਉਹਨੂੰ ਮਿਲਣ ਆਉਂਦਾ, ਤਾਂ ਨਿਕੋਲਾਈ ਦਾ ਗੱਲ ਕਰਨ ਦਾ ਢੰਗ ਬਹੁਤ ਅਜ਼ਾਦ ਅਤੇ ਖੁੱਲ੍ਹਾ ਹੁੰਦਾ; ਉਹਦੇ ਮੂੰਹ ਉੱਤੇ ਮਿੱਠੇ ਜਿਹੇ ਹਾਵਭਾਵ ਉੱਘੜ ਆਉਂਦੇ ਅਤੇ ਉਹ ਅਸਧਾਰਨ ਢੰਗ ਨਾਲ਼ ਗੱਲ ਕਰਨ ਲੱਗ ਪੈਂਦਾ— ਸ਼ਾਇਦ ਵਧੇਰੇ ਖਰ੍ਹਵੀ ਤਰ੍ਹਾਂ ਜਾਂ ਘੱਟ ਸੋਚਦੇ ਹੋਏ।

"ਉਹ ਇਉਂ ਬੋਲਣ ਦਾ ਜਤਨ ਕਰ ਰਿਹੈ ਕਿ ਦੂਜੇ ਬੰਦੇ ਨੂੰ ਉਹਦੀ ਸਮਝ ਆ ਜਾਵੇ," ਮਾਂ ਨੇ ਸੋਚਿਆ।

ਪਰ ਇਸ ਨਾਲ਼ ਉਹਦੀ ਤਸੱਲੀ ਨਾ ਹੋਈ। ਉਹ ਇਹ ਵੀ ਵੇਖਦੀ ਕਿ ਕਿਰਤੀ ਵੀ ਔਖਾ ਅਨੁਭਵ ਕਰਦਾ ਸੀ, ਅੰਦਰਾ ਸਾਰਾ ਕਸਿਆ ਹੋਇਆ, ਅਤੇ ਉਹ ਨਿਕੋਲਾਈ ਨਾਲ਼ ਉਸ ਅਜ਼ਾਦ ਅਤੇ ਖੁੱਲ੍ਹੇ ਢੰਗ ਨਾਲ਼ ਗੱਲ ਨਹੀਂ ਸੀ ਕਰ ਸਕਦਾ ਜਿਵੇਂ ਉਹ ਉਹਦੇ, ਇੱਕ ਸਧਾਰਨ ਕਿਰਤੀ ਇਸਤਰੀ ਨਾਲ਼ ਕਰ ਸਕਦਾ ਸੀ। ਇੱਕ ਵਾਰ ਜਦੋਂ ਨਿਕੋਲਾਈ ਕਮਰੇ ਵਿੱਚੋਂ ਬਾਹਰ ਗਿਆ ਤਾਂ ਮਾਂ ਨੇ ਉਸ ਜਵਾਨ ਮੁੰਡੇ ਨੂੰ ਜਿਹੜਾ ਆਇਆ ਸੀ, ਕਿਹਾ:

"ਤੂੰ ਡਰਦਾ ਕਿਸ ਗੱਲੋਂ ਏਂ ? ਤੂੰ ਮਾਸਟਰ ਨੂੰ ਸਬਕ ਸੁਣਾ ਰਿਹਾ ਪਾੜ੍ਹਾ ਨਹੀਂ।..."

ਕਿਰਤੀ ਖੁੱਲ੍ਹ ਕੇ ਮੁਸਕਰਾਇਆ।

"ਆਪਣੇ ਆਲੇ ਦੁਆਲੇ ਤੋਂ ਵੱਖ ਹੋਕੇ ਤਾਂ ਕੇਕੜੇ ਵੀ ਲਾਲ ਹੋ ਜਾਂਦੇ ਨੇ।... ਅਖ਼ੀਰ ਉਹ ਸਾਡੇ ਜਿਹਾ ਤਾਂ ਨਹੀਂ।..."

ਕਦੀ ਕਦੀ ਸਾਸ਼ਾ ਆਉਂਦੀ। ਉਹ ਬਹੁਤਾ ਚਿਰ ਨਾ ਠਹਿਰਦੀ, ਸਦਾ ਵਿਹਾਰੀ ਢੰਗ ਨਾਲ਼ ਗੱਲ ਕਰਦੀ, ਬਿਨਾਂ ਹੱਸੇ, ਅਤੇ ਜਾਂਦੇ ਸਮੇਂ ਉਹ ਹਮੇਸ਼ਾ ਮਾਂ ਤੋਂ ਪੁੱਛਦੀ:

"ਪਾਵੇਲ ਮਿਖਾਈਲੋਵਿਚ ਦਾ ਕੀ ਹਾਲ ਏ ?"

"ਉਹ ਠੀਕ ਠਾਕ ਵੇ — ਖੁਸ਼ ਵੇ, ਰੱਬ ਦਾ ਸ਼ੁਕਰ ਵੇ।"

"ਉਹਨੂੰ ਮੇਰੀ ਯਾਦ ਦਈਂ," ਕੁੜੀ ਕਹਿੰਦੀ ਅਤੇ ਲੋਪ ਹੋ ਜਾਂਦੀ।

ਕਦੀ ਕਦੀ ਮਾਂ ਨੇ ਉਹਦੇ ਅੱਗੇ ਗਿਲਾ ਕੀਤਾ ਕਿ ਉਹ ਮੁਕੱਦਮਾ ਚਲਾਏ ਬਿਨਾਂ ਪਾਵੇਲ ਨੂੰ ਇੰਨਾ ਚਿਰ ਅੰਦਰ ਰੱਖ ਰਹੇ ਹਨ। ਸਾਸ਼ਾ ਨੇ ਘੂਰੀ ਵੱਟੀ ਪਰ ਉਹਦੀਆਂ ਉਂਗਲਾਂ ਮਰੋੜੇ ਖਾਣ ਲੱਗ ਪਈਆਂ।

ਮਾਂ ਕੁੜੀ ਨੂੰ ਇਹ ਕਹਿਣ ਲਈ ਸਿਕਦੀ, "ਮੈਂ ਜਾਣਦੀ ਵਾਂ ਚੰਨੀਏ! ਤੂੰ ਉਹਨੂੰ ਪਿਆਰ ਕਰਦੀ ਵੇਂ।..."

ਪਰ ਉਹਦੀ ਹਿੰਮਤ ਨਾ ਪੈਂਦੀ। ਕੁੜੀ ਦਾ ਗੰਭੀਰ ਮੂੰਹ, ਉਹਦੇ ਭਿਚੇ ਹੋਂਠ ਅਤੇ ਸੁੱਕਾ ਵਿਹਾਰੀ ਢੰਗ ਕਿਸੇ ਵੀ ਸਨੇਹੀ ਵੇਗ ਨੂੰ ਪਿੱਛੇ ਧੱਕਦੇ। ਹਉਕਾ ਭਰਕੇ ਮਾਂ ਆਪਣੇ ਵੱਲ ਵਧਾਇਆ ਹੱਥ ਚੁੱਪ ਚਾਪ ਘੁੱਟਦੀ।

"ਹਾਏ ਨੀ, ਤੂੰ ਕਿੰਨੀ ਦੁੱਖੀ ਵੇਂ!..." ਮਾਂ ਸੋਚਦੀ।

ਇੱਕ ਦਿਨ ਨਤਾਸ਼ਾ ਆਈ। ਉਹ ਮਾਂ ਨੂੰ ਉੱਥੇ ਵੇਖ ਕੇ ਬਹੁਤ ਖੁਸ਼ ਹੋਈ।

"ਮੇਰੀ ਮਾਂ ਮਰ ਗਈ ਏ, ਵਿਚਾਰੀ ਪਿਆਰੀ," ਉਹਨੇ ਮਾਂ ਨੂੰ ਚੁੰਮਣ ਪਿੱਛੋਂ ਚਲਦੇ ਚਲਦੇ ਅਚਾਨਕ ਕਿਹਾ।

ਉਹਨੇ ਆਪਣਾ ਸਿਰ ਪਿੱਛੇ ਵੱਲ ਛੰਡਿਆ ਅਤੇ ਗੱਲ ਜਾਰੀ ਰੱਖਣ ਤੋਂ ਪਹਿਲਾਂ ਇੱਕ ਤੇਜ਼ ਹਰਕਤ ਨਾਲ਼ ਆਪਣੀਆਂ ਅੱਖਾਂ ਛੂਹੀਆਂ।

"ਕਿੰਨੀ ਮਾੜੀ ਹੋਈ! ਉਹ ਤਾਂ ਅਜੇ ਪੰਜਾਹਾਂ ਦੀ ਵੀ ਨਹੀਂ ਸੀ। ਉਹਨੂੰ ਅਜੇ ਬਹੁਤ ਚਿਰ ਜਿਊਣਾ ਚਾਹੀਦਾ ਸੀ। ਪਰ, ਦੂਜੇ ਹੱਥ, ਮੈਂ ਇਹ ਸੋਚਣੋ ਨਹੀਂ ਰਹਿ ਸਕਦੀ ਕਿ ਜਿਹੋ ਜਿਹਾ ਜੀਵਨ ਉਹ ਜੀ ਰਹੀ ਸੀ, ਉਸ ਨਾਲ਼ੋਂ ਤਾਂ ਮੌਤ ਚੰਗੀ ਸੀ। ਉਹ ਹਮੇਸ਼ਾ ਇਕੱਲੀ ਰਹੀ, ਕੋਈ ਉਹਨੂੰ ਪਿਆਰ ਨਾ ਕਰਦਾ, ਕਿਸੇ ਨੂੰ ਉਹਦੀ ਲੋੜ ਨਹੀਂ ਸੀ ਅਤੇ ਉਹ ਮੇਰੇ ਪਿਉ ਦੀ ਡੰਡ ਕਾਰਨ ਸਦਾ ਹੀ ਬਹੁਤ ਡਰੀ ਰਹਿੰਦੀ। ਕੀ ਇਹ ਜਿਊਣਾ ਏ ? ਹੋਰ ਲੋਕ ਕਿਸੇ ਚੰਗੇਰੀ ਸ਼ੈਅ ਦੀ ਆਸ ਵਿੱਚ ਜਿਊਂਦੇ ਨੇ, ਪਰ ਮੇਰੀ ਮਾਂ ਕਿਸੇ ਗੱਲ ਦੀ ਆਸ ਨਹੀਂ ਸੀ ਕਰ ਸਕਦੀ ਸਿਵਾਏ ਹੋਰ ਬੇਇੱਜ਼ਤੀਆਂ ਦੇ।..."

"ਤੂੰ ਜੋ ਕਹਿਨੀ ਵੇਂ, ਉਹ ਠੀਕ ਵੇ ਨਤਾਸ਼ਾ," ਮਾਂ ਨੇ ਸੋਚੀਂ ਡੁੱਬੀ ਨੇ ਕਿਹਾ। "ਲੋਕ ਕਿਸੇ ਚੰਗੇਰੀ ਸ਼ੈਅ ਦੀ ਆਸ ਵਿੱਚ ਜਿਊਂਦੇ ਨੇ, ਪਰ ਜੇ ਕਿਸੇ ਗੱਲ ਦੀ ਆਸ ਹੀ ਨਾ ਹੋਵੇ ਤਾਂ ਇਹ ਕਿਹੋ ਜਿਹੀ ਜ਼ਿੰਦਗੀ ਵੇ ?" ਮਾਂ ਨੇ ਕੁੜੀ ਦਾ ਹੱਥ ਪਲੋਸਿਆ। "ਸੋ ਹੁਣ ਤੂੰ ਉੱਕਾ ਇਕੱਲੀ

ਵੇਂ ?"

"ਉੱਕਾ ਇਕੱਲੀ," ਨਤਾਸ਼ਾ ਨੇ ਪੋਲੇ ਜਿਹੇ ਕਿਹਾ।

"ਕੋਈ ਗੱਲ ਨਹੀਂ," ਮਾਂ ਕੁਝ ਚਿਰ ਰੁਕਣ ਪਿੱਛੋਂ ਬੋਲੀ। "ਚੰਗੇ ਲੋਕ ਕਦੀ ਬਹੁਤ ਸਮਾਂ ਇਕੱਲੇ ਨਹੀਂ ਰਹਿੰਦੇ — ਸਦਾ ਹੋਰ ਲੋਕ ਉਹਨਾਂ ਨਾਲ਼ ਚੰਬੜ ਜਾਂਦੇ ਨੇ।..."

## 8

ਨਤਾਸ਼ਾ ਇਲਾਕੇ ਦੀ ਇੱਕ ਕੱਪੜਾ ਉਣਨ ਵਾਲ਼ੀ ਮਿੱਲ ਨਾਲ਼ ਲੱਗੇ ਇੱਕ ਸਕੂਲ ਵਿੱਚ ਪੜ੍ਹਾਉਣ ਲੱਗ ਪਈ ਅਤੇ ਮਾਂ ਉਹਨੂੰ ਗ਼ੈਰ-ਕਾਨੂੰਨੀ ਇਸ਼ਤਿਹਾਰ, ਐਲਾਨ ਅਤੇ ਅਖ਼ਬਾਰ ਦੇਂਦੀ।

ਇਹ ਉਹਦਾ ਕੰਮ ਬਣ ਗਿਆ। ਮਹੀਨੇ ਵਿੱਚ ਕਈ ਵਾਰ ਉਹ ਸਾਧਣੀ ਜਾਂ ਲੈਸਾਂ ਅਤੇ ਹੱਥ ਦੇ ਉਣੇ ਕੱਪੜੇ ਦੀ ਫੇਰੀ ਵਾਲ਼ੀ, ਸਰਦੀ ਪੁੱਜਦੀ ਸ਼ਹਿਰਣ ਜਾਂ ਭਗਤ ਯਾਤਰੂ ਦਾ ਭੇਸ ਵਟਾਉਂਦੀ ਅਤੇ ਮੋਢੇ ਉੱਤੇ ਥੈਲਾ ਚੁੱਕੀ ਜਾਂ ਹੱਥ ਵਿੱਚ ਸਟੂਕੇਸ ਲਈ ਉਹ ਜ਼ਿਲਿਆਂ ਵਿੱਚ ਘੁੰਮਦੀ ਫਿਰਦੀ ਟਰੇਨਾਂ ਵਿੱਚ, ਜਹਾਜ਼ਾਂ ਉੱਤੇ, ਹੋਟਲਾਂ ਅਤੇ ਸਰਾਵਾਂ ਵਿੱਚ, ਉਹ ਸਦਾ ਉਹੋ ਸ਼ਾਂਤ, ਸਾਦਾ ਮਨੁੱਖ ਹੁੰਦੀ, ਜਿਹੜੀ ਓਪਰਿਆਂ ਨਾਲ਼ ਗੱਲ ਕਰਨ ਵਿੱਚ ਪਹਿਲ ਕਰਦੀ, ਆਪਣੀ ਸੁਲੱਗਤਾ ਅਤੇ ਅਜਿਹੇ ਬੰਦੇ ਦੇ ਸਵੈ-ਭਰੋਸੇ ਨਾਲ਼ ਜਿਸਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਕੁਝ ਵੇਖਿਆ ਹੈ, ਨਿਡਰ ਤੌਰ 'ਤੇ ਆਪਣੇ ਵੱਲ ਧਿਆਨ ਖਿੱਚਦੀ।

ਲੋਕਾਂ ਨਾਲ਼ ਗੱਲਾਂ ਕਰਕੇ, ਉਹਨਾਂ ਦੀਆਂ ਕਹਾਣੀਆਂ ਸੁਣ ਕੇ ਅਤੇ ਇਹ ਜਾਣ ਕੇ ਕਿ ਉਹਨਾਂ ਨੂੰ ਕੀ ਪ੍ਰੇਸ਼ਾਨ ਕਰ ਰਿਹਾ ਹੈ, ਉਹਨੂੰ ਸਵਾਦ ਆਉਂਦਾ। ਅਜਿਹੇ ਲੋਕਾਂ ਨੂੰ ਮਿਲ ਕੇ ਉਹ ਸਦਾ ਖੁਸ਼ ਹੁੰਦੀ ਜਿਹੜੇ ਡੂੰਘੀ ਤਰ੍ਹਾਂ ਅਸੰਤੁਸ਼ਟ ਸਨ ਅਤੇ ਜਿਨ੍ਹਾਂ ਦਾ ਅਸੰਤੋਖ ਹੋਣੀ ਦੀਆਂ ਸੱਟਾਂ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਨਿਰੰਤਰ ਸਪਸ਼ਟ ਸਵਾਲਾਂ ਦਾ ਜਵਾਬ ਭਾਲਦਾ। ਉਹਦੀਆਂ ਅੱਖਾਂ ਸਾਹਮਣੇ ਨਿੱਤ ਦੀ ਰੋਟੀ ਲਈ ਬੇਚੈਨ ਫ਼ਿਕਰਾਂ ਭਰੇ ਘੋਲ਼ ਦਾ ਸਦਾ ਵਧੇਰੇ ਵਿਸ਼ਾਲ ਅਤੇ ਰਾਂਗਲਾ ਦ੍ਰਿਸ਼ ਖੁੱਲ੍ਹਦਾ। ਹਰ ਪਾਸੇ ਉਹਨੂੰ ਲੋਕਾਂ ਨੂੰ ਧੋਖਾ ਦੇਣ, ਉਹਨਾਂ ਤੋਂ ਕੁਝ ਮਾਠਣ, ਉਹਨਾਂ ਦਾ ਖ਼ੂਨ ਚੂਸਣ ਅਤੇ ਉਹਨਾਂ ਵਿੱਚੋਂ ਨਫ਼ੇ ਦਾ ਅਖ਼ੀਰੀ ਕਤਰਾ ਨਪੀੜਨ ਦੇ ਬੇਸ਼ਰਮ-ਢੀਠ, ਦੁੱਖਦਾਈ-ਖੁੱਲ੍ਹੇ ਜਤਨ ਦਿੱਸਦੇ। ਉਹ ਵੇਖਦੀ ਕਿ ਧਰਤੀ ਉੱਤੇ ਹਰ ਸ਼ੈਅ ਦੀ ਬਹੁਲਤਾ ਸੀ, ਪਰ ਜਨਤਾ ਬਹੁਲਤਾ ਵਿੱਚ ਘੋਰ ਥੁੜ੍ਹ ਦਾ ਸ਼ਿਕਾਰ, ਅੱਧ-ਭੁੱਖੀ ਰਹਿੰਦੀ। ਸ਼ਹਿਰਾਂ ਵਿੱਚ ਗਿਰਜੇ ਚਾਂਦੀ ਅਤੇ ਸੋਨੇ ਨਾਲ਼ ਭਰੇ ਪਏ ਸਨ ਜਿਨ੍ਹਾਂ ਦੀ ਰੱਬ ਨੂੰ ਉੱਕਾ ਹੀ ਲੋੜ ਨਹੀਂ ਸੀ, ਪਰ ਬਾਹਰ ਫਾਟਕਾਂ ਉੱਤੇ ਕੰਬਦੇ ਹੋਏ ਮੰਗਤੇ ਖੜੇ ਹੁੰਦੇ, ਇਸ ਗੱਲ ਦੀ ਅਜਾਈਂ ਉਡੀਕ ਕਰਦੇ ਕਿ ਉਹਨਾਂ ਦੀਆਂ ਟੱਡੀਆਂ ਤਲੀਆਂ ਉੱਤੇ ਕੁਝ ਛਿੱਲੜ ਸੁੱਟੇ ਜਾਣ। ਉਹਨੇ ਇਹ ਸਭ ਕੁਝ ਪਹਿਲਾਂ ਵੀ ਵੇਖਿਆ ਸੀ — ਧਨੀ ਗਿਰਜੇ, ਜ਼ਰੀ-ਬਾਦਲੇ ਨਾਲ਼ ਚਿਤਰੇ ਪਾਦਰੀਆਂ ਦੇ ਧਾਰਮਕ ਵਸਤਰ, ਗ਼ਰੀਬਾਂ ਦੀਆਂ ਕੁਲੀਆਂ ਅਤੇ ਉਹਨਾਂ ਦੀਆਂ ਸ਼ਰਮਨਾਕ ਲੀਰਾਂ। ਪਰ ਉਦੋਂ ਉਹਨੂੰ ਇਹ ਗੱਲ ਮਾਮਲਿਆਂ ਦਾ ਸੁਭਾਵਕ ਹਾਲਤ ਜਾਪਦੀ ਸੀ, ਪਰ ਹੁਣ ਇਹ ਉਹਨੂੰ ਅਸਹਿ ਅਤੇ ਗ਼ਰੀਬਾਂ ਦਾ ਨਿਰਾਦਰ ਜਾਪਦੀ, ਜਿਹੜੇ, ਜਿਵੇਂ ਕਿ ਉਹਨੂੰ ਪਤਾ ਸੀ, ਗਿਰਜੇ

ਦੇ ਵਧੇਰੇ ਨੇੜੇ ਸਨ ਅਤੇ ਅਮੀਰਾਂ ਨਾਲ਼ੋਂ ਉਹਨਾਂ ਨੂੰ ਇਹਦੀ ਵਧੇਰੇ ਲੋੜ ਸੀ।

ਉਹਨੇ ਈਸਾ ਦੀਆਂ ਜਿਹੜੀਆਂ ਤਸਵੀਰਾਂ ਵੇਖੀਆਂ ਸਨ ਅਤੇ ਉਹਦੇ ਬਾਰੇ ਜਿਹੜੀਆਂ ਕਹਾਣੀਆਂ ਸੁਣੀਆਂ ਸਨ, ਉਹਨਾਂ ਤੋਂ ਉਹ ਜਾਣਦੀ ਸੀ ਕਿ ਉਹ ਸਧਾਰਨ ਕੱਪੜੇ ਪਾਉਂਦਾ ਅਤੇ ਗ਼ਰੀਬਾਂ ਦਾ ਮਿੱਤਰ ਸੀ। ਪਰ ਗਿਰਜਿਆਂ ਵਿੱਚ ਉਹ ਉਹਦੀਆਂ ਮੂਰਤੀਆਂ ਖੁੱਲ੍ਹੀ ਤਰ੍ਹਾਂ ਸੋਨੇ ਅਤੇ ਰੇਸ਼ਮ ਨਾਲ਼ ਲੱਦੀਆਂ ਵੇਖਦੀ, ਜਿਹੜਾ ਉਹਦੇ ਦਰ ਆਏ ਗ਼ਰੀਬਾਂ ਨੂੰ ਵੇਖ ਕੇ ਨੱਕ ਚਾੜ੍ਹਵੀਂ ਸਰ ਸਰ ਕਰਦਾ। ਅਤੇ ਆਪ-ਮੁਹਾਰੇ ਉਹਨੂੰ ਰੀਬਿਨ ਦੀ ਗੱਲ ਚੇਤੇ ਆਈ:

"ਉਹਨਾਂ ਸਾਨੂੰ ਰੱਬ ਬਾਰੇ ਵੀ ਧੋਖਾ ਦਿੱਤੈ!"

ਬਿਲਕੁਲ ਅਚੇਤ ਤੌਰ 'ਤੇ ਉਹ ਘੱਟ ਦੁਆ ਕਰਨ ਲੱਗ ਪਈ, ਪਰ ਉਹ ਈਸਾ ਅਤੇ ਉਹਨਾਂ ਲੋਕਾਂ ਬਾਰੇ ਵਧੇਰੇ ਸੋਚਣ ਲੱਗ ਪਈ, ਜਿਹੜੇ ਕਦੀ ਵੀ ਉਹਨੂੰ ਜਾਣੇ ਬਗ਼ੈਰ ਉਹਦਾ ਜ਼ਿਕਰ ਕਰਦੇ ਜਾਪਦੇ, ਉਹਦੇ ਉਪਦੇਸ਼ਾਂ ਅਤੇ ਉਹਦੇ ਢੰਗ ਉੱਤੇ ਅਮਲ ਕਰਦੇ, ਜਿਹੜੇ ਉਹਦੇ ਵਾਂਗ ਧਰਤੀ ਨੂੰ ਗ਼ਰੀਬਾਂ ਦੀ ਦੁਨੀਆਂ ਵਜੋਂ ਸਮਝਦੇ ਅਤੇ ਇਹਦੀ ਦੌਲਤ ਸਭਨਾਂ ਵਿਚਕਾਰ ਬਰਾਬਰ ਵੰਡਣ ਦਾ ਜਤਨ ਕਰਦੇ। ਉਹ ਇਸ ਬਾਰੇ ਬਹੁਤ ਸੋਚਦੀ ਅਤੇ ਉਹਦੇ ਵਿਚਾਰ ਵਧਦੇ ਗਏ, ਡੂੰਘੀਆਂ ਜੜ੍ਹਾਂ ਫੜਦੇ, ਅਤੇ ਉਸ ਸਭ ਕੁਝ ਨੂੰ ਜੋ ਉਹ ਵੇਖਦੀ ਅਤੇ ਉਸ ਸਭ ਕੁਝ ਨੂੰ ਜੋ ਉਹ ਸੁਣਦੀ ਆਪਣੀ ਵਲਗਣ ਵਿੱਚ ਲੈਂਦੇ। ਉਹ ਵਧੇ ਅਤੇ ਉਹਨਾਂ ਦੁਆ ਵਰਗੀ ਚਮਕ ਅਖ਼ਤਿਆਰ ਕਰ ਲਈ, ਆਪਣੀ ਇਕਸਾਰ ਚਮਕ ਨਾਲ਼ ਸਮੁੱਚੇ ਹਨੇਰੇ ਸੰਸਾਰ ਨੂੰ, ਸਾਰੇ ਜੀਵਨ ਅਤੇ ਸਾਰੇ ਲੋਕਾਂ ਨੂੰ ਰੁਸ਼ਨਾਉਂਦੇ। ਅਤੇ ਉਹਨੇ ਅਨੁਭਵ ਕੀਤਾ ਕਿ ਖ਼ੁਦ ਈਸਾ, ਜਿਸਨੂੰ ਉਹਨੇ ਇੱਕ ਧੁੰਦਲੀ ਕੋਮਲਤਾ ਨਾਲ਼ ਪਿਆਰ ਕੀਤਾ ਸੀ — ਇੱਕ ਮਿਲੀ ਜੁਲੀ ਭਾਵਨਾ, ਜਿਸ ਵਿੱਚ ਡਰ ਆਸ ਨਾਲ਼ ਨੇੜਵੀਂ ਤਰ੍ਹਾਂ ਜੁੜਿਆ ਹੋਇਆ ਸੀ ਅਤੇ ਖੁਸ਼ੀ ਗ਼ਮ ਨਾਲ਼ — ਉਹਦੇ ਲਈ ਵਧੇਰੇ ਪਿਆਰਾ ਹੋ ਗਿਆ ਸੀ। ਉਹ ਤਬਦੀਲ ਹੋ ਗਿਆ ਸੀ ਅਤੇ ਵਧੇਰੇ ਉੱਚ ਅਤੇ ਪਹੁੰਚ ਵਿੱਚ ਹੋ ਗਿਆ ਸੀ, ਵਧੇਰੇ ਚਮਕਦਾ ਅਤੇ ਖੁਸ਼ੀ ਭਰਿਆ, ਜਿਵੇਂ ਉਹ ਸੱਚਮੁਚ ਯਥਾਰਥ ਵਿੱਚ ਮੌਤ ਤੋਂ ਮੁੜ ਜਾਗਿਆ ਸੀ, ਉਸ ਗਰਮ ਰੱਤ ਨਾਲ਼ ਧੋਤਾ, ਜਿਹੜੀ ਉਹਨਾਂ ਲੋਕਾਂ ਨੇ ਉਹਦੇ ਨਾਂ ਉੱਤੇ ਇੰਨੀ ਖੁੱਲ੍ਹ ਕੇ ਡੋਹਲੀ ਸੀ, ਜਿਹੜੇ ਨਿਰਮਾਣਤਾ ਨਾਲ਼ ਉਹਦਾ, ਇਨਸਾਨ ਦੇ ਨਾਖੁਸ਼ ਮਿੱਤਰ ਦਾ ਨਾਂ ਲੈਣੋ ਵੀ ਸੰਕੋਚ ਕਰਦੇ। ਆਪਣੇ ਹਰ ਸਫ਼ਰ ਤੋਂ ਪਿੱਛੋਂ ਉਹਨੇ ਰਾਹ ਵਿੱਚ ਜੋ ਕੁਝ ਵੇਖਿਆ ਹੁੰਦਾ ਉਸ ਉੱਤੇ ਖੁਸ਼ ਅਤੇ ਉਤੇਜਤ ਅਤੇ ਆਪਣਾ ਫ਼ਰਜ਼ ਪੂਰਾ ਕਰਨ 'ਤੇ ਖੁਸ਼ ਅਤੇ ਸੰਤੁਸ਼ਟ, ਉਹ ਨਿਕੋਲਾਈ ਕੋਲ਼ ਮੁੜਦੀ।

"ਇਉਂ ਸਫ਼ਰ ਕਰਨਾ ਅਤੇ ਇੰਨਾ ਕੁਝ ਵੇਖਣਾ ਚੰਗਾ ਵੇ," ਉਹਨੇ ਇੱਕ ਸ਼ਾਮ ਨਿਕੋਲਾਈ ਨੂੰ ਕਿਹਾ। "ਇਉਂ ਤੁਸੀਂ ਜ਼ਿੰਦਗੀ ਨੂੰ ਸਮਝ ਲੈਂਦੇ ਹੋ। ਆਮ ਲੋਕਾਂ ਨੂੰ ਇੱਕ ਪਾਸੇ ਧੱਕ ਦਿੱਤਾ ਗਿਆ ਵੇ, ਜ਼ਿੰਦਗੀ ਦੇ ਐਨ ਕੰਢੇ ਤੱਕ, ਜਿੱਥੇ ਉਹ ਹਨੇਰੇ ਵਿੱਚ ਦੱਬੇ ਹੋਏ ਬੈਠੇ ਨੇ, ਆਪਣੇ ਆਪ ਤੋਂ ਪੁੱਛਦੇ, ਅਜਿਹੇ ਕਿਉਂ? ਉਹਨਾਂ ਨੂੰ ਉੱਥੋਂ ਨਠਾਇਆ ਕਿਉਂ ਜਾਵੇ? ਜਦੋਂ ਇੰਨਾ ਖਾਣਾ ਪਿਐ ਉਹ ਭੁੱਖੇ ਕਿਉਂ ਰਹਿਣ? ਜਦੋਂ ਇੰਨਾ ਗਿਆਨ ਵੇ ਤਾਂ ਉਹ ਮੂੜ੍ਹ ਕਿਉਂ ਰਹਿਣ? ਤੇ ਉਹ ਕਿੱਥੇ ਵੇ, ਮਿਹਰਬਾਨ ਰੱਬ, ਜਿਸ ਲਈ ਨਾ ਅਮੀਰ ਨੇ ਨਾ ਗ਼ਰੀਬ, ਕੇਵਲ ਉਹਦੇ ਪਿਆਰੇ ਬੱਚੇ ਨੇ? ਜਦੋਂ ਲੋਕ ਆਪਣੀਆਂ ਜ਼ਿੰਦਗੀਆਂ ਬਾਰੇ ਸੋਚਦੇ ਨੇ ਤਾਂ

ਉਹਨਾਂ ਵਿੱਚ ਹਲ ਚਲ ਹੁੰਦੀ ਵੇ; ਉਹ ਮਹਿਸੂਸ ਕਰਦੇ ਨੇ ਕਿ ਜੇ ਉਹਨਾਂ ਇਸ ਬਾਰੇ ਕੁਝ ਨਾ ਕੀਤਾ ਬੇਇਨਸਾਫ਼ੀ ਉਹਨਾਂ ਦਾ ਖੁਰਾ ਖੋਜ ਮਿਟਾ ਦੇਵੇਗੀ!"

ਉਹ ਸਦਾ ਵਧੇਰੇ ਮਹਿਸੂਸ ਕਰਦੀ ਕਿ ਉਹਨੂੰ ਆਮ ਲੋਕਾਂ ਨਾਲ਼ ਉਹਨਾਂ ਦੀਆਂ ਜ਼ਿੰਦਗੀਆਂ ਦੀ ਬੇਇਨਸਾਫ਼ੀ ਬਾਰੇ ਗੱਲ ਕਰਨੀ ਚਾਹੀਦੀ ਹੈ, ਅਕਸਰ ਉਹਨੂੰ ਆਪਣੀ ਇਹ ਭਾਵਨਾ ਰੋਕਣ ਵਿੱਚ ਔਖ ਹੁੰਦੀ।...

ਜਦੋਂ ਕਦੀ ਨਿਕੋਲਾਈ ਉਹਨੂੰ ਤਸਵੀਰਾਂ ਵੇਖਦੇ ਤੱਕਦਾ ਤਾਂ ਉਹ ਹੱਸਦਾ ਅਤੇ ਉਹਨੂੰ ਦੁਨੀਆਂ ਦੇ ਕੁਝ ਅਜੂਬਿਆਂ ਬਾਰੇ ਦੱਸਦਾ। ਮਨੁੱਖ ਆਪਣੇ ਸਾਹਮਣੇ ਜਿਹੜੇ ਕੰਮ ਰੱਖਦਾ ਉਹਨਾਂ ਦੀ ਦਲੇਰੀ 'ਤੇ ਉਹ ਹੈਰਾਨ ਰਹਿ ਜਾਂਦੀ।

"ਕੀ ਅਜਿਹਾ ਹੋ ਸਕਦੈ?" ਉਹ ਸ਼ੱਕ ਨਾਲ਼ ਪੁੱਛਦੀ।

ਆਪਣੀਆਂ ਭਵਿੱਖ-ਬਾਣੀਆਂ ਵਿੱਚ ਨਿਰੰਤਰ, ਅਡੋਲ ਨਿਸ਼ਚੇ ਨਾਲ਼ ਉਹ ਆਪਣੀ ਐਨਕ ਵਿੱਚੋਂ ਉਹਦੇ ਵੱਲ ਦਿਆਲਤਾ ਨਾਲ਼ ਵੇਖਦਾ ਅਤੇ ਉਹਨੂੰ ਭਵਿੱਖ ਦੀਆਂ ਕਹਾਣੀਆਂ ਸੁਣਾਉਂਦਾ।

"ਮਨੁੱਖ ਦੀਆਂ ਇੱਛਾਵਾਂ ਹੱਦੋਂ ਬਾਹਰੀਆਂ ਨੇ ਉਹਦੀ ਸ਼ਕਤੀ ਅਖੁੱਟ ਏ! ਪਰ ਦੁਨੀਆਂ ਆਪਣੇ ਆਪ ਨੂੰ ਆਤਮਕ ਤੌਰ 'ਤੇ ਭਰਪੂਰ ਬਣਾਉਣ ਵਿੱਚ ਢਿੱਲੀ ਏ ਕਿਉਂਕਿ ਅੱਜ ਕੱਲ੍ਹ ਜਿਹੜਾ ਸੁਤੰਤਰ ਹੋਣਾ ਚਾਹੁੰਦੈ, ਉਹਨੂੰ ਗਿਆਨ ਦੀ ਥਾਂ ਪੈਸਾ ਇਕੱਠਾ ਕਰਨਾ ਪੈਂਦੈ। ਪਰ ਜਦੋਂ ਲੋਕ ਲਾਲਚ ਅਤੇ ਜਬਰੀ ਕਿਰਤ ਦਾ ਅੰਤ ਕਰ ਦੇਣਗੇ।..."

ਨਿਕੋਲਾਈ ਦੀ ਗੱਲ ਦੇ ਅਰਥ ਕਦੀ ਕਦਾਈਂ ਹੀ ਮਾਂ ਦੇ ਪੱਲੇ ਪੈਂਦੇ, ਪਰ ਹੌਲ਼ੀ ਹੌਲ਼ੀ ਉਹਨੂੰ ਸ਼ਾਂਤ ਨਿਸ਼ਚੇ ਦੀ ਸਮਝ ਆਉਣ ਲੱਗ ਪਈ ਜਿਹੜਾ ਉਹਨੂੰ ਉਤੇਜਤ ਕਰਦਾ ਸੀ।

'ਮੁਸੀਬਤ ਤਾਂ ਇਹ ਏ — ਕਿ ਦੁਨੀਆਂ ਵਿੱਚ ਚੋਖੇ ਅਜ਼ਾਦ ਲੋਕ ਨਹੀਂ!"

ਇਹ ਗੱਲ ਉਹ ਸਮਝ ਸਕਦੀ ਸੀ। ਉਹ ਅਜਿਹੇ ਲੋਕਾਂ ਨੂੰ ਜਾਣਦੀ ਸੀ ਜਿਨ੍ਹਾਂ ਆਪਣੇ ਆਪ ਨੂੰ ਲਾਲਚ ਅਤੇ ਦਵੈਖ ਤੋਂ ਮੁਕਤ ਕਰਵਾ ਲਿਆ ਸੀ ਅਤੇ ਉਹ ਜਾਣਦੀ ਸੀ ਕਿ ਜੇ ਅਜਿਹੇ ਲੋਕ ਵਧੇਰੇ ਹੋਣ ਤਾਂ ਜ਼ਿੰਦਗੀ ਹਨੇਰੀ ਅਤੇ ਭਿਆਨਕ ਨਹੀਂ ਹੋਣ ਲੱਗੀ; ਇਹ ਵਧੇਰੇ ਸਾਦੀ, ਵਧੇਰੇ ਲਿਸ਼ਕਦੀ ਅਤੇ ਉਚੇਰੀ ਬਣ ਜਾਵੇਗੀ।

"ਲੋਕ ਜ਼ਾਲਮ ਹੋਣ 'ਤੇ ਮਜਬੂਰ ਨੇ," ਨਿਕੋਲਾਈ ਅਫ਼ਸੋਸ ਨਾਲ਼ ਕਹਿੰਦਾ।

ਉਹ **ਖੋਖੋਲ** ਦੀ ਗੱਲ ਯਾਦ ਕਰਕੇ ਹਾਂ ਵਿੱਚ ਸਿਰ ਹਿਲਾ ਦੇਂਦੀ।

## 9

ਇੱਕ ਦਿਨ ਨਿਕੋਲਾਈ, ਜਿਹੜਾ ਵਕਤ ਦਾ ਇੰਨਾ ਪਾਬੰਦ ਸੀ, ਕੰਮ ਤੋਂ ਦੇਰ ਨਾਲ਼ ਮੁੜਿਆ।

"ਸਾਡਾ ਇੱਕ ਸਾਥੀ ਅੱਜ ਜੇਲ੍ਹ ਤੋਂ ਨੱਠ ਆਇਐ, ਨਿਲੋਵਨਾ। ਉਹ ਕੌਣ ਹੋ ਸਕਦੈ? ਮੈਂ ਇਹ ਪਤਾ ਨਹੀਂ ਕੱਢ ਸਕਿਆ," ਉਹਨੇ ਆਪਣਾ ਓਵਰਕੋਟ ਲਾਹੇ ਬਿਨਾਂ ਅਤੇ ਘਬਰਾਹਟ ਨਾਲ਼ ਆਪਣੇ ਹੱਥ ਮਲਦੇ ਹੋਏ ਕਿਹਾ।

ਮਾਂ ਝੂਲ ਗਈ।

"ਕੀ ਉਹ ਪਾਵੇਲ ਹੋ ਸਕਦੈ ?" ਉਹਨੇ ਘਬਰਾ ਕੇ ਬਹਿੰਦੇ ਹੋਏ ਨਿੰਮ੍ਹੀ ਅਵਾਜ਼ ਵਿੱਚ ਕਿਹਾ।

"ਹੋ ਸਕਦੈ," ਉਹਨੇ ਮੋਢੇ ਸੁੰਗੇੜ ਕੇ ਜਵਾਬ ਦਿੱਤਾ। "ਪਰ ਅਸੀਂ ਲੁਕਣ ਵਿੱਚ ਉਹਦੀ ਮਦਦ ਕਿਵੇਂ ਕਰ ਸਕਦੇ ਹਾਂ ? ਅਸੀਂ ਉਹਨੂੰ ਲੱਭਾਂਗੇ ਕਿਵੇਂ ? ਉਹਨੂੰ ਮਿਲਣ ਦੀ ਆਸ ਨਾਲ਼ ਮੈਂ ਸੜਕਾਂ ਉੱਤੇ ਇੱਧਰ ਉੱਧਰ ਘੁੰਮਦਾ ਰਿਹਾ। ਇਹ ਜ਼ਰੂਰ ਹੀ ਮੂਰਖਤਾ ਸੀ, ਪਰ ਸਾਨੂੰ ਜ਼ਰੂਰ ਕੁਝ ਕਰਨਾ ਚਾਹੀਦੈ ! ਮੈਂ ਫਿਰ ਚੱਲਿਆਂ।..."

"ਮੈਂ ਵੀ ਚਲਦੀ ਵਾਂ !" ਮਾਂ ਕੂਕੀ।

"ਤੂੰ ਯੇਗੋਰ ਕੋਲ਼ ਜਾ ਤੇ ਪਤਾ ਕਰ ਕਿ ਕੀ ਉਹਨੂੰ ਕੁਝ ਪਤਾ ਏ," ਨਿਕੋਲਾਈ ਨੇ ਕਾਹਲ ਨਾਲ਼ ਬਾਹਰ ਜਾਂਦੇ ਹੋਏ ਕਿਹਾ।

ਉਹਨੇ ਸਿਰ ਉੱਤੇ ਰੁਮਾਲ ਸੁੱਟਿਆ ਅਤੇ ਆਸ ਨਾਲ਼ ਭਰੀ ਗਲ਼ੀ ਵਿੱਚ ਕਾਹਲੀ ਨਾਲ਼ ਉਹਦੇ ਪਿੱਛੇ ਪਿੱਛੇ ਟੁਰ ਪਈ। ਉਹਦੀਆਂ ਅੱਖਾਂ ਸਾਹਮਣੇ ਲਾਲ ਲਾਲ ਟਿਮਕਣੇ ਨੱਚ ਰਹੇ ਸਨ ਅਤੇ ਉਹਦੇ ਦਿਲ ਦੀ ਧੜਕਣ ਨੇ ਉਹਨੂੰ ਲਗਭਗ ਨਠਾ ਦਿੱਤਾ। ਸਿਰ ਨੀਵਾਂ ਪਾਈ, ਸਭ ਕੁਝ ਵੱਲੋਂ ਬੇਪਰਵਾਹ, ਉਹ ਇੱਕ ਸੰਭਾਵਨਾ ਨੂੰ ਮਿਲਣ ਚੱਲੀ।

"ਜੇ ਉੱਥੇ ਉਹ ਮੈਨੂੰ ਮਿਲ ਜਾਵੇ !" ਉਹ ਆਸ ਸੀ ਜਿਹੜੀ ਉਹਨੂੰ ਅੱਗੇ ਧੱਕੀ ਜਾਂਦੀ।

ਗਰਮੀ ਸੀ ਅਤੇ ਉਹ ਥਕੇਵੇਂ ਕਾਰਨ ਹਫ਼ ਗਈ। ਜਦੋਂ ਉਹ ਯੇਗੋਰ ਦੇ ਫ਼ਲੈਟ ਦੀਆਂ ਪੌੜੀਆਂ ਕੋਲ਼ ਅੱਪੜੀ ਤਾਂ ਉਹ ਹੋਰ ਅੱਗੇ ਨਾ ਜਾ ਸਕੀ। ਉਹ ਰੁਕੀ, ਪਿੱਛੇ ਵੱਲ ਵੇਖਿਆ, ਅਚਾਨਕ ਇੱਕ ਨਿੱਕੀ ਕੂਕ ਛੱਡੀ ਅਤੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਹਨੂੰ ਜਾਪਿਆ ਕਿ ਉਹਨੇ ਨਿਕੋਲਾਈ ਵੇਸੋਵਸ਼ਚੀਕੋਵ ਨੂੰ ਆਪਣੀਆਂ ਜੇਬਾਂ ਵਿੱਚ ਹੱਥ ਪਾਈ ਮਕਾਨ ਦੇ ਫਾਟਕ ਕੋਲ਼ ਖੜਾ ਵੇਖਿਆ ਸੀ। ਪਰ ਜਦੋਂ ਉਹਨੇ ਇੱਕ ਵਾਰ ਫਿਰ ਵੇਖਿਆ ਤਾਂ ਉੱਥੇ ਕੋਈ ਨਹੀਂ ਸੀ।...

"ਮੈਨੂੰ ਝਾਉਲਾ ਲੱਗਾ ਹੋਣੈ," ਉਹਨੇ ਪੌੜੀਆਂ ਚੜ੍ਹਦਿਆਂ ਅਤੇ ਕੰਨਸੋ ਲੈਂਦਿਆਂ ਸੋਚਿਆ। ਵਿਹੜੇ ਵਿੱਚ ਉਹਨੂੰ ਕਿਸੇ ਦੇ ਮੱਧਮ ਕਦਮ ਸੁਣਾਈ ਦਿੱਤੇ। ਉਹ ਉਤਾਰੇ 'ਤੇ ਖਲੋ ਗਈ ਅਤੇ ਹੇਠਾਂ ਵੇਖਿਆ। ਇੱਕ ਵਾਰ ਫਿਰ ਉਹਨੂੰ ਮਾਤਾ ਦੇ ਦਾਗ਼ਾਂ ਵਾਲ਼ਾ ਮੂੰਹ ਦਿਸਿਆ। ਹੁਣ ਉਹ ਉਹਨੂੰ ਵੇਖ ਕੇ ਹੱਸ ਰਿਹਾ ਸੀ।

"ਨਿਕੋਲਾਈ ! ਨਿਕੋਲਾਈ !" ਉਹ ਕੂਕੀ, ਉਹਨੂੰ ਮਿਲਣ ਲਈ ਹੇਠਾਂ ਨੱਠਦੀ ਹੋਈ, ਉਹਦਾ ਦਿਲ ਨਾਉਮੇਦੀ ਨਾਲ਼ ਧੜਕ ਰਿਹਾ ਸੀ।

"ਮੁੜ ਜਾ," ਨਿਕੋਲਾਈ ਨੇ ਆਪਣਾ ਹੱਥ ਹਿਲਾਉਂਦੇ ਹੋਏ, ਸ਼ਾਂਤੀ ਨਾਲ਼ ਕਿਹਾ।

ਕਾਹਲੀ ਕਾਹਲੀ ਉਹ ਪੌੜੀਆਂ ਚੜ੍ਹਦੀ ਗਈ ਅਤੇ ਯੇਗੋਰ ਦੇ ਕਮਰੇ ਵਿੱਚ ਦਾਖ਼ਲ ਹੋਈ, ਜਿੱਥੇ ਉਹਨੇ ਉਹਨੂੰ ਕੌਚ ਉੱਤੇ ਲੇਟੇ ਵੇਖਿਆ।

"ਨਿਕੋਲਾਈ — ਜੇਲ੍ਹ 'ਚੋਂ — ਨੱਠ ਆਇਐ !" ਉਹਨੇ ਹੌਂਕਦੇ ਹੋਏ ਕਿਹਾ।

"ਕਿਹੜਾ ਨਿਕੋਲਾਈ ?" ਯੇਗੋਰ ਨੇ ਆਪਣਾ ਸਿਰ ਸਿਰਹਾਣੇ ਤੋਂ ਚੁੱਕਦੇ ਹੋਏ ਬੈਠੀ

ਅਵਾਜ਼ ਵਿੱਚ ਕਿਹਾ। “ਦੋ ਨਿਕੋਲਾਈ ਸਨ।...”

“ਵੇਸੋਵਸ਼ਚੀਕੋਵ।... ਉਹ ਇੱਥੇ ਆ ਰਿਹੈ!...”

“ਚੰਗੀ ਗੱਲ ਏ!”

ਉਸ ਛਿਣ ਨਿਕੋਲਾਈ ਆਪ ਵੀ ਕਮਰੇ ਵਿੱਚ ਆਇਆ। ਉਹਨੇ ਦਰਵਾਜ਼ੇ ਦੀ ਕੁੰਡੀ ਲਾ ਦਿੱਤੀ, ਆਪਣੀ ਟੋਪੀ ਲਾਹੀ ਅਤੇ ਗੁਟਕਦਾ ਅਤੇ ਆਪਣੇ ਵਾਲ ਥਪਕਦਾ ਉੱਥੇ ਖੜਾ ਰਿਹਾ। ਯੇਗੋਰ ਅਰਕਾਂ ਭਾਰ ਉੱਚਾ ਹੋਇਆ।

“ਜੀ ਆਇਆਂ,” ਉਹਨੇ ਸਿਰ ਹਿਲਾ ਕੇ ਕਿਹਾ।

ਨਿਕੋਲਾਈ ਵਾਛਾਂ ਟੱਡੀ ਮਾਂ ਕੋਲ਼ ਆਇਆ ਅਤੇ ਉਹਦਾ ਹੱਥ ਫੜਿਆ।

“ਜੇ ਤੂੰ ਨਾ ਮਿਲਦੀ ਤਾਂ ਮੈਂ ਸ਼ੈਦ ਜੇਲ੍ਹ ਹੀ ਮੁੜ ਜਾਂਦਾ। ਸ਼ਹਿਰ ਵਿੱਚ ਮੈਂ ਕਿਸੇ ਨੂੰ ਜਾਣਦਾ ਨਹੀਂ ਤੇ ਜੇ ਮੈਂ ਬਸਤੀ ਵਿੱਚ ਜਾਂਦਾ ਤਾਂ ਉਹਨਾਂ ਮੈਨੂੰ ਇੱਕ ਦਮ ਫੜ ਲੈਣਾ ਸੀ। ਸੋ ਮੈਂ ਸੜਕਾਂ ਉੱਤੇ ਘੁੰਮਦਾ ਰਿਹਾ, ਇਹ ਸੋਚਦਾ ਕਿ ਮੈਂ ਕਿੰਨਾ ਵੱਡਾ ਮੂਰਖ ਆਂ ਕਿ ਜੇਲ੍ਹੋਂ ਨੱਠ ਆਇਆ। ਅਚਾਨਕ ਮੈਂ ਪੇਲਾਗੀਆ ਨਿਲੋਵਨਾ ਨੂੰ ਕਾਹਲੀ ਕਾਹਲੀ ਜਾਂਦੇ ਵੇਖਿਆ ਅਤੇ ਮੈਂ ਉਹਦੇ ਪਿੱਛੇ ਪਿੱਛੇ ਟੁਰ ਪਿਆ।...”

“ਤੂੰ ਬਾਹਰ ਕਿਵੇਂ ਆ ਗਿਆ?” ਮਾਂ ਨੇ ਪੁੱਛਿਆ।

ਉਹ ਔਖਾ ਜਿਹਾ ਹੋਕੇ ਕੌਚ ਦੇ ਕੰਢੇ ਉੱਤੇ ਬਹਿ ਗਿਆ ਅਤੇ ਆਪਣੇ ਮੋਢੇ ਮਚਕੋੜੇ।

“ਬਸ ਮੌਕਾ ਬਣ ਗਿਆ,” ਉਹਨੇ ਕਿਹਾ। “ਮੈਨੂੰ ਹਵਾ ਖਾਣ ਲਈ ਬਾਹਰ ਕੱਢਿਆ ਸਾਨੇ, ਕਿ ਅਖ਼ਲਾਕੀ ਕੈਦੀਆਂ ਨੇ ਆਪਣੇ ਪਹਿਰੇਦਾਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪਹਿਰੇਦਾਰ ਨੂੰ ਚੋਰੀ ਕਰਨ ਕਰਕੇ ਜੈਨਡਾਰਮਾਂ ਵਿੱਚੋਂ ਕੱਢ ਦਿੱਤਾ ਗਿਆ ਸੀ — ਹੁਣ ਉਹ ਹਰ ਇੱਕ ਦੀ ਮੁਖ਼ਬਰੀ ਕਰਦੈ ਅਤੇ ਚੁਗ਼ਲੀਆਂ ਖਾਂਦੈ ਅਤੇ ਕਿਸੇ ਨੂੰ ਸੁੱਖ ਦਾ ਸਾਹ ਨਹੀਂ ਲੈਣ ਦੇਂਦਾ! ਸੋ ਉਹ ਉਹਨੂੰ ਕੁੱਟ ਰਹੇ ਸਨ। ਸਭ ਕੁਝ ਉਗੜ-ਦੁਗੜ ਸੀ, ਪਹਿਰੇਦਾਰ ਆਪਣੀਆਂ ਸੀਟੀਆਂ ਵਜਾਉਂਦੇ ਇੱਧਰ ਉੱਧਰ ਨੱਠ ਰਹੇ ਸਨ। ਮੈਂ ਮੁੜ ਕੇ ਵੇਖਿਆ ਤਾਂ ਫਾਟਕ ਖੁੱਲ੍ਹਾ ਪਿਆ ਸੀ ਅਤੇ ਸਾਹਮਣੇ ਚੌਕ ਅਤੇ ਸ਼ਹਿਰ ਸੀ। ਮੈਂ ਹੌਲ਼ੀ ਹੌਲ਼ੀ ਟੁਰਦਾ ਬਾਹਰ ਚਲਾ ਗਿਆ, ਜਿਵੇਂ ਕਿਸੇ ਸੁਪਨੇ ਵਿੱਚ ਹੋਵਾਂ।... ਅਤੇ ਜਦੋਂ ਮੈਂ ਸੜਕ ਉੱਤੇ ਚੋਖਾ ਅੱਗੇ ਚਲਾ ਗਿਆ ਤਾਂ ਮੈਨੂੰ ਹੋਸ਼ ਆਈ ਅਤੇ ਸੋਚਿਆ ਮੈਂ ਕਿੱਥੇ ਜਾਵਾਂ। ਜਦੋਂ ਮੁੜ ਕੇ ਵੇਖਿਆ ਤਾਂ ਫਾਟਕ ਪਹਿਲਾਂ ਹੀ ਬੰਦ ਹੋ ਚੁੱਕਾ ਸੀ।...”

“ਹੂੰ,” ਯੇਗੋਰ ਨੇ ਕਿਹਾ। “ਤੂੰ ਮੁੜ ਕਿਉਂ ਨਾ ਗਿਆ ਅਤੇ ਬੜੀ ਸੁਲਗਤਾ ਨਾਲ਼ ਬੂਹਾ ਖੜਕਾ ਕੇ ਉਹਨਾਂ ਅੱਗੇ ਵਾਪਸ ਲਏ ਜਾਣ ਲਈ ਬੇਨਤੀ ਕਿਉਂ ਨਾ ਕੀਤੀ—‘ਮਾਫ਼ ਕਰਨਾ, ਸ਼੍ਰੀਮਾਨੋ, ਪਰ ਮੈਥੋਂ ਨਿੱਕੀ ਜਿਹੀ ਗ਼ਲਤੀ ਹੋ ਗਈ ਏ’।...”

“ਹਾਂ,” ਨਿਕੋਲਾਈ ਹੱਸਿਆ, “ਹੈ ਤਾਂ ਮੂਰਖਤਾ, ਪਰ ਇਹ ਆਪਣੇ ਸਾਥੀਆਂ ਵੱਲ ਠੀਕ ਗੱਲ ਨਹੀਂ ਸੀ ਜਾਪਦੀ, ਇਉਂ ਚਲੇ ਜਾਣਾ, ਕਿਸੇ ਨੂੰ ਕੁਝ ਕਹੇ ਬਗ਼ੈਰ।... ਪਰ ਮੈਂ ਟੁਰਦਾ ਗਿਆ। ਮੈਂ ਇੱਕ ਨੜੋਆ ਵੇਖਿਆ — ਕਿਸੇ ਬੱਚੇ ਨੂੰ ਦਫ਼ਨ ਕਰਨ ਜਾ ਰਹੇ ਸਨ — ਮੈਂ ਉਹਨਾਂ ਵਿੱਚ ਰਲ ਗਿਆ, ਸਿਰ ਹੇਠਾਂ ਸੁੱਟੀ ਤਾਬੂਤ ਦੇ ਪਿੱਛੇ ਚਲਦਾ ਅਤੇ ਕਿਸੇ ਵੱਲ ਨਾ ਵੇਖਦਾ

ਹੋਇਆ। ਫਿਰ ਮੈਂ ਕੁਝ ਦੇਰ ਕਬਰਿਸਤਾਨ ਵਿੱਚ ਬੈਠਾ ਹਵਾ ਭਖਦਾ ਰਿਹਾ ਅਤੇ ਅਚਾਨਕ ਮੈਨੂੰ ਖ਼ਿਆਲ ਆਇਆ।...''

''ਇੱਕੋ ਹੀ ?'' ਯੇਗੋਰ ਨੇ ਹਉਕਾ ਭਰਕੇ ਗੱਲ ਵਧਾਉਂਦੇ ਹੋਏ ਪੁੱਛਿਆ, ''ਮੇਰਾ ਖ਼ਿਆਲ ਏ ਤੇਰੇ ਇਸ ਸਿਰ ਵਿੱਚ ਇਹਨੂੰ ਬਹੁਤ ਔਖ ਤਾਂ ਨਹੀਂ ਹੋਈ ਹੋਣੀ।...''

ਵੇਸੋਵਸ਼ਚੀਕੋਵ ਚੰਗੇ ਰੌਂਅ ਵਿੱਚ ਹੱਸਿਆ ਅਤੇ ਸਿਰ ਹਿਲਾਇਆ।

''ਉਹ, ਇਹ ਹੁਣ ਉੱਨਾ ਖ਼ਾਲੀ ਤਾਂ ਨਹੀਂ ਜਿੰਨਾ ਹੁੰਦਾ ਸੀ! ਪਰ ਤੁਸੀਂ ਅਜੇ ਵੀ ਬਿਮਾਰ ਜਾਪਦੇ ਓ, ਯੇਗੋਰ ਈਵਾਨੋਵਿਚ।...''

''ਜੋ ਕੁਝ ਕੋਈ ਕਰ ਸਕਦੈ ਉਹੋ ਕਰਦੈ,'' ਯੇਗੋਰ ਨੇ ਬਲ਼ਗ਼ਮੀ ਖੰਘ ਖੰਘ ਕੇ ਜਵਾਬ ਦਿੱਤਾ। ''ਪਰ ਤੂੰ ਆਪਣੀ ਕਹਾਣੀ ਜਾਰੀ ਰੱਖ!''

''ਮੈਂ ਇੱਥੋਂ ਦੇ ਅਜਾਇਬ-ਘਰ ਵਿੱਚ ਗਿਆ। ਇੱਧਰ ਉੱਧਰ ਘੁੰਮਦਾ ਰਿਹਾ, ਸਭ ਕੁਝ ਵੇਖਦਾ, ਮਨ ਹੀ ਮਨ ਵਿੱਚ ਸੋਚਦਾ ਰਿਹਾ: ਹੁਣ ਮੈਂ ਕਿੱਥੇ ਜਾਵਾਂ ? ਮੈਨੂੰ ਆਪਣੇ ਆਪ ਉੱਤੇ ਗੁੱਸਾ ਆ ਰਿਹਾ ਸੀ ਤੇ ਮੈਂ ਕਿਸੇ ਰਿੱਛ ਵਾਂਗ ਭੁੱਖਾ ਸਾਂ। ਮੈਂ ਬਾਹਰ ਗਿਆ ਅਤੇ ਬੜਾ ਦੁਖੀ ਹੋਇਆ ਸੜਕ ਉੱਤੇ ਟੁਰਨ ਲੱਗ ਪਿਆ।... ਪੁਲਸੀਏ ਹਰ ਇੱਕ ਨੂੰ ਘੂਰ ਕੇ ਵੇਖ ਰਹੇ ਸਨ। ਸੋ, ਮੈਂ ਸੋਚਿਆ, ਮੇਰੇ ਜਿਹੇ ਮੂੰਹ ਵਾਲ਼ਾ ਬੰਦਾ ਛੇਤੀ ਹੀ ਕਚਹਿਰੀ ਵਿੱਚ ਪੇਸ਼ ਹੋਇਆ ਕਿ ਹੋਇਆ!... ਫਿਰ ਅਚਾਨਕ ਮੈਂ ਪੇਲਾਗੀਆ ਨਿਲੋਵਨਾ ਨੂੰ ਆਪਣੇ ਵੱਲ ਆਉਂਦੇ ਵੇਖਿਆ। ਮੈਂ ਇੱਕ ਪਾਸੇ ਹੋ ਗਿਆ ਤੇ ਉਹਦੇ ਪਿੱਛੇ ਪਿੱਛੇ ਟੁਰ ਪਿਆ। ਬਸ ਇੰਨੀ ਈ ਗੱਲ ਏ!''

''ਮੈਂ ਤਾਂ ਤੈਨੂੰ ਵੇਖਿਆ ਨਹੀਂ ਸੀ,'' ਮਾਂ ਨੇ ਦੋਸ਼ੀ ਢੰਗ ਨਾਲ਼ ਕਿਹਾ। ਵਧੇਰੇ ਘੋਖਵੀਂ ਨਿਗਾਹ ਨਾਲ਼ ਵੇਖਦੇ ਹੋਏ ਉਹਨੇ ਵੇਖਿਆ ਕਿ ਵੇਸੋਵਸ਼ਚੀਕੋਵ ਪਤਲਾ ਹੋ ਗਿਐ।

''ਸਾਥੀਆਂ ਨੂੰ ਫ਼ਿਕਰ ਲੱਗੀ ਹੋਵੇਗੀ,'' ਵੇਸੋਵਸ਼ਚੀਕੋਵ ਨੇ ਸਿਰ ਖੁਰਕਦੇ ਹੋਏ ਕਿਹਾ।

''ਤੇ ਹਾਕਮਾਂ ਬਾਰੇ ਕੀ ਖ਼ਿਆਲ ਏ ? ਤੈਨੂੰ ਉਹਨਾਂ ਉੱਤੇ ਰਹਿਮ ਨਹੀਂ ਆਉਂਦਾ ? ਉਹਨਾਂ ਨੂੰ ਵੀ ਤਾਂ ਫ਼ਿਕਰ ਹੋਵੇਗੀ,'' ਯੇਗੋਰ ਨੇ ਕਿਹਾ। ਉਹਨੇ ਆਪਣਾ ਮੂੰਹ ਖੋਹਲਿਆ ਅਤੇ ਆਪਣੇ ਹੋਂਠ ਇਉਂ ਹਿਲਾਉਣ ਲੱਗ ਪਿਆ ਜਿਵੇਂ ਉਹ ਹਵਾ ਚਿੱਥ ਰਿਹਾ ਹੋਵੇ। ''ਪਰ ਠੱਠਾ ਇੱਕ ਪਾਸੇ ਰਿਹਾ, ਤੈਨੂੰ ਕਿੱਧਰੇ ਨਾ ਕਿੱਧਰੇ ਤਾਂ ਲੁਕਾਉਣਾ ਹੀ ਪਵੇਗਾ, ਇਹ ਗੱਲ ਸੌਖੀ ਤਾਂ ਹੋਣ ਨਹੀਂ ਲੱਗੀ, ਭਾਵੇਂ ਬੜੀ ਸਵਾਦਲੀ ਹੋਵੇਗੀ। ਜੇ ਕਿਤੇ ਮੈਂ ਮੰਜੇ ਤੋਂ ਉੱਠ ਸਕਦਾ!...'' ਉਹਨੇ ਉੱਭਾ ਸਾਹ ਲਿਆ, ਹੱਥ ਛਾਤੀ ਉੱਤੇ ਸੁੱਟੇ ਅਤੇ ਹੌਲ਼ੀ ਹੌਲ਼ੀ ਛਾਤੀ ਮਲਣ ਲੱਗ ਪਿਆ।

''ਤੁਸੀਂ ਤਾਂ ਬਹੁਤ ਹੀ ਬਿਮਾਰ ਜਾਪਦੇ ਓ, ਯੇਗੋਰ ਈਵਾਨੋਵਿਚ,'' ਨਿਕੋਲਾਈ ਨੇ ਸਿਰ ਨੀਵਾਂ ਸੁੱਟਦੇ ਹੋਏ ਕਿਹਾ। ਮਾਂ ਨੇ ਹਉਕਾ ਭਰਿਆ ਅਤੇ ਭੀੜ ਭਰੇ ਨਿੱਕੇ ਜਿਹੇ ਕਮਰੇ ਵਿੱਚ ਫ਼ਿਕਰਮੰਦੀ ਨਾਲ਼ ਇੱਧਰ ਉੱਧਰ ਵੇਖਿਆ।

''ਇਹ ਮੇਰਾ ਆਪਣਾ ਮਸਲਾ ਏ,'' ਯੇਗੋਰ ਨੇ ਕਿਹਾ। ''ਮਾਂ, ਹੁਣ ਹੋਰ ਅਸਲੇ ਮਸਲੇ ਕੀਤੇ ਬਿਨਾਂ ਉਹਦੇ ਤੋਂ ਪਾਵੇਲ ਦੀ ਖ਼ਬਰ ਸਾਰ ਪੁੱਛ।'' ਵੇਸੋਵਸ਼ਚੀਕੋਵ ਖੁੱਲ੍ਹ ਕੇ ਮੁਸਕਰਾਇਆ।

''ਪਾਵੇਲ ਠੀਕ ਠਾਕ ਏ। ਉਹ ਵੱਲ ਏ। ਇੱਕ ਤਰ੍ਹਾਂ ਉੱਥੇ ਉਹ ਸਾਡਾ ਮੁਖੀ ਏ। ਉਹੋ

ਅਫ਼ਸਰਾਂ ਨਾਲ਼ ਗੱਲਬਾਤ ਕਰਦੈ ਤੇ ਆਮ ਤੌਰ ’ਤੇ ਅਗਵਾਈ ਕਰਦੈ। ਸਾਰੇ ਉਹਦੀ ਬੜੀ ਕਦਰ ਕਰਦੇ ਨੇ।...”

ਵੇਸੋਵਸ਼ਚੀਕੋਵ ਦੀ ਗੱਲ ਸੁਣਦਿਆਂ ਪੇਲਾਗੀਆ ਨੇ ਸਿਰ ਹਿਲਾਇਆ ਅਤੇ ਕਾਣੀ ਅੱਖ ਨਾਲ਼ ਯੇਗੋਰ ਦੇ ਫੁੱਲੇ ਹੋਏ ਨੀਲ਼ੀ ਭਾਹ ਮਾਰਦੇ ਮੂੰਹ ਵੱਲ ਵੇਖਦੀ ਰਹੀ। ਉਹਦਾ ਮੂੰਹ ਅਜੀਬ ਢੰਗ ਨਾਲ਼ ਸਪਾਟ, ਅਹਿਲ ਅਤੇ ਜਜ਼ਬਿਆਂ ਤੋਂ ਸੱਖਣਾ ਜਾਪਦਾ ਸੀ, ਪਰ ਉਹਦੀਆਂ ਅੱਖਾਂ ਬੜੀਆਂ ਛੂਹਲ ਅਤੇ ਖੁਸ਼ ਸਨ।

“ਜੇ ਤੁਸੀਂ ਮੈਨੂੰ ਕੁਝ ਖਾਣ ਨੂੰ ਦਿਓ — ਮੈਂ ਕਿੰਨਾ ਭੁੱਖਾ ਵਾਂ!” ਨਿਕੋਲਾਈ ਅਚਾਨਕ ਕੂਕਿਆ।

“ਮਾਂ, ਉੱਥੇ ਫੱਟੇ ਉੱਤੇ ਕੁਝ ਡਬਲ ਰੋਟੀ ਪਈ ਏ,” ਯੇਗੋਰ ਨੇ ਕਿਹਾ। “ਫਿਰ ਬਾਹਰ ਲਾਂਘੇ ਵਿੱਚ ਜਾ ਕੇ ਖੱਬੇ ਹੱਥ ਦੂਜਾ ਬੂਹਾ ਖੜਕਾ। ਇੱਕ ਜ਼ਨਾਨੀ ਬੂਹਾ ਖੋਹਲੇਗੀ ਤੇ ਤੂੰ ਉਹਨੂੰ ਕਹੀਂ ਉਹਦੇ ਕੋਲ਼ ਖਾਣ ਨੂੰ ਜੋ ਕੁਝ ਹੈ ਉਹ ਲੈ ਕੇ ਆ ਜਾਵੇ।”

“ਇੰਨਾ ਸਾਰਾ ਕਿਉਂ?” ਨਿਕੋਲਾਈ ਨੇ ਰੋਸ ਪ੍ਰਗਟ ਕੀਤਾ।

“ਫ਼ਿਕਰ ਨਾ ਕਰ, ਇਹ ਬਹੁਤ ਨਹੀਂ ਹੋਣ ਲੱਗਾ।...”

ਮਾਂ ਗਈ ਤੇ ਬੂਹਾ ਖੜਕਾਇਆ। ਉਡੀਕਦੇ ਹੋਏ ਉਹਨੇ ਅਫ਼ਸੋਸ ਨਾਲ਼ ਯੇਗੋਰ ਬਾਰੇ ਸੋਚਿਆ:

“ਉਹ ਮਰ ਰਿਹੈ।...”

“ਕੌਣ ਏ?” ਕਮਰੇ ਵਿੱਚੋਂ ਕਿਸੇ ਨੇ ਪੁੱਛਿਆ।

“ਮੈਨੂੰ ਯੇਗੋਰ ਈਵਾਨੋਵਿਚ ਨੇ ਘੱਲਿਐ,” ਮਾਂ ਨੇ ਹੌਲ਼ੀ ਜਿਹੇ ਜਵਾਬ ਦਿੱਤਾ। “ਉਹਨੇ ਤੈਨੂੰ ਕਮਰੇ ਵਿੱਚ ਬੁਲਾਇਐ।...”

“ਹੁਣੇ ਆਈ,” ਇਸਤਰੀ ਨੇ ਬੂਹਾ ਖੋਹਲੇ ਬਿਨਾਂ ਜਵਾਬ ਦਿੱਤਾ। ਮਾਂ ਨੇ ਇੱਕ ਛਿਣ ਉਡੀਕਿਆ ਅਤੇ ਫਿਰ ਬੂਹਾ ਖੜਕਾਇਆ। ਬੂਹਾ ਕਾਹਲ ਨਾਲ਼ ਖੁੱਲ੍ਹਿਆ ਅਤੇ ਐਨਕ ਲਾਈ ਇੱਕ ਲੰਮੀ ਇਸਤਰੀ ਲਾਂਘੇ ਵਿੱਚ ਆਈ ਅਤੇ ਕਾਹਲੀ ਕਾਹਲੀ ਆਪਣੀਆਂ ਬਾਹਾਂ ਦੇ ਵੱਟ ਠੀਕ ਕਰਨ ਲੱਗੀ।

“ਕੀ ਗੱਲ ਏ?” ਉਹਨੇ ਰੁਖਾਈ ਨਾਲ਼ ਪੁੱਛਿਆ।

“ਯੇਗੋਰ ਈਵਾਨੋਵਿਚ ਨੇ ਮੈਨੂੰ ਭੇਜਿਐ।”

“ਚੱਲ। ਪਰ ਮੇਰਾ ਖ਼ਿਆਲ ਏ ਮੈਂ ਤੈਨੂੰ ਜਾਣਦੀ ਆਂ, ਹੈਂ ਨਾ?” ਇਸਤਰੀ ਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ। “ਕੀ ਹਾਲ ਚਾਲ ਏ? ਇੱਥੇ ਤਾਂ ਹਨੇਰੈ।...”

ਮਾਂ ਨੇ ਉਹਦੇ ਵੱਲ ਨਿਗਾਹ ਮਾਰੀ ਅਤੇ ਉਹਨੂੰ ਚੇਤੇ ਆਇਆ ਕਿ ਉਹਨੇ ਇਸ ਇਸਤਰੀ ਨੂੰ ਨਿਕੋਲਾਈ ਦੇ ਘਰ ਦੋ ਚਾਰ ਵਾਰ ਵੇਖਿਆ ਸੀ।

“ਇਹ ਸਾਰੇ ਸਾਡੇ ਲੋਕ ਨੇ,” ਉਹਨੇ ਸੋਚਿਆ।

ਇਸਤਰੀ ਨੇ ਪੇਲਾਗੀਆ ਨੂੰ ਆਪਣੇ ਅੱਗੇ ਲਾ ਲਿਆ।

“ਉਹਦੀ ਤਬੀਅਤ ਬਹੁਤ ਖ਼ਰਾਬ ਏ?” ਉਹਨੇ ਪੁੱਛਿਆ।

"ਉਹ ਲੇਟਿਆ ਹੋਇਐ। ਉਹਨੇ ਮੈਨੂੰ ਕਿਹਾ ਸੀ ਤੈਨੂੰ ਕਹਾਂ ਖਾਣ ਲਈ ਕੁਝ ਲਈ ਆਵੀਂ।..."

"ਇਹਦੀ ਲੋੜ ਨਹੀਂ।..."

ਜਦੋਂ ਉਹ ਯੇਗੋਰ ਦੇ ਕਮਰੇ ਵਿੱਚ ਦਾਖ਼ਲ ਹੋਈਆਂ ਤਾਂ ਉਹਦੇ ਭਰੜਾਏ ਸਾਹ ਦੀ ਅਵਾਜ਼ ਉਹਨਾਂ ਦੇ ਕੰਨੀਂ ਪਈ।

"ਮੇਰੀ ਦੋਸਤ, ਮੈਂ ਆਪਣੇ ਵਡੇਰਿਆਂ ਨੂੰ ਮਿਲਣ ਜਾ ਰਿਹਾਂ।... ਆਹ, ਲਿਉਦਮੀਲਾ ਵਾਸੀਲੀਯੇਵਨਾ! ਇਸ ਜਵਾਨ ਨੇ ਅਧਿਕਾਰੀਆਂ ਦੀ ਆਗਿਆ ਤੋਂ ਬਿਨਾਂ ਜੇਲ੍ਹ ਵਿੱਚੋਂ ਬਾਹਰ ਆ ਜਾਣ ਦੀ ਗ਼ੁਸਤਾਖੀ ਕੀਤੀ ਏ! ਪਹਿਲਾਂ ਇਹਨੂੰ ਕੁਝ ਖਾਣ ਨੂੰ ਦੇ ਤੇ ਫਿਰ ਇਹਨੂੰ ਕਿਧਰੇ ਲੁਕਾ ਦੇ।"

ਇਸਤਰੀ ਨੇ ਸਿਰ ਹਿਲਾਇਆ ਅਤੇ ਬਿਮਾਰ ਆਦਮੀ ਵੱਲ ਤਿੱਖੀ ਨਿਗਾਹ ਸੁੱਟੀ।

"ਯੇਗੋਰ, ਤੈਨੂੰ ਚਾਹੀਦਾ ਸੀ ਇਹਨਾਂ ਦੇ ਆਉਂਦਿਆਂ ਹੀ ਮੈਨੂੰ ਬੁਲਾ ਲੈਂਦਾ," ਉਹਨੇ ਕਰੜਾਈ ਨਾਲ਼ ਕਿਹਾ। "ਤੇ ਇਹ ਕੀ, ਤੂੰ ਦੋ ਵਾਰ ਦਵਾਈ ਨਹੀਂ ਪੀਤੀ। ਕੁਝ ਸ਼ਰਮ ਕਰ! ਸਾਥੀ, ਤੂੰ ਮੇਰੇ ਨਾਲ਼ ਚੱਲ! ਉਹ ਕਿਸੇ ਵੀ ਘੜੀ ਯੇਗੋਰ ਨੂੰ ਹਸਪਤਾਲ ਲਿਜਾਣ ਲਈ ਆ ਰਹੇ ਨੇ।"

"ਤਾਂ ਤੂੰ ਸੱਚਮੁਚ ਮੈਨੂੰ ਹਸਪਤਾਲ ਭੇਜਣ ਦੀ ਸੋਚ ਰਹੀ ਏਂ?"

"ਹਾਂ। ਉੱਥੇ ਮੈਂ ਤੇਰੇ ਨਾਲ਼ ਰਹਾਂਗੀ।"

"ਤੂੰ ਵੀ? ਹਾਏ ਰੱਬਾ!"

"ਹੁਣ ਯੱਭਲੀਆਂ ਨਾ ਮਾਰ!..."

ਗੱਲਾਂ ਕਰਦੇ ਹੋਏ ਇਸਤਰੀ ਨੇ ਕੰਬਲ ਖਿੱਚ ਕੇ ਯੇਗੋਰ ਦੀ ਛਾਤੀ ਉੱਤੇ ਕੀਤਾ, ਨਿਕੋਲਾਈ ਵੱਲ ਧਿਆਨ ਨਾਲ਼ ਵੇਖਿਆ, ਇਹ ਵੇਖਣ ਲਈ ਵੱਖ ਵੱਖ ਬੋਤਲਾਂ ਉੱਤੇ ਨਿਗਾਹ ਮਾਰੀ ਕਿ ਕਿੰਨੀ ਦਵਾਈ ਬਾਕੀ ਰਹਿ ਗਈ ਸੀ। ਉਹ ਸਾਵੀਂ, ਸੁਰੀਲੀ ਅਵਾਜ਼ ਵਿੱਚ ਗੱਲ ਕਰ ਰਹੀ ਸੀ ਅਤੇ ਛਬੀਲੇ ਢੰਗ ਨਾਲ਼ ਚਲਦੀ ਫਿਰਦੀ। ਉਹਦਾ ਮੂੰਹ ਭੂਸਲਾ ਸੀ ਅਤੇ ਉਹਦੇ ਭਰਵੱਟੇ ਲਗਭਗ ਉਹਦੀ ਨੱਕ ਦੀ ਘੋੜੀ ਉੱਤੇ ਮਿਲਦੇ। ਮਾਂ ਨੂੰ ਉਹਦਾ ਮੂੰਹ ਚੰਗਾ ਨਾ ਲੱਗਾ। ਉਹਨੂੰ ਇਹ ਬੜਾ ਘੁਮੰਡੀ ਜਾਪਿਆ। ਇਸਤਰੀ ਦੀਆਂ ਅੱਖਾਂ ਕਦੀ ਨਾ ਹੱਸਦੀਆਂ ਜਾਂ ਲਿਸ਼ਕਦੀਆਂ ਅਤੇ ਉਹ ਹਾਕਮਾਨਾ ਅੰਦਾਜ਼ ਵਿੱਚ ਬੋਲਦੀ।

"ਅਸੀਂ ਹੁਣ ਚਲਦੇ ਹਾਂ," ਉਹਨੇ ਗੱਲ ਜਾਰੀ ਰੱਖੀ, "ਪਰ ਮੈਂ ਛੇਤੀ ਹੀ ਮੁੜ ਆਵਾਂਗੀ! ਯੇਗੋਰ ਨੂੰ ਇਸ ਦਵਾਈ ਦਾ ਇੱਕ ਵੱਡਾ ਚਮਚਾ ਦੇ ਦੇ। ਤੇ ਉਹਨੂੰ ਗੱਲਾਂ ਨਾ ਕਰਨ ਦਈਂ।..."

ਉਹ ਚਲੀ ਗਈ ਅਤੇ ਨਿਕੋਲਾਈ ਨੂੰ ਆਪਣੇ ਨਾਲ਼ ਲੈ ਗਈ।

"ਬੜੀ ਸ਼ਾਨਦਾਰ ਜ਼ਨਾਨੀ ਏ," ਯੇਗੋਰ ਨੇ ਹਉਕਾ ਲੈ ਕੇ ਕਿਹਾ। "ਉੱਕਾ ਹੀ ਅਲੋਕਾਰ ਜ਼ਨਾਨੀ।... ਮਾਂ ਮੈਂ ਤੈਨੂੰ ਉਹਦੇ ਨਾਲ਼ ਰੱਖ ਦਿਆਂਗਾ, ਉਹ ਤਾਂ ਥੱਕ ਕੇ ਚੂਰ ਹੋ ਜਾਂਦੀ ਏ।..."

"ਤੈਨੂੰ ਬੋਲਣਾ ਨਹੀਂ ਚਾਹੀਦਾ! ਉਹਦੀ ਥਾਂ ਇਹ ਦਵਾਈ ਲੈ," ਮਾਂ ਨੇ ਪੋਲੇ ਜਿਹੇ ਕਿਹਾ।

ਉਹਨੇ ਦਵਾਈ ਪੀਤੀ ਅਤੇ ਇੱਕ ਅੱਖ ਬੰਦ ਕਰ ਲਈ।

"ਮਰ ਤਾਂ ਮੈਂ ਹਰ ਹਾਲੇ ਜਾਣੈਂ, ਜੇ ਆਪਣਾ ਮੂੰਹ ਬੰਦ ਰੱਖਾਂ ਤਾਂ ਵੀ।"

ਉਹਨੇ ਦੂਜੀ ਅੱਖ ਨਾਲ਼ ਮਾਂ ਵੱਲ ਵੇਖਿਆ ਅਤੇ ਉਹਦੇ ਹੋਂਠ ਇੱਕ ਮੁਸਕਾਨ ਵਿੱਚ ਖੁੱਲ੍ਹ ਗਏ। ਮਾਂ ਨੇ ਆਪਣਾ ਸਿਰ ਨੀਵਾਂ ਕੀਤਾ ਅਤੇ ਤਰਸ ਦੀ ਇੱਕ ਤਿੱਖੀ ਤਰਾਟ ਨਾਲ਼ ਉਹਦੀਆਂ ਅੱਖਾਂ ਵਿੱਚ ਅੱਥਰੂ ਆ ਗਏ।

"ਕੋਈ ਗੱਲ ਨਹੀਂ — ਇਹ ਤਾਂ ਸੁਭਾਵਕ ਈ ਏ," ਯੇਗੋਰ ਨੇ ਕਿਹਾ। "ਜਿਊਣ ਦੀ ਖੁਸ਼ੀ ਵਿੱਚ ਮਰਨ ਦੀ ਲੋੜ ਵੀ ਸ਼ਾਮਲ ਏ।"

ਮਾਂ ਨੇ ਆਪਣਾ ਹੱਥ ਉਹਦੇ ਮੱਥੇ ਉੱਤੇ ਰੱਖਿਆ।

"ਤੂੰ ਜ਼ਰਾ ਨਿਚਲਾ ਨਹੀਂ ਰਹਿ ਸਕਦਾ?" ਉਹਨੇ ਪੋਲੇ ਜਿਹੇ ਕਿਹਾ।

ਉਹਨੇ ਅੱਖਾਂ ਬੰਦ ਕਰ ਲਈਆਂ, ਜਿਵੇਂ ਆਪਣੀ ਛਾਤੀ ਵਿਚਲੀ ਘਰੜ ਘਰੜ ਸੁਣ ਰਿਹਾ ਹੋਵੇ।

"ਨਿਚਲਾ ਰਹਿਣ ਦਾ ਕੋਈ ਲਾਭ ਨਹੀਂ, ਮਾਂ," ਉਹਨੇ ਅੜੀ ਕਰਦਿਆਂ ਕਿਹਾ। "ਇਹਦੇ 'ਚੋਂ ਮੈਨੂੰ ਕੀ ਮਿਲਣੈ? ਕੁਝ ਘੜੀਆਂ ਲੰਮੇਰੀ ਮੌਤ, ਇਚਰ ਮੈਂ ਤੇਰੇ ਜਿਹੀ ਚੰਗੀ ਜ਼ਨਾਨੀ ਨਾਲ਼ ਦੋ ਗੱਲਾਂ ਕਰਨ ਦੇ ਸਵਾਦੋਂ ਵਿਰਵਾ ਰਹਾਂਗਾ। ਮੈਨੂੰ ਪੱਕਾ ਨਿਸ਼ਚੈ ਕਿ ਅਗਲੀ ਦੁਨੀਆਂ ਦੇ ਲੋਕ ਇਸ ਦੁਨੀਆਂ ਦੇ ਲੋਕਾਂ ਜਿਹੇ ਚੰਗੇ ਨਹੀਂ ਹੋਣ ਲੱਗੇ।..."

"ਉਹ ਬੜੀ ਸਾਊ ਜ਼ਨਾਨੀ ਮੁੜ ਆਵੇਗੀ ਤੇ ਤੈਨੂੰ ਗੱਲਾਂ ਕਰਨ ਦੇਣ ਲਈ ਮੈਨੂੰ ਝਾੜ ਪਾਏਗੀ," ਮਾਂ ਨੇ ਫ਼ਿਕਰ ਨਾਲ਼ ਗੱਲ ਟੋਕੀ।

"ਉਹ ਕੋਈ ਸਾਊ ਜ਼ਨਾਨੀ ਨਹੀਂ। ਉਹ ਇਨਕਲਾਬੀ ਏ, ਇੱਕ ਸਾਥੀ ਅਤੇ ਇੱਕ ਬਹੁਤ ਸ਼ਾਨਦਾਰ ਜ਼ਨਾਨੀ। ਉਹ ਤੈਨੂੰ ਜ਼ਰੂਰ ਹੀ ਝਾੜ ਪਾਵੇਗੀ। ਉਹ ਹਰ ਇੱਕ ਨੂੰ ਝਾੜਦੀ ਏ।..."

ਹੌਲ਼ੀ ਹੌਲ਼ੀ ਅਤੇ ਆਪਣੇ ਬੁੱਲ੍ਹ ਹਿਲਾਉਂਦੇ ਹੋਏ, ਸਪਸ਼ਟ ਤੌਰ 'ਤੇ ਜ਼ੋਰ ਲਾਕੇ ਯੇਗੋਰ ਨੇ ਮਾਂ ਨੂੰ ਆਪਣੀ ਗਵਾਂਢਣ ਦੀ ਜੀਵਨ ਕਥਾ ਦੱਸਣੀ ਸ਼ੁਰੂ ਕਰ ਦਿੱਤੀ। ਉਹਦੀਆਂ ਅੱਖਾਂ ਵਿੱਚ ਚਮਕ ਸੀ ਅਤੇ ਮਾਂ ਨੇ ਮਹਿਸੂਸ ਕੀਤਾ ਕਿ ਉਹ ਉਹਨੂੰ ਜਾਣ ਬੁੱਝ ਕੇ ਛੇੜ ਰਿਹੈ।

"ਉਹ ਮਰ ਰਿਹੈ," ਮਾਂ ਨੇ ਉਹਦੇ ਸਿਲ੍ਹੇ, ਬਦਰੰਗ ਮੂੰਹ ਵੱਲ ਵੇਖਦੇ ਹੋਏ ਕਿਹਾ।

ਲਿਉਦਮੀਲਾ ਮੁੜ ਆਈ, ਉਹਨੇ ਧਿਆਨ ਨਾਲ਼ ਬੂਹਾ ਢੋਇਆ, ਤੇ ਮਾਂ ਵੱਲ ਮੁੜੀ।

"ਤੁਹਾਡੇ ਮਿੱਤਰ ਨੂੰ ਕੱਪੜੇ ਬਦਲਣੇ ਚਾਹੀਦੇ ਨੇ ਤੇ ਛੇਤੀ ਤੋਂ ਛੇਤੀ ਮੇਰੇ ਕਮਰੇ ਵਿੱਚੋਂ ਨਿਕਲ ਜਾਣਾ ਚਾਹੀਦੈ, ਸੋ ਤੂੰ ਜਾ ਤੇ ਉਹਦੇ ਪਾਉਣ ਲਈ ਕੁਝ ਕੱਪੜੇ ਲਿਆ। ਉਹ ਇੱਥੇ ਈ ਲੈ ਆ। ਬੜੀ ਮਾੜੀ ਗੱਲ ਏ ਸੋਫ਼ੀਆ ਇੱਥੇ ਨਹੀਂ — ਲੋਕਾਂ ਨੂੰ ਲੁਕਾਉਣਾ ਉਹਦਾ ਖ਼ਾਸ ਕੰਮ ਏ।"

"ਉਹ ਕੱਲ੍ਹ ਆ ਰਹੀ ਵੇ," ਮਾਂ ਨੇ ਆਪਣੀ ਸ਼ਾਲ ਮੋਢਿਆਂ ਉੱਤੇ ਸੁੱਟਦੇ ਹੋਏ ਕਿਹਾ।

ਜਦੋਂ ਕਦੀ ਉਹਨੂੰ ਕੋਈ ਕੰਮ ਦਿੱਤਾ ਜਾਂਦਾ, ਉਹ ਇਹਨੂੰ ਛੇਤੀ ਛੇਤੀ ਅਤੇ ਚੰਗੀ ਤਰ੍ਹਾਂ ਕਰਨ ਲਈ ਇੰਨੀ ਉਤਾਵਲੀ ਹੁੰਦੀ ਕਿ ਉਹ ਕੁਝ ਹੋਰ ਸੋਚ ਵੀ ਨਾ ਸਕਦੀ।

"ਤੁਹਾਡਾ ਕੀ ਖ਼ਿਆਲ ਏ ਉਹਨੂੰ ਕਿਹੋ ਜਿਹੇ ਕੱਪੜੇ ਪਾਉਣੇ ਚਾਹੀਦੇ ਨੇ?" ਮਾਂ ਨੇ

ਆਪਣੇ ਭਰਵੱਟੇ ਕਸਦੇ ਹੋਏ, ਵਿਹਾਰੀ ਢੰਗ ਨਾਲ਼ ਕਿਹਾ।

"ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਉਹਨੇ ਅੱਜ ਰਾਤੀਂ ਚਲੇ ਜਾਣੈ।..."

"ਰਾਤ ਸਗੋਂ ਮਾੜੀ ਹੁੰਦੀ ਵੇ — ਸੜਕਾਂ ਉੱਤੇ ਘੱਟ ਲੋਕ ਹੁੰਦੇ ਨੇ ਤੇ ਪੁਲੀਸ ਵਧੇਰੇ ਚੌਕਸ ਹੁੰਦੀ ਵੇ। ਉਹ ਕੋਈ ਬਹੁਤ ਚਲਾਕ ਵੀ ਨਹੀਂ।..."

ਯੇਗੋਰ ਭਾਰਾ ਜਿਹਾ ਹਾਸਾ ਹੱਸਿਆ।

"ਮੈਂ ਹਸਪਤਾਲ ਤੈਨੂੰ ਵੇਖਣ ਆ ਸਕਦੀ ਵਾਂ ?" ਮਾਂ ਨੇ ਪੁੱਛਿਆ।

ਉਹਨੇ ਸਿਰ ਹਿਲਾਇਆ ਅਤੇ ਖੰਘਿਆ।

"ਤੂੰ ਉਹਦੀ ਸੇਵਾ ਕਰਨ ਵਿੱਚ ਮੇਰੇ ਨਾਲ਼ ਵਾਰੀ ਦੇਵੇਂਗੀ ?" ਲਿਉਦਮੀਲਾ ਨੇ ਆਪਣੀਆਂ ਕਾਲ਼ੀਆਂ ਅੱਖਾਂ ਨਾਲ਼ ਮਾਂ ਵੱਲ ਵੇਖਦੇ ਹੋਏ ਕਿਹਾ। "ਦੇਵੇਂਗੀ ? ਬਹੁਤ ਅੱਛਾ ! ਪਰ ਹੁਣ ਤੂੰ ਛੇਤੀ ਤੋਂ ਛੇਤੀ ਚਲੀ ਜਾ।..."

ਉਹਨੇ ਸਨੇਹ ਨਾਲ਼ ਪਰ ਹਾਕਮਾਨਾ ਢੰਗ ਨਾਲ਼ ਮਾਂ ਨੂੰ ਬਾਹੋਂ ਫੜਿਆ ਅਤੇ ਉਹਨੂੰ ਬੂਹੇ ਵੱਲ ਲੈ ਗਈ।

"ਇਉਂ ਕੱਢਣ 'ਤੇ ਗੁੱਸਾ ਨਾ ਕਰੀਂ," ਜਦੋਂ ਉਹ ਬਾਹਰ ਆ ਗਈਆਂ ਤਾਂ ਉਹਨੇ ਠਰ੍ਹੰਮੇ ਨਾਲ਼ ਕਿਹਾ, "ਪਰ ਉਹਨੂੰ ਬੋਲਣਾ ਨਹੀਂ ਚਾਹੀਦਾ।... ਮੈਨੂੰ ਅਜੇ ਵੀ ਆਸ ਏ।..."

ਉਹਨੇ ਆਪਣੇ ਹੱਥ ਘੁੱਟੇ ਇੱਥੋਂ ਤੱਕ ਕਿ ਹੱਡੀਆਂ ਕੜਕ ਗਈਆਂ ਅਤੇ ਥਕੇਵੇਂ ਨਾਲ਼ ਅੱਖਾਂ ਮੀਟ ਲਈਆਂ।...

ਉਹਦੀ ਖਰੀ ਗੱਲ ਨੇ ਮਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਸੀ।

"ਓ ਜਿੰਦੇ ਮੇਰੀਏ, ਕੀ ਪਈ ਕਹਿਨੀ ਵੇਂ ?" ਉਹ ਬੁੜਬੁੜਾਈ।

"ਧਿਆਨ ਰੱਖੀਂ ਕੋਈ ਜਸੂਸ ਤੇਰੇ ਪਿੱਛੇ ਨਾ ਲੱਗ ਜਾਵੇ !" ਇਸਤਰੀ ਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ, ਉਹਨੇ ਆਪਣੇ ਹੱਥ ਪੁੜਪੁੜੀਆਂ ਤੱਕ ਚੁੱਕੇ ਅਤੇ ਉਹਨਾਂ ਨੂੰ ਮਲਣ ਲੱਗ ਪਈ। ਉਹਦੇ ਬੁੱਲ੍ਹ ਕੰਬੇ ਅਤੇ ਉਹਦੇ ਮੂੰਹ ਦੀ ਨੁਹਾਰ ਨਰਮ ਪੈ ਗਈ।

"ਉਹਨਾਂ ਬਾਰੇ ਮੈਂ ਸਭ ਕੁਝ ਜਾਣਦੀ ਵਾਂ," ਮਾਂ ਨੇ ਕਿਹਾ, ਉਹਦੀ ਅਵਾਜ਼ ਮਾਣ ਤੋਂ ਖ਼ਾਲੀ ਨਹੀਂ ਸੀ।

ਜਦੋਂ ਉਹ ਫਾਟਕ ਤੋਂ ਬਾਹਰ ਗਈ ਤਾਂ ਉਹ ਇੱਕ ਛਿਣ ਰੁੱਕ ਗਈ, ਆਪਣੀ ਸ਼ਾਲ ਸੰਵਾਰੀ ਅਤੇ ਅਜਿਹਾ ਕਰਦੇ ਹੋਏ ਕਾਹਲੀ ਕਾਹਲੀ ਅਤੇ ਸਾਵਧਾਨੀ ਨਾਲ਼ ਆਪਣੇ ਆਲੇ ਦੁਆਲੇ ਵੇਖਿਆ। ਜਦੋਂ ਭੀੜ ਵਿੱਚ ਚਿਟ-ਕੱਪੜੀਏ ਪੁਲਸੀਆਂ ਨੂੰ ਪਛਾਣਨ ਦੀ ਗੱਲ ਹੋਵੇ ਤਾਂ ਉਹ ਘੱਟ ਵੱਧ ਹੀ ਗ਼ਲਤੀ ਕਰਦੀ ਸੀ; ਉਹਨਾਂ ਦੀ ਚਾਲ ਵਿੱਚ ਵਧਾਈ ਚੜ੍ਹਾਈ ਲਾਪ੍ਰਵਾਹੀ, ਉਹਨਾਂ ਦੀਆਂ ਹਰਕਤਾਂ ਦਾ ਗ਼ੈਰ-ਕੁਦਰਤੀ ਸੌਖ, ਉਹਨਾਂ ਦੇ ਮੂੰਹ ਉੱਤੇ ਥਕਾਵਟ ਅਤੇ ਅਕੇਵੇਂ ਦਾ ਭਾਵ, ਜਿਹੜਾ ਉਹਨਾਂ ਦੀਆਂ ਚਲਾਕ ਅੱਖਾਂ ਵਿਚਲੀ ਦੋਸ਼ੀ, ਸੋਘੀ ਦਿਖ ਨੂੰ ਲੁਕਾ ਨਹੀਂ ਸੀ ਸਕਦਾ, ਉਹਨਾਂ ਤੋਂ ਮਾਂ ਚੰਗੀ ਤਰ੍ਹਾਂ ਜਾਣੂ ਸੀ।

ਅਜਿਹੇ ਕਿਸੇ ਬੰਦੇ ਨੂੰ ਨਾ ਵੇਖਦੇ ਹੋਏ, ਉਹ ਕਾਹਲੀ ਕਾਹਲੀ ਸੜਕ 'ਤੇ ਚਲਦੀ ਗਈ ਅਤੇ ਇੱਕ ਦਰੋਸ਼ਕੀ ਨੂੰ ਰੋਕਿਆ ਅਤੇ ਕੋਚਵਾਨ ਨੂੰ ਕਿਹਾ ਕਿ ਉਹ ਮੰਡੀ ਵੱਲ ਚੱਲੇ।

ਨਿਕੋਲਾਈ ਲਈ ਕੋਟ ਚੁਣਦੇ ਹੋਏ ਉਹਨੇ ਮੁੱਲ ਬਾਰੇ ਬਹੁਤ ਝਗੜਾ ਕੀਤਾ ਅਤੇ ਆਪਣੇ ਫ਼ਰਜ਼ੀ ਘਰ ਵਾਲ਼ੇ ਨੂੰ ਗਾਹਲਾਂ ਕੱਢਦੀ ਰਹੀ, ਜਿਹੜਾ ਇੰਨਾ ਪਿਅਕੜ ਸੀ ਕਿ ਉਹਦੇ ਲਈ ਲਗਭਗ ਹਰ ਮਹੀਨੇ ਨਵੇਂ ਕੱਪੜੇ ਮੁੱਲ ਲੈਣੇ ਪੈਂਦੇ। ਉਹਦੀ ਘਾੜਤ ਦਾ ਹੱਟੀ ਵਾਲ਼ੇ ’ਤੇ ਤਾਂ ਕੋਈ ਅਸਰ ਨਾ ਹੋਇਆ, ਪਰ ਉਹ ਆਪ ਬਹੁਤ ਖੁਸ਼ ਹੋਈ, ਕਿਉਂਕਿ ਦਰੋਸ਼ਕੀ* ਵਿੱਚ ਉਹ ਇਸ ਸਿੱਟੇ ’ਤੇ ਅੱਪੜੀ ਸੀ ਕਿ ਇਹ ਜਾਣਦੇ ਹੋਏ ਕਿ ਨਿਕੋਲਾਈ ਨੂੰ ਕੱਪੜਿਆਂ ਦੀ ਲੋੜ ਹੋਵੇਗੀ, ਪੁਲੀਸ ਜ਼ਰੂਰ ਹੀ ਮੰਡੀ ਵਿੱਚ ਜਾਸੂਸ ਭੇਜੇਗੀ। ਉਸੇ ਹੀ ਸਿੱਧੜ ਧਿਆਨ ਨਾਲ਼ ਉਹ ਯੇਗੋਰ ਦੇ ਫ਼ਲੈਟ ਵਿੱਚ ਮੁੜੀ ਅਤੇ ਫਿਰ ਉਹਨੂੰ ਨਿਕੋਲਾਈ ਨੂੰ ਸ਼ਹਿਰੋ ਬਾਹਰ ਤੱਕ ਪੁਚਾਉਣਾ ਪਿਆ। ਉਹ ਸੜਕ ਦੇ ਵੱਖ ਵੱਖ ਪਾਸਿਆਂ ਉੱਤੇ ਚਲਦੇ ਗਏ ਅਤੇ ਮਾਂ ਨਿਕੋਲਾਈ ਨੂੰ ਸਿਰ ਨੀਵਾਂ ਕਰੀ, ਉਹਦੇ ਲੰਮੇ, ਲਾਖੇ ਕੋਟ ਦਾ ਘੇਰਾ ਉਹਦੀਆਂ ਲੱਤਾਂ ਵਿੱਚ ਫਸਦਾ, ਉਹਦਾ ਹੈਟ ਘੜੀ ਮੁੜੀ ਉਹਦੇ ਨੱਕ ਉੱਤੇ ਡਿੱਗਦਾ ਵੇਖ ਕੇ ਖੁਸ਼ ਸੀ ਅਤੇ ਦਿਲ ਹੀ ਦਿਲ ਵਿੱਚ ਹੱਸਦੀ। ਇੱਕ ਉਜਾੜ ਜਿਹੀ ਗਲ਼ੀ ਵਿੱਚ ਸਾਸ਼ਾ ਉਹਨਾਂ ਨੂੰ ਮਿਲੀ, ਮਾਂ ਨੇ ਸਿਰ ਹਿਲਾਕੇ ਵੇਸੋਵਸ਼ਚੀਕੋਵ ਨੂੰ ਇਸ਼ਾਰਾ ਕੀਤਾ ਅਤੇ ਘਰ ਮੁੜ ਪਈ।

“ਪਰ ਪਾਵੇਲ ਅਜੇ ਵੀ ਜੇਲ੍ਹ ਵਿੱਚ ਏ।... ਤੇ ਆਂਦਰੇਈ।...” ਉਹਨੇ ਦੁੱਖ ਨਾਲ਼ ਸੋਚਿਆ।

## 10

ਨਿਕੋਲਾਈ ਬਹੁਤ ਘਾਬਰਿਆ ਹੋਇਆ ਮਾਂ ਨੂੰ ਮਿਲਿਆ।

“ਯੇਗੋਰ ਦੀ ਹਾਲਤ ਭੈੜੀ ਏ!” ਉਹ ਕੂਕਿਆ। “ਬਹੁਤ ਹੀ ਭੈੜੀ ਏ! ਉਹ ਉਹਨੂੰ ਹਸਪਤਾਲ ਲੈ ਗਏ ਨੇ। ਲਿਉਦਮੀਲਾ ਆਈ ਸੀ ਤੇ ਤੈਨੂੰ ਆਉਣ ਲਈ ਕਹਿ ਗਈ ਏ।...”

“ਹਸਪਤਾਲ?”

ਨਿਕੋਲਾਈ ਨੇ ਘਬਰਾਹਟ ਨਾਲ਼ ਆਪਣੀ ਐਨਕ ਨੂੰ ਥੋੜ੍ਹਾ ਉੱਚਾ ਕੀਤਾ ਅਤੇ ਜੈਕਟ ਪਾਉਣ ਵਿੱਚ ਮਾਂ ਦੀ ਸਹਾਇਤਾ ਕੀਤੀ।

“ਲੈ, ਐਹ ਪੈਕਟ ਆਪਣੇ ਨਾਲ਼ ਲੈ ਜਾ,” ਉਹਨੇ ਮਾਂ ਦੀਆਂ ਉਂਗਲਾਂ ਆਪਣੇ ਨਿੱਘੇ ਸੁੱਕੇ ਹੱਥ ਨਾਲ਼ ਘੁੱਟਦੇ ਹੋਏ ਕੰਬਦੀ ਅਵਾਜ਼ ਵਿੱਚ ਕਿਹਾ। “ਵੇਸੋਵਸ਼ਚੀਕੋਵ ਠੀਕ ਠਾਕ ਏ?”

“ਹਾਂ।...”

“ਮੈਂ ਯੇਗੋਰ ਨੂੰ ਵੇਖਣ ਆਵਾਂਗਾ।...”

ਥਕਾਵਟ ਨਾਲ਼ ਮਾਂ ਦਾ ਸਿਰ ਚਕਰਾ ਰਿਹਾ ਸੀ। ਅਤੇ ਨਿਕੋਲਾਈ ਦੀ ਘਬਰਾਹਟ ਨੇ ਉਹਦੇ ਦਿਲ ਵਿੱਚ ਤਬਾਹੀ ਦਾ ਉਦਾਸ ਤੌਖਲਾ ਅਗਾਊਂ ਜਗਾ ਦਿੱਤਾ।

“ਉਹ ਮਰ ਰਿਹੈ,” ਇਹ ਡਰਾਉਣਾ ਵਿਚਾਰ ਉਹਦੇ ਦਿਲ ਵਿੱਚ ਹੌਲ਼ੀ ਹੌਲ਼ੀ ਧੜਕਦਾ ਰਿਹਾ।

ਪਰ ਜਦੋਂ ਉਹ ਉਸ ਸਾਫ਼ ਰੌਸ਼ਨ, ਨਿੱਕੇ ਕਮਰੇ ਵਿੱਚ ਵੜੀ ਜਿੱਥੇ ਯੇਗੋਰ ਚਿੱਟੇ

* ਦਰੋਸ਼ਕੀ — ਚਾਰ ਪਹੀਆਂ ਵਾਲ਼ੀ ਨੀਵੀਂ ਰੂਸੀ ਗੱਡੀ। — **ਅਨੁ:**

ਸਿਰਹਾਨਿਆਂ ਦੇ ਢੇਰ ਸਹਾਰੇ ਬੈਠਾ ਘੱਗਾ ਹਾਸਾ ਹੱਸ ਰਿਹਾ ਸੀ ਤਾਂ ਉਹਦੀ ਤਸੱਲੀ ਹੋ ਗਈ। ਉਹ ਮੁਸਕਰਾਉਂਦੀ ਦਰਵਾਜ਼ੇ ਕੋਲ਼ ਖੜੋ ਗਈ ਅਤੇ ਉਹਦੀ ਗੱਲ ਸੁਣਨ ਲੱਗ ਪਈ।

"ਬਿਮਾਰਾਂ ਦਾ ਇਲਾਜ ਕਰਨਾ ਸੁਧਾਰ ਲਾਗੂ ਕਰਨ ਵਾਂਗ ਏ।..."

"ਜ਼ਰਾ ਗੰਭੀਰ ਹੋਕੇ ਗੱਲ ਕਰ, ਯੇਗੋਰ!" ਡਾਕਟਰ ਨੇ ਫ਼ਿਕਰ ਭਰੀ ਅਵਾਜ਼ ਵਿੱਚ ਕਿਹਾ।

"ਪਰ ਮੈਂ ਇਨਕਲਾਬੀ ਹਾਂ ਤੇ ਮੈਂ ਸੁਧਾਰਾਂ ਨੂੰ ਘਿਰਣਾ ਕਰਦਾਂ।..."

ਡਾਕਟਰ ਨੇ ਪੋਲੇ ਜਿਹੇ ਯੇਗੋਰ ਦਾ ਹੱਥ ਉਹਦੀ ਗੋਦ ਵਿੱਚ ਰੱਖ ਦਿੱਤਾ ਅਤੇ ਖੜ੍ਹਾ ਹੋ ਗਿਆ, ਉਹ ਆਪਣੇ ਮਰੀਜ਼ ਦੇ ਮੂੰਹ ਦੀ ਸੋਜ ਵੇਖਦੇ ਹੋਏ ਸੋਚਦਾ ਹੋਇਆ ਆਪਣੀ ਦਾੜ੍ਹੀ ਪਲੋਸਦਾ ਰਿਹਾ।

ਮਾਂ ਡਾਕਟਰ ਨੂੰ ਚੰਗੀ ਤਰ੍ਹਾਂ ਜਾਣਦੀ ਸੀ, ਉਹ ਨਿਕੋਲਾਈ ਦੇ ਸਭ ਤੋਂ ਗੂੜ੍ਹੇ ਦੋਸਤਾਂ ਵਿੱਚੋਂ ਇੱਕ ਸੀ ਅਤੇ ਉਹਦਾ ਨਾਂ ਈਵਾਨ ਦਾਨੀਲੋਵਿਚ ਸੀ। ਉਹ ਯੇਗੋਰ ਕੋਲ਼ ਗਈ, ਜਿਸਨੇ ਜੀਭ ਕੱਢ ਕੇ ਉਹਦਾ ਸੁਆਗਤ ਕੀਤਾ। ਡਾਕਟਰ ਮੁੜਿਆ।

"ਆਹ, ਨਿਲੋਵਨਾ! ਹਲੋ! ਤੇਰੇ ਹੱਥ ਵਿੱਚ ਕੀ ਏ?"

"ਮੇਰਾ ਖ਼ਿਆਲ ਏ, ਕਿਤਾਬਾਂ," ਯੇਗੋਰ ਨੇ ਕਿਹਾ।

"ਉਹਨੂੰ ਪੜ੍ਹਨਾ ਨਹੀਂ ਚਾਹੀਦਾ," ਮਧਰੇ ਡਾਕਟਰ ਨੇ ਕਿਹਾ।

"ਇਹ ਤਾਂ ਮੈਨੂੰ ਬੁਧੂ ਬਣਾ ਦੇਣਾ ਚਾਹੁੰਦੈ!" ਮਰੀਜ਼ ਨੇ ਗਿਲਾ ਕੀਤਾ।

ਜਦੋਂ ਉਹ ਨਿੱਕੇ ਨਿੱਕੇ ਉੱਭੇ ਸਾਹ ਲੈ ਰਿਹਾ ਸੀ ਤਾਂ ਉਹਦੀ ਛਾਤੀ ਵਿੱਚੋਂ ਬੁੜ-ਬੁੜ ਕਰਦੀ ਅਤੇ ਚੀਕਦੀ ਅਵਾਜ਼ ਆਉਂਦੀ। ਉਹਦੇ ਮੂੰਹ ਉੱਤੇ ਪਸੀਨੇ ਦੇ ਨਿੱਕੇ ਨਿੱਕੇ ਕਤਰੇ ਸਨ ਅਤੇ ਉਹ ਬਹੁਤ ਔਖ ਨਾਲ਼ ਹੱਥ ਚੁੱਕ ਕੇ ਉਹਨਾਂ ਨੂੰ ਪੂੰਝਦਾ। ਉਹਦੀਆਂ ਫੁੱਲੀਆਂ ਗੱਲ੍ਹਾਂ ਦੀ ਅਜੀਬ ਬੇਹਰਕਤੀ ਉਹਦੇ ਚੌੜੇ, ਦਿਆਲ ਮੂੰਹ ਨੂੰ ਇੱਕ ਬੇਜਾਨ ਮੁਖੌਟਾ ਜਿਹਾ ਬਣਾ ਦੇਂਦੀ। ਕੇਵਲ ਉਹਦੀਆਂ ਅੱਖਾਂ, ਸੁੱਜੇ ਮੂੰਹ ਵਿੱਚ ਡੂੰਘੀਆਂ ਧਸੀਆਂ, ਸਾਫ਼, ਦਿਆਲ ਮੁਸਕਾਨ ਨਾਲ਼ ਵੇਖ ਰਹੀਆਂ ਸਨ।

"ਓਏ, ਈਸਕੂਲਾਪੀਅਸ,* ਮੈਂ ਥੱਕ ਗਿਆ। ਲੇਟ ਜਾਵਾਂ?"

"ਨਹੀਂ, ਉੱਕਾ ਹੀ ਨਹੀਂ," ਡਾਕਟਰ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਤੇਰੇ ਜਾਂਦਿਆਂ ਈ ਮੈਂ ਲੇਟ ਜਾਣੈਂ।..."

"ਇਹਨੂੰ ਲੇਟਣ ਦਾ ਦਈ ਨਿਲੋਵਨਾ! ਸਿਰਹਾਣੇ ਫੁੱਲਾ ਦੇ। ਤੇ ਵਾਸਤਾ ਈ ਇਹਨੂੰ ਬੋਲਣ ਦਾ ਦਈਂ, ਇਸ ਨਾਲ਼ ਬਹੁਤ ਨੁਕਸਾਨ ਹੁੰਦਾ ਏ।..."

ਮਾਂ ਨੇ ਸਿਰ ਹਿਲਾਇਆ ਅਤੇ ਡਾਕਟਰ ਨਿੱਕੇ, ਛੁਹਲੇ ਕਦਮ ਪੁੱਟਦਾ ਬਾਹਰ ਚਲਾ ਗਿਆ। ਯੇਗੋਰ ਨੇ ਆਪਣਾ ਸਿਰ ਪਿੱਛੇ ਸੁੱਟਿਆ, ਅੱਖਾਂ ਬੰਦ ਕਰ ਲਈਆਂ ਅਤੇ ਉਂਗਲਾਂ ਦੇ ਫਰਕਣ ਤੋਂ ਬਿਨਾਂ ਉੱਕਾ ਅਹਿਲ ਹੋ ਗਿਆ। ਨਿੱਕੇ ਕਮਰੇ ਦੀਆਂ ਚਿੱਟੀਆਂ ਕੰਧਾਂ ਠੰਢੀਆਂ ਅਤੇ ਉਦਾਸ ਕਰਨ ਵਾਲ਼ੀਆਂ ਸਨ। ਵੱਡੀ ਬਾਰੀ ਵਿੱਚੋਂ ਲਾਈਮ ਦੇ ਰੁੱਖਾਂ ਦੀਆਂ ਘੁੰਗਰਾਲੀਆਂ ਟੀਸੀਆਂ ਦਿੱਸਦੀਆਂ ਸਨ, ਉਹਨਾਂ ਦੇ ਸੰਘਣੇ, ਮਿਟਿਆਲੇ ਪੱਤਿਆਂ ਵਿੱਚ

* ਡਾਕਟਰੀ ਇਲਾਜ ਦਾ ਯੂਨਾਨੀ ਦੇਵਤਾ। — **ਅਨੁ:**

ਪੀਲ਼ੇ ਧੱਬੇ ਸਨ — ਆਉਂਦੀ ਪਤ-ਝੜ ਦੀ ਠੰਢੀ ਛੁਹ।

"ਮੌਤ ਹੌਲ਼ੀ ਹੌਲ਼ੀ... ਅਤੇ ਰੁਕਦੀ ਰੁਕਦੀ ਮੇਰੇ ਉੱਤੇ ਹੱਕ ਜਮਾ ਰਹੀ ਏ," ਯੇਗੋਰ ਨੇ ਅੱਖਾਂ ਖੋਹਲੇ ਬਗ਼ੈਰ ਕਿਹਾ। "ਜਾਪਦੈ ਉਹਨੂੰ ਵੀ ਮੇਰੇ ਉੱਤੇ ਤਰਸ ਆਉਂਦੈ — ਮੇਰੀ ਲੋਕਾਂ ਨਾਲ਼ ਸਦਾ ਹੀ ਬਣ ਜਾਂਦੀ ਸੀ।..."

"ਚੁੱਪ ਕਰ ਜਾ ਯੇਗੋਰ ਈਵਾਨੋਵਿਚ," ਮਾਂ ਨੇ ਉਹਦਾ ਹੱਥ ਪਲੋਸਦੇ ਹੋਏ ਤਰਲਾ ਕੀਤਾ।

"ਕਰ ਜਾਂਗਾ — ਛੇਤੀ ਹੀ।..."

ਬਹੁਤ ਜਤਨ ਕਰਕੇ ਉਹ ਬੋਲੀ ਗਿਆ, ਉਖੜੇ ਉਖੜੇ ਸਾਹ ਲੈਂਦਾ, ਆਪਣੀ ਗੱਲ ਲੰਮੇ ਸਮੇਂ ਲਈ ਟੋਕਦਾ।

"ਬੜੀ ਚੰਗੀ ਗੱਲ ਏ ਤੂੰ ਸਾਡੇ ਨਾਲ਼ ਏਂ — ਤੇਰੀ ਸ਼ਕਲ ਵੇਖਣਾ ਕਿੰਨਾ ਚੰਗਾ ਲੱਗਦੈ। ਕਈ ਵਾਰ ਮੈਂ ਹੈਰਾਨ ਹੁੰਦਾਂ।...ਤੇਰੇ ਨਾਲ਼ ਕੀ ਵਾਪਰੇਗੀ ? ਇਹ ਸੋਚ ਕੇ ਤਰਸ ਆਉਂਦੈ ਕਿ ਤੂੰ — ਸਾਡੇ ਬਾਕੀ ਸਾਰਿਆਂ ਵਾਂਗ — ਜ਼ਰੂਰ ਜੇਲ੍ਹ ਜਾਵੇਂਗੀ।... ਅਤੇ ਹੋਰ ਸਭ ਕੁਝ।... ਤੂੰ ਜੇਲ੍ਹ ਜਾਣੋਂ ਡਰਦੀ ਏਂ ?"

"ਨਹੀਂ !" ਮਾਂ ਨੇ ਸਾਦਾ ਜਵਾਬ ਦਿੱਤਾ।

"ਸੱਚਮੁਚ ਨਹੀਂ। ਪਰ ਫਿਰ ਵੀ।... ਜੇਲ੍ਹ ਕੁੱਤੀ ਥਾਂ ਏ। ਮੇਰਾ ਇਹ ਹਾਲ ਜੇਲ੍ਹ ਨੇ ਹੀ ਕੀਤੈ। ਸੱਚ ਦਸਾਂ — ਮੈਂ ਮਰਨਾ ਨਹੀਂ ਚਾਹੁੰਦਾ।..."

ਮਾਂ ਕਹਿਣ ਹੀ ਵਾਲ਼ੀ ਸੀ, "ਸ਼ੈਦ ਤੂੰ ਨਹੀਂ ਮਰੇਂਗਾ," ਪਰ ਉਹਦੇ ਮੂੰਹ ਉੱਤੇ ਇੱਕ ਨਿਗਾਹ ਨੇ ਉਹਦਾ ਮਨ ਬਦਲ ਦਿੱਤਾ।

"ਮੈਂ ਅਜੇ ਵੀ ਕੰਮ ਕਰ ਸਕਦਾਂ।... ਜੇ ਮੈਂ ਕੰਮ ਨਾ ਕਰ ਸਕਦਾ ਤਾਂ — ਜਿਊਣ ਦਾ ਕੋਈ ਹੱਜ ਨਹੀਂ ਸੀ — ਕੋਈ ਹੱਜ ਨਹੀਂ ਸੀ।..."

ਮਾਂ ਨੇ ਹਉਕਾ ਭਰਿਆ ਅਤੇ ਆਂਦਰੇਈ ਦੀ ਮਨ-ਪਸੰਦ ਗੱਲ ਚੇਤੇ ਕੀਤੀ: "ਸੱਚ ਏ, ਪਰ ਬਹੁਤ ਸੁਖਾਵਾਂ ਨਹੀਂ।" ਉਹਦਾ ਦਿਨ ਬਹੁਤ ਥਕੇਵੇਂ ਭਰਿਆ ਲੰਘਿਆ ਸੀ ਅਤੇ ਉਹ ਭੁੱਖੀ ਸੀ। ਬਿਮਾਰ ਬੰਦੇ ਦੀ ਅਕਾਊ, ਸਿਲ੍ਹੀ ਬੁੜਬੁੜ ਕਮਰੇ ਨੂੰ ਭਰ ਰਹੀ ਸੀ ਅਤੇ ਨਿਤਾਣੀ ਤਰ੍ਹਾਂ ਕਮਰੇ ਦੀਆਂ ਕੂਲੀਆਂ ਕੰਧਾਂ ਉੱਤੇ ਚੜ੍ਹ ਰਹੀ ਸੀ; ਬਾਹਰ ਲਾਈਮਾਂ ਦੀਆਂ ਚੋਟੀਆਂ ਨੀਵੇਂ ਬੱਦਲਾਂ ਵਾਂਗ ਸਨ, ਚੌਂਕਾਂ ਦੇਣ ਵਾਲ਼ੇ ਢੰਗ ਨਾਲ਼ ਹਨੇਰੀਆਂ ਅਤੇ ਉਦਾਸ। ਘੁਸਮੁਸੇ ਦੀ ਅਹਿਲਤਾ ਵਿੱਚ, ਰਾਤ ਦੀ ਨਿਰਾਸ਼ ਉਡੀਕ ਵਿੱਚ ਹਰ ਸ਼ੈਅ ਅਣੋਖੀ ਤਰ੍ਹਾਂ ਬੇਹਰਕਤ ਸੀ।

"ਮੇਰਾ ਕਿੰਨਾ ਬੁਰਾ ਹਾਲ ਏ !" ਯੇਗੋਰ ਨੇ ਅੱਖਾਂ ਬੰਦ ਕਰਦੇ ਹੋਏ ਕਿਹਾ।

"ਸੌਂ ਜਾ," ਮਾਂ ਨੇ ਕਿਹਾ। "ਸ਼ੈਦ ਇਉਂ ਸੁੱਖ ਜਾਪੇ।"

ਉਹ ਉਹਦੇ ਸਾਹ ਦੀ ਅਵਾਜ਼ ਸੁਣਦੀ ਰਹੀ, ਆਲੇ ਦੁਆਲੇ ਵੇਖਿਆ ਅਤੇ ਕੁਝ ਮਿੰਟ ਹਿੱਲੇ ਬਿਨਾਂ ਬੈਠੀ ਰਹੀ, ਠੰਢੇ ਗ਼ਮ ਦੀ ਜਕੜੀ; ਫਿਰ ਉਹਨੂੰ ਊਂਘ ਆ ਗਈ।

ਦਰਵਾਜ਼ੇ ਕੋਲ਼ ਦੱਬੀ ਜਿਹੀ ਅਵਾਜ਼ ਨੇ ਉਹਨੂੰ ਜਗਾ ਦਿੱਤਾ। ਉਹ ਤ੍ਰਭਕ ਗਈ ਅਤੇ ਵੇਖਿਆ ਕਿ ਯੇਗੋਰ ਦੀਆਂ ਅੱਖਾਂ ਖੁੱਲ੍ਹੀਆਂ ਹਨ।

"ਮੈਨੂੰ ਊਂਘ ਆ ਗਈ ਹੋਣੀ ਏ," ਮਾਂ ਨੇ ਹੌਲ਼ੀ ਜਿਹੇ ਕਿਹਾ। "ਮਾਫ਼ ਕਰਨਾ।"

“ਮਾਫ਼ੀ ਤਾਂ ਮੈਨੂੰ ਦਿੱਤੀ ਜਾਣੀ ਚਾਹੀਦੀ ਏ,” ਯੇਗੋਰ ਨੇ ਉਸੇ ਨਰਮੀ ਨਾਲ਼ ਕਿਹਾ।

ਬਾਰੀ ਵਿੱਚੋਂ ਹਨੇਰਾ ਝਾਤਾਂ ਮਾਰ ਰਿਹਾ ਸੀ। ਧੁੰਦਲੀ ਠੰਢੀਰ ਨੇ ਉਹਦੀਆਂ ਅੱਖਾਂ ’ਤੇ ਪਰਦਾ ਜਿਹਾ ਪਾ ਦਿੱਤਾ ਅਤੇ ਹਰ ਸ਼ੈਅ ਅਜੀਬ ਤਰ੍ਹਾਂ ਮੱਧਮ ਪੈ ਗਈ ਸੀ। ਬਿਮਾਰ ਆਦਮੀ ਦੇ ਮੂੰਹ ਉੱਤੇ ਇੱਕ ਕਾਲ਼ਾ ਪਰਛਾਵਾਂ ਫਿਰ ਗਿਆ।

ਮਾਂ ਨੂੰ ਘੱਗਰੀ ਦੀ ਸਰ ਸਰ ਸੁਣਾਈ ਦਿੱਤੀ ਤੇ ਲਿਉਦਮੀਲਾ ਦੀ ਅਵਾਜ਼।

“ਹਨੇਰੇ ਵਿੱਚ ਬੈਠੇ ਅਤੇ ਰਲ ਕੇ ਘੁਰ ਘੁਰ ਕਰੀ ਜਾਂਦੇ ਓ ? ਬਟਨ ਕਿੱਥੇ ਏ ?”

ਅਚਾਨਕ ਕਮਰੇ ਵਿੱਚ ਤੇਜ਼, ਥੋਰੀ ਚਾਨਣ ਫਿਰ ਭਰ ਗਿਆ ਅਤੇ ਲਿਉਦਮੀਲਾ ਦਾ ਸਿੱਧਾ ਕਾਲ਼ਾ ਅਕਾਰ ਇਹਦੇ ਵਿਚਕਾਰ ਖੜਾ ਸੀ।

ਯੇਗੋਰ ਦੀ ਸਾਰੀ ਦੇਹ ਉੱਤੇ ਇੱਕ ਜ਼ੋਰਦਾਰ ਕੰਬਣੀ ਫਿਰ ਗਈ। ਉਹਨੇ ਆਪਣਾ ਹੱਥ ਛਾਤੀ ਵੱਲ ਵਧਾਇਆ।

“ਕੀ ਗੱਲ ਏ ?” ਲਿਉਦਮੀਲਾ ਨੱਠ ਕੇ ਉਹਦੇ ਵੱਲ ਜਾਂਦੀ ਹੋਈ ਕੂਕੀ।

ਉਹ ਮਾਂ ਉੱਤੇ ਅੱਖਾਂ ਗੱਡੀ ਤਾੜੀ ਲਾਕੇ ਵੇਖ ਰਿਹਾ ਸੀ, ਅੱਖਾਂ ਜਿਹੜੀਆਂ ਹੁਣ ਵੱਡੀਆਂ ਅਤੇ ਅਜੀਬ ਤਰ੍ਹਾਂ ਲਿਸ਼ਕਦੀਆਂ ਜਾਪਦੀਆਂ ਸਨ।

ਮੂੰਹ ਚੌੜੀ ਤਰ੍ਹਾਂ ਖੋਹਲ ਕੇ ਉਹਨੇ ਆਪਣਾ ਸਿਰ ਚੁੱਕਿਆ ਅਤੇ ਕਿਸੇ ਸ਼ੈਅ ਵੱਲ ਹੱਥ ਵਧਾਇਆ। ਮਾਂ ਨੇ ਧਿਆਨ ਨਾਲ਼ ਉਹਦਾ ਹੱਥ ਫੜ ਲਿਆ। ਅਤੇ ਉਹਦੇ ਮੂੰਹ ਵੱਲ ਵੇਖਣ ਲੱਗ ਪਈ, ਉਹ ਤਾਂ ਸਾਹ ਲੈਣ ਦੀ ਵੀ ਹਿੰਮਤ ਨਹੀਂ ਸੀ ਕਰ ਰਹੀ। ਜ਼ੋਰ ਦੇ ਕੜਵਲ ਨਾਲ਼ ਉਹਨੇ ਆਪਣਾ ਸਿਰ ਪਿੱਛੇ ਸੁੱਟਿਆ ਅਤੇ ਉੱਚੀ ਅਵਾਜ਼ ਵਿੱਚ ਕਿਹਾ:

“ਮੈਂ ਨਹੀਂ ਰਹਿ ਸਕਦਾ ! ਸਭ ਖ਼ਤਮ ਹੋ ਗਿਐ !...”

ਉਹਦੀ ਦੇਹ ਥੋੜ੍ਹੀ ਜਿਹੀ ਕੰਬੀ, ਉਹਦਾ ਸਿਰ ਢਿਲਕ ਕੇ ਮੋਢੇ ਉੱਤੇ ਡਿੱਗ ਪਿਆ ਅਤੇ ਬਿਸਤਰੇ ਉੱਤੇ ਲਟਕੇ ਬਲਬ ਦੀ ਲੋਅ ਉਹਦੀਆਂ ਚੁਪੱਟ ਖੁੱਲ੍ਹੀਆਂ ਅੱਖਾਂ ਵਿੱਚੋਂ ਬੇਜਾਨ ਢੰਗ ਨਾਲ਼ ਪਰਤੀ।

“ਹਾਏ ਨੀ ਮੇਰੀਏ ਜਿੰਦੇ।” ਮਾਂ ਨੇ ਹੌਲ਼ੀ ਜਿਹੇ ਕਿਹਾ।

ਲਿਉਦਮੀਲਾ ਬਾਰੀ ਕੋਲ਼ ਗਈ ਅਤੇ ਬਾਹਰ ਵੇਖਦੀ ਖੜੀ ਰਹੀ।

“ਉਹ ਮਰ ਗਿਐ।...” ਅਚਾਨਕ ਉਹ ਘਬਰਾਉਣ ਵਾਲ਼ੀ ਉੱਚੀ ਅਵਾਜ਼ ਵਿੱਚ ਚੀਕੀ, ਜਿਸ ਤੋਂ ਮਾਂ ਅਣਜਾਣ ਸੀ। ਉਹ ਉੜੀ ਅਤੇ ਆਪਣੀਆਂ ਅਰਕਾਂ ਬਾਰੀ ਦੀ ਮੁਹਾਠ ਉੱਤੇ ਰੱਖ ਦਿੱਤੀਆਂ ਅਤੇ ਫਿਰ ਜਿਵੇਂ ਕਿਸੇ ਨੇ ਅਚਾਨਕ ਉਹਦੇ ਸਿਰ ਉੱਤੇ ਸੱਟ ਮਾਰੀ ਹੋਵੇ, ਉਹ ਹੌਲ਼ੀ ਹੌਲ਼ੀ ਡੁਸਕਦੀ ਹੋਈ ਗੋਡਿਆਂ ਭਾਰ ਹੋ ਗਈ, ਆਪਣਾ ਮੂੰਹ ਆਪਣੇ ਹੱਥਾਂ ਨਾਲ਼ ਕੱਜ ਕੇ।

ਯੇਗੋਰ ਦੇ ਭਾਰੇ ਹੱਥ ਉਹਦੀ ਛਾਤੀ ਉੱਤੇ ਇਕੱਠੇ ਕਰਕੇ ਅਤੇ ਉਹਦਾ ਅਜੀਬ ਤਰ੍ਹਾਂ ਭਾਰਾ ਸਿਰ ਸਿਰਹਾਣੇ ਉੱਤੇ ਸਿੱਧਾ ਕਰਕੇ, ਮਾਂ ਨੇ ਆਪਣੇ ਹੰਝੂ ਪੂੰਝੇ ਅਤੇ ਲਿਉਦਮੀਲਾ ਕੋਲ਼ ਗਈ। ਉਹ ਝੁਕੀ ਅਤੇ ਹੌਲ਼ੀ ਹੌਲ਼ੀ ਉਹਦੇ ਘਣੇ ਵਾਲਾਂ ਨੂੰ ਥਪਕਣ ਲੱਗ ਪਈ। ਲਿਉਦਮੀਲਾ ਨੇ ਹੌਲ਼ੀ ਹੌਲ਼ੀ ਆਪਣਾ ਸਿਰ ਚੁੱਕਿਆ ਅਤੇ ਆਪਣੀਆਂ ਬੇਰੰਗ, ਖੁੱਲ੍ਹੀਆਂ ਅੱਖਾਂ ਨਾਲ਼ ਮਾਂ ਵੱਲ

ਵੇਖਿਆ ਅਤੇ ਖੜੀ ਹੋ ਗਈ।

"ਅਸੀਂ ਜਲਾਵਤਨੀ ਵਿੱਚ ਇਕੱਠੇ ਰਹੇ ਸਾਂ," ਉਹਨੇ ਕੰਬਦੀ ਅਵਾਜ਼ ਵਿੱਚ ਹੌਲ਼ੀ ਜਿਹੇ ਕਿਹਾ। "ਅਸੀਂ ਇਕੱਠੇ ਉੱਥੇ ਗਏ ਅਤੇ ਆਪਣੀ ਸਜ਼ਾ ਕੱਟੀ।... ਕਈ ਵਾਰ ਹਾਲਤ ਬਹੁਤ ਹੀ ਭੈੜੀ ਹੁੰਦੀ।...ਉੱਕਾ ਹੀ ਅਸਹਿ। ਕਈ ਲੋਕ ਦਿਲ ਛੱਡ ਗਏ।..."

ਉਹਨੂੰ ਉੱਚੇ, ਸੁੱਕੇ ਹਟਕੋਰਿਆਂ ਦਾ ਦੌਰਾ ਪੈ ਗਿਆ, ਜਿਸ ਉੱਤੇ ਉਹਨੇ ਆਪਣੀ ਇੱਛਾ ਸ਼ਕਤੀ ਨਾਲ਼ ਕਾਬੂ ਪਾ ਲਿਆ। ਉਹ ਮਾਂ ਦੇ ਹੋਰ ਨੇੜੇ ਹੋ ਗਈ, ਉਹਦੇ ਮੂੰਹ ਉੱਤੇ ਇੱਕ ਸੋਗੀ ਕੋਮਲਤਾ ਛਾਈ ਹੋਈ ਸੀ, ਜਿਸਨੇ ਉਹਨੂੰ ਵਧੇਰੇ ਜਵਾਨ ਬਣਾ ਦਿੱਤਾ ਸੀ।

"ਪਰ ਉਹਦਾ ਹੁਲਾਸ ਅਖੁੱਟ ਸੀ," ਉਹ ਤਿੱਖੇ ਘੋਰ ਮਸੋਰੇ ਵਿੱਚ ਬੋਲੀ ਗਈ, ਅੱਥਰੂਆਂ ਤੋਂ ਬਿਨਾਂ ਹਟਕੋਰੇ ਲੈਂਦੀ। "ਉਹ ਕਮਜ਼ੋਰਾਂ ਦਾ ਦਿਲ ਵਧਾਉਣ ਲਈ ਆਪਣਾ ਦੁੱਖ ਲੁਕਾਉਂਦਾ ਹੋਇਆ ਸਦਾ ਹੱਸਦਾ ਅਤੇ ਮਖ਼ੌਲ ਕਰਦਾ ਰਹਿੰਦਾ।.... ਉਹ ਸਦਾ ਚੰਗਾ ਅਤੇ ਦਿਆਲ ਤੇ ਹੋਰਨਾਂ ਦਾ ਧਿਆਨ ਰੱਖਣ ਵਾਲ਼ਾ ਸੀ।... ਉੱਥੇ, ਸਾਇਬੇਰੀਆ ਵਿੱਚ ਵਿਹਲ ਅਕਸਰ ਲੋਕਾਂ ਨੂੰ ਵਿਗਾੜ ਦੇਂਦੈ, ਜਿਸ ਕਰਕੇ ਉਹ ਆਪਣੀਆਂ ਨੀਵੀਆਂ ਭਾਵਨਾਵਾਂ ਅੱਗੇ ਝੁਕ ਜਾਂਦੇ ਨੇ। ਉਹ ਕਿੰਨੀ ਚੰਗੀ ਤਰ੍ਹਾਂ ਜਾਣਦਾ ਸੀ ਇਸ ਉੱਤੇ ਕਾਬੂ ਕਿਵੇਂ ਪਾਉਣੈ!...ਤੂੰ ਜਾਣ ਨਹੀਂ ਸਕਦੀ ਉਹ ਕਿੰਨਾ ਚੰਗਾ ਸਾਥੀ ਸੀ! ਉਹਦੀ ਨਿੱਜੀ ਜ਼ਿੰਦਗੀ ਬਹੁਤ ਜ਼ਿਆਦਾ ਦੁੱਖੀ ਸੀ, ਪਰ ਕਦੀ ਕਿਸੇ ਨੇ ਉਹਦੇ ਮੂੰਹੋਂ ਸ਼ਿਕਾਇਤ ਨਹੀਂ ਸੀ ਸੁਣੀ! ਕਦੀ ਨਹੀਂ! ਮੈਂ ਉਹਦੀ ਗੂੜ੍ਹੀ ਮਿੱਤਰ ਸਾਂ। ਉਹਦੀ ਮਿਹਰਬਾਨੀ ਦੀ ਮੈਂ ਕਿੰਨੀ ਦੇਣਦਾਰ ਵਾਂ। ਉਹ ਆਪਣੀ ਭਰਪੂਰ ਅਕਲ ਵਿੱਚੋਂ ਜੋ ਕੁਝ ਮੈਨੂੰ ਦੇ ਸਕਦਾ ਸੀ ਉਹਨੇ ਮੈਨੂੰ ਦਿੱਤਾ, ਪਰ ਭਾਵੇਂ ਉਹ ਥੱਕਿਆ ਅਤੇ ਕੱਲ-ਮੁਕੱਲਾ ਸੀ, ਉਹਨੇ ਬਦਲੇ ਵਿੱਚ ਸਨੇਹ ਜਾਂ ਨਿੱਜੀ ਧਿਆਨ ਦਾ ਭੋਰਾ ਵੀ ਨਾ ਮੰਗਿਆ।..."

ਉਹ ਯੇਗੋਰ ਕੋਲ਼ ਗਈ ਅਤੇ ਉਹਦਾ ਹੱਥ ਚੁੰਮਣ ਲਈ ਉੜੀ।

"ਸਾਥੀ। ਮੇਰੇ ਪਿਆਰੇ, ਚੰਗੇ ਸਾਥੀ — ਧੰਨਵਾਦ — ਸੱਚੇ ਦਿਲੋਂ ਧੰਨਵਾਦ," ਉਹਨੇ ਸ਼ਾਂਤ ਦੁੱਖ ਨਾਲ਼ ਕਿਹਾ। "ਵਿਦਿਆ! ਮੈਂ ਸਾਰੀ ਉਮਰ ਉਸੇ ਤਰ੍ਹਾਂ ਕੰਮ ਕਰਾਂਗੀ। ਜਿਵੇਂ ਤੂੰ ਹਮੇਸ਼ਾ ਕੀਤਾ — ਅਣਥੱਕ, ਅਣ-ਥਿੜਕੇ ਨਿਸ਼ਚੇ ਨਾਲ਼।...ਵਿਦਿਆ!"

ਹਟਕੋਰਿਆਂ ਨਾਲ਼ ਉਹਦੀ ਦੇਹ ਕੰਬ ਰਹੀ ਸੀ ਅਤੇ ਉਹਨੇ ਆਪਣਾ ਸਿਰ ਬਿਸਤਰੇ ਉੱਤੇ ਯੇਗੋਰ ਦੇ ਪੈਰਾਂ ਕੋਲ਼ ਰੱਖ ਦਿੱਤਾ। ਮਾਂ ਚੁੱਪ ਚਾਪ ਅਤੇ ਖੁੱਲ੍ਹ ਕੇ ਰੋ ਰਹੀ ਸੀ। ਪਤਾ ਨਹੀਂ ਕਿਉਂ ਉਹਨੇ ਜਤਨ ਕੀਤਾ ਕਿ ਉਹ ਨਾ ਰੋਵੇ; ਉਹ ਤਕੜੇ ਦਿਲਾਸੇ ਨਾਲ਼ ਲਿਉਦਮੀਲਾ ਨੂੰ ਢਾਰਸ ਦੇਣਾ ਚਾਹੁੰਦੀ ਸੀ, ਪਿਆਰ ਅਤੇ ਦੁੱਖ ਨਾਲ਼ ਯੇਗੋਰ ਬਾਰੇ ਸ਼ਾਨਦਾਰ ਗੱਲਾਂ ਕਰਨੀਆਂ ਚਾਹੁੰਦੀ ਸੀ। ਆਪਣੇ ਅੱਥਰੂਆਂ ਵਿੱਚੋਂ ਉਹਨੇ ਯੇਗੋਰ ਦੇ ਸੁਕੜੇ ਮੂੰਹ ਵੱਲ, ਉਹਦੀਆਂ ਅੱਖਾਂ ਵੱਲ, ਜਿਹੜੀਆਂ ਅੱਧ-ਖੁੱਲ੍ਹੀਆਂ ਸਨ, ਜਿਵੇਂ ਉਹ ਊਂਘ ਰਿਹਾ ਹੋਵੇ, ਹਲਕੀ ਜਿਹੀ ਮੁਸਕਾਨ ਦੀ ਛੁਹ ਵਾਲ਼ੇ ਉਹਦੇ ਬੁੱਲ੍ਹਾਂ ਵੱਲ ਤੱਕਿਆ। ਸਭ ਕੁਝ ਚੁੱਪ ਸੀ ਅਤੇ ਦੁਖੀ ਤਰ੍ਹਾਂ ਰੌਸ਼ਨ।...

ਈਵਾਨ ਦਾਨੀਲੋਵਿਚ ਆਪਣੇ ਨਿੱਕੇ, ਛੁਹਲੇ ਕਦਮ ਪੁੱਟਦਾ ਆਇਆ। ਅਚਾਨਕ ਉਹ ਕਮਰੇ ਦੇ ਵਿਚਕਾਰ ਰੁੱਕ ਗਿਆ ਅਤੇ ਆਪਣੇ ਹੱਥ ਆਪਣੀਆਂ ਜੇਬਾਂ ਵਿੱਚ ਪਾ ਲਏ।

"ਇਹ ਕਦੋਂ ਹੋਇਆ ?..." ਉਹਨੇ ਉੱਚੀ ਘਾਬਰੀ ਅਵਾਜ਼ ਵਿੱਚ ਪੁੱਛਿਆ।

ਕਿਸੇ ਨੇ ਜਵਾਬ ਨਾ ਦਿੱਤਾ। ਉਹਨੇ ਆਪਣਾ ਮੱਥਾ ਪੂੰਝਿਆ ਅਤੇ ਕੁਝ ਕੁਝ ਲੜਖੜਾਉਂਦਾ ਹੋਇਆ ਯੇਗੋਰ ਕੋਲ਼ ਗਿਆ, ਉਹਦਾ ਹੱਥ ਘੁੱਟਿਆ ਅਤੇ ਇੱਕ ਪਾਸੇ ਹੋ ਗਿਆ।

"ਇਹ ਤਾਂ ਹੋਣਾ ਈ ਸੀ। ਉਹਦੇ ਦਿਲ ਦਾ ਜੋ ਹਾਲ ਸੀ, ਇਹ ਛੇ ਮਹੀਨੇ ਪਹਿਲਾਂ ਹੋ ਜਾਣਾ ਚਾਹੀਦਾ ਸੀ।... ਘੱਟੋ ਘੱਟ।..."

ਅਚਾਨਕ ਉਹਦੀ ਚੀਕਵੀਂ, ਅਯੋਗ ਤੌਰ 'ਤੇ ਉੱਚੀ ਅਤੇ ਨਕਲੀ ਠਰ੍ਹੰਮੇ ਵਾਲ਼ੀ ਅਵਾਜ਼ ਟੁੱਟ ਗਈ। ਉਹ ਕੰਧ ਦਾ ਢਾਸਣਾ ਲੈ ਕੇ ਖੜਾ ਹੋ ਗਿਆ, ਤੇਜ਼ੀ ਨਾਲ਼ ਅੱਖਾਂ ਝਮਕਦਾ ਅਤੇ ਬਿਸਤਰੇ ਕੋਲ਼ ਖੜੀ ਟੋਲੀ ਨੂੰ ਵੇਖਦੇ ਹੋਏ ਆਪਣੀ ਦਾੜ੍ਹੀ ਜ਼ੋਰ ਜ਼ੋਰ ਦੀ ਮਰੋੜਦਾ।

"ਇੱਕ ਹੋਰ ਚਲਾ ਗਿਆ!" ਉਹਨੇ ਸ਼ਾਂਤੀ ਨਾਲ਼ ਕਿਹਾ।

ਲਿਉਦਮੀਲਾ ਉੱਠੀ ਅਤੇ ਬਾਰੀ ਖੋਹਲਣ ਲਈ ਗਈ। ਛੇਤੀ ਹੀ ਉਹ ਉੱਥੇ ਇੱਕ ਦੂਜੇ ਨਾਲ਼ ਘੁੱਟ ਕੇ ਚੰਬੜੇ ਹੋਏ ਖੜੇ ਸਨ, ਪਤ-ਝੜ ਦੀ ਹਨੇਰੀ ਰਾਤ ਦਾ ਮੂੰਹ ਵੇਖਦੇ। ਰੁੱਖਾਂ ਦੀਆਂ ਹਨੇਰੀਆਂ ਚੋਟੀਆਂ ਦੇ ਉੱਪਰ ਤਾਰੇ ਲਿਸ਼ਕ ਰਹੇ ਸਨ, ਅਸਮਾਨ ਦੀਆਂ ਅਸੀਮ ਚੁੜਿਤਣਾਂ ਨੂੰ ਡੂੰਘੇਰਾ ਕਰਦੇ।...

ਲਿਉਦਮੀਲਾ ਨੇ ਮਾਂ ਦੀ ਬਾਂਹ ਫੜ ਲਈ ਅਤੇ ਚੁੱਪ ਚਾਪ ਉਹਦੇ ਮੋਢੇ ਨਾਲ਼ ਲੱਗ ਗਈ। ਡਾਕਟਰ ਖੜਾ ਰਿਹਾ, ਸਿਰ ਝੁਕਾਈ, ਆਪਣੀ ਐਨਕ ਸਾਫ਼ ਕਰਦਾ। ਚੁੱਪ ਵਿੱਚੋਂ ਸ਼ਹਿਰ ਦੀਆਂ ਥੱਕੀਆਂ ਰਾਤਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ। ਠੰਢੀ ਪੌਣ ਉਹਨਾਂ ਦੇ ਮੂੰਹਾਂ ਨੂੰ ਛੂੰਹਦੀ ਅਤੇ ਉਹਨਾਂ ਦੇ ਵਾਲਾਂ ਨੂੰ ਹਿਲਾਉਂਦੀ। ਜਦੋਂ ਉਹਦੀ ਗੱਲ੍ਹ ਉੱਤੇ ਇੱਕ ਅੱਥਰੂ ਤਿਲਕ ਰਿਹਾ ਸੀ ਤਾਂ ਲਿਉਦਮੀਲਾ ਕੰਬੀ। ਬਾਹਰ, ਲਾਂਘੇ ਵਿੱਚ, ਉਹ ਦੱਬੀਆਂ, ਡਰੀਆਂ ਅਵਾਜ਼ਾਂ ਸੁਣ ਸਕਦੇ ਸਨ — ਹਉਕੇ, ਸੋਗੀ ਘੋਰ ਮਸੋਰੇ, ਅਤੇ ਪੈਰਾਂ ਦੇ ਕਾਹਲੀ ਕਾਹਲੀ ਹਿੱਲਣ ਦੀਆਂ ਅਵਾਜ਼ਾਂ। ਪਰ ਉਹ ਤਿੰਨੇ ਚੁੱਪ ਅਤੇ ਅਹਿਲ ਬਾਰੀ ਕੋਲ਼ ਖੜੇ ਰਹੇ, ਬਾਹਰ ਰਾਤ ਵਿੱਚ ਝਾਕਦੇ।

ਇਹ ਅਨੁਭਵ ਕਰਦੇ ਹੋਏ ਕਿ ਸ਼ਾਇਦ ਉਹ ਉਹਨਾਂ ਲਈ ਰੁਕਾਵਟ ਬਣ ਰਹੀ ਹੋਵੇ, ਮਾਂ ਨੇ ਹੌਲ਼ੀ ਜਿਹੇ ਆਪਣੀ ਬਾਂਹ ਪਰ੍ਹਾਂ ਕੀਤੀ ਅਤੇ ਦਰਵਾਜ਼ੇ ਵੱਲ ਗਈ, ਜਿੱਥੇ ਉਹਨੇ ਯੇਗੋਰ ਵੱਲ ਵੇਖ ਕੇ ਸਿਰ ਨਿਵਾਇਆ।

"ਤੂੰ ਚੱਲੀ ਏਂ ?" ਡਾਕਟਰ ਨੇ ਮੁੜੇ ਬਿਨਾਂ ਸ਼ਾਂਤੀ ਨਾਲ਼ ਕਿਹਾ।

"ਹਾਂ।..."

ਬਾਹਰ ਆ ਕੇ ਉਹਨੇ ਲਿਉਦਮੀਲਾ ਬਾਰੇ ਸੋਚਿਆ, ਇਸ ਬਾਰੇ ਕਿ ਕਿਵੇਂ ਉਹਨੇ ਆਪਣੇ ਹਟਕੋਰੇ ਰੋਕੇ ਸਨ।

"ਉਹਨੂੰ ਤਾਂ ਰੋਣ ਦੀ ਵੀ ਜਾਚ ਨਹੀਂ ਆਉਂਦੀ।"

ਯੇਗੋਰ ਨੇ ਮਰਨ ਤੋਂ ਪਹਿਲਾਂ ਜੋ ਕੁਝ ਕਿਹਾ ਸੀ ਉਹਨੂੰ ਯਾਦ ਕਰਕੇ ਉਹਨੇ ਹਉਕਾ ਭਰਿਆ। ਸੜਕ ਉੱਤੇ ਹੌਲ਼ੀ ਹੌਲ਼ੀ ਟੁਰਦੀ ਹੋਈ ਉਹ ਉਹਦੀਆਂ ਲਿਸ਼ਕਦੀਆਂ ਅੱਖਾਂ, ਉਹਦਾ ਖੇੜਾ, ਉਹ ਜਿਹੜੀਆਂ ਹਸਾਉਣੀਆਂ ਕਹਾਣੀਆਂ ਸੁਣਾਉਂਦਾ, ਯਾਦ ਕਰਦੀ ਰਹੀ:

"ਚੰਗੇ ਬੰਦੇ ਲਈ ਜਿਊਣਾ ਔਖਾ ਵੇ, ਪਰ ਮਰਨਾ ਸੌਖਾ।...ਪਤਾ ਨਹੀਂ ਮੈਂ ਕਿਵੇਂ

ਮਰਾਂਗੀ ?...”

ਆਪਣੇ ਮਨ ਦੀਆਂ ਅੱਖਾਂ ਨਾਲ਼ ਉਹਨੇ ਲਿਉਦਮੀਲਾ ਅਤੇ ਡਾਕਟਰ ਨੂੰ ਉਸ ਚਿੱਟੇ, ਚਿਲਕਦੇ ਕਮਰੇ ਦੀ ਬਾਰੀ ਕੋਲ਼ ਖੜੇ ਵੇਖਿਆ, ਯੇਗੋਰ ਦੀਆਂ ਮੁਰਦਾ ਅੱਖਾਂ ਉਹਨਾਂ ਦੀਆਂ ਪਿੱਠਾਂ ਉੱਤੇ ਲੱਗੀਆਂ ਹੋਈਆਂ ਸਨ। ਅਚਾਨਕ ਉਹਦੇ ਮਨ ਉੱਤੇ ਮਨੁੱਖਜਾਤੀ ਲਈ ਇੱਕ ਮਹਾਨ ਰਹਿਮ ਭਾਰੂ ਹੋ ਗਿਆ। ਕਿਸੇ ਧੁੰਦਲੇ ਵਿਚਾਰ ਤੋਂ ਉਤੇਜਤ ਹੋਈ ਉਹਨੇ ਆਪਣੀ ਚਾਲ ਤਿੱਖੀ ਕਰ ਦਿੱਤੀ।

“ਮੈਨੂੰ ਕਾਹਲ ਕਰਨੀ ਚਾਹੀਦੀ ਵੇ,” ਉਹਨੇ ਆਪਣੇ ਅੰਦਰੋਂ ਉਤੇਜਤ ਕਰਦੀ ਗੰਭੀਰ ਪਰ ਦਲੇਰ ਸ਼ਕਤੀ ਅੱਗੇ ਝੁਕਦੇ ਹੋਏ ਸੋਚਿਆ।

## 11

ਅਗਲਾ ਸਾਰਾ ਦਿਨ ਮਾਂ ਨੜੋਏ ਦਾ ਬੰਦੋਬਸਤ ਕਰਦੀ ਰਹੀ। ਸ਼ਾਮ ਨੂੰ ਜਦੋਂ ਉਹ ਅਤੇ ਸੋਫ਼ੀਆ ਅਤੇ ਨਿਕੋਲਾਈ ਚਾਹ ਪੀ ਰਹੇ ਸਨ, ਸਾਸ਼ਾ ਆ ਗਈ, ਅਜੀਬ ਢੰਗ ਨਾਲ਼ ਚੁਲਬੁਲੀ ਅਤੇ ਗਲਾਧੜ। ਉਹਦੀਆਂ ਗੱਲ੍ਹਾਂ ਭਖੀਆਂ ਹੋਈਆਂ ਸਨ, ਉਹਦੀਆਂ ਅੱਖਾਂ ਖ਼ੁਸ਼ੀ ਨਾਲ਼ ਚਮਕ ਰਹੀਆਂ ਸਨ ਅਤੇ ਉਹ ਕਿਸੇ ਖ਼ੁਸ਼ੀ ਭਰੀ ਆਸ ਨਾਲ਼ ਭਰੀ ਜਾਪਦੀ ਸੀ। ਉਹਦੇ ਰੌਂਅ ਨੇ ਬੜੀ ਖਰ੍ਹਵੀ ਤਰ੍ਹਾਂ ਅਤੇ ਤੂਫ਼ਾਨੀ ਢੰਗ ਨਾਲ਼ ਉਸ ਸ਼ਾਂਤ ਗ਼ਮ ਵਿੱਚ ਦਖ਼ਲ ਦਿੱਤਾ ਜਿਸ ਨਾਲ਼ ਉਹ ਯੇਗੋਰ ਬਾਰੇ ਗੱਲਾਂ ਕਰ ਰਹੇ ਸਨ। ਇਹਨੇ ਆਪਣੇ ਆਪ ਨੂੰ ਅਨੁਸਾਰਿਆ ਨਾ, ਇਹਨੇ ਉਹਨਾਂ ਨੂੰ ਪ੍ਰੇਸ਼ਾਨ ਕਰ ਦਿੱਤਾ, ਇਹ ਤਾਂ ਹਨੇਰੇ ਵਿੱਚ ਅਚਾਨਕ ਭੜਕੀ ਕਿਸੇ ਅੱਗ ਵਾਂਗ ਮੱਚ ਰਿਹਾ ਸੀ।

ਨਿਕੋਲਾਈ ਨੇ ਸੋਚਦੇ ਹੋਏ ਮੇਜ਼ ਨੂੰ ਆਪਣੀਆਂ ਉਂਗਲਾਂ ਨਾਲ਼ ਠਕੋਰਿਆ।

“ਅੱਜ ਤੂੰ ਆਪਣੇ ਆਪ ਵਿੱਚ ਨਹੀਂ ਜਾਪਦੀ, ਸਾਸ਼ਾ,” ਉਹਨੇ ਕਿਹਾ।

“ਨਹੀਂ ਜਾਪਦੀ ? ਸ਼ਾਇਦ,” ਉਹਨੇ ਨਿੱਕਾ ਜਿਹਾ ਖ਼ੁਸ਼ ਹਾਸਾ ਹੱਸ ਕੇ ਕਿਹਾ।

ਮਾਂ ਨੇ ਉਹਦੇ ਵੱਲ ਚੁੱਪ ਉਲਾਹਮੇ ਨਾਲ਼ ਵੇਖਿਆ।

“ਅਸੀਂ ਯੇਗੋਰ ਈਵਾਨੋਵਿਚ ਦੀ ਗੱਲ ਕਰ ਰਹੇ ਸਾਂ,” ਸੋਫ਼ੀਆ ਨੇ ਯਾਦ ਦਿਵਾਉਂਦੇ ਹੋਏ ਕਿਹਾ।

“ਕਿੰਨਾ ਸ਼ਾਨਦਾਰ ਬੰਦਾ ਸੀ ਉਹ,” ਸਾਸ਼ਾ ਕੂਕੀ। “ਮੈਂ ਕਦੀ ਉਹਨੂੰ ਹੋਠਾਂ ਉੱਤੇ ਮੁਸਕਾਨ ਬਿਨਾਂ ਨਹੀਂ ਵੇਖਿਆ ਅਤੇ ਉਹ ਸਦਾ ਠੱਠਾ ਕਰਦਾ ਰਹਿੰਦਾ। ਅਤੇ ਉਹ ਕਿਵੇਂ ਕੰਮ ਕਰਦਾ ਸੀ ! ਉਹ ਇਨਕਲਾਬ ਦਾ ਕਲਾਕਾਰ ਸੀ, ਇਨਕਲਾਬੀ ਵਿਚਾਰ ਦਾ ਉਸਤਾਦ। ਕਿੰਨੇ ਬਲ ਅਤੇ ਸਾਦਗੀ ਨਾਲ਼ ਉਹ ਹਿੰਸਾ ਅਤੇ ਕੂੜ ਅਤੇ ਬੇਇਨਸਾਫ਼ੀ ਦੇ ਚਿਤਰ ਘੜਦਾ !”

ਉਹ ਸ਼ਾਂਤੀ ਨਾਲ਼ ਬੋਲ ਰਹੀ ਸੀ, ਸੋਚਾਂ ਭਰੀ ਮੁਸਕਾਨ ਮੁਸਕਰਾਉਂਦੀ, ਪਰ ਇਹ ਮੁਸਕਾਨ ਉਮਾਹ ਦੀ ਉਸ ਅੱਗ ਨੂੰ ਹਿਸਾ ਨਹੀਂ ਸੀ ਸਕਦੀ ਜਿਹੜੀ ਸਾਰੇ ਵੇਖ ਸਕਦੇ ਸਨ ਭਾਵੇਂ ਕਿਸੇ ਨੂੰ ਇਹਦੀ ਸਮਝ ਨਹੀਂ ਸੀ ਆ ਰਹੀ।

ਉਹ ਨਹੀਂ ਸਨ ਚਾਹੁੰਦੇ ਕਿ ਸਾਸ਼ਾ ਦਾ ਖ਼ੁਸ਼ ਰੌਂਅ ਉਹਨਾਂ ਦੇ ਸੋਗ ਦੀ ਥਾਂ ਲਵੇ ਅਤੇ

ਉਹਨਾਂ ਅਚੇਤ ਤੌਰ ’ਤੇ ਉਹਦਾ ਰੌਂਅ ਵੀ ਆਪਣੇ ਜਿਹਾ ਬਣਾਉਣ ਦਾ ਜਤਨ ਕਰਦੇ ਆਪਣੇ ਗ਼ਮ ਵਿੱਚ ਗਰਸੇ ਹੋਣ ਦੇ ਹੱਕ ਦੀ ਰੱਖਿਆ ਕੀਤੀ।

“ਤੇ ਹੁਣ ਉਹ ਮਰ ਗਿਐ,” ਸੋਫ਼ੀਆ ਨੇ ਡੂੰਘੀ ਨਜ਼ਰ ਨਾਲ਼ ਸਾਸ਼ਾ ਵੱਲ ਵੇਖਦੇ ਹੋਏ ਕਿਹਾ।

ਸਾਸ਼ਾ ਨੇ ਉਹਨਾਂ ਸਭਨਾਂ ਵੱਲ ਇੱਕ ਤਿੱਖੀ, ਸਵਾਲੀ ਨਿਗਾਹ ਸੁੱਟੀ ਅਤੇ ਘੂਰੀ ਵੱਟ ਲਈ। ਉਹਨੇ ਨੀਵੀਂ ਪਾ ਲਈ ਅਤੇ ਚੁੱਪ ਹੋ ਗਈ, ਹੌਲ਼ੀ ਹੌਲ਼ੀ ਆਪਣੇ ਵਾਲਾਂ ਵਿੱਚ ਸੂਈਆਂ ਲਾਉਂਦੀ। ਇੱਕ ਖਿਚਾਅ ਭਰੇ ਵਕਫ਼ੇ ਪਿੱਛੋਂ ਉਹਨੇ ਅਚਾਨਕ ਸਿਰ ਚੁੱਕ ਕੇ ਵੇਖਿਆ, ਉਹਦੀਆਂ ਅੱਖਾਂ ਵਿੱਚ ਵੰਗਾਰ ਸੀ।

“ਉਹ ਮਰ ਗਿਐ! ਇਹਦਾ ਕੀ ਮਤਲਬ ਏ — ‘ਮਰ ਗਿਐ’? ਕੀ ਮਰ ਗਿਐ? ਕੀ ਯੇਗੋਰ ਲਈ ਮੇਰਾ ਸਤਿਕਾਰ ਮਰ ਗਿਐ, ਜਾਂ ਇੱਕ ਸਾਥੀ ਵਜੋਂ ਉਹਦੇ ਲਈ ਮੇਰਾ ਪਿਆਰ ਮਰ ਗਿਐ, ਜਾਂ ਉਹਦੇ ਵਿਚਾਰਾਂ ਦੀ ਮੇਰੀ ਸੂਝ ਮਰ ਗਈ ਏ? ਕੀ ਉਹ ਜਜ਼ਬਾ ਲੋਪ ਹੋ ਗਿਐ ਜਿਹੜਾ ਉਹਨੇ ਮੇਰੇ ਦਿਲ ਵਿੱਚ ਜਗਾਇਆ ਸੀ ਜਾਂ ਇੱਕ ਇਮਾਨਦਾਰ, ਦਲੇਰ ਮਨੁੱਖ ਵਜੋਂ ਉਹਦੇ ਬਾਰੇ ਮੇਰਾ ਗਿਆਨ ਲੋਪ ਹੋ ਗਿਐ? ਕੀ ਇਹ ਸਭ ਕੁਝ ਮਰ ਗਿਐ? ਮੇਰੇ ਲਈ ਇਹ ਕਦੀ ਨਹੀਂ ਮਰ ਸਕਦਾ। ਤੇ ਮੈਨੂੰ ਜਾਪਦੈ ਅਸੀਂ ਕਿਸੇ ਬੰਦੇ ਬਾਰੇ ਇਹ ਕਹਿਣ ਵਿੱਚ ਬਹੁਤ ਕਾਹਲ ਕਰਦੇ ਹਾਂ — ‘ਉਹ ਮਰ ਗਿਐ’। ‘ਉਹਦੇ ਬੁੱਲ੍ਹ ਮਰ ਗਏ ਨੇ, ਪਰ ਉਹਦੇ ਬੋਲ ਜਿਊਂਦਿਆਂ ਦੇ ਦਿਲਾਂ ਵਿੱਚ ਜਿਊਂਦੇ ਰਹਿਣਗੇ!’ ”

ਆਪਣੀ ਉਤੇਜਨਾ ਵਿੱਚ ਉਹ ਮੇਜ਼ ਕੋਲ ਬਹਿ ਗਈ, ਆਪਣੀਆਂ ਅਰਕਾਂ ਇਹਦੇ ਉੱਤੇ ਟੇਕਦੀ ਅਤੇ ਧੁੰਦਲਾਈਆਂ ਅੱਖਾਂ ਨਾਲ਼ ਆਪਣੇ ਸਾਥੀਆਂ ਵੱਲ ਮੁਸਕਰਾਹਟ ਨਾਲ਼ ਵੇਖਦੀ ਰਹਿੰਦੀ ਹੋਈ।

“ਸ਼ਾਇਦ ਜੋ ਕੁਝ ਮੈਂ ਕਹਿ ਰਹੀ ਹਾਂ, ਉਹ ਮੂਰਖਤਾ ਹੈ, ਸਾਥੀਓ! ਪਰ ਮੈਨੂੰ ਇਮਾਨਦਾਰ ਲੋਕਾਂ ਦੀ ਅਵਿਨਾਸ਼ਤਾ ਵਿੱਚ ਨਿਸ਼ਚਾ ਹੈ, ਉਹਨਾਂ ਲੋਕਾਂ ਦੀ ਅਵਿਨਾਸ਼ਤਾ ਵਿੱਚ ਜਿਨ੍ਹਾਂ ਮੈਨੂੰ ਇਸ ਅਣੋਖੇ ਜੀਵਨ ਵਿੱਚ ਰਹਿਣ ਦੀ ਖ਼ੁਸ਼ੀ ਦਿੱਤੀ ਹੈ, ਇੱਕ ਅਜਿਹੇ ਜੀਵਨ ਵਿੱਚ, ਜਿਹੜਾ ਆਪਣੀ ਅਚਰਜ ਗੁੰਝਲ, ਆਪਣੀ ਵਰਤਾਰਿਆਂ ਦੀ ਬਹੁਲਤਾ, ਅਤੇ ਉਹਨਾਂ ਵਿਚਾਰਾਂ ਦੇ ਵਾਧੇ ਨਾਲ਼ ਜਿਹੜੇ ਮੈਨੂੰ ਆਪਣੇ ਦਿਲ ਦੀ ਤਰ੍ਹਾਂ ਹੀ ਪਿਆਰੇ ਨੇ, ਮੇਰਾ ਰੋਮ ਰੋਮ ਥਰਕਾ ਦੇਂਦਾ ਹੈ। ਸ਼ਾਇਦ ਅਸੀਂ ਜਜ਼ਬਿਆਂ ਨੂੰ ਪ੍ਰਗਟ ਕਰਨ ਵਿੱਚ ਬਹੁਤ ਸੰਕੋਚ ਕਰਦੇ ਹਾਂ, ਅਸੀਂ ਆਪਣੇ ਵਿਚਾਰਾਂ ਵਿੱਚ ਵਧੇਰੇ ਜਿਊਂਦੇ ਹਾਂ, ਜਿਸ ਨਾਲ਼ ਸਾਡੀਆਂ ਸ਼ਖ਼ਸੀਅਤਾਂ ਠਿੰਗਣੀਆਂ ਹੋ ਜਾਂਦੀਆਂ ਨੇ। ਅਸੀਂ ਅਨੁਭਵ ਕਰਨ ਦੀ ਥਾਂ ਹਾੜਦੇ ਹਾਂ।...”

“ਅੱਜ ਤੇਰੇ ਨਾਲ਼ ਕੋਈ ਚੰਗੀ ਗੱਲ ਵਾਪਰੀ ਏ,” ਸੋਫ਼ੀਆ ਨੇ ਮੁਸਕਰਾ ਕੇ ਪੁੱਛਿਆ।

“ਹਾਂ,” ਸਾਸ਼ਾ ਨੇ ਕਿਹਾ। “ਕੋਈ ਬਹੁਤ ਚੰਗੀ ਗੱਲ, ਮੈਨੂੰ ਜਾਪਦੈ। ਮੈਂ ਸਾਰੀ ਰਾਤ ਵੇਸੋਵਸ਼ਚੀਕੋਵ ਨਾਲ਼ ਗੱਲਾਂ ਕਰਦੀ ਰਹੀ। ਉਹ ਮੈਨੂੰ ਕਦੀ ਚੰਗਾ ਨਹੀਂ ਸੀ ਲੱਗਦਾ — ਮੈਂ ਸਮਝਦੀ ਸਾਂ ਉਹ ਖਰ੍ਹਵਾ ਅਤੇ ਮੂੜ੍ਹ ਸੀ ਅਤੇ ਪੱਕੀ ਗੱਲ ਏ ਉਹ ਹੁੰਦਾ ਵੀ ਸੀ। ਸਭਨਾਂ ਲਈ ਸੂਖਮ ਅਤੇ ਰੋਗੀ ਦਵੈਖ ਨਾਲ਼ ਉਹ ਭਰਿਆ ਹੋਇਆ ਸੀ। ਉਹ ਆਪਣੇ ਆਪ ਨੂੰ ਐਨ

ਵਿਚਕਾਰ ਰੱਖਦਾ, ਇੱਕ ਮੁਰਦਾ ਭਾਰ ਬਣਕੇ ਅਤੇ ਗੁਸਤਾਖ਼ੀ ਅਤੇ ਖੋਰ ਨਾਲ਼ ਕਹਿੰਦਾ ਰਹਿੰਦਾ: 'ਮੈਂ, ਮੈਂ, ਮੈਂ!' ਉਹਦੇ ਵਿੱਚ ਕੁਝ ਬੇਹਦ ਤੰਗ-ਨਜ਼ਰ ਅਤੇ ਖਿਝਾਉਣਾ ਸੀ।"

ਉਹ ਮੁਸਕਰਾਈ ਅਤੇ ਚਮਕਦੀਆਂ ਅੱਖਾਂ ਨਾਲ਼ ਉਹਨਾਂ ਵੱਲ ਵੇਖਿਆ।

"ਪਰ ਹੁਣ ਉਹ ਕਹਿੰਦੈ — 'ਸਾਥੀਓ!' ਅਤੇ ਜੇ ਕਿਤੇ ਤੁਸੀਂ ਸੁਣੋ ਉਹ ਕਿਵੇਂ ਇਹ ਕਹਿੰਦੈ! ਇੱਕ ਅਜਿਹੀ ਸ਼ਰਮਾਕਲ ਕੋਮਲਤਾ ਨਾਲ਼ ਜਿਹੜੀ ਬਿਆਨ ਨਹੀਂ ਕੀਤੀ ਜਾ ਸਕਦੀ। ਹੁਣ ਉਹ ਸਾਦਾ ਅਤੇ ਸੁਹਿਰਦ ਏ ਅਤੇ ਕੰਮ ਕਰਨ ਲਈ ਕਿੰਨਾ ਉਤਾਵਲਾ। ਉਹਨੇ ਆਪਣੇ ਆਪ ਨੂੰ ਲੱਭ ਲਿਐ—ਆਪਣੀਆਂ ਖ਼ੂਬੀਆਂ ਅਤੇ ਊਣਤਾਈਆਂ ਜਾਣਦੈ। ਪਰ ਸਭ ਤੋਂ ਵੱਡੀ ਗੱਲ ਇਹ ਏ ਕਿ ਉਹਦੇ ਅੰਦਰ ਸਾਥੀਪੁਣੇ ਦੀ ਸੱਚੀ ਭਾਵਨਾ ਜਾਗ ਪਈ ਏ।..."

ਸਾਸ਼ਾ ਦੀ ਗੱਲ ਸੁਣਦੀ ਮਾਂ ਖੁਸ਼ ਹੋਈ ਕਿ ਇੰਨਾ ਕਠੋਰ ਬੰਦਾ ਵੀ ਨਰਮ ਅਤੇ ਖੁਸ਼ ਹੋ ਸਕਦੈ। ਪਰ ਇਹਦੇ ਨਾਲ਼ ਹੀ ਨਾਲ਼, ਦਿਲ ਦੀਆਂ ਡੂੰਘਾਣਾਂ ਵਿੱਚ ਕਿੱਧਰੇ ਉਹ ਈਰਖਾ ਨਾਲ਼ ਸੋਚਦੀ ਰਹੀ, "ਤੇ ਪਾਵੇਲ ਬਾਰੇ ਕੀ ਗੱਲ ਵੇ?..."

"ਉਹ ਤਾਂ ਬਸ ਆਪਣੇ ਸਾਥੀਆਂ ਬਾਰੇ ਸੋਚਦੈ," ਸਾਸ਼ਾ ਨੇ ਗੱਲ ਜਾਰੀ ਰੱਖੀ, "ਤੇ ਪਤਾ ਜੇ ਉਹਨੇ ਮੈਨੂੰ ਕੀ ਨਿਸ਼ਚਾ ਕਰਾਉਣ ਦਾ ਜਤਨ ਕੀਤਾ? ਕਿ ਅਸੀਂ ਜੇਲ੍ਹ ਵਿੱਚੋਂ ਨੱਠਣ ਵਿੱਚ ਉਹਨਾਂ ਦੀ ਮਦਦ ਕਰੀਏ। ਉਹਨੇ ਕਿਹਾ ਕਿ ਇਹ ਕੰਮ ਬੜੇ ਸਾਦਾ ਤੇ ਸੌਖੇ ਢੰਗ ਨਾਲ਼ ਕੀਤਾ ਜਾ ਸਕਦੈ।..."

ਸੋਫ਼ੀਆ ਨੇ ਸਿਰ ਚੁੱਕਿਆ।

"ਇਹ ਤਾਂ ਹੋਈ ਨਾ ਗੱਲ, ਸਾਸ਼ਾ! ਤੇਰਾ ਕੀ ਖ਼ਿਆਲ ਏ?"

ਮਾਂ ਦੇ ਹੱਥ ਵਿੱਚ ਪਿਆਲਾ ਕੰਬਿਆ। ਸਾਸ਼ਾ ਨੇ ਘੂਰੀ ਵੱਟੀ ਅਤੇ ਆਪਣੀ ਉਤਾਵਲ ਲੁਕਾਉਣ ਦਾ ਜਤਨ ਕੀਤਾ।

"ਜੇ ਉਹਦੀ ਗੱਲ ਠੀਕ ਏ ਤਾਂ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਏ। ਜਤਨ ਕਰਨਾ ਸਾਡਾ ਫ਼ਰਜ਼ ਏ!" ਉਹਨੇ ਛਿਣ ਕੁ ਰੁਕ ਕੇ, ਮੁਸਕਰਾਉਂਦੀ ਹੋਈ ਨੇ ਟੁੱਟੇ ਢੰਗ ਨਾਲ਼ ਕਿਹਾ।

ਅਚਾਨਕ ਉਹਦਾ ਰੰਗ ਸੂਹਾ ਹੋ ਗਿਆ ਅਤੇ ਉਹ ਬੋਲੇ ਬਗ਼ੈਰ ਬਹਿ ਗਈ।

"ਹਾਏ ਚੰਨੀਏ!" ਮਾਂ ਨੇ ਮੁਸਕਰਾ ਕੇ ਸੋਚਿਆ। ਸੋਫ਼ੀਆ ਵੀ ਮੁਸਕਰਾਈ, ਅਤੇ ਨਿਕੋਲਾਈ ਨੇ ਸਾਸ਼ਾ ਵੱਲ ਵੇਖਿਆ ਅਤੇ ਹੌਲ਼ੀ ਹੌਲ਼ੀ ਹੱਸਣ ਲੱਗ ਪਿਆ। ਕੁੜੀ ਨੇ ਸਿਰ ਚੁੱਕਿਆ ਅਤੇ ਸਭਨਾਂ ਵੱਲ ਕਰੜੀ ਨਿਗਾਹ ਨਾਲ਼ ਤੱਕਿਆ। ਉਹਦਾ ਰੰਗ ਪੀਲ਼ਾ ਪੈ ਗਿਆ ਸੀ, ਅੱਖਾਂ ਲਿਸ਼ਕ ਰਹੀਆਂ ਸਨ ਅਤੇ ਉਹਦੇ ਬੋਲ ਵਿੱਚ ਰੁੱਖਾਪਨ ਅਤੇ ਨਰਾਜ਼ਗੀ ਸੀ।

"ਮੈਂ ਜਾਣਦੀ ਆਂ ਤੁਸੀਂ ਕਿਉਂ ਪਏ ਹੱਸਦੇ ਹੋ," ਉਹਨੇ ਕਿਹਾ। "ਤੁਹਾਡਾ ਖ਼ਿਆਲ ਏ ਇਹ ਕੰਮ ਕਰਨ ਲਈ ਮੇਰੇ ਕੋਈ ਨਿੱਜੀ ਕਾਰਨ ਨੇ।"

"ਕਿਉਂ ਸਾਸ਼ਾ?" ਸੋਫ਼ੀਆ ਨੇ ਉੱਠ ਕੇ ਉਹਦੇ ਕੋਲ਼ ਜਾਂਦੇ ਹੋਏ ਨਖ਼ਰੇ ਨਾਲ਼ ਪੁੱਛਿਆ। ਮਾਂ ਨੇ ਵੇਖਿਆ ਕਿ ਸਾਸ਼ਾ ਦੁਖੀ ਸੀ; ਸੋਫ਼ੀਆ ਨੂੰ ਇਹ ਗੱਲ ਨਹੀਂ ਸੀ ਕਹਿਣੀ ਚਾਹੀਦੀ। ਉਹਨੇ ਹਉਕਾ ਭਰਿਆ ਅਤੇ ਮਿਹਣੇ ਨਾਲ਼ ਉਹਦੇ ਵੱਲ ਵੇਖਿਆ।

"ਤਾਂ ਮੈਂ ਇਹਦੇ ਵਿੱਚ ਕੋਈ ਹਿੱਸਾ ਨਹੀਂ ਲੈਣ ਲੱਗੀ!" ਸਾਸ਼ਾ ਚੀਕੀ। "ਜੇ ਤੁਸੀਂ ਮਾਮਲੇ

ਨੂੰ ਇਸ ਤਰ੍ਹਾਂ ਵੇਖਣੈਂ ਤਾਂ ਮੈਂ ਕੋਈ ਹਿੱਸਾ ਨਹੀਂ ਲੈਣਾ।...''

''ਛਡ ਪਰ੍ਹੇ, ਸਾਸ਼ਾ,'' ਨਿਕੋਲਾਈ ਨੇ ਠਰ੍ਹੰਮੇ ਨਾਲ਼ ਕਿਹਾ।

ਮਾਂ ਉਹਦੇ ਕੋਲ਼ ਗਈ ਅਤੇ ਉਹਦੇ ਵਾਲ ਪਲੋਸੇ। ਕੁੜੀ ਨੇ ਉਹਦਾ ਹੱਥ ਫੜ ਲਿਆ ਅਤੇ ਆਪਣਾ ਪ੍ਰੇਸ਼ਾਨੀ ਨਾਲ਼ ਭਖਿਆ ਮੂੰਹ ਉੱਚਾ ਕੀਤਾ, ਮਾਂ ਮੁਸਕਰਾਈ ਅਤੇ ਹਉਕਾ ਭਰਿਆ। ਉਹਨੂੰ ਗੱਲ ਨਹੀਂ ਸੀ ਅਹੁੜ ਰਹੀ। ਸੋਫ਼ੀਆ ਸਾਸ਼ਾ ਦੇ ਨਾਲ਼ ਦੀ ਕੁਰਸੀ ਉੱਤੇ ਬਹਿ ਗਈ ਅਤੇ ਆਪਣੀ ਬਾਂਹ ਉਹਦੇ ਮੋਢੇ ਦੁਆਲੇ ਵੱਲ ਲਈ।

''ਤੂੰ ਵੀ ਅਜਬ ਵਲੱਲੀ ਏਂ,'' ਉਹਨੇ ਭੇਤ-ਭਰੀ ਮੁਸਕਾਨ ਨਾਲ਼ ਉਹਦੀਆਂ ਅੱਖਾਂ ਵਿੱਚ ਝਾਕਦੇ ਹੋਏ ਕਿਹਾ।

''ਸ਼ਾਇਦ ਮੈਂ ਮੂਰਖਾਂ ਵਾਲ਼ੀ ਗੱਲ ਕੀਤੀ ਏ।...''

''ਤੂੰ ਅਜਿਹੀ ਗੱਲ ਸੋਚ ਵੀ ਕਿਵੇਂ ਸਕਦੀ ਏਂ ?'' ਸੋਫ਼ੀਆ ਨੇ ਕਿਹਾ, ਪਰ ਨਿਕੋਲਾਈ ਨੇ ਵਿਹਾਰੀ ਅਤੇ ਗੰਭੀਰ ਢੰਗ ਨਾਲ਼ ਗੱਲ ਕਰਦੇ ਹੋਏ ਦਖ਼ਲ ਦਿੱਤਾ।

''ਜੇ ਅਜਿਹਾ ਹੋ ਸਕਦੈ ਤਾਂ ਸਾਨੂੰ ਜ਼ਰੂਰ ਹੀ ਉਹਨਾਂ ਦੇ ਨੱਠਣ ਦਾ ਬੰਦੋਬਸਤ ਕਰਨਾ ਚਾਹੀਦੈ,'' ਉਹਨੇ ਕਿਹਾ। ''ਪਰ ਪਹਿਲਾਂ ਸਾਨੂੰ ਇਹ ਪਤਾ ਕਰਨਾ ਚਾਹੀਦੈ ਕਿ ਸਾਡੇ ਜੇਲ੍ਹ ਵਿਚਲੇ ਸਾਥੀ ਇਹ ਚਾਹੁਣਗੇ ਕਿ ਅਸੀਂ ਅਜਿਹਾ ਕਰੀਏ।...''

ਸਾਸ਼ਾ ਨੇ ਨੀਵੀਂ ਪਾ ਲਈ।

ਸੋਫ਼ੀਆ ਨੇ ਸਿਗਰਟ ਲਾਈ ਅਤੇ ਆਪਣੇ ਭਰਾ ਵੱਲ ਨਿਗਾਹ ਮਾਰ ਕੇ ਮਾਚਿਸ ਇੱਕ ਨੁੱਕਰੇ ਸੁੱਟ ਦਿੱਤੀ।

''ਉਹਨਾਂ ਭਲਾ ਕਿਉਂ ਇਤਰਾਜ਼ ਕਰਨੈ,'' ਮਾਂ ਨੇ ਹਉਕਾ ਲਿਆ। ''ਪਰ ਮੇਰਾ ਖ਼ਿਆਲ ਏ ਅਜਿਹਾ ਕੀਤਾ ਨਹੀਂ ਜਾ ਸਕਦਾ।...''

ਮਾਂ ਇਸ ਗੱਲ ਲਈ ਉਤਾਵਲੀ ਸੀ ਕਿ ਉਹ ਉਹਨੂੰ ਯਕੀਨ ਦਿਵਾਉਣ ਕਿ ਅਜਿਹਾ ਹੋ ਸਕਦੈ, ਪਰ ਉਹਨਾਂ ਅਜਿਹਾ ਨਾ ਕੀਤਾ।

''ਮੈਂ ਵੇਸੋਵਸ਼ਚੀਕੋਵ ਨੂੰ ਜ਼ਰੂਰ ਮਿਲਣੈ,'' ਸੋਫ਼ੀਆ ਨੇ ਕਿਹਾ।

''ਭਲਕੇ ਮੈਂ ਤੈਨੂੰ ਦੱਸਾਂਗੀ ਤੂੰ ਉਹਨੂੰ ਕਦੋਂ ਤੇ ਕਿੱਥੇ ਮਿਲ ਸਕਦੀ ਏਂ,'' ਸਾਸ਼ਾ ਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ।

''ਹੁਣ ਉਹਦੀ ਕੀ ਕਰਨ ਦੀ ਸਲਾਹ ਏ ?'' ਸੋਫ਼ੀਆ ਨੇ ਕਮਰੇ ਵਿੱਚ ਚੱਕਰ ਕੱਟਦੇ ਹੋਏ ਪੁੱਛਿਆ।

''ਉਹ ਨਵੇਂ ਛਾਪੇਖ਼ਾਨੇ ਵਿੱਚ ਕੰਪੋਜ਼ੀਟਰ ਹੋਵੇਗਾ। ਉਦੋਂ ਤੱਕ ਉਹ ਜੰਗਲ ਦੇ ਰਾਖੇ ਕੋਲ਼ ਰਹੇਗਾ।

ਸਾਸ਼ਾ ਨੇ ਘੂਰੀ ਵੱਟੀ ਹੋਈ ਸੀ ਅਤੇ ਉਹਦੇ ਮੂੰਹ ਉੱਤੇ ਪੁਰਾਣੀ ਕਰੜੀ ਦਿੱਖ ਆ ਗਈ ਸੀ। ਉਹਨੇ ਰੁਖਾਈ ਨਾਲ਼ ਗੱਲ ਕੀਤੀ।

''ਪਰਸੋਂ ਜਦੋਂ ਤੂੰ ਪਾਵੇਲ ਨੂੰ ਮਿਲਣ ਜਾਵੇਂਗੀ ਤਾਂ ਇਹ ਜ਼ਰੂਰੀ ਏ ਕਿ ਤੂੰ ਉਹਨੂੰ ਇੱਕ ਪਰਚਾ ਦੇਵੇਂ,'' ਨਿਕੋਲਾਈ ਨੇ ਮਾਂ ਕੋਲ਼ ਜਾਂਦੇ ਹੋਏ ਕਿਹਾ, ਜਿਹੜੀ ਪਿਆਲੇ ਧੋ ਰਹੀ ਸੀ।

"ਗੱਲ ਇਹ ਏ, ਸਾਨੂੰ ਪਤਾ ਕਰ ਲੈਣਾ ਚਾਹੀਦੈ।..."

"ਮੈਂ ਸਮਝ ਗਈ ਵਾਂ," ਮਾਂ ਨੇ ਉਹਨੂੰ ਯਕੀਨ ਦਿਵਾਉਣ ਦੀ ਕਾਹਲ ਕੀਤੀ। "ਮੈਂ ਕਿਸੇ ਨਾ ਕਿਸੇ ਤਰ੍ਹਾਂ ਉਹਨੂੰ ਫੜਾ ਦਿਆਂਗੀ।..."

"ਮੈਂ ਹੁਣ ਚੱਲਨੀ ਆਂ, ਸਾਸ਼ਾ ਨੇ ਕਿਹਾ ਅਤੇ ਸਭਨਾਂ ਨਾਲ਼ ਕਾਹਲੀ ਨਾਲ਼ ਅਤੇ ਚੁੱਪ ਚਾਪ ਹੱਥ ਮਿਲਾਕੇ, ਉਹ ਬਾਹਰ ਚਲੀ ਗਈ, ਆਕੜ ਕੇ ਸਿੱਧੀ ਟੁਰਦੀ, ਬੜੇ ਹੀ ਪੱਕੇ ਪੈਰੀਂ।

ਜਦੋਂ ਉਹ ਚਲੀ ਗਈ ਤਾਂ ਸੋਫ਼ੀਆ ਨੇ ਆਪਣੇ ਹੱਥ ਮਾਂ ਦੇ ਮੋਢੇ ਉੱਤੇ ਰੱਖੇ ਅਤੇ ਉਹਨੂੰ ਕੁਰਸੀ ਵਿੱਚ ਅੱਗੇ ਪਿੱਛੇ ਝੁਲਾਇਆ।

"ਤੂੰ ਅਜਿਹੀ ਧੀ ਨੂੰ ਪਿਆਰ ਕਰ ਸਕੇਂਗੀ, ਨਿਲੋਵਨਾ?" ਉਹਨੇ ਮੁਸਕਰਾਉਂਦੇ ਹੋਏ ਪੁੱਛਿਆ।

"ਜੇ ਕਿਤੇ ਮੈਂ ਉਹਨਾਂ ਨੂੰ ਇੱਕ ਦਿਨ ਲਈ ਇਕੱਠਿਆਂ ਵੇਖ ਲਵਾਂ!" ਮਾਂ ਨੇ ਕਿਹਾ, ਉਹ ਫੁੱਟ ਹੀ ਪੈਣ ਲੱਗੀ ਸੀ।

"ਹਾਂ, ਭੋਰਾ ਕੁ ਖੁਸ਼ੀ ਨਾਲ਼ ਕਿਸੇ ਦਾ ਕੁਝ ਵਿਗੜਨਾ ਨਹੀਂ," ਨਿਕੋਲਾਈ ਨੇ ਨਰਮੀ ਨਾਲ਼ ਕਿਹਾ। "ਪਰ ਭੋਰਾ ਕੁ ਤੇ ਕੋਈ ਸੰਤੁਸ਼ਟ ਨਹੀਂ ਰਹਿੰਦਾ। ਅਤੇ ਜਦੋਂ ਇਹ ਬਹੁਤ ਸਾਰੀ ਹੋਵੇ ਤਾਂ ਇਹਦਾ ਕੋਈ ਮੁੱਲ ਨਹੀਂ ਰਹਿੰਦਾ।..."

ਸੋਫ਼ੀਆ ਪਿਆਨੋ ਕੋਲ਼ ਗਈ ਅਤੇ ਇੱਕ ਸੋਗੀ ਧੁਨ ਵਜਾਉਣ ਲੱਗ ਪਈ।

## 12

ਅਗਲੀ ਸਵੇਰ ਲਗਭਗ ਤੀਹ ਜਾਂ ਚਾਲ੍ਹੀ ਬੰਦੇ ਹਸਪਤਾਲ ਦੇ ਫਾਟਕ ਕੋਲ਼ ਆਪਣੇ ਸਾਥੀ ਦਾ ਤਾਬੂਤ ਬਾਹਰ ਲਿਆਂਦੇ ਜਾਣ ਦੀ ਉਡੀਕ ਕਰ ਰਹੇ ਸਨ। ਜਾਸੂਸ ਉਹਨਾਂ ਵਿਚਕਾਰ ਧਿਆਨ ਨਾਲ਼ ਘੁੰਮਦੇ ਫਿਰਦੇ, ਉਹਨਾਂ ਦੇ ਬੋਲ ਸੁਣਦੇ, ਅਤੇ ਮੂੰਹਾਂ, ਢੰਗ-ਤਰੀਕਿਆਂ ਅਤੇ ਬੋਲਾਂ ਨੂੰ ਦਿਮਾਗ਼ਾਂ ਵਿੱਚ ਬਿਠਾਉਂਦੇ। ਪੁਲਸੀਆਂ ਦੀ ਇੱਕ ਟੋਲੀ, ਜਿਨ੍ਹਾਂ ਦੀਆਂ ਢੱਕਾਂ ਨਾਲ਼ ਰੀਵਾਲਵਰ ਬੰਨ੍ਹੇ ਹੋਏ ਸਨ, ਸੜਕ ਦੇ ਦੂਜੇ ਪਾਸੇ ਖੜੀ ਸੀ। ਭੀੜ ਜਾਸੂਸਾਂ ਦੀ ਦਲੇਰੀ ਅਤੇ ਪੁਲਸੀਆਂ ਦੀਆਂ, ਜਿਹੜੇ ਕਿਸੇ ਵੀ ਸਮੇਂ ਆਪਣੇ ਤਾਕਤ ਦਾ ਮੁਜ਼ਾਹਰਾ ਕਰਨ ਲਈ ਤਿਆਰ ਸਨ, ਵਿਅੰਗ-ਭਰੀਆਂ ਮੁਸਕਾਨਾਂ ਕਾਰਨ, ਗੁੱਸੇ ਸੀ। ਕੁਝ ਲੋਕ ਠੱਠਾ ਉਡਾਕੇ ਆਪਣੀ ਖਿਝ ਉੱਤੇ ਪਰਦਾ ਪਾਉਂਦੇ, ਹੋਰਨਾਂ ਨੇ ਬੇਇੱਜ਼ਤੀਆਂ ਨਾ ਵੇਖਣ ਦਾ ਪੱਜ ਬਣਾਉਂਦੇ ਹੋਏ ਆਪਣੀਆਂ ਅੱਖਾਂ ਗੁੱਸੇ ਨਾਲ਼ ਸੜਕ ਉੱਤੇ ਲਾਈ ਰੱਖੀਆਂ ਸਨ, ਕੁਝ ਹੋਰ ਜਿਹੜੇ ਆਪਣੇ ਜਜ਼ਬੇ ਲੁਕਾ ਨਹੀਂ ਸਨ ਸਕਦੇ, ਹਾਕਮਾਂ ਬਾਰੇ ਕਾਟਵੀਆਂ ਗੱਲਾਂ ਕਰਦੇ, ਜਿਹੜੇ ਉਹਨਾਂ ਲੋਕਾਂ ਤੋਂ ਡਰਦੇ ਜਿਨ੍ਹਾਂ ਕੋਲ਼ ਮੂੰਹੋਂ ਕੱਢੀ ਗੱਲ ਤੋਂ ਛੁਟ ਹੋਰ ਕੋਈ ਹਥਿਆਰ ਨਹੀਂ ਸੀ। ਪਤ-ਝੜ ਦਾ ਨਿੰਮ੍ਹਾ ਨੀਲ਼ਾ ਅਸਮਾਨ ਨਿੱਖਰ ਕੇ ਸੜਕ ਦੇ ਭੂਰੇ ਗੋਲ ਪੱਥਰਾਂ ਵੱਲ ਵੇਖ ਰਿਹਾ ਸੀ, ਜਿਹੜੇ ਪੀਲ਼ੇ ਪੱਤਿਆਂ ਨਾਲ਼ ਕੱਜੇ ਹੋਏ ਸਨ, ਜਿਨ੍ਹਾਂ ਨੂੰ ਹਵਾ ਉਡਾਕੇ ਲੋਕਾਂ ਦੇ ਪੈਰਾਂ ਵਿੱਚ ਲਿਆਉਂਦੀ।

ਮਾਂ ਭੀੜ ਦੇ ਵਿਚਕਾਰ ਖੜੀ ਸੀ।

"ਤੁਸੀਂ ਬਹੁਤੇ ਤਾਂ ਨਹੀਂ, ਬਹੁਤੇ ਨਹੀਂ! ਤੇ ਕਿਰਤੀ ਤਾਂ ਲਗਭਗ ਹੋ ਹੀ ਨਹੀਂ," ਉਹਨੇ

ਜਾਣੇ ਪਛਾਣੇ ਮੂੰਹਾਂ ਵੱਲ ਸੋਗੀ ਢੰਗ ਨਾਲ਼ ਵੇਖਦੇ ਹੋਏ ਕਿਹਾ।

ਗੇਟ ਖੁੱਲ੍ਹਿਆ ਅਤੇ ਲੋਕ ਤਾਬੂਤ ਦਾ ਢੱਕਣ ਚੁੱਕੀ ਆਏ, ਜਿਹੜਾ ਲਾਲ ਫ਼ੀਤਿਆਂ ਨਾਲ਼ ਬੰਨ੍ਹੇ ਫੁੱਲਾਂ ਦੇ ਹਾਰਾਂ ਨਾਲ਼ ਕੱਜਿਆ ਹੋਇਆ ਸੀ। ਉਡੀਕਦੇ ਲੋਕਾਂ ਨੇ ਇੱਕ ਦਮ ਆਪਣੇ ਹੈਟ ਲਾਹੇ, ਜਿਸ ਤੋਂ ਇਹ ਪ੍ਰਭਾਵ ਪੈਦਾ ਹੋਇਆ ਕਿ ਕਾਲ਼ੇ ਪੰਛੀਆਂ ਦੀ ਇੱਕ ਡਾਰ ਨੇ ਅਚਾਨਕ ਉਡਾਰੀ ਲਾਈ ਹੈ। ਇੱਕ ਲੰਮਾ ਪੁਲੀਸ ਅਫ਼ਸਰ, ਜਿਸਦੀਆਂ ਲਾਲ ਮੂੰਹ ਉੱਤੇ ਘਣੀਆਂ ਕਾਲ਼ੀਆਂ ਮੁੱਛਾਂ ਸਨ ਕਾਹਲੀ ਕਾਹਲੀ ਭੀੜ ਵਿੱਚ ਆ ਵੜਿਆ, ਉਹਦੇ ਪਿੱਛੇ ਪਿੱਛੇ ਸਿਪਾਹੀ ਸਨ, ਲੋਕਾਂ ਨੂੰ ਅੰਨ੍ਹੇਵਾਹ ਧੱਕੇ ਦੇਂਦੇ ਅਤੇ ਆਪਣੇ ਭਾਰੇ ਬੂਟਾਂ ਨਾਲ਼ ਜ਼ੋਰ ਦੀ ਠੱਪ ਠੱਪ ਕਰਦੇ ਹੋਏ ਆਏ।

"ਫ਼ੀਤੇ ਲਾਹ ਦਿਓ!" ਅਫ਼ਸਰ ਨੇ ਘੱਗੀ ਅਵਾਜ਼ ਵਿੱਚ ਹੁਕਮ ਦਿੱਤਾ।

ਮਰਦ ਅਤੇ ਇਸਤਰੀਆਂ ਉਹਦੇ ਦੁਆਲੇ ਇਕੱਠੇ ਹੋ ਗਏ, ਉਤੇਜਤ ਹੋਏ ਗੱਲਾਂ ਕਰਦੇ, ਆਪਣੀਆਂ ਬਾਹਾਂ ਹਿਲਾਉਂਦੇ ਅਤੇ ਇੱਕ ਦੂਜੇ ਨੂੰ ਧੱਕੇ ਦੇਂਦੇ। ਮਾਂ ਦੀਆਂ ਅੱਖਾਂ ਸਾਹਮਣਿਉਂ ਪੀਲ਼ੇ ਉਤੇਜਤ ਮੂੰਹ ਲੰਘੇ, ਜਿਨ੍ਹਾਂ ਦੇ ਬੁੱਲ੍ਹ ਕੰਬ ਰਹੇ ਸਨ; ਇੱਕ ਇਸਤਰੀ ਦੀਆਂ ਗੱਲ੍ਹਾਂ ਉੱਤੋਂ ਹੰਝੂ ਕਿਰ ਰਹੇ ਸਨ।

"ਹਿੰਸਾ ਮੁਰਦਾਬਾਦ!" ਇੱਕ ਜਵਾਨ ਅਵਾਜ਼ ਗੂੰਜੀ, ਜਿਹੜੀ ਇੱਕ ਦਮ ਬਹਿਸ ਦੇ ਰੌਲੇ ਵਿੱਚ ਗਵਾਚ ਗਈ।

ਮਾਂ ਦੇ ਦਿਲ ਨੂੰ ਡੰਗ ਵੱਜਾ ਅਤੇ ਉਹ ਆਪਣੇ ਕੋਲ਼ ਖੜੇ ਇੱਕ ਜਵਾਨ ਵੱਲ ਮੁੜੀ ਜਿਸਨੇ ਮਾੜੇ ਕੱਪੜੇ ਪਹਿਨੇ ਹੋਏ ਸਨ।

"ਉਹ ਤਾਂ ਤੁਹਾਨੂੰ ਨੜੋਆ ਵੀ ਆਪਣੀ ਮਰਜ਼ੀ ਨਾਲ਼ ਨਹੀਂ ਕੱਢਣ ਦੇਂਦੇ," ਮਾਂ ਨੇ ਗੁੱਸੇ ਨਾਲ਼ ਕਿਹਾ। "ਕਿੰਨੀ ਨਮੋਸ਼ੀ ਦੀ ਗੱਲ ਵੇ!"

ਦਵੈਖ ਦੀ ਭਾਵਨਾ ਵੱਧਦੀ ਜਾ ਰਹੀ ਸੀ। ਲੋਕਾਂ ਦੇ ਸਿਰਾਂ ਉੱਤੇ ਤਾਬੂਤ ਦਾ ਢੱਕਣ ਝੂਲ ਰਿਹਾ ਸੀ; ਹਵਾ ਵਿੱਚ ਲਹਿਰਾਉਂਦੇ ਫ਼ੀਤੇ ਆਪਣੇ ਹੇਠਾਂ ਸਿਰਾਂ ਅਤੇ ਮੂੰਹਾਂ ਵਿੱਚ ਉਲਝ ਜਾਂਦੇ ਅਤੇ ਰੇਸ਼ਮ ਦੀ ਸੁੱਕੀ, ਘਾਬਰੀ ਸਰ ਸਰ ਹੁੰਦੀ।

ਮਾਂ ਨੂੰ ਤੌਖਲਾ ਸੀ ਕਿ ਟੱਕਰ ਹੋ ਜਾਵੇਗੀ ਅਤੇ ਉਹ ਸੱਜੇ ਖੱਬੇ ਬੁੜ ਬੁੜ ਕਰੀ ਜਾਂਦੀ, "ਜੇ ਇਹੋ ਉਹਨਾਂ ਦੀ ਨੀਅਤ ਵੇ ਤਾਂ ਪੈਣ ਢੱਠੇ ਖੂਹ ਵਿੱਚ! ਲੈ ਲੈਣ ਫ਼ੀਤੇ! ਅਸੀਂ ਈ ਹਾਰ ਮੰਨ ਲਈਏ!..."

ਕਿਸੇ ਦੀ ਉੱਚੀ, ਤਿੱਖੀ ਅਵਾਜ਼ ਖੱਪ ਤੋਂ ਉੱਪਰ ਉੱਠੀ:

"ਅਸੀਂ ਆਪਣੇ ਸਾਥੀ ਨੂੰ ਉਹਦੀ ਅਖ਼ੀਰੀ ਅਰਾਮਗਾਹ ਤੱਕ ਪੁਚਾਉਣ ਦਾ ਹੱਕ ਮੰਗਦੇ ਹਾਂ—ਇੱਕ ਅਜਿਹੇ ਸਾਥੀ ਨੂੰ ਜਿਸ ਨੂੰ ਤੁਸਾਂ ਤਸੀਹੇ ਦੇਕੇ ਮਾਰਿਆ।..."

ਇੱਕ ਉੱਚੀ ਅਵਾਜ਼ ਗਾਉਣ ਲੱਗ ਪਈ:

**ਤੂੰ ਬਣਿਆ, ਇੱਕ ਉੱਚ ਕੁਰਬਾਨੀ।...**

"ਫ਼ੀਤੇ ਲਾਹ ਦਿਓ! ਯਾਕੋਵਲੇਵ, ਇਹਨਾਂ ਨੂੰ ਵੱਢ ਦੇ!"

ਇੱਕ ਤਲਵਾਰ ਸ਼ੂਕੀ। ਮਾਂ ਨੇ ਕਿਸੇ ਚੀਕ ਦੀ ਉਡੀਕ ਵਿੱਚ ਆਪਣੀਆਂ ਅੱਖਾਂ ਬੰਦ ਕਰ ਲਈਆਂ। ਚੁੱਪ ਗਹਿਰੀ ਹੋ ਗਈ। ਪਰ ਲੋਕਾਂ ਨੇ ਬਸ ਬੁੜ ਬੁੜ ਕੀਤੀ ਅਤੇ ਗੁੱਸੇ ਵਿੱਚ ਬਘਿਆੜਾਂ ਵਾਂਗ ਘਰਕੇ। ਚੁੱਪ ਚਾਪ, ਨੀਵੀਆਂ ਪਾਈ ਉਹ ਅੱਗੇ ਵੱਧ ਪਏ, ਹਵਾ ਨੂੰ ਆਪਣੇ ਹਿਲਦੇ ਪੈਰਾਂ ਦੀ ਅਵਾਜ਼ ਨਾਲ਼ ਭਰਦੇ ਹੋਏ।

ਤਾਬੂਤ ਦਾ ਢੱਕਣ, ਜਿਸਦੇ ਹਾਰ ਮਧੋਲੇ ਗਏ ਸਨ ਅਤੇ ਫ਼ੀਤੇ ਕੱਟ ਦਿੱਤੇ ਗਏ ਸਨ ਲੋਕਾਂ ਦੇ ਸਿਰਾਂ ਉੱਤੇ ਤੈਰ ਰਿਹਾ ਸੀ ਅਤੇ ਉਹਦੇ ਨਾਲ਼ ਨਾਲ਼ ਘੋੜ-ਸਵਾਰ ਪੁਲੀਸ ਝੂੰਮਦੀ ਜਾ ਰਹੀ ਸੀ। ਮਾਂ ਪਟੜੀ ਉੱਚੇ ਚੱਲ ਰਹੀ ਸੀ ਅਤੇ ਉਹਨੂੰ ਤਾਬੂਤ ਦਿੱਸਦਾ ਨਹੀਂ ਸੀ ਪਿਆ; ਇਹਦੇ ਦੁਆਲੇ ਭੀੜ ਅਣਜਾਚਿਆਂ ਵੱਧ ਗਈ ਸੀ, ਇੱਥੋਂ ਤੱਕ ਕਿ ਹੁਣ ਉਹਨੇ ਸਾਰੀ ਸੜਕ ਮੱਲੀ ਹੋਈ ਸੀ। ਘੋੜ-ਸਵਾਰ ਪੁਲੀਸ ਅਖ਼ੀਰ ਉੱਤੇ ਸੀ, ਅਤੇ ਦੋਹੀਂ ਪਾਸੀਂ, ਆਪਣੇ ਹੱਥ ਤਲਵਾਰਾਂ ਦੀਆਂ ਮੁੱਠਾਂ ਉੱਤੇ ਰੱਖੀ ਪੁਲਸੀਏ ਚਲ ਰਹੇ ਸਨ। ਹਰ ਪਾਸੇ ਮਾਂ ਨੂੰ ਜਾਸੂਸਾਂ ਦੀਆਂ ਜਾਣੀਆਂ-ਪਛਾਣੀਆਂ ਤਿੱਖੀਆਂ ਅੱਖਾਂ ਦਿੱਸਦੀਆਂ, ਜਿਹੜੇ ਲੋਕਾਂ ਦੇ ਮੂੰਹ ਘੋਖ ਰਹੇ ਸਨ।

**ਅਲਵਿਦਾ, ਸਾਥੀ, ਅਲਵਿਦਾ।...**

ਦੋ ਸੋਗੀ, ਸੁਰੀਲੀਆਂ ਅਵਾਜ਼ਾਂ ਗਾ ਰਹੀਆਂ ਸਨ।

"ਅਸੀਂ ਇਸ ਤੋਂ ਬਿਨਾਂ ਵੀ ਗੁਜ਼ਾਰਾ ਕਰ ਸਕਦੇ ਆਂ," ਕਿਸੇ ਨੇ ਕਿਹਾ। "ਭਲੇ ਮਾਣਸੋ, ਚੁੱਪ ਚਾਪ ਚਲਦੇ ਜਾਓ!"

ਇਸ ਅਵਾਜ਼ ਵਿੱਚ ਕੁਝ ਗੰਭੀਰ ਅਤੇ ਪ੍ਰਭਾਵਸ਼ਾਲੀ ਸੀ। ਗੀਤ ਦਾ ਬਿਰਹੜਾ ਟੁੱਟ ਗਿਆ ਅਤੇ ਗੱਲਾਂ ਧੀਮੀਆਂ ਪੈ ਗਈਆਂ, ਇੱਥੋਂ ਤੱਕ ਕਿ ਬਸ ਪੱਥਰਾਂ ਉੱਤੇ ਪੈਰਾਂ ਦੀ ਮੱਧਮ ਇਕਸਾਰ ਚਾਪ ਹੀ ਸੁਣਾਈ ਦੇਂਦੀ ਸੀ। ਇਹ ਅਵਾਜ਼ ਲੋਕਾਂ ਦੇ ਸਿਰਾਂ ਦੇ ਉੱਪਰ ਉੱਠੀ ਅਤੇ ਪਾਰਦਰਸ਼ੀ ਅਸਮਾਨ ਵਿੱਚ ਤੈਰੀ, ਹਵਾ ਨੂੰ ਦੁਰਾਡੇ ਤੂਫਾਨ ਦੀ ਪਹਿਲੀ ਗਰਜ ਵਾਂਗ ਹਿਲਾਉਂਦੀ। ਠੰਢੀ ਹਵਾ, ਜਿਹੜੀ ਤਿਖੇਰੀ ਹੁੰਦੀ ਜਾ ਰਹੀ ਸੀ, ਦਵੈਖ ਨਾਲ਼ ਮਿੱਟੀ ਤੇ ਸ਼ਹਿਰ ਦਾ ਗੰਦ ਲੋਕਾਂ ਉੱਤੇ ਸੁੱਟਦੀ; ਇਹ ਉਹਨਾਂ ਦੇ ਵਾਲ ਅਤੇ ਕੱਪੜੇ ਵਿਲੂੰਧਰਦੀ, ਉਹਨਾਂ ਨੂੰ ਅੰਨ੍ਹਿਆਂ ਕਰ ਦੇਂਦੀ, ਉਹਨਾਂ ਦੀਆਂ ਛਾਤੀਆਂ ਉੱਤੇ ਸੱਟਾਂ ਮਾਰਦੀ ਅਤੇ ਉਹਨਾਂ ਦੇ ਪੈਰਾਂ ਦੇ ਕੋਲ਼ ਚੱਕਰ ਕੱਟਦੀ।...

ਇਸ ਚੁੱਪ ਚਾਪ ਨੜੋਏ ਨੇ, ਜਿਹੜਾ ਪਾਦਰੀਆਂ ਅਤੇ ਦਰਦ ਭਰੇ ਗੀਤਾਂ ਤੋਂ ਬਿਨਾਂ ਸੀ, ਇਹਨਾਂ ਸੋਚਦੇ ਅਤੇ ਸੂਤੇ ਮੂੰਹਾਂ ਨੇ, ਮਾਂ ਨੂੰ ਤੌਖਲੇ ਨਾਲ਼ ਭਰ ਦਿੱਤਾ। ਮੱਧਮ ਜਿਹੇ ਵਿਚਾਰ ਉਹਦੇ ਮਨ ਵਿੱਚ ਚੱਕਰ ਕੱਟਦੇ ਰਹੇ ਅਤੇ ਉਹਨੇ ਇਹਨਾਂ ਨੂੰ ਸੋਗੀ ਸ਼ਬਦਾਂ ਦਾ ਪਹਿਰਾਵਾ ਪਹਿਨਾਇਆ।

"ਸੱਚ ਦੇ ਪੱਖ ਵਿੱਚ ਖੜੇ ਤੁਸੀਂ ਕੋਈ ਬਹੁਤੇ ਨਹੀਂ।..."

ਉਹ ਨੀਵੀਂ ਪਾਈ ਟੁਰਦੀ ਗਈ ਅਤੇ ਉਹਨੂੰ ਜਾਪਿਆ ਕਿ ਉਹ ਯੇਗੋਰ ਨੂੰ ਨਹੀਂ ਸਗੋਂ ਕਿਸੇ ਹੋਰ ਸ਼ੈਅ ਨੂੰ—ਉਹਦੇ ਨੇੜੇ, ਅਤੇ ਪਿਆਰੀ ਅਤੇ ਉਹਦੇ ਲਈ ਅਤਿ ਲੋੜੀਂਦੀ ਕਿਸੇ ਸ਼ੈਅ ਨੂੰ ਦਫ਼ਨਾ ਰਹੇ ਹਨ। ਉਹ ਕੱਲੀ-ਕਾਰੀ ਅਤੇ ਬੇਚੈਨ ਅਨੁਭਵ ਕਰ ਰਹੀ ਸੀ। ਯੇਗੋਰ

ਨੂੰ ਦਫ਼ਨਾਉਣ ਜਾ ਰਹੇ ਇਹਨਾਂ ਲੋਕਾਂ ਨਾਲ਼ ਵਿਰੋਧ ਦਾ ਇੱਕ ਬੁੜ ਬੁੜ ਕਰਦਾ, ਡਰਾਉਣਾ ਅਨੁਭਵ ਉਹਦੇ ਮਨ ਉੱਤੇ ਛਾ ਗਿਆ।

"ਯੇਗੋਰ ਨੂੰ ਰੱਬ ਵਿੱਚ ਨਿਸ਼ਚਾ ਨਹੀਂ ਸੀ," ਉਹਨੇ ਸੋਚਿਆ, "ਤੇ ਇਹ ਬਾਕੀਆਂ ਵਿੱਚੋਂ ਵੀ ਕਿਸੇ ਨੂੰ ਨਹੀਂ।..."

ਉਹ ਇਹ ਵਿਚਾਰ ਹੋਰ ਅੱਗੇ ਨਹੀਂ ਸੀ ਲਿਜਾਣਾ ਚਾਹੁੰਦੀ ਅਤੇ ਉਹਨੇ ਹਉਕਾ ਭਰਿਆ, ਆਪਣੀ ਰੂਹ ਨੂੰ ਕਿਸੇ ਬਹੁਤ ਵੱਡੇ ਭਾਰ ਤੋਂ ਮੁਕਤ ਕਰਾਉਣ ਲਈ।

"ਹਾਏ ਰੱਬਾ! ਓਹ, ਪਿਆਰੇ ਈਸਾ! ਕੀ ਇਹ ਹੋ ਸਕਦੈ ਕਿ ਮੈਂ ਵੀ — ਇਸ ਤਰਾਂ।..."

ਉਹ ਕਬਰਿਸਤਾਨ ਅੱਪੜ ਗਏ ਅਤੇ ਕੁਝ ਸਮਾਂ ਕਬਰਾਂ ਵਿਚਕਾਰ ਤੰਗ ਰਾਹਾਂ ਉੱਤੇ ਚਲੀ ਗਏ, ਇੱਥੋਂ ਤੱਕ ਕਿ ਉਹ ਨੀਵੀਆਂ ਚਿੱਟੀਆਂ ਸਲੀਬਾਂ ਨਾਲ਼ ਭਰੀ ਇੱਕ ਖੁੱਲ੍ਹੀ ਥਾਂ ਅੱਪੜ ਗਏ। ਚੁੱਪ ਚਾਪ ਭੀੜ ਇੱਕ ਖੁੱਲ੍ਹੀ ਕਬਰ ਦੁਆਲੇ ਇਕੱਠੀ ਹੋ ਗਈ। ਕਬਰਾਂ ਵਿਚਕਾਰ ਜਿਉਂਦੇ ਲੋਕਾਂ ਦੀ ਖਿਚਾਅ-ਭਰੀ ਚੁੱਪ ਕਿਸੇ ਭਿਆਨਕ ਸ਼ੈਅ ਦੀ ਆਉਂਦ ਦੱਸਦੀ ਸੀ ਜਿਸ ਨੇ ਮਾਂ ਦੇ ਦਿਲ ਨੂੰ ਖੜਾ ਕਰ ਦਿੱਤਾ। ਹਵਾ ਸਲੀਬਾਂ ਵਿੱਚੋਂ ਚੰਘਾੜਦੀ ਅਤੇ ਸੀਟੀਆਂ ਮਾਰਦੀ ਅਤੇ ਤਾਬੂਤ ਦੇ ਢੱਕਣ ਉੱਤੇ ਮਧੋਲੇ ਫੁੱਲਾਂ ਨੂੰ ਗ਼ਮ ਨਾਲ਼ ਹਿਲਾਉਂਦੀ।...

ਪੁਲਸੀਏ ਅਟੰਸ਼ਨ ਹੋਕੇ ਖੜੇ ਹੋ ਗਏ, ਉਹਨਾਂ ਦੀਆਂ ਅੱਖਾਂ ਆਪਣੇ ਅਫ਼ਸਰ ਉੱਤੇ ਲੱਗੀਆਂ ਸਨ। ਇੱਕ ਲੰਮਾ ਜਵਾਨ ਬੰਦਾ, ਜਿਸਦਾ ਮੂੰਹ ਪੀਲ਼ਾ ਸੀ, ਸਿਰ ਨੰਗਾ, ਕਾਲ਼ੇ ਭਰਵੱਟੇ ਅਤੇ ਲੰਮੇ ਵਾਲ ਸਨ, ਕਬਰ ਦੇ ਸਿਰਹਾਣੇ ਖੜਾ ਹੋ ਗਿਆ।

"ਭਲੇ ਲੋਕੋ!" ਪੁਲੀਸ ਦੇ ਅਫ਼ਸਰ ਨੇ ਘੱਗੀ ਅਵਾਜ਼ ਵਿੱਚ ਕਿਹਾ।

"ਸਾਥੀਓ!" ਜਵਾਨ ਆਦਮੀ ਨੇ ਉਸੇ ਸਮੇਂ ਉੱਚੀ, ਸਾਫ਼ ਅਵਾਜ਼ ਵਿੱਚ ਸ਼ੁਰੂ ਕੀਤਾ।

"ਇੱਕ ਮਿੰਟ!" ਅਫ਼ਸਰ ਚੀਕਿਆ। "ਮੈਂ ਤੁਹਾਨੂੰ ਦੱਸ ਦਿਆਂ ਕਿ ਮੈਂ ਤਕਰੀਰਾਂ ਦੀ ਇਜਾਜ਼ਤ ਨਹੀਂ ਦੇ ਸਕਦਾ।..."

"ਮੈਂ ਸੰਖੇਪ ਗੱਲ ਕਰਾਂਗਾ," ਜਵਾਨ ਬੰਦੇ ਨੇ ਠਰ੍ਹੰਮੇ ਨਾਲ਼ ਕਿਹਾ। "ਸਾਥੀਓ! ਆਓ ਅਸੀਂ ਆਪਣੇ ਮਿੱਤਰ ਅਤੇ ਸਿੱਖਿਅਕ ਦੀ ਕਬਰ ਕੋਲ਼ ਖਲੋਕੇ ਸੌਂਹ ਖਾਈਏ ਕਿ ਜੋ ਕੁਝ ਉਹਨੇ ਸਾਨੂੰ ਸਿਖਾਇਆ ਅਸੀਂ ਉਹ ਕਦੀ ਨਹੀਂ ਭੁੱਲਾਂਗੇ, ਕਿ ਸਾਡੇ ਵਿੱਚੋਂ ਹਰ ਇੱਕ, ਆਪਣੀ ਸਾਰੀ ਜ਼ਿੰਦਗੀ, ਨਿਰੰਤਰ ਉਸ ਤਾਕਤ ਦੀ ਕਬਰ ਪੁੱਟੀ ਜਾਵੇਗਾ, ਜਿਹੜੀ ਸਾਡੀ ਮਾਤ-ਭੂਮੀ ਦੇ ਸਭਨਾਂ ਦੁੱਖਾਂ ਦਾ ਸੋਮਾ ਹੈ — ਉਹ ਨਾਰਕੀ, ਜ਼ੁਲਮੀ ਤਾਕਤ, ਜਿਸਨੂੰ ਇੱਕ-ਪੁਰਖੀ ਰਾਜ ਕਹਿੰਦੇ ਨੇ!"

"ਇਹਨੂੰ ਗ੍ਰਿਫ਼ਤਾਰ ਕਰ ਲਓ!" ਅਫ਼ਸਰ ਚਿਲਾਇਆ, ਪਰ ਉਹਦੀ ਬੇਮੇਲ ਅਵਾਜ਼ ਨਾਅਰਿਆਂ ਦੀ ਗੂੰਜ ਵਿੱਚ ਡੁੱਬ ਗਈ।

"ਇੱਕ-ਪੁਰਖੀ ਰਾਜ ਮੁਰਦਾਬਾਦ!"

ਪੁਲਸੀਏ ਧੱਕੇ ਮਾਰਕੇ ਭੀੜ ਵਿੱਚੋਂ ਉਸ ਜਵਾਨ ਵੱਲ ਅੱਗੇ ਵਧੇ, ਜਿਸਦੇ ਮਿੱਤਰ ਰੱਖਿਆ ਕਰਨ ਦੇ ਢੰਗ ਨਾਲ਼ ਉਹਦੇ ਦੁਆਲੇ ਜੁੜ ਗਏ ਸਨ।

"ਅਜ਼ਾਦੀ ਜ਼ਿੰਦਾਬਾਦ!" ਉਹਨੇ ਬਾਂਹ ਲਹਿਰਾ ਕੇ ਕਿਹਾ।

ਮਾਂ ਨੂੰ ਇੱਕ ਪਾਸੇ ਧੱਕ ਦਿੱਤਾ ਗਿਆ। ਡਰੀ ਹੋਈ, ਉਹਨੇ ਇੱਕ ਸਲੀਬ ਨਾਲ਼ ਢਾਸਣਾ ਲਾ ਲਿਆ ਅਤੇ ਅੱਖਾਂ ਬੰਦ ਕਰ ਲਈਆਂ, ਉਹ ਸੱਟ ਲੱਗਣ ਦੀ ਉਡੀਕ ਕਰ ਰਹੀ ਸੀ। ਅਵਾਜ਼ਾਂ ਦੀ ਗੜ–ਬੜ ਕਾਰਨ ਉਹ ਬੋਲੀ ਹੋ ਗਈ ਸੀ; ਉਹਦੇ ਪੈਰਾਂ ਹੇਠੋਂ ਧਰਤੀ ਖਿਸਕ ਗਈ ਅਤੇ ਹਵਾ ਅਤੇ ਆਪਣੇ ਡਰ ਕਾਰਨ ਉਹਦੇ ਲਈ ਸਾਹ ਲੈਣਾ ਔਖਾ ਸੀ। ਪੁਲਸੀ ਸੀਟੀਆਂ ਨੇ ਖ਼ਤਰੇ ਦਾ ਸੰਕੇਤ ਦਿੱਤਾ, ਖਰ੍ਹਵੀ ਅਵਾਜ਼ ਹੁਕਮ ਦੇਂਦੀ ਕੂਕੀ, ਔਰਤਾਂ ਦੀਆਂ ਅਵਾਜ਼ਾਂ ਘਬਰਾਈਆਂ ਹੋਈਆਂ ਉੱਠ ਰਹੀਆਂ ਸਨ, ਜੰਗਲਿਆਂ ਦੀਆਂ ਲੱਕੜਾਂ ਟੁੱਟੀਆਂ, ਸੁੱਕੀ ਧਰਤੀ ਉੱਤੇ ਭਾਰੇ ਬੂਟਾਂ ਦੀ ਮੱਧਮ ਠੱਕ ਠੱਕ ਹੋਈ। ਇਹ ਗੱਲ ਇੰਨੀ ਦੇਰ ਜਾਰੀ ਰਹੀ ਕਿ ਉਹ ਉੱਥੇ ਅੱਖਾਂ ਬੰਦ ਕਰਕੇ ਖੜੇ ਹੋਣ ਦਾ ਭੈ ਹੋਰ ਸਹਾਰ ਨਾ ਸਕੀ।

ਉਹਨੇ ਨਿਗਾਹ ਉੱਪਰ ਚੁੱਕੀ ਅਤੇ ਕੂਕ ਮਾਰਕੇ ਅੱਗੇ ਵੱਲ ਨੱਠ ਪਈ, ਉਹਨੇ ਬਾਹਾਂ ਪਸਾਰੀਆਂ ਹੋਈਆਂ ਸਨ। ਨੇੜੇ ਹੀ, ਕਬਰਾਂ ਵਿਚਕਾਰ ਇੱਕ ਤੰਗ ਰਾਹ ਉੱਤੇ, ਪੁਲਸੀਆਂ ਨੇ ਇੱਕ ਜਵਾਨ ਬੰਦੇ ਨੂੰ ਘੇਰ ਲਿਆ ਸੀ ਅਤੇ ਉਹਨਾਂ ਲੋਕਾਂ ਨੂੰ ਕੁੱਟ ਕੇ ਪਰ੍ਹਾਂ ਹਟਾ ਰਹੇ ਸਨ ਜਿਹੜੇ ਉਹਨੂੰ ਬਚਾਉਣ ਲਈ ਆ ਰਹੇ ਸਨ। ਨੰਗੀਆਂ ਤਲਵਾਰਾਂ ਠੰਢੀਆਂ ਅਤੇ ਚਿੱਟੀਆਂ ਲਿਸ਼ਕਦੀਆਂ, ਕਦੀ ਲੋਕਾਂ ਦੇ ਸਿਰਾਂ ਉੱਚੇ ਚਮਕਦੀਆਂ, ਕਦੀ ਉਹਨਾਂ ਵਿਚਕਾਰ ਡਿੱਗਦੀਆਂ। ਸੋਟੀਆਂ ਅਤੇ ਜੰਗਲਿਆਂ ਦੇ ਟੁੱਟੇ ਫੱਟੇ ਹਥਿਆਰਾਂ ਦੇ ਤੌਰ ’ਤੇ ਲਹਿਰਾਏ ਜਾਂਦੇ। ਖੱਪ ਪਾਉਂਦੇ ਲੋਕ ਕਿਸੇ ਜੰਗਲੀ ਨਾਚ ਵਿੱਚ ਚੱਕਰ ਕੱਟ ਰਹੇ ਸਨ ਅਤੇ ਪੀਲ਼ੇ ਮੂੰਹ ਵਾਲ਼ਾ ਬੰਦਾ ਉਹਨਾਂ ਦਾ ਕੇਂਦਰ ਸੀ। ਖੋਰੀ ਜਜ਼ਬਿਆਂ ਦੇ ਇੱਕ ਝੱਖੜ ਵਿੱਚੋਂ ਉਹਦੀ ਮਜ਼ਬੂਤ ਅਵਾਜ਼ ਆਈ।

“ਸਾਥੀਓ! ਆਪਣੀ ਸ਼ਕਤੀ ਵਿਅਰਥ ਨਾ ਗੁਆਓ!”

ਉਹਦੀ ਗੱਲ ਗੌਲ਼ੀ ਗਈ। ਲੋਕਾਂ ਨੇ ਆਪਣੀਆਂ ਸੋਟੀਆਂ ਸੁੱਟ ਦਿੱਤੀਆਂ ਅਤੇ ਨੱਠਣ ਲੱਗ ਪਏ, ਪਰ ਮਾਂ ਅੱਗੇ ਵਧਦੀ ਗਈ, ਕਿਸੇ ਅਰੁਕ ਸ਼ਕਤੀ ਦੀ ਪ੍ਰੇਰੀ ਹੋਈ। ਉਹਨੇ ਨਿਕੋਲਾਈ ਨੂੰ ਵੇਖਿਆ, ਜਿਸਦਾ ਹੈਟ ਉਹਦੇ ਸਿਰ ਦੇ ਪਿਛਲੇ ਪਾਸੇ ਚਲਾ ਗਿਆ ਸੀ, ਉਹ ਝਲਿਆਏ ਲੋਕਾਂ ਨੂੰ ਧੱਕ ਰਿਹਾ ਸੀ।

“ਪਾਗਲ ਹੋ ਗਏ,” ਉਹ ਗਿਲਾ ਕਰਦਾ। “ਸ਼ਾਂਤ ਹੋ ਜਾਓ!...”

ਮਾਂ ਨੂੰ ਜਾਪਿਆ ਉਹਦੇ ਇੱਕ ਹੱਥ ਉੱਤੇ ਲਹੂ ਲੱਗਾ ਹੈ।

“ਨਿਕੋਲਾਈ ਈਵਾਨੋਵਿਚ! ਇੱਥੋਂ ਚਲਾ ਜਾ!” ਮਾਂ ਨੇ ਉਹਦੇ ਵੱਲ ਧਾਉਂਦੇ ਹੋਏ ਕਿਹਾ।

“ਤੂੰ ਕਿੱਧਰ ਜਾ ਰਹੀ ਏਂ? ਉਹ ਤੈਨੂੰ ਮਾਰਨਗੇ।...”

ਮਾਂ ਨੇ ਆਪਣੇ ਮੋਢੇ ਉੱਤੇ ਇੱਕ ਹੱਥ ਮਹਿਸੂਸ ਕੀਤਾ ਅਤੇ ਸੋਫ਼ੀਆ ਨੂੰ ਆਪਣੇ ਨਾਲ਼ ਖੜੇ ਵੇਖਿਆ, ਉਹ ਹੈਟ ਤੋਂ ਬਿਨਾਂ ਸੀ, ਉਹਦੇ ਵਾਲ ਖਿਲਰੇ ਹੋਏ ਸਨ, ਉਹਨੇ ਇੱਕ ਮੁੰਡੇ ਦਾ ਹੱਥ ਫੜਿਆ ਹੋਇਆ ਸੀ। ਮੁੰਡਾ ਜਿਹੜਾ ਬੱਚੇ ਤੋਂ ਮਸਾਂ ਹੀ ਵੱਡਾ ਸੀ, ਆਪਣੇ ਫੱਟੜ ਮੂੰਹ ਤੋਂ ਖ਼ੂਨ ਪੂੰਝ ਰਿਹਾ ਸੀ।

“ਛੱਡੋ ਮੈਨੂੰ।... ਇਹ ਤਾਂ ਕੁਝ ਨਹੀਂ।...” ਉਹ ਕੰਬਦੇ ਹੋਠਾਂ ਨਾਲ਼ ਬੁੜ ਬੁੜ ਕਰ ਰਿਹਾ ਸੀ।

“ਇਹਦਾ ਧਿਆਨ ਰੱਖ—ਇਹਨੂੰ ਸਾਡੇ ਘਰ ਲੈ ਚਲ। ਐਹ ਲੈ ਰੁਮਾਲ, ਇਹਦੇ ਮੂੰਹ ’ਤੇ

ਲੱਗਾ ਫੱਟ ਬੰਨ੍ਹਣ ਲਈ," ਸੋਫ਼ੀਆ ਨੇ ਕਾਹਲ ਨਾਲ਼ ਕਿਹਾ ਅਤੇ ਮੁੰਡੇ ਦਾ ਹੱਥ ਮਾਂ ਦੇ ਹੱਥ ਵਿੱਚ ਦੇਣ ਪਿੱਛੋਂ ਉਹ ਉੱਥੋਂ ਨੱਠ ਗਈ।

"ਛੇਤੀ ਚਲੀ ਜਾ ਨਹੀਂ ਤਾਂ ਉਹ ਤੈਨੂੰ ਗ੍ਰਿਫ਼ਤਾਰ ਕਰ ਲੈਣਗੇ!" ਉਹਨੇ ਮੁੜ ਕੇ ਕਿਹਾ।

ਲੋਕ ਕਬਰਿਸਤਾਨ ਵਿੱਚ ਚਾਰੇ ਪਾਸੇ ਖਿੰਡ ਰਹੇ ਸਨ, ਪੁਲਸੀਏ ਕਬਰਾਂ ਵਿਚਕਾਰ ਭਾਰੇ ਕਦਮਾਂ ਨਾਲ਼ ਚੱਲ ਰਹੇ ਸਨ ਅਤੇ ਉਹਨਾਂ ਦੇ ਆਪਣੇ ਹੀ ਖਿਲਾਰ ਵਾਲ਼ੇ ਲੰਮੇ ਕੋਟਾਂ ਦੇ ਘੇਰੇ ਉਹਨਾਂ ਦੇ ਪੈਰਾਂ ਵਿੱਚ ਅੜ ਜਾਂਦੇ ਅਤੇ ਉਹ ਗਾਹਲਾਂ ਕੱਢ ਰਹੇ ਅਤੇ ਤਲਵਾਰਾਂ ਲਹਿਰਾਂ ਰਹੇ ਸਨ। ਮੁੰਡਾ ਬਘਿਆੜ ਵਾਂਗ ਉਹਨਾਂ ਨੂੰ ਵੇਖ ਰਿਹਾ ਸੀ।

"ਛੇਤੀ ਕਰ!" ਮਾਂ ਉਹਦਾ ਮੂੰਹ ਰੁਮਾਲ ਨਾਲ਼ ਪੂੰਝਦੀ ਹੋਈ ਉੱਚੀ ਅਵਾਜ਼ ਵਿੱਚ ਬੋਲੀ।

"ਮੇਰੀ ਫ਼ਿਕਰ ਨਾ ਕਰੋ — ਇਸ ਨਾਲ਼ ਪੀੜ ਨਹੀਂ ਹੁੰਦੀ," ਉਹਨੇ ਖ਼ੂਨ ਥੁੱਕਦੇ ਹੋਏ ਕਿਹਾ। "ਉਹਨੇ ਮੈਨੂੰ ਤਲਵਾਰ ਦੇ ਕਬਜ਼ੇ ਨਾਲ਼ ਮਾਰਿਐ।...ਪਰ ਉਹਨੂੰ ਵੀ ਖ਼ੂਬ ਪਈ! ਮੈਂ ਉਹਨੂੰ ਸੋਟੀ ਨਾਲ਼ ਅਜਿਹੀ ਜੜੀ ਕਿ ਉਹ ਚੀਕ ਪਿਆ! ਜ਼ਰਾ ਉਡੀਕ!" ਉਹਨੇ ਆਪਣਾ ਲਹੂ ਲਿਬੜਿਆ ਮੁੱਕਾ ਲਹਿਰਾ ਕੇ ਤਣੀ ਹੋਈ ਅਵਾਜ਼ ਵਿੱਚ ਕਿਹਾ। "ਜੋ ਕੁਝ ਆਉਣ ਵਾਲ਼ਾ ਏ ਉਹਦੇ ਮੁਕਾਬਲੇ ਤੇ ਇਹ ਕੁਝ ਵੀ ਨਹੀਂ। ਜਦੋਂ ਅਸੀਂ — ਅਸੀਂ ਸਾਰੇ ਕਿਰਤੀ — ਜਾਗ ਪਏ ਅਸੀਂ ਲੜਾਈ ਤੋਂ ਬਿਨਾਂ ਤੁਹਾਡਾ ਹੂੰਝਾ ਫੇਰ ਦਿਆਂਗੇ।"

"ਛੇਤੀ ਕਰ!" ਮਾਂ ਨੇ ਕਬਰਿਸਤਾਨ ਦੇ ਜੰਗਲੇ ਵਿੱਚ ਲੱਗੇ ਨਿੱਕੇ ਜਿਹੇ ਫਾਟਕ ਵੱਲ ਰਾਹ ਬਣਾਉਂਦੇ ਹੋਏ ਕਿਹਾ। ਉਹਨੇ ਕਲਪਨਾ ਕੀਤੀ ਕਿ ਜੰਗਲੇ ਦੇ ਦੂਜੇ ਪਾਸੇ ਖੁੱਲ੍ਹੇ ਮੈਦਾਨ ਵਿੱਚ ਪੁਲੀਸ ਉਹਨਾਂ ਨੂੰ ਉਡੀਕ ਰਹੀ ਸੀ ਅਤੇ ਇਹ ਕਿ ਉਹ ਧਾ ਕੇ ਉਹਨਾਂ ਵੱਲ ਆਉਣਗੇ ਅਤੇ ਉਹਨਾਂ ਨੂੰ ਕੁੱਟਣਗੇ। ਪਰ ਜਦੋਂ ਉਹ ਗੇਟ ਕੋਲ਼ ਅੱਪੜੀ ਅਤੇ ਪਤ-ਝੜ ਦੇ ਧੁੰਦਲਕੇ ਦੀ ਭੂਰੀ ਵਿਛਾਈ ਨਾਲ਼ ਕੱਜੇ ਮੈਦਾਨ ਉੱਤੇ ਨਿਗਾਹ ਮਾਰੀ ਤਾਂ ਉਹਨੂੰ ਚੁੱਪ ਅਤੇ ਖ਼ਾਮੋਸ਼ੀ ਤੋਂ ਬਿਨਾਂ ਕੁਝ ਨਾ ਦਿਸਿਆ।

"ਆ ਤੇਰੇ ਮੂੰਹ 'ਤੇ ਪੱਟੀ ਬੰਨ੍ਹ ਦਿਆਂ," ਮਾਂ ਨੇ ਕਿਹਾ।

"ਫ਼ਿਕਰ ਨਾ ਕਰ। ਮੈਨੂੰ ਇਹਦੇ 'ਤੇ ਸ਼ਰਮ ਨਹੀਂ ਆਉਂਦੀ," ਮੁੰਡਾ ਬੋਲਿਆ। "ਇਹ ਇਮਾਨਦਾਰ ਲੜਾਈ ਸੀ। ਉਹਨੇ ਮੈਨੂੰ ਟਿਕਾਈ ਤੇ ਮੈਂ ਉਹਨੂੰ ਟਿਕਾਈ।..."

ਮਾਂ ਨੇ ਛੇਤੀ ਛੇਤੀ ਫੱਟ ਬੰਨ੍ਹ ਦਿੱਤਾ। ਮੁੰਡੇ ਦਾ ਲਹੂ ਵੇਖ ਕੇ ਉਹ ਉਹਦੇ ਲਈ ਤਰਸ ਨਾਲ਼ ਭਰ ਗਈ ਅਤੇ ਜਦੋਂ ਉਹਨੇ ਮਹਿਸੂਸ ਕੀਤਾ ਕਿ ਇਹ ਕਿੰਨਾ ਨਿੱਘਾ ਅਤੇ ਚਿਪਕਵਾਂ ਸੀ ਤਾਂ ਉਹ ਠੰਢੇ ਭੈ ਨਾਲ਼ ਕੰਬ ਗਈ। ਉਹ ਬੋਲੇ ਬਿਨਾਂ ਉਹਨੂੰ ਕਾਹਲ ਨਾਲ਼ ਮੈਦਾਨੋਂ ਪਾਰ ਲਿਜਾਂਦੀ ਗਈ।

"ਤੂੰ ਮੈਨੂੰ ਕਿੱਥੇ ਲੈ ਚੱਲੀ ਏਂ ਸਾਥੀ?" ਮੁੰਡੇ ਨੇ ਆਪਣਾ ਮੂੰਹ ਪੱਟੀ ਵਿੱਚੋਂ ਕੱਢਦੇ ਹੋਏ ਜ਼ਰਾ ਹੈਂਕੜ ਨਾਲ਼ ਕਿਹਾ। "ਮੈਂ ਤੇਰੀ ਮਦਦ ਤੋਂ ਬਿਨਾਂ ਜਾ ਸਕਦਾਂ!..."

ਪਰ ਮਾਂ ਨੇ ਉਹਦਾ ਹੱਥ ਕੰਬਦਾ ਅਨੁਭਵ ਕੀਤਾ ਅਤੇ ਵੇਖਿਆ ਕਿ ਪੈਰਾਂ ਤੇ ਖੜਾ ਉਹ ਝੂਲ ਰਿਹਾ ਸੀ। ਉਹ ਜਵਾਬ ਦੀ ਉਡੀਕ ਕੀਤੇ ਬਿਨਾਂ ਬੋਲੀ ਜਾਂਦਾ ਅਤੇ ਸਵਾਲ ਕਰੀ ਜਾਂਦਾ, ਅਤੇ ਉਹਦੀ ਅਵਾਜ਼ ਕਮਜ਼ੋਰ ਹੀ ਹੋਈ ਜਾਂਦੀ।

"ਤੂੰ ਕੌਣ ਏਂ ? ਮੈਂ ਕਲੀਗਰ ਆਂ ਤੇ ਮੇਰਾ ਨਾਂ ਈਵਾਨ ਏ। ਯੇਗੋਰ ਈਵਾਨੋਵਿਚ ਦੇ ਸਟੱਡੀ ਸਰਕਲ ਵਿੱਚ ਅਸੀਂ ਤਿੰਨ ਜਣੇ ਸਾਂ — ਅਸੀਂ ਤਿੰਨ ਕਲੀਗਰ ਸਾਂ, ਪਰ ਕੁਲ ਯਾਰਾਂ ਬੰਦੇ ਸਨ। ਸਾਨੂੰ ਉਹ ਬਹੁਤ ਚੰਗਾ ਲੱਗਦਾ। ਸ਼ਾਲਾ ਉਹਦੀ ਰੂਹ ਨੂੰ ਚੈਨ ਨਸੀਬ ਹੋਵੇ ! ਭਾਵੇਂ ਮੈਂ ਰੱਬ ਨੂੰ ਨਹੀਂ ਮੰਨਦਾ।..."

ਇੱਕ ਸੜਕ ਉੱਤੇ ਮਾਂ ਨੇ ਇੱਕ ਦਰੋਸ਼ਕੀ ਰੋਕੀ। ਜਦੋਂ ਉਹਨੇ ਈਵਾਨ ਨੂੰ ਬਿਠਾ ਦਿੱਤਾ ਤਾਂ ਉਹਨੇ ਹੌਲ਼ੀ ਜਿਹੇ ਕਿਹਾ, "ਮੂੰਹ ਬੰਦ ਰੱਖੀਂ," ਅਤੇ ਧਿਆਨ ਨਾਲ਼ ਉਹਦਾ ਮੂੰਹ ਰੁਮਾਲ ਨਾਲ਼ ਬੰਨ੍ਹ ਦਿੱਤਾ।

ਉਹਨੇ ਆਪਣਾ ਹੱਥ ਆਪਣੇ ਮੂੰਹ ਵੱਲ ਚੁੱਕਿਆ, ਪਰ ਫਿਰ ਮਾੜੀ ਤਰ੍ਹਾਂ ਆਪਣੀ ਝੋਲੀ ਵਿੱਚ ਡੇਗ ਦਿੱਤਾ, ਉਹ ਪੱਟੀ ਨਾਲ਼ ਘੁਲਣ ਲਈ ਬਹੁਤ ਕਮਜ਼ੋਰ ਸੀ। ਪੱਟੀ ਦੀਆਂ ਤਹਿਆਂ ਵਿੱਚੋਂ ਉਹ ਬੁੜ-ਬੁੜ ਕਰੀਂ ਗਿਆ।

"ਭਲੇ ਮਾਣਸੋ ! ਇਹ ਨਾ ਸੋਚਣਾ ਮੈਂ ਭੁੱਲ ਜਾਵਾਂਗਾ।...ਉਹਦੇ ਆਉਣ ਤੋਂ ਪਹਿਲਾਂ ਤਿਤੋਵਿਚ ਨਾਂ ਦਾ ਇੱਕ ਵਿਦਿਆਰਥੀ ਹੁੰਦਾ ਸੀ।... ਜਿਹੜਾ ਸਾਨੂੰ ਪੜ੍ਹਾਉਂਦਾ ਸੀ।... ਰਾਜਨੀਤਕ ਆਰਥਕਤਾ।... ਉਹਨਾਂ ਉਹਨੂੰ ਗ੍ਰਿਫ਼ਤਾਰ ਕਰ ਲਿਆ।..."

ਮਾਂ ਨੇ ਆਪਣੀ ਬਾਂਹ ਈਵਾਨ ਦੁਆਲੇ ਲਪੇਟ ਲਈ ਅਤੇ ਉਹਦਾ ਸਿਰ ਆਪਣੀ ਛਾਤੀ ਨਾਲ਼ ਲਾ ਲਿਆ। ਅਚਾਨਕ ਮੁੰਡਾ ਢਿੱਲਾ ਪੈ ਗਿਆ ਅਤੇ ਚੁੱਪ ਕਰ ਗਿਆ। ਡਰ ਕਾਰਨ ਸਿੱਥਲ ਹੋਈ ਮਾਂ ਨੇ ਕਾਣੀ-ਅੱਖੀਂ ਆਲੇ ਦੁਆਲੇ ਵੇਖਿਆ। ਉਹਨੂੰ ਡਰ ਸੀ ਕਿ ਪੁਲੀਸ ਕਿਸੇ ਨੁੱਕਰੋਂ ਨੱਠਦੀ ਹੋਈ ਉਹਦੇ ਵੱਲ ਆਵੇਗੀ ਅਤੇ ਈਵਾਨ ਦਾ ਪੱਟੀਆਂ-ਬੱਧਾ ਸਿਰ ਵੇਖ ਕੇ ਉਹਨੂੰ ਫੜ ਲਵੇਗੀ ਅਤੇ ਮਾਰ ਦੇਵੇਗੀ।

"ਧੁੱਤ ਹੋ ਗਿਐ ?" ਕੋਚਵਾਨ ਨੇ ਆਪਣੀ ਥਾਂ ਮੁੜਦੇ ਹੋਏ ਅਤੇ ਸੁਲਗਤਾ ਨਾਲ਼ ਮੁਸਕਰਾਉਂਦੇ ਹੋਏ ਪੁੱਛਿਆ।

"ਹਾਂ। ਵਿਤੋਂ ਬਾਹਲੀ ਪੀ ਗਿਐ," ਮਾਂ ਨੇ ਹਉਕਾ ਲੈ ਕੇ ਕਿਹਾ।

"ਤੇਰਾ ਪੁੱਤਰ ਏ ?"

"ਹਾਂ। ਉਹ ਮੋਚੀ ਏ ਤੇ ਮੈਂ ਰਸੋਈ ਦਾ ਕੰਮ ਕਰਦੀ ਆਂ।..."

"ਔਖੀ ਜ਼ਿੰਦਗੀ ਏ ਤੁਹਾਡੀ। ਹੂੰ-ਊਂ।..."

ਛਾਂਟਾ ਲਹਿਰਾ ਕੇ ਕੋਚਵਾਨ ਫਿਰ ਮੁੜਿਆ।

"ਕਬਰਿਸਤਾਨ ਵਿੱਚ ਹੋਈ ਲੜਾਈ ਦੀ ਗੱਲ ਸੁਣੀ ਉ ?" ਉਹਨੇ ਨਿੰਮ੍ਹੀ ਅਵਾਜ਼ ਵਿੱਚ ਕਿਹਾ। "ਜਾਪਦੈ ਉਹਨਾਂ ਕਿਸੇ ਸਿਆਸੀ ਬੰਦੇ ਨੂੰ ਦਫ਼ਨ ਕੀਤਾ ਸੀ — ਉਹਨਾਂ ਵਿੱਚੋਂ ਇੱਕ ਨੂੰ ਜਿਹੜਾ ਉਪਰਲਿਆਂ ਦੇ ਖ਼ਿਲਾਫ਼ ਸੀ — ਉਹਨਾਂ ਨਾਲ਼ ਉਹਦੀ ਕੁਝ ਖ਼ਾਰ-ਖੁਣਸ ਸੀ। ਜਾਪਦੈ ਜਿਨ੍ਹਾਂ ਉਹਨੂੰ ਦਫ਼ਨਾਇਆ, ਉਹ ਵੀ ਸਾਰੇ ਉਹਦੇ ਜਿਹੇ ਸਨ—ਇੱਕ ਤਰ੍ਹਾਂ ਉਹਦੇ ਸਾਥੀ। ਤੇ ਉਹਨਾਂ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ, 'ਉਪਰਲੇ, ਮੁਰਦਾਬਾਦ ! ਉਹੋ ਲੋਕਾਂ ਤੋਂ ਚੋਰੀ ਕਰਦੇ ਨੇ !...' ਪੁਲੀਸ ਆ ਗਈ ਅਤੇ ਉਹਨਾਂ ਨੂੰ ਕੁੱਟਣ ਲੱਗ ਪਈ। ਸੁਣਿਐ, ਕੁਝ ਨੂੰ ਉਹਨਾਂ ਵੱਢ ਕੇ ਮਾਰ ਦਿੱਤਾ। ਪਰ ਪੁਲਸੀਆਂ ਨੂੰ ਵੀ ਚੰਗੀ ਤੌਣੀ ਚੜ੍ਹੀ !" ਉਹ ਇੱਕ ਮਿੰਟ

ਚੁੱਪ ਰਿਹਾ। "ਇਉਂ ਮੁਰਦਿਆਂ ਨੂੰ ਵੀ ਤੰਗ ਕਰਦੇ ਨੇ!" ਉਹਨੇ ਅਜੀਬ ਅਵਾਜ਼ ਵਿੱਚ, ਆਪਣਾ ਸਿਰ ਬੇਇਤਬਾਰੀ ਨਾਲ਼ ਹਿਲਾਉਂਦੇ ਹੋਏ ਕਿਹਾ। "ਮੁਰਦਿਆਂ ਨੂੰ ਵੀ ਚੈਨ ਨਹੀਂ ਕਰਨ ਦੇਂਦੇ!"

ਗੱਡੀ ਖੜ ਖੜ ਕਰਦੀ ਪੱਥਰਾਂ ਉੱਤੇ ਉਛਲਦੀ ਤਾਂ ਈਵਾਨ ਦਾ ਸਿਰ ਹੌਲ਼ੀ ਹੌਲ਼ੀ ਮਾਂ ਦੀ ਛਾਤੀ ਨੂੰ ਲੱਗਦਾ। ਕੋਚਵਾਨ ਆਪਣੀ ਸੀਟ ਉੱਤੇ ਅੱਧਾ-ਮੁੜਿਆ ਬੁੜ ਬੁੜ ਕਰੀ ਗਿਆ।

"ਲੋਕਾਂ ਵਿੱਚ ਬੇਚੈਨੀ ਫੈਲ ਗਈ ਏ — ਗੜਬੜ ਵੱਧਦੀ ਜਾ ਰਹੀ ਏ। ਪਿਛਲੀ ਰਾਤ ਜੈਨਡਾਰਮ ਸਾਡੇ ਇੱਕ ਗਵਾਂਢੀ ਦੇ ਆਏ ਤੇ ਸਵੇਰ ਤੱਕ ਫੋਲਾ ਫਾਲੀ ਕਰਦੇ ਰਹੇ ਤੇ ਫਿਰ ਇੱਕ ਲੁਹਾਰ ਨੂੰ ਧਰੂਹ ਕੇ ਆਪਣੇ ਨਾਲ਼ ਲੈ ਗਏ। ਲੋਕ ਕਹਿੰਦੇ ਨੇ ਅੱਧੀ ਰਾਤ ਉਹਨੂੰ ਦਰਿਆ ਦੇ ਕੰਢੇ ਲੈ ਜਾਣਗੇ ਅਤੇ ਡੋਬ ਦੇਣਗੇ। ਲੁਹਾਰ ਬੰਦਾ ਵੀ ਚੰਗਾ ਸੀ।..."

"ਕੀ ਨਾਂ ਸੀ ਉਹਦਾ?" ਮਾਂ ਨੇ ਪੁੱਛਿਆ।

"ਲੁਹਾਰ ਦਾ? ਸਾਵੇਲ। ਸਾਵੇਲ ਯੇਵਚੈਂਕੋ। ਅਜੇ ਜਵਾਨ ਏ, ਪਰ ਜਾਣਦਾ ਬਹੁਤ ਕੁਝ ਸੀ। ਜਾਪਦੈ ਕੁਝ ਜਾਣਨ ਦੀ ਇਜਾਜ਼ਤ ਨਹੀਂ ਰਹੀ। ਉਹ ਸਾਡੇ ਕੋਲ਼ ਆਉਂਦਾ ਅਤੇ ਕਹਿੰਦਾ: 'ਤੁਸੀਂ, ਕੋਚਵਾਨੋ, ਕਿਹੋ ਜਿਹੀ ਜ਼ਿੰਦਗੀ ਬਿਤਾ ਰਹੇ ਓ?' 'ਕੁੱਤੇ ਨਾਲ਼ੋਂ ਵੀ ਭੈੜੀ,' ਅਸੀਂ ਕਹਿੰਦੇ।"

"ਲੈ ਅਸੀਂ ਅੱਪੜ ਗਏ!" ਮਾਂ ਨੇ ਕਿਹਾ।

ਝਟਕੇ ਨੇ ਈਵਾਨ ਨੂੰ ਸੁਰਜੀਤ ਕਰ ਦਿੱਤਾ ਅਤੇ ਉਹ ਹੌਲ਼ੀ ਜਿਹੀ ਕਰਾਹਿਆ।

"ਉੱਕਾ ਧੁੱਤ ਹੋਇਆ ਪਿਐ," ਕੋਚਵਾਨ ਨੇ ਕਿਹਾ। "ਇਹ ਨੇ ਵੋਦਕਾ ਦੇ ਕਾਰੇ।..."

ਬੜੇ ਔਖ ਨਾਲ਼ ਈਵਾਨ ਲੜਖੜਾਉਂਦਾ ਹੋਇਆ ਵਿਹੜੇ ਵਿੱਚ ਗਿਆ।

"ਮੈਂ ਠੀਕ ਆਂ। ਮੈਂ ਇਕੱਲਾ ਚੱਲ ਸਕਦਾਂ," ਉਹ ਕਹੀ ਹੀ ਗਿਆ।

## 13

ਸੋਫ਼ੀਆ ਪਹਿਲਾਂ ਹੀ ਘਰ ਅੱਪੜ ਚੁੱਕੀ ਸੀ। ਉਹ ਪ੍ਰੇਸ਼ਾਨ ਅਤੇ ਉਤੇਜਤ ਸੀ ਅਤੇ ਉਹਨੇ ਆਪਣੇ ਦੰਦਾਂ ਵਿੱਚ ਸਿਗਰਟ ਫੜੀ ਹੋਈ ਸੀ।

ਜਦੋਂ ਉਹਨਾਂ ਫੱਟੜ ਮੁੰਡੇ ਨੂੰ ਕੌਚ ਉੱਤੇ ਲਿਟਾ ਦਿੱਤਾ, ਉਹਨੇ ਕਾਹਲੀ ਨਾਲ਼ ਉਹਦੇ ਮੂੰਹ ਤੋਂ ਰੁਮਾਲ ਖੋਹਲਿਆ ਅਤੇ ਹੁਕਮ ਦੇਣੇ ਸ਼ੁਰੂ ਕਰ ਦਿੱਤੇ, ਆਪਣੀ ਸਿਗਰਟ ਦੇ ਧੂੰ ਕਾਰਨ ਉਹਨੇ ਅੱਖਾਂ ਸੁੰਗੇੜੀਆਂ ਹੋਈਆਂ ਸਨ।

"ਉਹ ਉਹਨੂੰ ਲੈ ਆਏ ਨੇ ਈਵਾਨ ਦਾਨੀਲੋਵਿਚ! ਥੱਕ ਗਈ ਏਂ ਨਿਲੋਵਨਾ? ਡਰ ਗਈ, ਹੈਂ? ਹੁਣ ਅਰਾਮ ਕਰ ਲੈ। ਨਿਕੋਲਾਈ ਨਿਲੋਵਨਾ ਨੂੰ ਪੋਰਟ ਦਾ ਇੱਕ ਗਲਾਸ ਦੇ!"

ਮਾਂ ਜਿਸ ਕੁਝ ਵਿੱਚੋਂ ਲੰਘੀ ਸੀ ਉਹਦੇ ਧੱਕੇ ਦਾ ਅਜੇ ਉਹਦੇ ਉੱਤੇ ਅਸਰ ਸੀ; ਉਹਦੇ ਲਈ ਸਾਹ ਲੈਣਾ ਔਖਾ ਸੀ ਅਤੇ ਉਹਨੂੰ ਛਾਤੀ ਵਿੱਚ ਤਿੱਖੀ ਪੀੜ ਹੋ ਰਹੀ ਸੀ।

"ਮੇਰੀ ਫ਼ਿਕਰ ਨਾ ਕਰੋ," ਉਹ ਬੁੜਬੁੜਾਈ।

ਪਰ ਉਹਦੀ ਸਾਰੀ ਹੋਂਦ ਧਿਆਨ ਲਈ ਵਿਲਕ ਰਹੀ ਸੀ — ਦਿਆਲ, ਸੁਖਦਾਇਕ ਧਿਆਨ ਲਈ।

ਨਿਕੋਲਾਈ ਦੂਜੇ ਕਮਰੇ ਵਿੱਚੋਂ ਆਇਆ ਤੇ ਮਾਂ ਨੇ ਵੇਖਿਆ ਕਿ ਉਹਦੇ ਹੱਥ ਉੱਤੇ ਪੱਟੀ ਬੰਨ੍ਹੀ ਹੋਈ ਸੀ। ਉਹਦੇ ਨਾਲ਼ ਡਾਕਟਰ ਸੀ, ਵਾਲ ਖਿਲਰੇ ਹੋਏ, ਕਿਸੇ ਝਾਉ ਵਾਂਗ ਗੁੱਸੇ। ਉਹ ਕਾਹਲੀ ਕਾਹਲੀ ਈਵਾਨ ਵੱਲ ਗਿਆ ਅਤੇ ਉਹਦੇ ਉੱਤੇ ਝੁਕ ਗਿਆ।

"ਪਾਣੀ," ਉਹਨੇ ਕਿਹਾ। "ਬਹੁਤ ਸਾਰਾ ਪਾਣੀ। ਅਤੇ ਕੁਝ ਡਾਕਟਰੀ ਰੂੰ ਅਤੇ ਸਾਫ਼ ਕੱਪੜੇ!"

ਮਾਂ ਰਸੋਈ ਵੱਲ ਚੱਲੀ, ਪਰ ਨਿਕੋਲਾਈ ਨੇ ਉਹਦੀ ਬਾਂਹ ਫੜ ਲਈ ਅਤੇ ਉਹਨੂੰ ਖਾਣੇ ਵਾਲ਼ੇ ਕਮਰੇ ਵਿੱਚ ਲੈ ਗਿਆ।

"ਉਹਨੇ ਸੋਫ਼ੀਆ ਨੂੰ ਕਿਹਾ ਸੀ, ਤੈਨੂੰ ਨਹੀਂ," ਉਹਨੇ ਨਰਮੀ ਨਾਲ਼ ਕਿਹਾ। "ਮੇਰਾ ਖ਼ਿਆਲ ਏ ਤੂੰ ਪ੍ਰੇਸ਼ਾਨ ਏਂ, ਹੈਂ ਨਾ, ਮੇਰੀ ਪਿਆਰੀ?"

ਜਦੋਂ ਮਾਂ ਨੇ ਉਹਦੀਆਂ ਘੋਖਦੀਆਂ, ਹਮਦਰਦ ਅੱਖਾਂ ਵੇਖੀਆਂ ਤਾਂ ਉਹ ਵਸੋਂ ਬਾਹਰੀ ਹੋ ਗਈ।

"ਉਹ ਕੀ ਕੁਝ ਵਾਪਰ ਗਿਐ!" ਉਹ ਫੁੱਟ ਪਈ। "ਉਹਨਾਂ ਲੋਕਾਂ 'ਤੇ ਤਲਵਾਰਾਂ ਚਲਾਈਆਂ, ਉਹਨਾਂ ਨੂੰ ਵੱਢਿਆ।..."

"ਮੈਂ ਇਹ ਵੇਖਿਆ ਸੀ," ਨਿਕੋਲਾਈ ਨੇ ਸਿਰ ਹਿਲਾਕੇ ਉਹਨੂੰ ਅੰਗੂਰੀ ਸ਼ਰਾਬ ਦਾ ਗਿਲਾਸ ਦੇਂਦੇ ਹੋਏ ਕਿਹਾ। "ਦੋਵੇਂ ਧਿਰਾਂ ਕੁਝ ਪਾਗਲ ਹੋ ਗਈਆਂ ਸਨ। ਪਰ ਤੂੰ ਫ਼ਿਕਰ ਨਾ ਕਰ। ਉਹਨਾਂ ਤਲਵਾਰਾਂ ਦੇ ਚਪਟੇ ਪਾਸੇ ਨਾਲ਼ ਵਾਰ ਕੀਤਾ। ਜਾਪਦੈ ਇੱਕ ਬੰਦੇ ਨੂੰ ਹੀ ਬਹੁਤ ਫੱਟ ਲੱਗੈ। ਮੈਂ ਇਹ ਹੁੰਦਾ ਵੇਖਿਆ ਅਤੇ ਉਹਨੂੰ ਝੜਪ ਵਿੱਚੋਂ ਬਾਹਰ ਕੱਢ ਸਕਿਆ।"

ਨਿਕੋਲਾਈ ਦੇ ਮੂੰਹ, ਉਹਦੀ ਅਵਾਜ਼ ਅਤੇ ਕਮਰੇ ਦੀ ਲੋਅ ਅਤੇ ਨਿੱਘ ਨੇ ਮਾਂ ਨੂੰ ਸੁੱਖ ਦਿੱਤਾ। ਉਹਨੇ ਸ਼ੁਕਰਾਨੇ ਨਾਲ਼ ਉਹਦੇ ਵੱਲ ਵੇਖਿਆ।

"ਉਹਨਾਂ ਤੈਨੂੰ ਵੀ ਮਾਰਿਆ?" ਮਾਂ ਨੇ ਪੁੱਛਿਆ।

"ਮੇਰਾ ਖ਼ਿਆਲ ਏ ਇਹ ਮੇਰਾ ਆਪਣਾ ਕੰਮ ਏ — ਬੇਧਿਆਨੀ ਵਿੱਚ ਆਪਣਾ ਹੱਥ ਕਿਸੇ ਸ਼ੈਅ ਵਿੱਚ ਦੇ ਮਾਰਿਆ ਅਤੇ ਝਰੀਠ ਆ ਗਈ। ਲੈ ਚਾਹ ਪੀ। ਬਾਹਰ ਠੰਢ ਏ ਤੇ ਤੂੰ ਤਾਂ ਬਹੁਤੇ ਨਿੱਘੇ ਕੱਪੜੇ ਵੀ ਨਹੀਂ ਪਾਏ ਹੋਏ।..."

ਉਹਨੇ ਪਿਆਲਾ ਫੜਨ ਲਈ ਹੱਥ ਵਧਾਇਆ ਅਤੇ ਵੇਖਿਆ ਕਿ ਉਹਦਾ ਹੱਥ ਸੁੱਕੇ ਖ਼ੂਨ ਨਾਲ਼ ਲਿਬੜਿਆ ਹੋਇਆ ਸੀ। ਇੱਕ ਦਮ ਉਹਨੇ ਆਪਣਾ ਹੱਥ ਆਪਣੀ ਝੋਲੀ ਵਿੱਚ ਸੁੱਟ ਲਿਆ। ਉਹਦੀ ਘੱਗਰੀ ਗਿੱਲੀ ਸੀ। ਆਪਣੀਆਂ ਉਂਗਲਾਂ ਵੱਲ ਤਾੜੀ ਲਾਕੇ ਵੇਖਦੇ ਹੋਏ ਉਹਦੇ ਭਰਵੱਟੇ ਤਣ ਗਏ ਅਤੇ ਉਹਦੀਆਂ ਅੱਖਾਂ ਚੁਪੱਟ ਖੁੱਲ੍ਹ ਗਈਆਂ। ਉਹਦਾ ਦਿਲ ਧੜਕ ਰਿਹਾ ਸੀ ਅਤੇ ਉਹਨੂੰ ਚੱਕਰ ਆ ਰਹੇ ਸਨ।

"ਪਾਵੇਲ ਨੂੰ ਵੀ — ਉਹ ਉਹਦੇ ਨਾਲ਼ ਵੀ ਅਜਿਹਾ ਹੀ ਸਲੂਕ ਕਰ ਸਕਦੇ ਨੇ!"

ਈਵਾਨ ਦਾਨੀਲੋਵਿਚ ਵਾਸਕਟ ਪਾਈ ਕਮਰੇ ਵਿੱਚ ਆਇਆ, ਉਹਦੀਆਂ ਬਾਹਵਾਂ

ਕੁੰਜੀਆਂ ਹੋਈਆਂ ਸਨ। ਉਹਨੇ ਨਿਕੋਲਾਈ ਦੇ ਖ਼ਾਮੋਸ਼ ਸਵਾਲ ਦਾ ਜਵਾਬ ਉੱਚੀ ਅਵਾਜ਼ ਵਿੱਚ ਦਿੱਤਾ।

"ਉਹਦੇ ਮੂੰਹ ਦਾ ਫੱਟ ਤਾਂ ਕੋਈ ਖ਼ਾਸ ਗੱਲ ਨਹੀਂ, ਪਰ ਉਹਦੀ ਖੋਪੜੀ ਦੀ ਹੱਡੀ ਵਿੱਚ ਚੀਰ ਆ ਗਿਐ, ਭਾਵੇਂ ਬਹੁਤ ਵੱਡਾ ਨਹੀਂ—ਉਹ ਤਕੜਾ ਮੁੰਡਾ ਏ! ਪਰ ਉਹਦਾ ਖ਼ੂਨ ਬਹੁਤ ਨਿਕਲ ਗਿਐ। ਮੈਂ ਉਹਨੂੰ ਹਸਪਤਾਲ ਭੇਜ ਦਿਆਂ ?"

"ਕਿਉਂ ? ਉਹਨੂੰ ਇੱਥੇ ਹੀ ਰਹਿਣ ਦਿਓ," ਨਿਕੋਲਾਈ ਨੇ ਕਿਹਾ।

"ਅੱਜ ਅਤੇ ਸ਼ਾਇਦ ਭਲਕ ਲਈ, ਪਰ ਫਿਰ ਮੇਰੇ ਲਈ ਸੌਖੇਰਾ ਰਹੇਗਾ ਜੇ ਉਹ ਹਸਪਤਾਲ ਵਿੱਚ ਹੋਵੇ। ਮੇਰੇ ਕੋਲ਼ ਘਰ ਆ ਕੇ ਵੇਖਣ ਲਈ ਸਮਾਂ ਨਹੀਂ ਹੋਣ ਲੱਗਾ। ਤੂੰ ਕਬਰਿਸਤਾਨ ਦੀ ਘਟਨਾ ਬਾਰੇ ਇਸ਼ਤਿਹਾਰ ਤਿਆਰ ਕਰੇਂਗਾ ?"

"ਹਾਂ, ਕਰਾਂਗਾ," ਨਿਕੋਲਾਈ ਨੇ ਕਿਹਾ।

ਮਾਂ ਛੋਪਲੇ ਜਿਹੇ ਉੱਠੀ ਅਤੇ ਰਸੋਈ ਵੱਲ ਟੁਰ ਪਈ।

"ਤੂੰ ਕਿੱਧਰ ਚੱਲੀ ਏਂ ਨਿਲੋਵਨਾ," ਨਿਕੋਲਾਈ ਨੇ ਫ਼ਿਕਰਮੰਦੀ ਨਾਲ਼ ਉਹਨੂੰ ਰੋਕਦੇ ਹੋਏ ਕਿਹਾ। "ਸੋਫ਼ੀਆ ਤੇਰੀ ਮਦਦ ਤੋਂ ਬਿਨਾਂ ਸਭ ਕੁਝ ਕਰ ਸਕਦੀ ਏ।"

ਮਾਂ ਨੇ ਉਹਦੇ ਵੱਲ ਵੇਖਿਆ ਅਤੇ ਥੋੜ੍ਹਾ ਜਿਹਾ ਕੰਬੀ।

"ਮੈਂ ਸਾਰੀ ਲਹੂ ਨਾਲ਼ ਲਿਬੜੀ ਹੋਈ ਵਾਂ," ਉਹਨੇ ਅਜੀਬ ਤਰ੍ਹਾਂ ਹੱਸ ਕੇ ਕਿਹਾ।

ਜਦੋਂ ਉਹ ਆਪਣੇ ਕਮਰੇ ਵਿੱਚ ਕੱਪੜੇ ਬਦਲ ਰਹੀ ਸੀ ਤਾਂ ਉਹ ਇਹਨਾਂ ਲੋਕਾਂ ਦੇ ਠਰ੍ਹੰਮੇ ਅਤੇ ਅਜਿਹੀਆਂ ਭਿਆਨਕ ਗੱਲਾਂ ਨੂੰ ਇੰਨਾ ਸਧਾਰਨ ਸਮਝ ਲੈਣ ਉੱਤੇ ਹੈਰਾਨ ਹੋ ਰਹੀ ਸੀ। ਇਹਨਾਂ ਵਿਚਾਰਾਂ ਨੇ ਉਹਦਾ ਦਿਲ ਟਿਕਾਣੇ ਲਿਆ ਦਿੱਤਾ ਅਤੇ ਉਹਦੇ ਦਿਲ ਵਿੱਚੋਂ ਡਰ ਕੱਢ ਦਿੱਤਾ। ਜਦੋਂ ਉਸ ਕਮਰੇ ਵਿੱਚ ਆਈ ਜਿੱਥੇ ਫੱਟੜ ਮੁੰਡਾ ਪਿਆ ਸੀ ਤਾਂ ਉਹਨੇ ਵੇਖਿਆ ਕਿ ਸੋਫ਼ੀਆ ਉਹਦੇ ਉੱਤੇ ਝੁਕੀ ਹੋਈ ਸੀ।

"ਝੱਲਾ ਨਾ ਬਣ, ਸਾਥੀ!" ਉਹ ਕਹਿ ਰਹੀ ਸੀ।

"ਤੁਹਾਨੂੰ ਔਖ ਹੋਵੇਗੀ," ਉਹਨੇ ਕਮਜ਼ੋਰ ਅਵਾਜ਼ ਵਿੱਚ ਕਿਹਾ।

"ਬੋਲਣਾ ਬੰਦ ਕਰ — ਉਹਦੇ ਨਾਲ਼ ਤੈਨੂੰ ਵਧੇਰੇ ਲਾਭ ਹੋਵੇਗਾ।..."

ਮਾਂ ਸੋਫ਼ੀਆ ਦੇ ਮੋਢੇ ਉੱਤੇ ਹੱਥ ਰੱਖ ਕੇ ਉਹਦੇ ਪਿੱਛੇ ਖੜੀ ਹੋ ਗਈ ਅਤੇ ਮੁੰਡੇ ਨੂੰ ਇਹ ਦੱਸਦੇ ਹੋਏ ਕਿ ਉਹਨੇ ਦਰੋਸ਼ਕੀ ਵਿੱਚ ਇੰਨੀਆਂ ਖ਼ਤਰਨਾਕ ਗੱਲਾਂ ਬੁੜਬੁੜਾ ਕੇ ਉਹਨੂੰ ਡਰਾ ਦਿੱਤਾ ਸੀ, ਉਹਦੇ ਬੱਗੇ ਮੂੰਹ ਵੱਲ ਵੇਖ ਕੇ ਮੁਸਕਰਾਈ। ਈਵਾਨ ਦੀਆਂ ਅੱਖਾਂ ਬੁਖ਼ਾਰ ਨਾਲ਼ ਭਖ ਰਹੀਆਂ ਸਨ।

"ਮੈਂ ਕਿੰਨਾ ਮੂਰਖ ਆਂ!" ਉਹਨੇ ਸ਼ਰਮਿੰਦਗੀ ਨਾਲ਼ ਕਿਹਾ।

"ਅਸੀਂ ਹੁਣ ਇੱਥੋਂ ਜਾ ਰਹੇ ਹਾਂ," ਸੋਫ਼ੀਆ ਨੇ ਕੰਬਲ ਖਿੱਚਕੇ ਉਹਦੇ ਉੱਤੇ ਕਰਦੇ ਹੋਏ ਕਿਹਾ। "ਤੂੰ ਸੌਂ ਜਾ!"

ਉਹ ਖਾਣੇ ਦੇ ਕਮਰੇ ਵਿੱਚ ਗਏ ਅਤੇ ਬੜਾ ਚਿਰ ਉਸ ਦਿਨ ਦੀਆਂ ਘਟਨਾਵਾਂ ਉੱਤੇ ਵਿਚਾਰ ਕਰਦੇ ਬੈਠੇ ਰਹੇ। ਉਹਨਾਂ ਘਟਨਾਵਾਂ ਨੂੰ ਪਹਿਲਾਂ ਹੀ ਬੀਤੇ ਦੀ ਗੱਲ ਮੰਨ ਕੇ, ਉਹਨਾਂ

ਭਰੋਸੇ ਨਾਲ਼ ਭਵਿੱਖ ਉੱਤੇ ਨਿਗਾਹ ਮਾਰੀ, ਭਲਕ ਕੇ ਕੰਮ ਦੀਆਂ ਵਿਉਂਤਾਂ ਬਣਾਉਂਦੇ ਹੋਏ। ਉਹਨਾਂ ਦੇ ਮੂੰਹਾਂ ਉੱਤੇ ਥਕਾਵਟ ਸੀ, ਪਰ ਉਹਨਾਂ ਦੇ ਵਿਚਾਰ ਦਲੇਰ ਸਨ ਅਤੇ ਆਪਣੇ ਕੰਮ ਬਾਰੇ ਗੱਲਾਂ ਕਰਦੇ ਹੋਏ ਉਹਨਾਂ ਆਪਣੇ ਆਪ ਨਾਲ਼ ਆਪਣਾ ਅਸੰਤੋਖ ਨਾ ਛੁਪਾਇਆ। ਡਾਕਟਰ ਅੱਚਵੀਂ ਜਿਹੀ ਨਾਲ਼ ਕੁਰਸੀ ਉੱਤੇ ਬੈਠਾ ਹੇਠਾਂ ਉੱਤੇ ਹੁੰਦਾ ਰਿਹਾ।

"ਅੱਜ ਕੱਲ੍ਹ ਪ੍ਰਚਾਰ ਕਾਫ਼ੀ ਨਹੀਂ!" ਉਹਨੇ ਆਪਣੀ ਉੱਚੀ ਤਿੱਖੀ ਅਵਾਜ਼ ਨਰਮ ਕਰਨ ਦਾ ਜਤਨ ਕਰਦੇ ਹੋਏ ਕਿਹਾ। "ਨੌਜਵਾਨ ਕਿਰਤੀਆਂ ਦੀ ਗੱਲ ਠੀਕ ਏ—ਸਾਨੂੰ ਆਪਣੇ ਪ੍ਰਚਾਰ ਦਾ ਪਸਾਰ ਵਧਾਉਣਾ ਚਾਹੀਦਾ ਏ। ਕਿਰਤੀ ਠੀਕ ਨੇ, ਮੈਂ ਤੁਹਾਨੂੰ ਕਹਿਨਾਂ।..."

ਨਿਕੋਲਾਈ ਨੇ ਘੂਰੀ ਵੱਟੀ ਅਤੇ ਡਾਕਟਰ ਵਾਂਗ ਕਿਹਾ।

"ਹਰ ਪਾਸਿਉਂ ਅਸੀਂ ਸ਼ਿਕਾਇਤਾਂ ਸੁਣਦੇ ਹਾਂ ਕਿ ਕਾਫ਼ੀ ਸਾਹਿਤ ਨਹੀਂ ਮਿਲਦਾ, ਪਰ ਅਜੇ ਤੱਕ ਅਸੀਂ ਇੱਕ ਵੀ ਕੰਮ ਦਾ ਛਾਪੇਖ਼ਾਨਾ ਨਹੀਂ ਖੜਾ ਕਰ ਸਕੇ। ਲਿਉਦਮੀਲਾ ਆਪਣਾ ਨਾਸ ਮਾਰੀ ਜਾ ਰਹੀ ਏ। ਜੇ ਅਸਾਂ ਉਹਨੂੰ ਹੱਥ ਵਟਾਉਣ ਲਈ ਕੋਈ ਨਾ ਦਿੱਤਾ ਤਾਂ ਉਹ ਤਾਂ ਉੱਕਾ ਹੀ ਰਹਿ ਜਾਵੇਗੀ।..."

"ਵੇਸੋਵਸ਼ਚੀਕੋਵ ਬਾਰੇ ਕੀ ਖ਼ਿਆਲ ਏ?" ਸੋਫ਼ੀਆ ਨੇ ਕਿਹਾ।

"ਉਹ ਸ਼ਹਿਰ ਵਿੱਚ ਨਹੀਂ ਰਹਿ ਸਕਦਾ। ਉਹ ਤਾਂ ਹੀ ਕੰਮ ਸ਼ੁਰੂ ਕਰੇਗਾ ਜਦੋਂ ਅਸੀਂ ਨਵਾਂ ਛਾਪਖ਼ਾਨਾ ਚਾਲੂ ਕਰ ਲਵਾਂਗੇ, ਪਰ ਸਾਨੂੰ ਅਜਿਹਾ ਕਰਨ ਤੋਂ ਪਹਿਲਾਂ ਇੱਕ ਹੋਰ ਬੰਦੇ ਦੀ ਲੋੜ ਏ।..."

"ਮੈਂ ਕਿਸੇ ਕੰਮ ਆ ਸਕਦੀ ਵਾਂ?" ਮਾਂ ਨੇ ਛੋਪਲੇ ਜਿਹੇ ਕਿਹਾ।

ਸਾਰਿਆਂ ਕੁਝ ਸਕਿੰਟ ਬੋਲੇ ਬਿਨਾਂ ਉਹਦੇ ਵੱਲ ਵੇਖਿਆ।

"ਬਹੁਤ ਸੋਹਣਾ ਖ਼ਿਆਲ ਏ!" ਸੋਫ਼ੀਆ ਕੂਕੀ।

"ਕੰਮ ਤੇਰੇ ਲਈ ਬਹੁਤ ਔਖਾ ਹੋਵੇਗਾ, ਨਿਲੋਵਨਾ," ਨਿਕੋਲਾਈ ਨੇ ਰੁਖਾਈ ਨਾਲ਼ ਕਿਹਾ। "ਤੈਨੂੰ ਸ਼ਹਿਰੋਂ ਬਾਹਰ ਰਹਿਣਾ ਪਵੇਗਾ, ਜਿਸਦਾ ਮਤਲਬ ਏ ਕਿ ਤੂੰ ਪਾਵੇਲ ਨੂੰ ਨਹੀਂ ਮਿਲ ਸਕੇਂਗੀ। ਅਤੇ ਆਮ ਤੌਰ 'ਤੇ।..."

"ਇਹਦੇ ਨਾਲ਼ ਪਾਵੇਲ ਨੂੰ ਬਹੁਤਾ ਫ਼ਰਕ ਨਹੀਂ ਪੈਣ ਲੱਗਾ," ਮਾਂ ਨੇ ਹਉਕਾ ਭਰ ਕੇ ਕਿਹਾ। "ਤੇ ਸੱਚੀ ਗੱਲ ਤਾਂ ਇਹ ਵੇ ਕਿ ਮੇਰੇ ਲਈ ਵੀ ਇਹ ਮੁਲਾਕਾਤਾਂ ਇੱਕ ਮੁਸੀਬਤ ਈ ਨੇ। ਉਹਦੇ ਨਾਲ਼ ਗੱਲ ਤਾਂ ਕਰਨ ਨਹੀਂ ਦੇਂਦੇ — ਬਸ ਉੱਥੇ ਖੜੇ ਮੂਰਖਾਂ ਵਾਂਗ ਮੂੰਹ ਚੁੱਕ ਕੇ ਉਹਦੇ ਵੱਲ ਵੇਖੀ ਜਾਓ, ਉੱਧਰ ਉਹ ਮੇਰੇ ਮੂੰਹ ਵੱਲ ਤਾੜੀ ਲਾਈ ਰੱਖਦੇ ਨੇ, ਇਹ ਵੇਖਣ ਲਈ ਕਿ ਮੈਂ ਕੁਝ ਕਹਿ ਨਾ ਦਿਆਂ।..."

ਉਹ ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਕਾਰਨ ਹੁਟ ਗਈ ਅਤੇ ਹੁਣ ਜਦੋਂ ਸ਼ਹਿਰ ਦੇ ਨਾਟਕ ਚੇਟਕ ਤੋਂ ਬਾਹਰ ਰਹਿਣ ਦਾ ਅਵਸਰ ਸਾਹਮਣੇ ਆਇਆ ਤਾਂ ਉਹਨੇ ਬੜੀ ਉਤਾਵਲ ਨਾਲ਼ ਇਹਨੂੰ ਫੜ ਲਿਆ।

ਪਰ ਨਿਕੋਲਾਈ ਨੇ ਗੱਲ ਬਦਲ ਦਿੱਤੀ।

"ਤੇਰੇ ਮਨ ਵਿੱਚ ਕੀ ਏ ਈਵਾਨ?" ਉਹਨੇ ਡਾਕਟਰ ਵੱਲ ਮੁੜਦੇ ਹੋਏ ਕਿਹਾ।

ਡਾਕਟਰ ਨੇ ਆਪਣਾ ਝੁਕਿਆ ਹੋਇਆ ਸਿਰ ਚੁੱਕਿਆ।

"ਮੈਂ ਸੋਚ ਰਿਹਾਂ ਅਸੀਂ ਕਿੰਨੇ ਥੋੜ੍ਹੇ ਹਾਂ!" ਉਹਨੇ ਅਫ਼ਸੋਸੇ ਢੰਗ ਨਾਲ਼ ਜਵਾਬ ਦਿੱਤਾ। "ਸਾਨੂੰ ਵਧੇਰੇ ਬਲ ਨਾਲ਼ ਕੰਮ ਕਰਨਾ ਚਾਹੀਦੈ।... ਅਤੇ ਸਾਨੂੰ ਪਾਵੇਲ ਅਤੇ ਆਂਦਰੇਈ ਨੂੰ ਮਨਾਉਣਾ ਚਾਹੀਦੈ ਕਿ ਉਹ ਜੇਲ੍ਹ ਵਿੱਚੋਂ ਨੱਠ ਆਉਣ। ਉਹ ਉੱਥੇ ਨਿਕੰਮੇ ਬਹਿਣ ਲਈ ਬਹੁਤ ਵੱਡਮੁਲੇ ਨੇ।..."

ਨਿਕੋਲਾਈ ਨੇ ਘੂਰੀ ਵੱਟੀ, ਸਿਰ ਸ਼ੱਕੀ ਢੰਗ ਨਾਲ਼ ਹਿਲਾਇਆ ਅਤੇ ਸਰਸਰੀ ਨਿਗਾਹ ਨਾਲ਼ ਮਾਂ ਵੱਲ ਵੇਖਿਆ। ਇਹ ਸਮਝ ਕੇ ਕਿ ਉਹ ਉਹਦੇ ਸਾਹਮਣੇ ਉਹਦੇ ਪੁੱਤਰ ਦੀ ਗੱਲ ਕਰਨੋਂ ਸੰਗਦੇ ਸਨ, ਉਹ ਉੱਠੀ ਅਤੇ ਬਾਹਰ ਚਲੀ ਗਈ, ਉਹ ਇਸ ਗੱਲ 'ਤੇ ਦੁਖੀ ਸੀ ਕਿ ਉਹਨਾਂ ਉਹਦੀ ਇੱਛਾ ਗੌਲ਼ੀ ਨਹੀਂ ਸੀ। ਖੁੱਲ੍ਹੀ ਅੱਖੀਂ ਬਿਸਤਰੇ ਵਿੱਚ ਲੇਟੀ, ਉਹਨਾਂ ਦੀਆਂ ਅਵਾਜ਼ਾਂ ਦੀ ਭਿਣ ਭਿਣ ਸੁਣਦੀ ਉਹ ਤੌਖਲੇ ਨਾਲ਼ ਭਰ ਗਈ।

ਦਿਨ ਕੁਸ਼ਗਣਾ, ਸਮਝੋਂ ਬਾਹਰਾ ਅਤੇ ਮਾੜੀਆਂ ਖ਼ਬਰਾਂ ਨਾਲ਼ ਭਰਿਆ ਸੀ। ਪਰ ਉਹ ਇਸ ਬਾਰੇ ਸੋਚਣਾ ਨਹੀਂ ਸੀ ਚਾਹੁੰਦੀ। ਉਹਨੇ ਸਭ ਤੰਗ ਕਰਨ ਵਾਲ਼ੇ ਪ੍ਰਭਾਵ ਇੱਕ ਪਾਸੇ ਕਰ ਦਿੱਤੇ ਅਤੇ ਆਪਣਾ ਧਿਆਨ ਪਾਵੇਲ ਉੱਤੇ ਜੋੜ ਦਿੱਤਾ। ਉਹ ਚਾਹੁੰਦੀ ਸੀ ਕਿ ਉਹ ਅਜ਼ਾਦ ਹੋ ਜਾਵੇ, ਪਰ ਨਾਲ਼ ਉਹ ਡਰਦੀ ਸੀ। ਉਹ ਅਨੁਭਵ ਕਰਦੀ ਸੀ ਕਿ ਉਹਦੇ ਆਲੇ ਦੁਆਲੇ ਦੀਆਂ ਘਟਨਾਵਾਂ ਸਿਖਰ ਵੱਲ, ਸਖ਼ਤ ਟੱਕਰ ਵੱਲ ਜਾ ਰਹੀਆਂ ਸਨ। ਲੋਕਾਂ ਦਾ ਚੁੱਪ ਸਬਰ ਖਿਚਾਅ ਭਰੀ ਉਡੀਕ ਨੂੰ ਥਾਂ ਦੇ ਰਿਹਾ ਸੀ। ਉਹਨਾਂ ਦੀ ਖਿੱਝ ਪ੍ਰਤੱਖ ਤੌਰ 'ਤੇ ਵੱਧ ਗਈ ਸੀ। ਉਹ ਹਰ ਪਾਸੇ ਤਿੱਖੀਆਂ ਗੱਲਾਂ ਸੁਣ ਸਕਦੀ ਸੀ ਅਤੇ ਹਰ ਸ਼ੈਅ ਵਿੱਚ ਬੇਚੈਨੀ ਦਾ ਸਾਹ ਸੀ।...ਹਰ ਐਲਾਨ ਉੱਤੇ ਮੰਡੀ ਵਿੱਚ, ਦੁਕਾਨਾਂ ਵਿੱਚ, ਨੌਕਰਾਂ ਅਤੇ ਦਸਤਕਾਰਾਂ ਵਿਚਕਾਰ ਤਿੱਖੀ ਬਹਿਸ ਹੁੰਦੀ। ਸ਼ਹਿਰ ਵਿੱਚ ਹਰ ਗ੍ਰਿਫ਼ਤਾਰੀ ਤੋਂ ਪਿੱਛੋਂ ਇਹਦੇ ਕਾਰਨ ਬਾਰੇ ਡਰੀਆਂ ਅਤੇ ਭੁਚਲਾਈਆਂ ਟਿੱਪਣੀਆਂ ਹੁੰਦੀਆਂ, ਜਿਹੜੀਆਂ ਕਈ ਵਾਰ ਅਚੇਤ ਹੀ ਇਹਦੇ ਕਾਰਨ ਬਾਰੇ ਹਮਦਰਦ ਹੁੰਦੀਆਂ। ਸਦਾ ਵਧੇਰੇ ਉਹ ਆਮ ਲੋਕਾਂ ਨੂੰ ਉਹ ਸ਼ਬਦ ਵਰਤਦੇ ਸੁਣਦੀ ਜਿਨ੍ਹਾਂ ਤੋਂ ਕਦੀ ਉਹਨੂੰ ਡਰ ਲੱਗਦਾ ਸੀ: ਬਗ਼ਾਵਤ, ਸੋਸ਼ਲਿਸਟ, ਸਿਆਸਤ। ਜੇ ਉਹ ਵਿਅੰਗ ਨਾਲ਼ ਕਹੇ ਗਏ ਹੁੰਦੇ ਤਾਂ ਇਸ ਵਿਅੰਗ ਦੇ ਪਿੱਛੇ ਉਤਸੁਕਤਾ ਹੁੰਦੀ; ਜੇ ਉਹ ਖੋਰੀ ਢੰਗ ਨਾਲ਼ ਵਰਤੇ ਜਾਂਦੇ ਤਾਂ ਇਸ ਖੋਰ ਦੇ ਪਿੱਛੇ ਡਰ ਹੁੰਦਾ; ਜੇ ਇਹ ਸੋਚਦੇ ਢੰਗ ਨਾਲ਼ ਕਹੇ ਜਾਂਦੇ ਤਾਂ ਸੋਚ ਵਿੱਚ ਆਸ ਹੁੰਦੀ, ਅਤੇ ਇੱਕ ਧਮਕੀ। ਸੜਾਂਦ ਛੱਡਦੀ ਜ਼ਿੰਦਗੀ ਦੇ ਹਨੇਰੇ ਪਾਣੀਆਂ ਵਿੱਚ ਬੇਚੈਨੀ ਦੇ ਘੇਰੇ ਹੌਲ਼ੀ ਹੌਲ਼ੀ ਚੌੜੇ ਹੁੰਦੇ ਗਏ। ਜਿਹੜੇ ਵਿਚਾਰ ਭੁੱਲੇ ਵਿਸਰੇ ਪਏ ਸਨ ਉਹ ਜਾਗਣ ਲੱਗ ਪਏ ਅਤੇ ਦਿਨ ਦੀਆਂ ਘਟਨਾਵਾਂ ਨੂੰ ਸਧਾਰਨ ਸ਼ਾਂਤੀ ਨਾਲ਼ ਕਬੂਲਣਾ ਹਿਲ ਗਿਆ। ਉਹ ਇਹ ਗੱਲ ਹੋਰਨਾਂ ਨਾਲ਼ੋਂ ਚੰਗੇਰੀ ਤਰ੍ਹਾਂ ਵੇਖ ਸਕਦੀ ਸੀ ਕਿਉਂਕਿ ਉਹਨੂੰ ਜ਼ਿੰਦਗੀ ਦੇ ਕਰੜੇ ਮੁਹਾਂਦਰੇ ਦੀ ਵਧੇਰੇ ਸਮਝ ਸੀ ਅਤੇ ਹੁਣ ਜਦੋਂ ਉਹ ਇਹਦੇ ਉੱਤੇ ਸੋਚ ਅਤੇ ਅਸੰਤੋਖ ਦੀਆਂ ਝੁਰੜੀਆਂ ਵੇਖਦੀ ਤਾਂ ਉਹ ਖੁਸ਼ ਵੀ ਹੁੰਦੀ ਅਤੇ ਡਰਦੀ ਵੀ: ਖੁਸ਼ ਕਿਉਂਕਿ ਇਹਦੇ ਵਿੱਚ ਉਹਨੂੰ ਆਪਣੇ ਪੁੱਤਰ ਦਾ ਕੰਮ ਦਿੱਸਦਾ; ਡਰਦੀ, ਕਿਉਂਕਿ ਉਹ ਜਾਣਦੀ ਸੀ ਕਿ ਜੇ ਉਹ ਜੇਲ੍ਹ ਵਿੱਚੋਂ ਨੱਠ ਆਇਆ ਤਾਂ ਉਹ ਮੂਹਰੈਲ ਵਿੱਚ ਆਪਣੀ ਥਾਂ ਮੱਲ ਲਵੇਗਾ, ਜਿੱਥੇ ਖ਼ਤਰਾ ਸਭ ਤੋਂ ਵੱਧ

ਸੀ। ਅਤੇ ਉਹ ਮਾਰਿਆ ਜਾਵੇਗਾ।

ਕਦੀ ਕਦੀ ਉਹਦੇ ਪੁੱਤਰ ਦਾ ਬਿੰਬ ਕਿਸੇ ਕਹਾਣੀ ਦੇ ਨਾਇਕ ਦਾ ਅਕਾਰ ਧਾਰਨ ਕਰ ਲੈਂਦਾ, ਜਿਸ ਵਿੱਚ ਉਹ ਸਾਰੇ ਸ਼ਾਨਦਾਰ ਅਤੇ ਹਲੂਣਵੇਂ ਸ਼ਬਦ ਸਕਾਰ ਹੋ ਜਾਂਦੇ ਜਿਹੜੇ ਉਹਨੇ ਸੁਣੇ ਸਨ, ਉਹ ਸਾਰੇ ਲੋਕ ਜਿਨ੍ਹਾਂ ਦੀ ਉਹਨੇ ਕਦੀ ਸ਼ਲਾਘਾ ਕੀਤੀ ਸੀ, ਹਰ ਲਿਸ਼ਕਦੀ ਅਤੇ ਸੂਰਮਾ ਗੱਲ ਜਿਸਦਾ ਉਹਨੂੰ ਕਦੀਂ ਪਤਾ ਲੱਗਾ ਸੀ। ਅਜਿਹੇ ਸਮਿਆਂ ਵਿੱਚ ਉਹ ਮਾਣ ਅਤੇ ਸਨੇਹ ਨਾਲ਼ ਭਰ ਜਾਂਦੀ ਅਤੇ ਸ਼ਾਂਤ ਵਿਸਮਾਦ ਨਾਲ਼ ਉਹਦੇ ਬਾਰੇ ਵਿਚਾਰਦੀ।

"ਸਭ ਕੁਝ ਠੀਕ ਠਾਕ ਹੋ ਜਾਵੇਗਾ," ਉਹ ਸੋਚਦੀ।

ਉਹਦਾ ਪਿਆਰ — ਇੱਕ ਮਾਂ ਦਾ ਪਿਆਰ — ਨਿੱਘਾ ਹੁੰਦਾ ਜਾ ਰਿਹਾ ਸੀ, ਉਹਦੇ ਦਿਲ ਨੂੰ ਧੱਕ ਕੇ ਲਗਭਗ ਦਰਦ ਤੱਕ ਲਿਜਾ ਰਿਹਾ ਸੀ। ਪਰ ਫਿਰ ਉਹਦੇ ਅੰਦਰਲੀ ਮਾਂ ਵਡੇਰੀ ਮਨੁੱਖਤਾ ਨੂੰ ਬਾਹਰ ਧੱਕ ਦੇਂਦੀ, ਉਹਨੂੰ ਭਸਮ ਕਰ ਦੇਂਦੀ ਜਿਵੇਂ ਅੱਗ ਭਸਮ ਕਰਦੀ ਹੈ, ਉਹਦੇ ਲੋਰ ਦੀ ਸਵਾਹ ਵਿੱਚ ਇੱਕ ਖ਼ਿਆਲ ਧੜਕਦਾ ਛੱਡ ਜਾਂਦੀ:

"ਉਹ ਉਹਨੂੰ ਕਤਲ ਕਰ ਦੇਣਗੇ।... ਉਹ ਉਹਨੂੰ ਕਤਲ ਕਰ ਦੇਣਗੇ!"

## 14

ਇੱਕ ਦੁਪਹਿਰ ਉਹ ਜੇਲ੍ਹ ਦੇ ਦਫ਼ਤਰ ਵਿੱਚ ਪਾਵੇਲ ਦੇ ਸਾਹਮਣੇ ਬੈਠੀ ਸੀ, ਧੁੰਦਲਾਈਆਂ ਅੱਖਾਂ ਨਾਲ਼ ਉਹਦੀ ਵਧੀ ਹੋਈ ਦਾੜ੍ਹੀ ਵਾਲ਼ੇ ਚਿਹਰੇ ਵੱਲ ਵੇਖਦੀ ਅਤੇ ਉਹਨੂੰ ਉਹ ਰੁੱਕਾ ਦੇਣ ਦਾ ਅਵਸਰ ਭਾਲਦੀ ਜਿਹੜਾ ਉਹਦੀਆਂ ਉਂਗਲਾਂ ਵਿਚਕਾਰ ਮਰੁੰਡਿਆ ਹੋਇਆ ਸੀ।

"ਮੈਂ ਠੀਕ ਠਾਕ ਵਾਂ ਤੇ ਬਾਕੀ ਸਾਰੇ ਵੀ," ਪਾਵੇਲ ਨੇ ਸ਼ਾਂਤੀ ਨਾਲ਼ ਕਿਹਾ। "ਤੇਰਾ ਕੀ ਹਾਲ ਏ?"

"ਠੀਕ ਏ। ਯੇਗੋਰ ਈਵਾਨੋਵਿਚ ਮਰ ਗਿਐ," ਮਾਂ ਨੇ ਮਸ਼ੀਨੀ ਢੰਗ ਨਾਲ਼ ਜਵਾਬ ਦਿੱਤਾ।

"ਉਹ!" ਪਾਵੇਲ ਕੂਕਿਆ। ਹੌਲ਼ੀ ਹੌਲ਼ੀ ਉਹਨੇ ਆਪਣਾ ਸਿਰ ਨਿਵਾਂ ਦਿੱਤਾ।

"ਨੜੋਏ 'ਤੇ ਪੁਲੀਸ ਨੇ ਲੜਾਈ ਸ਼ੁਰੂ ਕਰ ਦਿੱਤੀ ਤੇ ਇੱਕ ਜਣੇ ਨੂੰ ਫੜ ਲਿਆ," ਮਾਂ ਨੇ ਮਾਸੂਮੀ ਨਾਲ਼ ਗੱਲ ਜਾਰੀ ਰੱਖੀ। ਜੇਲ੍ਹ ਦੇ ਮੁਖੀ ਦੇ ਨਾਇਬ ਨੇ ਜੀਭ ਨਾਲ਼ ਗੁੱਸੇ ਵਿੱਚ ਟਕ ਟਕ ਕੀਤੀ ਅਤੇ ਉੱਛਲ ਕੇ ਖੜਾ ਹੋ ਗਿਆ।

"ਤੁਹਾਨੂੰ ਪਤਾ ਨਹੀਂ ਅਜਿਹੀਆਂ ਗੱਲਾਂ ਕਰਨ 'ਤੇ ਪਾਬੰਦੀ ਏ?" ਉਹ ਬੁੜਬੁੜਾਇਆ। "ਤੁਸੀਂ ਸਿਆਸਤ ਬਾਰੇ ਗੱਲਾਂ ਨਹੀਂ ਕਰ ਸਕਦੇ।..." ਮਾਂ ਵੀ ਖੜੀ ਹੋ ਗਈ।

"ਮੈਂ ਸਿਆਸਤ ਦੀ ਗੱਲ ਨਹੀਂ ਸਾਂ ਕਰ ਰਹੀ ਸਗੋਂ ਇੱਕ ਲੜਾਈ ਦੀ ਗੱਲ ਕਰ ਰਹੀ ਸਾਂ," ਮਾਂ ਨੇ ਮਾਫ਼ੀ ਮੰਗਦੇ ਢੰਗ ਨਾਲ਼ ਕਿਹਾ, ਜਿਵੇਂ ਉਹਨੂੰ ਸਮਝ ਨਾ ਆ ਰਹੀ ਹੋਵੇ। "ਉਹ ਸੱਚਮੁਚ ਲੜੇ ਅਤੇ ਇੱਕ ਮੁੰਡੇ ਦਾ ਸਿਰ ਵੀ ਪਾੜ ਦਿੱਤਾ।..."

"ਇੱਕੋ ਗੱਲ ਏ! ਮੈਨੂੰ ਆਖਣਾ ਹੀ ਪੈਂਦੈ ਕਿ ਤੁਸੀਂ ਇਹਦਾ ਜ਼ਿਕਰ ਨਾ ਕਰੋ। ਮਤਲਬ

ਕੀ ਕਿਸੇ ਅਜਿਹੀ ਗੱਲ ਦਾ ਜ਼ਿਕਰ ਨਾ ਕਰੋ ਜਿਸਦਾ ਤੁਹਾਡੇ ਨਾਲ਼ ਨਿੱਜੀ ਸਬੰਧ ਨਹੀਂ — ਮਤਲਬ ਕੀ ਤੁਹਾਡਾ ਟੱਬਰ ਤੇ ਤੁਹਾਡਾ ਘਰ ਅਤੇ ਅਜਿਹੀਆਂ ਗੱਲਾਂ!"

ਇਹ ਅਨੁਭਵ ਕਰਕੇ ਕਿ ਉਹ ਫਸਦਾ ਜਾ ਰਿਹੈ, ਉਹ ਮੇਜ਼ ਕੋਲ਼ ਬਹਿ ਗਿਆ ਅਤੇ ਕਾਗਜ਼ਾਂ ਦੀ ਫੋਲਾ ਫਾਲੀ ਕਰਨ ਲੱਗ ਪਿਆ।

"ਅਜਿਹੀਆਂ ਗੱਲਾਂ ਲਈ ਜਵਾਬ-ਤਲਬੀ ਤਾਂ ਮੇਰੀ ਹੋਣੀ ਏ," ਉਹਨੇ ਹੂੰ ਹੂੰ ਕਰਦੇ ਅਕੇਵੇਂ ਨਾਲ਼ ਕਿਹਾ।

ਆਪਣੀਆਂ ਅੱਖਾਂ ਉਸ ਤੋਂ ਪਰ੍ਹਾਂ ਕੀਤੇ ਬਗ਼ੈਰ ਮਾਂ ਨੇ ਰੁੱਕਾ ਕਾਹਲ ਨਾਲ਼ ਪਾਵੇਲ ਦੇ ਹੱਥ ਵਿੱਚ ਦੇ ਦਿੱਤਾ ਅਤੇ ਸੁੱਖ ਦਾ ਹਉਕਾ ਭਰਿਆ।

"ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਮੈਂ ਕਾਹਦੇ ਬਾਰੇ ਗੱਲ ਕਰ ਸਕਦੀ ਵਾਂ," ਮਾਂ ਨੇ ਕਿਹਾ।

"ਮੈਨੂੰ ਵੀ ਸਮਝ ਨਹੀਂ ਆਉਂਦੀ," ਪਾਵੇਲ ਹੱਸਿਆ।

"ਫਿਰ ਇੱਥੇ ਆਉਣ ਦਾ ਕੀ ਮਤਲਬ," ਨਾਇਬ ਨੇ ਖਿੱਝ ਕੇ ਕਿਹਾ। "ਇਸ ਗੱਲ ਦਾ ਪਤਾ ਨਹੀਂ ਕਾਹਦੇ ਬਾਰੇ ਗੱਲ ਕਰਨੀ ਏ, ਪਰ ਇੱਥੇ ਆਈ ਜਾਂਦੇ ਨੇ — ਲੋਕਾਂ ਨੂੰ ਤੰਗ ਕਰਦੇ।..."

"ਮੁਕੱਦਮੇ ਦੀ ਸੁਣਵਾਈ ਛੇਤੀ ਹੀ ਹੋਵੇਗੀ?" ਮਾਂ ਨੇ ਪੁੱਛਿਆ।

"ਸਰਕਾਰੀ ਵਕੀਲ ਕੁਝ ਦਿਨ ਹੋਏ ਆਇਆ ਸੀ ਤੇ ਉਹਨੇ ਕਿਹਾ ਸੀ ਛੇਤੀ ਹੀ ਹੋਵੇਗਾ।..."

ਉਹਨਾਂ ਕੁਝ ਹੋਰ ਇਹੋ ਜਿਹੀਆਂ ਨਿੱਕੀਆਂ ਮੋਟੀਆਂ ਗੱਲਾਂ ਕੀਤੀਆਂ, ਅਤੇ ਮਾਂ ਨੇ ਵੇਖਿਆ ਕਿ ਪਾਵੇਲ ਉਹਦੇ ਵੱਲ ਪਿਆਰ ਨਾਲ਼ ਵੇਖ ਰਿਹਾ ਸੀ। ਉਹ ਸਦਾ ਵਾਂਗ ਸ਼ਾਂਤ ਅਤੇ ਸਹਿਜ-ਸੁਭਾ ਸੀ। ਉਹ ਤਬਦੀਲ ਤਾਂ ਉੱਕਾ ਹੀ ਨਹੀਂ ਸੀ ਹੋਇਆ, ਬਸ ਉਹਦੇ ਹੱਥ ਕੁਝ ਬੱਗੇ ਹੋ ਗਏ ਸਨ ਅਤੇ ਦਾੜ੍ਹੀ ਵੱਧ ਆਈ ਸੀ ਜਿਹੜੀ ਉਹਨੂੰ ਆਪਣੀ ਉਮਰ ਨਾਲ਼ੋਂ ਬਹੁਤ ਵਡੇਰਾ ਬਣਾ ਦੇਂਦੀ ਸੀ। ਉਹ ਉਹਨੂੰ ਕੋਈ ਚੰਗੀ ਗੱਲ ਦੱਸਣਾ ਚਾਹੁੰਦੀ ਸੀ — ਉਹਨੂੰ ਨਿਕੋਲਾਈ ਬਾਰੇ ਦੱਸਣਾ ਚਾਹੁੰਦੀ ਸੀ — ਅਤੇ ਇਸੇ ਲਈ ਉਸੇ ਅਵਾਜ਼ ਵਿੱਚ ਜਿਸ ਵਿੱਚ ਉਹ ਮਾਸੂਮ ਜਿਹੀਆਂ ਗੱਲਾਂ ਕਰਦੀ ਰਹੀ ਸੀ, ਉਹਨੇ ਕਿਹਾ:

"ਕੁਝ ਦਿਨ ਹੋਏ ਮੈਂ ਤੇਰੇ ਧਰਮ ਪੁੱਤਰ ਨੂੰ ਮਿਲੀ ਸਾਂ।..."

ਪਾਵੇਲ ਚੁੱਪ ਸਵਾਲ ਨਾਲ਼ ਉਹਦੀਆਂ ਅੱਖਾਂ ਵਿੱਚ ਝਾਕਿਆ। ਮਾਂ ਨੇ ਆਪਣੀ ਗੱਲ੍ਹ ਉੱਤੇ ਉਂਗਲਾਂ ਨਾਲ਼ ਨਿਸ਼ਾਨ ਬਣਾਉਣੇ ਸ਼ੁਰੂ ਕਰ ਦਿੱਤੇ, ਉਹਨੂੰ ਵੇਸ਼ੋਵਸ਼ਚੀਕੋਵ ਦੇ ਮੂੰਹ ਉੱਤੇ ਮਾਤਾ ਦੇ ਦਾਗ਼ ਯਾਦ ਦਿਵਾਉਂਦੇ ਹੋਏ।...

"ਮੁੰਡੇ ਦਾ ਹਾਲ ਚਾਲ ਠੀਕ ਵੇ — ਛੇਤੀ ਹੀ ਉਹਨੂੰ ਕੰਮ ਮਿਲਣ ਵਾਲੈ।"

ਉਹਦਾ ਪੁੱਤਰ ਸਮਝ ਗਿਆ ਅਤੇ ਸਿਰ ਹਿਲਾਇਆ, ਉਹਦੀਆਂ ਅੱਖਾਂ ਖ਼ੁਸ਼ੀ ਨਾਲ਼ ਹੱਸ ਰਹੀਆਂ ਸਨ।

"ਬਹੁਤ ਚੰਗੀ ਗੱਲ ਏ," ਉਹਨੇ ਕਿਹਾ।

"ਮੇਰਾ ਖ਼ਿਆਲ ਏ ਬਸ ਇੰਨੀ ਈ ਗੱਲ ਵੇ," ਮਾਂ ਨੇ ਗੱਲ ਮੁਕਾਈ, ਉਹ ਆਪਣੇ ਆਪ ਨਾਲ਼ ਖੁਸ਼ ਸੀ ਅਤੇ ਪੁੱਤਰ ਦੀ ਖੁਸ਼ੀ ਤੋਂ ਪ੍ਰਭਾਵਤ ਸੀ।

ਪਾਵੇਲ ਨੇ ਵਿਛੜਦੇ ਹੋਏ ਉਹਦਾ ਹੱਥ ਜ਼ੋਰ ਨਾਲ਼ ਘੁੱਟਿਆ।

"ਧੰਨਵਾਦ, ਮਾਂ।"

ਆਪੋ ਵਿਚਲੀ ਨੇੜਤਾ ਦਾ ਖੁਸ਼ੀ-ਭਰਿਆ ਗਿਆਨ ਤੇਜ਼ ਸ਼ਰਾਬ ਵਾਂਗ ਉਹਦੇ ਸਿਰ ਨੂੰ ਚੜ੍ਹ ਗਿਆ। ਉਹਦੀ ਗੱਲ ਦਾ ਉੱਤਰ ਦੇਣ ਲਈ ਲਫ਼ਜ਼ ਲੱਭਣੋ ਅਸਮਰੱਥ, ਮਾਂ ਨੇ ਚੁੱਪ ਚਾਪ ਉਹਦਾ ਹੱਥ ਫੜੀ ਰੱਖਿਆ।

ਜਦੋਂ ਉਹ ਘਰ ਅੱਪੜੀ ਤਾਂ ਸਾਸ਼ਾ ਉਹਨੂੰ ਉਡੀਕ ਰਹੀ ਸੀ। ਜਿਨ੍ਹੀ ਦਿਨੀਂ ਉਹ ਜੇਲ੍ਹ ਜਾਂਦੀ ਕੁੜੀ ਅਕਸਰ ਉਹਨੂੰ ਮਿਲਣ ਆਉਂਦੀ। ਉਹ ਕਦੀ ਪਾਵੇਲ ਬਾਰੇ ਗੱਲ ਨਾ ਕਰਦੀ ਅਤੇ ਜੇ ਮਾਂ ਆਪ ਉਹਦਾ ਜ਼ਿਕਰ ਨਾ ਕਰਦੀ ਤਾਂ ਕੁੜੀ ਮਾਂ ਦੀਆਂ ਅੱਖਾਂ ਵਿੱਚ ਦੇਰ ਤੱਕ ਝਾਕਣ ਨਾਲ਼ ਹੀ ਆਪਣੀ ਉਤਸੁਕਤਾ ਪੂਰੀ ਕਰ ਲੈਂਦੀ। ਪਰ ਇਸ ਵਾਰ ਉਹਨੇ ਮਾਂ ਤੋਂ ਚਿੰਤਾ ਨਾਲ਼ ਪੁੱਛਿਆ।

"ਉਹਦਾ ਕੀ ਹਾਲ ਏ ?"

"ਠੀਕ ਠਾਕ ਵੇ!"

"ਤੂੰ ਰੁੱਕਾ ਉਹਨੂੰ ਦੇ ਦਿੱਤਾ ?"

"ਹਾਂ! ਜੇ ਕਿਤੇ ਨੂੰ ਵੇਖਦੀ ਮੈਂ ਕਿਵੇਂ ਇਹ ਉਹਦੇ ਹੱਥ ਵਿੱਚ ਖਿਸਕਾ ਦਿੱਤਾ।..."

"ਉਹਨੇ ਪੜ੍ਹਿਆ ਸੀ ?"

"ਉੱਥੇ ? ਉਹ ਕਿਵੇਂ ਪੜ੍ਹ ਸਕਦਾ ਸੀ ?"

"ਉਹ ਹਾਂ, ਮੈਂ ਤਾਂ ਭੁੱਲ ਹੀ ਗਈ," ਕੁੜੀ ਨੇ ਹੌਲ਼ੀ ਹੌਲ਼ੀ ਕਿਹਾ। "ਸਾਨੂੰ ਇੱਕ ਹਫ਼ਤਾ ਹੋਰ ਉਡੀਕਣਾ ਪਵੇਗਾ—ਪੂਰਾ ਹਫ਼ਤਾ! ਤੇਰਾ ਕੀ ਖ਼ਿਆਲ ਏ ਉਹ ਮੰਨ ਜਾਵੇਗਾ ?"

ਸਾਸ਼ਾ ਨੇ ਘੂਰੀ ਵੱਟੀ ਅਤੇ ਨੀਝ ਲਾਕੇ ਮਾਂ ਵੱਲ ਵੇਖਿਆ।

"ਕਹਿ ਨਹੀਂ ਸਕਦੀ," ਮਾਂ ਸੋਚਦੇ ਹੋਏ ਬੋਲੀ। "ਜੇ ਇਹ ਖ਼ਤਰਨਾਕ ਨਹੀਂ ਤਾਂ ਉਹ ਮੰਨੇਗਾ ਕਿਉਂ ਨਹੀਂ ?"

ਸਾਸ਼ਾ ਨੇ ਸਿਰ ਝਟਕਿਆ।

"ਤੈਨੂੰ ਪਤੈ ਮਰੀਜ਼ ਨੂੰ ਕੀ ਖਾਣ ਦੀ ਆਗਿਆ ਏ," ਉਹ ਰੁਖਾਈ ਨਾਲ਼ ਬੋਲੀ। "ਉਹ ਭੁੱਖਾ ਏ।"

"ਜੋ ਜੀਅ ਕਰੇ ਖਾ ਸਕਦੈ। ਇੱਕ ਸਕਿੰਟ, ਮੈਂ।..."

ਉਹ ਰਸੋਈ ਵਿੱਚ ਗਈ ਅਤੇ ਸਾਸ਼ਾ ਉਹਦੇ ਪਿੱਛੇ ਪਿੱਛੇ ਗਈ।

"ਮੈਂ ਤੇਰਾ ਹੱਥ ਵਟਾਵਾਂ ?"

"ਹਾਏ ਰੱਬਾ, ਨਹੀਂ!"

ਮਾਂ ਉੜੀ ਅਤੇ ਭੱਠੀ ਵਿੱਚੋਂ ਇੱਕ ਭਾਂਡਾ ਕੱਢਿਆ।

"ਠਹਿਰ..." ਕੁੜੀ ਨੇ ਹੌਲ਼ੀ ਜਿਹੀ ਕਿਹਾ।

ਉਹਦਾ ਮੂੰਹ ਪੀਲ਼ਾ ਪੈ ਗਿਆ, ਅਤੇ ਅੱਖਾਂ ਦੁਖਦਾਈ ਢੰਗ ਨਾਲ਼ ਫੈਲ ਗਈਆਂ, ਉਹਨੇ ਕੰਬਦੇ ਬੁੱਲ੍ਹਾਂ ਵਿੱਚੋਂ ਜੋਸ਼ ਅਤੇ ਕਾਹਲੀ ਕਾਹਲੀ ਫੁਸ-ਫੁਸ ਕੀਤੀ:

"ਮੈਂ ਤੇਰੀ ਮਿੰਨਤ ਕਰਨਾ ਚਾਹੁੰਦੀ ਸਾਂ—ਮੈਨੂੰ ਯਕੀਨ ਏ ਉਹ ਨਹੀਂ ਮੰਨਣ ਲੱਗਾ—ਮੈਂ ਤਰਲਾ ਕਰਦੀ ਆਂ ਉਹਨੂੰ ਅਜਿਹਾ ਕਰਨ ਲਈ ਮਨਾ! ਸਾਨੂੰ ਉਹਦੀ ਬਹੁਤ ਹੀ ਲੋੜ ਏ! ਉਹਨੂੰ ਕਹੀਂ ਇਹ ਕਾਜ਼ ਦੀ ਖ਼ਾਤਰ ਏ। ਉਹਨੂੰ ਕਹੀਂ ਮੈਨੂੰ ਉਹਦੀ ਸਿਹਤ ਬਾਰੇ ਤੌਖਲਾ ਏ। ਤੂੰ ਆਪੇ ਵੇਖ ਲੈ — ਅਜੇ ਤਾਂ ਮੁਕੱਦਮੇ ਦੀ ਤਾਰੀਖ਼ ਵੀ ਮੁਕੱਰਰ ਨਹੀਂ ਹੋਈ।..."

ਪ੍ਰਤੱਖ ਸੀ ਕਿ ਉਹ ਬੜਾ ਜਤਨ ਕਰਕੇ ਗੱਲ ਕਰ ਰਹੀ ਸੀ। ਉਹਦੀ ਅਵਾਜ਼ ਥਿੜਕ ਰਹੀ ਸੀ, ਉਹ ਤਣ ਕੇ ਸਿੱਧੀ ਖੜੀ ਸੀ ਅਤੇ ਮਾਂ ਤੋਂ ਅੱਖਾਂ ਚੁਰਾ ਰਹੀ ਸੀ ਅਤੇ ਫਿਰ ਉਹਨੇ ਥਕੇਵੇਂ ਨਾਲ਼ ਅੱਖਾਂ ਬੰਦ ਕਰ ਲਈਆਂ ਅਤੇ ਆਪਣੇ ਬੁੱਲ੍ਹ ਟੁੱਕੇ। ਮਾਂ ਉਹਦੀਆਂ ਘੁੱਟੀਆਂ ਉਂਗਲਾਂ ਦੇ ਕੜਾਕੇ ਸੁਣ ਸਕਦੀ ਸੀ।

ਪੇਲਾਗੀਆ ਕੁੜੀ ਦੇ ਇਉਂ ਫੁੱਟ ਪੈਣ ਕਾਰਨ ਪ੍ਰੇਸ਼ਾਨ ਹੋ ਗਈ, ਪਰ ਉਹ ਸਾਸ਼ਾ ਨੂੰ ਸਮਝਦੀ ਸੀ ਅਤੇ ਉਹਨੇ ਆਪਣੀ ਬਾਂਹ ਉਹਦੇ ਦੁਆਲੇ ਵੱਲ ਲਈ।

'ਸੁਣ ਚੰਨੀ," ਮਾਂ ਨੇ ਅਫ਼ਸੋਸ ਨਾਲ਼ ਕਿਹਾ, "ਉਹਨੇ ਆਪਣੇ ਤੋਂ ਬਿਨਾਂ ਕਿਸੇ ਦੀ ਨਹੀਂ ਸੁਣਨੀ—ਕਿਸੇ ਦੀ ਵੀ ਨਹੀਂ!"

ਉਹ ਇੱਕ ਦੂਜੇ ਦੇ ਬਹੁਤ ਨਾਲ਼ ਲੱਗੀਆਂ ਉੱਥੇ ਚੁੱਪ ਖੜੀਆਂ ਸਨ।

ਫਿਰ ਸਾਸ਼ਾ ਨੇ ਆਪਣੇ ਆਪ ਨੂੰ ਛੋਪਲੇ ਜਿਹੇ ਮਾਂ ਦੇ ਕਲਾਵੇ ਵਿੱਚੋਂ ਕੱਢਿਆ।

"ਤੇਰੀ ਗੱਲ ਠੀਕ ਏ," ਉਹਨੇ ਥੋੜ੍ਹਾ ਜਿਹਾ ਕੰਬ ਕੇ ਕਿਹਾ। "ਇਹ ਤਾਂ ਬੇਵਕੂਫ਼ੀ ਏ। ਨਿਰੀ ਘਬਰਾਹਟ।..."

ਫਿਰ ਬੜੇ ਵਿਹਾਰੀ ਢੰਗ ਨਾਲ਼ ਉਹਨੇ ਕਿਹਾ, "ਚੰਗਾ, ਚਲੋ ਮਰੀਜ਼ ਨੂੰ ਖਾਣਾ ਦਈਏ।..."

ਉਹ ਈਵਾਨ ਕੋਲ਼ ਬਹਿ ਗਈ ਅਤੇ ਉਸ ਤੋਂ ਚਿੰਤਾ ਅਤੇ ਸਨੇਹ ਨਾਲ਼ ਪੁੱਛਿਆ ਕਿ ਕੀ ਉਹਦਾ ਸਿਰ ਦੁੱਖਦਾ ਸੀ।

"ਬਹੁਤਾ ਨਹੀਂ, ਪਰ ਸਭ ਕੁਝ ਅਜੇ ਧੁੰਦਲਾ ਏ। ਤੇ ਮੈਂ ਬਹੁਤ ਕਮਜ਼ੋਰੀ ਮਹਿਸੂਸ ਕਰ ਰਿਹਾਂ," ਉਹਨੇ ਆਪਣੀ ਘਬਰਾਹਟ ਵਿੱਚ ਕੰਬਲ ਆਪਣੀ ਠੋਡੀ ਹੇਠ ਖਿੱਚਦੇ ਅਤੇ ਅੱਖਾਂ ਇਉਂ ਸੰਗੋੜਦੇ ਹੋਏ ਕਿਹਾ, ਜਿਵੇਂ ਲੋਅ ਬਹੁਤ ਤਿੱਖੀ ਹੋਵੇ। ਸਾਸ਼ਾ ਨੇ ਵੇਖਿਆ ਕਿ ਉਹ ਬਹੁਤ ਸ਼ਰਮਾਕਲ ਸੀ ਅਤੇ ਉਹਦੇ ਹੁੰਦਿਆਂ ਕੁਝ ਖਾਣ ਨਹੀਂ ਲੱਗਾ, ਸੋ ਉਹ ਉੱਠੀ ਅਤੇ ਬਾਹਰ ਚਲੀ ਗਈ।

ਈਵਾਨ ਬਹਿ ਗਿਆ ਅਤੇ ਆਪਣੀਆਂ ਅੱਖਾਂ ਨਾਲ਼ ਉਹਦਾ ਪਿੱਛਾ ਕੀਤਾ।

"ਕਿੰਨੀ ਸੋਹਣੀ ਏ!..." ਉਹਨੇ ਮੂੰਹ ਹੀ ਮੂੰਹ ਵਿੱਚ ਕਿਹਾ।

ਉਹਦੀਆਂ ਹਸੂੰ ਹਸੂੰ ਕਰਦੀਆਂ ਨੀਲ਼ੀਆਂ ਅੱਖਾਂ ਸਨ, ਨੇੜੇ ਨੇੜੇ ਬੀੜੇ ਨਿੱਕੇ ਦੰਦ ਸਨ ਅਤੇ ਉਹਦੀ ਘੰਡੀ ਫੁੱਟ ਰਹੀ ਸੀ।

"ਕਿੰਨੇ ਵਰ੍ਹਿਆਂ ਦਾ ਵੇਂ ਤੂੰ?" ਸੋਚੀਂ ਡੁੱਬੀ ਮਾਂ ਨੇ ਪੁੱਛਿਆ।

"ਸਤਾਰਾਂ।..."

"ਤੇਰੇ ਮਾਂ ਪਿਉ ਕਿੱਥੇ ਨੇ?"

"ਪਿੰਡ ਵਿੱਚ। ਦਸਾਂ ਵਰ੍ਹਿਆਂ ਦੀ ਉਮਰ ਤੋਂ ਮੈਂ ਇੱਥੇ ਵਾਂ। ਜਿਉਂ ਹੀ ਸਕੂਲ ਦੀ ਪੜ੍ਹਾਈ ਮੁਕਾਈ ਇੱਥੇ ਆ ਗਿਆ। ਤੇਰਾ ਨਾਂ ਕੀ ਏ ਸਾਥੀ?"

ਜਦੋਂ ਲੋਕ ਉਹਨੂੰ "ਸਾਥੀ" ਕਹਿੰਦੇ ਤਾਂ ਉਹ ਖੁਸ਼ ਵੀ ਹੁੰਦੀ ਅਤੇ ਪ੍ਰਭਾਵਤ ਵੀ।

"ਤੂੰ ਕਿਉਂ ਪੁੱਛਣਾ ਚਾਹੁੰਦੈ?" ਮਾਂ ਨੇ ਮੁਸਕਰਾ ਕੇ ਕਿਹਾ।

"ਗੱਲ ਇਹ ਵੇ," ਉਹਨੇ ਸੰਗ ਭਰੇ ਵਕਫ਼ੇ ਪਿੱਛੋਂ ਕਿਹਾ, "ਸਾਡੇ ਸਟੱਡੀ ਸਰਕਲ ਵਿੱਚ ਇੱਕ ਵਿਦਿਆਰਥੀ ਨੇ—ਮਤਲਬ ਏ, ਜਿਹੜੇ ਸਾਨੂੰ ਪੜ੍ਹਾਉਂਦੇ ਨੇ, ਸਾਨੂੰ ਕਿਰਤੀ ਪਾਵੇਲ ਵਲਾਸੋਵ ਦੀ ਮਾਂ ਬਾਰੇ ਦੱਸਿਆ ਸੀ। ਪਹਿਲੀ ਮਈ ਦਾ ਮੁਜ਼ਾਹਿਰਾ ਚੇਤੇ ਈ?"

ਮਾਂ ਨੇ ਸਿਰ ਹਿਲਾਇਆ। ਉਹ ਇੱਕ ਦਮ ਚੇਤੰਨ ਹੋ ਗਈ।

"ਉਹਨੇ ਹੀ ਸਭ ਤੋਂ ਪਹਿਲਾਂ ਸੜਕ ਉੱਤੇ ਸਾਡਾ ਝੰਡਾ ਚੁੱਕਿਆ ਸੀ," ਮੁੰਡੇ ਨੇ ਮਾਣ ਨਾਲ਼ ਕਿਹਾ ਅਤੇ ਉਹਦੇ ਮਾਣ ਨੂੰ ਮਾਂ ਦੇ ਦਿਲ ਵਿੱਚੋਂ ਹੁੰਗਾਰਾ ਮਿਲਿਆ।

"ਮੈਂ ਉੱਥੇ ਨਹੀਂ ਸਾਂ। ਅਸੀਂ ਆਪਣਾ ਮੁਜ਼ਾਹਿਰਾ ਕਰਨਾ ਚਾਹੁੰਦੇ ਸਾਂ, ਪਰ ਗੱਲ ਸਿਰੇ ਨਾ ਚੜ੍ਹੀ! ਸਾਡੀ ਗਿਣਤੀ ਬਹੁਤ ਥੋੜ੍ਹੀ ਸੀ। ਪਰ ਅਗਲੇ ਸਾਲ ਅਸੀਂ ਕਰਾਂਗੇ, ਤੂੰ ਵੇਖ ਲਈਂ!"

ਆਸ ਦੇ ਜੋਸ਼ ਕਾਰਨ ਉਹਦੇ ਲਈ ਸਾਹ ਲੈਣਾ ਔਖਾ ਹੋ ਰਿਹਾ ਸੀ।

"ਮੈਂ ਉਸ ਵਲਾਸੋਵ ਦੀ ਮਾਂ ਦੀ ਗੱਲ ਕਰ ਰਿਹਾ ਸਾਂ," ਉਹਨੇ ਚਮਚਾ ਹਿਲਾਉਂਦੇ ਹੋਏ ਗੱਲ ਮੁਕਾਈ। "ਉਸ ਤੋਂ ਪਿੱਛੋਂ ਉਹ ਵੀ ਪਾਰਟੀ ਵਿੱਚ ਸ਼ਾਮਲ ਹੋ ਗਈ। ਸੁਣਿਐ ਉਹ ਤਾਂ ਕੋਈ ਅਜੂਬਾ ਵੇ!"

ਮਾਂ ਖੁੱਲ੍ਹ ਕੇ ਮੁਸਕਰਾਈ। ਮੁੰਡੇ ਦੇ ਮੂੰਹੋਂ ਸ਼ਲਾਘਾ ਸੁਣਨਾ ਚੰਗਾ ਸੀ। ਚੰਗਾ ਅਤੇ ਪ੍ਰੇਸ਼ਾਨ ਕਰਨ ਵਾਲ਼ਾ। ਉਹ ਉਹਨੂੰ ਕਹਿਣਾ ਚਾਹੁੰਦੀ ਸੀ: "ਮੈਂ ਹੀ ਉਸ ਵਲਾਸੋਵ ਦੀ ਮਾਂ ਵਾਂ," ਪਰ ਇਹਦੀ ਥਾਂ ਉਹਨੇ ਸਨੇਹੀ ਵਿਅੰਗ ਨਾਲ਼ ਆਪਣੇ ਆਪ ਨੂੰ ਕਿਹਾ, "ਤੂੰ ਵਲੱਲੀ ਈ ਰਹੇਂਗੀ, ਸੱਚਮੁਚ ਵਲੱਲੀ ਈ ਏਂ।"

"ਚੱਲ ਕੁਝ ਹੋਰ ਖਾ ਲੈ! ਤੈਨੂੰ ਕਾਜ਼ ਦੀ ਖ਼ਾਤਰ ਤਕੜੇ ਹੋਣ ਵਿੱਚ ਕਾਹਲ ਕਰਨੀ ਚਾਹੀਦੀ ਵੇ," ਉਹਨੇ ਅਚਾਨਕ ਘਬਰਾਹਟ ਨਾਲ਼, ਮੁੰਡੇ ਉੱਤੇ ਝੁਕਦੇ ਹੋਏ ਕਿਹਾ।

ਬਾਹਰਲਾ ਬੂਹਾ ਖੁੱਲ੍ਹਿਆ, ਜਿਸ ਨਾਲ਼ ਪਤ-ਝੜ ਦਾ ਗਿੱਲਾ, ਠੰਢਾ ਸਾਹ ਅੰਦਰ ਆ ਗਿਆ, ਮਾਂ ਨੇ ਸਿਰ ਚੁਕ ਕੇ ਵੇਖਿਆ, ਸੋਫ਼ੀਆ ਸਾਹਮਣੇ ਖੜੀ ਸੀ, ਮੁਸਕਰਾਉਂਦੀ, ਗੱਲ੍ਹਾਂ ਲਾਲ ਹੋਈਆਂ।

"ਰੱਬਾ, ਜਿਵੇਂ ਜਾਸੂਸ ਮੇਰੇ ਪਿੱਛੇ ਪਿੱਛੇ ਪਏ ਫਿਰਦੇ ਨੇ ਜਾਪਦੈ ਮੈਂ ਕੋਈ ਵੱਡੇ ਵਿਰਸੇ ਵਾਲ਼ੀ ਵਿਆਹੁਣ ਜੋਗ ਮੁਟਿਆਰ ਆਂ! ਮੇਰੇ ਇੱਥੋਂ ਚਲੇ ਜਾਣ ਦਾ ਸਮਾਂ ਆ ਗਿਐ।...ਸੋ ਈਵਾਨ, ਕੀ ਹਾਲ ਚਾਲ ਏ? ਪਹਿਲਾਂ ਨਾਲ਼ੋਂ ਵੱਲ ਏਂ? ਨਿਲੋਵਨਾ ਪਾਵੇਲ ਦੀ ਖ਼ਬਰ ਸਾਰ ਕੀ ਏ? ਸਾਸ਼ਾ ਇੱਥੇ ਏ?"

ਸਿਗਰਟ ਲਾਉਂਦੀ ਅਤੇ ਅਜਿਹੇ ਸਵਾਲ ਪੁੱਛਦੀ ਹੋਈ ਜਿਨ੍ਹਾਂ ਦੇ ਜਵਾਬਾਂ ਦੀ ਉਹਨੂੰ

ਕੋਈ ਆਸ ਨਹੀਂ ਸੀ, ਆਪਣੀਆਂ ਭੂਰੀਆਂ ਅੱਖਾਂ ਨਾਲ਼ ਉਹਨੇ ਪਿਆਰ ਨਾਲ਼ ਮਾਂ ਅਤੇ ਮੁੰਡੇ ਵੱਲ ਵੇਖਿਆ। ਮਾਂ ਉਹਨੂੰ ਵੇਖ ਕੇ ਮੁਸਕਰਾਈ।

"ਮੈਂ ਤਾਂ ਆਪ ਉਹਨਾਂ ਚੰਗੇ ਲੋਕਾਂ ਵਿੱਚੋਂ ਗਿਣੀ ਜਾਣ ਲੱਗ ਪਈ ਵਾਂ!" ਮਾਂ ਨੇ ਸੋਚਿਆ।

ਇੱਕ ਵਾਰ ਫਿਰ ਉਹ ਈਵਾਨ ਉੱਤੇ ਝੁਕੀ।

"ਪੁੱਤਰ ਛੇਤੀ ਕਰ ਤੇ ਵੱਲ ਹੋ ਜਾ!" ਉਹਨੇ ਕਿਹਾ।

ਫਿਰ ਉਹ ਖਾਣੇ ਦੇ ਕਮਰੇ ਵਿੱਚ ਗਈ ਜਿੱਥੇ ਉਹਨੇ ਸੋਫ਼ੀਆ ਨੂੰ ਸਾਸ਼ਾ ਨਾਲ਼ ਗੱਲਾਂ ਕਰਦੇ ਵੇਖਿਆ।

"ਉਹਨੇ ਹੁਣੇ ਹੀ ਤਿੰਨ ਸੌ ਨਕਲਾਂ ਤਿਆਰ ਕਰ ਲਈਆਂ ਨੇ! ਜਿਵੇਂ ਉਹ ਕੰਮ ਕਰ ਰਹੀ ਏ, ਉਹਨੇ ਆਪਣੇ ਆਪ ਨੂੰ ਮਾਰ ਲੈਣੈ! ਇਹ ਤਾਂ ਖ਼ਾਲਸ ਸੂਰਮਤਾਈ ਏ! ਸਾਸ਼ਾ, ਅਜਿਹੇ ਲੋਕਾਂ ਵਿਚਕਾਰ ਰਹਿਣਾ ਕਿੰਨੀ ਮਹਾਨ ਖੁਸ਼ੀ ਦੀ ਗੱਲ ਏ, ਉਹਨਾਂ ਦਾ ਸਾਥੀ ਹੋਣਾ ਅਤੇ ਉਹਨਾਂ ਨਾਲ਼ ਕੰਮ ਕਰਨਾ।..."

"ਸੱਚਮੁਚ ਅਜਿਹਾ ਏ," ਕੁੜੀ ਨੇ ਪੋਲੇ ਜਿਹੇ ਕਿਹਾ।

ਜਦੋਂ ਉਹ ਸ਼ਾਮ ਦੀ ਚਾਹ ਪੀ ਰਹੇ ਸਨ ਤਾਂ ਸੋਫ਼ੀਆ ਮਾਂ ਵੱਲ ਮੁੜੀ ਅਤੇ ਕਿਹਾ, "ਤੈਨੂੰ ਛੇਤੀ ਹੀ ਇੱਕ ਵਾਰ ਫਿਰ ਪੇਂਡੂ ਇਲਾਕੇ ਵਿੱਚ ਜਾਣਾ ਪਵੇਗਾ, ਨਿਲੋਵਨਾ।"

"ਬਹੁਤ ਹੱਛਾ। ਕਦੋਂ ?"

"ਕੀ ਖ਼ਿਆਲ ਏ, ਤਿੰਨਾਂ ਕੁ ਦਿਨਾਂ ਤੱਕ ਤਿਆਰ ਹੋ ਜਾਵੇਂਗੀ ?"

"ਹਾਂ, ਹੋ ਜਾਵਾਂਗੀ।..."

"ਐਤਕੀਂ ਤੈਨੂੰ ਡਾਕ-ਬੱਘੀ ਭਾੜੇ 'ਤੇ ਲੈਣੀ ਪਵੇਗੀ ਅਤੇ ਹੋਰ ਰਾਹ ਤੋਂ ਜਾਣਾ ਪਵੇਗਾ—ਨਿਕੋਲਸਕੋਏ ਵੋਲੋਸਤ ਰਾਹੀਂ," ਨਿਕੋਲਾਈ ਨੇ ਕਿਹਾ।

ਉਹਨੇ ਘੂਰੀ ਵੱਟੀ ਹੋਈ ਸੀ ਅਤੇ ਉਹਦਾ ਮੂੰਹ ਮੋਟਾ ਸੀ, ਇੱਕ ਅਜਿਹੀ ਦਿੱਖ ਜਿਹੜੀ ਉਹਨੂੰ ਸ਼ੋਭਦੀ ਨਹੀਂ ਸੀ; ਇਸ ਨਾਲ਼ ਉਹਦੀ ਸਧਾਰਨ ਦਿਆਲ ਸ਼ਾਂਤੀ ਵਿਗੜ ਜਾਂਦੀ ਸੀ।

"ਉਹ ਤਾਂ ਲੰਮਾ ਰਸਤਾ ਵੇ — ਨਿਕੋਲਸਕੋਏ ਵਿੱਚੋਂ," ਮਾਂ ਨੇ ਕਿਹਾ। "ਤੇ ਘੋੜੇ ਭਾੜੇ 'ਤੇ ਕਰਨਾ ਮਹਿੰਗਾ ਏ।..."

"ਸੱਚੀ ਗੱਲ ਤਾਂ ਇਹ ਏ," ਨਿਕੋਲਾਈ ਨੇ ਕਿਹਾ, "ਮੈਂ ਇਸ ਫੇਰੀ ਦੇ ਖ਼ਿਲਾਫ਼ ਆਂ। ਉੱਥੇ ਅਮਨ ਚੈਨ ਨਹੀਂ — ਗ੍ਰਿਫ਼ਤਾਰੀਆਂ ਹੋਈਆਂ ਨੇ — ਜਾਪਦੈ ਕਿਸੇ ਅਧਿਆਪਕ ਨੂੰ ਫੜ ਲਿਆ ਨੇ। ਸਾਨੂੰ ਵਧੇਰੇ ਧਿਆਨ ਰੱਖਣਾ ਚਾਹੀਦੈ। ਥੋੜ੍ਹਾ ਚਿਰ ਉਡੀਕਣਾ ਚੰਗਾ ਨਹੀਂ ਰਹੇਗਾ ?"

"ਉਹਨਾਂ ਨੂੰ ਸਾਹਿਤ ਦੀ ਥੁੜ੍ਹ ਨਾ ਹੋਣ ਦੇਣਾ ਸਾਡਾ ਕੰਮ ਏ," ਸੋਫ਼ੀਆ ਨੇ ਆਪਣੀਆਂ ਉਂਗਲਾਂ ਨਾਲ਼ ਮੇਜ਼ ਉੱਤੇ ਠੱਕ ਠੱਕ ਕਰਦੇ ਹੋਏ ਕਿਹਾ। "ਤੂੰ ਡਰਦੀ ਏਂ ਨਿਲੋਵਨਾ ?" ਉਹਨੇ ਅਚਾਨਕ ਪੁੱਛਿਆ।

ਮਾਂ ਦੁੱਖੀ ਹੋਈ।

"ਮੈਂ ਕਦੀ ਡਰੀ ਵੀ ਵਾਂ ? ਜਦੋਂ ਮੈਂ ਪਹਿਲੀ ਵਾਰ ਗਈ ਸਾਂ ਤਾਂ ਡਰੀ ਨਹੀਂ ਤੇ ਹੁਣ।...

ਤੂੰ ਕਿਉਂ।...” ਉਹਨੇ ਆਪਣੀ ਗੱਲ ਪੂਰੀ ਕੀਤੇ ਬਿਨਾਂ ਨੀਵੀਂ ਪਾ ਲਈ। ਜਦੋਂ ਕਦੀ ਉਹ ਉਸ ਤੋਂ ਇਹ ਪੁੱਛਦੇ ਕਿ ਕੀ ਉਹ ਡਰਦੀ ਹੈ, ਜਾਂ ਉਹਨੂੰ ਬੁਰਾ ਤਾਂ ਨਹੀਂ ਲੱਗੇਗਾ, ਜਾਂ ਕੀ ਉਹ ਇਹ ਸਮਝਦੀ ਹੈ ਕਿ ਉਹ ਅਮਕਾ ਢਮਕਾ ਕੰਮ ਕਰ ਸਕੇਗੀ, ਤਾਂ ਉਹਨੂੰ ਜਾਪਦਾ ਕਿ ਉਹ ਉਹਦੇ ਤੋਂ ਰਿਆਇਤ ਮੰਗ ਰਹੇ ਸਨ, ਅਤੇ ਇਹ ਕਿ ਉਹਨੂੰ ਬਾਕੀਆਂ ਨਾਲ਼ੋਂ ਵੱਖ ਕੀਤਾ ਜਾ ਰਿਹਾ ਸੀ ਅਤੇ ਉਹਦੇ ਨਾਲ਼ ਅਜਿਹਾ ਵਤੀਰਾ ਨਹੀਂ ਸੀ ਅਪਣਾਇਆ ਜਾ ਰਿਹਾ ਜਿਹੋ ਜਿਹਾ ਉਹ ਇੱਕ ਦੂਜੇ ਨਾਲ਼ ਅਪਣਾਉਂਦੇ ਸਨ।

“ਤੁਸੀਂ ਇਹ ਕਿਉਂ ਪੁੱਛਦੇ ਹੋ ਮੈਂ ਡਰਦੀ ਵਾਂ ਜਾਂ ਨਹੀਂ,” ਮਾਂ ਨੇ ਭਰੇ ਗਲੇ ਨਾਲ਼ ਪੁੱਛਿਆ। “ਤੁਸੀਂ ਇੱਕ ਦੂਜੇ ਤੋਂ ਅਜਿਹੀਆਂ ਗੱਲਾਂ ਨਹੀਂ ਪੁੱਛਦੇ।”

ਨਿਕੋਲਾਈ ਨੇ ਆਪਣੀ ਐਨਕ ਲਾਹੀ ਅਤੇ ਫਿਰ ਲਾ ਲਈ ਅਤੇ ਆਪਣੀ ਭੈਣ ਵੱਲ ਧਿਆਨ ਨਾਲ਼ ਵੇਖਿਆ। ਖਿਚਾਅ ਭਰੀ ਚੁੱਪ ਨਾ ਸਹਾਰ ਸਕਦੇ ਹੋਏ ਮਾਂ ਦੋਸ਼ੀਆਂ ਵਾਂਗ ਖੜ੍ਹੀ ਹੋ ਗਈ ਅਤੇ ਉਹ ਕੁਝ ਕਹਿਣਾ ਚਾਹੁੰਦੀ ਸੀ ਕਿ ਸੋਫ਼ੀਆ ਨੇ ਉਹਦਾ ਹੱਥ ਫੜ ਕੇ ਉਹਨੂੰ ਰੋਕ ਲਿਆ।

“ਮੈਨੂੰ ਮਾਫ਼ ਕਰੀਂ। ਮੈਂ ਮੁੜਕੇ ਕਦੀ ਅਜਿਹੀ ਗੱਲ ਨਹੀਂ ਪੁੱਛਣ ਲੱਗੀ,” ਉਹਨੇ ਪੋਲੇ ਜਿਹੇ ਕਿਹਾ।

ਇਹ ਸੁਣ ਕੇ ਮਾਂ ਦੇ ਮੂੰਹ ਉੱਤੇ ਮੁਸਕਾਨ ਆ ਗਈ ਅਤੇ ਕੁਝ ਹੀ ਮਿੰਟਾਂ ਵਿੱਚ ਉਹ ਸਰਗਰਮੀ ਨਾਲ਼ ਆਉਂਦੇ ਸਫ਼ਰ ਬਾਰੇ ਗੱਲਾਂ ਕਰਨ ਲੱਗ ਪਏ।

## 15

ਪਹੁ-ਫੁਟਾਲੇ ਸਮੇਂ ਮਾਂ ਪਤ-ਝੜ ਦੇ ਮੀਂਹ ਦੀ ਧੋਤੀ ਇੱਕ ਸੜਕ ਉੱਤੇ ਇੱਕ ਡਾਕ-ਬੱਘੀ ਵਿੱਚ ਤੇਜ਼ ਤੇਜ਼ ਜਾ ਰਹੀ ਸੀ। ਗਿੱਲੀ ਹਵਾ ਵਗ ਰਹੀ ਸੀ ਅਤੇ ਹਰ ਪਾਸੇ ਚਿੱਕੜ ਉੱਡ ਰਿਹਾ ਸੀ। ਕੋਚਵਾਨ ਆਪਣੀ ਸੀਟ ਉੱਤੇ ਮੁੜਕੇ ਗੁਣਗੁਣੀ ਅਵਾਜ਼ ਵਿੱਚ ਉਹਦੇ ਅੱਗੇ ਸ਼ਿਕਾਇਤ ਕਰਨ ਲੱਗ ਪਿਆ:

“ਸੋ, ਮੈਂ ਉਹਨੂੰ ਕਿਹਾ — ਮਤਲਬ ਏ ਆਪਣੇ ਭਰਾ ਨੂੰ — ਆ ਹਿੱਸੇ ਕਰ ਲਈਏ, ਮੈਂ ਕਿਹਾ। ਸੋ ਅਸੀਂ ਭਿਆਲ ਬਣ ਗਏ।...”

ਅਚਾਨਕ ਉਹਨੇ ਖੱਬੇ ਹੱਥ ਦੇ ਘੋੜੇ ਨੂੰ ਚਾਬਕ ਮਾਰੀ ਅਤੇ ਗੁੱਸੇ ਨਾਲ਼ ਚੀਕਿਆ:

“ਚਲ ਓਏ! ਚੱਲ ਚੱਲ, ਭੂਤਨੀ ਦਿਆ!”

ਪਤ-ਝੜ ਦੇ ਮੋਟੇ ਕਾਂ ਫ਼ਿਕਰਮੰਦੀ ਨਾਲ਼ ਖ਼ਾਲੀ ਸਿਆੜਾਂ ਵਿੱਚ ਘੁੰਮਦੇ ਅਤੇ ਠੰਢੀ ਹਵਾ ਚਾਰੇ ਪਾਸੇ ਸੀਟੀਆਂ ਮਾਰਦੀ। ਕਾਂ ਹਵਾ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਛਾਤੀ ਅਕੜਾਉਂਦੇ, ਹਵਾ ਉਹਨਾਂ ਦੇ ਖੰਭ ਖਿੰਡਾ ਦੇਂਦੀ ਅਤੇ ਉਹਨਾਂ ਦੇ ਪੈਰ ਥਿੜਕਾ ਕੇ ਉਹਨਾਂ ਨੂੰ ਅਲਸਾਏ ਢੰਗ ਨਾਲ਼ ਖੰਭ ਫੜਕਾਕੇ ਹੋਰ ਥਾਂ ਜਾਣ ਲਈ ਮਜ਼ਬੂਰ ਕਰ ਦੇਂਦੀ।

“ਸੋ, ਉਹਨੇ ਅਜਿਹਾ ਹੀ ਕੀਤਾ ਤੇ ਮੇਰੀ ਚਮੜੀ ਉਧੇੜ ਲਈ। ਹੁਣ ਮੇਰੇ ਹੱਥ ਪਾਣ ਨੂੰ ਕੁਝ ਨਹੀਂ...” ਕੋਚਵਾਨ ਨੇ ਗੱਲ ਜਾਰੀ ਰੱਖੀ।

ਮਾਂ ਉਹਦੀ ਗੱਲ ਇਉਂ ਸੁਣ ਰਹੀ ਸੀ ਜਿਵੇਂ ਸੁਪਨਾ ਹੋਵੇ। ਉਹਦੀ ਯਾਦ ਵਿੱਚੋਂ ਪਿਛਲੇ ਕੁਝ ਵਰ੍ਹਿਆਂ ਦੀਆਂ ਘਟਨਾਵਾਂ ਦੀ ਲੜੀ ਲੰਘੀ ਅਤੇ ਉਹਨੇ ਆਪਣੇ ਆਪ ਨੂੰ ਉਹਨਾਂ ਸਭਨਾਂ ਵਿੱਚ ਸਰਗਰਮ ਹਿੱਸਾ ਲੈਂਦੇ ਵੇਖਿਆ। ਪਹਿਲੀਆਂ ਵਿੱਚ ਜ਼ਿੰਦਗੀ ਦੀਆਂ ਪ੍ਰਸਥਿਤੀਆਂ ਕਿਧਰੇ ਦੁਰਾਡੇ ਮਿਥੀਆਂ ਜਾਂਦੀਆਂ ਸਨ, ਕਿਸੇ ਨੂੰ ਪਤਾ ਨਹੀਂ ਸੀ ਕਿਸ ਵੱਲੋਂ ਅਤੇ ਕਿਸ ਮੰਤਵ ਲਈ; ਪਰ ਹੁਣ ਇਹਨਾਂ ਵਿੱਚੋਂ ਅਨੇਕ ਪ੍ਰਸਥਿਤੀਆਂ ਐਨ ਉਹਦੀਆਂ ਅੱਖਾਂ ਸਾਹਮਣੇ ਅਤੇ ਉਹਦੀ ਸ਼ਮੂਲੀ ਨਾਲ਼ ਤਬਦੀਲ ਕੀਤੀਆਂ ਜਾ ਰਹੀਆਂ ਸਨ। ਇਹ ਸੋਚ ਕੇ ਉਹ ਆਪਣੇ ਆਪ ਉੱਤੇ ਖੁਸ਼ ਹੋਈ, ਪਰ ਉਹਨੂੰ ਆਪਣੀਆਂ ਸ਼ਕਤੀਆਂ ’ਤੇ ਬੇਭਰੋਸਗੀ ਪੈਦਾ ਹੋ ਗਈ; ਉਹ ਪ੍ਰੇਸ਼ਾਨ ਸੀ ਅਤੇ ਸ਼ਾਂਤ ਉਦਾਸੀ ਨਾਲ਼ ਭਰੀ ਹੋਈ।

ਉਹਦੇ ਦੁਆਲੇ ਸਭ ਕੁਝ ਹੌਲ਼ੀ ਹੌਲ਼ੀ ਚੱਲ ਰਿਹਾ ਸੀ; ਸਲੇਟੀ ਬੱਦਲ ਅਸਮਾਨ ਵਿੱਚ ਬੋਝਲ ਢੰਗ ਨਾਲ਼ ਇੱਕ ਦੂਜੇ ਦਾ ਪਿੱਛਾ ਕਰ ਰਹੇ ਸਨ; ਸੜਕ ਦੇ ਦੋਹਾਂ ਪਾਸਿਆਂ ਉੱਤੇ ਉੱਗੇ ਗਿੱਲੇ ਰੁੱਖ ਲੰਘਦੇ ਹੋਏ ਆਪਣੀਆਂ ਨੰਗੀਆਂ ਟਹਿਣੀਆਂ ਹਿਲਾ ਰਹੇ ਸਨ; ਖੇਤਾਂ ਦੀ ਥਾਂ ਨਿੱਕੀਆਂ ਪਹਾੜੀਆਂ ਆ ਗਈਆਂ, ਜਿਹੜੀਆਂ ਆਪਣੀ ਵਾਰੀ ਲੋਪ ਹੋ ਗਈਆਂ।

ਕੋਚਵਾਨ ਦੀ ਗੁਣਗੁਣੀ ਅਵਾਜ਼, ਸਾਜ਼ ਦੀਆਂ ਘੰਟੀਆਂ ਦੀ ਟਨ ਟਨ, ਗਿੱਲੀ ਹਵਾ ਦੀ ਸਰ ਸਰ, ਸਾਰੇ ਮਿਲਕੇ ਇੱਕ ਥਰਕਦੀ ਵਲੇਵੇਂ ਖਾਂਦੀ ਨਦੀ ਬਣ ਗਏ, ਜਿਹੜੀ ਖੇਤਾਂ ਉੱਤੋਂ ਨਿਰੰਤਰ ਵਹਿੰਦੀ ਜਾ ਰਹੀ ਸੀ।...

"ਅਮੀਰਾਂ ਲਈ ਸਵਰਗ ਵੀ ਕੁਝ ਨਹੀਂ ਹੁੰਦਾ," ਕੋਚਵਾਨ ਆਪਣੀ ਸੀਟ ਉੱਤੇ ਝੂਮਦਾ ਬੋਲੀ ਗਿਆ। "ਸੋ ਉਹ ਮੈਨੂੰ ਨਿਚੋੜਨ ਲੱਗ ਪੈਂਦੈ — ਹਾਕਮ ਸਾਰੇ ਉਹਦੇ ਯਾਰ ਸਨ।..."

ਜਦੋਂ ਉਹ ਸਟੇਸ਼ਨ ’ਤੇ ਅੱਪੜੇ ਤਾਂ ਉਹਨੇ ਘੋੜੇ ਖੋਹਲ ਦਿੱਤੇ।

"ਤੂੰ ਮੈਨੂੰ ਵੋਦਕਾ ਲਈ ਪੰਜ ਕੋਪੀਕ ਦੇ ਦੇ," ਉਹਨੇ ਨਿਰਾਸ਼ ਮਿੰਨਤ ਕਰਦੇ ਢੰਗ ਨਾਲ਼ ਮਾਂ ਨੂੰ ਕਿਹਾ।

ਮਾਂ ਨੇ ਉਹਨੂੰ ਇੱਕ ਸਿੱਕਾ ਦਿੱਤਾ ਅਤੇ ਉਹਨੇ ਇਹ ਆਪਣੀ ਤਲੀ ਉੱਤੇ ਉਛਾਲਿਆ।

"ਇਹਦੇ ਵਿੱਚੋਂ ਤਿੰਨਾਂ ਦੀ ਵੋਦਕਾ ਤੇ ਦੋ ਦੀ ਰੋਟੀ," ਉਹਨੇ ਕਿਹਾ।

ਦੁਪਹਿਰੇ ਮਾਂ ਠਰੀ ਅਤੇ ਥੱਕੀ ਨਿਕੋਲਸਕੋਏ ਦੇ ਵੱਡੇ ਪਿੰਡ ਵਿੱਚ ਅੱਪੜੀ, ਉਹ ਚਾਹ ਦਾ ਗਲਾਸ ਪੀਣ ਲਈ ਸਟੇਸ਼ਨ ਵਿੱਚ ਗਈ ਅਤੇ ਆਪਣਾ ਭਾਰਾ ਸੂਟਕੇਸ ਬੈਂਚ ਹੇਠਾਂ ਰੱਖ ਕੇ ਬਾਰੀ ਕੋਲ਼ ਬਹਿ ਗਈ। ਬਾਰੀ ਵਿੱਚੋਂ ਉਹਨੂੰ ਨਿੱਕਾ ਜਿਹਾ ਚੌਂਕ ਦਿਸਿਆ ਜਿਹੜਾ ਪੀਲ਼ੇ ਲਿਤਾੜੇ ਘਾਹ ਨਾਲ਼ ਕੱਜਿਆ ਹੋਇਆ ਸੀ ਅਤੇ ਇੱਕ ਗੂੜ੍ਹੇ ਭੂਰੇ ਰੰਗ ਦੀ ਇਮਾਰਤ, ਜਿਸਦੀ ਛੱਤ ਝੁੱਕ ਗਈ ਸੀ — ਸਥਾਨਕ ਪ੍ਰਬੰਧਕਾਂ ਦੀ ਇਮਾਰਤ। ਇੱਕ ਗੰਜਾ, ਦੜ੍ਹੀਅਲ ਮੁਜ਼ੀਕ, ਜਿਸਨੇ ਕਮੀਜ਼ ਉੱਤੇ ਕੋਟ ਨਹੀਂ ਸੀ ਪਹਿਨਿਆ ਹੋਇਆ, ਬਰਾਂਡੇ ਵਿੱਚ ਬੈਠਾ ਹੁੱਕੀ ਪੀ ਰਿਹਾ ਸੀ। ਚੌਂਕ ਦਾ ਘਾਹ ਇੱਕ ਸੂਰ ਚਰ ਰਿਹਾ ਸੀ। ਉਹ ਛਿੱਥਾ ਪਿਆ ਆਪਣੇ ਕੰਨ ਛੰਡਦਾ, ਆਪਣਾ ਸਿਰ ਹਿਲਾਉਂਦਾ ਅਤੇ ਆਪਣੀ ਥੂੰਨੀ ਭੋਂ ਵਿੱਚ ਗੱਡਦਾ।

ਬੱਦਲ ਇੱਕ ਘਣਾ, ਕਾਲ਼ਾ ਸਮੂਹ ਬਣਾ ਕੇ ਤੈਰਦੇ, ਇੱਕ ਦੂਜੇ ਉੱਤੇ ਹਮਲਾ ਕਰਦੇ ਜਾ ਰਹੇ ਸਨ। ਸਭ ਕੁਝ ਚੁਪ ਅਤੇ ਹਨੇਰਾ ਅਤੇ ਅਕਾਊ ਸੀ, ਜਿਵੇਂ ਜ਼ਿੰਦਗੀ ਛਹਿੜੀ ਬੈਠੀ ਹੋਵੇ।

ਅਚਾਨਕ ਪੁਲੀਸ ਦਾ ਇੱਕ ਸਾਰਜੰਟ ਸਰਪਟ ਘੋੜਾ ਦੁੜਾਉਂਦਾ ਚੌਂਕ ਵਿੱਚ ਆਇਆ ਅਤੇ ਵੋਲੋਸਤ* ਦੇ ਦਫ਼ਤਰ ਸਾਹਮਣੇ ਆਪਣਾ ਸੁਰੰਗ ਘੋੜਾ ਰੋਕ ਲਿਆ। ਉਹਨੇ ਆਪਣੀ ਚਾਬਕ ਹਵਾ ਵਿੱਚ ਲਹਿਰਾਈ ਅਤੇ ਮੂਜ਼ੀਕ 'ਤੇ ਕੜਕਿਆ। ਉਹਦੀਆਂ ਕੂਕਾਂ ਬਾਰੀ ਨਾਲ਼ ਥਰਕੀਆਂ, ਪਰ ਉਹਦੀ ਗੱਲ ਪੱਲੇ ਨਾ ਪਈ। ਮੂਜ਼ੀਕ ਉੱਠਿਆ ਅਤੇ ਦੁਰਾਡੇ ਇਸ਼ਾਰਾ ਕੀਤਾ। ਸਾਰਜੰਟ ਲੇਟ ਕੇ ਘੋੜੇ ਤੋਂ ਉਤਰਿਆ, ਲਗਾਮ ਮੂਜ਼ੀਕ ਵੱਲ ਸੁੱਟੀ, ਲੜਖੜਾਉਂਦਾ ਪੌੜੀਆਂ ਵੱਲ ਵਧਿਆ, ਜੰਗਲਾ ਫੜਿਆ, ਆਪਣੇ ਆਪ ਨੂੰ ਬਰਾਂਡੇ ਤੱਕ ਖਿੱਚਿਆ ਅਤੇ ਦਰਵਾਜ਼ੇ ਵਿੱਚ ਲੋਪ ਹੋ ਗਿਆ।...

ਚਾਰੇ ਪਾਸੇ ਫਿਰ ਚੁੱਪ ਛਾ ਗਈ। ਦੋ ਵਾਰ ਘੋੜੇ ਨੇ ਪੋਲੀ ਭੋਂ ਵਿੱਚ ਆਪਣਾ ਪੌੜ ਖੋਭਿਆ। ਤੇਰ੍ਹਾਂ ਚੌਦਾਂ ਵਰ੍ਹਿਆਂ ਦੀ ਇੱਕ ਕੁੜੀ ਕਮਰੇ ਵਿੱਚ ਆਈ, ਉਹਦੇ ਪੀਲ਼ੇ ਵਾਲ ਨਿੱਕੀ ਜਿਹੀ ਗੁੱਤ ਵਿੱਚ ਗੁੰਦੇ ਹੋਏ ਸਨ ਅਤੇ ਉਹਦੇ ਗੋਲ਼ ਮੂੰਹ ਉੱਤੇ ਕੋਮਲ ਅੱਖਾਂ ਸਨ। ਉਹ ਪਲੇਟਾਂ ਨਾਲ਼ ਭਰੀ ਇੱਕ ਚਿਬ-ਖੜਿਬੀ ਟਰੇ ਚੁੱਕ ਕੇ ਲਈ ਜਾਂਦੀ ਆਪਣੇ ਬੁੱਲ੍ਹ ਟੁਕਦੀ ਅਤੇ ਸਿਰ ਹਿਲਾਈ ਜਾਂਦੀ।

"ਸ਼ੁਭ ਦਿਨ, ਬਚੜੀਏ," ਮਾਂ ਨੇ ਕਿਹਾ।

"ਸ਼ੁਭ ਦਿਨ!"

ਜਦੋਂ ਉਹਨੇ ਚਾਹ ਦੇ ਬਰਤਨ ਮੇਜ਼ ਉੱਤੇ ਰੱਖ ਦਿੱਤੇ ਤਾਂ ਕੁੜੀ ਨੇ ਅਚਾਨਕ ਉਤੇਜਤ ਹੋ ਕੇ ਕਿਹਾ, "ਉਹਨਾਂ ਹੁਣੇ ਹੁਣੇ ਇੱਕ ਡਾਕੂ ਨੂੰ ਫੜਿਐ — ਉਹ ਉਹਨੂੰ ਇੱਥੇ ਲਿਆ ਰਹੇ ਨੇ!"

"ਉਹ ਕੌਣ ਏ?"

"ਮੈਨੂੰ ਪਤਾ ਨਹੀਂ।..."

"ਉਹਨੇ ਕਿਸਨੂੰ ਲੁਟਿਐ?"

"ਮੈਨੂੰ ਪਤਾ ਨਹੀਂ," ਕੁੜੀ ਨੇ ਗੱਲ ਦੁਹਰਾਈ, "ਮੈਂ ਤਾਂ ਇੰਨਾ ਹੀ ਸੁਣਿਐ ਉਹਨਾਂ ਉਹਨੂੰ ਫੜ ਲਿਐ। ਸੰਤਰੀ ਪੁਲੀਸ ਦੇ ਮੁਖੀ ਨੂੰ ਸੱਦਣ ਗਿਐ।"

ਮਾਂ ਨੇ ਬਾਰੀ ਵਿੱਚੋਂ ਬਾਹਰ ਝਾਤ ਮਾਰੀ ਅਤੇ ਵੇਖਿਆ ਕਿ ਕਿਸਾਨ ਚੌਂਕ ਵਿੱਚ ਇਕੱਠੇ ਹੋ ਰਹੇ ਸਨ। ਉਹਨਾਂ ਵਿੱਚੋਂ ਕੁਝ ਹੌਲ਼ੀ ਹੌਲ਼ੀ ਅਤੇ ਗੰਭੀਰਤਾ ਨਾਲ਼ ਆਉਂਦੇ, ਹੋਰ ਨੱਠਦੇ ਹੋਏ ਆਉਂਦੇ ਅਤੇ ਨਾਲ਼ੋਂ ਨਾਲ਼ ਆਪਣੀਆਂ ਪੋਸਤੀਨਾਂ ਦੇ ਬਟਨ ਬੰਦ ਕਰੀ ਜਾਂਦੇ। ਉਹ ਇਮਾਰਤ ਦੇ ਸਾਹਮਣੇ ਇਕੱਠੇ ਹੋ ਗਏ ਅਤੇ ਖੱਬੇ ਪਾਸੇ ਵੇਖਦੇ ਉੱਥੇ ਖੜੇ ਹੋ ਗਏ।

ਕੁੜੀ ਨੇ ਵੀ ਬਾਰੀ ਵਿੱਚੋਂ ਨਿਗਾਹ ਬਾਹਰ ਮਾਰੀ ਅਤੇ ਦਰਵਾਜ਼ਾ ਧੜਾਮ ਕਰਕੇ ਬੰਦ ਕਰਦੀ ਹੋਈ ਕਮਰੇ ਵਿੱਚੋਂ ਬਾਹਰ ਨੱਠ ਗਈ। ਮਾਂ ਇਹ ਅਵਾਜ਼ ਸੁਣ ਕੇ ਤ੍ਰਭਕ ਗਈ, ਉਹਨੇ ਆਪਣਾ ਸੂਟਕੇਸ ਬੈਂਚ ਦੇ ਹੋਰ ਹੇਠਾਂ ਕਰ ਦਿੱਤਾ, ਸਿਰ ਉੱਤੇ ਸ਼ਾਲ ਸੁੱਟੀ ਅਤੇ ਕਾਹਲੀ ਕਾਹਲੀ ਦਰਵਾਜ਼ੇ ਵੱਲ ਚਲੀ ਗਈ, ਨੱਠ ਜਾਣ ਦੀ ਅਣਸਮਝੀ ਇੱਛਾ ਉੱਤੇ ਕਾਬੂ ਪਾਉਂਦੀ।...

ਜਦੋਂ ਉਹ ਬਰਾਂਡੇ ਵਿੱਚ ਅੱਪੜੀ ਤਾਂ ਉਹਨੂੰ ਜਾਪਿਆ ਜਿਵੇਂ ਇੱਕ ਬਰਫ਼ਾਨੀ ਝੋਕਾ

---

* ਰੂਸ ਵਿੱਚ ਇੱਕ ਪ੍ਰਬੰਧਕ ਇਕਾਈ। — **ਅਨੁ:**

ਉਹਦੀਆਂ ਅੱਖਾਂ ਅਤੇ ਛਾਤੀ ਨੂੰ ਲੱਗਾ; ਉਹਨੇ ਹਟਕੋਰਾ ਜਿਹਾ ਭਰਿਆ ਅਤੇ ਉਹਦੀਆਂ ਲੱਤਾਂ ਰਹਿ ਗਈਆਂ: ਚੌਂਕ ਦੇ ਪਰਲੇ ਪਾਸਿਉ ਗੀਬਿਨ ਆ ਰਿਹਾ ਸੀ, ਉਹਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ, ਉਹਦੇ ਦੋਵੇਂ ਪਾਸੇ ਇੱਕ ਇੱਕ ਸਿਪਾਹੀ ਸੀ, ਜਿਹੜੇ ਚਲਦੇ ਚਲਦੇ ਆਪਣੀਆਂ ਡਾਂਗਾਂ ਭੁੰਜੇ ਪਟਕਾ ਰਹੇ ਸਨ। ਭੀੜ ਬਰਾਂਡੇ ਸਾਹਮਣੇ ਚੁੱਪ ਖੜ੍ਹੀ ਉਡੀਕਦੀ ਸੀ।

ਸ਼ਸ਼ਿਦਰ ਹੋਈ ਮਾਂ ਉਸ ਤੋਂ ਆਪਣੀਆਂ ਅੱਖਾਂ ਨਹੀਂ ਸੀ ਹਟਾ ਸਕਦੀ। ਗੀਬਿਨ ਕੁਝ ਕਹਿ ਰਿਹਾ ਸੀ, ਉਹ ਉਹਦੀ ਅਵਾਜ਼ ਸੁਣ ਸਕਦੀ ਸੀ, ਪਰ ਉਹਦੇ ਬੋਲਾਂ ਨੂੰ ਮਾਂ ਦੇ ਦਿਲ ਦੇ ਹਨੇਰੇ ਖਲਾਅ ਵਿੱਚੋਂ ਕੋਈ ਹੁੰਗਾਰਾ ਨਾ ਮਿਲਿਆ।

ਮਾਂ ਨੇ ਇੱਕ ਲੰਮਾ ਸਾਹ ਲਿਆ ਅਤੇ ਆਪਣੇ ਆਪ ਨੂੰ ਸੰਭਾਲਿਆ। ਬਰਾਂਡੇ ਦੇ ਕੋਲ਼ ਨੀਲ਼ੀਆਂ ਅੱਖਾਂ ਅਤੇ ਚੌੜੀ, ਕੱਕੀ ਦਾੜ੍ਹੀ ਵਾਲ਼ਾ ਇੱਕ ਮੂਜ਼ੀਕ ਖੜ੍ਹਾ ਗਹੁ ਨਾਲ਼ ਮਾਂ ਵੱਲ ਵੇਖ ਰਿਹਾ ਸੀ। ਉਹ ਖੰਘੀ ਅਤੇ ਡਰ ਕਾਰਨ ਨਿਤਾਣੇ ਹੋਏ ਹੱਥਾਂ ਨਾਲ਼ ਆਪਣੀ ਗਰਦਨ ਮਲੀ।

'ਕੀ ਹੋਇਐ ?'' ਮਾਂ ਨੇ ਆਪਣੇ ਆਪ ਨੂੰ ਉਸ ਤੋਂ ਪੁੱਛਣ 'ਤੇ ਮਜ਼ਬੂਰ ਕੀਤਾ।

''ਆਪੇ ਵੇਖ ਲੈ,'' ਮੂਜ਼ੀਕ ਨੇ ਕਿਹਾ ਅਤੇ ਦੂਜੇ ਪਾਸੇ ਵੇਖਣ ਲੱਗ ਪਿਆ। ਇੱਕ ਹੋਰ ਮੂਜ਼ੀਕ ਆਇਆ ਅਤੇ ਮਾਂ ਦੇ ਕੋਲ਼ ਖੜ੍ਹਾ ਹੋ ਗਿਆ।

ਗੀਬਿਨ ਨੂੰ ਲਿਆਉਣ ਵਾਲ਼ੇ ਪੁਲਸੀਏ ਭੀੜ ਦੇ ਸਾਹਮਣੇ ਖੜ੍ਹੇ ਹੋ ਗਏ, ਜਿਹੜੀ ਵੱਧਦੀ ਜਾ ਰਹੀ ਸੀ, ਭਾਵੇਂ ਲੋਕ ਚੁੱਪ ਸਨ। ਅਚਾਨਕ ਗੀਬਿਨ ਦੀ ਭਰਪੂਰ ਅਵਾਜ਼ ਉਹਨਾਂ ਦੇ ਸਿਰਾਂ ਤੋਂ ਉੱਤੇ ਉੱਠੀ।

''ਸੱਚੇ ਈਮਾਨ ਵਾਲਿਓ! ਤੁਸੀਂ ਉਹਨਾਂ ਇਸ਼ਤਿਹਾਰਾਂ ਦੀ ਗੱਲ ਸੁਣੀ ਏ ਜਿਹੜੇ ਸਾਡੇ, ਕਿਸਾਨਾਂ ਦੀ ਜ਼ਿੰਦਗੀ ਬਾਰੇ ਸੱਚ ਦੱਸਦੇ ਨੇ। ਮੈਨੂੰ ਉਹਨਾਂ ਇਸ਼ਤਿਹਾਰਾਂ ਪਿੱਛੇ ਸਜ਼ਾ ਮਿਲ ਰਹੀ ਏ। ਮੈਂ ਹੀ ਉਹ ਲੋਕਾਂ ਵਿੱਚ ਵੰਡੇ ਸਨ!''

ਭੀੜ ਗੀਬਿਨ ਦੇ ਹੋਰ ਨੇੜੇ ਹੋ ਗਈ। ਉਹਦੀ ਅਵਾਜ਼ ਵਿੱਚ ਠਰ੍ਹੰਮਾ ਅਤੇ ਸਥਿਰਤਾ ਸੀ ਅਤੇ ਇਸ ਗੱਲ ਨੇ ਮਾਂ ਦੀ ਸੁਰਤ ਪਰਤਾਈ।

''ਸੁਣਿਆ ਈ ?'' ਦੂਜੇ ਮੂਜ਼ੀਕ ਨੇ ਨੀਲ਼ੀਆਂ ਅੱਖਾਂ ਵਾਲ਼ੇ ਨੂੰ ਹੌਲ਼ੀ ਜਿਹੇ ਹੁੱਝ ਮਾਰਦੇ ਹੋਏ ਕਿਹਾ। ਪਿਛਲੇਰੇ ਨੇ ਸਿਰ ਚੁੱਕਿਆ ਅਤੇ ਜਵਾਬ ਦਿੱਤੇ ਬਿਨਾਂ ਦੁਬਾਰਾ ਮਾਂ ਵੱਲ ਵੇਖਿਆ। ਦੂਜੇ ਨੇ ਵੀ ਮਾਂ ਵੱਲ ਵੇਖਿਆ। ਉਹ ਪਹਿਲੇ ਨਾਲ਼ੋਂ ਛੁਟੇਰੀ ਉਮਰ ਦਾ ਸੀ ਅਤੇ ਉਹਦੀ ਜਟੂਰੀਆਂ ਜਿਹੀ ਕਾਲ਼ੀ ਦਾੜ੍ਹੀ ਸੀ ਅਤੇ ਮੂੰਹ ਉੱਤੇ ਛਾਈਆਂ ਸਨ। ਫਿਰ ਉਹ ਦੋਵੇਂ ਉੱਥੋਂ ਪਰ੍ਹੇ ਹਟ ਗਏ।

''ਉਹ ਡਰਦੇ ਨੇ,'' ਮਾਂ ਨੇ ਸੋਚਿਆ।

ਉਹ ਵਧੇਰੇ ਧਿਆਨ ਨਾਲ਼ ਵੇਖਣ ਲੱਗ ਪਈ। ਬਰਾਂਡੇ ਵਿੱਚੋਂ ਜਿੱਥੇ ਉਹ ਖੜ੍ਹੀ ਸੀ; ਉਹ ਮਿਖਾਇਲੋ ਈਵਾਨੋਵਿਚ ਦਾ ਵਿਲੂੰਧਰਿਆ, ਸਾਂਵਲਾ ਮੂੰਹ ਅਤੇ ਉਹਦੀਆਂ ਅੱਖਾਂ ਦੀ ਜੁਸ਼ੀਲੀ ਚਮਕ ਵੇਖ ਸਕਦੀ ਸੀ। ਉਹ ਚਾਹੁੰਦੀ ਸੀ ਕਿ ਉਹ ਵੀ ਉਹਨੂੰ ਵੇਖ ਲਵੇ ਸੋ ਉਹ ਪੱਬਾਂ ਭਾਰ ਹੋ ਗਈ ਅਤੇ ਆਪਣੀ ਗਿੱਚੀ ਅੱਗੇ ਕੀਤੀ।

ਲੋਕ ਗ਼ੁਸੈਲੀ ਬੇਇਤਬਾਰੀ ਨਾਲ਼ ਗੀਬਿਨ ਵੱਲ ਵੇਖ ਰਹੇ ਸਨ ਅਤੇ ਚੁੱਪ ਸਨ। ਬਸ ਭੀੜ ਦੇ ਪਿਛਲੇ ਪਾਸੇ ਹੀ ਦੱਬੀ ਦੱਬੀ ਗੱਲਬਾਤ ਸੁਣੀ ਜਾ ਸਕਦੀ ਸੀ।

"ਕਿਸਾਨੋ!" ਗੀਬਿਨ ਨੇ ਖਿਚੀ, ਉੱਚੀ ਅਵਾਜ਼ ਵਿੱਚ ਕਿਹਾ। "ਇਹਨਾਂ ਕਾਗ਼ਜ਼ਾਂ ਵਿੱਚ ਜੋ ਕੁਝ ਲਿਖਿਐ ਉਸ ਉੱਤੇ ਇਤਬਾਰ ਕਰੋ। ਹੋ ਸਕਦੈ ਉਹਨਾਂ ਕਰਕੇ ਮੈਨੂੰ ਜਾਨ ਦੇਣੀ ਪਵੇ — ਉਹਨਾਂ ਮੈਨੂੰ ਕੁੱਟਿਆ ਤੇ ਤਸੀਹੇ ਦਿੱਤੇ, ਇਹ ਪਤਾ ਕੱਢਣ ਲਈ ਕਿ ਉਹ ਮੈਂ ਕਿੱਥੋਂ ਲਏ, ਤੇ ਉਹ ਮੈਨੂੰ ਹੋਰ ਕੁੱਟਣਗੇ। ਪਰ ਮੈਂ ਸਭ ਕੁਝ ਸਹਾਰਨ ਲਈ ਤਿਆਰ ਹਾਂ, ਕਿਉਂਕਿ ਉਹਨਾਂ ਕਾਗਜ਼ਾਂ ਵਿੱਚ ਸੱਚ ਲਿਖਿਐ ਤੇ ਸੱਚ ਸਾਨੂੰ ਆਪਣੀ ਨਿੱਤ ਦੀ ਰੋਟੀ ਨਾਲ਼ੋਂ ਵੀ ਪਿਆਰਾ ਹੋਣਾ ਚਾਹੀਦੈ — ਇਹੋ ਤਾਂ ਗੱਲ ਏ!"

"ਕਿਉਂ ਅਜਿਹੀਆਂ ਗੱਲਾਂ ਪਿਆ ਕਰਦੈ?" ਬਰਾਂਡੇ ਕੋਲ਼ ਖੜੇ ਮੁਜ਼ੀਕਾਂ ਵਿੱਚੋਂ ਇੱਕ ਹੌਲ਼ੀ ਜਿਹੇ ਕੂਕਿਆ।

"ਹੁਣ ਕੀ ਫ਼ਰਕ ਪੈਂਦੈ," ਨੀਲ਼ੀਆਂ ਅੱਖਾਂ ਵਾਲ਼ੇ ਨੇ ਜਵਾਬ ਦਿੱਤਾ, "ਬੰਦੇ ਨੇ ਮਰਨਾ ਤਾਂ ਇੱਕੋ ਵਾਰ ਹੁੰਦੈ।..."

ਲੋਕ ਚੁੱਪ ਚਾਪ ਗ਼ੁਸੈਲੇ ਢੰਗ ਨਾਲ਼ ਗੀਬਿਨ ਵੱਲ ਵੇਖਦੇ ਖੜੇ ਰਹੇ ਅਤੇ ਇਉਂ ਜਾਪਦਾ ਸੀ ਕਿ ਕੋਈ ਅਦਿੱਖ ਭਾਰ ਉਹਨਾਂ ਨੂੰ ਦਬਾ ਰਿਹਾ ਸੀ।

ਪੁਲੀਸ ਸਾਰਜੰਟ ਲੜਖੜਾਉਂਦਾ ਬਰਾਂਡੇ ਵਿੱਚ ਆਇਆ।

"ਕੌਣ ਬੋਲ ਰਿਹੈ?" ਉਹਨੇ ਸ਼ਰਾਬੀ ਢੰਗ ਨਾਲ਼ ਪੁੱਛਿਆ।

ਅਚਾਨਕ ਉਹ ਪੌੜੀਆਂ ਉੱਤਰ ਕੇ ਹੇਠਾਂ ਆਇਆ, ਗੀਬਿਨ ਦੇ ਵਾਲ ਫੜ ਲਏ ਅਤੇ ਉਹਨੂੰ ਝੰਡੋੜਿਆ।

"ਤੂੰ ਖੱਪ ਪਾਈ ਸੀ, ਕੁੱਤੀ ਦੇ ਪੁੱਤਰਾ?" ਉਹ ਚੀਕਿਆ।

ਭੀੜ ਵਿੱਚ ਹਿਲਜੁਲ ਹੋਈ ਅਤੇ ਇਹਨੇ ਬੁੜ ਬੁੜ ਕੀਤੀ। ਮਾਂ ਨੇ ਬੇਬਸ ਦੁੱਖ ਨਾਲ਼ ਨੀਵੀਂ ਪਾ ਲਈ। ਇੱਕ ਵਾਰ ਫਿਰ ਗੀਬਿਨ ਦੀ ਅਵਾਜ਼ ਗੂੰਜੀ:

"ਵੇਖੋ, ਭਲੇ ਲੋਕੋ!..."

"ਬਕਵਾਸ ਬੰਦ ਕਰ!" ਸਾਰਜੰਟ ਨੇ ਉਹਨੂੰ ਕੰਨ ਉੱਤੇ ਥੱਪੜ ਮਾਰਿਆ। ਗੀਬਿਨ ਹਿਲਿਆ ਅਤੇ ਆਪਣੇ ਮੋਢੇ ਮਚਕੋੜੇ।

"ਉਹ ਬੰਦੇ ਦੇ ਹੱਥ ਬੰਨ੍ਹ ਸੁੱਟਦੇ ਨੇ ਅਤੇ ਉਹਦੇ ਨਾਲ਼ ਜੋ ਮਨ ਆਏ ਕਰਦੇ ਨੇ!..."

"ਪੁਲਸੀਓ, ਇਹਨੂੰ ਇੱਥੋਂ ਲੈ ਜਾਓ! ਤੇ ਤੁਸੀਂ ਸਾਰੇ ਲੋਕ ਘਰੋ ਘਰੀ ਜਾਓ!" ਸਾਰਜੰਟ ਗੀਬਿਨ ਦੇ ਸਾਹਮਣੇ ਇਉਂ ਉੱਛਲ ਰਿਹਾ ਸੀ ਜਿਵੇਂ ਮੂੰਹ ਵਿੱਚ ਹੱਡੀ ਫੜੀ ਕੁੱਤਾ, ਉਹ ਉਹਦੇ ਮੂੰਹ 'ਤੇ, ਛਾਤੀ 'ਤੇ ਅਤੇ ਢਿੱਡ ਵਿੱਚ ਮੁੱਕੇ ਮਾਰੀ ਜਾ ਰਿਹਾ ਸੀ।

"ਉਹਨੂੰ ਮਾਰਨਾ ਬੰਦ ਕਰ!" ਭੀੜ ਵਿੱਚੋਂ ਕੋਈ ਕੂਕਿਆ।

"ਤੂੰ ਉਹਨੂੰ ਕੁੱਟ ਕਿਉਂ ਰਿਹੈਂ?" ਹਮਾਇਤ ਕਰਦੀ ਇੱਕ ਅਵਾਜ਼ ਆਈ।

"ਚੱਲ ਚਲੀਏ," ਨੀਲ਼ੀਆਂ ਅੱਖਾਂ ਵਾਲ਼ੇ ਮੁਜ਼ੀਕ ਨੇ ਆਪਣੇ ਸਾਥੀ ਨੂੰ ਕਿਹਾ। ਉਹ ਹੌਲ਼ੀ ਹੌਲ਼ੀ ਉੱਥੋਂ ਚਲੇ ਗਏ ਅਤੇ ਮਾਂ ਨੇ ਦਿਆਲ ਨਿਗਾਹ ਨਾਲ਼ ਉਹਨਾਂ ਦਾ ਪਿੱਛਾ ਕੀਤਾ। ਪੁਲੀਸ

ਸਾਰਜੰਟ ਨੂੰ ਅਵੈੜ ਢੰਗ ਨਾਲ਼ ਬਰਾਂਡੇ ਦੀਆਂ ਪੌੜੀਆਂ ਚੜ੍ਹਦੇ ਵੇਖ ਕੇ ਉਹਨਾਂ ਸੁੱਖ ਦਾ ਹਉਕਾ ਭਰਿਆ।

"ਉਹਨੂੰ ਇੱਧਰ ਲਿਆਓ! ਮੈਂ ਉਹਨੂੰ ਵਿਖਾ ਦਿਆਂਗਾ!..." ਸਾਰਜੰਟ ਆਪਣਾ ਮੁੱਕਾ ਲਹਿਰਾ ਕੇ ਝਲਿਆ ਕੇ ਬੋਲਿਆ।

"ਅਜਿਹਾ ਨਾ ਕਰਨਾ!" ਭੀੜ ਵਿੱਚੋਂ ਇੱਕ ਤਕੜੀ ਅਵਾਜ਼ ਆਈ। ਮਾਂ ਨੇ ਵੇਖਿਆ ਨੀਲ਼ੀਆਂ ਅੱਖਾਂ ਵਾਲ਼ਾ ਮੁਜ਼ੀਕ ਬੋਲ ਰਿਹਾ ਸੀ। "ਜਣਿਓ, ਉਹਨਾਂ ਨੂੰ ਅਜਿਹਾ ਨਾ ਕਰਨ ਦੇਣਾ! ਜੇ ਉਹ ਉਹਨੂੰ ਲੈ ਗਏ ਤਾਂ ਉਹਨਾਂ ਕੁੱਟ ਕੁੱਟ ਕੇ ਉਹਨੂੰ ਮਾਰ ਦੇਣੈ। ਫਿਰ ਉਹ ਕਹਿਣਗੇ ਅਸਾਂ ਉਹਨੂੰ ਮਾਰਿਐ। ਉਹਨਾਂ ਨੂੰ ਅਜਿਹਾ ਨਾ ਕਰਨ ਦੇਣਾ!"

"ਕਿਸਾਨੋ!" ਮਿਖਾਈਲੋ ਗਰਜਿਆ। "ਤੁਸੀਂ ਵੇਖਦੇ ਨਹੀਂ ਤੁਹਾਡੀ ਜ਼ਿੰਦਗੀ ਕਿਹੋ ਜਿਹੀ ਏ! ਤੁਸੀਂ ਵੇਖਦੇ ਨਹੀਂ ਉਹ ਤੁਹਾਨੂੰ ਕਿਵੇਂ ਲੁੱਟਦੇ ਨੇ ਤੇ ਧੋਖਾ ਦੇਂਦੇ ਨੇ ਤੇ ਤੁਹਾਡਾ ਲਹੂ ਚੂਸਦੇ ਨੇ? ਸਭ ਕੁਝ ਤੁਹਾਥੋਂ ਆਉਂਦੈ—ਤੁਸੀਂ ਧਰਤੀ ਉੱਤੇ ਸਭ ਤੋਂ ਵੱਡੀ ਤਾਕਤ ਓ—ਅਤੇ ਤੁਹਾਨੂੰ ਕੀ ਹੱਕ ਹਾਸਲ ਨੇ? ਸਿਰਫ਼ ਭੁੱਖੇ ਰਹਿ ਕੇ ਮਰਨ ਦਾ ਹੱਕ!"

ਅਚਾਨਕ ਕਿਸਾਨ ਉੱਚੀ ਉੱਚੀ ਬੋਲਣ ਲੱਗ ਪਏ, ਇੱਕ ਦੂਜੇ ਨੂੰ ਟੋਕਦੇ:

"ਸੱਚ ਕਹਿ ਰਿਹੈ ਉਹ!"

"ਪੁਲੀਸ ਦੇ ਮੁਖੀ ਨੂੰ ਬੁਲਾਓ! ਪੁਲੀਸ ਦਾ ਮੁਖੀ ਕਿੱਥੇ ਏ?"

"ਪੁਲੀਸ ਸਾਰਜੰਟ ਉਹਨੂੰ ਬੁਲਾਉਣ ਗਿਐ।..."

"ਕੌਣ। ਉਹ ਸ਼ਰਾਬੀ?"

"ਅਫ਼ਸਰਾਂ ਨੂੰ ਬੁਲਾਣਾ ਸਾਡਾ ਕੰਮ ਨਹੀਂ।..."

ਖਪ ਵੱਧ ਗਈ।

"ਬੋਲੀ ਚਲ! ਅਸੀਂ ਉਹਨਾਂ ਨੂੰ ਤੈਨੂੰ ਹੱਥ ਨਹੀਂ ਲਾਉਣ ਦੇਣ ਲੱਗੇ!"

"ਉਹਦੇ ਹੱਥ ਖੋਹਲ ਦਿਓ!..."

"ਧਿਆਨ ਰੱਖ, ਕਿਤੇ ਫੜਿਆ ਨਾ ਜਾਵੇ!..."

"ਰੱਸੀ ਕਰਕੇ ਮੇਰੇ ਹੱਥਾਂ ਵਿੱਚ ਪੀੜ ਹੋ ਰਹੀ ਏ," ਰੀਬਿਨ ਨੇ ਕਿਹਾ, ਉਹਦੇ ਡੂੰਘੇ ਗਰਜਦੇ ਬੋਲਾਂ ਵਿੱਚ ਬਾਕੀ ਸਭ ਅਵਾਜ਼ਾਂ ਡੁੱਬ ਗਈਆਂ। "ਮੈਂ ਨੱਠਣ ਨਹੀਂ ਲੱਗਾ, ਮੁਜ਼ੀਕੋ! ਮੈਂ ਸੱਚ ਤੋਂ ਲੁਕ ਨਹੀਂ ਸਕਦਾ—ਇਹ ਮੇਰੇ ਅੰਦਰ ਜਿਊਂਦਾ ਏ!..."

ਕੁਝ ਲੋਕ ਪ੍ਰਭਾਵਸ਼ਾਲੀ ਢੰਗ ਨਾਲ਼ ਭੀੜ ਨਾਲੋਂ ਵੱਖ ਹੋ ਗਏ ਅਤੇ ਇੱਕ ਪਾਸੇ ਖੜੇ ਹੋ ਗਏ, ਆਪੋ ਵਿੱਚ ਗੱਲਾਂ ਕਰਦੇ ਅਤੇ ਸਿਰ ਹਿਲਾਉਂਦੇ। ਪਰ ਸਦਾ ਵਧੇਰੇ ਖੁੱਥੜ ਲੋਕ ਬੜੀ ਉਤੇਜਨਾ ਨਾਲ਼ ਨੱਠਦੇ ਹੋਏ ਉੱਥੇ ਆਏ। ਉਹ ਰੀਬਿਨ ਦੇ ਦੁਆਲੇ ਕੁਰਬਲ ਕੁਰਬਲ ਕਰਦੇ, ਜਿਹੜਾ ਉਹਨਾਂ ਵਿਚਕਾਰੋਂ ਜੰਗਲ ਵਿੱਚ ਬਣੇ ਕਿਸੇ ਪਵਿੱਤਰ ਸਥਾਨ ਵਾਂਗ ਉੱਭਰਿਆ ਹੋਇਆ ਸੀ, ਆਪਣੇ ਹੱਥ ਸਿਰ ਦੁਆਲੇ ਲਹਿਰਾਉਂਦਾ ਅਤੇ ਉੱਚੀ ਅਵਾਜ਼ ਵਿੱਚ ਕਹਿੰਦਾ:

"ਮਿਹਰਬਾਨੀ, ਭਲੇ ਲੋਕੋ, ਮਿਹਰਬਾਨੀ! ਜੇ ਅਸੀਂ ਇੱਕ ਦੂਜੇ ਦੇ ਹੱਥ ਨਾ ਖੋਹਲੀਏ ਤਾਂ ਕੌਣ ਖੋਹਲੇਗਾ?"

ਉਹਨੇ ਆਪਣੀ ਦਾੜ੍ਹੀ ਪੂੰਝੀ ਅਤੇ ਲਹੂ-ਲਿਬੜਿਆ ਹੱਥ ਚੁਕਿਆ।

"ਇਹ ਮੇਰਾ ਲਹੂ ਏ—ਸੱਚ ਦੀ ਖ਼ਾਤਰ ਡੋਹਲਿਆ!"

ਮਾਂ ਬਰਾਂਡੇ ਦੀਆਂ ਪੌੜੀਆਂ ਉੱਤਰ ਕੇ ਹੇਠਾਂ ਗਈ, ਪਰ ਕਿਉਂਕਿ ਉਹਨੂੰ ਭੀੜ ਕਾਰਨ ਮਿਖਾਈਲੋ ਨਹੀਂ ਸੀ ਦਿੱਸਦਾ, ਇਸ ਲਈ ਉਹ ਫਿਰ ਉੱਪਰ ਆ ਗਈ। ਉਹਦੇ ਦਿਲ ਵਿੱਚ ਕੋਈ ਅਸਪਸ਼ਟ ਖ਼ੁਸ਼ੀ ਫੜਕ ਰਹੀ ਸੀ।

"ਕਿਸਾਨੋ! ਉਹਨਾਂ ਇਸ਼ਤਿਹਾਰਾਂ ਨੂੰ ਉਡੀਕੋ ਅਤੇ ਉਹਨਾਂ ਨੂੰ ਪੜ੍ਹੋ! ਪਾਦਰੀਆਂ ਅਤੇ ਅਫ਼ਸਰਾਂ ਉੱਤੇ ਇਤਬਾਰ ਨਾ ਕਰੋ ਜਿਹੜੇ ਕਹਿੰਦੇ ਨੇ ਕਿ ਸੱਚ ਦਾ ਪ੍ਰਚਾਰ ਕਰਨ ਵਾਲ਼ੇ ਕਾਫ਼ਰ ਅਤੇ ਬਾਗ਼ੀ ਨੇ। ਸੱਚ ਧਰਤੀ ਉੱਤੇ ਚੋਰੀ ਚੋਰੀ ਪਿਆ ਫਿਰਦੈ, ਲੋਕਾਂ ਵਿੱਚ ਆਪਣੇ ਲਈ ਆਲ੍ਹਣਾ ਲੱਭਦਾ। ਉਹ ਹਾਕਮਾਂ ਲਈ ਅੱਗ ਤੇ ਤਲਵਾਰ ਵਾਂਗ ਏ। ਉਹ ਉਹਨੂੰ ਕਬੂਲ ਨਹੀਂ ਕਰ ਸਕਦੇ, ਸੱਚ ਉਹਨਾਂ ਨੂੰ ਕਤਲ ਕਰ ਦੇਵੇਗਾ ਤੇ ਸਾੜ ਦੇਵੇਗਾ! ਸੱਚ ਤੁਹਾਡਾ ਚੰਗਾ ਮਿੱਤਰ ਏ, ਪਰ ਉਹਨਾਂ ਦਾ ਕੱਟੜ ਦੁਸ਼ਮਣ! ਇਸੇ ਲਈ ਉਹ ਧਰਤੀ ਉੱਤੇ ਚੋਰੀ ਚੋਰੀ ਪਿਆ ਫਿਰਦੈ!..."

ਇੱਕ ਵਾਰ ਫਿਰ ਲੋਕਾਂ ਵਿੱਚ ਅਵਾਜ਼ੇ ਉੱਠਣ ਲੱਗ ਪਏ।

"ਸੁਣੋ, ਸੱਚੇ ਈਮਾਨ ਵਾਲਿਓ!..."

"ਤੇਰਾ ਅੰਤ ਬੁਰਾ ਹੋਵੇਗਾ, ਭਰਾਵਾ!..."

"ਤੈਨੂੰ ਪੁਲੀਸ ਦੇ ਹਵਾਲੇ ਕਿਸਨੇ ਕੀਤਾ ਸੀ?"

"ਪਾਦਰੀ ਨੇ!" ਇੱਕ ਪੁਲਸੀਏ ਨੇ ਜਵਾਬ ਦਿੱਤਾ।

ਦੋ ਕਿਸਾਨਾਂ ਨੇ ਮੋਟੀ ਗਾਹਲ ਕੱਢੀ।

"ਧਿਆਨ ਨਾਲ਼ ਜਣਿਓ!" ਕਿਸੇ ਦੀ ਚਿਤਾਉਣੀ ਦੇਂਦੀ ਅਵਾਜ਼ ਆਈ।

## 16

ਪੁਲੀਸ ਦਾ ਮੁਖੀ ਭੀੜ ਵੱਲ ਆ ਰਿਹਾ ਸੀ। ਉਹ ਲੰਮਾ, ਭਾਰੇ ਸਰੀਰ ਵਾਲ਼ਾ ਬੰਦਾ ਸੀ, ਜਿਸਦਾ ਮੂੰਹ ਗੋਲ਼ ਸੀ। ਉਹਨੇ ਸਿਰ ਉੱਤੇ ਟੇਢੀ ਕਰਕੇ ਟੋਪੀ ਪਹਿਨੀ ਹੋਈ ਸੀ ਅਤੇ ਆਪਣੀ ਇੱਕ ਮੁੱਛ ਨੂੰ ਉੱਪਰ ਵੱਲ ਵੱਟ ਚਾੜ੍ਹਿਆ ਹੋਇਆ ਸੀ ਅਤੇ ਦੂਜੀ ਨੂੰ ਹੇਠਾਂ ਵੱਲ, ਇਉਂ ਉਹਦਾ ਮੂੰਹ ਹਮੇਸ਼ਾ ਲਈ ਇੱਕ ਖ਼ੁਸ਼ੀ ਤੋਂ ਬਿਨਾਂ ਮੁਸਕਾਨ ਵਿੱਚ ਟੇਢਾ ਹੋਇਆ ਜਾਪਦਾ। ਉਹਦੇ ਖੱਬੇ ਹੱਥ ਵਿੱਚ ਤਲਵਾਰ ਸੀ ਅਤੇ ਸੱਜੇ ਨਾਲ਼ ਉਹ ਜ਼ੋਰ ਦੀ ਇਸ਼ਾਰੇ ਕਰ ਰਿਹਾ ਸੀ। ਸਭਨਾਂ ਨੇ ਉਹਦੇ ਪੱਕੇ, ਭਾਰੇ ਕਦਮ ਨੇੜੇ ਆਉਂਦੇ ਸੁਣੇ। ਭੀੜ ਉਹਨੂੰ ਰਾਹ ਦੇਣ ਲਈ ਪਾਟ ਗਈ ਅਤੇ ਉਹਦੀ ਬੁੜ ਬੁੜ ਧਰਤੀ ਵਿੱਚ ਸਿੰਮਦੇ ਪਾਣੀ ਵਾਂਗ ਲੋਪ ਹੋ ਗਈ। ਸਾਰੇ ਮੂੰਹ ਵੱਟੇ ਗਏ। ਮਾਂ ਨੇ ਮਹਿਸੂਸ ਕੀਤਾ ਕਿ ਉਹਦੀਆਂ ਅੱਖਾਂ ਸੜ ਰਹੀਆਂ ਹਨ ਅਤੇ ਉਹਦੇ ਮੱਥੇ ਦੇ ਪੱਠੇ ਫਰਕ ਰਹੇ ਹਨ। ਉਹ ਇੱਕ ਵਾਰ ਫਿਰ ਭੀੜ ਵਿੱਚ ਰਲ ਜਾਣਾ ਚਾਹੁੰਦੀ ਸੀ। ਉਹ ਅੱਗੇ ਵੱਲ ਝੁਕੀ ਅਤੇ ਤਣੀ ਹੋਈ ਅਡੋਲ ਖੜੀ ਰਹੀ।

"ਇਹ ਕੀ ਹੋ ਰਿਹੈ?" ਪੁਲੀਸ ਦੇ ਮੁਖੀ ਨੇ ਰੀਬਿਨ ਦੇ ਸਾਹਮਣੇ ਖੜੇ ਹੁੰਦੇ ਅਤੇ ਹੈਂਕੜ

ਨਾਲ਼ ਉਹਦੇ ਵੱਲ ਵੇਖਦੇ ਹੋਏ ਕਿਹਾ। "ਇਹਦੇ ਹੱਥ ਕਿਉਂ ਨਹੀਂ ਬੰਨ੍ਹੇ ਹੋਏ ? ਬੰਨ੍ਹੋ ਇਹਦੇ ਹੱਥ, ਜਵਾਨੋ !"

ਉਹਦੀ ਅਵਾਜ਼ ਉੱਚੀ ਅਤੇ ਗੂੰਜਵੀਂ ਸੀ, ਪਰ ਇਹ ਬੇਰੰਗ ਅਵਾਜ਼ ਸੀ।

"ਉਹ ਤਾਂ ਬੰਨ੍ਹੇ ਹੋਏ ਸਨ। ਲੋਕਾਂ ਨੇ ਉਹਨਾਂ ਨੂੰ ਖੋਹਲ ਦਿੱਤਾ," ਪੁਲਸੀਆਂ ਵਿੱਚੋਂ ਇੱਕ ਨੇ ਜਵਾਬ ਦਿੱਤਾ।

"ਕੀ ਕਿਹਾ ? ਲੋਕ ? ਕਿਹੜੇ ਲੋਕ ?"

ਪੁਲੀਸ ਦੇ ਮੁਖੀ ਨੇ ਆਪਣੇ ਸਾਹਮਣੇ ਅੱਧ-ਘੇਰੇ ਦੇ ਰੂਪ ਵਿੱਚ ਖੜੀ ਭੀੜ ਨੂੰ ਵੇਖਿਆ।

"ਕੌਣ ਨੇ ਲੋਕ ?" ਉਹਨੇ ਆਪਣੀ ਬੇਰੰਗ ਅਵਾਜ਼ ਵਿੱਚ ਜ਼ਰਾ ਜਿੰਨੀ ਵੀ ਲਚਕ ਪੈਦਾ ਕੀਤੇ ਬਿਨਾਂ ਕਿਹਾ।

ਉਹਨੇ ਨੀਲ਼ੀਆਂ ਅੱਖਾਂ ਵਾਲ਼ੇ ਮੂਜ਼ੀਕ ਨੂੰ ਆਪਣੀ ਤਲਵਾਰ ਦੇ ਕਬਜ਼ੇ ਨਾਲ਼ ਛੂਹਿਆ।

"ਮੇਰਾ ਖ਼ਿਆਲ ਏ ਤੂੰ ਲੋਕ ਏਂ, ਚੁਮਾਕੋਵ ? ਸੋ ਤੇ ਹੋਰ ਕੌਣ ਏ ? ਤੂੰ ਮੀਸ਼ਿਨ ?"

ਉਹਨੇ ਉਹਨਾਂ ਵਿੱਚੋਂ ਇੱਕ ਨੂੰ ਆਪਣੇ ਸੱਜੇ ਹੱਥ ਨਾਲ਼ ਦਾੜ੍ਹੀਓਂ ਫੜ ਲਿਆ।

"ਹਰਾਮਜ਼ਾਦਿਓ, ਚੰਗੀ ਗੱਲ ਇਹੋ ਏ, ਤੁਸੀਂ ਇੱਥੋਂ ਨੱਠਦੇ ਹੋਵੋ ਨਹੀਂ ਤਾਂ ਮੈਂ ਤੁਹਾਡੀ ਭੁਗਤ ਸੰਵਾਰ ਦਿਆਂਗਾ—ਮੈਂ ਤੁਹਾਨੂੰ ਵਿਖਾ ਦਿਆਂਗਾ !"

ਉਹਦੀ ਦਿੱਖ ਗ਼ੁਸੈਲੀ ਜਾਂ ਡਰਾਉਣੀ ਨਹੀਂ ਸੀ। ਉਹ ਅਰਾਮ ਨਾਲ਼ ਬੋਲ ਰਿਹਾ ਸੀ ਅਤੇ ਆਪਣੀਆਂ ਲੰਮੀਆਂ ਤਕੜੀਆਂ ਬਾਹਾਂ ਨੂੰ ਆਮ ਵਾਂਗ ਹਿਲਾਕੇ ਲੋਕਾਂ ਨੂੰ ਮਾਰ ਰਿਹਾ ਸੀ। ਉਹ ਉਹਦੇ ਸਾਹਮਣੇ ਪਿੱਛੇ ਹੱਟਦੇ ਗਏ, ਸਿਰ ਨੀਵੇਂ ਕੀਤੇ ਅਤੇ ਮੂੰਹ ਪਰ੍ਹਾਂ ਕੀਤੇ।

"ਤਾਂ, ਤੁਸੀਂ ਕਿਸ ਬਲਾ ਦਾ ਇਲਾਜ ਹੋ ?" ਉਹਨੇ ਪੁਲਸੀਆਂ ਤੋਂ ਪੁੱਛਿਆ। "ਬੰਨ੍ਹੋ ਇਹਦੇ ਹੱਥ, ਮੇਰਾ ਹੁਕਮ ਏ !"

ਉਹਨੇ ਗਾਹਲਾਂ ਦੀ ਲੜੀ ਛੱਡ ਦਿੱਤੀ ਅਤੇ ਦੁਬਾਰਾ ਰੀਬਿਨ ਵੱਲ ਵੇਖਿਆ।

"ਉਏ, ਹੱਥ ਪਿੱਠ ਪਿੱਛੇ ਕਰ !" ਉਹ ਕੂਕਿਆ।

"ਮੈਂ ਨਹੀਂ ਚਾਹੁੰਦਾ ਉਹ ਮੇਰੇ ਹੱਥ ਬੰਨ੍ਹਣ," ਰੀਬਿਨ ਨੇ ਕਿਹਾ। "ਮੈਂ ਨੱਠਣ ਨਹੀਂ ਲੱਗਾ ਅਤੇ ਲੜਨ ਵੀ ਨਹੀਂ ਲੱਗਾ, ਸੋ ਮੇਰੇ ਹੱਥ ਕਿਉਂ ਬੰਨ੍ਹੋ ?"

"ਕੀ ਕਿਹਾ ?" ਪੁਲੀਸ ਦੇ ਮੁਖੀ ਨੇ ਉਹਦੇ ਵੱਲ ਪੈਰ ਪੁੱਟਦੇ ਹੋਏ ਕਿਹਾ।

"ਸਮਾਂ ਆ ਗਿਐ ਤੁਸੀਂ ਲੋਕਾਂ ਨੂੰ ਤਸੀਹੇ ਦੇਣੇ ਬੰਦ ਕਰੋ, ਵਹਿਸ਼ੀਓ !" ਰੀਬਿਨ ਨੇ ਆਪਣੀ ਅਵਾਜ਼ ਉੱਚੀ ਕਰਦੇ ਹੋਏ ਕਿਹਾ। "ਪਰ ਛੇਤੀ ਈ ਤੁਹਾਨੂੰ ਵੀ ਆਪਣਾ ਖ਼ੂਨੀ ਅਜਰ ਮਿਲ ਜਾਵੇਗਾ !"

ਪੁਲੀਸ ਦਾ ਮੁਖੀ ਉੱਥੇ ਖੜਾ ਰੀਬਿਨ ਦੇ ਮੂੰਹ ਵੱਲ ਵੇਖ ਰਿਹਾ ਸੀ, ਉਹਦੀਆਂ ਮੁੱਛਾਂ ਫਰਕ ਰਹੀਆਂ ਸਨ।

"ਕੁੱਤੀ ਦਾ ਪੁੱਤਰ ਨਾ ਹੋਵੇ ਤਾਂ ! ਤੇਰੀ ਇਉਂ ਗੱਲ ਕਰਨ ਦੀ ਮਜਾਲ !" ਉਹ ਇੱਕ ਪੈਰ ਪਿੱਛੇ ਹੱਟਦਾ ਹੋਇਆ ਹੈਰਾਨੀ ਨਾਲ਼ ਸ਼ੂਕਿਆ।

ਅਚਾਨਕ ਉਹਨੇ ਰੀਬਿਨ ਦੇ ਮੂੰਹ ਉੱਤੇ ਚਕਰਾ ਦੇਣ ਵਾਲ਼ਾ ਮੁੱਕਾ ਮਾਰਿਆ।

"ਤੂੰ ਆਪਣੇ ਮੁੱਕਿਆਂ ਨਾਲ਼ ਸੱਚ ਨੂੰ ਕਤਲ ਨਹੀਂ ਕਰ ਸਕਦਾ!" ਗੀਬਿਨ ਨੇ ਉਹਦੇ ਵੱਲ ਵੱਧਦੇ ਹੋਏ ਉੱਚੀ ਅਵਾਜ਼ ਵਿੱਚ ਕਿਹਾ। "ਤੇ ਤੈਨੂੰ ਕੋਈ ਹੱਕ ਨਹੀਂ ਕਿ ਤੂੰ ਮੈਨੂੰ ਕੁੱਟੇਂ, ਗੰਦੇ ਕੁੱਤਿਆ!"

"ਮੈਨੂੰ ਕੋਈ ਹੱਕ ਨਹੀਂ ? ਮੈਨੂੰ ?" ਪੁਲੀਸ ਦਾ ਮੁਖੀ ਕੂਕਿਆ।

ਉਹਨੇ ਆਪਣਾ ਮੁੱਕਾ ਫਿਰ ਲਹਿਰਾਇਆ, ਗੀਬਿਨ ਦੇ ਸਿਰ ਦਾ ਨਿਸ਼ਾਨਾ ਬਣਾ ਕੇ। ਗੀਬਿਨ ਨੇ ਆਪਣਾ ਸਿਰ ਨੀਵਾਂ ਕਰ ਲਿਆ ਅਤੇ ਮੁੱਕਾ ਖੁੰਝ ਗਿਆ, ਜਿਸ ਨਾਲ਼ ਪੁਲੀਸ ਦਾ ਮੁਖੀ ਲਗਭਗ ਡਿੱਗ ਹੀ ਪਿਆ। ਭੀੜ ਵਿੱਚੋਂ ਕੋਈ ਥੁਣਕਿਆ ਅਤੇ ਗੀਬਿਨ ਦੀ ਗ਼ੁਸੀਲੀ ਅਵਾਜ਼ ਇੱਕ ਵਾਰ ਫਿਰ ਸੁਣਾਈ ਦਿੱਤੀ:

"ਮੈਨੂੰ ਹੱਥ ਲਾਉਣ ਦੀ ਹਿੰਮਤ ਨਾ ਕਰੀਂ, ਮੈਂ ਕਹਿਨਾ, ਭੂਤਨਿਆ!"

ਪੁਲੀਸ ਅਫ਼ਸਰ ਨੇ ਆਪਣੇ ਆਲੇ ਦੁਆਲੇ ਵੇਖਿਆ ਅਤੇ ਉਹਨੇ ਤੱਕਿਆ ਕਿ ਲੋਕ ਇੱਕ ਹਨੇਰੇ ਅਤੇ ਤੰਗ ਹੁੰਦੇ ਘੇਰੇ ਵਿੱਚ ਜੁੜ ਗਏ ਸਨ।...

"ਨਿਕੀਤਾ!" ਪੁਲੀਸ ਦਾ ਮੁਖੀ ਆਲੇ ਦੁਆਲੇ ਵੇਖ ਕੇ ਚੀਕਿਆ। "ਓਏ ਨਿਕੀਤਾ!"

ਇੱਕ ਮੱਧਰਾ, ਠੁਲ੍ਹਾ ਮੁਜ਼ੀਕ, ਜਿਸਨੇ ਪੋਸਤੀਨ ਦੀ ਜੈਕਟ ਪਹਿਨੀ ਹੋਈ ਸੀ ਭੀੜ ਵਿੱਚੋਂ ਅੱਗੇ ਵਧਿਆ। ਉਹਦਾ ਵੱਡਾ ਝੰਡਲ ਸਿਰ ਝੁਕਿਆ ਹੋਇਆ ਸੀ।

"ਨਿਕੀਤਾ!" ਪੁਲੀਸ ਦੇ ਮੁਖੀ ਨੇ ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹਦੇ ਹੋਏ ਠਰ੍ਹੰਮੇ ਨਾਲ਼ ਕਿਹਾ। "ਇਹਦੇ ਕੰਨ 'ਤੇ ਇੱਕ ਜੜ-ਜ਼ਰਾ ਕਰਾਰੀ ਜਿਹੀ!"

ਮੁਜ਼ੀਕ ਅੱਗੇ ਵਧਿਆ, ਗੀਬਿਨ ਦੇ ਸਾਹਮਣੇ ਖੜਾ ਹੋ ਗਿਆ ਅਤੇ ਆਪਣਾ ਸਿਰ ਉੱਚਾ ਕੀਤਾ। ਗੀਬਿਨ ਨੇ ਪੱਕੇ, ਭਾਰੇ ਸ਼ਬਦ ਉਹਦੇ ਮੂੰਹ ਉੱਤੇ ਮਾਰੇ:

"ਲੋਕੋ, ਜ਼ਰਾ ਵੇਖੋ, ਕਿਵੇਂ ਇਹ ਵਹਿਸ਼ੀ ਤੁਹਾਡੇ ਹੱਥਾਂ ਨਾਲ਼ ਹੀ ਤੁਹਾਡਾ ਗਲਾ ਘੁੱਟਦੇ ਨੇ! ਚੰਗੀ ਤਰ੍ਹਾਂ ਵੇਖ ਲਓ ਤੇ ਇਸ ਗੱਲ ਨੂੰ ਵਿਚਾਰੋ!"

ਹੌਲ਼ੀ ਹੌਲ਼ੀ ਮੁਜ਼ੀਕ ਨੇ ਆਪਣੀ ਬਾਂਹ ਉੱਚੀ ਕੀਤੀ ਅਤੇ ਗੀਬਿਨ ਦੇ ਸਿਰ ਉੱਤੇ ਪੋਲਾ ਜਿਹਾ ਮੁੱਕਾ ਮਾਰਿਆ।

"ਇਉਂ ਮਾਰੀਦਾ ਏ, ਹਰਾਮਜ਼ਾਦੇ ?" ਪੁਲੀਸ ਦਾ ਮੁਖੀ ਚੀਕਿਆ।

"ਉਏ ਨਿਕੀਤਾ!" ਭੀੜ ਵਿੱਚੋਂ ਇੱਕ ਅਵਾਜ਼ ਆਈ, "ਭੁੱਲੀਂ ਨਾ ਰੱਬ ਵੀ ਹੈ!"

"ਮੈਂ ਤੈਨੂੰ ਕਿਹੈ ਉਹਨੂੰ ਮਾਰ!" ਮੁਜ਼ੀਕ ਨੂੰ ਧੌਣੋਂ ਫੜਦਾ ਹੋਇਆ ਪੁਲੀਸ ਦਾ ਮੁਖੀ ਕੂਕਿਆ।

ਪਰ ਨਿਕੀਤਾ ਨੇ ਨੀਵੀਂ ਪਾ ਲਈ ਅਤੇ ਪਰ੍ਹਾਂ ਹਟ ਗਿਆ।

"ਮੈਂ ਚੋਖਾ ਕੁਝ ਕਰ ਦਿੱਤੈ," ਉਹ ਬੁੜਬੁੜਾਇਆ।

"ਕੀ ਕਿਹਾ ?"

ਪੁਲਿਸ ਦੇ ਮੁਖੀ ਦੇ ਮੂੰਹ ਉੱਤੇ ਇੱਕ ਕੜਵਲ ਪਿਆ; ਉਹਨੇ ਆਪਣਾ ਪੈਰ ਪਟਕਿਆ ਅਤੇ ਗਾਲ੍ਹ ਕੱਢ ਕੇ ਗੀਬਿਨ ਵੱਲ ਨੱਠਿਆ। ਫਿਰ ਇੱਕ ਮੁੱਕੇ ਦੀ ਖੁੰਢੀ ਅਵਾਜ਼ ਆਈ, ਜਿਸਨੇ ਗੀਬਿਨ ਦੇ ਪੈਰ ਥਿੜਕਾ ਦਿੱਤੈ। ਉਹਨੇ ਆਪਣੀ ਬਾਂਹ ਚੁੱਕੀ, ਪਰ ਇੱਕ ਹੋਰ ਮੁੱਕੇ ਨੇ ਉਹਨੂੰ

ਭੁੰਜੇ ਡੇਗ ਦਿੱਤਾ ਅਤੇ ਪੁਲਿਸ ਦੇ ਮੁਖੀ ਨੇ ਚੀਕ ਕੇ ਉਹਦੀ ਛਾਤੀ, ਵੱਖੀਆਂ ਅਤੇ ਸਿਰ ਉੱਤੇ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ।

ਭੀੜ ਵਿੱਚੋਂ ਗ਼ੁਸੈਲੀ ਭਿਣ ਭਿਣ ਉੱਠੀ। ਲੋਕ ਪੁਲੀਸ ਦੇ ਮੁਖੀ ਵੱਲ ਵੱਧਣ ਲੱਗ ਪਏ, ਪਰ ਉਹਨੇ ਇਹ ਗੱਲ ਭਾਂਪ ਲਈ ਅਤੇ ਆਪਣੀ ਤਲਵਾਰ ਮਿਆਨ ਵਿੱਚੋਂ ਬਾਹਰ ਕੱਢਦੇ ਹੋਏ ਪਿੱਛੇ ਵੱਲ ਛਾਲ ਮਾਰੀ।

"ਇਹ ਕੀ ਏ ? ਬਗ਼ਾਵਤ ? ਓਹੋ ! ਸੋ ਇਹ ਗੱਲ ਏ !"

ਉਹਦੀ ਅਵਾਜ਼ ਕੰਬੀ ਅਤੇ ਟੁੱਟ ਗਈ ਅਤੇ ਉਹ ਬੇਅਰਥ, ਨਿੱਕੀਆਂ ਚੀਕਾਂ ਮਾਰ ਰਿਹਾ ਸੀ। ਉਹਦੀ ਅਵਾਜ਼ ਨੇ ਉਹਦਾ ਸਾਥ ਨਾ ਦਿੱਤਾ ਅਤੇ ਉਹਦੇ ਬਲ ਨੇ ਵੀ। ਉਹਦਾ ਸਿਰ ਝੁਕ ਗਿਆ, ਉਹਦੇ ਮੋਢੇ ਲਟਕ ਗਏ ਅਤੇ ਬੜੇ ਫੂਕ ਫੂਕ ਕੇ ਪੈਰ ਧਰਦਾ ਹੋਇਆ ਉਹ ਟੱਡੀਆਂ ਅੱਖਾਂ ਨਾਲ਼ ਆਲੇ ਦੁਆਲੇ ਵੇਖਦਾ ਪਿੱਛੇ ਹਟਿਆ।

"ਬਹੁਤ ਅੱਛਾ," ਉਹ ਘੱਗੀ, ਪ੍ਰੇਸ਼ਾਨ ਅਵਾਜ਼ ਵਿੱਚ ਬੋਲਿਆ। "ਉਹਨੂੰ ਲੈ ਜਾਓ—ਮੈਂ ਚੱਲਿਆਂ। ਹਰਾਮਜ਼ਾਦਿਓ ! ਚੰਗੀ ਤਰ੍ਹਾਂ ਸਮਝ ਲਓ, ਤੁਹਾਨੂੰ ਪਤਾ ਨਹੀਂ ਉਹ ਸਿਆਸੀ ਮੁਜਰਮ ਏ ? ਤੁਹਾਨੂੰ ਪਤਾ ਨਹੀਂ ਉਹ ਲੋਕਾਂ ਨੂੰ ਜ਼ਾਰ ਦੇ ਖ਼ਿਲਾਫ਼ ਪਿਆ ਉਭਾਰਦੈ ! ਤੇ ਤੁਸੀਂ ਉਹਨੂੰ ਬਚਾ ਰਹੇ ਹੋ ! ਸੋ, ਤੁਸੀਂ ਵੀ ਬਾਗ਼ੀ ਹੋ, ਹੈਂ ?"

ਮਾਂ ਹਿੱਲੇ ਬਿਨਾਂ, ਇੱਥੋਂ ਤੱਕ ਕਿ ਅੱਖ ਝਪਕੇ ਬਿਨਾਂ, ਉੱਥੇ ਖੜੀ ਸੀ, ਉਹਦਾ ਸਾਹ ਸੱਤ ਮੁੱਕ ਗਿਆ ਸੀ, ਉਹਦਾ ਮਨ ਖ਼ਾਲੀ ਸੀ, ਜਿਵੇਂ ਕਿਸੇ ਭਿਆਨਕ ਸੁਪਨੇ ਵਿੱਚ ਹੁੰਦਾ ਹੈ, ਡਰ ਅਤੇ ਤਰਸ ਦੇ ਅਸਰ ਹੇਠ। ਲੋਕਾਂ ਦੀਆਂ ਰੁੱਸੀਆਂ, ਦੁਖੀ, ਗ਼ੁਸੈਲੀਆਂ ਅਵਾਜ਼ਾਂ ਉਹਦੇ ਸਿਰ ਵਿੱਚ ਭੂੰਡਾਂ ਵਾਂਗ ਭਿਣ ਭਿਣ ਕਰ ਰਹੀਆਂ ਸਨ। ਉਹਨੇ ਪੁਲੀਸ ਦੇ ਮੁਖੀ ਦੀ ਕੰਬਦੀ ਅਵਾਜ਼ ਸੁਣੀ ਅਤੇ ਕਿਸੇ ਨੂੰ ਫੁਸ ਫੁਸ ਕਰਦਿਆਂ।...

"ਜੇ ਉਹ ਕਸੂਰਵਾਰ ਏ ਤਾਂ ਉਹਨੂੰ ਕਚਹਿਰੀ ਲੈ ਜਾਓ।..."

"ਉਹਦੇ ਉੱਤੇ ਰਹਿਮ ਕਰੋ, ਜਨਾਬ ਆਲੀ।..."

"ਸੱਚੀ ਗੱਲ ਏ, ਕੋਈ ਕਾਨੂੰਨ ਅਜਿਹੇ ਸਲੂਕ ਦੀ ਇਜਾਜ਼ਤ ਨਹੀਂ ਦੇਂਦਾ।"

"ਸੱਚੀਂ, ਨਹੀਂ ਦੇਂਦਾ। ਜੇ ਅਜਿਹਾ ਹੋ ਸਕਦਾ ਤਾਂ ਕੋਈ ਵੀ ਕਿਸੇ ਨੂੰ ਤੌਣੀ ਚਾੜ੍ਹ ਸਕਦਾ ਏ। ਬੜੀ ਅਲੋਕਾਰ ਗੱਲ ਹੋਵੇਗੀ !"

ਲੋਕ ਦੋ ਟੋਲੀਆਂ ਵਿੱਚ ਵੰਡੇ ਗਏ: ਇੱਕ ਪੁਲਿਸ-ਮੁਖੀ ਦੇ ਦੁਆਲੇ ਜੁੜੀ ਸੀ, ਉਹਦੇ ਉੱਤੇ ਅਵਾਜ਼ੇ ਕਸਦੀ ਅਤੇ ਮਿੰਨਤਾਂ ਕਰਦੀ; ਦੂਜੀ ਟੋਲੀ, ਜਿਹੜੀ ਨਿੱਕੀ ਸੀ, ਭੋਂ ਉੱਤੇ ਡਿੱਗੇ ਆਦਮੀ ਦੁਆਲੇ ਜੁੜੀ ਹੋਈ ਖ਼ਤਰਨਾਕ ਢੰਗ ਨਾਲ਼ ਬੁੜ ਬੁੜ ਕਰ ਰਹੀ ਸੀ। ਛੋਟੀ ਟੋਲੀ ਵਿੱਚੋਂ ਕਈ ਲੋਕਾਂ ਨੇ ਰੀਬਿਨ ਦੀ ਖੜੇ ਹੋਣ ਵਿੱਚ ਸਹਾਇਤਾ ਕੀਤੀ ਅਤੇ ਜਦੋਂ ਪੁਲਸੀਆਂ ਨੇ ਉਹਦੇ ਹੱਥ ਦੁਬਾਰਾ ਬੰਨ੍ਹਣ ਦਾ ਜਤਨ ਕੀਤਾ ਤਾਂ ਉਹ ਕੂਕੇ:

"ਇੰਨੀ ਕਾਹਲ ਨਾ ਕਰੋ, ਭੂਤਨਿਓ !"

ਮਿਖਾਈਲੋ ਨੇ ਆਪਣੇ ਮੂੰਹ ਤੋਂ ਮਿੱਟੀ ਅਤੇ ਲਹੂ ਪੂੰਝਿਆ ਅਤੇ ਚੁੱਪ ਚਾਪ ਆਪਣੇ ਆਲੇ ਦੁਆਲੇ ਵੇਖਿਆ। ਉਹਦੀ ਨਿਗਾਹ ਮਾਂ ਉੱਤੇ ਪਈ। ਉਹ ਤ੍ਰਭਕ ਗਈ ਅਤੇ ਉਹਦੇ ਵੱਲ ਝੁਕ

ਕੇ ਆਪਮੁਹਾਰੇ ਹੱਥ ਹਿਲਾਉਣ ਲੱਗ ਪਈ। ਪਰ ਉਹਨੇ ਮੂੰਹ ਮੋੜ ਲਿਆ। ਕੁਝ ਮਿੰਟ ਪਿੱਛੋਂ ਮਿਖਾਇਲੋ ਦੀਆਂ ਅੱਖਾਂ ਨੇ ਉਹਦਾ ਮੂੰਹ ਭਾਲਿਆ। ਮਾਂ ਨੂੰ ਜਾਪਿਆ ਕਿ ਉਹ ਸਿੱਧਾ ਹੋ ਗਿਆ ਅਤੇ ਆਪਣਾ ਸਿਰ ਚੁੱਕਿਆ ਅਤੇ ਉਹਦੀਆਂ ਲਹੂ-ਲਿਬੜੀਆਂ ਗੱਲ੍ਹਾਂ ਕੰਬੀਆਂ।...

"ਉਹਨੇ ਮੈਨੂੰ ਪਛਾਣ ਲਿਐ — ਕੀ ਉਹਨੇ ਸੱਚ ਮੁਚ ਮੈਨੂੰ ਪਛਾਣ ਲਿਐ!..."

ਮਾਂ ਨੇ ਉਹਦੇ ਵੱਲ ਵੇਖ ਕੇ ਸਿਰ ਹਿਲਾਇਆ, ਇੱਕ ਤਿੱਖੀ ਸਿਕ ਨਾਲ਼ ਉਹ ਕੰਬ ਗਈ। ਅਗਲੇ ਛਿਣ ਉਹਨੇ ਵੇਖਿਆ ਕਿ ਨੀਲ਼ੀਆਂ ਅੱਖਾਂ ਵਾਲ਼ਾ ਮੂਜ਼ੀਕ ਉਹਦੇ ਕੋਲ਼ ਖੜਾ ਉਹਦੇ ਵੱਲ ਝਾਕ ਰਿਹਾ ਸੀ। ਇੱਕ ਛਿਣ ਲਈ ਉਹਦੀ ਨਿਗਾਹ ਨੇ ਮਾਂ ਦੇ ਦਿਲ ਵਿੱਚ ਡਰ ਭਰ ਦਿੱਤਾ।...

"ਮੈਂ ਕੀ ਕਰ ਰਹੀ ਵਾਂ? ਉਹ ਮੈਨੂੰ ਵੀ ਫੜ ਲੈਣਗੇ!"

ਮੂਜ਼ੀਕ ਨੇ ਗੀਬਿਨ ਨੂੰ ਕੁਝ ਕਿਹਾ ਅਤੇ ਉਹਨੇ ਸਿਰ ਹਿਲਾ ਕੇ ਜਵਾਬ ਦਿੱਤਾ।

"ਕੋਈ ਗੱਲ ਨਹੀਂ," ਗੀਬਿਨ ਨੇ ਅਜਿਹੀ ਅਵਾਜ਼ ਵਿੱਚ ਕਿਹਾ, ਜਿਹੜੀ ਕਾਂਬੇ ਦੇ ਬਾਵਜੂਦ ਸਾਫ਼ ਅਤੇ ਦਲੇਰ ਸੀ। "ਮੈਂ ਇਸ ਧਰਤੀ ਉੱਤੇ ਇਕੱਲਾ ਨਹੀਂ! ਉਹ ਸਾਰੇ ਸੱਚ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੇ। ਜਿੱਥੇ ਕਿੱਧਰੇ ਵੀ ਮੈਂ ਗਿਆਂ ਮੇਰੀ ਯਾਦ ਉੱਥੇ ਰਹੇਗੀ। ਭਾਵੇਂ ਉਹਨਾਂ ਆਲ੍ਹਣਾ ਤੋੜ ਦਿੱਤੈ।...ਸਾਰੇ ਸਾਥੀਆਂ ਨੂੰ ਫੜ ਲਿਐ।..."

"ਇਹ ਗੱਲ ਉਹ ਮੈਨੂੰ ਕਹਿ ਰਿਹੈ," ਮਾਂ ਨੇ ਛੇਤੀ ਛੇਤੀ ਅੰਦਾਜ਼ਾ ਲਾਇਆ।

"ਪਰ ਇੱਕ ਦਿਨ ਆਵੇਗਾ ਜਦੋਂ ਬਾਜ਼ ਅਜ਼ਾਦ ਉਡਾਰੀਆਂ ਲਾਣਗੇ—ਲੋਕ ਆਪਣੇ ਸੰਗਲ ਤੋੜ ਦੇਣਗੇ!"

ਇੱਕ ਔਰਤ ਪਾਣੀ ਦਾ ਡੋਲ ਲਿਆਈ ਅਤੇ ਗੀਬਿਨ ਦਾ ਮੂੰਹ ਧੋਣ ਲੱਗ ਪਈ, ਅਜਿਹਾ ਕਰਦੇ ਹੋਏ ਉਹ ਰੋ ਰਹੀ ਸੀ। ਉਹਦਾ ਉੱਚਾ, ਸੋਗੀ ਰੋਣਾ ਮਿਖਾਈਲੋ ਦੇ ਲਫ਼ਜ਼ਾਂ ਨਾਲ਼ ਮਿਲ ਗਿਆ, ਇੱਥੋਂ ਤੱਕ ਕਿ ਮਾਂ ਉਹਨਾਂ ਨੂੰ ਵੱਖ ਵੱਖ ਨਾ ਕਰ ਸਕੀ। ਕਿਸਾਨਾਂ ਦੀ ਇੱਕ ਟੋਲੀ ਆਈ, ਪੁਲਿਸ ਦਾ ਮੁਖੀ ਉਹਨਾਂ ਦੇ ਅੱਗੇ ਅੱਗੇ ਸੀ।

"ਕੈਦੀ ਨੂੰ ਲਿਜਾਣ ਲਈ ਰੇੜ੍ਹਾ ਲਿਆਓ! ਐਂਤਕੀ ਕਿਸਦੀ ਵਾਰੀ ਏ?" ਕੋਈ ਕੂਕਿਆ।

ਫਿਰ ਪੁਲਿਸ ਦੇ ਮੁਖੀ ਦੀ ਅਵਾਜ਼ ਆਈ, ਉਹ ਇੱਕ ਨਵੇਂ ਢੰਗ ਨਾਲ਼ ਗੱਲ ਕਰ ਰਿਹਾ ਸੀ—ਇੱਕ ਅਜਿਹੇ ਢੰਗ ਨਾਲ਼ ਜਿਹੜਾ ਲਗਭਗ ਰੋਸੇ ਵਾਲ਼ਾ ਸੀ।

"ਮੈਂ ਤੈਨੂੰ ਮਾਰ ਸਕਦਾਂ," ਉਹਨੇ ਕਿਹਾ, "ਪਰ ਤੂੰ ਮੈਨੂੰ ਨਹੀਂ ਮਾਰ ਸਕਦਾ। ਤੇਰੀ ਹਿੰਮਤ ਨਹੀਂ ਪੈ ਸਕਦੀ, ਬੁਧੂ!"

"ਇਹ ਗੱਲ ਏ? ਤੂੰ ਆਪਣੇ ਆਪ ਨੂੰ ਕੀ ਸਮਝਦੈ, ਰੱਬ?" ਗੀਬਿਨ ਨੇ ਉੱਚੀ ਜਿਹੇ ਕਿਹਾ।

ਦਬੀਆਂ ਅਵਾਜ਼ਾਂ ਦੀ ਭੱਬਕ ਨੇ ਉਹਦੀ ਅਵਾਜ਼ ਅਣਸੁਣੀ ਬਣਾ ਦਿੱਤੀ।

"ਉਹਦੇ ਨਾਲ਼ ਬਹਿਸ ਨਾ ਕਰ ਭਰਾ! ਉਹ ਹਾਕਮਾਂ ਵਿੱਚੋਂ ਇੱਕ ਏ!"

"ਮਹਾ ਮਹਿਮ, ਉਹਦੇ 'ਤੇ ਗੁੱਸੇ ਨਾ ਹੋਵੇ। ਉਹ ਆਪਣੇ ਆਪ ਵਿੱਚ ਨਹੀਂ।..."

“ਚੁੱਪ ਕਰ ਉਏ ਸਿੱਧੜਾ!”

“ਉਹ ਹੁਣ ਤੈਨੂੰ ਸ਼ਹਿਰ ਲਿਜਾ ਰਹੇ ਨੇ।...”

“ਸ਼ਹਿਰ ਵਿੱਚ ਵਧੇਰੇ ਕਾਨੂੰਨ ਹੁੰਦੈ!”

ਲੋਕਾਂ ਦੀਆਂ ਅਵਾਜ਼ਾਂ ਮਿੰਨਤ ਭਰੀਆਂ ਅਤੇ ਮਨਾਉਣ ਦਾ ਜਤਨ ਕਰਦੀਆਂ ਸਨ। ਉਹ ਮਿਲ ਕੇ ਇੱਕ ਅਸਪਸ਼ਟ ਗੂੰਜ ਬਣਦੀਆਂ ਸਨ, ਜਿਹੜੀ ਸਿਰਫ਼ ਨਿਰਾਸ਼ਾ ਅਤੇ ਗ਼ਮ ਪ੍ਰਗਟ ਕਰਦੀ। ਪੁਲਸੀਆਂ ਨੇ ਰੀਬਿਨ ਦੀਆਂ ਬਾਹਾਂ ਫੜ ਲਈਆਂ ਅਤੇ ਉਹਨੂੰ ਵੋਲੋਸਤ ਦੀ ਪ੍ਰਬੰਧਕ ਇਮਾਰਤ ਦੀਆਂ ਪੌੜੀਆਂ ਤੱਕ ਅਤੇ ਉਹਦੇ ਅੰਦਰ ਲੈ ਗਏ। ਮੂਜ਼ੀਕ ਹੌਲ਼ੀ ਹੌਲ਼ੀ ਖਿੰਡ ਗਏ, ਪਰ ਮਾਂ ਨੇ ਵੇਖਿਆ ਕਿ ਨੀਲ਼ੀਆਂ ਅੱਖਾਂ ਵਾਲ਼ਾ ਮੂਜ਼ੀਕ ਉਹਦੇ ਵੱਲ ਆ ਰਿਹਾ ਸੀ, ਉਹ ਸੁਕੇੜੇ ਭਰਵੱਟਿਆਂ ਹੇਠੋਂ ਉਹਦੇ ਵੱਲ ਵੇਖ ਰਿਹਾ ਸੀ। ਮਾਂ ਦੇ ਗੋਡੇ ਕੰਬ ਗਏ, ਘੋਰ ਨਿਰਾਸ਼ਾ ਨਾਲ਼ ਉਹਦਾ ਦਿਲ ਮਸੋਸਿਆ ਗਿਆ ਅਤੇ ਉਹਦਾ ਜੀਅ ਕੱਚਾ ਹੋਣ ਲੱਗ ਪਿਆ।

“ਮੈਨੂੰ ਇੱਥੋਂ ਜਾਣਾ ਨਹੀਂ ਚਾਹੀਦਾ,” ਉਹਨੇ ਸੋਚਿਆ। “ਨਹੀਂ ਜਾਣਾ ਚਾਹੀਦਾ!”

ਉਹਨੇ ਜੰਗਲੇ ਨੂੰ ਘੁੱਟ ਕੇ ਫੜ ਲਿਆ ਅਤੇ ਉਡੀਕਣ ਲੱਗੀ।

ਪੁਲਿਸ ਦਾ ਮੁਖੀ ਬਰਾਂਡੇ ਵਿੱਚ ਖੜਾ ਹੱਥ ਹਿਲਾ ਰਿਹਾ ਸੀ ਅਤੇ ਮਿਹਣੇ ਦੇ ਢੰਗ ਨਾਲ਼ ਬੋਲ ਰਿਹਾ ਸੀ, ਉਹਦੀ ਅਵਾਜ਼ ਇੱਕ ਵਾਰ ਫਿਰ ਫਿੱਕੀ ਅਤੇ ਬੇਜਾਨ ਸੀ।

“ਤੁਸੀਂ ਤਾਂ ਹੋ ਈ ਮੂਰਖ ਕੁੱਤੀ ਦੇ ਪੁੱਤਰੋ! ਜਿਸ ਗੱਲ ਦੀ ਸਮਝ ਨਹੀਂ ਉਸ ਵਿੱਚ ਟੰਗ ਅੜਾਉਂਦੇ ਹੋ। ਇਹ ਰਾਜਕੀ ਮਾਮਲਾ ਏ, ਸੂਰੋ! ਮੇਰਾ ਸ਼ੁਕਰੀਆ ਅਦਾ ਕਰੋ। ਤੁਹਾਡੇ ’ਤੇ ਮਿਹਰ ਕਰਨ ਲਈ ਤੁਹਾਨੂੰ ਮੇਰੇ ਸਾਹਮਣੇ ਗੋਡਿਆਂ ਭਾਰ ਹੋਣਾ ਚਾਹੀਦੈ। ਜੇ ਮੇਰਾ ਜੀਅ ਕਰਦਾ ਮੈਂ ਤੁਹਾਨੂੰ ਸਾਰਿਆਂ ਨੂੰ ਸਖ਼ਤ ਮੁਸ਼ਕਤ ਲਈ ਭੇਜ ਦੇਂਦਾ।...”

ਦੋ ਕੁ ਦਰਜਨ ਕਿਸਾਨ, ਟੋਪੀਆਂ ਲਾਹੀ ਖੜੇ ਉਹਦੀ ਗੱਲ ਸੁਣ ਰਹੇ ਸਨ। ਜਿਉਂ ਜਿਉਂ ਬੱਦਲ ਨੀਵੇਂ ਹੁੰਦੇ ਗਏ ਹਨੇਰਾ ਹੁੰਦਾ ਗਿਆ। ਨੀਲ਼ੀਆਂ ਅੱਖਾਂ ਵਾਲ਼ਾ ਮੂਜ਼ੀਕ ਬਰਾਂਡੇ ਵਿੱਚ ਉੱਥੇ ਆਇਆ, ਜਿੱਥੇ ਮਾਂ ਖੜੀ ਸੀ।

“ਵੇਖਿਆ ਈ ਕੀ ਪਿਆ ਹੁੰਦੈ?” ਉਹਨੇ ਹਉਕਾ ਲੈ ਕੇ ਕਿਹਾ।

“ਹਾਂ,” ਮਾਂ ਨੇ ਪੋਲਾ ਜਿਹਾ ਜਵਾਬ ਦਿੱਤਾ।

“ਤੂੰ ਇੱਥੇ ਕੀ ਕਰਨ ਆਈ ਏਂ?” ਕਿਸਾਨ ਨੇ ਪੁੱਛਿਆ, ਮਾਂ ਦੀਆਂ ਅੱਖਾਂ ਨਾਲ਼ ਅੱਖਾਂ ਮਿਲਾ ਕੇ।

“ਮੈਂ ਕਿਸਾਨ ਜ਼ਨਾਨੀਆਂ ਤੋਂ ਲੈਸ ਖ਼ਰੀਦਦੀ ਵਾਂ — ਲਿਨਨ ਵੀ।...”

ਮੂਜ਼ੀਕ ਨੇ ਹੌਲ਼ੀ ਹੌਲ਼ੀ ਆਪਣੀ ਦਾੜ੍ਹੀ ਪਲੋਸੀ।

“ਸਾਡੀਆਂ ਜ਼ਨਾਨੀਆਂ ਇਹ ਚੀਜ਼ਾਂ ਨਹੀਂ ਬਣਾਉਂਦੀਆਂ,” ਉਹਨੇ ਇਮਾਰਤ ਦੇ ਦਰਵਾਜ਼ੇ ਵੱਲ ਵੇਖਦੇ ਹੋਏ ਰੁੱਖੇ ਜਿਹੇ ਢੰਗ ਨਾਲ਼ ਅਤੇ ਹੌਲ਼ੀ ਹੌਲ਼ੀ ਕਿਹਾ।

ਮਾਂ ਨੇ ਉਹਦੇ ਉੱਤੇ ਤਿੱਖੀ ਨਿਗਾਹ ਸੁੱਟੀ ਅਤੇ ਅੰਦਰ ਜਾਣ ਲਈ ਮੁਨਾਸਬ ਘੜੀ ਉਡੀਕਣ ਲੱਗ ਪਈ। ਮੂਜ਼ੀਕ ਦਾ ਮੂੰਹ ਸੋਹਣਾ ਅਤੇ ਵਿਚਾਰਾਂ ਭਰਿਆ ਸੀ ਅਤੇ ਉਹਦੀਆਂ ਅੱਖਾਂ ਉਦਾਸ ਸਨ। ਉਹ ਲੰਮਾ ਅਤੇ ਚੌੜੇ ਮੋਢਿਆਂ ਵਾਲ਼ਾ ਸੀ, ਉਹਨੇ ਟਾਕੀਆਂ ਲੱਗੀ

ਕਫ਼ਤਾਨ*, ਸਾਫ਼ ਸੂਤੀ ਕਮੀਜ਼ ਅਤੇ ਘਰ ਦੇ ਬਣੇ ਕੱਪੜੇ ਦੀ ਬਦਾਮੀ ਪਤਲੂਨ ਪਹਿਨੀ ਹੋਈ ਸੀ ਅਤੇ ਜੁਰਾਬਾਂ ਤੋਂ ਬਿਨਾਂ ਘਸੇ ਹੋਏ ਬੂਟ ਪਾਏ ਹੋਏ ਸਨ।...

ਪਤਾ ਨਹੀਂ ਕਿਉਂ ਮਾਂ ਨੇ ਸੁੱਖ ਦਾ ਹਉਕਾ ਭਰਿਆ।

"ਤੂੰ ਮੈਨੂੰ ਅੱਜ ਦੀ ਰਾਤ ਆਪਣੇ ਘਰ ਠਹਿਰਾ ਲਵੇਂਗਾ?" ਆਪਣੇ ਟੋਂਹਦੇ ਖ਼ਿਆਲਾਂ ਨਾਲ਼ੋਂ ਕਿਸੇ ਤਿੱਖੇ ਵੇਗ ਦੇ ਅਸਰ ਹੇਠ ਮਾਂ ਨੇ ਅਚਾਨਕ ਕਿਹਾ।

ਇਹ ਗੱਲ ਕਹਿੰਦੇ ਸਾਰ ਹੀ ਉਹਦੇ ਅੰਦਰ ਸਭ ਕੁਝ ਤਣ ਗਿਆ—ਉਹਦੀਆਂ ਹੱਡੀਆਂ, ਉਹਦੇ ਪੱਠੇ। ਉਹ ਤਣ ਕੇ ਖੜੀ ਹੋ ਗਈ ਅਤੇ ਤਾੜੀ ਲਾਕੇ ਉਸ ਬੰਦੇ ਵੱਲ ਵੇਖਣ ਲੱਗ ਪਈ। ਪਰ ਕੰਡਿਆਲੇ ਖ਼ਿਆਲ ਉਹਦੇ ਮਨ ਵਿੱਚ ਚੁਭਦੇ ਰਹੇ:

"ਮੈਂ ਨਿਕੋਲਾਈ ਈਵਾਨੋਵਿਚ ਦੀ ਤਬਾਹੀ ਦਾ ਕਾਰਨ ਬਣਾਂਗੀ। ਤੇ ਮੈਂ ਲੰਮੇ, ਲੰਮੇ ਸਮੇਂ ਲਈ ਪਾਵੇਲ ਨੂੰ ਨਹੀਂ ਮਿਲ ਸਕਾਂਗੀ। ਉਹ ਮੈਨੂੰ ਕੁੱਟਣਗੇ!"

ਮੂਜ਼ੀਕ ਨੇ ਕਾਹਲ ਤੋਂ ਬਿਨਾਂ ਜਵਾਬ ਦਿੱਤਾ, ਉਹ ਆਪਣੀ ਕਫ਼ਤਾਨ ਛਾਤੀ ਉੱਤੇ ਠੀਕ ਕਰਦੇ ਹੋਏ ਧਰਤੀ ਵੱਲ ਵੇਖੀ ਜਾ ਰਿਹਾ ਸੀ।

"ਤੈਨੂੰ ਰਾਤ ਆਪਣੇ ਘਰ ਰਹਿਣ ਦਿਆਂ? ਕਿਉਂ ਨਹੀਂ? ਬਸ ਮੇਰੀ ਕੁਲੀ ਮਾੜੀ ਜਿਹੀ ਏ।..."

"ਮੈਨੂੰ ਚੰਗੇਰੀਆਂ ਦੀ ਗੇਝ ਨਹੀਂ," ਮਾਂ ਨੇ ਕਿਹਾ।

"ਬਹੁਤ ਹੱਛਾ," ਮੂਜ਼ੀਕ ਨੇ ਆਪਣਾ ਸਿਰ ਉੱਚਾ ਕਰਦੇ ਅਤੇ ਮਾਂ ਨੂੰ ਸਿਰ ਤੋਂ ਪੈਰਾਂ ਤੱਕ ਵੇਖਦੇ ਹੋਏ ਕਿਹਾ।

ਕਾਫ਼ੀ ਹਨੇਰਾ ਹੋ ਚੁੱਕਾ ਸੀ ਅਤੇ ਘੁਸਮੁਸੇ ਵਿੱਚ ਉਹਦੀਆਂ ਅੱਖਾਂ ਅਤੇ ਮੂੰਹ ਠੰਢੀ ਤਰ੍ਹਾਂ ਚਮਕ ਰਹੇ ਸਨ।

"ਤਾਂ ਮੈਂ ਛੇਤੀ ਆ ਜਾਵਾਂਗੀ। ਤੂੰ ਮੇਰਾ ਸੂਟਕੇਸ ਲੈ ਜਾਵੇਂਗਾ?" ਮਾਂ ਨੇ ਹੌਲ਼ੀ ਜਿਹੀ ਕਿਹਾ, ਉਹਨੂੰ ਜਾਪਦਾ ਸੀ ਕਿ ਉਹ ਢਲਵਾਨ 'ਤੇ ਰਿੜ੍ਹਦੀ ਜਾ ਰਹੀ ਏ।

"ਬਹੁਤ ਹੱਛਾ।"

ਮੂਜ਼ੀਕ ਨੇ ਆਪਣੇ ਮੋਢੇ ਛੰਡੇ ਅਤੇ ਆਪਣੀ ਕਫ਼ਤਾਨ ਨੂੰ ਫਿਰ ਠੀਕ ਕੀਤਾ।

"ਰੇੜ੍ਹਾ ਵੀ ਆ ਗਿਐ," ਉਹਨੇ ਹੌਲ਼ੀ ਜਿਹੇ ਕਿਹਾ।

ਰੀਬਿਨ ਬਰਾਂਡੇ ਵਿੱਚ ਆਇਆ, ਉਹਦਾ ਸਿਰ ਤੇ ਮੂੰਹ ਕਿਸੇ ਭੂਰੀ ਸ਼ੈ ਵਿੱਚ ਲਪੇਟੇ ਹੋਏ ਸਨ ਅਤੇ ਉਹਦੇ ਹੱਥ ਫਿਰ ਬੰਨ੍ਹੇ ਹੋਏ ਸਨ।

"ਵਿਦਿਆ, ਭਲੇ ਲੋਕੋ!" ਸ਼ਾਮ ਦੇ ਠੰਢੇ ਘੁਸਮੁਸੇ ਵਿੱਚੋਂ ਉਹਦੀ ਅਵਾਜ਼ ਆਈ। "ਸੱਚ ਦੀ ਭਾਲ ਕਰੋ ਅਤੇ ਇਹਦੀ ਕਦਰ ਕਰੋ! ਜਿਹੜਾ ਕੋਈ ਤੁਹਾਡੇ ਤੱਕ ਇਮਾਨਦਾਰ ਗੱਲ ਲਿਆਵੇ ਉਹਦੇ ਉੱਤੇ ਇਤਬਾਰ ਕਰੋ, ਸੱਚ ਦੀ ਰਾਖੀ ਕਰਦੇ ਆਪਣੀ ਜਾਨ ਦੀ ਪ੍ਰਵਾਹ ਨਾ ਕਰੋ।..."

"ਬਕਵਾਸ ਬੰਦ ਕਰ!" ਪੁਲਿਸ ਦਾ ਮੁਖੀ ਕਿੱਧਰੋਂ ਚੀਕਿਆ। "ਘੋੜਿਆਂ ਨੂੰ ਛਾਂਟਾਂ ਲਾ

* ਲੰਮੀਆਂ ਬਾਹਾਂ ਵਾਲ਼ਾ ਰੂਸੀ ਚੋਗ਼ਾ। — **ਅਨੁ:**

ਉਏ, ਪੁਲਸੀ ਬੁਧੂ!"

"ਤੁਹਾਡੇ ਕੋਲ਼ ਗੁਆਣ ਲਈ ਹੈ ਈ ਕੀ? ਜ਼ਰਾ ਆਪਣੀ ਜ਼ਿੰਦਗੀ ਉੱਤੇ ਨਿਗਾਹ ਮਾਰੋ!"

ਰੇੜ੍ਹਾ ਚੱਲ ਪਿਆ। "ਤੁਸੀਂ ਭੁੱਖੇ ਰਹਿ ਕੇ ਕਿਉਂ ਮਰੋ?" ਰੀਬਿਨ ਨੇ ਖੋਖਲੀ ਅਵਾਜ਼ ਵਿੱਚ ਕਿਹਾ। ਉਹ ਦੋ ਪੁਲਸੀਆਂ ਦੇ ਵਿਚਕਾਰ ਬੈਠਾ ਸੀ। "ਜੇ ਤੁਹਾਨੂੰ ਅਜ਼ਾਦੀ ਮਿਲ ਜਾਵੇ ਤਾਂ ਤੁਹਾਨੂੰ ਰੋਟੀ ਅਤੇ ਇਨਸਾਫ਼ ਮਿਲੇਗਾ! ਵਿਦਿਆ ਭਲੇ ਲੋਕੋ!..."

ਉਹਦੀ ਅਵਾਜ਼ ਪਹੀਆਂ ਦੀ ਖੜ ਖੜ, ਪੌੜਾਂ ਦੀ ਕੜ ਕੜ ਅਤੇ ਪੁਲਿਸ ਦੇ ਮੁਖੀ ਦੀਆਂ ਕੂਕਾਂ ਵਿੱਚ ਦੱਬ ਗਈ।

"ਖੇਲ ਖ਼ਤਮ," ਮੂਜ਼ੀਕ ਨੇ ਸਿਰ ਹਿਲਾ ਕੇ ਕਿਹਾ; ਫਿਰ, ਮਾਂ ਵੱਲ ਮੁੜਦੇ ਹੋਏ ਹੌਲ਼ੀ ਜਿਹੇ ਬੋਲਿਆ, "ਇੱਥੇ ਸਟੇਸ਼ਨ 'ਤੇ ਮੇਰੀ ਉਡੀਕ ਕਰ। ਮੈਂ ਹੁਣੇ ਆਇਆ।..."

ਮਾਂ ਕਮਰੇ ਵਿੱਚ ਗਈ ਅਤੇ ਮੇਜ਼ ਕੋਲ਼ ਸਾਮਾਵਰ ਦੇ ਸਾਹਮਣੇ ਬਹਿ ਗਈ। ਉਹਨੇ ਡਬਲ ਰੋਟੀ ਦਾ ਇੱਕ ਟੋਟਾ ਚੁੱਕਿਆ, ਇਹਦੇ ਵੱਲ ਵੇਖਿਆ ਅਤੇ ਹੌਲ਼ੀ ਹੌਲ਼ੀ ਵਾਪਸ ਪਲੇਟ ਵਿੱਚ ਰੱਖ ਦਿੱਤਾ। ਉਹਦਾ ਖਾਣ ਨੂੰ ਜੀਅ ਨਹੀਂ ਸੀ ਕਰ ਰਿਹਾ, ਉਹਦਾ ਜੀਅ ਫਿਰ ਕੱਚਾ ਹੋਣ ਲੱਗ ਪਿਆ ਸੀ। ਉਹਨੂੰ ਬੇਅਰਾਮ ਜਿਹੀ ਗਰਮੀ ਲੱਗ ਰਹੀ ਸੀ। ਇਸ ਔਖ ਨੇ ਉਹਨੂੰ ਕਮਜ਼ੋਰ ਕਰ ਦਿੱਤਾ, ਉਹਦੇ ਦਿਲ ਦੀ ਰੱਤ ਨਿਚੋੜ ਲਈ ਅਤੇ ਉਹਦਾ ਸਿਰ ਚਕਰਾ ਦਿੱਤਾ। ਉਹਦੀਆਂ ਅੱਖਾਂ ਸਾਹਮਣੇ ਉਸ ਨੀਲ਼ੀਆਂ ਅੱਖਾਂ ਵਾਲ਼ੇ ਮੂਜ਼ੀਕ ਦਾ ਮੂੰਹ ਘੁੰਮਦਾ ਰਿਹਾ—ਇੱਕ ਅਜੀਬ ਮੂੰਹ, ਜਿਹੜਾ ਅਧੂਰਾ ਜਾਪਦਾ ਸੀ ਅਤੇ ਬੇਇਤਬਾਰੀ ਜਗਾਉਂਦਾ। ਉਹ ਇਹ ਨਹੀਂ ਸੀ ਸੋਚਣਾ ਚਾਹੁੰਦੀ ਕਿ ਉਹ ਉਹਦੇ ਨਾਲ਼ ਵਿਸਾਹਘਾਤ ਕਰੇਗਾ, ਪਰ ਇਹ ਖ਼ਿਆਲ ਉਹਦੇ ਮਨ ਵਿੱਚ ਘਰ ਕਰ ਗਿਆ ਸੀ ਅਤੇ ਉਹਦੇ ਦਿਲ ਉੱਤੇ ਬੋਝ ਬਣਿਆ ਹੋਇਆ ਸੀ।

"ਉਹਨੇ ਮੈਨੂੰ ਵੇਖਿਆ," ਮਾਂ ਨੇ ਕਮਜ਼ੋਰੀ ਨਾਲ਼ ਸੋਚਿਆ। "ਉਹਨੇ ਮੈਨੂੰ ਵੇਖਿਆ—ਅਤੇ ਸਮਝ ਗਿਆ।..."

ਇਹ ਖ਼ਿਆਲ ਹੋਰ ਅੱਗੇ ਨਾ ਗਿਆ, ਕਿਉਂਕਿ ਇਹ ਤਕਲੀਫ਼ ਅਤੇ ਘੋਰ ਨਿਰਾਸ਼ਾ ਦੀ ਜਿਲ੍ਹਣ ਵਿੱਚ ਫਸਿਆ ਹੋਇਆ ਸੀ।

ਚੌਂਕ ਵਿੱਚ ਹੁਣੇ ਹੁਣੇ ਹਲਚਲ ਤੋਂ ਪਿੱਛੋਂ ਜਿਹੜੀ ਸਾਹ-ਸਤ-ਹੀਣ ਚੁੱਪ ਛਾ ਗਈ ਸੀ ਉਸ ਤੋਂ ਪਤਾ ਲੱਗਦਾ ਸੀ ਕਿ ਪਿੰਡ ਦੇ ਲੋਕ ਡਰੇ ਹੋਏ ਤੇ ਉਦਾਸ ਹਨ ਅਤੇ ਇਸ ਗੱਲ ਨੇ ਮਾਂ ਦੇ ਇਕਲਾਪੇ ਦੇ ਅਨੁਭਵ ਨੂੰ ਹੋਰ ਵਧਾ ਦਿੱਤਾ, ਉਹਦੀ ਰੂਹ ਵਿੱਚ ਇੱਕ ਅਜਿਹੀ ਉਦਾਸੀ ਭਰ ਦਿੱਤੀ ਜਿਹੜੀ ਸੁਆਹ ਵਾਂਗ ਨਰਮ ਅਤੇ ਭੂਰੀ ਸੀ।

ਕੁੜੀ ਮੁੜ ਦਰਵਾਜ਼ੇ ਵਿੱਚ ਆਈ।

"ਮੈਂ ਤੇਰੇ ਲਈ ਅੰਡੇ ਬਣਾ ਲਿਆਵਾਂ?" ਉਹਨੇ ਪੁੱਛਿਆ।

"ਖੇਚਲ ਨਾ ਕਰ। ਮੇਰਾ ਖਾਣ ਨੂੰ ਜੀਅ ਨਹੀਂ ਪਿਆ ਕਰਦਾ। ਉਹਨਾਂ ਆਪਣੀ ਡੰਡ ਤੇ ਚੀਕਾਂ ਨਾਲ਼ ਮੈਨੂੰ ਡਰਾ ਦਿੱਤੈ!"

ਕੁੜੀ ਮੇਜ਼ ਕੋਲ਼ ਆਈ। "ਜੇ ਤੂੰ ਵੇਖਿਆ ਹੁੰਦਾ ਪੁਲਿਸ ਦੇ ਅਫ਼ਸਰ ਨੇ ਉਹਨੂੰ ਕਿਵੇਂ

ਕੁੱਟਿਆ!" ਉਹਨੇ ਉਤੇਜਤ, ਹੌਲ਼ੀ, ਨਿੰਮੀ ਅਵਾਜ਼ ਵਿੱਚ ਕਿਹਾ। "ਮੈਂ ਕੋਲ਼ ਹੀ ਖੜੀ ਸਾਂ। ਉਹਨੇ ਉਹਦੇ ਦੰਦ ਭੰਨ ਦਿੱਤੇ ਤੇ ਮੈਂ ਉਸ ਬੰਦੇ ਨੂੰ ਥੁੱਕਦੇ ਵੇਖਿਆ — ਖ਼ੂਨ ਗਾੜ੍ਹਾ ਅਤੇ ਗੂੜ੍ਹੇ ਲਾਲ ਰੰਗ ਦਾ ਸੀ।... ਉਹਦੀਆਂ ਅੱਖਾਂ ਸੁੱਜ ਕੇ ਬੰਦ ਹੋ ਗਈਆਂ! ਉਹ ਕੋਲਤਾਰੀਆ ਸੀ। ਪੁਲਿਸ ਦਾ ਸਾਰਜੰਟ ਉਪਰਲੀ ਮੰਜ਼ਿਲੇ ਧੁੱਤ ਹੋਇਆ ਪਿਐ ਤੇ ਹੋਰ ਸ਼ਰਾਬ ਮੰਗੀ ਜਾਂਦੈ। ਉਹ ਕਹਿੰਦੈ ਇਹਨਾਂ ਦੀ ਪੂਰੀ ਢਾਣੀ ਸੀ ਤੇ ਦਾੜ੍ਹੀ ਵਾਲ਼ਾ ਉਹਨਾਂ ਦਾ ਸਰਗ਼ਨਾ ਸੀ — ਇੱਕ ਤਰ੍ਹਾਂ ਅਤਮਾਨ* ਤੂੰ ਸਮਝ ਲੈ। ਪੁਲਸੀਆਂ ਉਹਨਾਂ ਵਿੱਚੋਂ ਤਿੰਨ ਫੜ ਲਏ, ਇੱਕ ਨੱਠ ਗਿਆ। ਉਹਨਾਂ ਇੱਕ ਮਾਸਟਰ ਨੂੰ ਵੀ ਫੜ ਲਿਐ ਜਿਹੜਾ ਉਹਨਾਂ ਦੀ ਟੋਲੀ ਵਿੱਚ ਸ਼ਾਮਲ ਸੀ। ਉਹ ਰੱਬ ਨੂੰ ਨਹੀਂ ਮੰਨਦੇ ਤੇ ਆਪਣੀਆਂ ਗੱਲਾਂ ਨਾਲ਼ ਲੋਕਾਂ ਦਾ ਉਹਦੇ ਵਿੱਚ ਨਿਸ਼ਚਾ ਖ਼ਤਮ ਕਰ ਦੇਂਦੇ ਨੇ ਤਾਂ ਜੁ ਗਿਰਜਿਆਂ ਨੂੰ ਲੁੱਟ ਸਕਣ — ਅਜਿਹੇ ਲੋਕ ਨੇ ਇਹ! ਸਾਡੇ ਕੁਝ ਮੂਜ਼ੀਕਾਂ ਨੂੰ ਉਹਦੇ 'ਤੇ ਤਰਸ ਆਉਂਦੇ, ਪਰ ਹੋਰ ਕਹਿੰਦੇ ਨੇ ਉਹਨੂੰ ਫਾਹੇ ਲਾ ਦੇਣਾ ਚਾਹੀਦੈ! ਸਾਡੇ ਇੱਥੇ ਬਹੁਤ ਸਾਰੇ ਭੈੜੇ ਮੂਜ਼ੀਕ ਨੇ।"

ਮਾਂ ਨੇ ਕੁੜੀ ਦੀ ਉਗੜ-ਦੁਗੜ ਗੱਲ ਧਿਆਨ ਨਾਲ਼ ਸੁਣੀ, ਉਹ ਆਪਣੇ ਡਰ ਅਤੇ ਭੈੜੀਆਂ ਆਸਾਂ ਉੱਤੇ ਕਾਬੂ ਪਾਉਣ ਦਾ ਜਤਨ ਕਰ ਰਹੀ ਸੀ। ਜਾਪਦਾ ਸੀ ਕੁੜੀ ਇਸ ਗੱਲੋਂ ਖੁਸ਼ ਸੀ ਕਿ ਕੋਈ ਉਹਦੀ ਗੱਲ ਸੁਣਨ ਵਾਲ਼ਾ ਹੈ, ਉਹਦਾ ਗਲਾ ਆਪਣੇ ਬੋਲਾਂ ਨਾਲ਼ ਹੀ ਘੁੱਟਿਆ ਜਾ ਰਿਹਾ ਸੀ, ਅਤੇ ਆਪਣੀ ਅਵਾਜ਼ ਨੀਵੀਂ ਕਰਕੇ ਉਹ ਵਧੇਰੇ ਜੋਸ਼ ਨਾਲ਼ ਲੁਤਰ ਲੁਤਰ ਕਰੀ ਗਈ।

"ਮੇਰਾ ਅੱਬਾ ਕਹਿੰਦੇ ਇਹ ਸਭ ਕੁਝ ਭੈੜੀ ਫ਼ਸਲ ਕਰਕੇ ਏ। ਦੋ ਸਾਲਾਂ ਤੋਂ ਭੋਂ ਨੇ ਸਾਨੂੰ ਕੁਝ ਦਿੱਤਾ ਨਹੀਂ ਤੇ ਮੂਜ਼ੀਕਾਂ ਦੀ ਹਾਲਤ ਖ਼ਰਾਬ ਏ। ਇਸੇ ਲਈ ਉਹ ਇੰਨੇ ਭੈੜੇ ਹੋ ਗਏ ਨੇ। ਪਿੰਡ ਦੇ ਇਕੱਠਾਂ ਵਿੱਚ ਉਹ ਲੜਦੇ ਤੇ ਡੰਡ ਪਾਉਂਦੇ ਨੇ। ਇੱਕ ਦਿਨ ਜਦੋਂ ਉਹ ਕਰਜ਼ਾ ਨਾ ਦੇਣ ਕਰਕੇ ਵਾਸੂਕੋਵ ਦਾ ਘਰ-ਕੁੱਲਾ ਨਿਲਾਮ ਕਰ ਰਹੇ ਸਨ, ਤਾਂ ਉਹਨੇ ਪਿੰਡ ਦੇ ਮੁਖੀ ਦੇ ਇੱਕ ਖ਼ੂਬ ਜ਼ੋਰ ਦੀ ਜੜੀ। 'ਐਹ ਲੈ ਮੇਰੇ ਕਰਜ਼ੇ।...' ਉਹਨੇ ਕਿਹਾ।"

ਦਰਵਾਜ਼ੇ ਦੇ ਬਾਹਰ ਭਾਰੀ ਪੈਰਾਂ ਦੀ ਅਵਾਜ਼ ਸੁਣਾਈ ਦਿੱਤੀ। ਮਾਂ ਨੇ ਮੇਜ਼ ਨੂੰ ਫੜ ਲਿਆ ਅਤੇ ਜ਼ੋਰ ਲਾਕੇ ਖੜੀ ਹੋ ਗਈ।

ਨੀਲ਼ੀਆਂ ਅੱਖਾਂ ਵਾਲ਼ਾ ਮੂਜ਼ੀਕ ਟੋਪੀ ਲਾਹੇ ਬਿਨਾਂ ਅੰਦਰ ਆਇਆ।

"ਤੇਰਾ ਸੂਟਕੇਸ ਕਿੱਥੇ ਏ?" ਉਹਨੇ ਕਿਹਾ।

ਉਹਨੇ ਇਹ ਸੌਖ ਨਾਲ਼ ਚੁੱਕ ਲਿਆ ਅਤੇ ਇਹਨੂੰ ਹਿਲਾਇਆ।

"ਖ਼ਾਲੀ। ਮਾਰਕਾ, ਇਸ ਜ਼ਨਾਨੀ ਨੂੰ ਮੇਰੀ ਕੁੱਲੀ ਲੈ ਜਾ।"

ਉਹ ਮੁੜਕੇ ਵੇਖੇ ਬਿਨਾਂ ਚਲਾ ਗਿਆ।

"ਤੂੰ ਰਾਤ ਇੱਥੇ ਗੁਜ਼ਾਰੇਂਗੀ?" ਕੁੜੀ ਨੇ ਪੁੱਛਿਆ।

"ਹਾਂ। ਮੈਂ ਲੈਸਾਂ ਲੈਣ ਆਈ ਵਾਂ—ਮੈਂ ਲੈਸਾਂ ਖ਼ਰੀਦਦੀ ਵਾਂ।..."

"ਇੱਥੇ ਤਾਂ ਲੈਸਾਂ ਕੋਈ ਬਣੌਂਦਾ ਨਹੀਂ। ਤਿਨਕੋਵੋ ਤੇ ਦਰਈਨਾ ਵਿੱਚ ਬਣੌਂਦੇ ਨੇ, ਪਰ

---

* **ਅਤਮਾਨ** — ਮੁਖੀ। — **ਅਨੁ:**

ਇੱਥੇ ਨਹੀਂ," ਕੁੜੀ ਨੇ ਸਮਝਾਇਆ।

"ਤਾਂ ਕੱਲ੍ਹ ਮੈਂ ਉੱਥੇ ਜਾਵਾਂਗੀ।..."

ਜਦੋਂ ਮਾਂ ਨੇ ਚਾਹ ਦੇ ਪੈਸੇ ਦੇ ਦਿੱਤੇ ਤਾਂ ਉਹਨੇ ਤਿੰਨ ਕੋਪੀਕ ਬਖ਼ਸ਼ੀਸ਼ ਦੇਕੇ ਕੁੜੀ ਨੂੰ ਖੁਸ਼ ਕਰ ਦਿੱਤਾ। ਉਹ ਬਾਹਰ ਗਏ ਅਤੇ ਕੁੜੀ ਨੰਗੇ ਪੈਰੀਂ ਗਿੱਲੀ ਭੋਂ ਉੱਤੇ ਛੂਹਲੇ ਢੰਗ ਨਾਲ਼ ਚਲਦੀ ਗਈ।

"ਜੇ ਚਾਹੇ ਤਾਂ ਮੈਂ ਦਰਈਨਾ ਜਾ ਕੇ ਜ਼ਨਾਨੀਆਂ ਨੂੰ ਕਹਿ ਆਵਾਂਗੀ ਉਹ ਲੈਸਾਂ ਇੱਥੇ ਈ ਲੈ ਔਣ," ਕੁੜੀ ਨੇ ਕਿਹਾ। "ਤੇਰਾ ਪੈਂਡਾ ਬਚ ਜਾਵੇਗਾ। ਅਖ਼ੀਰ ਬਾਰਾਂ ਵੇਰਸਤ* ਏ।..."

"ਨਹੀਂ, ਬਲੋ, ਖੇਚਲ ਨਾ ਕਰ," ਮਾਂ ਨੇ ਕੁੜੀ ਦੇ ਨਾਲ਼ ਨਾਲ਼ ਰਹਿਣ ਲਈ ਕਾਹਲ ਕਰਦੇ ਹੋਏ ਕਿਹਾ। ਠੰਢੀ ਹਵਾ ਨੇ ਉਹਨੂੰ ਤਾਜ਼ਾ ਕਰ ਦਿੱਤਾ ਸੀ ਅਤੇ ਉਹਦੇ ਅੰਦਰ ਇੱਕ ਧੁੰਦਲਾ ਨਿਸ਼ਚਾ ਰੂਪ ਧਾਰ ਰਿਹਾ ਸੀ, ਇਹ ਹੌਲ਼ੀ ਹੌਲ਼ੀ ਅਤੇ ਝਿਜਕਦਾ ਹੋਇਆ ਵਧਿਆ ਸੀ, ਪਰ ਇਹਦੇ ਵਿੱਚ ਆਸ ਸੀ ਅਤੇ ਇਹਨੂੰ ਮਹਿਮੀਜ਼ ਲਾਉਣ ਦਾ ਜਤਨ ਕਰਦੇ ਹੋਏ ਉਹ ਆਪਣੇ ਆਪ ਤੋਂ ਜ਼ੋਰ ਨਾਲ਼ ਪੁੱਛਦੀ ਰਹੀ। "ਮੈਂ ਕੀ ਕਰਾਂ ? ਮੈਂ ਸਭ ਕੁਝ ਸਾਫ਼ ਸਾਫ਼ ਦੱਸ ਦਿਆਂ।..."

ਰਾਤ ਠੰਢੀ ਅਤੇ ਸਿਲ੍ਹੀ ਸੀ। ਕੁੱਲੀਆਂ ਦੀਆਂ ਬਾਰੀਆਂ ਵਿੱਚ ਇੱਕ-ਟਕ ਬਲਦੀਆਂ ਲਾਲ ਭਾਹ ਮਾਰਦੀਆਂ ਲੋਆਂ ਚਮਕਦੀਆਂ। ਖ਼ਾਮੋਸ਼ੀ ਨੂੰ ਆਜੜੀਆਂ ਦੀਆਂ ਹੇਕਾਂ ਅਤੇ ਡੰਗਰਾਂ ਦਾ ਉਂਘਲਾਉਂਦੇ ਹੋਏ ਅਣੀਗਣਾ ਤੋੜਦਾ। ਪਿੰਡ ਹਨੇਰੇ ਅਤੇ ਸੋਚਾਂ ਭਰੀ ਵਿਚਾਰ ਵਿੱਚ ਡੁੱਬਿਆ ਹੋਇਆ ਸੀ। "ਅਸੀਂ ਅੱਪੜ ਗਏ ਆਂ," ਕੁੜੀ ਨੇ ਕਿਹਾ "ਰਾਤ ਰਹਿਣ ਲਈ ਤੂੰ ਬੜੀ ਭੈੜੀ ਥਾਂ ਚੁਣੀ ਏ—ਉਹ ਤਾਂ ਬਹੁਤ ਹੀ ਗ਼ਰੀਬ ਮੂਜ਼ੀਕ ਏ।..."

ਉਹਨੇ ਟੋਹ ਕੇ ਦਰਵਾਜ਼ਾ ਲੱਭਿਆ ਅਤੇ ਖੋਹਲਿਆ।

"ਚਾਚੀ ਤਾਤੀਆਨਾ।" ਉਹਨੇ ਛੂਹਲੀ ਤਰ੍ਹਾਂ ਅਵਾਜ਼ ਦਿੱਤੀ।

ਫਿਰ ਉਹ ਨੱਠ ਗਈ।

"ਵਿਦਿਆ !" ਹਨੇਰੇ ਵਿੱਚੋਂ ਉਹਦੀ ਅਵਾਜ਼ ਆਈ।

## 17

ਮਾਂ ਮੁਹਾਠ ਉੱਤੇ ਰੁਕੀ ਅਤੇ ਆਪਣੇ ਹੱਥ ਨਾਲ਼ ਅੱਖਾਂ ਉੱਤੇ ਛਾਂ ਕੀਤੀ ਤਾਂ ਜੁ ਕੁੱਲੀ ਨੂੰ ਚੰਗੀ ਤਰ੍ਹਾਂ ਵੇਖ ਸਕੇ। ਇਹ ਨਿੱਕੀ ਸੀ, ਪਰ ਇਹਦੀ ਸਫ਼ਾਈ ਤੋਂ ਉਹ ਇੱਕ ਦਮ ਪ੍ਰਭਾਵਤ ਹੋਈ। ਇੱਕ ਜਵਾਨ ਇਸਤਰੀ ਨੇ ਸਟੋਵ ਦੇ ਪਿੱਛੋਂ ਝਾਕਿਆ, ਬੋਲੇ ਬਿਨਾਂ ਸਿਰ ਹਿਲਾਇਆ ਅਤੇ ਫਿਰ ਲੋਪ ਹੋ ਗਈ। ਮੇਜ਼ ਉੱਤੇ ਲੈਂਪ ਬਲ ਰਿਹਾ ਸੀ।

ਕੁੱਲੀ ਦਾ ਮਾਲਕ ਮੇਜ਼ ਕੋਲ਼ ਬੈਠਾ ਮਾਂ ਦੀਆਂ ਅੱਖਾਂ ਵਿੱਚ ਝਾਕਦਾ ਉਂਗਲਾਂ ਨਾਲ਼ ਮੇਜ਼ ਉੱਤੇ ਟਕ ਟਕ ਕਰ ਰਿਹਾ ਸੀ।

"ਆ ਜਾ," ਉਹਨੇ ਕੁਝ ਚਿਰ ਪਿੱਛੋਂ ਕਿਹਾ। "ਤਾਤੀਆਨਾ, ਜਾਕੇ ਪਿਓਤਰ ਨੂੰ ਬੁਲਾ

* ਇੱਕ ਵੇਰਸਤ ਲਗਭਗ ਇੱਕ ਕਿਲੋਮੀਟਰ ਦੇ ਬਰਾਬਰ ਹੁੰਦਾ ਹੈ। — **ਅਨੁ:**

ਲਿਆ ਤੇ ਝਬਦੇ ਕਰ!"

ਇਸਤਰੀ ਮਾਂ ਵੱਲ ਵੇਖੇ ਬਿਨਾਂ ਚਲੀ ਗਈ, ਮਾਂ ਮਰਦ ਦੇ ਸਾਹਮਣੇ ਬੈਂਚ ਉੱਤੇ ਬਹਿ ਗਈ ਅਤੇ ਆਲੇ ਦੁਆਲੇ ਵੇਖਿਆ। ਉਹਦਾ ਸਟੂਕੇਸ ਕਿੱਧਰੇ ਦਿੱਸਦਾ ਤੱਕ ਨਹੀਂ ਸੀ। ਕੁਲੀ ਵਿੱਚ ਅਕਾਊ ਚੁੱਪ ਛਾਈ ਹੋਈ ਸੀ, ਜਿਸਨੂੰ ਲੈਂਪ ਦਾ ਕਦੀ ਕਦੀ ਭੜਕਣਾ ਹੀ ਤੋੜਦਾ ਸੀ। ਮਾਂ ਨੂੰ ਮੂਜ਼ੀਕ ਦੇ ਫ਼ਿਕਰਮੰਦ, ਵੱਟ ਪਾਏ ਮੂੰਹ ਕਾਰਨ, ਜਿਹੜਾ ਉਹਦੀਆਂ ਅੱਖਾਂ ਸਾਹਮਣੇ ਧੁੰਦਲੀ ਤਰ੍ਹਾਂ ਆਉਂਦਾ ਤੇ ਲੋਪ ਹੋ ਜਾਂਦਾ, ਖਿਝ ਚੜ੍ਹੀ।

"ਮੇਰਾ ਸੂਟਕੇਸ ਕਿੱਥੇ ਵੇ?" ਮਾਂ ਨੇ ਅਚਾਨਕ ਉੱਚੀ ਅਵਾਜ਼ ਵਿੱਚ ਪੁੱਛਿਆ, ਉਹ ਆਪ ਪ੍ਰੇਸ਼ਾਨ ਹੋ ਗਈ। ਮੂਜ਼ੀਕ ਨੇ ਮੋਢੇ ਸੰਗੋੜੇ।

"ਗੁਵਾਚਣ ਨਹੀਂ ਲੱਗਾ।" ਉਹਨੇ ਸੋਚਦੇ ਹੋਏ ਕਿਹਾ, ਨੀਵੀਂ ਅਵਾਜ਼ ਵਿੱਚ ਉਹਨੇ ਵਾਧਾ ਕੀਤਾ, "ਉੱਥੇ ਸਟੇਸ਼ਨ 'ਤੇ ਮੈਂ ਜਾਣ ਬੁਝ ਕੇ ਕਿਹਾ ਸੀ ਇਹ ਖ਼ਾਲੀ ਏ ਤਾਂ ਜੁ ਕੁੜੀ ਸੁਣ ਲਵੇ। ਪਰ ਇਹ ਖ਼ਾਲੀ ਨਹੀਂ! ਇਹ ਤਾਂ ਬਹੁਤ ਭਾਰਾ ਏ!"

"ਸੋ, ਤਾਂ ਕੀ ਹੋਇਆ?" ਮਾਂ ਨੇ ਪੁੱਛਿਆ।

ਉਹ ਉੱਠਿਆ ਅਤੇ ਮਾਂ ਦੇ ਕੋਲ਼ ਆਇਆ।

"ਤੂੰ ਉਸ ਆਦਮੀ ਨੂੰ ਜਾਣਦੀ ਏਂ?" ਉਹਨੇ ਨੀਵਾਂ ਝੁਕਦੇ ਹੋਏ ਘੋਰ ਮਸੋਰਾ ਕੀਤਾ।

"ਹਾਂ," ਮਾਂ ਨੇ ਪੱਕੀ ਅਵਾਜ਼ ਵਿੱਚ ਕਿਹਾ, ਭਾਵੇਂ ਸਵਾਲ ਉਸ ਤੋਂ ਅਚਾਨਕ ਪੁੱਛਿਆ ਗਿਆ ਸੀ। ਇਸ ਸੰਖੇਪ ਲਫ਼ਜ਼ ਨੇ ਅਚਾਨਕ ਹਰ ਸ਼ੈਅ ਵਿੱਚ ਅੰਦਰੋਂ ਚਾਨਣ ਕਰ ਦਿੱਤਾ ਸੀ, ਸਭ ਕੁਝ ਸਾਫ਼ ਕਰ ਦਿੱਤਾ ਸੀ। ਮਾਂ ਨੇ ਸੁੱਖ ਦਾ ਸਾਹ ਲਿਆ ਅਤੇ ਬੈਂਚ ਉੱਤੇ ਨਿਸਲ ਹੋਕੇ ਬਹਿ ਗਈ।...

ਮੂਜ਼ੀਕ ਖੁੱਲ੍ਹ ਕੇ ਮੁਸਕਰਾਇਆ।

"ਜਦੋਂ ਉੱਥੇ ਤੂੰ ਉਹਨੂੰ ਇਸ਼ਾਰਾ ਕੀਤਾ ਸੀ ਤੇ ਉਹਨੇ ਹੁੰਗਾਰਾ ਭਰਿਆ ਤਾਂ ਮੈਂ ਉਦੋਂ ਹੀ ਸਮਝ ਗਿਆ ਸਾਂ। ਮੈਂ ਉਹਨੂੰ ਹੌਲ਼ੀ ਜਿਹੀ ਕਿਹਾਃ ਕੀ ਉਹ ਬਰਾਂਡੇ ਵਿੱਚ ਖੜੀ ਤੋਂ ਜਾਣੂ ਸੀ?"

"ਤੇ ਉਹਨੇ ਕੀ ਕਿਹਾ?" ਮਾਂ ਨੇ ਕਾਹਲ ਨਾਲ਼ ਪੁੱਛਿਆ।

"ਉਹਨੇ ਕਿਹਾ—ਅਸੀਂ ਬਹੁਤ ਹਾਂ। ਬਹੁਤ ਹੀ, ਉਹਨੇ ਕਿਹਾ।..."

ਮੂਜ਼ੀਕ ਨੇ ਸਵਾਲੀ ਢੰਗ ਨਾਲ਼ ਆਪਣੇ ਪ੍ਰਾਹੁਣੇ ਦੀਆਂ ਅੱਖਾਂ ਵਿੱਚ ਝਾਕਿਆ।

"ਤਕੜਾ ਜਣਾ ਹੋਇਆ ਨਾ!" ਉਹਨੇ ਮੁਸਕਰਾ ਕੇ ਕਿਹਾ। "ਤੇ ਦਲੇਰ!...ਉਹਨੇ ਸਾਫ਼ ਕਹਿ ਦਿੱਤਾ — ਮਹੀਓਂ ਆਂ! ਤੇ ਭਾਵੇਂ ਕਿੰਨਾ ਕੁੱਟ ਲੈਣ ਉਹ ਆਪਣੀ ਗੱਲ ਕਹੀ ਜਾਂਦੈ।..."

ਉਹਦੀ ਅਵਾਜ਼ ਨੇ, ਜਿਹੜੀ ਕਮਜ਼ੋਰ ਅਤੇ ਰੁਕਦੀ ਰੁਕਦੀ ਸੀ, ਉਹਦੇ ਅਧੂਰੇ ਮੂੰਹ ਨੇ ਅਤੇ ਉਹਦੀਆਂ ਪੀਲ਼ੀਆਂ, ਖਰੀਆਂ ਅੱਖਾਂ ਨੇ ਮਾਂ ਨੂੰ ਵਧੇਰੇ ਅਤੇ ਹੋਰ ਵਧੇਰੇ ਸੌਖਿਆਂ ਕਰ ਦਿੱਤਾ। ਹੌਲ਼ੀ ਹੌਲ਼ੀ ਉਹਦੇ ਤੌਖਲੇ ਅਤੇ ਉਦਾਸੀ ਦੀ ਥਾਂ ਰੀਬਿਨ ਲਈ ਤਿੱਖੇ ਕਾਟਵੇਂ ਤਰਸ ਨੇ ਲੈ ਲਈ।

"ਹਰਾਮੀ! ਵਹਿਸ਼ੀ!" ਉਹ ਅਚਾਨਕ ਕੌੜੇ ਗੁੱਸੇ ਨਾਲ਼ ਕੂਕੀ ਅਤੇ ਰੋਣ ਲੱਗ ਪਈ।

ਮੂਜ਼ੀਕ ਉੱਥੋਂ ਦੂਰ ਚਲਾ ਗਿਆ, ਅਫ਼ਸੋਸ ਨਾਲ਼ ਆਪਣਾ ਸਿਰ ਹਿਲਾਉਂਦਾ। "ਹਾਕਮਾਂ

ਨੇ ਲੋਕਾਂ ਨੂੰ ਮਜ਼ਬੂਰ ਕਰ ਦਿੱਤੈ ਕਿ ਅਸੀਂ ਅਜਿਹੇ ਲੋਕਾਂ ਨੂੰ ਪਿਆਰ ਕਰੀਏ!"

ਮਾਂ ਵੱਲ ਮੁੜਦੇ ਹੋਏ ਉਹਨੇ ਕਾਹਲ ਨਾਲ਼ ਕਿਹਾ, "ਸੁਣ, ਸੂਟਕੇਸ ਵਿੱਚ ਅਖ਼ਬਾਰ ਹੈਨ ਕਿ ਨਹੀਂ?"

"ਹੈਨ," ਮਾਂ ਨੇ ਆਪਣੇ ਹੰਝੂ ਪੂੰਝਦੇ ਹੋਏ ਸਾਦਗੀ ਨਾਲ਼ ਜਵਾਬ ਦਿੱਤਾ। "ਮੈਂ ਇਹ ਉਹਨੂੰ ਦੇਣ ਲਈ ਲਿਜਾ ਰਹੀ ਸਾਂ।"

ਘੂਰੀ ਵੱਟ ਕੇ ਉਹਨੇ ਆਪਣੀ ਦਾੜ੍ਹੀ ਮੁੱਠੀ ਵਿੱਚ ਘੁੱਟ ਲਈ ਅਤੇ ਨੁੱਕਰ ਵੱਲ ਘੂਰਦਾ ਖੜ੍ਹਾ ਰਿਹਾ।

"ਉਹ ਇੱਥੇ ਸਾਡੇ ਤੱਕ ਅੱਪੜ ਗਏ ਸਨ ਤੇ ਕਿਤਾਬਾਂ ਵੀ" ਉਹਨੇ ਕੁਝ ਦੇਰ ਰੁੱਕ ਕੇ ਕਿਹਾ। "ਤੇ ਅਸੀਂ ਉਸ ਬੰਦੇ ਨੂੰ ਜਾਣਦੇ ਆਂ — ਅਸੀਂ ਉਹਨੂੰ ਮਿਲੇ ਸਾਂ!"

ਉਹ ਰੁੱਕ ਗਿਆ ਅਤੇ ਇੱਕ ਛਿਣ ਸੋਚਿਆ।

"ਹੁਣ ਤੂੰ ਇਹਦਾ ਕੀ ਕਰੇਂਗੀ — ਸੂਟਕੇਸ ਦਾ?" ਉਹਨੇ ਪੁੱਛਿਆ।

"ਤੇਰੇ ਕੋਲ਼ ਛੱਡ ਜਾਵਾਂਗੀ," ਮਾਂ ਨੇ ਵੰਗਾਰ ਦੇ ਢੰਗ ਨਾਲ਼ ਉਹਦੇ ਵੱਲ ਵੇਖਦੇ ਹੋਏ ਕਿਹਾ।

ਉਹਨੇ ਇਤਰਾਜ਼ ਨਾ ਕੀਤਾ ਅਤੇ ਨਾ ਹੀ ਹੈਰਾਨ ਹੋਇਆ।

"ਮੇਰੇ ਕੋਲ਼।... ਚੰਗਾ," ਉਹਨੇ ਸੰਖੇਪ ਗੱਲ ਦੁਹਰਾਈ।

ਹਾਂ ਵਿੱਚ ਸਿਰ ਹਿਲਾਉਂਦਿਆਂ, ਉਹ ਮੇਜ਼ ਕੋਲ਼ ਬਹਿ ਗਿਆ ਅਤੇ ਆਪਣੀ ਦਾੜ੍ਹੀ ਵਿੱਚ ਉਂਗਲਾਂ ਫੇਰਨ ਲੱਗ ਪਿਆ।

ਗੀਬਿਨ ਦਾ, ਲਹੂ ਲਿਬੜੇ ਅਤੇ ਕੁੱਟੇ, ਦਾ ਬਿੰਬ ਬੇਕਿਰਕ ਸਿਰੜ ਨਾਲ਼ ਮਾਂ ਦੇ ਸਾਹਮਣੇ ਉੱਭਰਦਾ ਰਿਹਾ, ਹੋਰ ਸਭਨਾਂ ਖ਼ਿਆਲਾਂ ਨੂੰ ਕੱਢਦਾ। ਦਰਦ ਅਤੇ ਗੁੱਸੇ ਨੇ ਹੋਰ ਸਭ ਜਜ਼ਬੇ ਕੱਢ ਦਿੱਤੇ ਅਤੇ ਉਹਦੇ ਮਨ ਵਿੱਚ ਸੂਟਕੇਸ ਜਾਂ ਕਿਸੇ ਹੋਰ ਸ਼ੈਅ ਲਈ ਕੋਈ ਥਾਂ ਨਹੀਂ ਸੀ। ਉਹਦੇ ਹੰਝੂ ਖੁੱਲ੍ਹ ਕੇ ਵਹਿ ਰਹੇ ਸਨ, ਪਰ ਜਦੋਂ ਉਹਨੇ ਕਿਹਾ, "ਜਿਸ ਢੰਗ ਨਾਲ਼ ਉਹ ਮਨੁੱਖਾਂ ਨੂੰ ਲੁੱਟਦੇ ਤੇ ਖੁਵਾਰ ਕਰਦੇ ਨੇ ਉਸ ਲਈ ਉਹਨਾਂ ਤੇ ਸਦਾ ਲਈ ਰੱਬ ਦੀ ਮਾਰ ਪਵੇ," ਤਾਂ ਮੂੰਹ ਕਰੜਾ ਅਤੇ ਉਹਦੀ ਅਵਾਜ਼ ਅਡੋਲ ਸੀ।

"ਉਹ ਤਕੜੇ ਨੇ," ਮੂਜ਼ੀਕ ਠਰ੍ਹੰਮੇ ਨਾਲ਼ ਬੋਲਿਆ। "ਉਹ ਬਹੁਤ ਤਕੜੇ ਨੇ!"

"ਤੇ ਉਹਨਾਂ ਦੀ ਤਾਕਤ ਆਉਂਦੀ ਕਿੱਥੋਂ ਵੇ?" ਮਾਂ ਗੁੱਸੇ ਨਾਲ਼ ਕੂਕੀ। "ਉਹਨਾਂ ਨੂੰ ਇਹ ਸਾਥੋਂ ਮਿਲਦੀ ਵੇ, ਆਮ ਲੋਕਾਂ ਤੋਂ—ਸਭ ਕੁਝ ਸਾਥੋਂ ਆਉਂਦੈ!"

ਉਹ ਦਿਆਲ, ਪਰ ਭੇਤ-ਭਰੇ ਮੂੰਹ ਵਾਲ਼ੇ ਇਸ ਮੂਜ਼ੀਕ ਨਾਲ਼ ਨਰਾਜ਼ ਸੀ।

"ਹਾਂ," ਉਹਨੇ ਸੋਚਦੇ ਹੋਏ ਲੰਮਕਾ ਕੇ ਗੱਲ ਕੀਤੀ। "ਪਹੀਆ।..."

ਅਚਾਨਕ ਉਹਨੇ ਕੰਨ ਖੜ੍ਹੇ ਹੋ ਗਏ ਅਤੇ ਉਹ ਦਰਵਾਜ਼ੇ ਵੱਲ ਝੁਕਿਆ।

"ਉਹ ਆ ਰਹੇ ਨੇ," ਉਹਨੇ ਹੌਲ਼ੀ ਜਿਹੇ ਕਿਹਾ।

"ਕੌਣ?"

"ਜਾਪਦੈ, ਦੋਸਤ।..."

ਉਹਦੀ ਘਰਵਾਲੀ ਅੰਦਰ ਆਈ, ਉਹਦੇ ਪਿੱਛੇ ਇੱਕ ਹੋਰ ਮੂਜ਼ੀਕ ਸੀ, ਜਿਸਨੇ ਆਪਣੀ ਟੋਪੀ ਇੱਕ ਨੁੱਕਰੇ ਵਗਾਹ ਮਾਰੀ ਅਤੇ ਮੇਜ਼ ਦੇ ਕੋਲ਼ ਆਇਆ।

"ਕੀ ਗੱਲ ਏ ?" ਉਹਨੇ ਪੁੱਛਿਆ।

ਪਹਿਲੇ ਨੇ ਸਿਰ ਹਿਲਾ ਦਿੱਤਾ।

"ਸਤੀਪਾਨ," ਘਰਵਾਲੀ ਨੇ ਸਟੋਵ ਕੋਲ਼ੋਂ, ਜਿੱਥੇ ਉਹ ਖੜੀ ਸੀ ਕਿਹਾ, "ਸ਼ੈਦ ਸਾਡੀ ਮਹਿਮਾਨ ਭੁੱਖੀ ਏ ?"

"ਨਹੀਂ, ਮੈਂ ਭੁੱਖੀ ਨਹੀਂ, ਬੱਲੀਏ," ਮਾਂ ਨੇ ਕਿਹਾ।

ਦੂਜਾ ਮੂਜ਼ੀਕ ਉਹਦੇ ਵੱਲ ਮੁੜਿਆ।

"ਮੈਂ ਆਪਣੀ ਵਾਕਫ਼ੀ ਕਰਾਵਾਂ," ਉਹਨੇ ਤਿੱਖੀ, ਉਖੜੀ ਅਵਾਜ਼ ਵਿੱਚ ਕਿਹਾ। "ਮੇਰਾ ਨਾਂ ਪਿਓਤਰ ਯੇਗੋਰੋਵ ਰਿਆਬੀਨਿਨ ਏ, ਤੇ ਅਲ ਏ ਆਰ। ਮੈਨੂੰ ਤੇਰੇ ਕੰਮ ਬਾਰੇ ਦੋ ਚਾਰ ਗੱਲਾਂ ਦਾ ਪਤੈ। ਮੈਂ ਪੜ੍ਹਨਾ ਤੇ ਲਿਖਣਾ ਜਾਣਦਾਂ ਤੇ ਮੂਰਖ ਤਾਂ ਮੈਂ ਉੱਕਾ ਨਹੀਂ।..."

ਉਹਨੇ ਮਾਂ ਦਾ ਅੱਗੇ ਵਧਿਆ ਹੱਥ ਫੜਿਆ।

"ਵੇਖ ਸਤੀਪਾਨ," ਉਹਨੇ ਆਪਣਾ ਸਿਰ ਜ਼ੋਰ ਨਾਲ਼ ਹਿਲਾਉਂਦੇ ਹੋਏ ਕਿਹਾ, "ਮੇਰਾ ਖ਼ਿਆਲ ਏ ਵਾਰਵਾਰਾ ਨਿਕੋਲਾਯੇਵਨਾ ਬੜੀ ਦਿਆਲ ਬੀਬੀ ਏ, ਪਰ ਉਹ ਕਹਿੰਦੀ ਏ ਇਹ ਸਾਰਾ ਮਾਮਲਾ ਮੂਰਖਾਂ ਵਾਲ਼ਾ ਅਤੇ ਨੁਕਸਾਨ ਵਾਲ਼ਾ ਏ, ਕਹਿੰਦੀ ਏ ਜਵਾਨ ਲੋਕਾਂ ਤੇ ਪਾੜ੍ਹੇ ਲੋਕਾਂ ਦੇ ਦਿਲਾਂ ਵਿੱਚ ਬਕਵਾਸ ਭਰ ਰਹੇ ਨੇ। ਪਰ ਤੂੰ ਤੇ ਵੇਖ ਸਕਦੇ ਆਂ ਕਿ ਅੱਜ ਉਹਨਾਂ ਵੀਹ ਵਿਸਵੇ ਮੂਜ਼ੀਕ ਨੂੰ ਹੀ ਫੜਿਐ ਤੇ ਹੁਣ ਵੇਖ — ਇਹ ਅੱਧ-ਖੜ ਜ਼ਨਾਨੀ, ਤੇ ਮੇਰਾ ਖ਼ਿਆਲ ਏ ਸਾਊ ਲੋਕਾਂ ਵਿੱਚੋਂ ਤਾਂ ਇਹ ਹੈ ਨਹੀਂ। ਤੂੰ ਨਹੀਂ ਨਾ, ਕਿ ਹੈਂ।"

ਉਹ ਕਾਹਲੀ ਕਾਹਲੀ, ਪਰ ਸਾਫ਼ ਸਾਫ਼ ਬੋਲ ਰਿਹਾ ਸੀ, ਸਾਹ ਲੈਣ ਲਈ ਰੁਕੇ ਬਿਨਾਂ। ਉਹਦੀ ਦਾੜ੍ਹੀ ਘਾਬਰਵੇ ਢੰਗ ਨਾਲ਼ ਹਿਲਦੀ ਅਤੇ ਉਹਦੀਆਂ ਅੱਖਾਂ ਮਾਂ ਦੇ ਮੂੰਹ ਅਤੇ ਦੇਹ ਉੱਤੇ ਘੁੰਮਦੀਆਂ। ਉਹਦੇ ਕੱਪੜੇ ਪਾਟੇ ਹੋਏ ਅਤੇ ਖੁਥੜ ਸਨ ਅਤੇ ਉਹਦੇ ਵਾਲ ਜਟਾਂ ਬਣੇ ਹੋਏ ਸਨ, ਜਿਵੇਂ ਉਹ ਹੁਣੇ ਹੁਣੇ ਲੜ ਕੇ ਹਟਿਆ ਹੋਵੇ ਅਤੇ ਆਪਣੀ ਜਿੱਤ ਉੱਤੇ ਖੁਸ਼ ਹੋਵੇ। ਮਾਂ ਨੂੰ ਉਹ ਆਪਣੀ ਚੰਚਲਤਾ ਕਾਰਨ ਚੰਗਾ ਲੱਗਦਾ ਸੀ ਅਤੇ ਇਸ ਲਈ ਕਿ ਉਹ ਆਪਣੇ ਦਿਲ ਦੀ ਗੱਲ ਸਾਦਗੀ ਨਾਲ਼ ਅਤੇ ਖੁੱਲ੍ਹ ਕੇ ਕਰਦਾ ਸੀ। ਉਹਦੇ ਸਵਾਲ ਦਾ ਜਵਾਬ ਦੇਂਦੀ ਹੋਈ ਉਹ ਮੁਸਕਰਾਈ ਅਤੇ ਉਹਨੇ ਮਾਂ ਦਾ ਹੱਥ ਫਿਰ ਜ਼ੋਰ ਨਾਲ਼ ਹਿਲਾਇਆ ਅਤੇ ਨਰਮ, ਖੁਸ਼ਕ ਹਾਸਾ ਹੱਸਿਆ।

"ਇਹ ਬੜਾ ਪਾਕ ਕੰਮ ਏ — ਸੋਹਣਾ ਕੰਮ, ਸਤੀਪਾਨ," ਉਹਨੇ ਕਿਹਾ। "ਮੈਂ ਤੈਨੂੰ ਕਿਹਾ ਨਹੀਂ ਸੀ ਇਹ ਸਭ ਕੁਝ ਖੁਦ ਲੋਕਾਂ ਤੋਂ ਆਉਂਦੈ ? ਪਰ ਉਹ ਸ਼ਾਨਦਾਰ ਬੀਬੀ — ਉਹ ਤੁਹਾਨੂੰ ਸੱਚ ਨਹੀਂ ਦੱਸਦੀ। ਜੇ ਉਹ ਤੁਹਾਨੂੰ ਸੱਚ ਦੱਸਦੀ ਤਾਂ ਉਹਨੂੰ ਆਪਣੇ ਆਪ ਨੂੰ ਨੁਕਸਾਨ ਹੋਣਾ ਸੀ। ਉਹ, ਮੈਂ ਜ਼ਰੂਰ ਹੀ ਉਹਦੀ ਇੱਜ਼ਤ ਕਰਦਾਂ — ਇਹ ਕਹਿਣ ਦੀ ਤਾਂ ਲੋੜ ਹੀ ਨਹੀਂ। ਉਹ ਚੰਗੀ ਰੂਹ ਏ ਤੇ ਸਾਡੀ ਮਦਦ ਕਰਨਾ ਚਾਹੁੰਦੀ ਏ — ਬਸ ਭੋਰਾ ਕੁ — ਆਪਣੇ ਆਪ ਨੂੰ ਨੁਕਸਾਨ ਪੁਚਾਏ ਬਿਨਾਂ ! ਪਰ ਆਮ ਲੋਕ — ਉਹ ਤਾਂ ਸਿੱਧੀ ਚੁੱਭੀ ਮਾਰ ਦੇਂਦੇ ਨੇ, ਆਪਣੇ

ਆਪ ਨੂੰ ਨੁਕਸਾਨ ਪੁਚਾਉਣੋਂ ਡਰੇ ਬਗ਼ੈਰ। ਫ਼ਰਕ ਸਮਝਦੈਂ ? ਉਹ ਭਾਵੇਂ ਕੁਝ ਕਰਨ ਉਹਨਾਂ ਨੂੰ ਜ਼ਿਆਂ ਪਹੁੰਚਦੀ ਈ ਰਹਿੰਦੀ ਏ। ਸੋ ਉਹਨਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਕਿਸੇ ਪਾਸੇ ਕਿਉਂ ਨਾ ਮੁੜਨ, ਉਹਨਾਂ ਨੂੰ ਇਕੋ ਗੱਲ ਸੁਣਾਈ ਦੇਂਦੀ ਏ: 'ਠਹਿਰੋ !।"

"ਸਮਝਿਆ," ਸਤੀਪਾਨ ਨੇ ਸਿਰ ਹਿਲਾ ਕੇ ਕਿਹਾ; ਫਿਰ ਬੋਲਿਆ, "ਉਹਨੂੰ ਆਪਣੇ ਸੂਟਕੇਸ ਬਾਬਤ ਫ਼ਿਕਰ ਏ।"

ਪਿਓਤਰ ਨੇ ਮਾਂ ਵੱਲ ਵੇਖ ਕੇ ਖਚਰੇ ਢੰਗ ਨਾਲ਼ ਅੱਖ ਮਾਰੀ।

"ਫ਼ਿਕਰ ਨਾ ਕਰ," ਉਹਨੇ ਤਸੱਲੀ ਦੇਂਦੇ ਢੰਗ ਨਾਲ਼ ਕਿਹਾ। "ਸਭ ਕੁਝ ਠੀਕ ਠਾਕ ਰਹੇਗਾ, ਮਾਂ ! ਤੇਰਾ ਸਟੂਕੇਸ ਮੇਰੇ ਘਰ ਏ। ਅੱਜ ਜਦੋਂ ਇਹਨੇ ਮੈਨੂੰ ਤੇਰੇ ਬਾਰੇ ਦੱਸਿਆ — ਕਿ ਤੇਰਾ ਇਸ ਮਾਮਲੇ ਨਾਲ਼ ਤਅਲਕ ਏ ਤੇ ਤੂੰ ਉਸ ਬੰਦੇ ਨੂੰ ਜਾਣਦੀ ਸੈਂ — ਮੈਂ ਇਹਨੂੰ ਕਿਹਾ, 'ਸਤੀਪਾਨ, ਚੁਕੰਨਾ ਰਹੀਂ ! ਅਜਿਹੇ ਮਾਮਲੇ ਵਿੱਚ ਸਾਨੂੰ ਗ਼ਲਤੀ ਨਹੀਂ ਕਰਨੀ ਚਾਹੀਦੀ।' ਪਰ ਜਦੋਂ ਅਸੀਂ ਤੇਰੇ ਕੋਲ਼ ਖੜੇ ਸਾਂ ਤਾਂ ਤੂੰ ਵੀ ਭਾਂਪ ਲਿਆ ਸੀ ਕਿ ਅਸੀਂ ਕੌਣ ਆਂ। ਇਮਾਨਦਾਰ ਬੂਥੀ ਪਛਾਣੇ ਬਿਨਾਂ ਰਹੀ ਨਹੀਂ ਜਾਂਦੀ—ਸੱਚੀ ਗੱਲ ਇਹ ਏ ਕਿ ਅਜਿਹੀਆਂ ਬੂਥੀਆਂ ਹੈ ਹੀ ਥੋੜ੍ਹੀਆਂ ਨੇ। ਤੇਰਾ ਸੂਟਕੇਸ ਮੇਰੇ ਘਰ ਏ।..."

ਉਹ ਉਹਦੇ ਕੋਲ਼ ਬਹਿ ਗਿਆ ਅਤੇ ਸਵਾਲੀ ਢੰਗ ਨਾਲ਼ ਉਹਦੇ ਵੱਲ ਵੇਖਦਾ ਰਿਹਾ।

"ਜੇ ਤੂੰ ਉਹਦੀ ਵਿਚਲੀ ਸ਼ੈਅ ਤੋਂ ਖਹਿੜਾ ਛੁਡਾਣਾ ਚਾਹੁੰਦੀ ਹੋਵੇਂ ਅਸੀਂ ਤੇਰਾ ਹੱਥ ਵਟਾ ਕੇ ਬਹੁਤ ਖੁਸ਼ ਹੋਵਾਂਗੇ ! ਉਹ ਕਿਤਾਬਾਂ ਸਾਡੇ ਕੰਮ ਆ ਸਕਦੀਆਂ ਨੇ।..."

"ਉਹ ਸਾਰਾ ਕੁਝ ਸਾਡੇ ਕੋਲ਼ ਛੱਡ ਜਾਣਾ ਚਾਹੁੰਦੀ ਏ," ਸਤੀਪਾਨ ਨੇ ਕਿਹਾ।

"ਬਹੁਤ ਚੰਗੀ ਗੱਲ ਏ ਮਾਂ ! ਅਸੀਂ ਸਭ ਕੁਝ ਲਈ ਥਾਂ ਲੱਭ ਲਵਾਂਗੇ !..."

ਨਿੱਕਾ ਜਿਹਾ ਹਾਸਾ ਹੱਸ ਕੇ ਉਹ ਉੱਛਲ ਕੇ ਖੜਾ ਹੋ ਗਿਆ ਅਤੇ ਟਹਿਲਣ ਲੱਗ ਪਿਆ।

"ਬੜੀ ਵੱਡੇ ਭਾਗਾਂ ਦੀ ਗੱਲ ਏ ! ਭਾਵੇਂ ਮੇਰਾ ਖ਼ਿਆਲ ਏ ਇਹ ਕੋਈ ਅਣੋਖੀ ਗੱਲ ਨਹੀਂ — ਰੱਸਾ ਇੱਕ ਥਾਂ ਟੁੱਟ ਗਿਆ, ਪਰ ਦੂਜੀ ਥਾਂ ਕਾਇਮ ਰਿਹਾ। ਅਖ਼ਬਾਰ ਸੋਹਣਾ ਏ ਮਾਂ ਤੇ ਚੰਗਾ ਕੰਮ ਕਰ ਰਿਹੈ — ਖੋਪੇ ਲਾਹ ਰਿਹੈ ! ਸਾਊਆਂ ਨੂੰ ਇਹ ਬਹੁਤਾ ਚੰਗਾ ਨਹੀਂ ਲੱਗਦਾ। ਮੈਂ ਇੱਥੋਂ ਸਤ ਵੇਰਸਤ ਦੂਰ ਇੱਕ ਬੀਬੀ ਲਈ ਕੰਮ ਕਰਨਾਂ। ਕੁਝ ਭਲੀ ਈ ਏ — ਮੈਨੂੰ ਕਿਤਾਬਾਂ ਪੜ੍ਹਨ ਨੂੰ ਦੇਂਦੀ ਏ ਅਤੇ ਹੋਰ ਸਭ ਕੁਝ। ਕਈ ਵਾਰ ਤੁਸੀਂ ਕੋਈ ਅਜਿਹੀ ਗੱਲ ਪੜ੍ਹਦੇ ਹੋ ਜਿਸ ਨਾਲ਼ ਅੱਖਾਂ ਖੁੱਲ੍ਹ ਜਾਂਦੀਆਂ ਨੇ ! ਕੁਲ ਮਿਲਾਕੇ ਅਸੀਂ ਉਹਦੇ ਧੰਨਵਾਦੀ ਆਂ। ਪਰ ਇੱਕ ਵਾਰ ਮੈਂ ਉਹਨੂੰ ਇਹ ਅਖ਼ਬਾਰ ਵਿਖਾਇਆ ਤੇ ਤੁਸੀਂ ਵੇਖਦੇ ਉਹਦੇ 'ਤੇ ਕੀ ਅਸਰ ਹੋਇਆ। 'ਇਹ ਚੀਜ਼ਾਂ ਨਾ ਪੜ੍ਹ, ਪਿਓਤਰ,' ਉਹਨੇ ਕਿਹਾ। 'ਮੂਰਖ ਸਕੂਲੀ ਮੁੰਡਿਆਂ ਦੀ ਢਾਣੀ ਹੀ ਅਜਿਹੀਆਂ ਗੱਲਾਂ ਲਿਖਦੀ ਏ। ਇਹ ਪੜ੍ਹ ਕੇ ਤੂੰ ਮੁਸੀਬਤ ਵਿੱਚ ਫਸ ਜਾਵੇਂਗਾ — ਜੇਲ੍ਹ ਤੇ ਸਾਇਬੇਰੀਆ,' ਉਹਨੇ ਕਿਹਾ।"

ਉਹ ਇੱਕ ਮਿੰਟ ਚੁੱਪ ਰਿਹਾ, ਥੋੜ੍ਹੀ ਦੇਰ ਸੋਚਿਆ ਅਤੇ ਫਿਰ ਪੁੱਛਿਆ:

"ਉਹ ਅੱਜ ਵਾਲ਼ਾ ਬੰਦਾ, ਮਾਂ — ਤੇਰਾ ਰਿਸ਼ਤੇਦਾਰ ਏ ?"

"ਨਹੀਂ," ਮਾਂ ਨੇ ਜਵਾਬ ਦਿੱਤਾ।

ਪਿਓਤਰ ਅਵਾਜ਼ ਕੀਤੇ ਬਿਨਾਂ ਹੱਸਿਆ ਅਤੇ ਆਪਣਾ ਸਿਰ ਹਿਲਾਇਆ ਜਿਵੇਂ ਉਹ ਕਿਸੇ ਗੱਲੇ ਬਹੁਤ ਖ਼ੁਸ਼ ਹੋਇਆ ਹੋਵੇ।

"ਮੇਰਾ ਉਹ ਰਿਸ਼ਤੇਦਾਰ ਨਹੀਂ, ਪਰ ਮੈਂ ਉਹਨੂੰ ਬੜੇ ਚਿਰ ਤੋਂ ਜਾਣਦੀ ਵਾਂ ਅਤੇ ਭਰਾ ਵਾਂਗ ਉਹਦਾ ਆਦਰ ਕਰਦੀ ਵਾਂ — ਵੱਡੇ ਭਰਾ ਵਾਂਗ!" ਮਾਂ ਨੇ ਇਹ ਸੋਚ ਕੇ ਕਾਹਲ ਨਾਲ਼ ਵਾਧਾ ਕੀਤਾ ਜਿਵੇਂ ਰੀਬਿਨ ਨਾਲ਼ ਉੱਕਾ ਹੀ ਕੋਈ ਸਬੰਧ ਪ੍ਰਗਟ ਨਾ ਕਰਨਾ ਗ਼ਲਤ ਹੋਵੇ।

ਮਾਂ ਨੂੰ ਆਪਣਾ ਜਜ਼ਬਾ ਪ੍ਰਗਟ ਕਰਨ ਲਈ ਗੱਲ ਨਹੀਂ ਸੀ ਅਹੁੜ ਰਹੀ ਅਤੇ ਇਸ 'ਤੇ ਉਹਨੂੰ ਇੰਨਾ ਦੁੱਖ ਹੋਇਆ ਕਿ ਫਿਰ ਰੋਣ ਲੱਗ ਪਈ। ਕੁੱਲੀ ਵਿੱਚ ਇੱਕ ਬੋਝਲ, ਆਸ-ਭਰੀ ਚੁੱਪ ਛਾ ਗਈ। ਪਿਓਤਰ ਨੀਵੀਂ ਪਾਈ ਖੜਾ ਸੀ ਜਿਵੇਂ ਕੁਝ ਸੁਣ ਰਿਹਾ ਹੋਵੇ। ਸਤੀਪਾਨ ਅਰਕਾਂ ਮੇਜ਼ ਉੱਤੇ ਰੱਖੀ ਬੈਠਾ ਸੀ, ਉਹ ਸੋਚੀਂ ਡੁੱਬਾ ਟਕ ਟਕ ਕਰੀ ਜਾਂਦਾ। ਉਹਦੀ ਘਰਵਾਲੀ ਸਟੋਵ ਦੇ ਨਾਲ਼ ਢੋ ਲਾਕੇ ਖੜੀ ਸੀ ਅਤੇ ਮਾਂ ਨੇ ਅਨੁਭਵ ਕੀਤਾ ਕਿ ਉਹਦੀਆਂ ਅੱਖਾਂ ਉਹਦੇ ਉੱਤੇ ਲੱਗੀਆਂ ਸਨ। ਕਦੀ ਕਦੀ ਮਾਂ ਆਪ ਜਵਾਨ ਇਸਤਰੀਆਂ ਦੇ ਮੂੰਹ ਵੱਲ ਵੇਖਦੀ, ਇੱਕ ਅੰਡਾਹਾਰ ਮੂੰਹ, ਸਾਂਵਲੇ ਰੰਗ ਵਾਲ਼ਾ, ਸਿੱਧੇ ਨੱਕ ਅਤੇ ਮਜ਼ਬੂਤ ਬਣੀ ਠੋਡੀ ਵਾਲ਼ਾ। ਉਹਦੀਆਂ ਹਰੀ ਭਾਹ ਮਾਰਦੀਆਂ ਅੱਖਾਂ ਤਿੱਖੀਆਂ ਅਤੇ ਖਿੱਚ-ਪਾਊ ਸਨ।

"ਸੋ ਉਹ ਤੇਰਾ ਦੋਸਤ ਏ," ਪਿਓਤਰ ਨੇ ਸੋਚਦੇ ਹੋਏ ਕਿਹਾ। "ਆਪਣੀ ਆਈ 'ਤੇ ਅੜਨ ਵਾਲ਼ਾ ਬੰਦਾ ਏ, ਆਪਣੀ ਆਈ 'ਤੇ! ਆਪਣਾ ਮੁੱਲ ਵੀ ਬਹੁਤ ਪਾਉਂਦੈ ਤੇ ਗੱਲ ਹੈ ਵੀ ਠੀਕ! ਕਿਆ ਜਣਾ ਏ ਤਾਤੀਆਨਾ? ਤੇ ਤੂੰ ਕਹਿਨੀ ਏਂ।..."

"ਵਿਆਹਿਆ ਹੋਇਐ?" ਤਾਤੀਆਨਾ ਨੇ ਆਪਣੇ ਨਿੱਕੇ ਮੂੰਹ ਦੇ ਹੋਂਠ ਭੀਚਦੇ ਹੋਏ ਗੱਲ ਟੋਕੀ।

"ਰੰਡਾ ਵੇ," ਮਾਂ ਨੇ ਅਫ਼ਸੋਸ ਨਾਲ਼ ਕਿਹਾ।

"ਇਸੇ ਲਈ ਇੰਨਾ ਦਲੇਰ ਏ," ਤਾਤੀਆਨਾ ਨੇ ਡੂੰਘੀ, ਭਰਪੂਰ ਅਵਾਜ਼ ਵਿੱਚ ਕਿਹਾ। "ਵਿਆਹਿਆ ਬੰਦਾ ਇਹ ਰਾਹ ਨਾ ਚੁਣਦਾ—ਉਹਨੂੰ ਡਰ ਲੱਗਦਾ।..."

"ਤੇ ਮੈਂ?" ਪਿਓਤਰ ਨੇ ਕਿਹਾ। "ਮੈਂ ਵਿਆਹਿਆ ਹੋਇਆ ਨਹੀਂ?"

"ਛੱਡ ਪਰ੍ਹਾਂ, ਗਵਾਂਢੀ," ਇਸਤਰੀ ਨੇ ਉਸ ਤੋਂ ਅੱਖਾਂ ਚੁਰਾਉਂਦੇ ਹੋਏ ਟੇਢੀ ਮੁਸਕਾਨ ਨਾਲ਼ ਕਿਹਾ। "ਤੂੰ ਕੀ ਕਰਦੈਂ? ਬਸ ਗੱਲਾਂ ਤੇ ਕਦੀ ਕਦੀ ਇੱਕ ਅੱਧੀ ਕਿਤਾਬ ਪੜ੍ਹ ਲੈਨੈਂ। ਤੇਰੇ ਤੇ ਸਤੀਪਾਨ ਜਿਹੇ ਬੰਦਿਆਂ ਦੇ ਕਿਸੇ ਹਨੇਰੀ ਨੁੱਕਰ ਵਿੱਚ ਬਹਿ ਕੇ ਫੁਸ ਫੁਸ ਕਰਨ ਨਾਲ਼ ਭਲਾ ਕੀ ਸੌਰਦੈ।"

"ਅਨੇਕ ਲੋਕ ਮੇਰੀ ਗੱਲ ਸੁਣਦੇ ਨੇ," ਮੂਜ਼ੀਕ ਨੇ ਉਹਦੀ ਘਿਰਣਾ ਦੀ ਚੋਭ ਤੋਂ ਪ੍ਰੇਸ਼ਾਨ ਹੋਏ ਸ਼ਾਂਤੀ ਨਾਲ਼ ਕਿਹਾ। "ਮੈਂ ਤਾਂ ਖ਼ਮੀਰ ਵਾਂਗ ਇੱਥੇ ਕੰਮ ਕਰ ਰਿਹਾਂ, ਤੁਸੀਂ ਕਹਿ ਸਕਦੇ ਓ। ਤੈਨੂੰ ਅਜਿਹਾ ਨਹੀਂ ਕਹਿਣਾ ਚਾਹੀਦਾ।..."

ਸਤੀਪਾਨ ਨੇ ਆਪਣੀ ਘਰਵਾਲੀ ਵੱਲ ਵੇਖਿਆ ਅਤੇ ਦੁਬਾਰਾ ਨੀਵੀਂ ਪਾ ਲਈ।

"ਮੂਜ਼ੀਕ ਵਿਆਹ ਕਿਉਂ ਕਰਾਉਂਦੈ?" ਤਾਤੀਆਨਾ ਨੇ ਕਿਹਾ। "ਕਿਉਂਕਿ ਉਹਨੂੰ ਕੰਮ

ਕਰਨ ਲਈ ਜ਼ਨਾਨੀ ਦੀ ਲੋੜ ਹੁੰਦੀ ਏ। ਕੀ ਕੰਮ ਕਰਨ ਲਈ ?"

"ਤੇਰੇ ਕੋਲ਼ ਚੋਖਾ ਕੰਮ ਨਹੀਂ ?" ਸਤੀਪਾਨ ਨੇ ਬੇਰਸੀ ਨਾਲ਼ ਕਿਹਾ।

"ਇਸ ਕੰਮ ਵਿੱਚ ਰਾਹ ਦੀ ਗੱਲ ਕਿਹੜੀ ਏ ? ਨਿੱਤ ਦਿਹਾੜੀ ਅੱਧ-ਭੁੱਖੇ ਜਿਊਈ ਜਾਓ ? ਇੰਨਾ ਕੰਮ ਏ ਕਿ ਜੇ ਬੱਚੇ ਹੋਣ ਤਾਂ ਉਹਨਾਂ ਦਾ ਧਿਆਨ ਰੱਖਣ ਦੀ ਵੀ ਵਿਹਲ ਨਹੀਂ ਮਿਲਦੀ ਅਤੇ ਇਹਦੇ ਬਾਵਜੂਦ ਖਾਣ ਲਈ ਚੋਖਾ ਨਹੀਂ ਮਿਲਦਾ।"

ਉਹ ਮਾਂ ਵੱਲ ਗਈ ਅਤੇ ਉਹਦੇ ਕੋਲ਼ ਬਹਿ ਗਈ, ਗਿਲੇ ਜਾਂ ਦੁੱਖ ਤੋਂ ਬਿਨਾਂ ਗੱਲ ਕਰਦੀ ਹੋਈ।

"ਮੇਰੇ ਦੋ ਬੱਚੇ ਹੋਏ। ਜਦੋਂ ਉਹ ਦੋ ਵਰ੍ਹਿਆ ਦਾ ਹੀ ਸੀ ਤਾਂ ਉਹਨਾਂ ਵਿੱਚੋਂ ਇੱਕ ਗਰਮ ਪਾਣੀ ਪੈ ਕੇ ਮਰ ਗਿਆ, ਦੂਜਾ ਜੰਮਿਆ ਹੀ ਮੁਰਦਾ ਅਤੇ ਸਾਰਾ ਕੁਝ ਇਸ ਚੰਦਰੇ ਕੰਮ ਕਰਕੇ। ਕੀ ਇਹਨੇ ਮੈਨੂੰ ਕੋਈ ਖੁਸ਼ੀ ਦਿੱਤੀ ਏ ? ਮੈਂ ਕਹਿਨੀ ਆਂ ਮੂਜ਼ੀਕ ਦੇ ਵਿਆਹ ਕਰਾਉਣ ਵਿੱਚ ਰਾਹ ਦੀ ਕੋਈ ਗੱਲ ਨਹੀਂ। ਉਹ ਤਾਂ ਬਸ ਆਪਣੇ ਹੱਥ ਹੀ ਬੰਨ੍ਹ ਲੈਂਦੈ ਤੇ ਜੇ ਉਹ ਚਾਹੁੰਦਾ ਤਾਂ ਉਹ ਆਪਣੀ ਮਰਜ਼ੀ ਨਾਲ਼ ਜਿਊਂ ਸਕਦਾ ਸੀ, ਚੰਗੇਰੀ ਜ਼ਿੰਦਗੀ ਲਈ ਲੜਦਾ। ਤਾਂ ਉਹ ਸਿੱਧਾ ਸੱਚ ਦੀ ਭਾਲ ਕਰ ਸਕਦਾ ਸੀ, ਉਸ ਬੰਦੇ ਵਾਂਗ। ਠੀਕ ਹੈ ਕਿ ਨਹੀਂ ਮਾਂ ?..."

"ਹਾਂ, ਇਹ ਠੀਕ ਵੇ," ਮਾਂ ਨੇ ਕਿਹਾ। "ਠੀਕ ਏ ਚੰਨੀ। ਨਹੀਂ ਤਾਂ ਅਸੀਂ ਇਹ ਜ਼ਿੰਦਗੀ ਬਦਲਣ ਦੀ ਆਸ ਨਹੀਂ ਕਰ ਸਕਦੇ।..."

"ਤੇਰਾ ਮਰਦਾ ਹੈ ?"

"ਉਹ ਮਰ ਗਿਆ। ਮੇਰਾ ਇੱਕ ਪੁੱਤਰ ਵੇ।..."

"ਉਹ ਤੇਰੇ ਨਾਲ਼ ਰਹਿੰਦੈ ?"

"ਨਹੀਂ ਉਹ ਜੇਲ੍ਹ ਵਿੱਚ ਵੇ !"

ਇਹ ਗੱਲ ਜਿਹੜਾ ਆਮ ਜਿਹਾ ਦੁੱਖ ਪੈਦਾ ਕਰਦੀ ਸੀ ਉਹਦੇ ਵਿੱਚ ਹੁਣ ਸ਼ਾਂਤ ਮਾਣ ਮਿਲਿਆ ਹੋਇਆ ਸੀ।

"ਉਹਨਾਂ ਦੂਜੀ ਵਾਰ ਉਹਨੂੰ ਜੇਲ੍ਹ ਵਿੱਚ ਸੁੱਟਿਐ। ਅਤੇ ਬਸ ਇਸ ਲਈ ਕਿ ਉਹ ਲੋਕਾਂ ਵਿੱਚ ਰੱਬੀ ਸੱਚਾਈ ਦਾ ਪ੍ਰਚਾਰ ਕਰਨਾ ਚਾਹੁੰਦੈ।... ਉਹ ਜਵਾਨ ਵੇ ਤੇ ਸੋਹਣਾ ਤੇ ਸਿਆਣਾ ! ਤੁਹਾਡੇ ਅਖ਼ਬਾਰ ਦੀ ਗੱਲ ਉਹਨੇ ਈ ਸੋਚੀ ਸੀ। ਤੇ ਉਹਨੇ ਈ ਮਿਖਾਈਲੋ ਈਵਾਨੋਵਿਚ ਨੂੰ ਠੀਕ ਰਾਹ ਵਿਖਾਇਆ, ਭਾਵੇਂ ਮਿਖਾਈਲੋ ਉਸ ਤੋਂ ਦੂਣੀ ਉਮਰ ਦਾ ਵੇ। ਛੇਤੀ ਹੀ ਮੁਕੱਦਮਾ ਚੱਲੇਗਾ ਤੇ ਮੇਰਾ ਪੁੱਤਰ ਸਾਇਬੇਰੀਆ ਘੱਲ ਦਿੱਤਾ ਜਾਵੇਗਾ। ਪਰ ਉਹ ਨੱਠ ਜਾਵੇਗਾ ਤੇ ਵਾਪਸ ਆ ਕੇ ਆਪਣਾ ਕੰਮ ਜਾਰੀ ਰੱਖੇਗਾ।..."

ਉਹ ਗੱਲ ਕਰਦੀ ਗਈ ਤਾਂ ਉਹਦੀ ਮਾਣ ਦੀ ਭਾਵਨਾ ਜਾਗ ਪਈ, ਇਹਨੇ ਉਹਦੇ ਸੂਰਮੇ ਦਾ ਇੰਨਾ ਪ੍ਰਤੱਖ ਚਿਤਰ ਖੜਾ ਕਰ ਦਿੱਤਾ ਕਿ ਉਹਨੂੰ ਬਿਆਨ ਕਰਨ ਲਈ ਸ਼ਬਦਾਂ ਦਾ ਉਹਦੇ ਮੂੰਹੋਂ ਹੜ੍ਹ ਆ ਗਿਆ, ਜਿਨ੍ਹਾਂ ਉਹਦਾ ਗਲਾ ਘੁੱਟ ਦਿੱਤਾ। ਇਹ ਜ਼ਰੂਰੀ ਸੀ ਕਿ ਉਹ ਉਸ ਦੇ ਹਨੇਰੇ ਦੇ ਮੁਕਾਬਲੇ ਉੱਤੇ ਪੇਸ਼ ਕਰਨ ਲਈ ਕੋਈ ਲਿਸ਼ਕਦੀ ਅਤੇ ਯੋਗ ਸ਼ੈਅ ਲੱਭੇ, ਇੱਕ ਅਜਿਹੇ ਹਨੇਰੇ ਦੇ ਮੁਕਾਬਲੇ ਉੱਤੇ ਜਿਸਦੀ ਬੇਅਰਥ ਭਿਆਨਕਤਾ ਅਤੇ ਨਿਰਲਜ ਜ਼ੁਲਮ

ਉਹਦੇ ਉੱਤੇ ਭਾਰ ਬਣੇ ਹੋਏ ਸਨ। ਅਤੇ ਇਸ ਨਰੋਈ ਭਾਵਨਾ ਦੀ ਇਹ ਮੰਗ ਅਚੇਤ ਕਬੂਲਦੇ ਹੋਏ ਉਹ ਉਸ ਮਹਾਨ ਲਾਟ ਵਿੱਚੋਂ, ਜਿਹੜੀ ਆਪਣੀ ਲਟ ਲਟ ਕਰਨ ਦੀ ਤੀਖਣਤਾ ਨਾਲ਼ ਉਹਨੂੰ ਚੁੰਧਿਆ ਰਹੀ ਸੀ, ਹਰ ਖਾਲਸ ਅਤੇ ਲਿਸ਼ਕਦੀ ਸ਼ੈ ਇਕੱਠੀ ਕਰ ਲਈ।...

"ਉਹਦੇ ਜਿਹੇ ਅਨੇਕਾਂ ਹੋਰ ਨੇ ਤੇ ਸਦਾ ਵਧੇਰੇ ਜੰਮਦੇ ਪਏ ਨੇ ਤੇ ਆਪਣੇ ਅਖ਼ੀਰੀ ਸਾਹਾਂ ਤੱਕ ਉਹ ਸੱਚ ਤੇ ਅਜ਼ਾਦੀ ਲਈ ਲੜਦੇ ਰਹਿਣਗੇ।..."

ਉਹਨੇ ਸਾਵਧਾਨੀ ਉੱਕਾ ਹੀ ਤਿਆਗ ਦਿੱਤੀ ਅਤੇ ਭਾਵੇਂ ਉਹਨੇ ਕੋਈ ਨਾਂ ਨਾ ਲਏ, ਉਹਨੇ ਉਸ ਗੁਪਤ ਕੰਮ ਬਾਰੇ, ਜਿਹੜਾ ਲੋਕਾਂ ਨੂੰ ਜਬਰ ਤੋਂ ਮੁਕਤ ਕਰਾਉਣ ਲਈ ਕੀਤਾ ਜਾ ਰਿਹਾ ਸੀ, ਉਹ ਸਭ ਕੁਝ ਦਸ ਦਿੱਤਾ ਜੋ ਉਹ ਜਾਣਦੀ ਸੀ। ਅਤੇ ਉਹਨਾਂ ਲੋਕਾਂ ਦਾ ਵਰਣਨ ਕਰਦੇ ਹੋਏ ਜਿਹੜੇ ਉਹਦੇ ਦਿਲ ਨੂੰ ਬਹੁਤ ਪਿਆਰੇ ਸਨ, ਮਾਂ ਨੇ ਆਪਣੇ ਸ਼ਬਦਾਂ ਵਿੱਚ ਉਹ ਸਾਰੀ ਸ਼ਕਤੀ ਅਤੇ ਪਿਆਰ ਦੀ ਬਹੁਲਤਾ ਪਾ ਦਿੱਤੀ ਜਿਹੜੀ ਜ਼ਿੰਦਗੀ ਦੇ ਉਤਾਰ ਚੜ੍ਹਾ ਕਾਰਨ ਇੰਨੀ ਪਛੜ ਕੇ ਪ੍ਰਫੁਲਤ ਹੋਈ ਸੀ। ਅਤੇ ਉਹਨੇ ਆਪ ਖੁਸ਼ੀ ਨਾਲ਼ ਉਹਨਾਂ ਲੋਕਾਂ ਨੂੰ ਵੇਖਿਆ, ਜਿਹੜੇ ਉਹਦੇ ਜਜ਼ਬੇ ਨਾਲ਼ ਰੁਸ਼ਨਾਏ ਅਤੇ ਵਡਿਆਏ ਉਹਦੇ ਮਨ ਦੀਆਂ ਅੱਖਾਂ ਸਾਹਮਣੇ ਉੱਭਰੇ ਸਨ।

"ਤੇ ਇਹ ਕੰਮ ਸਾਰੀ ਧਰਤੀ ਉੱਤੇ ਹੋ ਰਿਹੈ, ਹਰ ਸ਼ਹਿਰ ਤੇ ਪਿੰਡ ਵਿੱਚ। ਚੰਗੇ ਲੋਕਾਂ ਦੇ ਬਲ ਦਾ ਕੋਈ ਪਾਰਾਵਾਰ ਨਹੀਂ ਤੇ ਇਹ ਵੱਧ ਰਿਹੈ ਤੇ ਸਾਡੀ ਜਿੱਤ ਦੀ ਘੜੀ ਆਉਣ ਤੱਕ ਵੱਧਦਾ ਰਹੇਗਾ।..."

ਉਹਦੀ ਅਵਾਜ਼ ਇਕਸਾਰ ਚੱਲ ਰਹੀ ਸੀ ਅਤੇ ਉਹਨੂੰ ਸ਼ਬਦ ਲੱਭਣ ਵਿੱਚ ਕੋਈ ਔਖ ਨਾ ਹੁੰਦੀ, ਜਿਨ੍ਹਾਂ ਨੂੰ ਉਹ ਆਪਣੇ ਦਿਲ ਨੂੰ ਉਸ ਦਿਨ ਦੇ ਲਹੂ ਅਤੇ ਗੰਦ ਤੋਂ ਸਾਫ਼ ਕਰਨ ਦੀ ਇੱਛਾ ਦੇ ਤਕੜੇ ਧਾਗੇ ਵਿੱਚ ਰਾਂਗਲੇ ਮਣਕਿਆਂ ਵਾਂਗ ਪ੍ਰੋਈ ਜਾਂਦੀ। ਉਹ ਵੇਖ ਸਕਦੀ ਸੀ ਕਿ ਇਹ ਮੂਜ਼ੀਕ ਉਹਦੀ ਗੱਲ ਤੋਂ ਪ੍ਰਭਾਵਤ ਹੋਏ ਸਨ; ਉਹ ਅਹਿਲ ਬੈਠੇ ਸਨ, ਉਹਨਾਂ ਦੀਆਂ ਅੱਖਾਂ ਮਾਂ ਦੇ ਮੂੰਹ 'ਤੇ ਜੁੜੀਆਂ ਹੋਈਆਂ ਸਨ, ਅਤੇ ਉਹ ਆਪਣੇ ਕੋਲ਼ ਬੈਠੀ ਇਸਤਰੀ ਦੇ ਰੁਕ ਰੁਕ ਕੇ ਲਏ ਸਾਹਾਂ ਦੀ ਅਵਾਜ਼ ਸੁਣ ਸਕਦੀ ਸੀ। ਅਤੇ ਇਸ ਗੱਲ ਨੇ ਆਪਣੇ ਬ੍ਰਿਤਾਂਤ ਵਿੱਚ ਅਤੇ ਉਹਨਾਂ ਲੋਕਾਂ ਨਾਲ਼ ਉਹ ਜਿਹੜੇ ਕਰਾਰ ਕਰ ਰਹੀ ਸੀ ਉਹਨਾਂ ਵਿੱਚ ਉਹਦੇ ਆਪਣੇ ਨਿਸ਼ਚੇ ਨੂੰ ਪੱਕਾ ਕੀਤਾ।...

"ਇਹ ਲਾਜ਼ਮੀ ਹੈ ਕਿ ਉਹ ਸਾਰੇ ਜਿਨ੍ਹਾਂ ਦੀ ਜ਼ਿੰਦਗੀ ਕਰੜੀ ਵੇ, ਉਹ ਸੱਭੇ ਜਿਨ੍ਹਾਂ ਨੂੰ ਥੁੜ ਨੇ ਸਾਹ-ਸਤ-ਹੀਣ ਕਰ ਦਿੱਤਾ ਵੇ, ਉਹ ਸੱਭੇ ਜਿਨ੍ਹਾਂ ਨੂੰ ਅਮੀਰਾਂ ਅਤੇ ਉਹਨਾਂ ਦੇ ਚਾਟੜਿਆਂ ਨੇ ਗ਼ੈਰ-ਕਾਨੂੰਨੀ ਤੌਰ 'ਤੇ ਕੁਚਲਿਆ ਵੇ — ਉਹ ਸੱਭੇ ਉਹਨਾਂ ਲੋਕਾਂ ਨਾਲ਼ ਰਲ ਜਾਣ ਜਿਹੜੇ ਜੇਲ੍ਹਾਂ ਵਿੱਚ ਮਰਦੇ ਨੇ ਤੇ ਆਪਣੇ ਭਰਾਵਾਂ ਖ਼ਾਤਰ ਜ਼ੁਲਮ ਦਾ ਸ਼ਿਕਾਰ ਹੁੰਦੇ ਨੇ। ਆਪਣੇ ਬਾਰੇ ਸੋਚੇ ਬਿਨਾਂ ਉਹ ਸਭਨਾਂ ਲੋਕਾਂ ਦੀ ਖੁਸ਼ੀ ਦੇ ਰਾਹ ਵੱਲ ਇਸ਼ਾਰਾ ਕਰਦੇ ਨੇ; ਧੋਖਾ ਦੇਣ ਦੇ ਕਿਸੇ ਜਤਨ ਤੋਂ ਬਿਨਾਂ ਉਹ ਕਹਿੰਦੇ ਨੇ — 'ਰਾਹ ਔਖਾ ਵੇ' — ਤੇ ਉਹ ਕਿਸੇ ਨੂੰ ਇਸ ਗੱਲ 'ਤੇ ਮਜ਼ਬੂਰ ਨਹੀਂ ਕਰਦੇ ਕਿ ਉਹ ਇਸ ਰਾਹ ਉੱਤੇ ਚੱਲੇ। ਪਰ ਜੇ ਕੋਈ ਇੱਕ ਵਾਰ ਉਹਨਾਂ ਦੇ ਨਾਲ਼ ਖੜਾ ਹੋ ਗਿਆ ਵੇ ਤਾਂ ਉਹ ਉਹਨਾਂ ਦਾ ਸਾਥ ਕਦੀ ਨਹੀਂ ਛਡੇਗਾ ਕਿਉਂਕਿ ਉਹ

ਵੇਖ ਸਕਦੈ ਕਿ ਇਹ ਠੀਕ ਵੇ — ਇਹੋ ਰਾਹ ਵੇ ਤੇ ਹੋਰ ਕੋਈ ਨਹੀਂ!"

ਉਹ ਜੋ ਕੁਝ ਲੰਮੇ ਸਮੇਂ ਤੋਂ ਕਰਨਾ ਚਾਹੁੰਦੀ ਸੀ ਉਹ ਕਰਕੇ ਮਾਂ ਹਲੂਣੀ ਗਈ ਸੀ। ਉਹ ਆਪ ਲੋਕਾਂ ਨੂੰ ਸੱਚ ਦਸ ਰਹੀ ਸੀ!

"ਤੁਸੀਂ ਬਿਨਾਂ ਖਟਕੇ ਅਜਿਹੇ ਲੋਕਾਂ ਦੇ ਪਿੱਛੇ ਚੱਲ ਸਕਦੇ ਓ। ਕਿਸੇ ਨਿੱਕੇ ਮੋਟੇ ਲਾਭ ਨਾਲ਼ ਉਹਨਾਂ ਦੀ ਤਸੱਲੀ ਨਹੀਂ ਹੋਣ ਲੱਗੀ। ਜਿੰਨ੍ਹਾਂ ਚਿਰ ਉਹ ਇਸ ਸਾਰੇ ਧੋਖੇ, ਸਾਰੇ ਲਾਲਚ ਅਤੇ ਬੁਰਾਈ ਦਾ ਅੰਤ ਨਹੀਂ ਕਰ ਦੇਂਦੇ, ਉਹ ਰੁਕਣ ਨਹੀਂ ਲੱਗੇ। ਉਹ ਉਦੋਂ ਤੱਕ ਹੱਥ ਉੱਤੇ ਹੱਥ ਧਰ ਕੇ ਬਹਿਣ ਨਹੀਂ ਲੱਗੇ ਜਦੋਂ ਤੱਕ ਸਾਰੇ ਲੋਕ ਇਕੱਠੇ ਨਹੀਂ ਹੋ ਜਾਂਦੇ ਤੇ ਇਹ ਇੱਕ ਅਵਾਜ਼ ਨਾਲ਼ ਨਹੀਂ ਕਹਿੰਦੇ, 'ਮੈਂ ਆਪ ਮਾਲਕ ਵਾਂ! ਮੈਂ ਆਪ ਉਹ ਕਾਨੂੰਨ ਬਣਾਵਾਂਗਾ ਜਿਹੜੇ ਸਭਨਾਂ ਲਈ ਇੱਕੋ ਜਿਹੇ ਹੋਣਗੇ!' "

ਅਚਾਨਕ ਉਹਨੂੰ ਥਕੇਵਾਂ ਲੱਗਾ। ਉਹਨੇ ਬੋਲਣਾ ਬੰਦ ਕਰ ਦਿੱਤਾ ਅਤੇ ਆਪਣੇ ਸ੍ਰੋਤਿਆ ਵੱਲ ਵੇਖਿਆ, ਇਹ ਅਨੁਭਵ ਕਰਕੇ ਉਹਨੂੰ ਖੁਸ਼ੀ ਹੋਈ ਕਿ ਉਹਦੀ ਗੱਲ ਵਿਅਰਥ ਨਹੀਂ ਗਈ। ਮਰਦ ਆਸ ਨਾਲ਼ ਉਹਦੇ ਵੱਲ ਵੇਖੀ ਗਏ। ਪਿਓਤਰ ਨੇ ਆਪਣੀਆਂ ਬਾਹਾਂ ਛਾਤੀ ਉੱਤੇ ਇਕੱਠੀਆਂ ਕਰ ਲਈਆਂ ਅਤੇ ਆਪਣੀਆਂ ਅੱਖਾਂ ਸੁਕੇੜ ਲਈਆਂ, ਉਹਦੇ ਬੁੱਲ੍ਹਾਂ ਉੱਤੇ ਮੁਸਕਾਨ ਖੇਡ ਰਹੀ ਸੀ। ਸਤੀਪਾਨ ਨੇ ਇੱਕ ਅਰਕ ਮੇਜ਼ ਉੱਤੇ ਟਿਕਾਈ ਹੋਈ ਸੀ ਅਤੇ ਆਪਣੀ ਪੂਰੀ ਦੇਹ ਦਾ ਭਾਰ ਅੱਗੇ ਵੱਲ ਪਾ ਕੇ ਝੁਕਿਆ ਹੋਇਆ ਸੀ ਜਿਵੇਂ ਉਹ ਅਜੇ ਤੱਕ ਸੁਣ ਰਿਹਾ ਹੋਵੇ। ਉਹਦਾ ਸਾਰਾ ਮੂੰਹ ਹਨੇਰੇ ਵਿੱਚ ਸੀ ਅਤੇ ਸ਼ਾਇਦ ਇਸੇ ਲਈ ਹੁਣ ਵਧੇਰੇ ਮੁਕੰਮਲ ਜਾਪਦਾ ਸੀ। ਉਹਦੀ ਘਰਵਾਲੀ, ਮਾਂ ਦੇ ਕੋਲ਼ ਬੈਠੀ, ਆਪਣੀਆਂ ਅਰਕਾਂ ਗੋਡਿਆਂ ਉੱਤੇ ਰੱਖ ਕੇ, ਫਰਸ਼ ਉੱਤੇ ਨਜ਼ਰਾਂ ਟਿਕਾਈ ਬੈਠੀ ਸੀ।

"ਸੱਚ ਮੁਚ ਇਸੇ ਤਰ੍ਹਾਂ ਏ," ਪਿਓਤਰ ਨੇ ਕਿਹਾ ਅਤੇ ਬੜੇ ਧਿਆਨ ਨਾਲ਼ ਬੈਂਚ ਉੱਤੇ ਬਹਿ ਗਿਆ।

ਸਤੀਪਾਨ ਸਿੱਧਾ ਹੋ ਕੇ ਬਹਿ ਗਿਆ, ਆਪਣੀ ਘਰਵਾਲੀ ਵੱਲ ਵੇਖਿਆ ਅਤੇ ਆਪਣਾ ਹੱਥ ਅੱਗੇ ਵਧਾਇਆ, ਜਿਵੇਂ ਉਹ ਉੱਥੇ ਮੌਜੂਦ ਸਭਨਾਂ ਨੂੰ ਕਲਾਵੇ ਵਿੱਚ ਲੈ ਲੈਣਾ ਚਾਹੁੰਦਾ ਹੋਵੇ।...

"ਜੇ ਤੁਸੀਂ ਇੱਕ ਵਾਰ ਅਜਿਹਾ ਕੰਮ ਸ਼ੁਰੂ ਕਰ ਦਿਓ," ਉਹਨੇ ਸੋਚਦੇ ਹੋਏ ਕਿਹਾ, "ਤਾਂ ਤੁਹਾਨੂੰ ਜ਼ਰੂਰ ਹੀ ਆਪਣੀ ਸਾਰੀ ਰੂਹ ਇਹਦੇ ਵਿੱਚ ਸੁੱਟਣੀ ਪੈਂਦੀ ਏ।..."

"ਪਿੱਛੇ ਪਰਤ ਕੇ ਵੇਖਿਆ ਵੀ ਨਹੀਂ ਜਾ ਸਕਦਾ," ਪਿਓਤਰ ਨੇ ਝਕਦੇ ਝਕਦੇ ਕਿਹਾ।

"ਜਾਪਦੈ ਇਹਦੈ ਵਿੱਚ ਬਹੁਤ ਲੋਕ ਸ਼ਾਮਲ ਨੇ," ਸਤੀਪਾਨ ਨੇ ਕਿਹਾ।

"ਇਹਦੇ ਵਿੱਚ ਸਾਰੀ ਦੁਨੀਆਂ ਸ਼ਾਮਲ ਏ," ਪਿਓਤਰ ਬੋਲਿਆ।

## 18

ਮਾਂ ਨੇ ਕੰਧ ਦਾ ਢਾਸਣਾ ਲਾ ਲਿਆ ਅਤੇ ਉਹ ਜਿਹੜੇ ਸ਼ਾਂਤ ਲਫਜ਼ਾਂ ਨਾਲ਼ ਮਾਮਲਿਆਂ ਨੂੰ ਹਾੜ ਰਹੇ ਸਨ, ਉਹਨਾਂ ਨੂੰ ਸੁਣਦੀ ਰਹੀ। ਤਾਤੀਆਨਾ ਉੱਠੀ, ਆਪਣੇ ਆਲੇ ਦੁਆਲੇ

ਵੇਖਿਆ ਅਤੇ ਫਿਰ ਬਹਿ ਗਈ। ਮੁਜ਼ੀਕਾਂ ਵੱਲ ਘਿਰਣਾ ਅਤੇ ਨਾਰਾਜ਼ਗੀ ਨਾਲ਼ ਵੇਖਦੀਆਂ ਉਹਦੀਆਂ ਬਿੱਲੀਆਂ ਅੱਖਾਂ ਵਿੱਚ ਇੱਕ ਠੰਢੀ ਚਮਕ ਸੀ। ਅਚਾਨਕ ਉਹ ਮਾਂ ਵੱਲ ਮੁੜੀ।

"ਤੂੰ ਆਪਣੀ ਜ਼ਿੰਦਗੀ ਵਿੱਚ ਬੜਾ ਦੁੱਖ ਵੇਖਿਆ ਹੋਣੈ," ਉਹਨੇ ਕਿਹਾ।

"ਹਾਂ, ਮੈਂ ਵੇਖਿਐ," ਮਾਂ ਬੋਲੀ।

"ਤੇਰੀਆਂ ਗੱਲਾਂ ਸੁਣਨਾ ਚੰਗਾ ਲੱਗਦੈ — ਤੇਰੇ ਬੋਲ ਦਿਲ ਦੇ ਤਾਰ ਛੇੜਦੇ ਨੇ। ਜਦੋਂ ਮੈਂ ਤੇਰੀ ਗੱਲ ਸੁਣਦੀ ਆਂ, ਮੈਂ ਸੋਚਦੀ ਆਂ — ਹਾਏ ਰੱਬਾ, ਜਿਹੋ ਜਿਹੇ ਲੋਕਾਂ ਦੀ ਤੂੰ ਗੱਲ ਕਰਨੀ ਏਂ ਉਹਨਾਂ ਨੂੰ ਇੱਕ ਝਾਤ ਵੇਖਣ ਲਈ ਮੈਂ ਕੀ ਨਾ ਦਿਆਂ! ਤੇ ਖੁਦ ਜ਼ਿੰਦਗੀ ਨੂੰ ਇੱਕ ਝਾਤ ਵੇਖਣ ਲਈ। ਇੱਥੇ ਸਾਨੂੰ ਕੀ ਦਿੱਸਦੈ? ਅਸੀਂ ਬਸ ਭੇਡਾਂ ਦਾ ਇੱਕ ਇੱਜੜ ਆਂ, ਤੇ ਬਸ! ਮੇਰੀ ਹੀ ਗੱਲ ਲੈ। ਮੈਨੂੰ ਪੜ੍ਹਨਾ ਲਿਖਣਾ ਆਉਂਦੈ; ਮੈਂ ਕਿਤਾਬਾਂ ਪੜ੍ਹਦੀ ਆਂ ਤੇ ਬਹੁਤ ਸੋਚਦੀ ਆਂ — ਕਈ ਵਾਰ ਤਾਂ ਸੋਚੀਂ ਡੁੱਬੀ ਮੈਂ ਰਾਤ ਨੂੰ ਸੌਂ ਵੀ ਨਹੀਂ ਸਕਦੀ। ਪਰ ਇਸ ਤੋਂ ਕੀ ਨਿਕਲਦੈ? ਜੇ ਮੈਂ ਸੋਚਣਾ ਬੰਦ ਕਰ ਦਿੱਤਾ ਤਾਂ ਮੈਂ ਬੇਅਰਥ ਹੀ ਸੁੱਕ ਜਾਵਾਂਗੀ, ਤੇ ਜੇ ਮੈਂ ਸੋਚਦੀ ਰਹਾਂ ਤਾਂ ਵੀ ਬੇਅਰਥ ਹੀ ਹੋਵੇਗਾ।"

ਉਹਦੀਆਂ ਅੱਖਾਂ ਵਿੱਚ ਮਸਖਰੀ ਸੀ ਅਤੇ ਕਈ ਵਾਰ ਉਹ ਆਪਣੀ ਗੱਲ ਨੂੰ ਧਾਗੇ ਵਾਂਗ ਟੁਕਦੀ। ਮੁਜ਼ੀਕ ਕੁਝ ਨਾ ਬੋਲੇ। ਹਵਾ ਬਾਰੀ ਦੇ ਸ਼ੀਸ਼ਿਆਂ ਨੂੰ ਥਪਕਦੀ ਰਹੀ, ਦੂਦ-ਕਸ਼ ਵਿੱਚ ਹੌਲ਼ੀ ਹੌਲ਼ੀ ਬੁੜਬੁੜਾਉਂਦੀ ਰਹੀ ਅਤੇ ਛੱਤ ਉੱਤੇ ਪਾਈ ਪਰਾਲੀ ਵਿੱਚ ਸਰ ਸਰ ਕਰਦੀ ਰਹੀ। ਇੱਕ ਕੁੱਤਾ ਹਵਾਂਕਿਆ। ਕਦੀ ਕਦੀ ਮੀਂਹ ਦੀ ਕੋਈ ਕਣੀ ਬਾਰੀ ਨਾਲ਼ ਵੱਜਦੀ। ਲੈਂਪ ਦੀ ਲਾਟ ਟਿਮਟਿਮਾਈ ਅਤੇ ਲਗਭਗ ਬੁਝ ਗਈ, ਕੇਵਲ ਮੁੜ ਸੁਰਜੀਤ ਹੋਣ ਤੇ ਤੇਜ਼ ਅਤੇ ਲਗਾਤਾਰ ਬਲਣ ਲਈ।

"ਤੇਰੀ ਗੱਲ ਸੁਣਦਿਆਂ ਮੈਂ ਦਿਲ ਹੀ ਦਿਲ ਵਿੱਚ ਕਹਿੰਦੀ ਰਹੀ: ਲੋਕ ਇਸੇ ਲਈ ਜੰਮਦੇ ਨੇ! ਇਹ ਬੜੀ ਅਜੀਬ ਗੱਲ ਏ, ਪਰ ਮੈਂ ਸਭ ਕੁਝ ਜਾਣਦੀ ਜਾਪਦੀ ਸਾਂ! ਪਰ ਮੈਂ ਪਹਿਲਾਂ ਕਦੀ ਅਜਿਹੀ ਗੱਲ ਨਹੀਂ ਸੁਣੀ ਅਤੇ ਮੇਰੇ ਆਪਣੇ ਮਨ ਵਿੱਚ ਕਦੀ ਅਜਿਹੇ ਖ਼ਿਆਲ ਨਹੀਂ ਆਏ।..."

"ਸਾਨੂੰ ਹੁਣ ਕੁਝ ਖਾਣਾ ਚਾਹੀਦੈ ਤੇ ਲੈਂਪ ਬੁਝਾ ਦੇਣਾ ਚਾਹੀਦੈ, ਤਾਤੀਆਨਾ," ਸਤੀਪਾਨ ਨੇ ਘੂਰੀ ਵੱਟ ਕੇ ਹੌਲ਼ੀ ਜਿਹੇ ਕਿਹਾ। "ਲੋਕ ਇਹ ਵੇਖ ਲੈਣਗੇ ਕਿ ਚੂਮਾਕੋਵਾਂ ਦੀ ਬੱਤੀ ਅੱਜ ਰਾਤ ਆਮ ਨਾਲ਼ੋਂ ਦੇਰ ਤੱਕ ਬਲਦੀ ਰਹੀ ਏ। ਸਾਡਾ ਤਾਂ ਕੁਝ ਵਿਗੜਨਾ ਨਹੀਂ, ਪਰ ਇਹਨੂੰ ਜ਼ਿਆਂ ਪਹੁੰਚ ਸਕਦੀ ਏ।..."

ਤਾਤੀਆਨਾ ਉੱਠੀ ਅਤੇ ਸਟੋਵ ਵੱਲ ਗਈ।

"ਹਾਂ, ਗਵਾਂਢੀ, ਅੱਜ ਕੱਲ੍ਹ ਫੂਕ ਫੂਕ ਕੇ ਪੈਰ ਧਰਨ ਦੀ ਲੋੜ ਏ," ਪਿਓਤਰ ਮੁਸਕਰਾਇਆ। "ਜਿਉਂ ਹੀ ਇਹ ਅਖ਼ਬਾਰ ਲੱਭੇ।..."

"ਮੈਂ ਆਪਣੇ ਬਾਰੇ ਨਹੀਂ ਸੋਚ ਰਿਹਾ। ਜੇ ਉਹਨਾਂ ਮੈਨੂੰ ਫੜ ਵੀ ਲਿਆ ਤਾਂ ਇਹਦੇ ਨਾਲ਼ ਬਹੁਤ ਕੁਝ ਨਹੀਂ ਵਿਗੜਨਾ!"

ਉਹਦੀ ਘਰਵਾਲੀ ਮੇਜ਼ ਕੋਲ਼ ਆਈ।

"ਚੱਲ ਉੱਠ," ਉਹਨੇ ਕਿਹਾ।

ਉਹ ਉੱਠ ਪਿਆ ਅਤੇ ਉਹਨੂੰ ਮੇਜ਼ ਪੂੰਝਦੇ ਹੋਏ ਵੇਖਣ ਲੱਗ ਪਿਆ।

"ਤੂੰ ਤੇ ਮੈਂ ਭਰਾਵਾ, ਪੰਜ ਕੋਪੀਕ ਦਾ ਗੁੱਛਾ ਆਂ—ਤੇ ਉਹ ਵੀ ਜਦੋਂ ਗੁੱਛੇ ਵਿੱਚ ਸੌ ਹੋਣ," ਉਹਨੇ ਵਿਅੰਗ ਭਰੀ ਮੁਸਕਾਨ ਨਾਲ਼ ਕਿਹਾ।

ਮਾਂ ਨੂੰ ਉਹਦੇ ਉੱਤੇ ਤਰਸ ਆਇਆ; ਜਿੰਨਾਂ ਵਧੇਰੇ ਉਹ ਉਹਨੂੰ ਜਾਣੀ ਜਾਂਦੀ, ਉੱਨਾ ਵਧੇਰੇ ਉਹ ਉਹਨੂੰ ਚੰਗਾ ਲੱਗਦਾ। ਆਪਣੀ ਗੱਲ ਕਹਿ ਲੈਣ ਪਿੱਛੋਂ ਉਹ ਦਿਨ ਦੇ ਗੰਦ ਤੋਂ ਸਾਫ਼ ਹੋ ਗਈ ਸੀ; ਉਹ ਆਪਣੇ ਆਪ 'ਤੇ ਖ਼ੁਸ਼ ਸੀ ਅਤੇ ਹਰ ਇੱਕ ਲਈ ਚੰਗੀ ਭਾਵਨਾ ਨਾਲ਼ ਭਰੀ ਹੋਈ ਸੀ।

"ਤੂੰ ਗ਼ਲਤ ਵੇਂ," ਉਹ ਬੋਲੀ। "ਆਪਣਾ ਉਹ ਮੁੱਲ ਉੱਕਾ ਨਾ ਕਬੂਲੋ ਜਿਹੜਾ ਤੁਹਾਡਾ ਖ਼ੂਨ ਚੂਸਣ ਵਾਲਿਆਂ ਮਿਥਿਐ। ਤੁਹਾਨੂੰ ਆਪ ਆਪਣਾ ਮੁੱਲ ਹਾੜਨਾ ਚਾਹੀਦੈ — ਆਪਣੇ ਅੰਦਰੇ ਦਾ ਮੁੱਲ — ਉਹ ਮੁੱਲ ਜਿਹੜਾ ਤੁਹਾਡੇ ਦੋਸਤ ਹਾੜਦੇ ਨੇ ਤੇ ਉਹ ਨਹੀਂ ਜਿਹੜਾ ਤੁਹਾਡੇ ਦੁਸ਼ਮਣ ਹਾੜਦੇ ਨੇ।..."

"ਸਾਡੇ ਦੋਸਤ ਕੌਣ ਨੇ?" ਮੁਜ਼ੀਕ ਹੌਲ਼ੀ ਜਿਹੇ ਕੂਕਿਆ। "ਅਸੀਂ ਤਾਂ ਚੱਪਾ ਚੱਪਾ ਰੋਟੀ ਪਿੱਛੇ ਪਏ ਖਹਿਬੜਦੇ ਆਂ।..."

"ਪਰ ਮੈਂ ਤੈਨੂੰ ਦੱਸਦੀ ਵਾਂ ਸਾਡੇ ਮਿੱਤਰ ਹੈਗੇ ਨੇ।..."

"ਸ਼ੈਦ, ਪਰ ਇੱਥੇ ਤਾਂ ਨਹੀਂ," ਸਤੀਪਾਨ ਨੇ ਸੋਚਦੇ ਹੋਏ ਜਵਾਬ ਦਿੱਤਾ।

"ਲੱਭਣ ਦੀ ਕੋਸ਼ਿਸ਼ ਕਿਉਂ ਨਾ ਕੀਤੀ ਜਾਵੇ।"

ਸਤੀਪਾਨ ਨੇ ਜਵਾਬ ਦੇਣ ਤੋਂ ਪਹਿਲਾਂ ਇੱਕ ਛਿਣ ਸੋਚਿਆ।

"ਹੂੰ। ਹਾਂ, ਮੇਰਾ ਖ਼ਿਆਲ ਏ ਸਾਨੂੰ ਇਹੋ ਕਰਨਾ ਚਾਹੀਦੈ।..."

"ਬਹਿ ਜਾ, ਖਾਣਾ ਤਿਆਰ ਏ," ਤਾਤੀਆਨਾ ਨੇ ਕਿਹਾ।

ਖਾਣਾ ਖਾਂਦੇ ਖਾਂਦੇ ਪਿਓਤਰ, ਜਿਹੜਾ ਮਾਂ ਦੀ ਗੱਲ ਤੋਂ ਬਹੁਤ ਪ੍ਰਭਾਵਤ ਹੋਇਆ ਸੀ, ਜਿਵੇਂ ਤ੍ਰਭਕ ਗਿਆ ਹੋਵੇ, ਇੱਕ ਵਾਰ ਫਿਰ ਚੁਲਬੁਲਾ ਹੋ ਗਿਆ।

"ਮਾਂ, ਤੈਨੂੰ ਸਵੇਰੇ ਸਵੱਖਤੇ ਚਲੇ ਜਾਣਾ ਚਾਹੀਦੈ ਤਾਂ ਜੁ ਤੇਰੇ ਵੱਲ ਧਿਆਨ ਨਾ ਖਿੱਚਿਆ ਜਾਵੇ," ਉਹ ਬੋਲਿਆ। "ਸ਼ਹਿਰ ਵਿੱਚੋਂ ਲੰਘੇ ਬਿਨਾਂ ਸਿੱਧੀ ਅਗਲੇ ਸਟੇਸ਼ਨ ਚਲੀ ਜਾਵੀਂ। ਡਾਕ-ਬੱਘੀ ਲੈ ਲਵੀਂ।..."

"ਉਹ ਬੱਘੀ ਕਿਉਂ ਲਵੇ? ਮੈਂ ਉਹਨੂੰ ਆਪਣੇ ਰੇੜ੍ਹੇ 'ਤੇ ਛੱਡ ਆਵਾਂਗਾ," ਸਤੀਪਾਨ ਨੇ ਕਿਹਾ।

"ਨਹੀਂ, ਤੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ! ਜੇ ਉਹਨਾਂ ਤੈਥੋਂ ਪੁੱਛਿਆ — 'ਉਹਨੇ ਰਾਤ ਤੇਰੇ ਕੱਟੀ ਸੀ?' 'ਹਾਂ, ਉਹਨੇ ਕੱਟੀ ਸੀ।' 'ਹੁਣ ਉਹ ਕਿੱਥੇ ਏ?' 'ਮੈਂ ਉਹਨੂੰ ਸਟੇਸ਼ਨ 'ਤੇ ਛੱਡ ਆਇਆ ਸਾਂ।' 'ਆਹਾ! ਸੋ ਤੂੰ ਨੱਠਣ ਵਿੱਚ ਉਹਦੀ ਮਦਦ ਕੀਤੀ!' ਤੇ ਤੂੰ ਗਿਆ ਸਿੱਧਾ ਜੇਲ੍ਹ! ਸਮਝਿਆਂ? ਜੇਲ੍ਹ ਜਾਣ ਵਿੱਚ ਕਾਹਲ ਕਰਨ ਦੀ ਲੋੜ ਨਹੀਂ। ਹਰ ਗੱਲ ਸਮੇਂ ਨਾਲ਼ ਚੰਗੀ ਹੁੰਦੀ ਏ। ਜਿਹਾ ਕਿ ਅਖਾਣ ਏ, ਵੇਲਾ ਆਉਣ 'ਤੇ ਜ਼ਾਰ ਨੇ ਵੀ ਮਰ ਜਾਣੈ। ਪਰ ਇਉਂ

ਉਹਨੇ ਬਸ ਰਾਤ ਕੱਟੀ, ਘੋੜੇ ਭਾੜੇ ’ਤੇ ਲਏ, ਚਲੀ ਗਈ। ਅਨੇਕ ਲੋਕ ਇੱਥੇ ਰਾਤ ਕੱਟਦੇ ਨੇ ਕਿਉਂਕਿ ਸਾਡਾ ਪਿੰਡ ਜਰਨੈਲੀ ਸੜਕ ਉੱਤੇ ਏ।...”

“ਤੈਨੂੰ ਇੰਨਾ ਡਰੂ ਹੋਣਾ ਕਿਸਨੇ ਸਿਖਾਇਐ, ਪਿਓਤਰ?” ਤਾਤੀਆਨਾ ਨੇ ਲਾ ਕੇ ਪੁੱਛਿਆ।

“ਬੰਦੇ ਨੂੰ ਸਭ ਗੱਲ ਦਾ ਪਤਾ ਹੋਣਾ ਚਾਹੀਦੈ, ਗਵਾਂਢਣੇ — ਕਦੋਂ ਡਰਾਕਲ ਹੋਣੈ ਤੇ ਕਦੋਂ ਦਲੇਰ,” ਪਿਓਤਰ ਨੇ ਗੋਡੇ ਉੱਤੇ ਹੱਥ ਮਾਰਦੇ ਹੋਏ ਕਿਹਾ। “ਯਾਦ ਈ ਜਦੋਂ ਵਗਾਨੋਲ ਕੋਲ਼ੋਂ ਅਖ਼ਬਾਰ ਫੜਿਆ ਗਿਆ ਤਾਂ ਉਹਨਾਂ ਉਹਦੀ ਕਿਵੇਂ ਖ਼ਬਰ ਲਈ। ਹੁਣ ਤੁਸੀਂ ਕਿਸੇ ਮੁੱਲੋਂ ਕਿਤਾਬ ਉਹਦੇ ਹੱਥ ਨਹੀਂ ਦੇ ਸਕਦੇ। ਪਰ ਮੇਰੇ ’ਤੇ ਇਤਬਾਰ ਕਰ ਮਾਂ। ਮੈਂ ਬੜਾ ਖਚਰਾ ਘੰਡ ਆਂ, ਤੇ ਸਾਰੇ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਨੇ, ਤੇ ਮੈਂ ਤੇਰੇ ਅਖ਼ਬਾਰ ਤੇ ਇਸ਼ਤਿਹਾਰ ਵੰਡ ਦਿਆਂਗਾ — ਜਿੰਨੇ ਤੇਰਾ ਜੀਅ ਕਰੇ ਅਤੇ ਐਨ ਠੀਕ ਥਾਵੀਂ। ਇਹ ਸੱਚ ਏ ਕਿ ਸਾਡੇ ਬਹੁਤ ਲੋਕ ਪੜ੍ਹ ਨਹੀਂ ਸਕਦੇ, ਤੇ ਨਾਲ਼ੇ ਉਹ ਡਰਦੇ ਨੇ, ਪਰ ਕਈ ਵਾਰ ਬੰਦਾ ਇਉਂ ਨਪੀੜਿਆ ਜਾਂਦੈ ਕਿ ਉਹ ਅੱਖਾਂ ਖੋਹਲੇ ਅਤੇ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਇਹਦੇ ਬਾਰੇ ਕੀ ਕੀਤਾ ਜਾਵੇ। ਤੇ ਇਹ ਇਸ਼ਤਿਹਾਰ ਤੁਹਾਨੂੰ ਸਾਫ਼ ਦੱਸਦੇ ਨੇ : ਸੋਚੋ! ਆਪਣਾ ਸਿਰ ਵਰਤੋ! ਕਈ ਲੋਕ ਜਿਹੜੇ ਪੜ੍ਹ ਨਹੀਂ ਸਕਦੇ ਉਹਨਾਂ ਤੋਂ ਵੱਧ ਜਾਣਦੇ ਨੇ ਜਿਹੜੇ ਪੜ੍ਹ ਸਕਦੇ ਨੇ — ਖ਼ਾਸ ਤੌਰ ’ਤੇ ਉਹ ਜਿਨ੍ਹਾਂ ਦੇ ਢਿੱਡ ਭਰੇ ਹੁੰਦੇ ਨੇ। ਮੈਂ ਦੇਸ਼ ਦੇ ਇਸ ਹਿੱਸੇ ਵਿੱਚ ਹਰ ਥਾਂ ਭੌਂਵਿਆ ਆਂ ਤੇ ਸਭ ਕੁਝ ਵੇਖਿਐ। ਅਸੀਂ ਇਹ ਕੰਮ ਕਰ ਤਾਂ ਲਵਾਂਗੇ, ਪਰ ਸਾਨੂੰ ਆਪਣੀ ਅਕਲ ਵਰਤਣੀ ਚਾਹੀਦੀ ਏ ਤੇ ਖ਼ਚਰੇ ਹੋਣਾ ਚਾਹੀਦੈ ਤਾਂ ਜੁ ਮੁੱਢ ਵਿੱਚ ਹੀ ਫੜੇ ਨਾ ਜਾਈਏ। ਹਾਕਮਾਂ ਨੂੰ ਭਿਣਕ ਪੈ ਗਈ ਏ ਕਿ ਮੁਜ਼ੀਕ ਦਾ ਰੌਂਅ ਚੰਗਾ ਨਹੀਂ ਰਿਹਾ—ਉਹਨੇ ਮੁਸਕਰਾਉਣਾ ਛੱਡ ਦਿੱਤੈ ਤੇ ਮੁਹੱਬਤੀ ਤਾਂ ਉਹ ਉੱਕਾ ਹੀ ਨਹੀਂ ਰਿਹਾ। ਕੁਲ ਮਿਲਾਕੇ ਜਾਪਦੈ ਕਿ ਉਹ ਹੁਕਮਾਂ ਨਾਲ਼ ਤੋੜ ਵਿਛੋੜਾ ਕਰਨਾ ਚਾਹੁੰਦੈ! ਪਿਛਲੇ ਦਿਨ ਉਹ ਟੈਕਸ ਉਗਰਾਹਣ ਸਮੋਲਯਾਕੋਵੋ ਆਏ—ਐਥੇ ਨੇੜੇ ਈ ਇੱਕ ਪਿੰਡ ਏ—ਤੇ ਮੁਜ਼ੀਕ ਅੱਗੋਂ ਮੁਤਹਿਰਾਂ ਲੈ ਕੇ ਉਹਨਾਂ ਨੂੰ ਪਏ! ਪੁਲਿਸ ਦੇ ਮੁਖੀ ਨੇ ਕੋਈ ਲਲੋ ਪਤੋ ਨਾ ਕੀਤੀ — ‘ਸੋ ਤੁਸੀਂ ਜ਼ਾਰ ਦੇ ਖ਼ਿਲਾਫ਼ ਓ, ਬਦਮਾਸ਼ੋ?’ ਉਹ ਕੂਕਿਆ। ਉੱਥੇ ਇੱਕ ਮੁਜ਼ੀਕ ਸੀ — ਸਪੀਵਾਕਿਨ ਨਾਂ ਸੀ ਉਹਦਾ — ਉਹਨੇ ਇੱਟ ਦਾ ਜਵਾਬ ਪੱਥਰ ਨਾਲ਼ ਦਿੱਤਾ। ‘ਤੂੰ ਤੇ ਤੇਰਾ ਜ਼ਾਰ ਦੋਵੇਂ ਪਵੋ ਢੱਠੇ ਖੂਹ ਵਿੱਚ,’ ਉਹਨੇ ਕਿਹਾ। ‘ਕਿਹੋ ਜਿਹਾ ਜ਼ਾਰ ਏ ਇਹ ਜਿਹੜਾ ਮੇਰੀ ਕਮੀਜ਼ ਤੱਕ ਲਾਹ ਲੈਂਦੇ?’ ਸੋ, ਮਾਮਲਾ ਇੱਥੋਂ ਤੱਕ ਚਲਾ ਗਿਐ, ਮਾਂ। ਪੱਕੀ ਗੱਲ ਏਂ, ਉਹਨਾਂ ਸਪੀਵਾਕਿਨ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ, ਪਰ ਉਹਦੀ ਗੱਲ ਨੂੰ ਤਾਂ ਉਹ ਕੈਦ ਨਾ ਕਰ ਸਕੇ। ਗਭਰੇਟਾਂ ਨੂੰ ਵੀ ਚੇਤੇ ਏ ਉਹਨੇ ਕੀ ਕਿਹਾ ਸੀ। ਉਹਦੀ ਗੱਲ ਗੂੰਜਦੀ ਈ ਜਾਂਦੀ ਏ!”

ਉਹਨੇ ਕੁਝ ਨਾ ਖਾਧਾ, ਪਰ ਨਿੰਮ੍ਹੀ ਅਵਾਜ਼ ਵਿੱਚ ਕਾਹਲੀ ਕਾਹਲੀ ਗੱਲਾਂ ਕਰੀ ਗਿਆ, ਚਮਕਦੀਆਂ ਕਾਲ਼ੀਆਂ, ਖਚਰੀਆਂ ਅੱਖਾਂ ਨਾਲ਼ ਇੱਧਰ ਉੱਧਰ ਵੇਖਦਾ, ਕਿਸਾਨਾਂ ਦੀ ਜ਼ਿੰਦਗੀ ਬਾਰੇ ਆਪਣੇ ਅਨੇਕ ਵਿਚਾਰ ਖੁੱਲ੍ਹ-ਦਿਲੀ ਨਾਲ਼ ਮਾਂ ਨੂੰ ਦੇਂਦਾ, ਜਿਵੇਂ ਉਹ ਬਟੂਏ ਵਿੱਚੋਂ ਖਿਲਾਰੀਆਂ ਮੁਹਰਾਂ ਹੋਣ।

ਦੋ ਵਾਰ ਸਤੀਪਾਨ ਨੇ ਉਹਦੀ ਗੱਲ ਟੋਕੀ ਤੇ ਕਿਹਾ:

"ਤੈਨੂੰ ਕੁਝ ਖਾਣਾ ਵੀ ਚਾਹੀਦੈ।..."

"ਦੋਵੇਂ ਵਾਰ ਪਿਓਤਰ ਨੇ ਡਬਲ ਰੋਟੀ ਦਾ ਟੋਟਾ ਅਤੇ ਆਪਣਾ ਚਮਚਾ ਚੁੱਕਿਆ ਅਤੇ ਕਿਸੇ ਤਾਨਾਂ ਮਾਰਦੇ ਚੰਡੋਲ ਵਾਂਗ ਆਪਣੇ ਕਿੱਸੇ ਸੁਣਾਈ ਗਿਆ। ਜਦੋਂ ਖਾਣਾ ਖ਼ਤਮ ਹੋ ਗਿਆ ਤਾਂ ਉਹ ਅਚਾਨਕ ਉੱਛਲ ਕੇ ਖੜਾ ਹੋ ਗਿਆ।

"ਚੰਗਾ ਹੁਣ ਮੇਰੇ ਜਾਣ ਦਾ ਵੇਲਾ ਹੋ ਗਿਐ! ਸ਼ੁਭ ਰਾਤ ਮਾਂ," ਉਹਨੇ ਮਾਂ ਨਾਲ਼ ਹੱਥ ਮਿਲਾਉਂਦੇ ਅਤੇ ਸਿਰ ਹਿਲਾਉਂਦੇ ਹੋਏ ਕਿਹਾ। "ਸ਼ੈਦ ਅਸੀਂ ਮੁੜਕੇ ਕਦੀ ਨਾ ਮਿਲੀਏ, ਪਰ ਮੈਂ ਚਾਹੁੰਦਾਂ ਤੂੰ ਜਾਣ ਲੈ ਕਿ ਮੇਰੇ ਖ਼ਿਆਲ ਵਿੱਚ ਇਹ ਸਭ ਕੁਝ ਸ਼ਾਨਦਾਰ ਏ—ਤੈਨੂੰ ਮਿਲਣਾ ਤੇ ਤੇਰੀਆਂ ਗੱਲਾਂ ਸੁਣਨਾ ਸ਼ਾਨਦਾਰ ਏ! ਤੇਰੇ ਸੂਟਕੇਸ ਵਿੱਚ ਅਖ਼ਬਾਰਾਂ ਤੋਂ ਬਿਨਾਂ ਕੁਝ ਹੋਰ ਵੀ ਏ? ਇੱਕ ਊਨੀ ਸ਼ਾਲ—ਚੰਗੀ ਗੱਲ ਏ! ਯਾਦ ਰੱਖੀਂ ਸਤੀਪਾਨ! ਇਹ ਤੇਰਾ ਸੂਟਕੇਸ ਹੁਣੇ ਇੱਥੇ ਲੈ ਆਵੇਗਾ! ਚੱਲ ਆ ਸਤੀਪਾਨ! ਸ਼ੁਭ ਰਾਤ ਤੇ ਚੰਗੇ ਭਾਗ!..."

ਉਹਨਾਂ ਦੇ ਜਾਣ ਪਿੱਛੋਂ ਕਾਕਰੋਚਾਂ ਦੇ ਨੱਠਣ ਦੀ ਅਵਾਜ਼ ਸੁਣਾਈ ਦੇਣ ਲੱਗ ਪਈ। ਹਵਾ ਛੱਤ ਦੇ ਉੱਤੇ ਛਣਕਦੀ, ਦੂਦ-ਕਸ਼ ਵਿੱਚ ਚਾਂਘਰਦੀ ਅਤੇ ਨਿੱਕੀਆਂ ਨਿੱਕੀਆਂ ਕਣੀਆਂ ਅਕਾਊ ਢੰਗ ਨਾਲ਼ ਬਾਰੀਆਂ ਨਾਲ਼ ਵੱਜਦੀਆਂ ਰਹੀਆਂ। ਤਾਤੀਆਨਾ ਨੇ ਸਟੋਵ ਦੇ ਉਪਰਲੇ ਫੱਟੇ ਉੱਪਰੋਂ ਵਿਛਾਈ ਚੁੱਕ ਕੇ ਇੱਕ ਬੈਂਚ ਉੱਤੇ ਵਿਛਾ ਕੇ ਮਾਂ ਲਈ ਬਿਸਤਰਾ ਕੀਤਾ।

"ਬੜਾ ਛੂਹਲਾ ਗੱਭਰੂ ਵੇ," ਮਾਂ ਨੇ ਕਿਹਾ। ਦੂਜੀ ਇਸਤਰੀ ਨੇ ਘੂਰੀ ਵੱਟੀ।

"ਖੱਪ ਬਹੁਤ ਪਾਉਂਦੈ, ਪਰ ਇਹਦੇ ਨਾਲ਼ ਕੁਝ ਬਣਦਾ ਨਹੀਂ।"

ਤੇ ਤੇਰਾ ਘਰਵਾਲਾ?" ਮਾਂ ਨੇ ਪੁੱਛਿਆ।

"ਉਹ ਠੀਕ ਏ — ਚੰਗਾ ਬੰਦੈ। ਪੀਂਦਾ ਨਹੀਂ। ਸਾਡੀ ਚੰਗੀ ਨਿਭਦੀ ਏ। ਪਰ ਉਹ ਦਿਲ ਦਾ ਪੱਕਾ ਨਹੀਂ।..."

ਉਹ ਸਿੱਧੀ ਖੜੀ ਹੋ ਗਈ।

"ਅਸੀਂ ਹੁਣ ਕੀ ਕਰੀਏ," ਉਹਨੇ ਥੋੜ੍ਹੀ ਦੇਰ ਰੁਕ ਕੇ ਕਿਹਾ। "ਅਸੀਂ ਬਗ਼ਾਵਤ ਨਾ ਕਰ ਦਈਏ? ਜ਼ਰੂਰ ਹੀ ਸਾਨੂੰ ਕਰਨੀ ਚਾਹੀਦੀ ਏ! ਸਾਰੇ ਇਹੋ ਗੱਲ ਸੋਚ ਰਹੇ ਨੇ, ਪਰ ਹਰ ਕੋਈ ਇਕੱਲਾ ਇਕੱਲਾ ਸੋਚਦੈ। ਅਤੇ ਉਹਨਾਂ ਨੂੰ ਉੱਚੀ ਅਵਾਜ਼ ਵਿੱਚ ਸੋਚਣਾ ਚਾਹੀਦੈ।... ਕਿਸੇ ਨੂੰ ਤਾਂ ਪਹਿਲਾਂ ਕਦਮ ਪੁੱਟਣਾ ਹੀ ਪਵੇਗਾ।..."

ਉਹ ਬੈਂਚ ਉੱਤੇ ਬਹਿ ਗਈ।

"ਤੂੰ ਕਹਿਨੀ ਏਂ ਕਿ ਸਾਊ ਟੱਬਰਾਂ ਦੀਆਂ ਮੁਟਿਆਰਾਂ ਵੀ ਇਹ ਕੰਮ ਕਰਨ ਲੱਗ ਪਈਆਂ ਨੇ—ਮਜ਼ਦੂਰਾਂ ਨਾਲ਼ ਮਿਲਦੀਆਂ ਜੁਲਦੀਆਂ ਤੇ ਉਹਨਾਂ ਨੂੰ ਪੜ੍ਹ ਕੇ ਸੁਣਾਉਂਦੀਆਂ। ਕੀ ਉਹਨਾਂ ਨੂੰ ਅਜਿਹਾ ਕਰਦਿਆਂ ਉਹ ਨੱਕ ਨਹੀਂ ਚਾੜ੍ਹਦੀਆਂ? ਉਹਨਾਂ ਨੂੰ ਡਰ ਨਹੀਂ ਲੱਗਦਾ?"

ਮਾਂ ਦਾ ਜਵਾਬ ਸੁਣ ਕੇ ਉਹਨੇ ਲੰਮਾ ਸਾਹ ਲਿਆ, ਅੱਖਾਂ ਨੀਵੀਂਆਂ ਕਰ ਲਈਆਂ ਅਤੇ ਸਿਰ ਝੁਕਾਇਆ।

“ਮੈਂ ਜਿਹੜੀਆਂ ਕਿਤਾਬਾਂ ਪੜ੍ਹੀਆਂ ਉਹਨਾਂ ਵਿੱਚ ਇੱਕ ਵਿੱਚ ਲਿਖਿਆ ਸੀ ‘ਬੇਅਰਥ ਜ਼ਿੰਦਗੀ’। ਅਤੇ ਮੈਂ ਇੱਕ ਦਮ ਸਮਝ ਗਈ! ਮੈਂ ਬਹੁਤ ਹੀ ਚੰਗੀ ਤਰ੍ਹਾਂ ਸਮਝਦੀ ਆਂ ਇਹ ਕਿਹੋ ਜਿਹੀ ਜ਼ਿੰਦਗੀ ਏ — ਅਰਥ ਤਾਂ ਨੇ, ਪਰ ਸਭ ਉਗੜ ਦੁਗੜ — ਆਜੜੀ ਤੋਂ ਬਿਨਾਂ ਭੇਡਾਂ ਵਾਂਗ।... ਇਹ ਏ ਜੋ ਬੇਅਰਥ ਜ਼ਿੰਦਗੀ ਹੁੰਦੀ ਏ। ਜੇ ਮੈਂ ਨੱਠ ਸਕਦੀ ਤਾਂ ਪਿੱਛੇ ਵੱਲ ਇੱਕ ਵੀ ਝਾਤ ਮਾਰੇ ਬਿਨਾਂ ਮੈਂ ਨੱਠ ਜਾਂਦੀ। ਜਦੋਂ ਤੁਹਾਨੂੰ ਮਾਮਲੇ ਦੀ ਸਮਝ ਆ ਜਾਵੇ ਤਾਂ ਤੁਸੀਂ ਬਹੁਤ ਹੀ ਦੁਖੀ ਹੁੰਦੇ ਹੋ!”

ਮਾਂ ਉਹਦੀਆਂ ਬਿੱਲੀਆਂ ਅੱਖਾਂ ਦੀ ਸੁੱਕੀ ਚਮਕ ਵਿੱਚ ਅਤੇ ਉਹਦੇ ਨਪੀੜੇ ਮੂੰਹ ਤੋਂ ਇਹ ਦੁੱਖ ਵੇਖ ਸਕਦੀ ਸੀ ਅਤੇ ਉਹਦੀ ਅਵਾਜ਼ ਵਿੱਚ ਇਹ ਸੁਣ ਸਕਦੀ ਸੀ। ਉਹ ਉਹਨੂੰ ਦਿਲਾਸਾ ਦੇਣਾ ਚਾਹੁੰਦੀ ਸੀ।

“ਪਰ ਤੂੰ ਰਾਹ ਲੱਭ ਲਿਆ ਏ, ਚੰਨੀਏ।...”

“ਇਹ ਕਾਫ਼ੀ ਨਹੀਂ। ਬੰਦੇ ਨੂੰ ਅਮਲ ਕਰਨ ਦਾ ਵੱਲ ਆਉਣਾ ਚਾਹੀਦੈ,” ਤਾਤੀਆਨਾ ਨੇ ਪੋਲੇ ਜਿਹੇ ਗੱਲ ਟੋਕੀ। “ਲੈ ਤੇਰਾ ਬਿਸਤਰਾ ਤਿਆਰ ਏ!”

ਉਹ ਸਟੋਵ ਕੋਲ਼ ਗਈ ਅਤੇ ਬੋਲੇ ਬਿਨਾਂ ਉੱਥੇ ਖੜ੍ਹੀ ਰਹੀ—ਗੰਭੀਰ, ਸਿੱਧੀ ਅਤੇ ਸੋਚੀਂ ਡੁੱਬੀ। ਮਾਂ ਕੱਪੜੇ ਲਾਹੇ ਬਿਨਾਂ ਲੇਟ ਗਈ। ਉਹਦੀ ਦੇਹ ਥਕਾਵਟ ਨਾਲ਼ ਇੰਨੀ ਦੁਖ ਰਹੀ ਸੀ ਕਿ ਉਹ ਹੌਲ਼ੀ ਜਿਹੇ ਕਰਾਹੀ। ਤਾਤੀਆਨਾ ਨੇ ਬੱਤੀ ਨੀਵੀਂ ਕੀਤੀ ਅਤੇ ਜਦੋਂ ਕੁੱਲੀ ਵਿੱਚ ਹਨੇਰਾ ਹੋ ਗਿਆ ਤਾਂ ਉਹਨੇ ਹੌਲ਼ੀ, ਇਕਸਾਰ ਅਵਾਜ਼ ਵਿੱਚ ਗੱਲ ਕਰਨੀ ਸ਼ੁਰੂ ਕੀਤੀ। ਇਉਂ ਜਾਪਦਾ ਸੀ ਕਿ ਉਹਦੀ ਅਵਾਜ਼ ਸਾਹ ਘੁਟਦੇ ਹਨੇਰੇ ਦੇ ਸਪਾਟ ਮੂੰਹ ਤੋਂ ਕੁਝ ਪੂੰਝ ਰਹੀ ਹੈ।

“ਹੱਛਾ, ਤੂੰ ਦੁਆ ਨਹੀਂ ਕੀਤੀ। ਮੈਨੂੰ ਵੀ ਰੱਬ ਵਿੱਚ ਯਕੀਨ ਨਹੀਂ। ਨਾ ਕਰਾਮਾਤਾਂ ਵਿੱਚ।”

ਮਾਂ ਨੇ ਔਖ ਨਾਲ਼ ਪਾਸਾ ਪਰਤਿਆ। ਅਸੀਮ ਹਨੇਰਾ ਬਾਰੀ ਵਿੱਚੋਂ ਉਹਦੇ ਵੱਲ ਸਿੱਧਾ ਝਾਕਦਾ ਜਾਪਦਾ ਸੀ, ਅਤੇ ਨਿੱਕੀਆਂ ਅਵਾਜ਼ਾਂ, ਨਿੱਕੀ ਹਿੱਲ ਜੁਲ, ਖ਼ਾਮੋਸ਼ੀ ਵਿੱਚੋਂ ਲਗਾਤਾਰ ਰੀਂਗਦੇ ਆਉਂਦੇ। ਉਹਨੇ ਤਾਤੀਆਨਾ ਦੀ ਗੱਲ ਦਾ ਜਵਾਬ ਡਰਦੇ ਡਰਦੇ ਦਿੱਤਾ, ਲਗਭਗ ਕਾਨਾ-ਫੂਸੀ ਵਿੱਚ।

“ਜਿੱਥੋਂ ਤੱਕ ਰੱਬ ਦੀ ਗੱਲ ਵੇ—ਮੈਨੂੰ ਪੱਕਾ ਪਤਾ ਨਹੀਂ। ਪਰ ਮੈਨੂੰ ਈਸਾ ਵਿੱਚ ਨਿਸ਼ਚਾ ਵੇ।...ਮੈਨੂੰ ਉਹਦੀ ਗੱਲ ਉੱਤੇ ਯਕੀਨ ਵੇ: ‘ਆਪਣੇ ਗਵਾਂਢੀ ਨੂੰ ਆਪਣੇ ਆਪ ਵਾਂਗ ਪਿਆਰ ਕਰੋ।’ ਮੈਨੂੰ ਇਸ ਗੱਲ ਵਿੱਚ ਨਿਸ਼ਚਾ ਏ।...”

ਤਾਤੀਆਨਾ ਚੁੱਪ ਰਹੀ। ਮਾਂ ਉਹਦੇ ਸਿੱਧੇ ਅਕਾਰ ਦੀ ਧੁੰਦਲੀ ਰੂਪ-ਰੇਖਾ ਵੇਖ ਸਕਦੀ ਸੀ, ਸਟੋਵ ਦੇ ਹਨੇਰੇ ਸਾਹਮਣੇ ਭੂਰੀ। ਉਹ ਅਹਿਲ ਖੜ੍ਹੀ ਰਹੀ। ਮਾਂ ਨੇ ਅਫ਼ਸੋਸ ਨਾਲ਼ ਆਪਣੀਆਂ ਅੱਖਾਂ ਬੰਦ ਕਰ ਲਈਆਂ।

ਅਚਾਨਕ ਉਹਨੇ ਇਸਤਰੀ ਨੂੰ ਠੰਢੀ ਅਵਾਜ਼ ਵਿੱਚ ਕਹਿੰਦੇ ਸੁਣਿਆ:

“ਮੈਂ ਰੱਬ ਜਾਂ ਮਨੁੱਖ ਨੂੰ ਆਪਣੇ ਬੱਚਿਆਂ ਦੀ ਮੌਤ ਲਈ ਮਾਫ਼ ਨਹੀਂ ਕਰ ਸਕਦੀ। ਕਦੀ ਵੀ ਨਹੀਂ!...”

ਪੇਲਾਗੀਆ ਚਿੰਤਾਤੁਰ ਹੋਕੇ ਉੱਠੀ, ਉਹਦੀ ਰੂਹ ਇਹਨਾਂ ਸ਼ਬਦਾਂ ਪਿੱਛੇ ਲੁਕੇ ਦਰਦ ਨੂੰ ਅਨੁਭਵ ਕਰ ਰਹੀ ਸੀ।

"ਤੂੰ ਅਜੇ ਜੁਆਨ ਏਂ। ਤੇਰੇ ਹੋਰ ਬੱਚੇ ਹੋਣਗੇ," ਉਹਨੇ ਨਰਮੀ ਨਾਲ਼ ਕਿਹਾ।

"ਕਦੀ ਨਹੀਂ।" ਇਸਤਰੀ ਨੇ ਥੋੜ੍ਹੀ ਦੇਰ ਰੁਕ ਕੇ ਕਿਹਾ। "ਮੇਰੇ ਵਿੱਚ ਕੁਝ ਨੁਕਸ ਏ। ਡਾਕਟਰ ਕਹਿੰਦੈ ਮੈਂ ਬੱਚਾ ਨਹੀਂ ਜੰਮ ਸਕਦੀ।..."

ਇੱਕ ਚੂਹਾ ਤੇਜ਼ੀ ਨਾਲ਼ ਫ਼ਰਸ਼ ਉਪਰੋਂ ਨੱਠਿਆ। ਕੋਈ ਸ਼ੈ ਜ਼ੋਰ ਨਾਲ਼ ਟੁੱਟੀ, ਚੁੱਪ ਦੀ ਸਿਥਲਤਾ ਨੂੰ ਅਵਾਜ਼ ਦੀ ਅਦਿੱਖ ਬਿਜਲੀ ਨਾਲ਼ ਤੋੜਦੀ। ਅਤੇ ਇੱਕ ਵਾਰ ਫਿਰ ਛੱਤ ਉੱਤੇ ਪਤ-ਝੜ ਦੇ ਮੀਂਹ ਦੀ ਸਰ ਸਰ, ਪਤਲੀਆਂ, ਘਾਬਰੀਆਂ ਉਂਗਲਾਂ ਵਾਂਗ ਛੱਪਰ ਵਿੱਚ ਢੂੰਡਦੀ, ਸੁਣਾਈ ਦੇ ਰਹੀ ਸੀ। ਅਤੇ ਪਾਣੀ ਦੀ ਅਕੇਵੇਂ ਭਰੀ ਤ੍ਰਿਪ ਤ੍ਰਿਪ ਪਤ-ਝੜ ਦੀ ਰਾਤ ਦੇ ਹੌਲ਼ੀ ਹੌਲ਼ੀ ਲੰਘਣ ਦੀ ਪ੍ਰਤੀਕ ਸੀ।...

ਊਂਘਦੀ ਹੋਈ ਮਾਂ ਨੇ ਭਾਰੇ ਪੈਰਾਂ ਦੀ ਅਵਾਜ਼ ਸੁਣੀ, ਪਹਿਲਾਂ ਬਾਹਰ ਤੇ ਫਿਰ ਲਾਂਘੇ ਵਿੱਚ। ਦਰਵਾਜ਼ਾ ਬੜੀ ਸੋਘ ਨਾਲ਼ ਖੋਹਲਿਆ ਗਿਆ।

"ਲੇਟ ਗਈ ਏਂ ਤਾਤੀਆਨਾ," ਮਰਦ ਦੀ ਅਵਾਜ਼ ਆਈ।

"ਨਹੀਂ।"

"ਉਹ ਸੌਂ ਗਈ ਏ ?"

"ਮੇਰਾ ਖ਼ਿਆਲ ਏ।"

ਰੌਸ਼ਨੀ ਲਿਸ਼ਕੀ, ਟਿਮਟਿਮਾਈ ਅਤੇ ਹਨੇਰੇ ਨੇ ਉਹਨੂੰ ਨਿਗਲ ਲਿਆ। ਮੂਜ਼ੀਕ ਮਾਂ ਦੇ ਮੰਜੇ ਕੋਲ਼ ਆਇਆ ਅਤੇ ਉਹ ਕੋਟ ਸਿੱਧਾ ਕੀਤਾ ਜਿਹੜਾ ਉਹਨੇ ਪੈਰਾਂ ਉੱਤੇ ਸੁੱਟ ਲਿਆ ਸੀ। ਉਹ ਇਸ ਇੱਕੋ ਇੱਕ ਧਿਆਨ ਤੋਂ ਪ੍ਰਭਾਵਤ ਹੋਈ ਅਤੇ ਮੁਸਕਰਾ ਕੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਸਤੀਪਾਨ ਨੇ ਚੁੱਪ ਚਾਪ ਕੱਪੜੇ ਲਾਹੇ ਅਤੇ ਆਪਣੇ ਫੱਟੇ ਉੱਤੇ ਪੈ ਗਿਆ। ਹਰ ਪਾਸੇ ਚੁੱਪ ਛਾ ਗਈ।

ਮਾਂ ਅਹਿਲ ਲੇਟੀ ਰਹੀ, ਬੜੇ ਧਿਆਨ ਨਾਲ਼ ਸੁਪਨਿਆਲੀ ਚੁੱਪ ਦੇ ਉਤਾਰ-ਚੜ੍ਹਾਅ ਨੂੰ ਸੁਣਦੀ, ਉਪਰ ਗੀਬਿਨ ਦਾ ਲਹੂ-ਲੁਹਾਨ ਮੂੰਹ ਉਹਦੀਆਂ ਅੱਖਾਂ ਸਾਮ੍ਹਣੇ ਉਭਰਿਆ।...

ਫੱਟੇ ਉੱਤੇ ਰੁੱਖੀ ਜਿਹੀ ਫੁਸ ਫੁਸ ਹੋਈ।

"ਵੇਖਿਆ ਈ ਕਿਹੋ ਜਿਹੇ ਲੋਕ ਇਹ ਕੰਮ ਕਰਦੇ ਨੇ ? ਵਡੇਰੀ ਉਮਰ ਦੇ ਲੋਕ, ਜਿਨ੍ਹਾਂ ਸਾਰੀ ਉਮਰ ਕੰਮ ਕੀਤੈ ਤੇ ਡੀਕਾਂ ਲਾ ਕੇ ਦੁੱਖ ਪੀਤੈ। ਹੁਣ ਉਹਨਾਂ ਨੂੰ ਅਰਾਮ ਕਰਨਾ ਚਾਹੀਦਾ ਸੀ, ਪਰ ਉਹ ਇਹ ਕੰਮ ਕਰਦੇ ਨੇ ! ਤੂੰ ਜਵਾਨ ਤੇ ਸਿਆਣਾ ਏਂ—ਉਹ ਸਤੀਪਾਨ।..."

"ਪਹਿਲਾਂ ਮੈਂ ਇਸ ਬਾਰੇ ਸੋਚਣੈਂ," ਮੂਜ਼ੀਕ ਨੇ ਆਪਣੀ ਡੂੰਘੀ ਭਰਪੂਰ ਅਵਾਜ਼ ਵਿੱਚ ਕਿਹਾ।

"ਇਹ ਗੱਲ ਤੂੰ ਕਈ ਵਾਰ ਕਹੀ ਏ।..."

ਉਹ ਕੁਝ ਛਿਣ ਚੁੱਪ ਰਹੇ ਅਤੇ ਫਿਰ ਸਤੀਪਾਨ ਨੇ ਗੱਲ ਜਾਰੀ ਰੱਖੀ।

"ਐਉਂ ਮੁੱਢ ਬੰਨ੍ਹੀਏ: ਪਹਿਲਾਂ ਮੂਜ਼ੀਕਾਂ ਨਾਲ਼ ਵੱਖ ਵੱਖ ਗੱਲ ਕਰੀਏ — ਮਿਸਾਲ ਲਈ

ਅਲੈਕਸੇਈ ਮਾਕੋਵ। ਉਹਨੂੰ ਪੜ੍ਹਨਾ ਆਉਂਦੈ, ਉਹਦੇ ਵਿੱਚ ਬੜਾ ਮੱਚ ਏ ਤੇ ਉਹਦੀ ਹਾਕਮਾਂ ਨਾਲ਼ ਕੁਝ ਲਾਗ ਡਾਟ ਏ। ਸਰਗੇਈ ਸ਼ੋਰਿਨ ਵੀ — ਚੁਸਤ ਮੂਜ਼ੀਕ ਏ। ਕਨਿਯਾਜ਼ੇਵ ਇਮਾਨਦਾਰ ਏ ਤੇ ਡਰਦਾ ਨਹੀਂ। ਮੁੱਢ ਬੰਨ੍ਹਣ ਲਈ ਇਹ ਕਾਫ਼ੀ ਏ। ਅਸੀਂ ਉਹੋ ਜਿਹੇ ਲੋਕਾਂ ਨਾਲ਼ ਸਬੰਧ ਕਾਇਮ ਕਰਨਾ ਚਾਹੁੰਦੇ ਆਂ ਜਿਹੋ ਜਿਹਿਆਂ ਬਾਰੇ ਉਹਨੇ ਸਾਨੂੰ ਦੱਸਿਆ ਸੀ। ਮੈਂ ਕੁਹਾੜਾ ਲੈ ਕੇ ਸ਼ਹਿਰ ਚਲਾ ਜਾਵਾਂਗਾ, ਜਿਵੇਂ ਕੁਝ ਹੋਰ ਵਾਧੂ ਪੈਸੇ ਕਮਾਉਣ ਲਈ ਲੱਕੜਾਂ ਪਾੜਨ ਚੱਲਿਆ ਹੋਵਾਂ। ਸਾਨੂੰ ਧਿਆਨ ਰੱਖਣਾ ਚਾਹੀਦੈ। ਜਦੋਂ ਉਹਨੇ ਕਿਹਾ ਕਿ ਬੰਦੇ ਨੂੰ ਆਪਣਾ ਮੁੱਲ ਆਪ ਹਾੜਨਾ ਚਾਹੀਦੈ ਤਾਂ ਉਹ ਠੀਕ ਗੱਲ ਕਹਿ ਰਹੀ ਸੀ। ਅੱਜ ਵਾਲ਼ੇ ਮੂਜ਼ੀਕ ਨੂੰ ਈ ਲੈ। ਜੇ ਉਹ ਅੱਲਾ ਤਾਲਾ ਸਾਹਮਣੇ ਖੜਾ ਹੋਵੇ ਤਾਂ ਵੀ ਉਹਨੇ ਗੋਡੇ ਨਹੀਂ ਟੇਕਣੇ।... ਤੇ ਉਹ ਨਿਕੀਤਾ ? ਉਹਨੇ ਵਿਖਾ ਦਿੱਤਾ ਕਿ ਉਹਦੀ ਰੂਹ ਹੈ। ਕਿਸੇ ਸੋਚਿਆ ਸੀ !"

"ਉਹਨਾਂ ਤੁਹਾਡੇ ਸਾਹਮਣੇ ਇੱਕ ਜਣੇ ਨੂੰ ਤੌਣੀ ਚਾੜ੍ਹੀ ਤੇ ਤੁਸੀਂ ਉੱਥੇ ਖੜੇ ਰਹੇ ਤੇ ਮੂੰਹ ਟੱਡੀ ਵੇਖਦੇ ਰਹੇ।..."

"ਛੱਡ ਵੀ ਪਰ੍ਹਾਂ ! ਸ਼ੁਕਰ ਕਰ ਅਸਾਂ ਆਪ ਉਹਨੂੰ ਨਹੀਂ ਕੁੱਟਿਆ — ਉਸ ਜਣੇ ਨੂੰ !"

ਉਹ ਬੜਾ ਚਿਰ ਘੁਰ ਘੁਰ ਕਰਦਾ ਰਿਹਾ, ਕਦੀ ਉਹ ਆਪਣੀ ਅਵਾਜ਼ ਇੰਨੀ ਨੀਵੀਂ ਕਰ ਲੈਂਦਾ ਕਿ ਮਾਂ ਨੂੰ ਉਹਦੀ ਗੱਲ ਲਗਭਗ ਸੁਣਾਈ ਹੀ ਨਾ ਦੇਂਦੀ, ਫਿਰ ਉਹ ਦੁਬਾਰਾ ਡੂੰਘੀ, ਉੱਚੀ ਅਵਾਜ਼ ਵਿੱਚ ਬੋਲਣ ਲੱਗ ਪੈਂਦਾ। ਅਕਸਰ ਉਹਦੀ ਘਰਵਾਲੀ ਉਹਨੂੰ ਟੋਕ ਦੇਂਦੀ।

"ਚੁੱਪ ਕਰ ! ਤੂੰ ਉਹਨੂੰ ਜਗਾ ਦੇਵੇਂਗਾ !"

ਮਾਂ ਗੂੜ੍ਹੀ ਨੀਂਦੇ ਸੌਂ ਗਈ, ਜਿਹੜੀ ਕਿਸੇ ਸਾਹ ਘੁੱਟਦੇ ਬੱਦਲ ਵਾਂਗ ਹੇਠਾਂ ਆਈ ਅਤੇ ਉਹਨੂੰ ਚੁੱਕ ਕੇ ਲੈ ਗਈ।

ਜਦੋਂ ਭੂਰੇ ਪਹੁ-ਫੁਟਾਲੇ ਨੇ ਬਾਰੀਆਂ ਵਿੱਚੋਂ ਝਾਕਿਆ ਅਤੇ ਰਾਤ ਦੇ ਅਖ਼ੀਰੀ ਪਹਿਰ ਦਾ ਅੰਤ ਕਰਦੀ ਗਿਰਜੇ ਦੀ ਘੰਟੀ ਦੀ ਟਨ ਟਨ ਠੰਢੀ ਚੁੱਪ ਵਿੱਚੋਂ ਤੈਰਦੀ ਹੋਈ ਆਈ ਤਾਂ ਤਾਤੀਆਨਾ ਨੇ ਉਹਨੂੰ ਜਗਾ ਦਿੱਤਾ।

"ਮੈਂ ਸਾਮਾਵਰ ਬਾਲ ਦਿੱਤੈ। ਚਾਹ ਦਾ ਇੱਕ ਗਲਾਸ ਪੀ ਲੈ; ਜੇ ਜਾਗਦਿਆਂ ਈ ਡਾਕ-ਬੱਘੀ 'ਤੇ ਚਲੀ ਗਈ ਤਾਂ ਤੈਨੂੰ ਜ਼ੁਕਾਮ ਹੋ ਜਾਵੇਗਾ।..."

ਆਪਣੀ ਉਲਝੀ ਦਾੜ੍ਹੀ ਵਿੱਚ ਕੰਘਾ ਕਰਦੇ ਹੋਏ ਸਤੀਪਾਨ ਨੇ ਮਾਂ ਤੋਂ ਉਹਦਾ ਸ਼ਹਿਰ ਦਾ ਪਤਾ ਪੁੱਛਿਆ। ਮਾਂ ਨੇ ਵੇਖਿਆ ਕਿ ਰਾਤ ਰਾਤ ਵਿੱਚ ਉਹਦਾ ਮੂੰਹ ਚੰਗੇਰਾ ਹੋ ਗਿਆ ਸੀ— ਉਹ ਮੁਕੰਮਲ ਹੋ ਗਿਆ ਸੀ।

"ਕਿੰਨੀ ਅਜੀਬ ਗੱਲ ਏ ਇਹ ਸਭ ਕੁਝ ਇਉਂ ਹੋਣਾ," ਚਾਹ ਪੀਂਦੇ ਹੋਏ ਉਹ ਹੱਸਿਆ।

"ਕੀ ?" ਤਾਤੀਆਨਾ ਨੇ ਪੁੱਛਿਆ।

"ਸਾਡਾ ਵਾਕਫ਼ ਬਣਨਾ। ਇੰਨੇ ਸਾਦਾ ਢੰਗ ਨਾਲ਼।..."

"ਸਾਡੇ ਕੰਮ ਬਾਰੇ ਹਰ ਗੱਲ ਵਿੱਚ ਇੱਕ ਸ਼ਾਨਦਾਰ ਸਾਦਗੀ ਏ," ਮਾਂ ਨੇ ਸੋਚਦੇ ਹੋਏ ਪਰ ਭਰੋਸੇ ਨਾਲ਼ ਕਿਹਾ।

ਜਦੋਂ ਉਹ ਮਾਂ ਤੋਂ ਵਿਛੜੇ ਤਾਂ ਤੀਵੀਂ ਮਰਦ ਕੁਝ ਔਖੇ ਸਨ। ਉਹ ਬਹੁਤਾ ਬੋਲੇ ਨਾ, ਪਰ

ਉਹਨਾਂ ਅਨੇਕ ਨਿੱਕੇ ਨਿੱਕੇ ਢੰਗਾਂ ਨਾਲ਼ ਉਹਦੇ ਅਰਾਮ ਲਈ ਆਪਣੀ ਫ਼ਿਕਰਮੰਦੀ ਵਿਖਾਈ।

ਜਦੋਂ ਉਹ ਡਾਕ-ਬੱਘੀ ਉੱਤੇ ਬੈਠੀ ਸੀ ਤਾਂ ਉਹ ਸੋਚ ਰਹੀ ਸੀ ਕਿ ਸਤੀਪਾਨ ਕਿਸੇ ਛਛੂੰਦਰ ਵਾਂਗ ਧਿਆਨ ਨਾਲ਼ ਅਤੇ ਚੁੱਪ ਚਾਪ ਕੰਮ ਸ਼ੁਰੂ ਕਰੇਗਾ, ਪਰ ਉਹ ਅਣਥੱਕ ਹੋਵੇਗਾ। ਅਤੇ ਉਹਦੀ ਘਰਵਾਲੀ ਦੀਆਂ ਸ਼ਿਕਾਇਤਾਂ ਉਹਦੇ ਕੰਨਾਂ ਵਿੱਚ ਗੂੰਜਦੀਆਂ ਰਹਿਣਗੀਆਂ, ਉਹਦੀਆਂ ਬਿੱਲੀਆਂ ਅੱਖਾਂ ਦੀ ਸਾੜਵੀਂ ਅੱਗ ਕਾਇਮ ਰਹੇਗੀ ਅਤੇ ਜਿੰਨਾ ਚਿਰ ਉਹ ਜਿਊਂਦੀ ਹੈ ਉਹ ਕਦੀ ਵੀ ਆਪਣੇ ਮਰੇ ਬੱਚਿਆਂ ਲਈ ਮਾਂ ਦੇ ਬਲਦੇ ਘੋਰ, ਬਘਿਆੜੀ ਗ਼ਮ ਤੋਂ ਅਜ਼ਾਦ ਨਹੀਂ ਹੋਵੇਗੀ।

ਉਹਨੂੰ ਰੀਬਿਨ ਯਾਦ ਆਇਆ — ਉਹਦੇ ਫੱਟ, ਉਹਦਾ ਮੂੰਹ, ਉਹਦੀਆਂ ਲੂੰਹਦੀਆਂ ਅੱਖਾਂ ਅਤੇ ਬੋਲ — ਉਹਦਾ ਦਿਲ ਅਜਿਹੇ ਜ਼ੁਲਮ ਦੇ ਸਨਮੁਖ ਬੇਵਸੀ ਦੇ ਕੌੜੇ ਅਨੁਭਵ ਨਾਲ਼ ਸੁੰਗੜ ਗਿਆ। ਸ਼ਹਿਰ ਵੱਲ ਵਾਪਸ ਸਾਰੇ ਸਫ਼ਰ ਦੇ ਦੌਰਾਨ ਮਿਖਾਈਲੋ ਦਾ ਬਿੰਬ ਭੂਰੇ ਦਿਨ ਦੀ ਪਿਛੋਕੜ ਦੇ ਸਾਹਮਣੇ ਉੱਭਰਿਆ ਰਿਹਾ। ਉਹਨੇ ਉਹਨੂੰ ਆਪਣੇ ਸਾਹਮਣੇ ਖੜੇ ਵੇਖਿਆ — ਤਕੜਾ, ਕਾਲ਼ੀ ਦਾੜ੍ਹੀ ਵਾਲ਼ਾ, ਕਮੀਜ਼ ਪਾਟੀ ਹੋਈ, ਸਿਰ 'ਚੋ ਲਹੂ ਵਗਦਾ ਅਤੇ ਹੱਥ ਪਿੱਠ ਪਿੱਛੇ ਬੰਨ੍ਹੇ — ਗੁੱਸੇ ਅਤੇ ਉਸ ਕਾਜ਼ ਦੇ ਸੱਚ ਨਾਲ਼ ਭਰਿਆ ਮਨੁੱਖ, ਜਿਸ ਦੀ ਉਹ ਹਮਾਇਤ ਕਰਦਾ ਸੀ। ਮਾਂ ਨੇ ਧਰਤੀ ਉੱਤੇ ਦੱਬਕੇ ਅਨੇਕਾਂ ਪਿੰਡਾਂ ਬਾਰੇ, ਉਹਨਾਂ ਲੋਕਾਂ ਬਾਰੇ ਜਿਹੜੇ ਚੁੱਪ ਚਾਪ ਇਨਸਾਫ਼ ਦੀ ਆਉਂਦ ਉਡੀਕ ਰਹੇ ਸਨ ਅਤੇ ਉਹਨਾਂ ਹਜ਼ਾਰਾਂ ਹਜ਼ਾਰ ਲੋਕਾਂ ਬਾਰੇ ਸੋਚਿਆ ਜਿਹੜੇ ਆਪਣੀ ਸਾਰੀ ਉਮਰ ਚੁੱਪ ਚਾਪ, ਬੇਅਰਥ ਅਤੇ ਕਿਸੇ ਚੰਗੇਰੀ ਗੱਲ ਦੀ ਆਸ ਤੋਂ ਬਿਨਾਂ ਕੰਮ ਕਰੀ ਜਾਂਦੇ।

ਅਤੇ ਉਹਨੂੰ ਜ਼ਿੰਦਗੀ ਇੱਕ ਉੱਚੀ ਨੀਵੀਂ, ਅਣਵਾਹੀ ਪੈਲੀ ਜਾਪੀ, ਜਿਹੜੀ ਚੁੱਪ ਚਾਪ ਹਾਲੀ ਲਈ ਲੁਛ ਰਹੀ ਸੀ।

"ਮੇਰੇ ਵਿੱਚ ਸੱਚ ਤੇ ਤਰਕ ਦੇ ਬੀਜ ਬੀਜੋ," ਇਹ ਅਜ਼ਾਦ, ਇਮਾਨਦਾਰ ਲੋਕਾਂ ਨੂੰ ਕਹਿੰਦੀ ਜਾਪਦੀ, "ਤੇ ਮੈਂ ਤੁਹਾਡੇ ਜਤਨਾਂ ਦਾ ਸੌ ਗੁਣਾ ਅਜਰ ਦਿਆਂਗੀ!"

ਉਹਦੇ ਆਪਣੇ ਜਤਨਾਂ ਨੂੰ ਸਫ਼ਲਤਾ ਦੇ ਜਿਹੜੇ ਫੁੱਲ ਲੱਗੇ ਸਨ, ਉਹਨਾਂ ਨੂੰ ਚੇਤੇ ਕਰ ਕੇ ਉਹਨੂੰ ਖ਼ੁਸ਼ੀ ਦੀ ਝਰਨਾਟ ਜਿਹੀ ਛਿੜੀ, ਜਿਹੜੀ ਉਹਨੇ ਨਿਰਮਾਣਤਾ ਨਾਲ਼ ਅੰਦਰੇ ਅੰਦਰ ਦਬਾ ਲਈ।

## 19

ਨਿਕੋਲਾਈ ਨੇ ਬੂਹਾ ਖੋਹਲਿਆ, ਉਹਦੇ ਹੱਥ ਵਿੱਚ ਇੱਕ ਕਿਤਾਬ ਸੀ ਅਤੇ ਉਹਦੇ ਕੱਪੜੇ ਮੁਚੜੇ ਹੋਏ ਸਨ।

"ਇੰਨੀ ਛੇਤੀ ਮੁੜ ਆਈ?" ਉਹਨੇ ਖ਼ੁਸ਼ੀ ਨਾਲ਼ ਉਹਨੂੰ ਜੀਅ ਆਇਆਂ ਆਖਿਆ। "ਮੈਂ ਤੇਰੀ ਉਡੀਕ ਨਹੀਂ ਸਾਂ ਕਰ ਰਿਹਾ।"

ਉਹਦੀ ਐਨਕ ਪਿੱਛੇ ਉਹਦੀਆਂ ਦਿਆਲ ਅਤੇ ਲਿਸ਼ਕਦੀਆਂ ਅੱਖਾਂ ਝਮਕ ਰਹੀਆਂ

ਸਨ। ਉਹਨੇ ਉਪਰਲੇ ਕੱਪੜੇ ਲਾਹੁਣ ਵਿੱਚ ਮਾਂ ਦਾ ਹੱਥ ਵਟਾਇਆ ਅਤੇ ਪਿਆਰ-ਭਰੀ ਮੁਸਕਾਨ ਨਾਲ਼ ਉਹਦੇ ਵੱਲ ਵੇਖਣ ਲੱਗ ਪਿਆ।

"ਉਹਨਾਂ ਪਿਛਲੀ ਰਾਤ ਸਾਡੇ ਘਰ ਦੀ ਤਲਾਸ਼ੀ ਲਈ," ਉਹਨੇ ਕਿਹਾ, "ਤੇ ਮੈਂ ਡਰ ਰਿਹਾ ਸਾਂ ਕਿ ਤੈਨੂੰ ਕੁਝ ਹੋ ਗਿਐ। ਪਰ ਤੂੰ ਗ੍ਰਿਫ਼ਤਾਰ ਨਹੀਂ ਹੋਈ। ਜੇ ਤੂੰ ਫੜੀ ਜਾਂਦੀ ਤਾਂ ਉਹ ਮੈਨੂੰ ਵੀ ਜ਼ਰੂਰ ਹੀ ਲੈ ਜਾਂਦੇ!..."

ਉਹ ਉਹਨੂੰ ਖਾਣੇ ਦੇ ਕਮਰੇ ਵੱਲ ਲਿਜਾਂਦਾ ਬੋਲੀ ਗਿਆ।

"ਮੈਨੂੰ ਕੰਮ ਤੋਂ ਜ਼ਰੂਰ ਹੀ ਛੁੱਟੀ ਮਿਲ ਜਾਵੇਗੀ। ਪਰ ਮੈਂ ਇਸ ਗੱਲੋਂ ਪ੍ਰੇਸ਼ਾਨ ਨਹੀਂ। ਮੈਂ ਮੇਜ਼ 'ਤੇ ਬਹਿ ਕੇ ਇਹ ਗਿਣਤੀ ਕਰਦਾ ਅੱਕ ਗਿਆਂ ਕਿ ਕਿੰਨੇ ਕਿਸਾਨਾਂ ਕੋਲ਼ ਘੋੜੇ ਨਹੀਂ।"

ਕਮਰਾ ਇਉਂ ਜਾਪਦਾ ਸੀ ਜਿਵੇਂ ਕਿਸੇ ਜਿੰਨ ਨੇ ਗੁੱਸੇ ਵਿੱਚ ਆ ਕੇ ਮਕਾਨ ਦੀਆਂ ਕੰਧਾਂ ਨੂੰ ਝੰਜੋੜਿਆ ਸੀ, ਇੱਥੋਂ ਤੱਕ ਕਿ ਹੇਠਲੀ ਉੱਪਰ ਹੋ ਗਈ ਸੀ। ਫ਼ਰਸ਼ ਉੱਤੇ ਤਸਵੀਰਾਂ ਖਿਲਰੀਆਂ ਹੋਈਆਂ ਸਨ, ਕੰਧ 'ਤੇ ਲੱਗੇ ਕਾਗ਼ਜ਼ ਦੇ ਟੋਟੇ ਵਿਲੂੰਧਰੇ ਗਏ ਸਨ ਅਤੇ ਫ਼ੀਤਿਆਂ ਵਾਂਗ ਲਟਕ ਰਹੇ ਸਨ, ਇੱਕ ਥਾਂ ਫ਼ਰਸ਼ ਦਾ ਇੱਕ ਫੱਟਾ ਉਖੇੜਿਆ ਹੋਇਆ ਸੀ, ਇੱਕ ਬਾਰੀ ਦੀ ਮੁਹਾਠ ਪੁੱਟ ਦਿੱਤੀ ਗਈ ਸੀ, ਸਟੋਵ ਵਿਚਲੀ ਸੁਆਹ ਫ਼ਰਸ਼ ਉੱਤੇ ਖਿਲਰੀ ਹੋਈ ਸੀ। ਮਾਂ ਨੇ ਇਸ ਜਾਣੇ ਪਛਾਣੇ ਦ੍ਰਿਸ਼ ਨੂੰ ਵੇਖ ਕੇ ਸਿਰ ਹਿਲਾਇਆ ਅਤੇ ਧਿਆਨ ਨਾਲ਼ ਨਿਕੋਲਾਈ ਵੱਲ ਵੇਖਿਆ, ਉਹਨੂੰ ਉਹਦੇ ਵਿੱਚ ਕਿਸੇ ਨਵੀਂ ਸਿਫ਼ਤ ਦੀ ਸੋਝੀ ਸੀ।

ਚਾਹ ਦੇ ਅਣਧੋਤੇ ਬਰਤਨਾਂ ਦੇ ਨਾਲ਼ ਹੀ ਨਾਲ਼ ਠੰਢਾ ਸਾਮਾਵਰ ਮੇਜ਼ ਦੇ ਉੱਤੇ ਪਿਆ ਸੀ; ਪਨੀਰ ਅਤੇ ਸਾਸੇਜ ਪਲੇਟਾਂ ਦੀ ਥਾਂ ਕਾਗ਼ਜ਼ ਉੱਤੇ ਪਏ ਸਨ, ਮੇਜ਼ਪੋਸ਼ ਉੱਤੇ ਕਿਤਾਬਾਂ, ਡਬਲ ਰੋਟੀ ਦੇ ਟੋਟੇ ਅਤੇ ਲੱਕੜੀ ਦਾ ਕੋਲਾ ਖਿਲਰਿਆ ਪਿਆ ਸੀ। ਮਾਂ ਨੇ ਨਿੱਕਾ ਜਿਹਾ ਹਾਸਾ ਹੱਸਿਆ ਅਤੇ ਨਿਕੋਲਾਈ ਸ਼ਰਮਾਕਲ ਜਿਹਾ ਮੁਸਕਰਾਇਆ।

"ਇਹ ਠੀਕ ਏ ਕਿ ਮੈਂ ਆਮ ਗੜਬੜ ਵਿੱਚ ਆਪਣਾ ਹਿੱਸਾ ਪਾਇਐ, ਪਰ ਸਭ ਠੀਕ ਠਾਕ ਏ, ਨਿਲੋਵਨਾ! ਮੈਂ ਸੋਚਿਆ ਉਹ ਮੁੜ ਆਉਣਗੇ ਤੇ ਇਸੇ ਲਈ ਮੈਂ ਸਫ਼ਾਈ ਨਹੀਂ ਕੀਤੀ। ਸੋ ਤੇਰਾ ਸਫ਼ਰ ਕਿਹੋ ਜਿਹਾ ਰਿਹਾ?"

ਸਵਾਲ ਉਹਦੇ ਦਿਲ ਉਤੇ ਭਾਰ ਬਣ ਕੇ ਡਿੱਗਾ। ਇੱਕ ਵਾਰ ਫਿਰ ਰੀਬਿਨ ਦਾ ਬਿੰਬ ਉਹਦੇ ਸਾਹਮਣੇ ਆਇਆ ਅਤੇ ਉਹ ਇਸ ਗੱਲ 'ਤੇ ਸ਼ਰਮਿੰਦੀ ਹੋਈ ਕਿ ਉਹਨੇ ਨਿਕੋਲਾਈ ਨੂੰ ਇੱਕ ਦਮ ਸਭ ਕੁਝ ਕਿਉਂ ਨਾ ਦੱਸ ਦਿੱਤਾ। ਅੱਗੇ ਵੱਲ ਝੁਕ ਕੇ ਉਹਨੇ ਆਪਣਾ ਬ੍ਰਿਤਾਂਤ ਸ਼ੁਰੂ ਕੀਤਾ, ਆਪਣਾ ਠਰ੍ਹੰਮਾ ਕਾਇਮ ਰੱਖਣ ਅਤੇ ਕੋਈ ਵੀ ਵਿਸਥਾਰ ਨਾ ਭੁੱਲਣ ਦਾ ਜਤਨ ਕਰਦੇ ਹੋਏ।

"ਉਹਨਾਂ ਉਹਨੂੰ ਫੜ ਲਿਐ।"

ਨਿਕੋਲਾਈ ਦਾ ਮੂੰਹ ਲਹਿ ਗਿਆ।

"ਸੱਚ?"

ਮਾਂ ਨੇ ਇਸ਼ਾਰੇ ਨਾਲ਼ ਉਹਨੂੰ ਚੁੱਪ ਕਰਵਾ ਦਿੱਤਾ ਅਤੇ ਇਉਂ ਗੱਲ ਜਾਰੀ ਰੱਖੀ ਜਿਵੇਂ ਉਹ ਖ਼ੁਦ ਇਨਸਾਫ਼ ਦੇ ਸਨਮੁਖ ਖੜੀ ਸੀ ਅਤੇ ਉਸ ਜ਼ੁਲਮ ਵਿਰੁੱਧ ਰੋਸ ਪ੍ਰਗਟ ਕਰ ਰਹੀ ਸੀ ਜਿਹੜਾ ਉਹਨੇ ਇੱਕ ਇਨਸਾਨ ਉੱਤੇ ਹੁੰਦਾ ਵੇਖਿਆ ਸੀ। ਨਿਕੋਲਾਈ ਦਾ ਰੰਗ ਪੀਲ਼ਾ ਵਸਾਰ ਹੋ ਗਿਆ

ਸੀ, ਉਹ ਕੁਰਸੀ ਵਿੱਚ ਪਿੱਛੇ ਵੱਲ ਝੁਕਿਆ ਹੋਇਆ ਸੀ ਅਤੇ ਆਪਣੇ ਬੁੱਲ੍ਹ ਟੁੱਕ ਰਿਹਾ ਸੀ। ਹੌਲ਼ੀ ਜਿਹੇ ਉਹਨੇ ਆਪਣੀ ਐਨਕ ਲਾਹੀ, ਮੇਜ਼ ਉੱਤੇ ਰੱਖ ਦਿੱਤੀ ਅਤੇ ਆਪਣੇ ਮੂੰਹ ਉੱਤੇ ਹੱਥ ਫੇਰਿਆ, ਜਿਵੇਂ ਅਦਿੱਖ ਜਾਲੇ ਪੂੰਝ ਰਿਹਾ ਹੋਵੇ। ਉਹਦੇ ਨਕਸ਼ ਇੱਕ ਦਮ ਤਿੱਖੇ ਹੋ ਗਏ, ਉਹਦੀਆਂ ਗੱਲ੍ਹਾਂ ਦੀਆਂ ਹੱਡੀਆਂ ਉੱਭਰ ਆਈਆਂ ਅਤੇ ਉਹਦੀਆਂ ਨਾਸਾਂ ਫਰਕੀਆਂ। ਮਾਂ ਨੇ ਉਹਨੂੰ ਪਹਿਲਾਂ ਕਦੀ ਅਜਿਹੀ ਹਾਲਤ ਵਿੱਚ ਨਹੀਂ ਸੀ ਵੇਖਿਆ ਅਤੇ ਉਹ ਡਰ ਗਈ।

ਜਦੋਂ ਮਾਂ ਨੇ ਗੱਲ ਮੁਕਾ ਲਈ ਤਾਂ ਉਹ ਉੱਠਿਆ ਅਤੇ ਆਪਣੀਆਂ ਮੁੱਠੀਆਂ ਜੇਬਾਂ ਵਿੱਚ ਘਸੋੜ ਕੇ ਇੱਧਰ ਉੱਧਰ ਘੁੰਮਣ ਲੱਗ ਪਿਆ।

"ਉਹ ਜ਼ਰੂਰ ਬਹੁਤ ਮਹਾਨ ਮਨੁੱਖ ਹੋਣੈ," ਉਹ ਭਿਚੇ ਦੰਦਾਂ ਵਿੱਚੋਂ ਬੁੜਬੁੜਾਇਆ। "ਜੇਲ੍ਹ ਵਿੱਚ ਉਹ ਬਹੁਤ ਔਖਾ ਹੋਵੇਗਾ; ਉਹਦੇ ਜਿਹੇ ਲੋਕ ਸਹਾਰ ਨਹੀਂ ਸਕਦੇ!"

ਆਪਣੀ ਘਬਰਾਹਟ ਉੱਤੇ ਕਾਬੂ ਪਾਉਣ ਲਈ ਉਹ ਆਪਣੀਆਂ ਮੁੱਠੀਆਂ ਉੱਤੇ ਜ਼ੋਰ ਪਾਈ ਗਿਆ, ਪਰ ਮਾਂ ਉਹਦੀ ਪ੍ਰੇਸ਼ਾਨੀ ਤੋਂ ਜਾਣੂ ਸੀ ਅਤੇ ਉਹਦੇ ਵਿੱਚ ਭਿਆਲ ਸੀ। ਉਹਨੇ ਆਪਣੀਆਂ ਅੱਖਾਂ ਸੁੰਗੇੜੀਆਂ, ਇੱਥੋਂ ਤੱਕ ਕਿ ਉਹ ਕਟਾਰ ਦੀ ਧਾਰ ਵਾਂਗ ਬਣ ਗਈਆਂ। ਜਦੋਂ ਉਹ ਬੋਲਿਆ ਤਾਂ ਉਹ ਸ਼ਾਂਤ ਰੋਹ ਵਿੱਚ ਸੀ ਅਤੇ ਉਹ ਇੱਧਰ ਉੱਧਰ ਘੁੰਮਦਾ ਰਿਹਾ।

"ਜ਼ਰਾ ਇਹਦੀ ਭਿਆਨਕਤਾ ਵਿਚਾਰੋ! ਜਨਤਾ ਉੱਤੇ ਆਪਣੀ ਤਬਾਹਕਰੂ ਪਕੜ ਕਾਇਮ ਰੱਖਣ ਲਈ ਕੁਝ ਉਨ-ਦੇ-ਬੁਜੇ ਜਿਸਨੂੰ ਚਾਹੁਣ ਕੁੱਟਦੇ ਤੇ ਜਬਰ ਕਰਦੇ ਨੇ! ਵਹਿਸ਼ਤ ਵਧਦੀ ਜਾਂਦੀ ਏ ਤੇ ਜ਼ੁਲਮ ਦੇਸ਼ ਦਾ ਕਾਨੂੰਨ ਬਣ ਜਾਂਦੈ! ਜ਼ਰਾ ਇਸ ਬਾਰੇ ਸੋਚੋ! ਉਹਨਾਂ ਵਿੱਚੋਂ ਕੁਝ ਵਹਿਸ਼ੀ ਜਾਨਵਰਾਂ ਵਾਂਗ ਚਾਂਘਰਦੇ ਨੇ ਕਿਉਂਕਿ ਉਹ ਜਾਣਦੇ ਨੇ ਕਿ ਉਹ ਕਾਨੂੰਨ ਤੋਂ ਉੱਪਰ ਨੇ; ਉਹਨਾਂ ਵਿੱਚ ਤਸੀਹੇ ਦੇਣ ਲਈ ਇੱਕ ਕਾਮੁਕ ਹਾਬੜ ਹੁੰਦੀ ਏ — ਖੁੱਲ੍ਹੇ ਹੋਏ ਗ਼ੁਲਾਮਾਂ ਦੀ ਆਪਣੇ ਗ਼ੁਲਾਮ ਜਜ਼ਬਿਆਂ ਅਤੇ ਪਸ਼ੂ ਬਿਰਤੀਆਂ ਨੂੰ ਖੁੱਲ੍ਹਾ ਛੱਡਣ ਦੀ ਘਿਰਣਤ ਹਾਬੜ। ਹੋਰਨਾਂ ਨੂੰ ਬਦਲੇ ਦਾ ਜ਼ਹਿਰ ਚੜ੍ਹਿਆ ਹੁੰਦੈ। ਕੁਝ ਹੋਰ ਉਸ ਮਾਰ ਕੁਟਾਈ ਕਾਰਨ ਸਤ-ਹੀਣ ਹੋ ਜਾਂਦੇ ਨੇ ਜਿਹੜੀ ਉਹਨਾਂ ਦੀ ਹੋਈ ਹੁੰਦੀ ਏ। ਲੋਕਾਂ ਨੂੰ ਭ੍ਰਿਸ਼ਟ ਕੀਤਾ ਜਾ ਰਿਹੈ, ਸਮੁੱਚੀ ਕੌਮ ਨੂੰ!"

ਉਹ ਰੁੱਕਿਆ ਅਤੇ ਆਪਣੇ ਦੰਦ ਕਰੀਚੇ।

"ਤੁਸੀਂ ਵਹਿਸ਼ੀ ਜ਼ਿੰਦਗੀ ਵਿੱਚ ਆਪਣੇ ਆਪ ਦੇ ਬਾਵਜੂਦ ਵਹਿਸ਼ੀ ਬਣ ਜਾਂਦੇ ਹੋ!"

ਜਤਨ ਕਰ ਕੇ ਉਹਨੇ ਆਪਣੇ ਜਜ਼ਬੇ ਉੱਤੇ ਕਾਬੂ ਪਾ ਲਿਆ ਅਤੇ ਰੋਂਦੀ ਮਾਂ ਵੱਲ ਲਗਭਗ ਸ਼ਾਂਤੀ ਨਾਲ਼ ਮੁੜਿਆ। ਉਹਦੀਆਂ ਅੱਖਾਂ ਵਿੱਚ ਇੱਕ ਦ੍ਰਿੜ੍ਹ ਲੋਅ ਸੀ।

"ਪਰ ਸਾਨੂੰ ਸਮਾਂ ਨਹੀਂ ਗੁਆਣਾ ਚਾਹੀਦਾ, ਨਿਲੋਵਨਾ! ਸਾਨੂੰ ਆਪਣੇ ਆਪ ਉੱਤੇ ਕਾਬੂ ਪਾਉਣਾ ਚਾਹੀਦੈ, ਮੇਰੀ ਪਿਆਰੀ।..."

ਉਦਾਸ ਜਿਹੀ ਮੁਸਕਾਨ ਨਾਲ਼ ਉਹ ਉਹਦੇ ਕੋਲ਼ ਗਿਆ ਅਤੇ ਉਹਦਾ ਹੱਥ ਘੁੱਟਿਆ।

"ਤੇਰਾ ਸੂਟਕੇਸ ਕਿੱਥੇ ਏ?

"ਰਸੋਈ ਵਿੱਚ।"

"ਸਾਡੇ ਫਾਟਕ ਉੱਤੇ ਜਾਸੂਸ ਖੜੇ ਨੇ। ਅਸੀਂ ਇੰਨਾ ਸਮਾਨ ਉਹਨਾਂ ਨੂੰ ਪਤਾ ਲੱਗੇ ਬਗ਼ੈਰ

ਬਾਹਰ ਨਹੀਂ ਲਿਜਾ ਸਕਦੇ ਤੇ ਲੁਕਾਉਣ ਦੀ ਥਾਂ ਕੋਈ ਹੈ ਨਹੀਂ। ਮੇਰਾ ਖ਼ਿਆਲ ਏ ਅੱਜ ਰਾਤੀਂ ਉਹ ਫਿਰ ਤਲਾਸ਼ੀ ਲੈਣਗੇ ਤੇ ਸੋ ਭਾਵੇਂ ਸਾਨੂੰ ਅਫ਼ਸੋਸ ਏ, ਪਰ ਸਾਨੂੰ ਸਭ ਕੁਝ ਸਾੜਨਾ ਪਵੇਗਾ।"

"ਕੀ ਸਾੜਨਾ ਪਵੇਗਾ ?" ਮਾਂ ਨੇ ਪੁੱਛਿਆ।

"ਜੋ ਕੁਝ ਤੇਰੇ ਸੂਟਕੇਸ ਵਿੱਚ ਏ।

ਅਚਾਨਕ ਇਹ ਸਮਝ ਕੇ ਕਿ ਉਹ ਕੀ ਸੋਚ ਰਿਹਾ ਸੀ, ਆਪਣੇ ਦੁੱਖ ਦੇ ਬਾਵਜੂਦ ਉਹ ਮਾਣ ਦੀ ਮੁਸਕਾਨ ਰੋਕ ਨਾ ਸਕੀ।

"ਇਹਦੇ ਵਿੱਚ ਤਾਂ ਕੁਝ ਨਹੀਂ, ਇੱਕ ਵੀ ਇਸ਼ਤਿਹਾਰ ਨਹੀਂ !" ਉਹਨੇ ਕਿਹਾ ਅਤੇ ਜੋ ਕੁਝ ਵਾਪਰਿਆ ਸੀ ਉਹਨੂੰ ਦੱਸਣ ਲੱਗ ਪਈ। ਗੱਲਾਂ ਕਰਦੇ ਕਰਦੇ ਉਹਦਾ ਸਾਹ-ਸਤ ਮੁੜ ਆਇਆ। ਪਹਿਲਾਂ ਨਿਕੋਲਾਈ ਨੇ ਫ਼ਿਕਰ ਨਾਲ਼ ਘੂਰੀ ਵੱਟੀ, ਪਰ ਛੇਤੀ ਹੀ ਘੂਰੀ ਦੀ ਥਾਂ ਹੈਰਾਨੀ ਦੇ ਜਜ਼ਬੇ ਨੇ ਲੈ ਲਈ ਅਤੇ ਅਖ਼ੀਰ ਉਹਨੇ ਉਤੇਜਤ ਹੋਏ ਨੇ ਗੱਲ ਟੋਕੀ:

"ਪਰ ਇਹ ਤਾਂ ਬਹੁਤ ਸ਼ਾਨਦਾਰ ਗੱਲ ਏ ! ਤੇਰੀ ਕਿਸਮਤ ਕਿੰਨੀ ਚੰਗੀ ਸੀ !"

ਉਹਨੇ ਮਾਂ ਦੇ ਹੱਥ ਘੁੱਟੇ।

"ਲੋਕਾਂ ਵਿੱਚ ਤੇਰਾ ਨਿਸ਼ਚਾ ਬੜਾ ਅਸਰ ਪਾਉਣ ਵਾਲ਼ਾ ਏ ਅਤੇ ਮੈਂ ਤੈਨੂੰ ਇਉਂ ਪਿਆਰ ਕਰਦਾਂ ਜਿਵੇਂ — ਜਿਵੇਂ ਤੂੰ ਮੇਰੀ ਸਕੀ ਮਾਂ ਹੋਵੇਂ !..."

ਉਹਨੂੰ ਵੇਖਦੀ ਹੋਈ ਉਹ ਮੁਸਕਰਾਈ, ਇਸ ਗੱਲ 'ਤੇ ਹੈਰਾਨ ਹੁੰਦੀ ਕਿ ਉਹ ਅਚਾਨਕ ਇੰਨਾ ਸਪਸ਼ਟ ਅਤੇ ਜੁਸ਼ੀਲਾ ਕਿਉਂ ਹੋ ਗਿਆ।

"ਕੁਲ ਮਿਲਾਕੇ ਹਾਲਤ ਰੌਸ਼ਨ ਏ," ਉਹਨੇ ਆਪਣੇ ਹੱਥ ਮਲਦੇ ਅਤੇ ਗੁਟਕਦੇ ਹੋਏ ਕਿਹਾ। "ਪਿਛਲੇ ਕੁਝ ਦਿਨਾਂ ਤੋਂ ਮੈਂ ਵੀ ਮੌਜਾਂ ਮਾਣਦਾ ਰਿਹਾਂ-ਪੜ੍ਹਦਾ ਰਿਹਾਂ, ਕਿਰਤੀਆਂ ਨਾਲ਼ ਗੱਲਾਂ ਕਰਦਾ ਰਿਹਾਂ ਅਤੇ ਉਹਨਾਂ ਨੂੰ ਧਿਆਨ ਨਾਲ਼ ਵੇਖਦਾ ਰਿਹਾਂ। ਉਹ ਤੁਹਾਡੇ ਦਿਲ ਵਿੱਚ ਸਦਾ ਹੀ ਸਾਫ਼, ਨਰੋਆ ਜਜ਼ਬਾ ਪੈਦਾ ਕਰਦੇ ਨੇ। ਸ਼ਾਨਦਾਰ ਲੋਕ ਨਿਲੋਵਨਾ ! ਮੇਰਾ ਮਤਲਬ ਏ ਛੁਟੇਰੀ ਉਮਰ ਦੇ ਕਿਰਤੀ—ਇੰਨੇ ਬਲਵਾਨ ਅਤੇ ਭਾਵਕ ਅਤੇ ਸਿੱਖਣ ਲਈ ਉਤਾਵਲੇ ! ਉਹਨਾਂ ਵੱਲ ਵੇਖਦੇ ਹੋਏ ਤੁਸੀਂ ਇਹ ਸੋਚੇ ਬਿਨਾਂ ਨਹੀਂ ਰਹਿ ਸਕਦੇ ਕਿ ਇੱਕ ਦਿਨ ਆਵੇਗਾ ਜਦੋਂ ਰੂਸ ਦੁਨੀਆਂ ਦਾ ਸਭ ਤੋਂ ਵੱਧ ਜਮਹੂਰੀ ਦੇਸ਼ ਬਣੇਗਾ !"

ਉਹ ਰੁਕ ਗਿਆ ਅਤੇ ਇੱਕ ਹੱਥ ਉੱਪਰ ਚੁੱਕਿਆ ਜਿਵੇਂ ਸੌਂਹ ਖਾ ਰਿਹਾ ਹੋਵੇ।

"ਪਰ ਪੂਰਾ ਵਰ੍ਹਾ ਕਿਤਾਬਾਂ ਅਤੇ ਅੰਕੜਿਆਂ ਦਾ ਅਧਿਐਨ ਕਰਦੇ ਕਰਦੇ ਮੈਨੂੰ ਉਲੀ ਲੱਗ ਗਈ ਏ। ਭਿਆਨਕ ! ਮੈਂ ਕਿਰਤੀਆਂ ਵਿੱਚ ਰਹਿਣ ਦਾ ਆਦੀ ਹੋ ਗਿਆਂ, ਉਹਨਾਂ ਤੋਂ ਬਿਨਾਂ ਮੈਂ ਹਰ ਥਾਂ ਗਵਾਚਿਆ ਗਵਾਚਿਆ ਮਹਿਸੂਸ ਕਰਦਾਂ — ਕਿਸੇ ਤਰ੍ਹਾਂ ਖਿੱਚਿਆ ਹੋਇਆ ਅਤੇ ਦਬਾਅ ਹੇਠ। ਪਰ ਹੁਣ ਮੈਂ ਫਿਰ ਇੱਕ ਅਜ਼ਾਦ ਮਨੁੱਖ ਵਾਂਗ ਜੀਵਾਂਗਾ। ਮੈਂ ਸਾਰਾ ਸਮਾਂ ਉਹਨਾਂ ਨਾਲ਼ ਰਹਾਂਗਾ ਤੇ ਕੰਮ ਕਰਾਂਗਾ। ਸਮਝਦੀ ਏਂ ? ਮੈਂ ਜਵਾਨ, ਉਸਾਰੂ ਸ਼ਕਤੀ ਦੀ ਮੌਜੂਦਗੀ ਵਿੱਚ ਨਵੇਂ ਵਿਚਾਰਾਂ ਦੇ ਪੰਘੂੜੇ ਕੋਲ਼ ਖੜਾ ਹੋਵਾਂਗਾ। ਬਹੁਤ ਸਾਦਾ ਤੇ ਸੋਹਣਾ ਤੇ ਸ਼ਾਨਦਾਰ ਢੰਗ ਨਾਲ਼ ਉਤਸ਼ਾਹ ਦੇਣ ਵਾਲ਼ਾ। ਇਹ ਤਾਂ ਮਨੁੱਖ ਨੂੰ ਜਵਾਨ ਤੇ ਤਕੜਾ ਬਣਾ

ਦੇਂਦੈ। ਇਹ ਜ਼ਿੰਦਗੀ ਦਾ ਭਰਪੂਰ ਰਾਹ ਏ, ਨਿਲੋਵਨਾ!"

ਉਹ ਖੁਸ਼ ਅਤੇ ਕੁਝ ਔਖਾ ਹੋ ਕੇ ਹੱਸਿਆ ਅਤੇ ਮਾਂ ਨੇ ਉਹਦੀ ਖੁਸ਼ੀ ਨੂੰ ਸਮਝਿਆ ਅਤੇ ਉਹ ਉਹਦੇ ਵਿੱਚ ਭਿਆਲ ਸੀ।

"ਤੇ ਤੂੰ ? ਤੂੰ ਵੀ ਸ਼ਾਨਦਾਰ ਇਨਸਾਨ ਏਂ!" ਨਿਕੋਲਾਈ ਕੂਕਿਆ। "ਤੂੰ ਕਿੰਨੀ ਸੋਹਣੀ ਤਰ੍ਹਾਂ ਲੋਕਾਂ ਦਾ ਬਿਆਨ ਕਰਦੀ ਏਂ ਅਤੇ ਕਿੰਨੀ ਸੋਹਣੀ ਤਰ੍ਹਾਂ ਉਹਨਾਂ ਨੂੰ ਸਮਝਦੀ ਏਂ!..."

ਉਹ ਮਾਂ ਦੇ ਨਾਲ਼ ਬਹਿ ਗਿਆ, ਪਹਿਲਾਂ ਮਾਂ ਤੋਂ ਅੱਖਾਂ ਚੁਰਾਉਂਦਾ ਅਤੇ ਆਪਣੀ ਘਬਰਾਹਟ ਮਿਟਾਉਣ ਲਈ ਆਪਣੇ ਵਾਲਾਂ ਵਿੱਚ ਉਂਗਲਾਂ ਫੇਰਦਾ, ਪਰ ਫਿਰ ਜਦੋਂ ਉਹ ਉਹਨੂੰ ਆਪਣੇ ਨਾਲ਼ ਵਾਪਰੀਆਂ ਘਟਨਾਵਾਂ ਦਾ ਸਾਦਾ ਅਤੇ ਛੁਹਲਾ ਬ੍ਰਿਤਾਂਤ ਦੱਸ ਰਹੀ ਸੀ ਤਾਂ ਉਹ ਮੁੜਕੇ ਉਹਦੇ ਵੱਲ ਵੇਖਣ ਲੱਗ ਪਿਆ।

"ਬਹੁਤ ਹੀ ਚੰਗੇ ਭਾਗਾਂ ਦੀ ਗੱਲ ਹੋਈ!" ਉਹ ਕੂਕਿਆ। "ਤੂੰ ਇੰਨੀ ਸੌਖੀ ਤਰ੍ਹਾਂ ਗ੍ਰਿਫ਼ਤਾਰ ਹੋ ਸਕਦੀ ਸੈਂ ਤੇ ਉਹਦੀ ਥਾਂ!... ਹਾਂ, ਕਿਸਾਨ ਜਾਗ ਰਹੇ ਜਾਪਦੇ ਨੇ—ਤੇ ਇਹ ਸੁਭਾਵਕ ਈ ਏ। ਤੇ ਉਹ ਜ਼ਨਾਨੀ — ਮੈਂ ਉਹਨੂੰ ਇੰਨੀ ਸਾਫ਼ ਤਰ੍ਹਾਂ ਵੇਖ ਸਕਦਾਂ!... ਸਾਨੂੰ ਪਿੰਡਾਂ ਵਿੱਚ ਕੰਮ ਕਰਨ ਲਈ ਖ਼ਾਸ ਲੋਕ ਭੇਜਣੇ ਚਾਹੀਦੇ ਨੇ। ਲੋਕ ? ਸਾਡੇ ਕੋਲ਼ ਚੋਖੇ ਤਾਂ ਉੱਕਾ ਹੀ ਨਹੀਂ! ਸਾਨੂੰ ਸੈਂਕੜਿਆਂ ਦੀ ਲੋੜ ਏ।..."

"ਜੇ ਕਿਤੇ ਪਾਵੇਲ ਅਜ਼ਾਦ ਹੁੰਦਾ! ਤੇ ਆਂਦਰੇਈ!" ਮਾਂ ਨੇ ਹੌਲ਼ੀ ਜਿਹੇ ਕਿਹਾ।

ਨਿਕੋਲਾਈ ਨੇ ਉਹਦੇ ਵੱਲ ਵੇਖਿਆ ਅਤੇ ਨੀਵੀਂ ਪਾ ਲਈ।

"ਭਾਵੇਂ ਇਹ ਗੱਲ ਕਹਿਣਾ ਮੇਰੇ ਲਈ ਔਖਾ ਏ, ਨਿਲੋਵਨਾ, ਪਰ ਮੈਂ ਪਾਵੇਲ ਨੂੰ ਖ਼ੂਬ ਜਾਣਦਾਂ — ਉਹ ਜੇਲ੍ਹ ਤੋਂ ਨੱਠਣ ਦਾ ਰਾਹ ਕਦੀ ਨਹੀਂ ਚੁਣੇਗਾ! ਉਹਨੂੰ ਉਸ ਮੁਕੱਦਮੇ ਦੀ ਲੋੜ ਏ। ਉਹਨੂੰ ਆਪਣਾ ਪੂਰਾ ਆਪ ਵਿਖਾਉਣ ਦੇ ਅਵਸਰ ਦੀ ਲੋੜ ਏ ਤੇ ਉਹ ਇਹ ਅਵਸਰ ਕਦੀ ਹੱਥੋਂ ਨਹੀਂ ਜਾਣ ਦੇਣ ਲੱਗਾ। ਅਤੇ ਉਹ ਅਜਿਹਾ ਕਰੇ ਵੀ ਕਿਉਂ ? ਉਹ ਸਾਇਬੇਰੀਆਂ ਤੋਂ ਨੱਠ ਆਵੇਗਾ।"

"ਹਾਂ, ਮੇਰਾ ਖ਼ਿਆਲ ਏ, ਉਹ ਸਾਥੋਂ ਚੰਗੀ ਤਰ੍ਹਾਂ ਜਾਣਦੈ," ਮਾਂ ਨੇ ਹਉਕਾ ਲੈ ਕੇ ਕਿਹਾ।

"ਮੈਂ ਚਾਹੁੰਦਾਂ ਤੇਰਾ ਉਹ ਮੂਜ਼ੀਕ ਛੇਤੀ ਕਰੇ ਤੇ ਸਾਨੂੰ ਮਿਲਣ ਆਵੇ," ਨਿਕੋਲਾਈ ਨੇ ਆਪਣੀ ਐਨਕ ਵਿੱਚੋਂ ਝਾਕਦੇ ਹੋਏ ਇੱਕ ਛਿਣ ਪਿੱਛੋਂ ਕਿਹਾ। "ਅਸੀਂ ਜ਼ਰੂਰ ਹੀ ਕਿਸਾਨਾਂ ਲਈ ਰੀਬਿਨ ਬਾਰੇ ਇੱਕ ਇਸ਼ਤਿਹਾਰ ਲਿਖਾਂਗੇ। ਇਹਦੇ ਨਾਲ਼ ਉਹਦਾ ਤਾਂ ਕੁਝ ਵਿਗੜਨ ਨਹੀਂ ਲੱਗਾ ਕਿਉਂਕਿ ਉਹ ਆਪ ਇੰਨੀ ਖੁੱਲ੍ਹੀ ਤਰ੍ਹਾਂ ਗੱਲ ਕਰਦੈ। ਮੈਂ ਅੱਜ ਹੀ ਲਿਖ ਦਿਆਂਗਾ ਤੇ ਲਿਉਦਮੀਲਾ ਅੱਖ ਦੇ ਫੋਰ ਵਿੱਚ ਛਾਪ ਦੇਵੇਗੀ।... ਪਰ ਇਸ਼ਤਿਹਾਰ ਉਹਨਾਂ ਤੱਕ ਅੱਪੜਨਗੇ ਕਿਵੇਂ ?

"ਮੈਂ ਲੈ ਜਾਵਾਂਗੀ।"

"ਨਹੀਂ ਸ਼ੁਕਰੀਆ," ਨਿਕੋਲਾਈ ਨੇ ਕਾਹਲ ਨਾਲ਼ ਜਵਾਬ ਦਿੱਤਾ। "ਪਰ ਕੀ ਵੇਸੋਵਸ਼ਚੀਕੋਵ ਨਹੀਂ ਲਿਜਾ ਸਕਦਾ ?"

"ਮੈਂ ਉਹਦੇ ਨਾਲ਼ ਇਸ ਬਾਰੇ ਗੱਲ ਕਰ ਸਕਦੀ ਵਾਂ।"

"ਕਰੀਂ। ਤੇ ਉਹਨੂੰ ਇਹ ਕੰਮ ਕਰਨਾ ਸਿਖਾਵੀਂ।"

"ਪਰ ਮੈਂ ਕੀ ਕਰਾਂਗੀ ?"

"ਉਹ, ਅਸੀਂ ਤੇਰੇ ਲਈ ਕੰਮ ਲੱਭ ਲਵਾਂਗੇ।"

ਉਹ ਆਪਣੇ ਮੇਜ਼ ਕੋਲ਼ ਬਹਿ ਗਿਆ। ਮਾਂ ਖਾਣੇ ਦੀ ਮੇਜ਼ ਸਾਫ਼ ਕਰਦੀ ਹੋਈ ਕਾਣੀ ਅੱਖ ਨਾਲ਼ ਉਹਦੇ ਵੱਲ ਵੇਖਦੀ ਰਹੀ ਅਤੇ ਉਹਨੇ ਵੇਖਿਆ ਕਿ ਕਾ.ਗਜ਼ ਨੂੰ ਕਾਲ਼ੇ ਅੱਖਰਾਂ ਦੀਆਂ ਪੱਟੀਆਂ ਨਾਲ਼ ਕੱਜਦੀ ਕਲਮ ਉਹਦੇ ਹੱਥ ਵਿੱਚ ਕੰਬ ਰਹੀ ਸੀ। ਕਈ ਵਾਰ ਉਹਦੀ ਗਰਦਨ ਦੇ ਪੱਠੇ ਫਰਕਦੇ ਤੇ ਜਦੋਂ ਉਹ ਆਪਣਾ ਸਿਰ ਪਿੱਛੇ ਸੁੱਟਦਾ ਅਤੇ ਆਪਣੀਆਂ ਅੱਖਾਂ ਬੰਦ ਕਰਦਾ ਤਾਂ ਮਾਂ ਨੂੰ ਉਹਦੀ ਠੋਡੀ ਦਾ ਕਾਂਬਾ ਦਿੱਸਦਾ। ਮਾਂ ਇਸ ਕਾਰਨ ਫ਼ਿਕਰਮੰਦ ਸੀ।

"ਇਹ ਤਿਆਰ ਏ," ਉਹਨੇ ਅਖ਼ੀਰ ਉੱਠਦੇ ਹੋਏ ਕਿਹਾ। "ਲੈ ਇਹ ਆਪਣੇ ਕੱਪੜਿਆ ਵਿੱਚ ਕਿਤੇ ਲੁਕਾ ਲੈ—ਪਰ ਜੇ ਜੈਨਡਾਰਮ ਆਏ ਤਾਂ ਉਹ ਤੇਰੀ ਵੀ ਤਲਾਸ਼ੀ ਲੈਣਗੇ।"

"ਢੱਠੇ ਖ਼ੂਹ ਵਿੱਚ ਪੈਣ ਉਹ," ਮਾਂ ਨੇ ਸ਼ਾਂਤੀ ਨਾਲ਼ ਜਵਾਬ ਦਿੱਤਾ।

ਉਸ ਸ਼ਾਮ ਈਵਾਨ ਦਾਨੀਲੋਵਿਚ ਡਾਕਟਰ ਆਇਆ।

"ਇਹ ਹਾਕਮ ਅਚਾਨਕ ਪ੍ਰੇਸ਼ਾਨ ਕਿਉਂ ਹੋ ਗਏ ਨੇ ?" ਉਹਨੇ ਕਾਹਲੀ ਕਾਹਲੀ ਇੱਧਰ ਉੱਧਰ ਘੁੰਮਦੇ ਹੋਏ ਕਿਹਾ। "ਕੱਲ੍ਹ ਉਹਨਾਂ ਸੱਤਾਂ ਘਰਾਂ ਦੀ ਤਲਾਸ਼ੀ ਲਈ। ਮੇਰਾ ਮਰੀਜ਼ ਕਿੱਥੇ ਏ, ਹੈਂ ?"

"ਉਹ ਕੱਲ੍ਹ ਚਲਾ ਗਿਐ," ਨਿਕੋਲਾਈ ਨੇ ਜਵਾਬ ਦਿੱਤਾ। "ਅੱਜ ਸਨਿਚਰਵਾਰ ਏ ਤੇ ਉਹ ਆਪਣਾ ਸਟੱਡੀ ਸਰਕਲ ਖੁੰਝਾਣਾ ਨਹੀਂ ਸੀ ਚਾਹੁੰਦਾ।...

"ਬੇਵਕੂਫ਼ਾਂ ਵਾਲ਼ੀ ਗੱਲ ਏ। ਪਾਟੀ ਖੋਪੜੀ ਨਾਲ਼ ਸਟੱਡੀ ਸਰਕਲ ਵਿੱਚ ਬਹਿਣਾ।..."

"ਮੈਂ ਉਹਨੂੰ ਰੋਕਣ ਲਈ ਪੂਰੀ ਵਾਹ ਲਾਈ, ਪਰ ਰੋਕ ਨਾ ਸਕਿਆ।..."

"ਯਕੀਨ ਰੱਖੋ ਉਹ ਸ਼ੇਖੀ ਮਾਰਨਾ ਚਾਹੁੰਦਾ ਸੀ, 'ਮੇਰੇ ਵੱਲ ਵੇਖੋ—ਮੈਂ ਫੱਟੜ ਵੀ ਹੋ ਚੁੱਕਾਂ।' " ਮਾਂ ਨੇ ਕਿਹਾ।

ਡਾਕਟਰ ਨੇ ਉਹਦੇ ਵੱਲ ਤਿੱਖੀ ਨਿਗਾਹ ਮਾਰੀ ਅਤੇ ਨਕਲੀ ਸਖ਼ਤੀ ਨਾਲ਼ ਘੂਰੀ ਵੱਟੀ।

"ਤੂੰ ਕਿੰਨੀ ਸਖ਼ਤ-ਦਿਲ ਜੀਵ ਏਂ!..." ਉਹਨੇ ਕਿਹਾ।

"ਸੋ ਈਵਾਨ, ਇੱਥੇ ਤੇਰੇ ਠਹਿਰਣ ਦਾ ਕੋਈ ਕਾਰਨ ਨਹੀਂ ਤੇ ਅਸੀਂ ਮਹਿਮਾਨਾਂ ਦੀ ਉਡੀਕ ਕਰ ਰਹੇ ਆਂ। ਨੱਠਦਾ ਹੋ! ਨਿਲੋਵਨਾ ਉਹਨੂੰ ਇਸ਼ਤਿਹਾਰ ਦੇ।..."

"ਹੋਰ ਇਸ਼ਤਿਹਾਰ!" ਡਾਕਟਰ ਕੂਕਿਆ।

"ਹਾਂ, ਇਹ ਲੈ ਜਾ ਤੇ ਛਾਪੇਖ਼ਾਨੇ ਨੂੰ ਦੇ ਦੇ।"

"ਮੈਂ ਲੈ ਲਿਐ ਤੇ ਮੈਂ ਦੇ ਦਿਆਂਗਾ। ਹੋਰ ਕੁਝ ?"

"ਹੋਰ ਕੁਝ ਨਹੀਂ। ਫਾਟਕ ਉੱਤੇ ਜਾਸੂਸ ਖੜੈ।"

"ਮੈਂ ਉਹਨੂੰ ਵੇਖਿਐ। ਮੇਰੇ ਬੂਹੇ 'ਤੇ ਵੀ ਇੱਕ ਖੜੈ। ਸੋ, ਰੱਬ ਰਾਖਾ! ਰੱਬ ਰਾਖਾ ਸਖ਼ਤ-ਦਿਲ ਸਵਾਣੀ! ਸੱਚੀਂ ਮਿੱਤਰੋ, ਕਬਰਿਸਤਾਨ ਵਿੱਚ ਹੋਈ ਲੜਾਈ ਦਾ ਨਤੀਜਾ ਅਖ਼ੀਰ ਚੰਗਾ ਈ ਨਿਕਲਿਆ! ਸਾਰਾ ਸ਼ਹਿਰ ਉਹਦੇ ਬਾਰੇ ਗੱਲਾਂ ਕਰ ਰਿਹੈ। ਤੂੰ ਜਿਹੜਾ ਇਸ਼ਤਿਹਾਰ

ਲਿਖਿਆ ਉਹ ਚੰਗਾ ਸੀ ਅਤੇ ਐਨ ਵੇਲੇ ਸਿਰ ਆਇਆ। ਮੈਂ ਤਾਂ ਹਮੇਸ਼ਾ ਕਹਿਨਾਂ ਚੰਗੀ ਲੜਾਈ ਭੈੜੇ ਅਮਨ ਨਾਲ਼ੋਂ ਚੰਗੀ ਹੁੰਦੀ ਏ।...''

''ਬਹੁਤ ਅੱਛਾ। ਹੁਣ ਟੁਰਦਾ ਹੋ।''

''ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਤੂੰ ਬਹੁਤ ਸੁਲੱਗ ਏਂ। ਜ਼ਰਾ ਹੱਥ ਵਧਾਈਂ ਨਿਲੋਵਨਾ! ਮੁੰਡੇ ਨੇ ਸੱਚ ਮੁਚ ਮੂਰਖਤਾ ਕੀਤੀ ਏ। ਤੈਨੂੰ ਪਤੈ ਉਹ ਕਿੱਥੇ ਰਹਿੰਦੈ ?''

ਨਿਕੋਲਾਈ ਨੇ ਉਹਨੂੰ ਪਤਾ ਦਿੱਤਾ।

''ਮੈਂ ਭਲਕੇ ਉਹਨੂੰ ਵੇਖਣ ਜਾਵਾਂਗਾ। ਚੰਗਾ ਬੰਦੈ, ਹੈਂ ਨਾਂ ?''

''ਬਹੁਤ।...''

''ਸਾਨੂੰ ਉਹਦਾ ਧਿਆਨ ਰੱਖਣਾ ਚਾਹੀਦੈ। ਉਹਦੇ ਮੋਢਿਆਂ ਉੱਤੇ ਸਿਆਣਾ ਸਿਰ ਏ,'' ਡਾਕਟਰ ਨੇ ਬਾਹਰ ਜਾਂਦੇ ਹੋਏ ਕਿਹਾ। ''ਜਦੋਂ ਅਸੀਂ ਉਹਨਾਂ ਤੱਟਾਂ ਲਈ ਚੱਲ ਪਵਾਂਗੇ ਜਿੱਥੇ ਮੇਰੇ ਖ਼ਿਆਲ ਵਿੱਚ ਕੋਈ ਸ਼੍ਰੇਣੀ ਵਿਤਕਰਾ ਨਹੀਂ ਤਾਂ ਅਜਿਹੇ ਹੀ ਲੋਕ ਸਾਡੀ ਥਾਂ ਲੈਣ ਲਈ ਸੱਚਾ ਪ੍ਰੋਲੇਤਾਰੀ ਬੁੱਧੀਮਾਨ ਵਰਗ ਬਣਾਉਣਗੇ।...''

''ਪਿੱਛੇ ਜਿਹੇ ਤੋਂ ਬਹੁਤ ਗਾਲੜੀ ਬਣ ਗਿਐਂ, ਈਵਾਨ।...''

''ਇਸ ਕਰਕੇ ਕਿ ਮੇਰਾ ਰੌਂਅ ਚੰਗਾ ਏ। ਸੋ ਤੇਰਾ ਖ਼ਿਆਲ ਏ ਤੈਨੂੰ ਕੈਦ ਕਰ ਦੇਣਗੇ। ਚੰਗੀ ਤਰ੍ਹਾਂ ਅਰਾਮ ਕਰੀਂ।''

''ਸ਼ੁਕਰੀਆ, ਪਰ ਮੈਂ ਥੱਕਿਆ ਹੋਇਆ ਨਹੀਂ।''

ਮਾਂ ਕਿਰਤੀ ਸ਼੍ਰੇਣੀ ਦੇ ਉਸ ਮੁੰਡੇ ਲਈ ਉਹਨਾਂ ਦੀ ਫ਼ਿਕਰਮੰਦੀ ਵੇਖ ਕੇ ਖ਼ੁਸ਼ ਹੋਈ।

ਜਦੋਂ ਡਾਕਟਰ ਚਲਾ ਗਿਆ ਤਾਂ ਮਾਂ ਅਤੇ ਨਿਕੋਲਾਈ ਨੇ ਰਾਤ ਦਾ ਖਾਣਾ ਖਾਧਾ, ਆਪਣੇ ਰਾਤ ਸਮੇਂ ਆਉਣ ਵਾਲ਼ੇ ਮਹਿਮਾਨਾਂ ਨੂੰ ਉਡੀਕਦੇ ਉਹ ਹੌਲ਼ੀ ਹੌਲ਼ੀ ਗੱਲਾਂ ਕਰਦੇ ਰਹੇ। ਨਿਕੋਲਾਈ ਨੇ ਉਹਨੂੰ ਆਪਣੇ ਜਲਾਵਤਨ ਸਾਥੀਆਂ ਬਾਰੇ, ਜਿਹੜੇ ਨੱਠ ਆਏ ਸਨ ਅਤੇ ਹੁਣ ਨਕਲੀ ਨਾਵਾਂ ਹੇਠ ਕੰਮ ਕਰ ਰਹੇ ਸਨ, ਸਭ ਕੁਝ ਦੱਸਿਆ। ਖ਼ਾਲੀ ਕੰਧਾਂ ਉਹਦੇ ਬੋਲ ਪਰਤਾ ਰਹੀਆਂ ਸਨ, ਜਿਵੇਂ ਸੰਸਾਰ ਨੂੰ ਮੁੜ ਘੜਨ ਲਈ ਆਪਣੇ ਆਪ ਨੂੰ ਕੁਰਬਾਨ ਕਰ ਰਹੇ ਨਿਰਮਾਣ ਸੂਰਮਿਆਂ ਦੇ ਕਿਸੇ ਯਕੀਨੋਂ ਬਾਹਰੇ ਹੋਣ। ਇੱਕ ਨਿੱਘੇ ਪਰਛਾਵੇਂ ਨੇ ਪਿਆਰ ਨਾਲ਼ ਮਾਂ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਅਤੇ ਉਹਦਾ ਦਿਲ ਅਣਜਾਣੇ ਲੋਕਾਂ ਲਈ ਪਿਆਰ ਨਾਲ਼ ਭਰ ਗਿਆ। ਉਹਦੀ ਕਲਪਨਾ ਵਿੱਚ ਉਹ ਮਿਲ ਕੇ ਇੱਕੋ ਇੱਕ ਮਹਾਨ ਵਿਅਕਤੀ ਬਣ ਗਏ, ਅਖੁੱਟ, ਮਰਦਊ ਸ਼ਕਤੀ ਨਾਲ਼ ਭਰੇ ਹੋਏ, ਜਿਹੜਾ ਹੌਲ਼ੀ ਹੌਲ਼ੀ ਪਰ ਪੱਕੇ ਪੈਰੀਂ ਅੱਗੇ ਵੱਧ ਰਿਹਾ ਸੀ, ਝੂਠ ਦੀ ਸਦੀਆਂ ਪੁਰਾਣੀ ਪਰਤ ਨੂੰ ਹਟਾਉਂਦਾ ਤਾਂ ਜੁ ਲੋਕ ਜ਼ਿੰਦਗੀ ਦੀ ਸਾਫ਼ ਅਤੇ ਸਾਦਾ ਸੱਚਾਈ ਵੇਖ ਸਕਣ। ਅਤੇ ਇਹ ਮਹਾਨ ਸੱਚਾਈ, ਨਵੇਂ ਸਿਰਿਉਂ ਜੰਮੀ, ਬਿਨਾਂ ਛੋਟ ਸਭਨਾਂ ਨੂੰ ਇੱਕਮੁੱਠ ਕਰੇਗੀ ਅਤੇ ਲੋਭ, ਘਿਰਣਾ ਅਤੇ ਝੂਠ ਤੋਂ—ਦੁਨੀਆਂ ਨੂੰ ਆਪਣੀ ਸਨਕੀ ਸ਼ਕਤੀ ਨਾਲ਼ ਡਰਾਉਣ ਅਤੇ ਗ਼ੁਲਾਮ ਬਣਾਉਣ ਵਾਲ਼ੀਆਂ ਤਿੰਨ ਬੁਰਾਈਆਂ ਤੋਂ—ਛੁਟਕਾਰਾ ਦੇਵੇਗੀ।... ਇਸ ਬਿੰਬ ਨੇ ਖ਼ੁਸ਼ੀ ਅਤੇ ਸ਼ੁਕਰਾਨੇ ਦੀ ਜਿਹੜੀ ਭਾਵਨਾ ਪੈਦਾ ਕੀਤੀ ਉਹ ਉਸੇ ਭਾਵਨਾ ਜਿਹੀ ਸੀ ਜਿਹੜੀ ਉਹ ਉਸ ਸਮੇਂ ਅਨੁਭਵ ਕਰਦੀ ਜਦੋਂ ਉਹ ਬਾਕੀਆਂ

ਨਾਲ਼ੋਂ ਘੱਟ ਔਖੇ ਦਿਨੀਂ, ਪਵਿੱਤਰ ਮੂਰਤਾਂ ਅੱਗੇ ਗੋਡੇ ਟੇਕਦੀ। ਬੀਤੇ ਦੇ ਅਜਿਹੇ ਵਿਰਲੇ ਦਿਨ ਹੁਣ ਭੁਲਾ ਦਿੱਤੇ ਗਏ ਸਨ, ਪਰ ਉਹਨਾਂ ਜਿਸ ਭਾਵਨਾ ਨੂੰ ਜਨਮ ਦਿੱਤਾ ਸੀ ਉਹ ਫੈਲ ਗਈ, ਵਧੇਰੇ ਲਿਸ਼ਕਦੀ ਅਤੇ ਖੁਸ਼ ਹੋ ਗਈ, ਮਾਂ ਦੀ ਰੂਹ ਵਿੱਚ ਉਹਨੇ ਡੂੰਘੀਆਂ ਜੜਾਂ ਫੜ ਲਈਆਂ ਅਤੇ ਇੱਕ ਜਿਉਂਦੀ ਸ਼ੈ ਬਣ ਕੇ ਖਿੜ ਪਈ।

"ਅਤੇ ਜੈਨਡਾਰਮ ਨਹੀਂ ਆਏ," ਉਹਦਾ ਬਿਆਨ ਅਚਾਨਕ ਟੋਕਦੇ ਹੋਏ ਨਿਕੋਲਾਈ ਕੂਕਿਆ।

"ਢੱਠੇ ਖੂਹ ਵਿੱਚ ਪੈਣ ਉਹ, ਮੈਂ ਤੈਨੂੰ ਕਹਿਨੀ ਵਾਂ," ਮਾਂ ਨੇ ਉਹਦੇ ਵੱਲ ਤਿੱਖੀ ਨਿਗਾਹ ਮਾਰ ਕੇ ਖਿਝ ਨਾਲ਼ ਕਿਹਾ।

"ਪਏ ਪੈਣ! ਪਰ ਤੇਰੇ ਲਈ ਸੌਣ ਦਾ ਸਮਾਂ ਹੋ ਗਿਐ, ਨਿਲੋਵਨਾ। ਤੂੰ ਥੱਕ ਕੇ ਚੂਰ ਹੋ ਗਈ ਹੋਣੀ ਏਂ। ਤੇਰਾ ਜੁੱਸਾ ਕਿੰਨਾ ਪੀਡਾ ਏ! ਇਹ ਸਾਰਾ ਖ਼ਤਰਾ ਤੇ ਉਤੇਜਨਾ — ਤੇ ਤੂੰ ਸਭ ਕੁਝ ਇੰਨੀ ਸੌਖੀ ਤਰ੍ਹਾਂ ਲੈ ਰਹੀ ਏਂ! ਪਰ ਤੇਰੇ ਵਾਲ ਛੇਤੀ ਪੱਕਣੇ ਸ਼ੁਰੂ ਹੋ ਗਏ ਨੇ। ਅੱਛਾ, ਜਾ ਤੇ ਥੋੜ੍ਹੀ ਦੇਰ ਸੌਂ ਲੈ।"

## 20

ਰਸੋਈ ਦਾ ਦਰਵਾਜ਼ਾ ਜ਼ੋਰ ਨਾਲ਼ ਖੜਕਣ ਨੇ ਮਾਂ ਨੂੰ ਜਗਾ ਦਿੱਤਾ। ਜੋ ਕੋਈ ਬੂਹਾ ਖੜਕਾ ਰਿਹਾ ਸੀ ਉਹ ਸਬਰ ਭਰੇ ਸਿਰੜ ਨਾਲ਼ ਅਜਿਹਾ ਕਰ ਰਿਹਾ ਸੀ। ਅਜੇ ਹਨੇਰਾ ਸੀ ਤੇ ਇਸ ਅੜੀਅਲ ਖਟ-ਖਟ ਵਿੱਚ ਕੁਝ ਤੌਖਲਾ ਭਰਿਆ ਸੀ। ਮਾਂ ਨੇ ਕਾਹਲ ਨਾਲ਼ ਕੋਈ ਕੱਪੜਾ ਆਪਣੇ ਮੋਢਿਆਂ ਉੱਤੇ ਸੁੱਟਿਆ ਅਤੇ ਰਸੋਈ ਵਿੱਚ ਗਈ, ਦਰਵਾਜ਼ੇ ਕੋਲ਼ ਉਹ ਰੁਕ ਗਈ:

"ਕੌਣ ਵੇ?" ਉਹਨੇ ਪੁੱਛਿਆ।

"ਮੈਂ ਆਂ," ਕਿਸੇ ਓਪਰੀ ਅਵਾਜ਼ ਨੇ ਜਵਾਬ ਦਿੱਤਾ।

"ਕੌਣ?"

"ਬੂਹਾ ਖੋਹਲੋ," ਉਸ ਬੰਦੇ ਨੇ ਨਿੰਮ੍ਹੀ ਅਵਾਜ਼ ਵਿੱਚ ਤਰਲਾ ਕੀਤਾ।

ਮਾਂ ਨੇ ਹੋੜਾ ਹਟਾਇਆ ਅਤੇ ਆਪਣੇ ਪੈਰ ਨਾਲ਼ ਧੱਕ ਕੇ ਦਰਵਾਜ਼ਾ ਖੋਹਲਿਆ। ਇਗਨਾਤ ਅੰਦਰ ਆਇਆ।

"ਸੋ ਮੈਂ ਗ਼ਲਤੀ ਨਹੀਂ ਕੀਤੀ!" ਉਹ ਖੁਸ਼ੀ ਨਾਲ਼ ਕੂਕਿਆ।

ਉਹ ਲੱਕ ਤੱਕ ਚਿਕੜ ਨਾਲ਼ ਲਿਬੜਿਆ ਹੋਇਆ ਸੀ। ਉਹਦਾ ਮੂੰਹ ਬੱਗਾ ਸੀ, ਅੱਖਾਂ ਅੰਦਰ ਧੱਸੀਆਂ ਹੋਈਆਂ ਸਨ ਅਤੇ ਉਹਦੇ ਘੁੰਗਰਿਆਲੇ ਵਾਲ ਟੋਪੀ ਹੇਠੋਂ ਚਾਰੇ ਪਾਸੇ ਖਿਲਰੇ ਹੋਏ ਸਨ।

"ਅਸੀਂ ਮੁਸੀਬਤ ਵਿੱਚ ਫਸ ਗਏ ਆਂ," ਉਹਨੇ ਦਰਵਾਜ਼ੇ ਨੂੰ ਤਾਲਾ ਲਗਾਉਂਦੇ ਹੋਏ ਨਿੰਮ੍ਹੀ ਅਵਾਜ਼ ਵਿੱਚ ਕਿਹਾ।

"ਮੈਨੂੰ ਪਤੈ।..."

ਮੁੰਡਾ ਇਹ ਸੁਣ ਕੇ ਹੈਰਾਨ ਰਹਿ ਗਿਆ।

“ਤੈਨੂੰ ਕਿਵੇਂ ਪਤੈ ?” ਉਹਨੇ ਅੱਖਾਂ ਝਮਕਦੇ ਹੋਏ ਕਿਹਾ।

ਮਾਂ ਨੇ ਉਹਨੂੰ ਸੰਖੇਪ ਤੌਰ ’ਤੇ ਗੱਲ ਸਮਝਾਈ।

“ਉਹ ਉਹਨਾਂ ਦੋਹਾਂ ਨੂੰ ਵੀ ਲੈ ਗਏ, ਤੇਰੇ ਸਾਥੀਆਂ ਨੂੰ ?”

“ਉਹ ਵਾਂਢੇ ਗਏ ਹੋਏ ਸਨ। ਉਹ ਰੰਗਰੂਟ ਨੇ ਤੇ ਪੇਸ਼ ਹੋਣ ਗਏ ਸਨ। ਚਾਚਾ ਮਿਖਾਇਲੋ ਸਮੇਤ ਪੰਜ ਫੜੇ ਗਏ।...”

ਉਹਨੇ ਡੂੰਘਾ ਸਾਹ ਲਿਆ ਅਤੇ ਨਿੱਕਾ ਜਿਹਾ ਹਾਸਾ ਹੱਸ ਕੇ ਕਿਹਾ:

“ਬਸ ਮੈਂ ਈ ਬਚਿਆਂ। ਉਹ ਮੈਨੂੰ ਢੂੰਡਦੇ ਫਿਰਦੇ ਹੋਣੇ ਨੇ।”

ਦੂਜੇ ਕਮਰੇ ਦਾ ਦਰਵਾਜ਼ਾ ਥੋੜ੍ਹਾ ਜਿਹਾ ਖੁੱਲ੍ਹਾ।

“ਮੈਂ ?” ਇਗਨਾਤ ਇੱਕ ਬੈਂਚ ਉੱਤੇ ਬਹਿੰਦਾ ਅਤੇ ਆਪਣੇ ਆਲੇ ਦੁਆਲੇ ਝਾਕਦਾ ਹੋਇਆ ਬੋਲਿਆ। “ਉਹਨਾਂ ਦੇ ਆਉਣ ਤੋਂ ਇੱਕ ਅੱਧ ਮਿੰਟ ਪਹਿਲਾਂ ਜੰਗਲ ਦਾ ਰਾਖਾ ਨੱਠਦਾ ਹੋਇਆ ਆਇਆ, ਬਾਰੀ ਖੜਕਾਈ। “ਜਣਿਉ ! ਸਾਵਧਾਨ ਹੋ ਜਾਓ,’ ਉਹਨੇ ਕਿਹਾ, ‘ਉਹ ਤੁਹਾਨੂੰ ਫੜਨ ਆ ਰਹੇ ਨੇ।...”

ਉਹ ਹੌਲ਼ੀ ਜਿਹੇ ਹੱਸਿਆ ਅਤੇ ਆਪਣਾ ਮੂੰਹ ਆਪਣੀ ਕਫ਼ਤਾਨ ਨਾਲ਼ ਪੂੰਝਿਆ।

“ਸੋ, ਚਾਚਾ ਮਿਖਾਈਲੋ ਨੂੰ ਤਾਂ ਕੋਈ ਗੱਲ ਉੱਥੋਂ ਹਿਲਾ ਨਾ ਸਕੀ। ‘ਇਗਨਾਤ’, ਉਹਨੇ ਕਿਹਾ, ‘ਤੂੰ ਸ਼ਹਿਰ ਵਗਦਾ ਹੋ — ਫਟਾ ਫਟ ! ਉਹ ਅੱਧ-ਖੜ ਜ਼ਨਾਨੀ ਚੇਤੇ ਈ ?’ ਉਹਨੇ ਕਿਹਾ ਤੇ ਗੱਲ ਕਰਦੇ ਕਰਦੇ ਇੱਕ ਰੁੱਕਾ ਝਰੀਟਿਆ। ‘ਔਹ ਲੈ, ਇਹ ਉਹਦੇ ਕੋਲ਼ ਲੈ ਜਾ !...’ ਸੋ ਮੈਂ ਝਾੜੀਆਂ ਵਿੱਚ ਲੁੱਕ ਗਿਆ ਅਤੇ ਪੱਕੀ ਗੱਲ ਉਹਨਾਂ ਨੂੰ ਆਉਂਦੇ ਸੁਣਿਆ। ਉਹ ਬਹੁਤ ਸਾਰੇ ਸਨ, ਸਭਨਾਂ ਪਾਸਿਆਂ ਤੋਂ ਸੁਰ-ਸੁਰ ਕਰਦੇ ਆ ਰਹੇ, ਸਾਲੇ ਭੂਤਨੇ ! ਸਾਡੇ ਕੋਲਤਾਰ ਦੇ ਕਾਰਖ਼ਾਨੇ ਨੂੰ ਘੇਰ ਲਿਆ। ਮੈਂ ਉਦੋਂ ਤੱਕ ਝਾੜੀਆਂ ਵਿੱਚ ਦੱਬਕਿਆ ਰਿਹਾ, ਜਦੋਂ ਤੱਕ ਉਹ ਲੰਘ ਨਾ ਗਏ। ਫਿਰ ਮੈਂ ਉੱਠ ਖੜਾ ਹੋਇਆ ਤੇ ਪੂਰੇ ਜ਼ੋਰ ਨਾਲ਼ ਨੱਠਣ ਲੱਗ ਪਿਆ, ਦੋ ਰਾਤਾਂ ਤੇ ਇੱਕ ਦਿਨ ਮੈਂ ਸਾਹ ਲਏ ਬਿਨਾਂ ਟੁਰਦਾ ਰਿਹਾਂ।”

ਉਹ ਵੇਖ ਰਹੀ ਸੀ ਕਿ ਮੁੰਡਾ ਆਪਣੇ ਆਪ ’ਤੇ ਬਹੁਤ ਖੁਸ਼ ਸੀ। ਉਹਦੀਆਂ ਬਦਾਮੀ ਅੱਖਾਂ ਵਿੱਚ ਮੁਸਕਾਨ ਲੁਕੀ ਹੋਈ ਸੀ ਅਤੇ ਉਹਦੇ ਭਰਵੇਂ ਸੂਹੇ ਬੁੱਲ੍ਹ ਫਰਕ ਰਹੇ ਸਨ।

“ਮੈਂ ਹੁਣੇ ਤੈਨੂੰ ਚਾਹ ਦੇਨੀ ਵਾਂ,” ਮਾਂ ਨੇ ਸਾਮਾਵਰ ਕੋਲ਼ ਅਪੜਦੇ ਹੋਏ ਕਿਹਾ।

“ਔਹ ਲਓ ਰੁੱਕਾ।...”

ਔਖ ਨਾਲ਼ ਉਹਨੇ ਆਪਣਾ ਪੈਰ ਚੁੱਕਿਆ ਅਤੇ ਬੈਂਚ ਉੱਤੇ ਰੱਖਦੇ ਹੋਏ ਉਹ ਕਰਾਹਿਆ ਅਤੇ ਮੂੰਹ ਬਣਾਇਆ।

ਨਿਕੋਲਾਈ ਦਰਵਾਜ਼ੇ ਵਿੱਚ ਆਇਆ।

“ਸ਼ੁਭ ਸ਼ਾਮ ਸਾਥੀ,” ਉਹਨੇ ਆਪਣੀਆਂ ਅੱਖਾਂ ਸੁੰਗੇੜਦੇ ਹੋਏ ਕਿਹਾ। “ਮੈਂ ਤੇਰਾ ਹੱਥ ਵਟਾਉਂਦਾ।”

ਉਹ ਝੁਕਿਆ ਅਤੇ ਇਗਨਾਤ ਦੇ ਪੈਰ ਦੁਆਲੇ ਲਪੇਟੀਆਂ ਗੰਦੀਆਂ ਲੀਰਾਂ ਖੋਹਲਣ ਲੱਗ ਪਿਆ।

“ਨਹੀ,” ਆਪਣਾ ਪੈਰ ਪਿੱਛੇ ਖਿੱਚਦਾ ਅਤੇ ਹੈਰਾਨੀ ਨਾਲ਼ ਮਾਂ ਵੱਲ ਵੇਖਦਾ ਮੁੰਡਾ ਕੂਕਿਆ।

“ਸਾਨੂੰ ਇਹਦੇ ਪੈਰਾਂ ’ਤੇ ਸਪਿਰਟ ਮਲਣੀ ਪਵੇਗੀ,” ਮਾਂ ਨੇ ਉਹਦੀ ਨਜ਼ਰ ਵੱਲੋਂ ਬੇਧਿਆਨ ਰਹਿੰਦੇ ਹੋਏ ਕਿਹਾ।

“ਜ਼ਰੂਰ,” ਨਿਕੋਲਾਈ ਨੇ ਜਵਾਬ ਦਿੱਤਾ।

ਇਗਨਾਤ ਪ੍ਰੇਸ਼ਾਨੀ ਨਾਲ਼ ਥੁਣਕਿਆ।

ਨਿਕੋਲਾਈ ਨੇ ਰੁੱਕਾ ਚੁੱਕ ਲਿਆ, ਭੂਰੇ, ਮੁਚੜੇ ਕਾਗ਼ਜ਼ ਨੂੰ ਪੱਧਰਾ ਕੀਤਾ ਅਤੇ ਪੜ੍ਹਦੇ ਹੋਏ ਇਹਨੂੰ ਆਪਣੀਆਂ ਅੱਖਾਂ ਕੋਲ਼ ਲਿਆਂਦਾ।

“ਮਾਂ, ਸਾਡਾ ਕੰਮ ਛੱਡ ਨਾ ਦਈਂ ਤੇ ਉਸ ਲੰਮੀ ਸਾਊ ਜ਼ਨਾਨੀ ਨੂੰ ਕਹੀਂ ਉਹ ਸਾਡੇ ਕੰਮ ਬਾਰੇ ਪਹਿਲਾਂ ਤੋਂ ਵੱਧ ਲਿਖਣਾ ਨਾ ਭੁੱਲੇ। ਚੰਗਾ, ਰੱਬ ਰਾਖਾ। ਰੀਬਿਨ।”

ਨਿਕੋਲਾਈ ਨੇ ਰੁੱਕੇ ਵਾਲਾ ਹੱਥ ਹੇਠਾਂ ਕੀਤਾ।

“ਬੜੀ ਸ਼ਾਨਦਾਰ ਗੱਲ ਹੈ!” ਉਹ ਬੁੜਬੁੜਾਇਆ।

ਇਗਨਾਤ ਆਪਣੇ ਨੰਗੇ ਪੈਰ ਦੀਆਂ ਗੰਦੀਆਂ ਉਂਗਲਾਂ ਧਿਆਨ ਨਾਲ਼ ਹਿਲਾਉਂਦਾ ਬੈਠਾ ਉਹਨਾਂ ਵੱਲ ਵੇਖਦਾ ਰਿਹਾ। ਜਦੋਂ ਮਾਂ ਪਾਣੀ ਨਾਲ਼ ਭਰਿਆ ਭਾਂਡਾ ਲਿਆਈ ਅਤੇ ਉਹਦੇ ਸਾਹਮਣੇ ਗੋਡਿਆਂ ਭਾਰ ਹੋ ਕੇ ਉਹਦੇ ਪੈਰ ਵੱਲ ਹੱਥ ਵਧਾਇਆ ਤਾਂ ਉਹ ਆਪਣੀਆਂ ਅੱਖਾਂ ਵਿੱਚ ਆਏ ਹੰਝੂ ਰੋਕਣ ਦਾ ਜਤਨ ਕਰ ਰਹੀ ਸੀ।

“ਨਹੀਂ, ਤੁਸੀਂ ਇੰਞ ਉੱਕਾ ਨਾ ਕਰੋ,” ਮੁੰਡੇ ਨੇ ਡਰ ਨਾਲ਼ ਕੂਕ ਕੇ, ਆਪਣਾ ਪੈਰ ਬੈਂਚ ਹੇਠ ਕਰਦੇ ਹੋਏ ਕਿਹਾ।

“ਪੈਰ ਅਗਾਂਹ ਕਰ ਤੇ ਕਾਹਲ ਕਰ!...”

“ਮੈਂ ਸਪਿਰਟ ਲਿਆਉਨਾਂ,” ਨਿਕੋਲਾਈ ਨੇ ਕਿਹਾ।

ਮੁੰਡੇ ਨੇ ਆਪਣਾ ਪੈਰ ਹੋਰ ਜ਼ਿਆਦਾ ਬੈਂਚ ਹੇਠ ਕਰ ਲਿਆ।

“ਇਹ ਕੀ ਏ, ਹਸਪਤਾਲ?” ਉਹ ਬੁੜਬੁੜਾਇਆ।

ਮਾਂ ਨੇ ਉਹਦੇ ਦੂਜੇ ਪੈਰ ਦੁਆਲੇ ਲਪੇਟੀਆਂ ਲੀਰਾਂ ਖੋਹਲਣੀਆਂ ਸ਼ੁਰੂ ਕਰ ਦਿੱਤੀਆਂ।

ਇਗਨਾਤ ਨੇ ਉੱਚੀ ਜਿਹੀ ਸੁੜ ਸੁੜ ਕੀਤੀ ਅਤੇ ਮਾਂ ਵੱਲ ਵੇਖਦਿਆਂ ਆਪਣੇ ਬੁੱਲ੍ਹ ਅਜੀਬ ਤਰ੍ਹਾਂ ਅਟੇਰ ਕੇ ਆਪਣੀ ਗਰਦਨ ਅੱਗੇ ਵਧਾਈ ਰੱਖੀ।

“ਉਹਨਾਂ ਮਿਖਾਈਲੋ ਈਵਾਨੋਵਿਚ ਨੂੰ ਕੁੱਟਿਆ,” ਮਾਂ ਨੇ ਕੰਬਦੀ ਅਵਾਜ਼ ਵਿੱਚ ਕਿਹਾ।

“ਸੱਚੀਂ?” ਮੁੰਡਾ ਠਰ੍ਹੰਮੇ ਨਾਲ਼ ਅਤੇ ਡਰਿਆ ਹੋਇਆ ਕੂਕਿਆ।

“ਹਾਂ। ਜਦੋਂ ਉਹ ਉਹਨੂੰ ਨਿਕੋਲਸਕੋਯੇ ਲਿਆਏ ਤਾਂ ਉਹਦੀ ਹਾਲਤ ਪਹਿਲਾਂ ਹੀ ਖ਼ਰਾਬ ਸੀ ਤੇ ਉੱਥੇ ਪੁਲਿਸ ਸਾਰਜੰਟ ਤੇ ਪੁਲਿਸ ਦੇ ਮੁਖੀ ਨੇ ਉਹਨੂੰ ਕੁੱਟਿਆ — ਮੂੰਹ ’ਤੇ ਮਾਰਿਆ — ਤੇ ਉਹਨੂੰ ਠੁੱਡੇ ਮਾਰੇ — ਇੱਥੋਂ ਤੱਕ ਕਿ ਉਹ ਲਹੂ-ਲੁਹਾਨ ਹੋ ਗਿਆ।”

“ਇਹ ਕੰਮ ਕਰਨਾ ਉਹਨਾਂ ਨੂੰ ਆਉਂਦੈ!” ਮੁੰਡੇ ਨੇ ਘੂਰੀ ਵੱਟ ਕੇ ਕਿਹਾ। ਉਹਦੇ ਮੋਢੇ ਫਰਕੇ। “ਮੈਂ ਤਾਂ ਹਜ਼ਾਰ ਭੂਤਨਿਆਂ ਨਾਲ਼ੋਂ ਉਹਨਾਂ ਤੋਂ ਵੱਧ ਡਰਦਾਂ। ਮੂਜ਼ੀਕਾਂ ਵੀ ਉਹਨੂੰ

ਕੁੱਟਿਆ ?"

"ਜਦੋਂ ਪੁਲਿਸ ਦੇ ਮੁਖੀ ਨੇ ਉਹਨੂੰ ਹੁਕਮ ਦਿੱਤਾ ਤਾਂ ਇੱਕ ਨੇ ਉਹਨੂੰ ਮੁੱਕਾ ਮਾਰਿਆ। ਪਰ ਬਾਕੀ ਠੀਕ ਠਾਕ ਸਨ। ਉਹਨਾਂ ਤਾਂ ਸਗੋਂ ਉਹਦੀ ਹਾਮੀ ਭਰੀਂ — ਉੱਚੀ ਉੱਚੀ ਕਿਹਾ ਕਿ ਉਹਨਾਂ ਨੂੰ ਕੁੱਟਣ ਦਾ ਕੋਈ ਹੱਕ ਨਹੀਂ।..."

"ਹੂੰ ਊਂ। ਮੁਜ਼ੀਕ ਸਮਝਣ ਲੱਗ ਪਏ ਨੇ ਕੌਣ ਕਿਹੜੇ ਪਾਸੇ ਏ ਤੇ ਕਿਉਂ।"

"ਉਹਨਾਂ ਵਿੱਚ ਵੀ ਸਿਆਣੇ ਲੋਕ ਨੇ।..."

"ਥੁੜ੍ਹ ਉਹਨਾਂ ਨੂੰ ਉਹ ਕੁਝ ਬਣਾਉਂਦੀ ਏ ਜੋ ਕੁਝ ਉਹ ਨੇ। ਉਹ ਹੈ ਤਾਂ ਨੇ, ਬਸ ਉਹਨਾਂ ਨੂੰ ਲੱਭਣਾ ਔਖੈ।"

ਨਿਕੋਲਾਈ ਸਪਿਰਟ ਦੀ ਬੋਤਲ ਲਿਆਇਆ, ਸਾਮਾਵਰ ਵਿੱਚ ਕੁਝ ਲੱਕੜੀ ਦਾ ਕੋਲਾ ਪਾਇਆ ਅਤੇ ਕੁਝ ਕਹੇ ਬਗ਼ੈਰ ਬਾਹਰ ਚਲਾ ਗਿਆ। ਇਗਨਾਤ ਚੁੱਪ ਚਾਪ ਉਹਦੇ ਵੱਲ ਵੇਖਦਾ ਰਿਹਾ।

"ਇਹ ਬਾਰਿਨ* ਕੌਣ ਏ — ਡਾਕਟਰ ?" ਨਿਕੋਲਾਈ ਦੇ ਬਾਹਰ ਜਾਣ ਪਿੱਛੋਂ ਉਹਨੇ ਮਾਂ ਤੋਂ ਪੁੱਛਿਆ।

"ਇੱਥੇ ਕੋਈ ਬਾਰਿਨ ਨਹੀਂ। ਅਸੀਂ ਸਾਰੇ ਸਾਥੀ ਵਾਂ।..."

"ਮੈਨੂੰ ਤਾਂ ਅਜੀਬ ਜਿਹਾ ਲੱਗਦੈ," ਇਗਨਾਤ ਨੇ ਕਿਹਾ ਅਤੇ ਉਹਦੀ ਮੁਸਕਾਨ ਤੋਂ ਸ਼ੱਕ ਅਤੇ ਘਬਰਾਹਟ ਦਿਸ ਰਹੀ ਸੀ।

"ਕੀ ਅਜੀਬ ਲੱਗਦੈ ?"

"ਆਮ ਤੌਰ 'ਤੇ ਸਭ ਕੁਝ। ਇੱਕ ਪਾਸੇ ਉਹ ਘਸੁੰਨ ਮਾਰ ਕੇ ਤੁਹਾਡਾ ਨੱਕ ਲਹੂ-ਲੁਹਾਨ ਕਰ ਦੇਂਦੇ ਨੇ ਤੇ ਦੂਜੇ ਪਾਸੇ ਤੁਹਾਡੇ ਪੈਰ ਧੋਂਦੇ ਨੇ। ਵਿੱਚ ਵਿਚਾਲੇ ਕੀ ਏ ?"

ਦਰਵਾਜ਼ਾ ਖੁੱਲ੍ਹਿਆ ਅਤੇ ਨਿਕੋਲਾਈ ਨੇ ਕਿਹਾ:

"ਵਿੱਚ ਵਿਚਾਲੇ ਉਹ ਲੋਕ ਨੇ ਜਿਹੜੇ ਉਹਨਾਂ ਦੇ ਬੂਟ ਚੱਟਦੇ ਨੇ ਜਿਹੜੇ ਤੁਹਾਡੇ ਨੱਕ ਲੂਹ-ਲੁਹਾਨ ਕਰਦੇ ਨੇ ਅਤੇ ਉਹਨਾਂ ਦਾ ਖ਼ੂਨ ਚੂਸਦੇ ਨੇ ਜਿਨ੍ਹਾਂ ਦੇ ਨੱਕ ਲਹੂ-ਲੁਹਾਨ ਕੀਤੇ ਜਾਂਦੇ ਨੇ। ਉਹ ਨੇ ਵਿੱਚ ਵਿਚਾਲੇ !"

ਇਗਨਾਤ ਨੇ ਆਦਰ ਨਾਲ਼ ਉਸ ਵੱਲ ਤੱਕਿਆ।

"ਮੇਰੇ ਖ਼ਿਆਲ ਵਿੱਚ ਇਹ ਗੱਲ ਸੱਚ ਦੇ ਬਹੁਤ ਨੇੜੇ ਏ," ਕੁਝ ਚਿਰ ਰੁਕਣ ਪਿੱਛੋਂ ਉਹਨੇ ਕਿਹਾ।

ਮੁੰਡਾ ਉੱਠਿਆ ਅਤੇ ਕੁਝ ਪੱਕੇ ਕਦਮ ਚੱਲਿਆ।

"ਪੈਰ ਤਾਂ ਜਿਵੇਂ ਨਵੇਂ ਹੋ ਗਏ," ਉਹਨੇ ਕਿਹਾ। "ਮਿਹਰਬਾਨੀ।..."

ਫਿਰ ਉਹ ਚਾਹ ਪੀਣ ਖਾਣੇ ਦੇ ਕਮਰੇ ਵਿੱਚ ਗਏ ਅਤੇ ਇਗਨਾਤ ਨੇ ਉਹਨਾਂ ਨੂੰ ਆਪਣੀ ਜ਼ਿੰਦਗੀ ਬਾਰੇ ਦੱਸਿਆ, ਡੂੰਘੀ, ਗੰਭੀਰ ਅਵਾਜ਼ ਵਿੱਚ ਬੋਲਦੇ ਹੋਏ।

"ਮੈਂ ਅਖ਼ਬਾਰ ਵੰਡਦਾ ਹੁੰਦਾ ਸਾਂ — ਟੁਰਨ ਵਿੱਚ ਮੈਂ ਬਹੁਤ ਤਕੜਾ ਆਂ।"

---

* **ਬਾਰਿਨ** — ਰਾਠ, ਬਹੁਤ ਵੱਡਾ ਜਾਗੀਰਦਾਰ। — **ਅਨੁ:**

"ਪਿੰਡਾਂ ਵਿੱਚ ਬਹੁਤ ਲੋਕ ਅਖ਼ਬਾਰ ਪੜ੍ਹਦੇ ਨੇ ?" ਨਿਕੋਲਾਈ ਨੇ ਪੁੱਛਿਆ।

"ਸਾਰੇ ਜਿਹੜੇ ਪੜ੍ਹ ਸਕਦੇ ਨੇ, ਇੱਥੋਂ ਤੱਕ ਕਿ ਜਿਹੜੇ ਅਮੀਰ ਵੀ ਨੇ। ਪੱਕੀ ਗੱਲ ਏ ਅਮੀਰਾਂ ਨੂੰ ਅਖ਼ਬਾਰ ਸਾਥੋਂ ਤਾਂ ਮਿਲਦਾ ਨਹੀਂ।... ਉਹ ਇੰਨੇ ਚੁਸਤ ਨੇ ਕਿ ਇਹ ਜਾਣ ਲੈਣ ਕਿ ਕਿਸਾਨਾਂ ਉਹਨਾਂ ਦੇ ਪੈਰਾਂ ਹੇਠੋਂ ਭੋਂ ਧੂ ਲੈਣ ਲਈ ਜਾਗੀਰਦਾਰਾਂ ਦੀ ਰੱਤ ਵਗਾ ਦੇਣੀ ਏ। ਜਿਉਂ ਹੀ ਇਹ ਕੰਮ ਹੋ ਗਿਆ, ਉਹਨਾਂ ਸਭ ਕੁਝ ਵੰਡ ਲੈਣੈ, ਇਉਂ ਕਿ ਨਾ ਜਾਗੀਰਦਾਰ ਰਹਿਣ ਤੇ ਨਾ ਭਾੜੇ ਦੇ ਮਜ਼ਦੂਰ। ਇਹ ਪੱਕ ਏ — ਨਹੀਂ ਤਾਂ ਲੜਾਈ ਸ਼ੁਰੂ ਕਿਉਂ ਕੀਤੀ ਜਾਵੇ ?"

ਉਹ ਕੁਝ ਰਿੰਜ ਹੋ ਗਿਆ ਜਾਪਦਾ ਸੀ ਅਤੇ ਉਹਨੇ ਨਿਕੋਲਾਈ ਵੱਲ ਸਵਾਲੀ ਢੰਗ ਨਾਲ਼ ਅਤੇ ਬੇਇਤਬਾਰੀ ਨਾਲ਼ ਵੇਖਿਆ। ਨਿਕੋਲਾਈ ਮੁਸਕਰਾਇਆ ਪਰ ਚੁੱਪ ਰਿਹਾ।

"ਜੇ ਅਸੀਂ ਅੱਜ ਸਾਰੀ ਦੁਨੀਆਂ ਦੇ ਖ਼ਿਲਾਫ਼ ਲੜੀਏ ਤੇ ਜਿੱਤ ਜਾਈਏ ਅਤੇ ਭਲਕੇ ਨਵੇਂ ਸਿਰਿਉਂ ਅਮੀਰ ਤੇ ਗ਼ਰੀਬ ਪੈਦਾ ਹੋ ਜਾਣ ਤਾਂ ਇਹ ਸਾਰੀ ਗੱਲ ਕਿਸ ਕੰਮ ਦੀ ਹੋਵੇਗੀ ? ਨਹੀਂ ਮਿਹਰਬਾਨੀ ! ਤੁਸੀਂ ਸਾਨੂੰ ਉੱਲੂ ਨਹੀਂ ਬਣਾ ਸਕਦੇ — ਧਨ ਤਾਂ ਸੁੱਕੀ ਰੇਤ ਵਾਂਗ ਏ — ਇੱਕ ਥਾਂ ਨਹੀਂ ਠਹਿਰਦਾ, ਇਹ ਚਾਰੇ ਪਾਸੇ ਖਿਲਰਦਾ ਜਾਂਦੈ ! ਨਹੀਂ, ਸਾਨੂੰ ਇਹਦੀ ਲੋੜ ਨਹੀਂ !"

"ਚੰਗਾ, ਗੁੱਸੇ ਨਾ ਹੋ," ਮਾਂ ਹੱਸੀ।

"ਮੈਨੂੰ ਤਾਂ ਇਸ ਗੱਲ ਦਾ ਫ਼ਿਕਰ ਏ ਕਿ ਅਸੀਂ ਗੀਬਿਨ ਦੀ ਗ੍ਰਿਫ਼ਤਾਰੀ ਬਾਰੇ ਇਸ਼ਤਿਹਾਰ ਤੁਹਾਡੇ ਲੋਕਾਂ ਤੱਕ ਛੇਤੀ ਤੋਂ ਛੇਤੀ ਕਿਵੇਂ ਪਹੁੰਚਾਈਏ," ਨਿਕੋਲਾਈ ਨੇ ਸੋਚਦੇ ਹੋਏ ਕਿਹਾ।

ਇਗਨਾਤ ਨੇ ਕੰਨ ਖੜੇ ਕੀਤੇ।

"ਇਹੋ ਜਿਹਾ ਇਸ਼ਤਿਹਾਰ ਹੈ ?" ਉਹਨੇ ਪੁੱਛਿਆ।

"ਹਾਂ।"

"ਮੈਨੂੰ ਦਿਓ। ਮੈਂ ਲੈ ਜਾਵਾਂਗਾ," ਮੁੰਡੇ ਨੇ ਤਲੀਆਂ ਮਲਦੇ ਹੋਏ ਕਿਹਾ।

ਮਾਂ ਉਹਦੇ ਵੱਲ ਵੇਖੇ ਬਿਨਾਂ ਥੋੜ੍ਹਾ ਜਿਹਾ ਹੱਸੀ।

"ਪਰ ਤੂੰ ਥੱਕਿਆ ਹੋਇਐਂ ਤੇ ਤੂੰ ਕਿਹਾ ਸੀ ਤੈਨੂੰ ਡਰ ਲੱਗਦੈ," ਉਹਨੇ ਕਿਹਾ।

"ਡਰ ਇੱਕ ਗੱਲ ਏ, ਕੰਮ ਦੂਜੀ," ਉਹਨੇ ਆਪਣੇ ਹੱਥ ਦੀ ਚੌੜੀ ਤਲੀ ਨਾਲ਼ ਆਪਣੇ ਘੁੰਗਰਿਆਲੇ ਵਾਲ ਸੰਵਾਰਦੇ ਹੋਏ ਵਿਹਾਰੀ ਅਤੇ ਸ਼ਾਂਤ ਢੰਗ ਨਾਲ਼ ਕਿਹਾ। "ਕਾਹਦੇ 'ਤੇ ਹੱਸਦੀ ਪਈ ਏਂ ? ਤੂੰ ਵੀ ਚੰਗੀ ਏਂ !"

"ਵਲੱਲਾ ਬਾਲ ਨਾ ਹੋਵੇ ਤਾਂ," ਮਾਂ ਆਪਣੇ ਅੰਦਰ ਦੀ ਖ਼ੁਸ਼ੀ ਦੀ ਉਹ ਭਾਵਨਾ ਲੁਕਾਉਣ ਦਾ ਜਤਨ ਕਰਦੀ ਹੋਈ ਕੂਕੀ, ਜਿਹੜੀ ਮੁੰਡੇ ਨੇ ਉਹਦੇ ਵਿੱਚ ਜਗਾ ਦਿੱਤਾ ਸੀ।

"ਹੂੰਹ—ਬਾਲ !" ਉਹ ਘੌਰਿਆ।

"ਤੂੰ ਉੱਥੇ ਵਾਪਸ ਨਹੀਂ ਜਾਣਾ," ਨਿਕੋਲਾਈ ਨੇ ਸੁਲੱਗਤਾ ਨਾਲ਼ ਉਹਦੇ ਵੱਲ ਟੀਰੀ ਅੱਖ ਨਾਲ਼ ਵੇਖਦੇ ਹੋਏ ਕਿਹਾ।

"ਕਿਉਂ ਨਹੀਂ ? ਮੈਂ ਕਿੱਥੇ ਜਾਵਾਂਗਾ ?" ਇਗਨਾਤ ਨੇ ਔਖੇ ਹੁੰਦੇ ਹੋਏ ਪੁੱਛਿਆ।

"ਕੋਈ ਹੋਰ ਇਸ਼ਤਿਹਾਰ ਲੈ ਜਾਵੇਗਾ; ਤੂੰ ਬਸ ਉਹਨੂੰ ਇੰਨਾ ਵਿਸਥਾਰ ਨਾਲ਼ ਸਮਝਾ ਦੇ ਕਿ ਉਹ ਕੀ ਕਰੇ ਤੇ ਕਿਵੇਂ, ਤੂੰ ਕਰੇਂਗਾ ?"

"ਬਹੁਤ ਹੱਛਾ," ਇਗਨਾਤ ਨੇ ਨਾਉਮੀਦੀ ਦੇ ਰੌਂਅ ਨਾਲ਼ ਕਿਹਾ।

"ਅਸੀਂ ਤੈਨੂੰ ਨਵਾਂ ਪਾਸਪੋਰਟ ਦਿਆਂਗੇ ਅਤੇ ਤੈਨੂੰ ਜੰਗਲ ਦੇ ਰਾਖੇ ਦਾ ਕੰਮ ਦਿਆਂਗੇ।"

ਮੁੰਡੇ ਨੇ ਕਾਹਲ ਨਾਲ਼ ਸਿਰ ਚੁੱਕ ਕੇ ਵੇਖਿਆ।

"ਜੇ ਮੂਜ਼ੀਕ ਬਾਲਣ ਚੋਰੀ ਕਰਨ ਆਏ ਤਾਂ ਮੈਂ ਕੀ ਕਰਾਂ — ਉਹਨਾਂ ਨੂੰ ਫੜਾਂ ? ਇਹ ਕੰਮ ਮੈਨੂੰ ਰਾਸ ਨਹੀਂ ਆਉਣ ਲੱਗਾ," ਉਹ ਘਾਬਰ ਕੇ ਬੋਲਿਆ।

ਮਾਂ ਹੱਸੀ ਤੇ ਨਿਕੋਲਾਈ ਵੀ ਅਤੇ ਇਸ ਨਾਲ਼ ਮੁੰਡਾ ਦੁਖੀ ਵੀ ਹੋਇਆ ਤੇ ਔਖਾ ਵੀ।

"ਤੈਨੂੰ ਮੂਜ਼ੀਕਾਂ ਨੂੰ ਫੜਨਾ ਨਹੀਂ ਪਵੇਗਾ," ਨਿਕੋਲਾਈ ਨੇ ਦਿਲਾਸਾ ਦਿੱਤਾ। "ਇਹਦੇ ਬਾਰੇ ਫ਼ਿਕਰ ਨਾ ਕਰ।..."

"ਤਾਂ ਠੀਕ ਏ," ਇਗਨਾਤ ਨੇ ਸੁੱਖ ਨਾਲ਼ ਮੁਸਕਰਾਉਂਦੇ ਹੋਏ ਕਿਹਾ। "ਪਰ ਮੈਨੂੰ ਕਾਰਖ਼ਾਨੇ ਵਿੱਚ ਕੰਮ ਚੰਗਾ ਲੱਗਦੈ। ਕਹਿੰਦੇ ਨੇ ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲ਼ੇ ਬੜੇ ਚੁਸਤ ਹੁੰਦੇ ਨੇ।..."

ਮਾਂ ਉੱਠੀ ਅਤੇ ਬਾਰੀ ਕੋਲ਼ ਗਈ।

"ਜ਼ਿੰਦਗੀ ਬੜੀ ਅਜੀਬ ਵੇ — ਰੋਜ਼ ਪੰਜ ਵਾਰ ਹੱਸਣਾ ਤੇ ਪੰਜ ਵਾਰ ਰੋਣਾ," ਉਹਨੇ ਸੋਚਦੇ ਹੋਏ ਕਿਹਾ। "ਚੰਗਾ ਇਗਨਾਤ, ਵਿਹਲਾ ਹੋ ਗਿਐਂ ? ਕੁਝ ਸੌਂ ਲੈ ?"

"ਮੈਨੂੰ ਤਾਂ ਨੀਂਦ ਨਹੀਂ ਆਈ।..."

"ਚੱਲ, ਚੱਲ।..."

"ਤੂੰ ਬਹੁਤ ਡਾਢੀ ਏਂ, ਹੈਂ ਨਾ ? ਚੰਗਾ ਮੈਂ ਆਇਆ।... ਚਾਹ ਲਈ ਮਿਹਰਬਾਨੀ।... ਤੇ ਤੁਹਾਡੀ ਦਯਾ ਲਈ।..."

ਮਾਂ ਦੇ ਬਿਸਤਰੇ ਵਿੱਚ ਲੇਟਦੇ ਹੋਏ ਉਹਨੇ ਆਪਣਾ ਸਿਰ ਖੁਰਕਿਆ ਅਤੇ ਬੁੜਬੁੜਾਇਆ, "ਹੁਣ ਇਸ ਸਭ ਕੁਝ ਵਿੱਚੋਂ ਕੋਲਤਾਰ ਦੀ ਬੋ ਆਵੇਗੀ।... ਇੰਨੇ ਔਖੇ ਹੋਣ ਦੀ ਕੀ ਲੋੜ ਏ।... ਮੈਨੂੰ ਤਾਂ ਨੀਂਦ ਈ ਨਹੀਂ ਆਈ।... ਉਹਨਾਂ ਵਿਚਕਾਰਲਿਆਂ ਬਾਰੇ ਕਿੰਨੀ ਤਿੱਖੀ ਗੱਲ ਕੀਤੀ।... ਭੂਤਨੇ।..."

ਉਹਨੂੰ ਪਤਾ ਵੀ ਨਾ ਲੱਗਾ ਉਹ ਕਦੋਂ ਸੌਂ ਗਿਆ, ਉੱਚੀ ਉੱਚੀ ਘੁਰਾੜੇ ਮਾਰਦਾ, ਉਹਦਾ ਮੂੰਹ ਅੱਧਾ ਖੁੱਲ੍ਹਾ ਸੀ ਅਤੇ ਉਹਦੇ ਭਰਵੱਟੇ ਉੱਪਰ ਉੱਠੇ ਹੋਏ ਸਨ।

## 21

ਉਸ ਸ਼ਾਮ ਉਹ ਇੱਕ ਨਿੱਕੇ ਭੋਰੇ ਵਿੱਚ ਵੇਸੋਵਸ਼ਚੀਕੋਵ ਕੋਲ਼ ਬੈਠਾ ਸੀ ਅਤੇ ਮੱਥੇ ਉੱਤੇ ਵੱਟ ਪਾ ਕੇ ਭੇਤ ਭਰੇ ਢੰਗ ਨਾਲ਼ ਕਹਿ ਰਿਹਾ ਸੀ:

"ਚਾਰ ਵਾਰ ਵਿਚਕਾਰਲੀ ਬਾਰੀ ਉੱਤੇ।..."

"ਚਾਰ ?" ਨਿਕੋਲਾਈ ਨੇ ਫ਼ਿਕਰ ਨਾਲ਼ ਪੁੱਛਿਆ।

"ਪਹਿਲਾਂ ਤਿੰਨ — ਇਉਂ," ਤੇ ਉਹਨੇ ਮੇਜ਼ ਉੱਤੇ ਠਕ-ਠਕ ਕੀਤੀ: "ਇੱਕ, ਦੋ, ਤਿੰਨ। ਫਿਰ ਉਡੀਕੀਂ ਅਤੇ ਇੱਕ ਵਾਰ ਹੋਰ।"

"ਸਮਝ ਗਿਆ।"

"ਇੱਕ ਸੁਰਖ਼ਾ ਮੂਜ਼ੀਕ ਬੂਹਾ ਖੋਹਲੇਗਾ ਤੇ ਕਹੇਗਾ: 'ਤੂੰ ਦਾਈ ਨੂੰ ਬੁਲਾਉਣ ਆਇਐ ?' ਤੇ ਤੂੰ ਕਹੀਂ: 'ਹਾਂ, ਕਾਰਖ਼ਾਨੇ ਦੇ ਮਾਲਕ ਦੀ ਘਰਵਾਲੀ ਲਈ।' ਬਸ ਇੰਨਾ ਈ। ਉਹ ਸਮਝ ਜਾਵੇਗਾ।"

ਉਹ ਸਿਰ ਜੋੜ ਕੇ ਬੈਠੇ ਸਨ, ਦੋਵੇਂ ਤਕੜੇ, ਮਜ਼ਬੂਤ ਜਣੇ, ਨਿੰਮ੍ਹੀ ਅਵਾਜ਼ ਵਿੱਚ ਗੱਲਾਂ ਕਰਦੇ ਅਤੇ ਮਾਂ ਬਾਹਾਂ ਇਕੱਠੀਆਂ ਕਰਕੇ ਉਹਨਾਂ ਨੂੰ ਵੇਖਦੀ ਖੜੀ ਸੀ। ਉਹ ਭੇਤ-ਭਰੀ ਠਕ ਠਕ ਅਤੇ ਗੁੱਝੇ ਬੋਲਾਂ ਤੇ ਦਿਲ ਹੀ ਦਿਲ ਵਿੱਚ ਹੱਸ ਰਹੀ ਸੀ।

"ਅਜੇ ਤਾਂ ਉਹ ਬਸ ਬਾਲ ਈ ਨੇ," ਉਹਨੇ ਆਪਣੇ ਮਨ ਵਿੱਚ ਸੋਚਿਆ।

ਕੰਧ ਵਿੱਚ ਲੱਗੇ ਇੱਕ ਲੈਂਪ ਨੇ ਫ਼ਰਸ਼ ਉੱਤੇ ਕੁਝ ਚਿਬੀਆਂ ਬਾਲਟੀਆਂ ਅਤੇ ਲੋਹੇ ਦੀਆਂ ਚਾਦਰਾਂ ਦੇ ਟੋਟਿਆਂ ਨੂੰ ਰੁਸ਼ਨਾ ਦਿੱਤਾ ਸੀ। ਕਮਰੇ ਵਿੱਚ ਜ਼ੰਗਾਲ, ਰੋਗ਼ਨ ਤੇ ਸਿਲ੍ਹ ਦੀ ਬੋ ਸੀ।

ਇਗਨਾਤ ਨੇ ਜੱਤਲ ਕੱਪੜੇ ਦਾ ਭਾਰਾ ਕੋਟ ਪਹਿਨਿਆ ਹੋਇਆ ਸੀ ਜਿਹੜਾ ਉਹਨੂੰ ਚੰਗਾ ਲੱਗਦਾ ਜਾਪਦਾ ਸੀ। ਮਾਂ ਨੇ ਉਹਨੂੰ ਪਿਆਰ ਨਾਲ਼ ਬਾਂਹ ਪਲੋਸਦੇ ਅਤੇ ਮੋਢੇ ਉੱਤੋਂ ਵੇਖਣ ਲਈ ਆਪਣੀ ਮਜ਼ਬੂਤ ਗਰਦਨ ਮੋੜਦੇ ਹੋਏ ਤੱਕਿਆ।

"ਨਿਰੇ ਬੱਚੇ," ਉਹਨੇ ਸੋਚਿਆ। "ਭਗਵਾਨ ਬੱਚੇ।..."

"ਬਸ ਇੰਨਾ ਈ," ਇਗਨਾਤ ਨੇ ਉੱਠਦੇ ਹੋਏ ਕਿਹਾ। "ਪਹਿਲਾਂ ਮੁਰਾਤੋਵ ਨੂੰ ਮਿਲਣਾ ਤੇ ਦਾਦੇ ਦਾ ਹਾਲ ਪੁੱਛਣਾ ਨਾ ਭੁੱਲੀਂ।..."

"ਨਹੀਂ ਮੈਂ ਨਹੀਂ ਭੁਲਾਂਗਾ," ਵੇਸੋਵਸ਼ਚੀਕੋਵ ਨੇ ਕਿਹਾ।

ਪਰ ਇਗਨਾਤ ਦੀ ਤਸੱਲੀ ਨਹੀਂ ਸੀ ਹੋਈ, ਅਖ਼ੀਰ ਆਪਣਾ ਹੱਥ ਅੱਗੇ ਕਰਨ ਤੋਂ ਪਹਿਲਾਂ ਉਹਨੇ ਸਭ ਠਕ-ਠਕ ਅਤੇ ਇਸ਼ਾਰੇ ਅਤੇ ਗੁੱਝੇ ਬੋਲ ਦੁਹਰਾਏ।

"ਉਹਨਾਂ ਨੂੰ ਮੇਰਾ ਸਲਾਮ ਦਈਂ," ਉਹਨੇ ਕਿਹਾ। "ਤੂੰ ਵੇਖੇਂਗਾ ਉਹ ਚੰਗੇ ਲੋਕ ਨੇ, ਉਹ ਲੋਕ।"

ਉਹਨੇ ਆਪਣੇ ਕੋਟ ਉੱਤੇ ਨਿਗਾਹ ਮਾਰੀ ਅਤੇ ਪ੍ਰਸ਼ੰਸਾ ਨਾਲ਼ ਉਹਨੂੰ ਛੂਹਿਆ।

"ਹੁਣ ਮੇਰੇ ਜਾਣ ਦਾ ਸਮਾਂ ਹੋ ਗਿਐ ?" ਉਹਨੇ ਮਾਂ ਤੋਂ ਪੁਛਿਆ।

"ਤੂੰ ਰਾਹ ਲੱਭ ਲਵੇਂਗਾ ?"

"ਜ਼ਰੂਰ। ਰੱਬ ਰਾਖਾ ਸਾਥੀਓ !"

ਤੇ ਉਹ ਬਾਹਰ ਚਲਾ ਗਿਆ, ਮੋਢੇ ਫੈਲਾਏ ਹੋਏ, ਛਾਤੀ ਆਕੜੀ ਹੋਈ, ਇੱਕ ਨਵਾਂ ਹੈਟ ਟੇਢਾ ਕਰਕੇ ਪਹਿਨਿਆ ਹੋਇਆ ਅਤੇ ਹੱਥ ਸ਼ਾਨ ਨਾਲ਼ ਜੇਬਾਂ ਵਿੱਚ ਪਾਏ ਹੋਏ। ਘੁੰਗਰਿਆਲੇ ਕੱਕੇ ਵਾਲਾਂ ਦੇ ਨਿੱਕੇ ਗੁੱਛੇ ਉਹਦੀਆਂ ਪੁੜਪੁੜੀਆਂ 'ਤੇ ਲਹਿਰਾ ਰਹੇ ਸਨ।

"ਸੋ ਹੁਣ ਮੈਨੂੰ ਵੀ ਕੰਮ ਦਿੱਤਾ ਗਿਐ," ਵੇਸੋਵਸ਼ਚੀਕੋਵ ਨੇ ਛੋਪਲੇ ਜਿਹੇ ਮਾਂ ਕੋਲ਼ ਆਉਂਦੇ ਹੋਏ ਕਿਹਾ। "ਮੈਂ ਤਾਂ ਅੱਕ ਗਿਆ ਸਾਂ, ਸੋਚਦਾ ਮੈਂ ਕਾਹਦੇ ਲਈ ਜੇਲ੍ਹ ਤੋਂ ਨੱਠਿਆ। ਇੱਥੇ ਮੈਂ ਸਾਰਾ ਦਿਨ ਤੇ ਸਾਰੀ ਰਾਤ ਲੁਕੇ ਰਹਿਣ ਤੋਂ ਬਿਨਾਂ ਕੁਝ ਨਹੀਂ ਕਰਦਾ, ਤੇ ਉੱਥੇ ਮੈਂ ਕੁਝ ਸਿੱਖ ਰਿਹਾ ਸਾਂ। ਪਾਵੇਲ ਸਾਨੂੰ ਆਪਣੇ ਸਿਰ ਵਰਤਣ ਦੇ ਕੰਮ ਲਾਉਂਦਾ। ਨਿਲੋਵਨਾ ਤੁਸਾਂ ਉਹਨਾਂ

ਦੇ ਨੱਠਣ ਬਾਰੇ ਕੀ ਵਿਚਾਰਿਐ ?"

"ਮੈਨੂੰ ਪਤਾ ਨਹੀਂ," ਉਸ ਆਪਮੁਹਾਰੇ ਹਉਕਾ ਭਰ ਕੇ ਕਿਹਾ।

ਨਿਕੋਲਾਈ ਨੇ ਭਾਰਾ ਹੱਥ ਉਹਦੇ ਮੋਢੇ ਉੱਤੇ ਰੱਖਿਆ ਅਤੇ ਉਹਦੇ ਵੱਲ ਝੁਕਿਆ।

"ਤੂੰ ਉਹਨਾਂ ਨੂੰ ਮੰਨਾ," ਉਹਨੇ ਕਿਹਾ। "ਉਹ ਤੇਰੀ ਸੁਣਨਗੇ। ਇਸ ਤੋਂ ਸੌਖਾ ਕੰਮ ਤਾਂ ਕੋਈ ਹੋਣ ਨਹੀਂ ਲੱਗਾ ! ਵੇਖ, ਐਹ ਏ ਜੇਲ੍ਹ ਦੀ ਕੰਧ, ਤੇ ਐਹ ਏ ਬੱਤੀ ਵਾਲ਼ਾ ਖੰਭਾ। ਸੜਕ ਦੇ ਪਾਰ ਖ਼ਾਲੀ ਸਫ਼ੈਦ ਜ਼ਮੀਨ ਏ, ਖੱਬੇ ਹੱਥ ਕਬਰਿਸਤਾਨ ਏ, ਸੱਜੇ ਹੱਥ ਸੜਕਾਂ 'ਤੇ ਇਮਾਰਤਾਂ। ਰੋਜ਼ ਇੱਕ ਲੈਂਪ ਬਾਲਣ ਵਾਲ਼ਾ ਲੈਂਪ ਸਾਫ਼ ਕਰਨ ਆਉਂਦੈ। ਐਤਕਾਂ ਉਹ ਪੜਸਾਂਗ ਕੰਧ ਨਾਲ਼ ਲਾ ਦੇਵੇਗਾ, ਉੱਪਰ ਚੜ੍ਹੇਗਾ, ਰੱਸਿਆਂ ਦੀ ਪੌੜੀ ਕੰਧ ਦੇ ਉਪਰਲੇ ਇੱਕ ਪੱਥਰ ਨਾਲ਼ ਬੰਨ੍ਹੇਗਾ, ਇਹਨੂੰ ਜੇਲ੍ਹ ਦੇ ਵਿਹੜੇ ਵਿੱਚ ਸੁੱਟ ਦੇਵੇਗਾ—ਤੇ ਬਸ ! ਜੇਲ੍ਹ ਵਿੱਚ ਉਹਨਾਂ ਨੂੰ ਪਤਾ ਹੋਵੇਗਾ ਅਜਿਹਾ ਕਦੋਂ ਹੋਣੈ ਤੇ ਉਹ ਅਖ਼ਲਾਕੀ ਕੈਦੀਆਂ ਨੂੰ ਮਨਾ ਲੈਣਗੇ ਕਿ ਉਹ ਗੜਬੜ ਸ਼ੁਰੂ ਕਰ ਦੇਣ ਜਾਂ ਉਹ ਆਪ ਅਜਿਹਾ ਕਰ ਦੇਣਗੇ ਤਾਂ ਜੁ ਭਗੌੜਿਆਂ ਦੇ ਪੌੜੀ ਚੜ੍ਹਣ ਸਮੇਂ ਪਹਿਰੇਦਾਰਾਂ ਦਾ ਧਿਆਨ ਹੋਰ ਪਾਸੇ ਲੱਗਾ ਰਹੇ। ਇੱਕ ਦੋ ਤਿੰਨ—ਤੇ ਸਭ ਮਾਮਲਾ ਖ਼ਤਮ। ਇੰਨੀ ਸਾਦੀ ਗੱਲ ਏ !"

ਉਹਨੇ ਆਪਣੀ ਪਲਾਨ ਪੇਸ਼ ਕਰਦੇ ਹੋਏ ਹੱਥ ਨਾਲ਼ ਇਸ਼ਾਰੇ ਕੀਤੇ, ਉਹਦੀ ਪਲਾਨ ਸਾਫ਼ ਅਤੇ ਸਾਦਾ ਅਤੇ ਸੋਹਣੀ ਤਰ੍ਹਾਂ ਵਿਉਂਤੀ ਜਾਪਦੀ ਸੀ। ਉਹ ਉਹਨੂੰ ਸਦਾ ਰੁੱਖਾ ਅਤੇ ਢਿੱਲਾ ਜਿਹਾ ਜਾਪਦਾ ਸੀ ਅਤੇ ਉਹਦੀਆਂ ਅੱਖਾਂ ਹਰ ਇੱਕ ਵੱਲ ਮੰਦ-ਭਾਵਨਾ ਤੇ ਬੇਭਰੋਸਗੀ ਨਾਲ਼ ਵੇਖਦੀਆਂ ਸਨ; ਹੁਣ ਉਹ ਹੋਰ ਹੀ ਅੱਖਾਂ ਜਾਪਦੀਆਂ—ਜਦੋਂ ਉਹ ਉਹਨੂੰ ਮਨਾਉਣ ਦਾ ਜਤਨ ਕਰ ਰਿਹਾ ਸੀ ਤਾਂ ਇਹ ਨਿੱਘੀ, ਇਕਸਾਰ ਲੋਅ ਨਾਲ਼ ਚਮਕਦੀਆਂ ਜਾਪਦੀਆਂ।...

"ਸਾਰਾ ਨੁਕਤਾ ਇਹ ਏ — ਉਹ ਇਹ ਕੰਮ ਦਿਨੇ ਕਰਨਗੇ। ਸਮਝੀ ਏਂ, ਦਿਨੇ ਦੀਵੀਂ ! ਕਿਸ ਨੂੰ ਸ਼ੱਕ ਪਵੇਗਾ ਕਿ ਕੋਈ ਕੈਦੀ ਦਿਨੇ ਨੱਠੇਗਾ ਜਦੋਂ ਸਾਰੀ ਜੇਲ੍ਹ ਚੌਕੰਨੀ ਹੋਵੇ ?..."

"ਉਹ ਗੋਲ਼ੀ ਨਹੀਂ ਚਲਾਉਣਗੇ ?" ਮਾਂ ਨੇ ਕੰਬਦੇ ਹੋਏ ਕਿਹਾ।

"ਕੌਣ ? ਫ਼ੌਜੀ ਉੱਥੇ ਕੋਈ ਹੈ ਨਹੀਂ ਤੇ ਪਹਿਰੇਦਾਰ ਆਪਣੇ ਰੀਵਾਲਵਰ ਕਿੱਲ ਠੋਕਣ ਲਈ ਹੀ ਵਰਤਦੇ ਨੇ।..."

"ਇਹ ਤਾਂ ਬਹੁਤ ਜ਼ਿਆਦਾ ਸੌਖੀ ਜਾਪਦੀ ਏ।..."

"ਪਰ ਤੂੰ ਵੇਖੀਂ। ਉਹਨਾਂ ਨੂੰ ਜ਼ਰੂਰ ਮੰਨਾ। ਮੇਰੇ ਕੋਲ਼ ਸਭ ਕੁਝ ਤਿਆਰ ਏ — ਰੱਸੇ ਦੀ ਪੌੜੀ, ਉੱਪਰ ਲਾਉਣ ਲਈ ਕੁੰਡਾ — ਤੇ ਮੇਰਾ ਮਾਲਕ ਮਕਾਨ ਲੈਂਪ ਬਾਲਣ ਵਾਲ਼ਾ ਬਣੇਗਾ।..."

ਦਰਵਾਜ਼ੇ ਦੇ ਦੂਜੇ ਪਾਸੇ ਕੋਈ ਖੰਘਿਆ, ਆਪਣੇ ਪੈਰ ਹਿਲਾਏ ਅਤੇ ਧਾਤ ਦੇ ਕੁਝ ਟੋਟੇ ਖੜਕਾਏ।

"ਇਹ ਉਹੋ ਏ," ਨਿਕੋਲਾਈ ਨੇ ਕਿਹਾ।

ਟੀਨ ਦਾ ਇੱਕ ਨਹਾਉਣ ਵਾਲ਼ਾ ਟਪ ਦਰਵਾਜ਼ੇ ਵਿੱਚ ਧੱਕਿਆ ਗਿਆ ਅਤੇ ਇੱਕ ਘੱਗੀ ਅਵਾਜ਼ ਨੇ ਕਿਹਾ:

"ਲੰਘ ਜਾ ਅੱਗੇ, ਬੁੱਢੇ ਭੂਤਨੇ।..."

ਟਪ ਦੇ ਉੱਪਰ ਉਹਨਾਂ ਨੂੰ ਇੱਕ ਚੰਗੇ ਸੁਭਾ ਵਾਲ਼ਾ ਮੂੰਹ ਦਿਸਿਆ, ਜਿਸ ਵਿੱਚ ਉੱਭਰੀਆਂ ਹੋਈਆਂ ਅੱਖਾਂ ਸਨ ਅਤੇ ਚਿੱਟੇ ਵਾਲ ਤੇ ਮੁੱਛਾਂ ਸਨ।

ਨਿਕੋਲਾਈ ਨੇ ਟਪ ਅੰਦਰ ਲਿਆਉਣ ਵਿੱਚ ਉਹਦਾ ਹੱਥ ਵਟਾਇਆ। ਕਮਰੇ ਵਿੱਚ ਇੱਕ ਲੰਮਾ, ਉੜਿਆ ਹੋਇਆ ਬੰਦਾ ਆਇਆ ਜਿਸਨੇ ਆਪਣੀਆਂ ਮੁੰਨੀਆਂ ਹੋਈਆਂ ਗੱਲ੍ਹਾਂ ਖਰ੍ਹਵੀ ਖੰਘ ਨਾਲ਼ ਫੁਲਾਈਆਂ, ਥੁੱਕਿਆ ਅਤੇ ਫਿਰ ਆਪਣੀ ਬੈਠੀ ਅਵਾਜ਼ ਵਿੱਚ ਆਪਣੇ ਮਹਿਮਾਨਾਂ ਦਾ ਹਾਲ ਚਾਲ ਪੁੱਛਿਆ।

"ਕੀ ਹਾਲ ਚਾਲ ਏ।..."

"ਲੈ, ਇਹਨੂੰ ਪੁੱਛ ਲੈ!" ਨਿਕੋਲਾਈ ਕੂਕਿਆ।

"ਮੈਥੋਂ ਕੀ ਪੁੱਛ ਲਵੇ?"

"ਜੇਲ੍ਹੋਂ ਨੱਠਣ ਬਾਰੇ।..."

"ਆਹ," ਟੀਨਗਰ ਨੇ ਆਪਣੀਆਂ ਦਾਗ਼ਦਾਰ ਉਂਗਲਾਂ ਨਾਲ਼ ਆਪਣੀਆਂ ਮੁੱਛਾਂ ਪੂੰਝਦੇ ਹੋਏ ਕਿਹਾ।

"ਇਹ ਮੰਨਦੀ ਈ ਨਹੀਂ ਕਿ ਇਹ ਇੰਨਾ ਸੌਖਾ ਕੰਮ ਏ, ਯਾਕੋਵ ਵਾਸੀਲੀਏਵਿਚ।'

"ਮੰਨਦੀ ਈ ਨਹੀਂ, ਨਹੀਂ ਮੰਨਦੀ? ਤਾਂ ਮੇਰਾ ਖ਼ਿਆਲ ਏ ਇਹ ਨਹੀਂ ਚਾਹੁੰਦੀ ਉਹ ਨੱਠ ਆਉਣ। ਪਰ ਤੂੰ ਤੇ ਮੈਂ ਚਾਹੁੰਦੇ ਆਂ ਸੋ ਸਾਨੂੰ ਇਹਦੇ ਵਿੱਚ ਯਕੀਨ ਏ!" ਟੀਨਗਰ ਨੇ ਠਰ੍ਹੰਮੇ ਨਾਲ਼ ਕਿਹਾ। ਅਚਾਨਕ ਖੰਘ ਦੇ ਦੌਰੇ ਨਾਲ਼ ਉਹ ਦੂਹਰਾ ਹੋ ਗਿਆ। ਜਦੋਂ ਦੌਰਾ ਮੁਕਿਆ ਤਾਂ ਉਹ ਕੁਝ ਦੇਰ ਕਮਰੇ ਦੇ ਵਿਚਕਾਰ ਖੜਾ ਰਿਹਾ, ਆਪਣੀ ਛਾਤੀ ਮਲਦਾ ਅਤੇ ਉਭਰੀਆਂ ਅੱਖਾਂ ਨਾਲ਼ ਮਾਂ ਵੱਲ ਵੇਖਦਾ।

"ਪਾਵੇਲ ਤੇ ਉਹਦੇ ਸਾਥੀ ਫ਼ੈਸਲਾ ਕਰਨਗੇ," ਮਾਂ ਨੇ ਕਿਹਾ।

ਨਿਕੋਲਾਈ ਨੇ ਸੋਚਦੇ ਹੋਏ ਨੀਵੀਂ ਪਾ ਲਈ।

"ਇਹ ਕੌਣ ਏ—ਪਾਵੇਲ?" ਟੀਨਗਰ ਨੇ ਬੈਠਦੇ ਹੋਏ ਪੁੱਛਿਆ।

"ਮੇਰਾ ਪੁੱਤਰ।"

"ਅਖ਼ੀਰੀ ਨਾਂ?"

"ਵਲਾਸੋਵ।"

ਟੀਨਗਰ ਨੇ ਸਿਰ ਹਿਲਾਇਆ, ਆਪਣੀ ਤੰਬਾਕੂ ਦੀ ਗੁੱਥੀ ਕੱਢੀ ਅਤੇ ਹੁੱਕੀ ਭਰਨ ਲੱਗ ਪਿਆ।

"ਉਹਦੇ ਬਾਰੇ ਸੁਣਿਐ," ਉਹਨੇ ਕਿਹਾ। "ਮੇਰਾ ਭਾਣਜਾ ਉਹਨੂੰ ਜਾਣਦੈ। ਮੇਰਾ ਭਾਣਜਾ ਵੀ ਜੇਲ੍ਹ ਵਿੱਚ ਏ — ਯੇਵਚੈਨਕੋ — ਉਹਦੇ ਬਾਰੇ ਸੁਣਿਆ ਈ? ਮੇਰਾ ਨਾਂ ਗੋਬੁਨ ਏ। ਛੇਤੀ ਹੀ ਉਹ ਸਾਰੇ ਜਵਾਨਾਂ ਨੂੰ ਸੀਖ਼ਾਂ ਪਿੱਛੇ ਤਾੜ ਦੇਣਗੇ — ਸਾਡੇ ਬੁੱਢਿਆਂ ਲਈ ਫਿਰ ਬਹੁਤੀ ਥਾਂ ਹੋ ਜਾਵੇਗੀ! ਇੱਕ ਜੈਨਡਾਰਮ ਨੇ ਮੈਨੂੰ ਦੱਸਿਆ ਕਿ ਮੇਰੇ ਭਾਣਜੇ ਨੂੰ ਉਹਨਾਂ ਸਾਇਬੇਰੀਆ ਭੇਜ ਦੇਣੈ। ਉਹ ਹੈ ਈ ਇਹੋ ਜਿਹੇ ਨੇ, ਸਾਲੇ ਸੂਰ!"

ਫਿਰ ਉਹ ਨਿਕੋਲਾਈ ਵੱਲ ਮੁੜਿਆ, ਅਤੇ ਅਕਸਰ ਫ਼ਰਸ਼ ਉੱਤੇ ਥੁੱਕਦਾ ਹੋਇਆ ਆਪਣੀ ਹੁੱਕੀ ਦੇ ਸੂਟੇ ਲਾਉਣ ਲੱਗ ਪਿਆ।

"ਸੋ ਉਹ ਨਹੀਂ ਚਾਹੁੰਦੀ ? ਇਹ ਉਹਦਾ ਮਾਮਲਾ ਏ," ਉਹਨੇ ਖਿੜਕਵੀਂ ਅਵਾਜ਼ ਵਿੱਚ ਕਿਹਾ। "ਜੇ ਬੰਦਾ ਅਜ਼ਾਦ ਹੋਵੇ ਤਾਂ ਜੇ ਉਹ ਬੈਠਾ ਬੈਠਾ ਥੱਕ ਜਾਵੇ ਤਾਂ ਉਹ ਟੁਰਨ ਲੱਗ ਪੈਂਦੈ ਤੇ ਜੇ ਉਹ ਟੁਰਦਾ ਟੁਰਦਾ ਅੱਕ ਜਾਵੇ ਤਾਂ ਬਹਿ ਜਾਂਦੈ। ਜੇ ਉਹ ਤੁਹਾਨੂੰ ਲੁੱਟ ਲੈਣ, ਤਾਂ ਆਪਣੀ ਅੱਖ ਬੰਦ ਕਰ ਲਓ, ਜੇ ਉਹ ਤੁਹਾਨੂੰ ਕੁੱਟਣ, ਰੋਵੋ ਨਹੀਂ, ਤੇ ਜੇ ਉਹ ਤੁਹਾਨੂੰ ਕਤਲ ਕਰ ਦੇਣ ਤਾਂ ਉੱਥੇ ਹੀ ਪਏ ਰਹੋ। ਸਭਨਾਂ ਨੂੰ ਇਸ ਗੱਲ ਦਾ ਪਤੈ, ਪਰ ਮੈਂ ਆਪਣੇ ਉਸ ਭਣੇਵੇਂ ਨੂੰ ਬਾਹਰ ਲਿਆ ਕੇ ਰਹਿਣੈ, ਤੁਸੀਂ ਪੱਕ ਜਾਣੋ।"

ਜਿਸ ਢੰਗ ਨਾਲ਼ ਉਹ ਆਪਣੇ ਮੁਰਕਨੇ ਵਾਕ ਟਕ ਟਕ ਬੋਲੀ ਜਾਂਦਾ ਮਾਂ ਉਸ 'ਤੇ ਹੈਰਾਨ ਸੀ, ਪਰ ਉਹ ਉਸ ਨਿਸ਼ਚੇ ਉੱਤੇ ਹਿਰਖ ਕਰਦੀ ਜਿਸ ਨਾਲ਼ ਉਹਨੇ ਇਹ ਅਖ਼ੀਰੀ ਗੱਲ ਕਹੀ ਸੀ।

ਜਦੋਂ ਉਹ ਸੜਕ 'ਤੇ ਚਲੀ ਜਾ ਰਹੀ ਸੀ ਤੇ ਠੰਢੀ ਹਵਾ ਅਤੇ ਮੀਂਹ ਉਹਦੇ ਮੂੰਹ ਉੱਤੇ ਪੈਂਦਾ ਤਾਂ ਉਹ ਨਿਕੋਲਾਈ ਬਾਰੇ ਸੋਚ ਰਹੀ ਸੀ।

"ਉਹ ਕਿੰਨਾ ਤਬਦੀਲ ਹੋ ਗਿਐ ! ਇਹ ਗੱਲ ਤਾਂ ਇਤਬਾਰੋਂ ਬਾਹਰੀ ਏ !"

ਜਦੋਂ ਉਹਨੂੰ ਟੀਨਗਰ ਯਾਦ ਆਇਆ, ਉਹਨੇ ਲਗਭਗ ਦੁਆ ਕਰਦੇ ਹੋਏ ਬੁੜਬੁੜ ਕੀਤੀ:

"ਸੋ, ਵੇਖ ਲਓ, ਮੈਂ ਇਕੱਲੀ ਹੀ ਨਹੀਂ ਜਿਸਨੇ ਜ਼ਿੰਦਗੀ ਉੱਤੇ ਨਵੀਂ ਪਕੜ ਲਾਈ ਏ !"

ਤੇ ਫਿਰ ਉਹਦੇ ਵਿਚਾਰ ਆਪਣੇ ਪੁੱਤਰ ਵੱਲ ਚਲੇ ਗਏ। "ਜੇ ਕਿਤੇ ਉਹ ਮੰਨ ਜਾਵੇ !"

## 22

ਅਗਲੇ ਐਤਵਾਰ ਜਦੋਂ ਉਹ ਜੇਲ੍ਹ ਦੇ ਦਫ਼ਤਰ ਵਿੱਚ ਪਾਵੇਲ ਤੋਂ ਵਿਦਿਆ ਹੋ ਰਹੀ ਸੀ ਤਾਂ ਉਹਨੇ ਮਹਿਸੂਸ ਕੀਤਾ ਕਿ ਉਹ ਕਾਗ਼ਜ਼ ਦਾ ਇੱਕ ਨਿੱਕਾ ਜਿਹਾ ਗੋਲ਼ਾ ਉਹਦੇ ਹੱਥ ਦੀ ਤਲੀ ਨਾਲ਼ ਦਬਾ ਰਿਹਾ ਹੈ। ਉਹ ਤ੍ਰਭਕ ਪਈ ਜਿਵੇਂ ਇਹਨੇ ਉਹਦਾ ਹੱਥ ਸਾੜ ਦਿੱਤਾ ਹੋਵੇ ਅਤੇ ਸਵਾਲੀ ਢੰਗ ਨਾਲ਼ ਉਹਦੇ ਮੂੰਹ ਵੱਲ ਵੇਖਿਆ, ਪਰ ਉਹਨੂੰ ਕੋਈ ਜਵਾਬ ਨਾ ਮਿਲਿਆ। ਪਾਵੇਲ ਦੀਆਂ ਨੀਲ਼ੀਆਂ ਅੱਖਾਂ ਆਪਣੀ ਸਧਾਰਨ ਸ਼ਾਂਤ ਮੁਸਕਾਨ ਮੁਸਕਰਾ ਰਹੀਆਂ ਸਨ।

"ਵਿਦਿਆ," ਮਾਂ ਨੇ ਹਉਕਾ ਲੈ ਕੇ ਕਿਹਾ।

ਪਾਵੇਲ ਨੇ ਆਪਣਾ ਹੱਥ ਫਿਰ ਵਧਾਇਆ ਅਤੇ ਉਹਦੇ ਮੂੰਹ ਉੱਤੇ ਪਿਆਰ ਦੀ ਭਾਹ ਜਿਹੀ ਫਿਰ ਗਈ।

"ਵਿਦਿਆ, ਅੰਮੀ !"

ਉਹ ਉਡੀਕਦੀ ਰਹੀ, ਉਹਦੇ ਹੱਥ ਨੂੰ ਚੰਬੜੀ।

"ਫ਼ਿਕਰ ਨਾ ਕਰ ਤੇ ਗੁੱਸੇ ਨਾ ਹੋਵੀਂ," ਪਾਵੇਲ ਨੇ ਕਿਹਾ।

ਇਹ ਲਫ਼ਜ਼ ਅਤੇ ਉਹਦੇ ਭਰਵੱਟਿਆਂ ਵਿਚਕਾਰ ਅੜੀਅਲ ਲਕੀਰ ਉਹਦਾ ਜਵਾਬ

ਸੀ।

'ਹਾਏ ਰੱਬਾ," ਉਹ ਨੀਵੀਂ ਪਾ ਕੇ ਬੁੜਬੁੜਾਈ, "ਤੂੰ ਕੀ ਪਿਆ ਕਹਿਨੈਂ।..."

ਉਹ ਉਹਦੇ ਵੱਲ ਮੁੜਕੇ ਵੇਖੇ ਬਿਨਾਂ ਕਾਹਲੀ ਕਾਹਲੀ ਉੱਥੋਂ ਚਲੀ ਗਈ ਕਿਉਂਕਿ ਉਹ ਨਹੀਂ ਸੀ ਚਾਹੁੰਦੀ ਕਿ ਉਹਦਾ ਪੁੱਤਰ ਉਹਦੀਆਂ ਅੱਖਾਂ ਵਿੱਚ ਹੰਝੂ ਅਤੇ ਉਹਦੇ ਬੁੱਲਾਂ ਦਾ ਕਾਂਬਾ ਵੇਖ ਲਵੇ। ਘਰ ਜਾਂਦਿਆਂ ਸਾਰਾ ਰਾਹ ਉਹ ਹੱਥ ਜਿਸ ਵਿੱਚ ਕਾਗ਼ਜ਼ ਸੀ ਦੁਖਦਾ ਜਾਪਿਆ ਅਤੇ ਉਹਦੀ ਬਾਂਹ ਭਾਰੀ ਭਾਰੀ ਲਟਕੀ ਹੋਈ ਸੀ, ਜਿਵੇਂ ਉਹਦੇ ਮੋਢੇ ਉੱਤੇ ਸੱਟ ਲੱਗੀ ਹੋਵੇ। ਜਿਉਂ ਹੀ ਉਹ ਘਰ ਅੱਪੜੀ ਉਹਨੇ ਕਾਗ਼ਜ਼ ਨਿਕੋਲਾਈ ਨੂੰ ਦਿੱਤਾ ਅਤੇ ਦਿਲ ਵਿੱਚ ਆਸਾਂ ਦੀ ਫੜਕਣ ਨਾਲ਼ ਨਿਕੋਲਾਈ ਨੂੰ ਕਾਗ਼ਜ਼ ਦੇ ਵਟ ਠੀਕ ਕਰਦਿਆਂ ਵੇਖਦੀ ਰਹੀ। ਪਰ ਨਿਕੋਲਾਈ ਨੇ ਆਸਾਂ ਨੂੰ ਹੱਕੀ ਨਾ ਠਹਿਰਾਇਆ।

"ਮੈਨੂੰ ਪਤਾ ਸੀ," ਉਹਨੇ ਕਿਹਾ। "ਉਹ ਲਿਖਦੈ: 'ਸਾਥੀਓ! ਅਸੀਂ ਨੱਠਣ ਦਾ ਜਤਨ ਨਹੀਂ ਕਰਾਂਗੇ। ਅਸੀਂ ਕਰ ਨਹੀਂ ਸਕਦੇ। ਸਾਡੇ ਵਿੱਚੋਂ ਕੋਈ ਵੀ ਨੱਠ ਨਹੀਂ ਸਕਦਾ। ਜੇ ਅਸੀਂ ਜਤਨ ਕਰੀਏ ਤਾਂ ਅਸੀਂ ਸਵੈਮਾਣ ਗੁਆ ਬਹਾਂਗੇ। ਪਰ ਜਿਹੜਾ ਕਿਸਾਨ ਹੁਣੇ ਹੁਣੇ ਫੜਿਆ ਗਿਐ ਉਹਦੀ ਮਦਦ ਕਰਨ ਦਾ ਜਤਨ ਕਰੋ। ਉਹਨੂੰ ਤੁਹਾਡੀ ਮਦਦ ਦੀ ਲੋੜ ਏ ਤੇ ਤੁਸੀਂ ਜੋ ਕੁਝ ਉਹਦੇ ਲਈ ਕਰੋ ਉਹ ਹੱਕੀ ਹੋਵੇਗਾ। ਉਹਦਾ ਬੁਰਾ ਹਾਲ ਏ — ਉਹ ਹਰ ਰੋਜ਼ ਹਾਕਮਾਂ ਨਾਲ਼ ਲੜਦੈ। ਉਹ ਪਹਿਲਾਂ ਹੀ ਚਵ੍ਹੀ ਘੰਟੇ ਭੋਰੇ ਵਿੱਚ ਕੱਟ ਚੁੱਕੈ। ਉਹ ਤਸੀਹੇ ਦੇ ਕੇ ਉਹਨੂੰ ਮਾਰ ਦੇਣਗੇ। ਅਸੀਂ ਸਾਰੇ ਬੇਨਤੀ ਕਰਦੇ ਆਂ ਕਿ ਉਹਦੀ ਮਦਦ ਕਰੋ। ਮੇਰੀ ਮਾਂ ਨੂੰ ਦਿਲਾਸਾ ਦੇਣਾ। ਉਹਨੂੰ ਸਭ ਕੁਝ ਦੱਸਣਾ ਤੇ ਉਹ ਸਮਝ ਜਾਵੇਗੀ।"

ਮਾਂ ਨੇ ਸਿਰ ਉੱਚਾ ਕੀਤਾ।

"ਦੱਸਣ ਵਾਲ਼ੀ ਗੱਲ ਈ ਕਿਹੜੀ ਏ? ਮੈਂ ਤਾਂ ਪਹਿਲਾਂ ਈ ਸਮਝਦੀ ਵਾਂ," ਉਹਨੇ ਕੰਬਦੀ ਅਵਾਜ਼ ਵਿੱਚ ਕਿਹਾ।

ਨਿਕੋਲਾਈ ਇੱਕ ਪਾਸੇ ਮੁੜਿਆ, ਰੁਮਾਲ ਕੱਢਿਆ ਅਤੇ ਨੱਕ ਸਾਫ਼ ਕੀਤਾ।

"ਜਾਪਦੈ ਮੈਨੂੰ ਜ਼ੁਕਾਮ ਹੋ ਗਿਐ।..." ਉਹ ਆਪਣੀ ਐਨਕ ਉੱਚੀ ਕਰਦਾ ਹੋਇਆ ਤੇ ਫ਼ਰਸ਼ ਉੱਤੇ ਟਹਿਲਦਾ ਹੋਇਆ ਬੁੜਬੁੜਾਇਆ। "ਅਸਲ ਗੱਲ ਤਾਂ ਇਹ ਏ ਕਿ ਸਾਡੇ ਕੋਲ਼ ਸਮਾਂ ਹੀ ਨਹੀਂ ਸੀ ਹੋਣਾ।..."

"ਬਹੁਤ ਅੱਛਾ, ਉਹਨਾਂ ਨੂੰ ਮੁਕੱਦਮਾ ਚਲਵਾ ਲੈਣ ਦਿਓ," ਮਾਂ ਨੇ ਘੂਰੀ ਵੱਟ ਕੇ ਕਿਹਾ। ਪਰ ਗ਼ਮ ਉਹਦੇ ਦਿਲ ਉੱਤੇ ਧੁੰਦ ਵਾਂਗ ਛਾ ਗਿਆ ਸੀ।

"ਐਹ, ਮੈਨੂੰ ਹੁਣੇ ਸੇਂਟ ਪੀਟਰਜ਼ਬਰਗ ਤੋਂ ਇੱਕ ਸਾਥੀ ਦਾ ਖ਼ਤ ਆਇਐ।..."

"ਅਖ਼ੀਰ ਉਹ ਸਾਇਬੇਰੀਆ ਤੋਂ ਨੱਠ ਸਕਦੈ, ਹੈਂ ਕਿ ਨਹੀਂ?"

"ਜ਼ਰੂਰ ਨੱਠ ਸਕਦੈ! ਇਹ ਸਾਥੀ ਲਿਖਦੈ ਕਿ ਮੁਕੱਦਮੇ ਦੀ ਸੁਣਵਾਈ ਛੇਤੀ ਹੀ ਹੋਵੇਗੀ ਤੇ ਸਜ਼ਾ ਦਾ ਫ਼ੈਸਲਾ ਹੋ ਚੁੱਕੈ — ਸਭਨਾਂ ਲਈ ਜਲਾਵਤਨੀ। ਇਹ ਖੁੰਢ ਆਪਣੀਆਂ ਅਦਾਲਤਾਂ ਨੂੰ ਵੀ ਮਜ਼ਾਕ ਬਣਾ ਦੇਂਦੇ ਨੇ। ਜ਼ਰਾ ਸੋਚ ਸਜ਼ਾ ਦਾ ਫ਼ੈਸਲਾ ਪੀਟਰਜ਼ਬਰਗ ਵਿਖੇ ਹੋਇਐ, ਮੁਕੱਦਮਾ ਸ਼ੁਰੂ ਹੋਣ ਤੋਂ ਵੀ ਪਹਿਲਾਂ!..."

"ਫ਼ਿਕਰ ਨਾ ਕਰ, ਨਿਕੋਲਾਈ ਈਵਾਨੋਵਿਚ!" ਮਾਂ ਨੇ ਦ੍ਰਿੜ੍ਹਤਾ ਨਾਲ਼ ਕਿਹਾ। "ਤੇਰੇ ਲਈ ਮੈਨੂੰ ਸਮਝਾਉਣ ਜਾਂ ਤਸੱਲੀ ਦੇਣ ਦੀ ਲੋੜ ਨਹੀਂ। ਪਾਵੇਲ ਠੀਕ ਗੱਲ ਕਰੇਗਾ। ਉਹ ਆਪਣੇ ਆਪ ਨੂੰ ਤੇ ਆਪਣੇ ਸਾਥੀਆਂ ਨੂੰ ਐਵੇਂ ਦੁੱਖ ਨਹੀਂ ਸਹਿਣ ਦੇਵੇਗਾ! ਤੇ ਉਹ ਮੈਨੂੰ ਪਿਆਰ ਕਰਦੈ — ਤੂੰ ਆਪੇ ਵੇਖ ਸਕਦੈ ਉਹ ਮੇਰਾ ਕਿੰਨਾ ਧਿਆਨ ਰੱਖਦੈ। ਉਹਨੂੰ ਸਮਝਾਉਣਾ ਉਹ ਕਹਿੰਦੈ, ਉਹਨੂੰ ਦਿਲਾਸਾ ਦੇਣਾ।..."

ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ ਅਤੇ ਉਹਦਾ ਸਿਰ ਉਤਸੁਕਤਾ ਨਾਲ਼ ਚਕਰਾ ਰਿਹਾ ਸੀ।

"ਤੇਰਾ ਪੁੱਤਰ ਸ਼ਾਨਦਾਰ ਏ," ਨਿਕੋਲਾਈ ਨੇ ਅਸੁਭਾਵਕ ਉੱਚੀ ਅਵਾਜ਼ ਵਿੱਚ ਕਿਹਾ। "ਮੈਂ ਤੈਨੂੰ ਦੱਸ ਨਹੀਂ ਸਕਦਾ ਮੈਂ ਉਹਦੀ ਜਿੰਨੀ ਇੱਜ਼ਤ ਕਰਦਾਂ!"

"ਆ ਅਸੀਂ ਗੀਬਿਨ ਦੀ ਮਦਦ ਕਰਨ ਦਾ ਕੋਈ ਢੰਗ ਸੋਚੀਏ," ਮਾਂ ਨੇ ਤਜਵੀਜ਼ ਕੀਤੀ।

ਉਹ ਉਸੇ ਛਿਣ ਕੁਝ ਕਰਨਾ ਚਾਹੁੰਦੀ ਸੀ—ਕਿਧਰੇ ਜਾਣਾ ਚਾਹੁੰਦੀ ਸੀ—ਉੱਨਾ ਚਿਰ ਟੁਰੀ ਜਾਣਾ ਜਿੰਨਾ ਚਿਰ ਉਹ ਥੱਕ ਕੇ ਚੂਰ ਨਾ ਹੋ ਜਾਵੇ।

"ਖੂਬ," ਨਿਕੋਲਾਈ ਨੇ ਅਜੇ ਤੱਕ ਚੱਕਰ ਕੱਟਦੇ ਹੋਏ ਕਿਹਾ। "ਸਾਨੂੰ ਸਾਸ਼ਾ ਦੀ ਲੋੜ ਏ।..."

"ਉਹ ਆਵੇਗੀ। ਜਿਸ ਦਿਨ ਪਾਵੇਲ ਨਾਲ਼ ਮੁਲਾਕਾਤ ਹੁੰਦੀ ਏ ਉਹ ਜ਼ਰੂਰ ਆਉਂਦੀ ਵੇ।..."

ਨਿਕੋਲਾਈ ਕੌਚ ਉੱਤੇ ਮਾਂ ਦੇ ਨਾਲ਼ ਬਹਿ ਗਿਆ। ਉਹਨੇ ਸੋਚਦੇ ਹੋਏ ਨੀਵੀਂ ਪਾ ਲਈ, ਆਪਣਾ ਬੁੱਲ੍ਹ ਟੁੱਕਿਆ ਅਤੇ ਆਪਣੀ ਦਾੜ੍ਹੀ ਮਰੋੜੀ।

"ਬੜੀ ਮਾੜੀ ਗੱਲ ਏ, ਮੇਰੀ ਭੈਣ ਇੱਥੇ ਨਹੀਂ।..."

"ਜੇ ਅਸੀਂ ਪਾਵੇਲ ਦੇ ਉੱਥੇ ਹੁੰਦਿਆਂ ਅਜਿਹਾ ਕਰ ਸਕੀਏ ਤਾਂ ਚੰਗਾ ਹੋਵੇਗਾ — ਉਹ ਬਹੁਤ ਖੁਸ਼ ਹੋਵੇਗਾ!" ਮਾਂ ਨੇ ਕਿਹਾ।

ਕੁਝ ਦੇਰ ਉਹ ਚੁੱਪ ਰਹੇ।

"ਮੈਨੂੰ ਸਮਝ ਨਹੀਂ ਆਉਂਦੀ ਉਹ ਕਿਉਂ ਨਹੀਂ ਚਾਹੁੰਦਾ।..." ਮਾਂ ਨੇ ਅਚਾਨਕ ਹੌਲ਼ੀ ਹੌਲ਼ੀ ਅਤੇ ਨਰਮੀ ਨਾਲ਼ ਕਿਹਾ।

ਨਿਕੋਲਾਈ ਉੱਛਲ ਕੇ ਖੜਾ ਹੋ ਗਿਆ, ਪਰ ਐਨ ਉਸੇ ਛਿਣ ਘੰਟੀ ਵੱਜੀ। ਉਹਨਾਂ ਇੱਕ ਦੂਜੇ ਵੱਲ ਵੇਖਿਆ।

"ਇਹ ਸਾਸ਼ਾ ਹੋਣੀ ਏ," ਨਿਕੋਲਾਈ ਮੱਧਮ ਅਵਾਜ਼ ਵਿੱਚ ਕਿਹਾ।

"ਉਹਨੂੰ ਅਸੀਂ ਕੀ ਦੱਸਾਂਗੇ?" ਮਾਂ ਨੇ ਉਸੇ ਤਰ੍ਹਾਂ ਮੱਧਮ ਅਵਾਜ਼ ਵਿੱਚ ਪੁੱਛਿਆ।

"ਹੂੰ।..."

"ਮੈਨੂੰ ਉਹਦੇ 'ਤੇ ਤਰਸ ਆਉਂਦੈ।..."

ਘੰਟੀ ਦੁਬਾਰਾ ਵੱਜੀ, ਇਸ ਵਾਰ ਘੱਟ ਦ੍ਰਿੜ੍ਹਤਾ ਨਾਲ਼, ਜਿਵੇਂ ਉੱਥੇ ਖੜੇ ਮਨੁੱਖ ਨੇ ਅਜੇ ਆਪਣਾ ਮਨ ਨਹੀਂ ਸੀ ਬਣਾਇਆ। ਨਿਕੋਲਾਈ ਅਤੇ ਮਾਂ ਦੋਵੇਂ ਦਰਵਾਜ਼ੇ ਵੱਲ ਚੱਲੇ, ਪਰ

ਜਦੋਂ ਉਹ ਰਸੋਈ ਵਿੱਚ ਅੱਪੜੇ ਤਾਂ ਨਿਕੋਲਾਈ ਇੱਕ ਪਾਸੇ ਹੋ ਗਿਆ।

"ਚੰਗੀ ਗੱਲ ਇਹੋ ਏ ਤੂੰ ਇਕੱਲੀ ਜਾ," ਉਹਨੇ ਕਿਹਾ।

"ਉਹਨੇ ਨਾਂਹ ਕਰ ਦਿੱਤੀ ਏ ?" ਮਾਂ ਦੇ ਦਰਵਾਜ਼ਾ ਖੋਹਲਦਿਆਂ ਹੀ ਕੁੜੀ ਨੇ ਦਲੇਰੀ ਨਾਲ਼ ਪੁੱਛਿਆ।

"ਹਾਂ।"

"ਮੈਨੂੰ ਪਤਾ ਸੀ ਉਹ ਨਾਂਹ ਕਰੇਗਾ," ਸਾਸ਼ਾ ਨੇ ਸਾਦਗੀ ਨਾਲ਼ ਕਿਹਾ, ਪਰ ਉਹਦਾ ਮੂੰਹ ਬੱਗਾ ਹੋ ਗਿਆ ਸੀ। ਉਹਨੇ ਆਪਣੇ ਕੋਟ ਦੇ ਬਟਨ ਖੋਹਲੇ, ਫਿਰ ਕੁਝ ਬੰਦ ਕਰ ਲਏ, ਇਹਨੂੰ ਆਪਣੇ ਮੋਢਿਆਂ ਤੋਂ ਲਾਹੁਣ ਦਾ ਜਤਨ ਕੀਤਾ ਪਰ ਉਹ ਅਜਿਹਾ ਨਾ ਕਰ ਸਕੀ।

ਹਨੇਰੀ ਤੇ ਮੀਂਹ — ਚੰਦਰਾ ਮੌਸਮ ਏ," ਉਹਨੇ ਕਿਹਾ। "ਉਹ ਵੱਲ ਏ ?"

"ਹਾਂ।"

"ਵੱਲ ਤੇ ਖੁਸ਼," ਸਾਸ਼ਾ ਨੇ ਆਪਣੇ ਹੱਥ ਵੱਲ ਧਿਆਨ ਨਾਲ ਵੇਖਦੇ ਹੋਏ ਹੌਲ਼ੀ ਜਿਹੇ ਕਿਹਾ।

"ਉਹਨੇ ਲਿਖਿਐ ਅਸੀਂ ਨੱਠਣ ਵਿੱਚ ਗੀਬਿਨ ਦੀ ਮਦਦ ਕਰੀਏ," ਮਾਂ ਨੇ ਕੁੜੀ ਵੱਲ ਵੇਖੇ ਬਿਨਾਂ ਕਿਹਾ।

"ਉਹਨੇ ਲਿਖਿਐ ? ਜੇ ਅਸੀਂ ਕਰੀਏ ਤਾਂ ਸਾਨੂੰ ਆਪਣੀ ਪੁਰਾਣੀ ਪਲਾਨ ਹੀ ਵਰਤਣੀ ਚਾਹੀਦੀ ਏ," ਕੁੜੀ ਨੇ ਹੌਲ਼ੀ ਹੌਲ਼ੀ ਕਿਹਾ।

"ਮੇਰਾ ਵੀ ਇਹੋ ਖ਼ਿਆਲ ਏ," ਨਿਕੋਲਾਈ ਨੇ ਅਚਾਨਕ ਦਰਵਾਜ਼ੇ ਵਿੱਚ ਆਉਂਦੇ ਹੋਏ ਕਿਹਾ। "ਹੈਲੋ, ਸਾਸ਼ਾ!"

ਕੁੜੀ ਨੇ ਆਪਣਾ ਹੱਥ ਵਧਾਇਆ।

"ਅਸੀਂ ਕਿਉਂ ਨਾ ਵਰਤੀਏ। ਸੱਭੇ ਕਹਿੰਦੇ ਨੇ ਇਹ ਚੰਗੀ ਪਲਾਨ ਏ।..."

"ਪਰ ਇਹਨੂੰ ਨੇਪਰੇ ਕੌਣ ਚਾੜ੍ਹੇਗਾ ? ਅਸੀਂ ਸਾਰੇ ਇੰਨੇ ਰੁੱਝੇ ਹੋਏ ਆਂ।..."

"ਮੈਨੂੰ ਕਰਨ ਦਿਓ!" ਸਾਸ਼ਾ ਨੇ ਉੱਠਦੇ ਹੋਏ ਕਾਹਲੀ ਨਾਲ਼ ਕਿਹਾ। "ਮੇਰੇ ਕੋਲ਼ ਸਮਾਂ ਹੈ।"

"ਚੰਗਾ। ਪਰ ਤੈਨੂੰ ਬਾਕੀਆਂ ਨਾਲ਼ ਸਬੰਧ ਸਥਾਪਤ ਕਰਨਾ ਪਵੇਗਾ।..."

"ਮੈਂ ਕਰਾਂਗੀ। ਮੈਂ ਹੁਣੇ ਜਾਂਦੀ ਆਂ।"

ਉਹਨੇ ਫਿਰ ਆਪਣੇ ਕੋਟ ਦੇ ਬਟਨ ਬੰਦ ਕਰਨੇ ਸ਼ੁਰੂ ਕਰ ਦਿੱਤੇ, ਇਸ ਵਾਰ ਉਹਦੀਆਂ ਪਤਲੀਆਂ ਉਂਗਲਾਂ ਦੀਆਂ ਹਰਕਤਾਂ ਭਰੋਸੇ ਭਰੀਆਂ ਸਨ।

"ਤੂੰ ਪਹਿਲਾਂ ਜ਼ਰਾ ਸਾਹ ਕੱਢ ਲੈ," ਮਾਂ ਨੇ ਕਿਹਾ।

"ਮੈਂ ਥੱਕੀ ਹੋਈ ਨਹੀਂ," ਕੁੜੀ ਨੇ ਸ਼ਾਂਤ ਮੁਸਕਾਨ ਨਾਲ਼ ਆਪਣੀ ਅਵਾਜ਼ ਨਰਮ ਕਰ ਕੇ ਜਵਾਬ ਦਿੱਤਾ।

ਚੁੱਪ ਚਾਪ ਉਹਨੇ ਹੱਥ ਮਿਲਾਏ ਤੇ ਬਾਹਰ ਚਲੀ ਗਈ, ਹਮੇਸ਼ਾ ਵਾਂਗ ਠੰਢੀ ਅਤੇ ਕਰੜੀ।

ਮਾਂ ਤੇ ਨਿਕੋਲਾਈ ਬਾਰੀ ਕੋਲ਼ ਗਏ ਅਤੇ ਉਹਨੂੰ ਬਾਗ਼ ਵਿੱਚੋਂ ਲੰਘਦੇ ਅਤੇ ਗੇਟ ਤੋਂ ਪਾਰ ਅੱਖੋਂ ਉਹਲੇ ਹੁੰਦੇ ਵੇਖਿਆ। ਨਿਕੋਲਾਈ ਨੇ ਪੋਲੇ ਜਿਹੇ ਸੀਟੀ ਵਜਾਈ, ਮੇਜ਼ ਕੋਲ਼ ਬਹਿ ਗਿਆ ਅਤੇ ਲਿਖਣ ਲੱਗ ਪਿਆ।

"ਜੇ ਉਹਨੂੰ ਰੁਝਾਈ ਰੱਖਣ ਲਈ ਕੁਝ ਹੋਵੇ ਤਾਂ ਉਹਦਾ ਰੌਂਅ ਚੰਗਾ ਹੋ ਜਾਵੇਗਾ," ਮਾਂ ਨੇ ਸੋਚਦੇ ਹੋਏ ਕਿਹਾ।

"ਜ਼ਰੂਰ ਹੀ ਹੋ ਜਾਵੇਗਾ," ਨਿਕੋਲਾਈ ਨੇ ਜਵਾਬ ਦਿੱਤਾ, ਫਿਰ ਆਪਣੇ ਦਿਆਲ ਮੂੰਹ ਉੱਤੇ ਮੁਸਕਾਨ ਲਿਆ ਕੇ ਉਹਦੇ ਵੱਲ ਮੁੜਦੇ ਹੋਏ ਬੋਲਿਆ, "ਇਹ ਪਿਆਲਾ ਤੈਨੂੰ ਨਹੀਂ ਪੀਣਾ ਪਿਆ, ਨਿਲੋਵਨਾ ? ਤੈਨੂੰ ਉਸ ਮਰਦ ਲਈ ਦੁੱਖ ਨਹੀਂ ਭੋਗਣੇ ਪਏ ਜਿਸ ਨੂੰ ਤੂੰ ਪਿਆਰ ਕਰਦੀ ਸੈਂ, ਕਿ ਭੋਗਣੇ ਪਏ ?"

"ਫੂ !" ਮਾਂ ਨੇ ਹੱਥ ਦੇ ਇਸ਼ਾਰੇ ਨਾਲ਼ ਕਿਹਾ। "ਮੈਨੂੰ ਤਾਂ ਇੱਕੋ ਇੱਕ ਤੌਖਲਾ ਸੀ ਕਿ ਉਹ ਮੇਰਾ ਵਿਆਹ ਕਰ ਦੇਣਗੇ !"

"ਕਦੀ ਕਿਸੇ ਨੂੰ ਪਿਆਰ ਵੀ ਕੀਤਾ ਸਾਈ ?"

"ਯਾਦ ਨਹੀਂ। ਮੇਰਾ ਖ਼ਿਆਲ ਏ ਕੀਤਾ ਹੋਣੈ। ਮੈਨੂੰ ਜ਼ਰੂਰ ਹੀ ਕੋਈ ਚੰਗਾ ਲੱਗਦਾ ਹੋਣੈ, ਸਿਰਫ਼ ਮੈਨੂੰ ਯਾਦ ਨਹੀਂ। ਮੇਰੇ ਘਰਵਾਲੇ ਨੇ ਮੈਨੂੰ ਇੰਨਾ ਕੁੱਟਿਆ ਕਿ ਉਹਨੇ ਵਿਆਹ ਤੋਂ ਪਹਿਲਾਂ ਦੀ ਹਰ ਗੱਲ ਮੇਰੇ ਦਿਲ ਵਿੱਚੋਂ ਕੱਢ ਦਿੱਤੀ," ਉਹਨੇ ਅਫ਼ਸੋਸੇ ਠਰ੍ਹੰਮੇ ਨਾਲ਼ ਉਹਦੇ ਵੱਲ ਵੇਖਦੇ ਹੋਏ ਸਾਦਗੀ ਨਾਲ਼ ਗੱਲ ਮੁਕਾਈ।

ਨਿਕੋਲਾਈ ਮੇਜ਼ ਵੱਲ ਮੁੜਿਆ ਅਤੇ ਮਾਂ ਕੁਝ ਦੇਰ ਲਈ ਕਮਰੇ 'ਚੋਂ ਬਾਹਰ ਚਲੀ ਗਈ ਜਦੋਂ ਉਹ ਮੁੜੀ ਤਾਂ ਉਹ ਯਾਦਾਂ ਵਿੱਚ ਗਵਾਚਾ ਹੋਇਆ ਸੀ।

"ਜਿੱਥੋਂ ਤੱਕ ਮੇਰੀ ਗੱਲ ਏ, ਮੈਨੂੰ ਵੀ ਸਾਸ਼ਾ ਜਿਹਾ ਹੀ ਕੁਝ ਤਜਰਬਾ ਹੋਇਆ," ਉਹਨੇ ਮਾਂ ਵੱਲ ਪਿਆਰ ਨਾਲ਼ ਵੇਖਦੇ ਹੋਏ ਕਿਹਾ। "ਮੈਨੂੰ ਇੱਕ ਕੁੜੀ ਨਾਲ਼ ਪਿਆਰ ਸੀ — ਇੱਕ ਸ਼ਾਨਦਾਰ ਕੁੜੀ ਨਾਲ਼। ਜਦੋਂ ਮੈਂ ਉਹਨੂੰ ਮਿਲਿਆ ਮੈਂ ਵੀਹਾਂ ਕੁ ਦਾ ਸਾਂ ਤੇ ਮੈਂ ਉਦੋਂ ਤੋਂ ਉਹਨੂੰ ਪਿਆਰ ਕਰਦਾਂ। ਮੈਂ ਹੁਣ ਵੀ ਉਹਨੂੰ ਓਨਾ ਹੀ ਪਿਆਰ ਕਰਦਾਂ ਜਿਨ੍ਹਾਂ ਉਦੋਂ ਕਰਦਾ ਸਾਂ — ਪੂਰੇ ਦਿਲ ਨਾਲ਼, ਸ਼ੁਕਰਾਨੇ ਨਾਲ਼ ਤੇ ਸਦਾ ਲਈ।..."

ਉਹਦੇ ਕੋਲ਼ ਆਪਣੀ ਥਾਂ ਖੜੀ ਮਾਂ ਉਹਦੀਆਂ ਅੱਖਾਂ ਵਿੱਚ ਨਿੱਘੀ ਚਮਕਦੀ ਲੋਅ ਵੇਖ ਸਕਦੀ ਸੀ। ਉਹਨੇ ਕੁਰਸੀ ਦੀ ਪਿੱਠ ਫੜ ਲਈ ਸੀ ਅਤੇ ਆਪਣਾ ਸਿਰ ਆਪਣੇ ਹੱਥਾਂ ਉੱਤੇ ਰੱਖ ਲਿਆ ਸੀ ਅਤੇ ਉਹ ਕਿੱਧਰੇ ਦੂਰ ਵੇਖਦਾ ਬੈਠਾ ਹੋਇਆ ਸੀ, ਉਹਦਾ ਪਤਲਾ ਮਜ਼ਬੂਤ ਜੁੱਸਾ ਕਿਸੇ ਸੁਪਨੇ ਵੱਲ ਇਉਂ ਪਲ੍ਹਮਿਆ ਹੋਇਆ ਸੀ ਜਿਵੇਂ ਕੋਈ ਫੁੱਲ ਧੁੱਪ ਵੱਲ ਪਲ੍ਹਮਦਾ ਹੈ।

"ਤੂੰ ਉਹਦੇ ਨਾਲ਼ ਵਿਆਹ ਕਿਉਂ ਨਹੀਂ ਕਰ ਲੈਂਦਾ ?" ਮਾਂ ਨੇ ਸੁਝਾਅ ਦਿੱਤਾ।

"ਚਾਰ ਵਰ੍ਹਿਆਂ ਤੋਂ ਉਹਦਾ ਵਿਆਹ ਹੋ ਚੁਕੈ।..."

"ਤੂੰ ਉਹਦੇ ਨਾਲ਼ ਪਹਿਲਾਂ ਕਿਉਂ ਨਾ ਕਰ ਲਿਆ ?"

ਉਹਨੇ ਇੱਕ ਛਿਣ ਸੋਚਿਆ।

"ਕਿਸੇ ਕਾਰਨ ਗੱਲ ਬਣੀ ਨਹੀਂ। ਜਦੋਂ ਮੈਂ ਅਜ਼ਾਦ ਹੁੰਦਾ ਉਹ ਜੇਲ੍ਹ ਵਿੱਚ ਹੁੰਦੀ ਜਾਂ ਜਲਾਵਤਨ ਤੇ ਜਦੋਂ ਉਹ ਅਜ਼ਾਦ ਹੁੰਦੀ ਮੈਂ ਜੇਲ੍ਹ ਵਿੱਚ ਹੁੰਦਾ। ਇਹ ਤਾਂ ਸਾਸ਼ਾ ਤੇ ਪਾਵੇਲ ਦੀ ਗੱਲ ਜਾਪਦੀ ਏ — ਹੈਂ ਨਾ ? ਅਖ਼ੀਰ ਉਹਨਾਂ ਦਸਾਂ ਵਰ੍ਹਿਆਂ ਲਈ ਉਹਨੂੰ ਸਾਇਬੇਰੀਆ ਭੇਜ ਦਿੱਤਾ — ਸਭ ਤੋਂ ਦੁਰਾਡੇ ਇਲਾਕਿਆਂ ਵਿੱਚੋਂ ਇੱਕ ਵਿੱਚ। ਮੈਂ ਉਹਦੇ ਪਿੱਛੇ ਜਾਣਾ ਚਾਹੁੰਦਾ ਸਾਂ, ਪਰ ਮੈਂ ਸੰਗਦਾ ਸਾਂ ਤੇ ਉਹ ਵੀ। ਉੱਥੇ ਉਹ ਇੱਕ ਹੋਰ ਬੰਦੇ ਨੂੰ ਮਿਲੀ — ਇੱਕ ਚੰਗੇ ਬੰਦੇ ਨੂੰ — ਉਹ ਸਾਡੇ ਸਾਥੀਆਂ ਵਿੱਚੋਂ ਇੱਕ ਏ। ਉਹ ਇਕੱਠੇ ਨੱਠ ਗਏ ਤੇ ਹੁਣ ਪ੍ਰਦੇਸੀਂ ਰਹਿੰਦੇ ਨੇ।..."

ਨਿਕੋਲਾਈ ਨੇ ਆਪਣੀ ਐਨਕ ਲਾਹੀ, ਪੂੰਝੀ, ਲੋਅ ਵਿੱਚ ਕਰ ਕੇ ਵੇਖੀ ਅਤੇ ਫਿਰ ਪੂੰਝੀ।

"ਮੇਰਾ ਵਿਚਾਰਾ ਮਿੱਤਰ," ਮਾਂ ਸਿਰ ਹਿਲਾਉਂਦੀ ਹੋਈ ਪਿਆਰ ਨਾਲ਼ ਕੂਕੀ। ਉਹਨੂੰ ਉਹਦੇ ਉੱਤੇ ਤਰਸ ਆ ਰਿਹਾ ਸੀ, ਪਰ ਉਹਦੇ ਵਿੱਚ ਕੁਝ ਸੀ ਜਿਸ ਕਰਕੇ ਉਹ ਮੁਸਕਰਾ ਪਈ, ਜਿਵੇਂ ਮਾਂ ਬੱਚੇ ਨੂੰ ਵੇਖ ਕੇ ਮੁਸਕਰਾਏ। ਉਹਨੇ ਜ਼ਰਾ ਪਾਸਾ ਵੱਟਿਆ, ਕਲਮ ਚੁੱਕੀ ਅਤੇ ਆਪਣੀ ਗੱਲ ਜਾਰੀ ਰੱਖਦੇ ਹੋਏ ਇਹਨੂੰ ਆਪਣੇ ਲਫ਼ਜ਼ਾਂ ਦੇ ਤਾਲ ਨਾਲ਼ ਘੁਮਾਇਆ।

"ਕਬੀਲਦਾਰੀ ਇਨਕਲਾਬੀ ਦਾ ਸਤ ਚੂਸ ਲੈਂਦੀ ਏ — ਹੋਰ ਕੁਝ ਹੋ ਵੀ ਨਹੀਂ ਸਕਦਾ। ਬੱਚੇ, ਭਵਿੱਖ ਬਾਰੇ ਚਿੰਤਾ, ਟੱਬਰ ਨੂੰ ਪਾਲਣ ਲਈ ਕੰਮ ਕਰਨ ਦੀ ਲੋੜ। ਇਨਕਲਾਬੀ ਨੂੰ ਆਪਣੀ ਸ਼ਕਤੀ ਸਾਂਭਣੀ ਚਾਹੀਦੀ ਏ ਤਾਂ ਜੁ ਉਹ ਆਪਣੀਆਂ ਸਰਗਰਮੀਆਂ ਫੈਲਾ ਸਕੇ। ਸਮਾਂ ਇਸ ਗੱਲ ਦੀ ਮੰਗ ਕਰਦੈ। ਸਾਨੂੰ ਹਮੇਸ਼ਾ ਬਾਕੀ ਸਭਨਾਂ ਦੇ ਅੱਗੇ ਅੱਗੇ ਚੱਲਣਾ ਚਾਹੀਦੈ ਕਿਉਂਕਿ ਅਸੀਂ ਉਹ ਕਾਮੇ ਆਂ ਜਿਨ੍ਹਾਂ ਨੂੰ ਇਤਿਹਾਸ ਨੇ ਪੁਰਾਣੀ ਦੁਨੀਆਂ ਤਬਾਹ ਕਰਨ ਤੇ ਨਵੀਂ ਜ਼ਿੰਦਗੀ ਉਸਾਰਨ ਲਈ ਚੁਣਿਐ। ਜੇ ਅਸੀਂ ਆਪਣੀ ਥਕਾਵਟ ਦੇ ਵੱਸ ਪੈ ਕੇ ਜਾਂ ਕਿਸੇ ਨਿੱਕੀ ਜਿੱਤ ਕਾਰਨ ਕੁਰਾਹੇ ਪੈ ਕੇ ਪਿੱਛੇ ਰਹਿ ਜਾਂਦੇ ਆਂ ਤਾਂ ਅਸੀਂ ਲਗਭਗ ਕਾਜ਼ ਨਾਲ਼ ਵਿਸਾਹਘਾਤ ਦੇ ਦੋਸ਼ੀ ਆਂ ! ਕੋਈ ਅਜਿਹਾ ਨਹੀਂ ਜਿਸ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਅਸੀਂ ਆਪਣੇ ਕਾਜ਼ ਨੂੰ ਨੁਕਸਾਨ ਪੁਚਾਏ ਬਿਨਾਂ ਚੱਲ ਸਕੀਏ ਤੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਡਾ ਕਾਜ਼ ਕੋਈ ਨਿੱਕੀ ਸਫ਼ਲਤਾ ਨਹੀਂ ਸਗੋਂ ਮੁਕੰਮਲ ਜਿੱਤ ਏ।"

ਉਹਦੀ ਅਵਾਜ਼ ਤਕੜੀ ਹੋ ਗਈ, ਉਹਦਾ ਮੂੰਹ ਪੀਲ਼ਾ ਪੈ ਗਿਆ ਅਤੇ ਉਹਦੀਆਂ ਅੱਖਾਂ ਆਪਣੀ ਸਧਾਰਨ ਇਕਸਾਰ ਅਤੇ ਰੋਗੀ ਜਿਹੀ ਸ਼ਕਤੀ ਨਾਲ਼ ਚਮਕ ਰਹੀਆਂ ਸਨ। ਦਰਵਾਜ਼ੇ ਦੀ ਘੰਟੀ ਮੁੜ ਜ਼ੋਰ ਨਾਲ਼ ਵੱਜੀ। ਇਹ ਲਿਉਦਮੀਲਾ ਆਈ ਸੀ, ਉਹਦੀਆਂ ਗੱਲ੍ਹਾਂ ਠੰਢ ਕਾਰਨ ਲਾਲ ਸਨ, ਉਹਦਾ ਸਰੀਰ ਕੋਟ ਵਿੱਚ, ਜਿਹੜਾ ਇਸ ਮੌਸਮ ਲਈ ਬਹੁਤ ਪਤਲਾ ਸੀ, ਕੰਬ ਰਿਹਾ ਸੀ।

"ਮੁਕੱਦਮਾ ਅਗਲੇ ਹਫ਼ਤੇ ਚੱਲੇਗਾ," ਉਹਨੇ ਆਪਣੇ ਗਾਲੋਸ਼ੇ ਲਾਹੁੰਦੇ ਹੋਏ ਖਿਝੇ ਢੰਗ ਨਾਲ਼ ਕਿਹਾ।

"ਪੱਕਾ ਪਤਾ ਈ ?" ਦੂਜੇ ਕਮਰੇ ਵਿੱਚੋਂ ਨਿਕੋਲਾਈ ਨੇ ਉੱਚੀ ਅਵਾਜ਼ ਵਿੱਚ ਕਿਹਾ।

ਮਾਂ ਨੱਠ ਕੇ ਉਹਦੇ ਕੋਲ਼ ਗਈ, ਉਹਨੂੰ ਪਤਾ ਨਹੀਂ ਕਿ ਇਹ ਤੌਖਲਾ ਸੀ ਜਾਂ ਖ਼ੁਸ਼ੀ ਜਿਸਨੇ ਉਹਦੇ ਦਿਲ ਵਿੱਚ ਇੰਨੀ ਹਲਚਲ ਮਚਾ ਦਿੱਤੀ ਸੀ। ਲਿਉਦਮੀਲਾ ਉਹਦੇ ਨਾਲ਼ ਲੱਗ ਗਈ।

"ਹਾਂ, ਪੱਕਾ ਪਤਾ ਏ! ਕਚਿਹਰੀਏ ਉਹ ਖੁੱਲ੍ਹਮ-ਖੁੱਲ੍ਹਾ ਮੰਨਦੇ ਨੇ ਕਿ ਸਜ਼ਾ ਦਾ ਪਹਿਲਾਂ ਈ ਫ਼ੈਸਲਾ ਹੋ ਚੁੱਕੈ," ਉਹਨੇ ਕਿਹਾ, ਉਹਦੀ ਡੂੰਘੀ ਅਵਾਜ਼ ਵਿੱਚ ਵਿਅੰਗ ਦੀ ਭਾਹ ਸੀ। "ਕਿਉਂ ਕੀ ਖ਼ਿਆਲ ਏ? ਕੀ ਹਕੂਮਤ ਡਰਦੀ ਏ ਕਿ ਉਹਦੇ ਅਫ਼ਸਰ ਉਹਦੇ ਦੁਸ਼ਮਣਾਂ ਨਾਲ਼ ਨਰਮੀ ਵਰਤਨਗੇ? ਕੀ ਉਹ ਡਰਦੀ ਏ ਕਿ ਆਪਣੇ ਨੌਕਰਾਂ ਦੇ ਮਨ ਵਿਗਾੜਨ 'ਤੇ ਉਹਨੇ ਜਿਹੜਾ ਇੰਨਾ ਸਮਾਂ ਤੇ ਸ਼ਕਤੀ ਲਾਈ ਏ, ਉਹਦੇ ਬਾਵਜੂਦ ਉਹ ਭਲੇ ਲੋਕ ਸਾਬਤ ਹੋਣਗੇ?"

ਉਹ ਕੌਚ ਉੱਤੇ ਬਹਿ ਗਈ ਅਤੇ ਆਪਣੇ ਹੱਥਾਂ ਨਾਲ਼ ਆਪਣੀਆਂ ਪਤਲੀਆਂ ਗੱਲ੍ਹਾਂ ਮਲਣ ਲੱਗ ਪਈ। ਉਹਦੀਆਂ ਬੇਨੂਰ ਅੱਖਾਂ ਨਿਰੋਲ ਘਿਰਣਾ ਪ੍ਰਗਟ ਕਰ ਰਹੀਆਂ ਸਨ ਅਤੇ ਉਹਦੀ ਅਵਾਜ਼ ਸਦਾ ਵਧੇਰੇ ਗ਼ੁਸੈਲੀ ਹੁੰਦੀ ਗਈ।

"ਆਪਣਾ ਬਲ ਅਜਾਈਂ ਨਾ ਗੁਆ, ਲਿਉਦਮੀਲਾ," ਨਿਕੋਲਾਈ ਨੇ ਉਹਨੂੰ ਠੰਢਾ ਕਰਨ ਦਾ ਜਤਨ ਕਰਦੇ ਹੋਏ ਕਿਹਾ। "ਤੈਨੂੰ ਪਤੈ ਉਹ ਤੇਰੀ ਗੱਲ ਨਹੀਂ ਸੁਣ ਸਕਦੇ।..."

ਮਾਂ ਲਿਉਦਮੀਲਾ ਦੀ ਗੱਲ ਸੁਣਦੀ ਰਹੀ, ਪਰ ਉਹਦੇ ਪੱਲੇ ਕੁਝ ਨਾ ਪਿਆ। ਇੱਕ ਵਿਚਾਰ ਉਹਦੇ ਮਨ ਵਿੱਚ ਸਭ ਤੋਂ ਉੱਪਰ ਸੀ।

"ਮੁਕੱਦਮਾ ਅਗਲੇ ਹਫ਼ਤੇ ਵੇ!"

ਅਤੇ ਅਚਾਨਕ ਉਹਨੇ ਕਿਸੇ ਅਮੋੜ, ਅਣ-ਮਨੁੱਖੀ ਸ਼ਕਤੀ ਦੀ ਆਉਂਦ ਅਨੁਭਵ ਕੀਤੀ।

## 23

ਮਾਂ ਇੱਕ ਦਿਨ, ਦੋ ਦਿਨ ਉਦਾਸੀ, ਬੇਦਲੀਲੀ ਅਤੇ ਚਿੰਤਾ ਦੇ ਪਰਛਾਵੇਂ ਹੇਠ ਰਹੀ ਅਤੇ ਤੀਜੇ ਦਿਨ ਸਾਸ਼ਾ ਆਈ।

"ਸਭ ਕੁਝ ਤਿਆਰ ਏ। ਅੱਜ ਇੱਕ ਵਜੇ," ਉਹਨੇ ਨਿਕੋਲਾਈ ਨੂੰ ਕਿਹਾ।

"ਇੰਨੀ ਛੇਤੀ," ਉਹਨੇ ਹੈਰਾਨੀ ਨਾਲ਼ ਪੁੱਛਿਆ।

"ਕੀ ਇਹ ਬਹੁਤ ਛੇਤੀ ਏ? ਮੈਂ ਬਸ ਗੀਬਿਨ ਲਈ ਕੱਪੜਾ ਅਤੇ ਉਹਦੇ ਰਹਿਣ ਲਈ ਥਾਂ ਈ ਲੱਭਣੀ ਸੀ। ਗੋਬੁਨ ਨੇ ਬਾਕੀ ਸਭ ਕੁਝ ਕੀਤੈ। ਗੀਬਿਨ ਨੂੰ ਨੱਠ ਕੇ ਮੋੜ ਤੱਕ ਜਾਣਾ ਪਵੇਗਾ; ਵੇਸੋਵਸ਼ਚੀਕੋਵ ਜ਼ਰੂਰ ਉੱਥੇ ਭੇਸ ਵਟਾ ਕੇ ਕੋਟ ਅਤੇ ਟੋਪੀ ਲਈ ਉਹਨੂੰ ਮਿਲੇਗਾ ਅਤੇ ਰਾਹ ਵਿਖਾਵੇਗਾ। ਹੋਰ ਅੱਗੇ ਮੈਂ ਹੋਰ ਕੱਪੜੇ ਲੈ ਕੇ ਉਡੀਕ ਰਹੀ ਹੋਵਾਂਗੀ।"

"ਬਹੁਤ ਅੱਛਾ! ਪਰ ਇਹ ਗੋਬੁਨ ਕੌਣ ਏ?" ਨਿਕੋਲਾਈ ਨੇ ਪੁੱਛਿਆ।

"ਤੂੰ ਉਹਨੂੰ ਜਾਣਦੈਂ। ਉਹਦੇ ਕਮਰੇ ਵਿੱਚ ਤੇਰਾ ਮਿਸਤਰੀਆਂ ਵਾਲ਼ਾ ਸਟੱਡੀ ਸਰਕਲ ਜੁੜਦਾ ਹੁੰਦਾ ਸੀ।

"ਮੈਨੂੰ ਯਾਦ ਏ। ਬੜਾ ਅਜੀਬ ਬੁੱਢਾ ਏ।..."

"ਉਹ ਪਿਨਸ਼ਨੀਆ ਫ਼ੌਜੀ ਏ — ਹੁਣ ਟੀਨਗਰ ਏ — ਉੱਕਾ ਈ ਮੂੜ੍ਹ, ਪਰ ਉਹਨੂੰ ਹਰ ਤਰ੍ਹਾਂ ਦੀ ਹਿੰਸਾ ਨਾਲ਼ ਡੂੰਘੀ ਘਿਰਣਾ ਏ।... ਤੇ ਉਹ ਕੁਝ ਕੁਝ ਫ਼ਲਸਫ਼ੀ ਏ," ਸਾਸ਼ਾ ਨੇ ਸੋਚਦੇ ਹੋਏ ਕਿਹਾ। ਗੱਲ ਸੁਣਦੇ ਹੋਏ ਮਾਂ ਦੇ ਦਿਲ ਵਿੱਚ ਇੱਕ ਧੁੰਦਲੇ ਜਿਹੇ ਨਿਸ਼ਚੇ ਨੇ ਰੂਪ ਧਾਰਿਆ।

"ਗੋਬੁਨ ਆਪਣੇ ਭਣੇਵੇਂ ਨੂੰ ਅਜ਼ਾਦ ਕਰਾਉਣਾ ਚਾਹੁੰਦੈ — ਯੇਵਚੈਨਕੋ ਯਾਦ ਈ। ਉਹ ਤੈਨੂੰ ਚੰਗਾ ਲੱਗਦਾ ਸੀ, ਉਹ ਹਮੇਸ਼ਾ ਲਿਸ਼ਕਿਆ ਪੁਸ਼ਕਿਆ ਹੁੰਦਾ ਸੀ।"

ਨਿਕੋਲਾਈ ਨੇ ਸਿਰ ਹਿਲਾਇਆ।

"ਉਹਨੇ ਸਾਰਾ ਬੰਦੋਬਸਤ ਕਰ ਲਿਐ," ਸਾਸ਼ਾ ਨੇ ਗੱਲ ਜਾਰੀ ਰੱਖੀ, "ਪਰ ਮੈਨੂੰ ਸ਼ੱਕ ਹੋਣ ਲੱਗ ਪਿਐ ਕਿ ਜਤਨ ਸਫ਼ਲ ਵੀ ਹੋਵੇਗਾ। ਇਹ ਉਸ ਸਮੇਂ ਕੀਤਾ ਜਾਣੈ ਜਦੋਂ ਕੈਦੀ ਹਵਾਖ਼ੋਰੀ ਕਰ ਰਹੇ ਹੋਣਗੇ ਤੇ ਮੈਨੂੰ ਡਰ ਏ ਜਦੋਂ ਉਹਨਾਂ ਪੌੜੀ ਵੇਖੀ ਤਾਂ ਉਹਨਾਂ ਵਿੱਚੋਂ ਬਹੁਤ ਸਾਰੇ ਇਹਨੂੰ ਵਰਤਣਾ ਚਾਹੁਣਗੇ।..."

ਸਾਸ਼ਾ ਨੇ ਅੱਖਾਂ ਬੰਦ ਕਰ ਲਈਆਂ ਅਤੇ ਚੁੱਪ ਰਹੀ। ਮਾਂ ਉਹਦੇ ਵਧੇਰੇ ਨੇੜੇ ਹੋ ਗਈ।

"ਤੇ ਉਹਨਾਂ ਇਉਂ ਖੇਡ ਵਿਗਾੜ ਦੇਣੀ ਏ।..."

ਉਹ ਤਿੰਨੇ ਬਾਰੀ ਵਿੱਚ ਖੜੇ ਸਨ, ਮਾਂ ਨਿਕੋਲਾਈ ਅਤੇ ਸਾਸ਼ਾ ਦੇ ਪਿੱਛੇ ਸੀ। ਉਹਨਾਂ ਦੀਆਂ ਤਿੱਖੀਆਂ ਗੱਲਾਂ ਉਹਦੇ ਸੀਨੇ ਵਿੱਚ ਮਿਲੇ ਜੁਲੇ ਭਾਵ ਜਗਾ ਰਹੀਆਂ ਸਨ।

"ਮੈਂ ਵੀ ਚੱਲਾਂਗੀ," ਉਹਨੇ ਅਚਾਨਕ ਕਿਹਾ।

"ਕਿਉਂ ?" ਸਾਸ਼ਾ ਨੇ ਪੁੱਛਿਆ।

"ਨਾ ਜਾ, ਮੇਰੀ ਪਿਆਰੀ। ਤੈਨੂੰ ਕੁਝ ਹੋ ਨਾ ਜਾਏ। ਨਾ ਜਾ," ਨਿਕੋਲਾਈ ਨੇ ਸਲਾਹ ਦਿੱਤੀ।

ਮਾਂ ਨੇ ਉਹਦੇ ਵੱਲ ਵੇਖਿਆ।

"ਨਹੀਂ ਮੈਂ ਜਾਵਾਂਗੀ," ਮਾਂ ਨੇ ਨਰਮੀ, ਪਰ ਪਕਿਆਈ ਨਾਲ਼ ਜਵਾਬ ਦਿੱਤਾ।

ਉਹਨਾਂ ਕਾਹਲੀ ਕਾਹਲੀ ਅੱਖਾਂ ਅੱਖਾਂ ਵਿੱਚ ਵੇਖਿਆ।

"ਮੈਂ ਸਮਝਦੀ ਆਂ," ਸਾਸ਼ਾ ਨੇ ਮੋਢੇ ਮਚਕੋੜ ਕੇ ਕਿਹਾ।

ਫਿਰ ਉਹ ਮਾਂ ਵੱਲ ਮੁੜੀ ਅਤੇ ਉਹਦੀ ਬਾਂਹ ਫੜ ਲਈ।

"ਪਰ ਤੂੰ ਇਹ ਪੱਕੀ ਸਮਝ ਲੈ ਕਿ ਆਸ ਕਰਨ ਦਾ ਕੋਈ ਲਾਭ ਨਹੀਂ," ਉਹਨੇ ਅਜਿਹੀ ਸਾਦਗੀ ਨਾਲ਼ ਕਿਹਾ ਜਿਸਨੇ ਮਾਂ ਨੂੰ ਪ੍ਰਭਾਵਤ ਕੀਤਾ।

"ਮੈਨੂੰ ਪਤੈ, ਚੰਨੀਏ," ਮਾਂ ਨੇ ਕੰਬਦੇ ਹੱਥ ਨਾਲ਼ ਉਹਨੂੰ ਆਪਣੇ ਵੱਲ ਖਿੱਚਦੇ ਹੋਏ ਕਿਹਾ। "ਪਰ ਤੂੰ ਮੈਨੂੰ ਆਪਣੇ ਨਾਲ਼ ਲੈ ਚੱਲ — ਮੈਂ ਰੁਕਾਵਟ ਨਹੀਂ ਬਣਨ ਲੱਗੀ! ਮੈਂ ਜ਼ਰੂਰ ਜਾਣੈ! ਮੈਨੂੰ ਯਕੀਨ ਨਹੀਂ ਆਉਂਦਾ ਕਿ—ਕਿ ਨੱਠਣਾ ਸੰਭਵ ਵੇ!"

"ਉਹ ਸਾਡੇ ਨਾਲ਼ ਜਾਵੇਗੀ," ਸਾਸ਼ਾ ਨੇ ਨਿਕੋਲਾਈ ਨੂੰ ਕਿਹਾ।

"ਜਿਵੇਂ ਤੇਰੀ ਮਰਜ਼ੀ," ਉਹਨੇ ਨੀਵੀਂ ਪਾਉਂਦੇ ਹੋਏ ਜਵਾਬ ਦਿੱਤਾ।

"ਪਰ ਸਾਨੂੰ ਇਕੱਠੇ ਨਹੀਂ ਵੇਖਿਆ ਜਾਣਾ ਚਾਹੀਦਾ। ਤੂੰ ਸਫ਼ੈਦ ਜ਼ਮੀਨ ਵੱਲ ਚਲੀ ਜਾਵੀਂ; ਤੂੰ ਜੇਲ੍ਹ ਦੀ ਕੰਧ ਉੱਥੋਂ ਵੇਖ ਸਕਦੀ ਏਂ। ਪਰ ਜੇ ਤੈਥੋਂ ਪੁੱਛ ਪੜਤਾਲ ਕੀਤੀ ਗਈ ਤਾਂ ਤੂੰ ਕੀ ਕਰੇਂਗੀ ?"

"ਮੈਂ ਕੋਈ ਜਵਾਬ ਸੋਚ ਈ ਲਵਾਂਗੀ!" ਮਾਂ ਨੇ ਖੁਸ਼ੀ ਨਾਲ਼ ਕਿਹਾ।

"ਇਹ ਨਾ ਭੁੱਲ ਕਿ ਜੇਲ੍ਹ ਦੇ ਪਹਿਰੇਦਾਰ ਤੈਨੂੰ ਜਾਣਦੇ ਨੇ!" ਸਾਸ਼ਾ ਨੇ ਚਿਤਾਉਣੀ ਦਿੱਤੀ।

“ਜੇ ਉਹਨਾਂ ਤੈਨੂੰ ਉੱਥੇ ਵੇਖ ਲਿਆ।...”

“ਉਹ ਮੈਨੂੰ ਵੇਖਣ ਨਹੀਂ ਲੱਗੇ!”

ਮਾਂ ਉਸ ਆਸ ਕਾਰਨ ਚਮਕੀ ਹੋਈ ਸੀ ਜਿਹੜੀ ਉਹਦੀ ਛਾਤੀ ਵਿੱਚ ਕੁਝ ਸਮੇਂ ਤੋਂ ਧੁਖ ਰਹੀ ਸੀ ਅਤੇ ਹੁਣ ਲਟ ਲਟ ਬਲ ਪਈ ਸੀ।...

“ਸ਼ੈਦ ਉਹ ਵੀ ਨੱਠ ਆਵੇਗਾ!”

ਇੱਕ ਘੰਟਾ ਪਿੱਛੋਂ ਉਹ ਜੇਲ੍ਹ ਦੇ ਕੋਲ਼ ਸਫ਼ੈਦ ਜ਼ਮੀਨ ਉੱਤੇ ਖੜੀ ਸੀ। ਤੇਜ਼ ਹਵਾ ਚੱਲ ਰਹੀ ਸੀ। ਇਹ ਉਹਦੀ ਘੱਗਰੀ ਨੂੰ ਖਿੱਚਦੀ, ਯਖ਼ ਹੋਈ ਭੋਂ ਉੱਤੇ ਹਮਲਾ ਕਰਦੀ, ਉਹ ਜਿਹੜੇ ਬਾਗ਼ ਵਿੱਚੋਂ ਲੰਘ ਰਹੀ ਸੀ, ਉਹਦੇ ਖੁਥੜ ਜੰਗਲੇ ਨੂੰ ਹਿਲਾਉਂਦੀ ਅਤੇ ਪੂਰੇ ਜ਼ੋਰ ਨਾਲ਼ ਜੇਲ੍ਹ ਦੀ ਨੀਵੀਂ ਕੰਧ ਉੱਤੇ ਟੁੱਟ ਪੈਂਦੀ। ਇਹ ਜੇਲ੍ਹ ਦੇ ਵਿਹੜੇ ਵਿੱਚੋਂ ਮਨੁੱਖੀ ਅਵਾਜ਼ਾਂ ਚੁੱਕ ਲੈਂਦੀ ਅਤੇ ਉਹਨਾਂ ਨੂੰ ਅਸਮਾਨ ਵਿੱਚ ਘੁਮਾਉਂਦੀ, ਜਿੱਥੇ ਦੌੜਦੇ ਬੱਦਲ ਦੁਰੇਡੀਆਂ ਨੀਲ਼ੀਆਂ ਡੂੰਘਾਈਆਂ ਦੇ ਛਿਣ-ਭੰਗਰੀ ਦ੍ਰਿਸ਼ ਵਿਖਾਉਂਦੇ।

ਮਾਂ ਦੇ ਪਿੱਛੇ ਬਾਗ਼ ਸੀ ਤੇ ਸਾਹਮਣੇ ਕਬਰਿਸਤਾਨ, ਜਿੱਥੇ ਕਿ ਉਹਦੇ ਸੱਜੇ ਹੱਥ ਸੱਤਰ ਕੁ ਫੁੱਟ ਦੂਰ ਜੇਲ੍ਹ ਸੀ। ਕਬਰਿਸਤਾਨ ਦੇ ਕੋਲ਼ ਇੱਕ ਫ਼ੌਜੀ ਇੱਕ ਘੋੜੇ ਨੂੰ ਖਿੱਚ ਰਿਹਾ ਸੀ, ਇੱਕ ਹੋਰ ਫ਼ੌਜੀ ਉਹਦੇ ਕੋਲ਼ ਖੜਾ ਭੋਂ ਉੱਤੇ ਪੈਰ ਪਟਕ ਰਿਹਾ ਸੀ, ਖੱਪ ਪਾ ਰਿਹਾ ਤੇ ਹੱਸ ਰਿਹਾ ਅਤੇ ਸੀਟੀਆਂ ਵਜਾ ਰਿਹਾ ਸੀ। ਜੇਲ੍ਹ ਦੇ ਨੇੜੇ ਹੋਰ ਕੋਈ ਨਹੀਂ ਸੀ।

ਉਹ ਉਹਨਾਂ ਕੋਲ਼ੋਂ ਲੰਘ ਕੇ ਕਬਰਿਸਤਾਨ ਦੁਆਲੇ ਜੰਗਲ ਵੱਲ ਗਈ, ਚੋਰੀ ਚੋਰੀ ਆਪਣੇ ਪਿੱਛੇ ਅਤੇ ਆਪਣੇ ਸੱਜੇ ਝਾਕਦੀ। ਅਚਾਨਕ ਉਹਨੂੰ ਲੱਗਾ ਜਿਵੇਂ ਉਹਦੇ ਗੋਡੇ ਜਵਾਬ ਦੇ ਗਏ ਹਨ ਅਤੇ ਇਉਂ ਜਾਪਿਆ ਜਿਵੇਂ ਉਹਦੇ ਪੈਰ ਭੋਂ ਨਾਲ਼ ਯਖ਼ ਹੋ ਗਏ ਹਨ। ਮੋੜ ਮੁੜ ਕੇ ਇੱਕ ਉੜਿਆ ਲੈਂਪ ਬਾਲਣ ਵਾਲ਼ਾ ਆ ਰਿਹਾ ਸੀ, ਉਹਦੇ ਇੱਕ ਮੋਢੇ ਉੱਤੇ ਪੜਸਾਂਗ ਸੀ, ਸਭਨਾਂ ਲੈਂਪ ਬਾਲਣ ਵਾਲਿਆਂ ਵਾਂਗ ਉਹ ਕਾਹਲੀ ਕਾਹਲੀ ਟੁਰ ਰਿਹਾ ਸੀ। ਡਰ ਨਾਲ਼ ਅੱਖਾਂ ਝਮਕਦੇ ਹੋਏ ਮਾਂ ਨੇ ਫ਼ੌਜੀਆਂ ਵੱਲ ਵੇਖਿਆ; ਉਹ ਇੱਕੋ ਥਾਂ ਖੜੇ ਸਨ ਅਤੇ ਘੋੜਾ ਉਹਨਾਂ ਦੁਆਲੇ ਨੱਠ ਰਿਹਾ ਸੀ; ਉਹਨੇ ਪੜਸਾਂਗ ਵਾਲ਼ੇ ਬੰਦੇ ਵੱਲ ਵੇਖਿਆ—ਉਹਨੇ ਇਹ ਪਹਿਲਾਂ ਹੀ ਕੰਧ ਨਾਲ਼ ਲਾ ਦਿੱਤਾ ਸੀ ਅਤੇ ਬੜੇ ਅਰਾਮ ਨਾਲ਼ ਉੱਪਰ ਚੜ੍ਹ ਰਿਹਾ ਸੀ। ਸਿਖਰ ’ਤੇ ਅੱਪੜ ਕੇ ਉਹਨੇ ਆਪਣਾ ਹੱਥ ਲਹਿਰਾਇਆ, ਫਿਰ ਕਾਹਲੀ ਕਾਹਲੀ ਹੇਠਾਂ ਉਤਰਿਆ ਅਤੇ ਨੱਠ ਕੇ ਮੋੜ ਮੁੜ ਗਿਆ। ਮਾਂ ਦਾ ਦਿਲ ਦੱਗ ਦੱਗ ਕਰਨ ਲੱਗ ਪਿਆ; ਸਮਾਂ ਕੀੜੀ ਦੀ ਚਾਲ ਚੱਲ ਰਿਹਾ ਸੀ। ਜੇਲ੍ਹ ਦੀ ਕੰਧ ਦੀ ਕਾਲ਼ੀ ਪਿਛੋਕੜ ਦੇ ਸਾਹਮਣੇ ਪੜਸਾਂਗ ਲਗ-ਭਗ ਦਿੱਸਦਾ ਹੀ ਨਹੀਂ ਸੀ, ਕੰਧ ਉੱਤੇ ਚਟਾਖ ਪਏ ਸਨ ਅਤੇ ਇਹਦਾ ਰੰਗ ਉੱਡਿਆ ਹੋਇਆ ਸੀ, ਕਈ ਚਟਾਖ ਅਜਿਹੇ ਸਨ ਜਿੱਥੇ ਉਖੜੇ ਪਲਸਤਰ ਕਾਰਨ ਇੱਟਾਂ ਨਿਕਲ ਆਈਆਂ ਸਨ। ਅਚਾਨਕ ਇੱਕ ਕਾਲ਼ਾ ਸਿਰ ਕੰਧ ਦੇ ਉੱਪਰ ਦਿਸਿਆ, ਫਿਰ ਇੱਕ ਸਰੀਰ, ਜਿਹੜਾ ਕੰਧ ਉੱਤੇ ਖਿਲਰਿਆ ਅਤੇ ਦੂਜੇ ਪਾਸੇ ਰਿੜ੍ਹ ਆਇਆ। ਜੱਤਲ ਟੋਪੀ ਵਾਲ਼ਾ ਇੱਕ ਹੋਰ ਸਿਰ ਦਿਸਿਆ; ਇੱਕ ਕਾਲ਼ਾ ਗੋਲ਼ਾ ਧਰਤੀ ਉੱਤੇ ਰਿੜ੍ਹਿਆ ਅਤੇ ਮੋੜ ਦੁਆਲੇ ਲੋਪ ਹੋ ਗਿਆ। ਮਿਖਾਈਲੋ ਖੜਾ ਹੋਇਆ, ਆਲੇ ਦੁਆਲੇ ਵੇਖਿਆ, ਆਪਣਾ ਸਿਰ ਹਿਲਾਇਆ।

"ਨੱਠ, ਨੱਠ!" ਮਾਂ ਨੇ ਆਪਣਾ ਪੈਰ ਪਟਕਦੇ ਹੋਏ ਘੁਰ ਘੁਰ ਕੀਤੀ।

ਉਹਦੇ ਕੰਨਾਂ ਵਿੱਚ ਸਾਂ ਸਾਂ ਹੋ ਰਹੀ ਸੀ ਅਤੇ ਉਹਨੇ ਉੱਚੀਆਂ ਅਵਾਜ਼ਾਂ ਸੁਣੀਆਂ। ਇੱਕ ਤੀਜਾ ਸਿਰ ਕੰਧ ਉੱਤੇ ਆਇਆ। ਮਾਂ ਨੇ ਆਪਣਾ ਸੀਨਾ ਘੁੱਟ ਕੇ ਫੜ ਲਿਆ ਅਤੇ ਸਾਹ ਰੋਕ ਕੇ ਉਡੀਕਣ ਲੱਗ ਪਈ। ਇੱਕ ਅਨਦਾੜ੍ਹੀਏ ਜਵਾਨ ਦਾ ਕੱਕਾ ਸਿਰ ਉੱਭਰਿਆ ਜਿਵੇਂ ਨੱਠ ਕੇ ਭੱਜ ਰਿਹਾ ਹੋਵੇ, ਪਰ ਛੇਤੀ ਹੀ ਇਹ ਸਿਰ ਕੰਧ ਦੇ ਪਿੱਛੇ ਲੋਪ ਹੋ ਗਿਆ। ਅਵਾਜ਼ਾਂ ਉਚੇਰੀਆਂ ਅਤੇ ਵਧੇਰੇ ਉਤੇਜਤ ਹੋ ਗਈਆਂ ਅਤੇ ਹਨੇਰੀ ਸੀਟੀਆਂ ਦੀਆਂ ਪਤਲੀਆਂ ਚੀਕਾਂ ਹਵਾ ਵਿੱਚ ਲਿਆ ਰਹੀ ਸੀ। ਮਿਖਾਈਲੋ ਟੁਰਦਾ ਹੋਇਆ ਪੂਰੀ ਕੰਧ ਪਾਰ ਕਰ ਗਿਆ। ਹੁਣ ਉਹ ਉਹਦੇ ਸਾਹਮਣਿਉਂ ਲੰਘ ਗਿਆ ਸੀ ਅਤੇ ਜੇਲ੍ਹ ਤੇ ਉਹਦੇ ਸ਼ਹਿਰ ਦੇ ਮਕਾਨਾਂ ਵਿਚਕਾਰਲੀ ਥਾਂ ਪਾਰ ਕਰ ਲਈ ਸੀ। ਜੇ ਕਿਤੇ ਉਹ ਕਾਹਲੀ ਟੁਰੇ ਅਤੇ ਆਪਣੇ ਸਿਰ ਇੰਨਾ ਉੱਚਾ ਨਾ ਰੱਖੇ! ਜਿਸ ਉਹਦਾ ਮੂੰਹ ਇੱਕ ਵਾਰ ਵੇਖ ਲਿਆ ਉਹਨੂੰ ਇਹ ਜ਼ਰੂਰ ਚੇਤੇ ਰਹੇਗਾ।

"ਛੇਤੀ ਕਰ, ਛੇਤੀ ਕਰ!" ਮਾਂ ਨੇ ਘੁਰ ਘੁਰ ਕੀਤੀ।

ਜੇਲ੍ਹ ਦੀ ਕੰਧ ਦੇ ਦੂਜੇ ਪਾਸੇ ਕੁਝ ਧੜਾਕਾ ਜਿਹਾ ਹੋਇਆ ਅਤੇ ਮਾਂ ਨੇ ਸ਼ੀਸ਼ਾ ਟੁੱਟਣ ਦੀ ਅਵਾਜ਼ ਸੁਣੀ। ਇੱਕ ਫ਼ੌਜੀ ਜ਼ਮੀਨ 'ਤੇ ਆਪਣੇ ਪੈਰ ਗੱਡ ਕੇ, ਘੋੜੇ ਦਾ ਰੱਸਾ ਖਿੱਚਦਾ ਖੜ੍ਹਾ ਸੀ; ਦੂਜਾ ਹੱਥ ਉਹਦੇ ਆਪਣੇ ਮੂੰਹ ਤੱਕ ਚੁੱਕਿਆ ਹੋਇਆ ਸੀ ਅਤੇ ਜੇਲ੍ਹ ਵੱਲ ਉੱਚੀ ਉੱਚੀ ਬੋਲ ਰਿਹਾ ਸੀ। ਜਦੋਂ ਉਹਨੇ ਗੱਲ ਮੁਕਾ ਲਈ ਤਾਂ ਜਵਾਬ ਸੁਣਨ ਲਈ ਉਹਨੇ ਆਪਣਾ ਕੰਨ ਹਵਾ ਦੇ ਰੁਖ਼ ਕੀਤਾ।

ਮਾਂ ਖਿਚਾਅ ਭਰੇ ਧਿਆਨ ਨਾਲ਼ ਉੱਥੇ ਖੜੀ ਸੀ, ਆਪਣਾ ਸਿਰ ਹਰ ਪਾਸੇ ਫੇਰਦੀ। ਅਤੇ ਭਾਵੇਂ ਉਹਦੀਆਂ ਅੱਖਾਂ ਸਭ ਕੁਝ ਵੇਖ ਰਹੀਆਂ ਸਨ ਉਹਨਾਂ ਨੂੰ ਕਿਸੇ ਗੱਲ ਉੱਤੇ ਇਤਬਾਰ ਨਹੀਂ ਸੀ ਆਉਂਦਾ। ਜਿਸ ਗੱਲ ਨੂੰ ਉਹਨੇ ਇੰਨਾ ਗੁੰਝਲਦਾਰ ਅਤੇ ਖ਼ਤਰੇ ਨਾਲ਼ ਭਰਿਆ ਚਿਤਵਿਆ ਸੀ, ਉਹ ਇੰਨੀ ਝਟਾ-ਪਟ ਅਤੇ ਸਾਦੀ ਸਾਬਤ ਹੋਈ ਸੀ ਅਤੇ ਇਹਦੀ ਤੇਜ਼ੀ ਨੇ ਉਹਨੂੰ ਦੰਗ ਕਰ ਦਿੱਤਾ ਸੀ ਅਤੇ ਉਹਦੀ ਹੋਸ਼ ਗੁਆ ਦਿੱਤੀ ਸੀ। ਗੀਬਿਨ ਲੋਪ ਹੋ ਗਿਆ ਸੀ; ਇੱਕ ਲੰਮਾ ਬੰਦਾ ਇੱਕ ਲੰਮਾ ਕੋਟ ਪਹਿਨੀ ਸੜਕ 'ਤੇ ਟੁਰਦਾ ਆਇਆ ਅਤੇ ਇੱਕ ਮੁਟਿਆਰ ਉਹਦੇ ਅੱਗੇ-ਅੱਗੇ ਨੱਠ ਰਹੀ ਸੀ। ਜੇਲ੍ਹ ਦੇ ਤਿੰਨ ਪਹਿਰੇਦਾਰ ਜੇਲ੍ਹ ਦੀ ਨੁੱਕਰੋਂ ਨੱਠਦੇ ਹੋਏ ਆਏ, ਉਹ ਇੱਕ ਦੂਜੇ ਦੇ ਨੇੜੇ ਰਹਿ ਰਹੇ ਸਨ ਅਤੇ ਉਹਨਾਂ ਦੇ ਸੱਜੇ ਹੱਥ ਅੱਗੇ ਵਧੇ ਹੋਏ ਸਨ। ਇੱਕ ਫ਼ੌਜੀ ਨੱਠ ਕੇ ਉਹਨਾਂ ਵੱਲ ਗਿਆ, ਦੂਜਾ ਘੋੜੇ ਦੁਆਲੇ ਨੱਠ ਰਿਹਾ ਸੀ, ਇਹਦੇ ਉੱਤੇ ਸਵਾਰੀ ਕਰਨ ਦਾ ਜਤਨ ਕਰਦੇ ਹੋਏ, ਪਰ ਖ਼ਰੂਦੀ ਜਾਨਵਰ ਹਵਾ ਵਿੱਚ ਛਾਲਾਂ ਮਾਰਦਾ ਅਤੇ ਹੋਰ ਹਰ ਸ਼ੈਅ ਉਹਦੇ ਨਾਲ਼ ਟੱਪਦੀ ਜਾਪਦੀ। ਸੀਟੀਆਂ ਦਾ ਵੱਜਣਾ ਝਲਿਆਈ ਦ੍ਰਿੜ੍ਹਤਾ ਨਾਲ਼ ਦੁਹਰਾਇਆ ਜਾ ਰਿਹਾ ਸੀ। ਉਹਨਾਂ ਦੀਆਂ ਝਲਿਆਈਆਂ ਚੀਕਾਂ ਨੇ ਮਾਂ ਨੂੰ ਖ਼ਤਰਾ ਮਹਿਸੂਸ ਕਰਨ 'ਤੇ ਮਜ਼ਬੂਰ ਕੀਤਾ; ਉਹ ਕੰਬੀ ਅਤੇ ਕਬਰਿਸਤਾਨ ਦੀ ਕੰਧ ਦੇ ਨਾਲ਼ ਨਾਲ਼ ਚੱਲ ਪਈ, ਕਾਣੀ ਅੱਖ ਨਾਲ਼ ਪਹਿਰੇਦਾਰਾਂ ਨੂੰ ਵੇਖਦੀ, ਪਰ ਉਹ ਅਤੇ ਫ਼ੌਜੀ ਜੇਲ੍ਹ ਦੀ ਇੱਕ ਹੋਰ ਨੁੱਕਰ ਦੁਆਲੇ ਲੋਪ ਹੋ ਗਏ। ਛੇਤੀ ਹੀ ਉਹਨਾਂ ਪਿੱਛੋਂ ਇੱਕ ਬੰਦਾ ਆਇਆ ਜਿਸਦੇ ਕੋਟ ਦੇ ਬਟਨ ਖੁੱਲ੍ਹੇ ਸਨ। ਮਾਂ ਨੇ ਉਹਨੂੰ ਪਛਾਣ ਲਿਆ, ਇਹ ਜੇਲ੍ਹ ਦਾ ਨਾਇਬ ਮੁਖੀ ਸੀ। ਪੁਲਸੀਏ

ਵੀ ਵਾਰਦਾਤ ਦੀ ਥਾਂ ਆ ਗਏ ਅਤੇ ਭੀੜ ਇਕੱਠੀ ਹੋਣ ਲੱਗ ਪਈ।

ਹਵਾ ਇੱਕ ਘੇਰੇਦਾਰ ਨਾਚ ਵਿੱਚ ਵਹਿ ਰਹੀ ਸੀ, ਜਿਵੇਂ ਖੁਸ਼ੀ ਮਨਾ ਰਹੀ ਹੋਵੇ, ਉਹ ਮਾਂ ਦੇ ਕੰਨਾਂ ਤੱਕ ਉੱਚੀਆਂ ਅਵਾਜ਼ਾਂ ਅਤੇ ਸੀਟੀਆਂ ਦੇ ਖੁਥੜ ਲਿੰਗਾਰ ਲਿਆਉਂਦੀ।...ਸਾਰੀ ਗੜ-ਬੜ ਨੇ ਉਹਨੂੰ ਖੁਸ਼ ਕਰ ਦਿੱਤਾ ਸੀ ਅਤੇ ਉਹਨੇ ਆਪਣੀ ਟੋਰ ਤਿੱਖੀ ਕਰ ਦਿੱਤੀ।

"ਉਹ ਵੀ ਇਹ ਕੰਮ ਇੰਨੇ ਸੌਖ ਨਾਲ਼ ਕਰ ਸਕਦਾ ਸੀ," ਉਹਨੇ ਸੋਚਿਆ।

ਅਚਾਨਕ ਦੋ ਪੁਲਸੀਏ ਮੋੜ ਕੱਟ ਕੇ ਦੱਗੜ-ਦੱਗੜ ਕਰਦੇ ਆਏ।

"ਰੁੱਕ ਜਾ!" ਉਹਨਾਂ ਵਿੱਚੋਂ ਇੱਕ ਸਾਹੋ-ਸਾਹ ਹੋਇਆ ਕੂਕਿਆ। "ਤੂੰ — ਇੱਕ ਬੰਦਾ — ਵੇਖਿਐ — ਦਾੜ੍ਹੀ ਵਾਲ਼ਾ?"

ਮਾਂ ਨੇ ਬਾਗ਼ਾਂ ਵੱਲ ਇਸ਼ਾਰਾ ਕੀਤਾ।

"ਉਹ ਉੱਧਰ ਨੱਠ ਗਿਐ," ਉਹ ਠਰ੍ਹੰਮੇ ਨਾਲ਼ ਬੋਲੀ। "ਕਿਉਂ?"

"ਯੇਗੋਰੋਵ! ਸੀਟੀ ਵਜਾ!"

ਮਾਂ ਘਰ ਗਈ। ਉਹ ਕਿਸੇ ਗੱਲ ਬਾਰੇ ਦੁਖੀ ਸੀ, ਉਹਦੇ ਦਿਲ ਵਿੱਚ ਕੁੜੱਤਣ ਤੇ ਹਿਰਖ ਦੀ ਭਾਵਨਾ ਸੀ। ਜਦੋਂ ਉਹ ਸਫ਼ੈਦ ਜ਼ਮੀਨ ਪਾਰ ਕਰਕੇ ਸੜਕ ਪਾਰ ਕਰ ਰਹੀ ਸੀ ਤਾਂ ਇੱਕ ਦਰੋਸ਼ਕੀ ਉਹਦੇ ਕੋਲੋਂ ਲੰਘੀ। ਉਹਨੇ ਅੰਦਰ ਝਾਤ ਮਾਰੀ ਅਤੇ ਕੱਕੀਆਂ ਮੁੱਛਾਂ ਵਾਲ਼ੇ ਅਤੇ ਪੀਲ਼ੇ, ਥੱਕੇ ਮੂੰਹ ਵਾਲ਼ੇ ਜਵਾਨ ਨੂੰ ਵੇਖਿਆ। ਉਹਨੇ ਵੀ ਮਾਂ ਨੂੰ ਵੇਖਿਆ। ਉਹ ਪਾਸੇ ਹੋ ਕੇ ਬੈਠਾ ਸੀ ਅਤੇ ਉਹਦਾ ਸੱਜਾ ਮੋਢਾ ਖੱਬੇ ਨਾਲ਼ੋਂ ਉੱਚਾ ਸੀ।

ਨਿਕੋਲਾਈ ਉਹਨੂੰ ਖੁਸ਼-ਖੁਸ਼ ਮਿਲਿਆ।

"ਸੋ, ਕੀ ਹੋਇਆ?"

"ਸ਼ੈਦ ਸਭ ਕੁਝ ਠੀਕ-ਠਾਕ ਹੋ ਗਿਆ।..."

ਉਹਨੇ ਉਹਨੂੰ ਜੇਲ੍ਹ ਤੋਂ ਨੱਠਣ ਦਾ ਕਿੱਸਾ ਸੁਣਾਇਆ, ਸਾਰੇ ਵਿਸਥਾਰ ਯਾਦ ਰੱਖਣ ਦਾ ਜਤਨ ਕਰਦੇ ਹੋਏ। ਪਰ ਉਹ ਇਉਂ ਬੋਲ ਰਹੀ ਸੀ ਜਿਵੇਂ ਕਿਸੇ ਹੋਰ ਦਾ ਕਿੱਸਾ ਸੁਣਾ ਰਹੀ ਹੋਵੇ ਜਿਸਦੇ ਸੱਚ ਬਾਰੇ ਉਹਨੂੰ ਸ਼ੱਕ ਹੋਵੇ।

"ਕਿਸਮਤ ਸਾਡੇ ਨਾਲ਼ ਏ," ਨਿਕੋਲਾਈ ਨੇ ਹੱਥ ਮਲਦੇ ਹੋਏ ਕਿਹਾ। "ਰੱਬ ਹੀ ਜਾਣਦੈ ਮੈਨੂੰ ਕਿੰਨਾ ਫ਼ਿਕਰ ਸੀ ਕਿ ਤੈਨੂੰ ਕੁਝ ਹੋ ਜਾਵੇਗਾ। ਸੁਣ ਨਿਲੋਵਨਾ, ਇੱਕ ਮਿੱਤਰ ਦੀ ਸਲਾਹ ਮੰਨ ਕੇ ਮੁਕੱਦਮੇ ਬਾਰੇ ਤੌਖਲਾ ਛੱਡ ਦੇ! ਜਿੰਨੀ ਛੇਤੀ ਇਹ ਹੋ ਗਿਆ, ਉੱਨੀ ਛੇਤੀ ਪਾਵੇਲ ਅਜ਼ਾਦ ਹੋ ਜਾਵੇਗਾ। ਸ਼ਾਇਦ ਉਹ ਜਲਾਵਤਨੀ ਵਿੱਚ ਜਾਂਦਾ ਨੱਠ ਜਾਵੇਗਾ। ਜਿੱਥੋਂ ਤੱਕ ਮੁਕੱਦਮੇ ਦੀ ਗੱਲ ਏ ਇਹ ਕੁਝ ਇਹੋ ਜਿਹਾ ਹੋਵੇਗਾ।..."

ਅਤੇ ਉਹ ਜ਼ਾਬਤਾ ਸਮਝਾਉਣ ਲੱਗ ਪਿਆ। ਅਤੇ ਜਦੋਂ ਉਹ ਬੋਲ ਰਿਹਾ ਸੀ ਤਾਂ ਮਾਂ ਨੇ ਅਨੁਭਵ ਕੀਤਾ ਕਿ ਉਹਨੂੰ ਦਿਲਾਸਾ ਦੇਣ ਦੇ ਸਾਰੇ ਜਤਨਾਂ ਦੇ ਬਾਵਜੂਦ ਕੋਈ ਅਜਿਹੀ ਗੱਲ ਸੀ ਜਿਸ ਤੋਂ ਉਹ ਆਪ ਡਰਦਾ ਸੀ।

"ਤੂੰ ਡਰਨੈਂ ਮੈਂ ਅਦਾਲਤ ਵਿੱਚ ਕੋਈ ਅਜਿਹੀ ਗੱਲ ਕਹਿ ਦਿਆਂਗੀ ਜਿਹੜੀ ਮੈਨੂੰ ਨਹੀਂ ਕਹਿਣੀ ਚਾਹੀਦੀ?" ਮਾਂ ਨੇ ਅਚਾਨਕ ਕਿਹਾ। "ਜਾਂ ਮੈਂ ਉਹਨਾਂ ਤੋਂ ਕੁਝ ਮੰਗ ਲਵਾਂਗੀ?"

ਆਪਣੇ ਹੱਥ ਇਨਕਾਰ ਵਿੱਚ ਹਿਲਾਉਂਦਾ ਉਹ ਉੱਛਲ ਕੇ ਖੜਾ ਹੋ ਗਿਆ।

"ਨਹੀਂ, ਉੱਕਾ ਨਹੀਂ!" ਉਹਨੇ ਦੁਖੀ ਅਵਾਜ਼ ਵਿੱਚ ਕਿਹਾ।

"ਮੈਨੂੰ ਤੌਖਲਾ ਵੇ, ਮੈਂ ਇਨਕਾਰ ਨਹੀਂ ਕਰਦੀ। ਪਰ ਪਤਾ ਨਹੀਂ ਕਾਹਦਾ ਤੌਖਲਾ ਵੇ।..." ਉਹ ਚੁੱਪ ਕਰ ਗਈ ਅਤੇ ਉਹਦੀਆਂ ਅੱਖਾਂ ਕਮਰੇ ਦਾ ਚੱਕਰ ਕੱਟਣ ਲੱਗੀਆਂ।

"ਕਈ ਵਾਰ ਮੈਂ ਡਰਦੀ ਵਾਂ ਉਹ ਪਾਵੇਲ ਨਾਲ਼ ਔਖੇ ਹੋ ਕੇ ਬੋਲਣਗੇ: 'ਤੂੰ ਮੁਜ਼ੀਕ, ਤੂੰ!' ਉਹ ਕਹਿਣਗੇ—'ਤੂੰ ਮੁਜ਼ੀਕ ਦੇ ਪੁੱਤਰ! ਤੇਰੀ ਕੀ ਸਲਾਹ ਵੇ?' ਪਾਵੇਲ ਮਾਣ-ਮਤਾ ਮੁੰਡਾ ਵੇ, ਉਹ ਮੋੜਵਾਂ ਜਵਾਬ ਦੇਵੇਗਾ। ਜਾਂ ਆਂਦਰੇਈ ਕੋਈ ਕਾਟਵੀਂ ਗੱਲ ਕਹਿ ਦੇਵੇਗਾ। ਬਾਕੀ ਵੀ ਗਰਮ ਸੁਭਾ ਨੇ। ਅਤੇ ਜੇ ਉਹਨਾਂ ਇਹ ਗੱਲ ਨਾ ਸਹਾਰੀ ਅਤੇ ਉਹਨਾਂ ਨੂੰ ਕੋਈ ਹੋਰ ਸਜ਼ਾ ਦੇ ਦਿੱਤੀ—ਅਤੇ ਅਸੀਂ ਸਾਰੀ ਉਮਰ ਉਹਨਾਂ ਨੂੰ ਨਹੀਂ ਵੇਖ ਸਕਾਂਗੇ?"

ਨਿਕੋਲਾਈ ਨੇ ਜਵਾਬ ਦਿੱਤੇ ਬਿਨਾਂ ਘੂਰੀ ਵੱਟੀ ਅਤੇ ਆਪਣੀ ਦਾੜ੍ਹੀ ਖਿੱਚੀ।

"ਮੈਂ ਅਜਿਹੀਆਂ ਗੱਲਾਂ ਸੋਚਣੋਂ ਨਹੀਂ ਰਹਿ ਸਕਦੀ," ਉਹ ਹੌਲ਼ੇ ਜਿਹੇ ਬੋਲੀ। "ਇਸੇ ਲਈ ਮੁਕੱਦਮਾ ਇੰਨਾ—ਇੰਨਾ ਡਰਾਉਣਾ ਵੇ! ਇੱਕ ਵਾਰ ਜਦੋਂ ਉਹਨਾਂ ਸਭ ਕੁਝ ਉੱਤੇ ਨਿਗਾਹ ਮਾਰਨੀ ਤੇ ਮਾਮਲੇ ਨੂੰ ਹਾੜਨਾ ਸ਼ੁਰੂ ਕਰ ਦਿੱਤਾ! ਕਿੰਨਾ ਡਰਾਉਣਾ! ਸਜ਼ਾ ਤੋਂ ਮੈਂ ਨਹੀਂ ਡਰਦੀ ਬਸ ਮੁਕੱਦਮੇ ਤੋਂ! ਮੈਨੂੰ ਆਪਣੀ ਗੱਲ ਕਹਿਣੀ ਨਹੀਂ ਆਉਂਦੀ।..."

ਉਹਨੂੰ ਯਕੀਨ ਸੀ ਕਿ ਨਿਕੋਲਾਈ ਨੇ ਉਹਦੀ ਗੱਲ ਨਹੀਂ ਸਮਝੀ ਅਤੇ ਇਸ ਨਾਲ਼ ਆਪਣੇ ਸਾਰੇ ਤੌਖਲੇ ਬਿਆਨ ਕਰਨਾ ਉਹਦੇ ਲਈ ਹੋਰ ਵੀ ਔਖਾ ਹੋ ਗਿਆ।

## 24

ਉਹਦਾ ਤੌਖਲਾ ਉਹਦੇ ਅੰਦਰ ਉੱਗ ਰਹੀ ਕਿਸੇ ਉੱਲੀ ਵਾਂਗ ਸੀ ਜਿਹੜੀ ਉਹਦਾ ਗਲਾ ਘੁੱਟੀ ਜਾਂਦੀ। ਮੁਕੱਦਮੇ ਦੇ ਦਿਨ ਕਚਹਿਰੀ ਜਾਂਦਿਆਂ ਉਹਨੂੰ ਆਪਣਾ ਸਿਰ ਉੱਚਾ ਰੱਖਣ ਜਾਂ ਤਣ ਕੇ ਚੱਲਣ ਵਿੱਚ ਬਹੁਤ ਔਖ ਹੋ ਰਹੀ ਸੀ।

ਕਾਰਖ਼ਾਨੇ ਦੀ ਬਸਤੀ ਤੋਂ ਜਾਣੂਆਂ ਨੇ ਉਹਦੇ ਨਾਲ਼ ਦੁਆ ਸਲਾਮ ਕੀਤੀ; ਗ਼ਸੈਲੀ ਭੀੜ ਵਿੱਚੋਂ ਲੰਘਦੇ ਹੋਏ ਉਹਨੇ ਬਸ ਸਿਰ ਹੀ ਹਿਲਾਇਆ। ਲਾਂਘਿਆਂ ਅਤੇ ਅਦਾਲਤ ਦੇ ਕਮਰੇ ਵਿੱਚ ਉਹ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਮਿਲੀ ਜਿਨ੍ਹਾਂ ਉੱਤੇ ਮੁਕੱਦਮਾ ਚੱਲ ਰਿਹਾ ਸੀ, ਉਹ ਵੀ ਨੀਵੀਂ ਅਵਾਜ਼ ਵਿੱਚ ਗੱਲ ਕਰਦੇ। ਉਹਨੇ ਮਹਿਸੂਸ ਕੀਤਾ ਕਿ ਲਫ਼ਜ਼ ਫ਼ਜ਼ੂਲ ਹਨ; ਉਹ ਉਹਨਾਂ ਨੂੰ ਸਮਝ ਨਹੀਂ ਸੀ ਸਕਦੀ। ਸੱਭੇ ਇੱਕੋ ਗ਼ਮ ਦਾ ਸ਼ਿਕਾਰ ਸਨ। ਮਾਂ ਨੇ ਇਹ ਗੱਲ ਵੇਖੀ ਅਤੇ ਇਹਨੇ ਉਹਨੂੰ ਵਧੇਰੇ ਦੁਖੀ ਕੀਤਾ।

"ਬਹਿ ਜਾ," ਸਿਜ਼ੋਵ ਨੇ ਬੈਂਚ 'ਤੇ ਥੋੜ੍ਹਾ ਸਰਕਦੇ ਹੋਏ ਕਿਹਾ।

ਉਹ ਤਾਬੇਦਾਰੀ ਨਾਲ਼ ਬਹਿ ਗਈ, ਆਪਣੀ ਘੱਗਰੀ ਠੀਕ ਕੀਤੀ ਅਤੇ ਆਲੇ-ਦੁਆਲੇ ਵੇਖਿਆ। ਹਰੇ ਤੇ ਲਾਲ ਟਿਮਕਣੇ ਅਤੇ ਧਾਰੀਆਂ ਤੇ ਪਤਲੇ ਪੀਲ਼ੇ ਧਾਂਗੇ ਉਹਦੀਆਂ ਅੱਖਾਂ ਸਾਹਮਣੇ ਨੱਚੇ।

"ਤੇਰੇ ਪੁੱਤਰ ਨੇ ਸਾਡੇ ਗਰੀਸ਼ਾ ਨੂੰ ਇਸ ਵਿੱਚ ਫਸਾਇਐ," ਉਹਦੇ ਕੋਲ਼ ਬੈਠੀ ਇੱਕ

ਇਸਤਰੀ ਬੁੜਬੁੜਾਈ।

"ਛੱਡ ਇਹ ਗੱਲ ਨਤਾਲੀਆ," ਸਿਜ਼ੋਵ ਨੇ ਗੁੱਸੇ ਨਾਲ਼ ਕਿਹਾ।

ਮਾਂ ਨੇ ਉਸ ਇਸਤਰੀ ਵੱਲ ਵੇਖਿਆ। ਉਹ ਸਮੋਈਲੋਵ ਦੀ ਮਾਂ ਸੀ ਅਤੇ ਉਹਦੇ ਨਾਲ਼ ਉਹਦਾ ਘਰਵਾਲਾ ਬੈਠਾ ਸੀ, ਗੰਜਾ, ਸੋਹਣਾ ਬੰਦਾ, ਜਿਸਦਾ ਮੂੰਹ ਪਤਲਾ ਅਤੇ ਖਿਲਰੀ ਲਾਲ ਦਾੜ੍ਹੀ ਸੀ। ਉਹਨੇ ਆਪਣੀਆਂ ਅੱਖਾਂ ਸੰਗੋੜੀਆਂ ਅਤੇ ਤਾੜੀ ਲਾ ਕੇ ਸਾਹਮਣੇ ਵੇਖਦਾ ਰਿਹਾ ਅਤੇ ਉਹ ਜਿਸ ਖਿਚਾਅ ਹੇਠ ਸੀ ਉਹਦੇ ਕਾਰਨ ਉਹਦੀ ਦਾੜ੍ਹੀ ਕੰਬਦੀ ਰਹੀ।

ਉੱਚੀਆਂ ਬਾਰੀਆਂ ਵਿੱਚੋ, ਜਿਹੜੀਆਂ ਬਾਹਰੋਂ ਬਰਫ਼ ਨਾਲ਼ ਕੱਜੀਆਂ ਸਨ, ਮੱਧਮ ਜਿਹੀ ਲੋਅ ਅਦਾਲਤ ਦੇ ਕਮਰੇ ਵਿੱਚ ਆ ਰਹੀ ਸੀ। ਬਾਰੀਆਂ ਦੇ ਵਿਚਕਾਰ ਚਮਕਦੇ ਸੁਨਹਿਰੀ ਚੌਖਟੇ ਵਿੱਚ ਜੜੀ ਜ਼ਾਰ ਦੀ ਤਸਵੀਰ ਸੀ, ਜਿਸ ਦੀਆਂ ਬਾਹੀਆਂ ਭਾਰੇ ਕਿਰਮਚੀ ਪਰਦਿਆਂ ਨੇ ਕੱਜੀਆਂ ਹੋਈਆਂ ਸਨ। ਤਸਵੀਰ ਦੇ ਸਾਹਮਣੇ ਹਰੀ ਬਨਾਤ ਨਾਲ਼ ਕੱਜਿਆ ਇੱਕ ਮੇਜ਼ ਸੀ, ਜਿਹੜਾ ਲਗਭਗ ਇੱਕ ਕੰਧ ਤੋਂ ਦੂਜੀ ਕੰਧ ਤੱਕ ਜਾਂਦਾ ਸੀ। ਸੱਜੀ ਕੰਧ ਨਾਲ਼ ਸੀਖਾਂ ਦੇ ਪਿੱਛੇ ਲੱਕੜੀ ਦੇ ਦੋ ਬੈਂਚ ਸਨ, ਅਤੇ ਖੱਬੀ ਕੰਧ ਨਾਲ਼ ਅਰਾਮ ਕੁਰਸੀਆਂ ਦੀਆਂ ਦੋ ਕਤਾਰਾਂ ਸਨ, ਜਿਨ੍ਹਾਂ ਉੱਤੇ ਕਿਰਮਚੀ ਪੋਸ਼ਸ਼ ਕੀਤੀ ਹੋਈ ਸੀ। ਚੁੱਪ ਟਹਿਲੂਏ ਜਿਨ੍ਹਾਂ ਹਰੇ ਕਾਲਰਾਂ ਅਤੇ ਸਾਹਮਣੇ ਪਾਸੇ ਸੁਨਹਿਰੀ ਬਟਨਾਂ ਵਾਲ਼ੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ ਅੱਗੇ ਪਿੱਛੇ ਘੁੰਮਦੇ। ਕਮਰੇ ਦੀ ਭਾਰੀ ਹਵਾ ਘੁਸਰ ਮੁਸਰ ਅਤੇ ਦਵਾਈ ਦੀ ਵਾਸ਼ਨਾ ਨਾਲ਼ ਭਰੀ ਹੋਈ ਸੀ। ਇਹ ਸਭ ਕੁਝ — ਰੰਗ ਤੇ ਚਮਕ, ਅਵਾਜ਼ਾਂ ਤੇ ਵਾਸ਼ਨਾਵਾਂ — ਉਹਦੀਆਂ ਅੱਖਾਂ ਤੇ ਕੰਨਾਂ ਵਿੱਚ ਪੀੜ ਕਰਦੀਆਂ ਅਤੇ ਜਦੋਂ ਉਹ ਸਾਹ ਲੈਂਦੀ ਤਾਂ ਉਹਦੇ ਸਰੀਰ ਵਿੱਚ ਵੜ ਜਾਂਦੀਆਂ, ਉਹਨੂੰ ਇੱਕ ਖ਼ਾਲੀ, ਦਰਦੀਲੇ ਤੌਖਲੇ ਨਾਲ਼ ਭਰ ਦੇਂਦੀਆਂ।

ਅਚਾਨਕ ਕੋਈ ਉੱਚੀ ਅਵਾਜ਼ ਵਿੱਚ ਬੋਲਿਆ। ਮਾਂ ਤ੍ਰਭਕ ਪਈ ਅਤੇ ਜਦੋਂ ਬਾਕੀ ਸਾਰੇ ਖੜੇ ਹੋਏ ਤਾਂ ਉਹ ਵੀ ਸਿਜ਼ੋਵ ਦਾ ਹੱਥ ਫੜ ਕੇ ਉੱਠ ਖੜੀ ਹੋਈ।

ਖੱਬੇ ਹੱਥ ਇੱਕ ਉੱਚਾ ਦਰਵਾਜ਼ਾ ਖੁੱਲ੍ਹਿਆ ਅਤੇ ਐਨਕ ਲਾਈ ਇੱਕ ਬੁੱਢਾ ਬੰਦਾ ਲੰਗੜਾਉਂਦਾ ਹੋਇਆ ਅੰਦਰ ਆਇਆ। ਉਹਦੇ ਭੂਰੇ ਜਬਾੜਿਆਂ ਉੱਤੇ ਪਤਲੇ ਚਿੱਟੇ ਗਲ ਮੁਛੇ ਹਿੱਲ ਰਹੇ ਸਨ। ਉਹਦਾ ਸਫ਼ਾਚਟ ਉਪਰਲਾ ਬੁੱਲ੍ਹ ਬੂਟ ਨਾਲ਼ ਚੁੰਘ ਕੇ ਭਿਚਿਆ ਹੋਇਆ ਸੀ ਅਤੇ ਉਹਦੀ ਠੋਡੀ ਤੇ ਜਬਾੜੇ ਉਹਦੀ ਵਰਦੀ ਦੇ ਉੱਚੇ ਕਾਲਰ ਉੱਤੇ ਟਿਕੇ ਹੋਏ ਸਨ, ਜਿਸ ਤੋਂ ਇਹ ਪ੍ਰਭਾਵ ਪੈਂਦਾ ਕਿ ਉਹਦੀ ਗਰਦਨ ਹੈ ਹੀ ਨਹੀਂ। ਉਹਨੂੰ ਇੱਕ ਲੰਮੇ ਜਵਾਨ ਨੇ ਸਹਾਰਾ ਦਿੱਤਾ ਹੋਇਆ ਸੀ ਜਿਸਦੇ ਗੋਲ਼ ਮੂੰਹ ਦਾ ਰੰਗ ਸੁਰਖ਼ ਚੀਨੀ ਜਿਹਾ ਸੀ। ਉਹਨਾਂ ਪਿੱਛੇ ਤਿੰਨ ਲੋਕ ਆਏ ਜਿਨ੍ਹਾਂ ਸੁਨਹਿਰੀ ਫ਼ੀਤੇ ਦੀ ਕੋਰ ਵਾਲ਼ੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ ਅਤੇ ਤਿੰਨ ਆਮ ਸ਼ਹਿਰੀ ਕੱਪੜਿਆਂ ਵਿੱਚ।

ਉਹਨਾਂ ਮੇਜ਼ ਦੇ ਕੋਲ਼ ਬਹਿਣ ਵਿੱਚ ਬਹੁਤ ਦੇਰ ਲਾ ਦਿੱਤੀ, ਪਰ ਜਦੋਂ ਇਹ ਕੰਮ ਹੋ ਗਿਆ ਤਾਂ ਇੱਕ ਬੇਹਿਸ ਸਫ਼ਾਚਟ ਮੂੰਹ ਵਾਲ਼ਾ ਬੰਦਾ ਜਿਸ ਦੀ ਵਰਦੀ ਦੇ ਬਟਨ ਖੁੱਲ੍ਹੇ ਸਨ, ਉਡਿਆ ਅਤੇ ਬੁੱਢੇ ਨਾਲ਼ ਘੁਸਰ-ਮੁਸਰ ਕਰਦੇ ਹੋਏ ਆਪਣੇ ਮੋਟੇ ਹੋਂਠ ਭਾਰੇ ਜਿਹੇ ਹਿਲਾਉਣ ਲੱਗ ਪਿਆ। ਉਹਦੀ ਗੱਲ ਸੁਣਦਾ ਹੋਇਆ ਬੁੱਢਾ ਅਜੀਬ ਢੰਗ ਨਾਲ਼ ਆਕੜਿਆ ਅਤੇ ਸਿੱਧਾ

ਬੈਠਾ ਸੀ; ਐਨਕ ਦੇ ਪਿੱਛੇ ਮਾਂ ਨੂੰ ਦੋ ਬੇਰੰਗ ਨਿੱਕੇ ਟਿਮਕਣੇ ਦਿੱਸਦੇ।

ਮੇਜ਼ ਦੇ ਇੱਕ ਸਿਰੇ ਉੱਤੇ ਲਿਖਣ ਵਾਲ਼ੀ ਮੇਜ਼ ਕੋਲ਼ ਇੱਕ ਲੰਮਾ, ਕੁਝ ਕੁਝ ਗੰਜਾ ਸਾਊ ਬੰਦਾ ਖੜਾ ਸੀ, ਜਿਹੜਾ ਦਸਤਾਵੇਜ਼ਾਂ ਦੀ ਫੋਲਾ-ਫਾਲਾ ਕਰਦਾ ਹੋਇਆ ਖੰਘੂਰੇ ਮਾਰੀ ਜਾਂਦਾ।

ਬੁੱਢਾ ਅੱਗੇ ਵੱਲ ਝੁਕਿਆ ਅਤੇ ਬੋਲਣਾ ਸ਼ੁਰੂ ਕੀਤਾ। ਉਹ ਦੀਆਂ ਗੱਲਾਂ ਦੇ ਪਹਿਲੇ ਸ਼ਬਦ ਸਾਫ਼ ਉਚਾਰੇ ਜਾਂਦੇ, ਪਰ ਬਾਕੀ ਉਹਦੇ ਪਤਲੇ ਅਤੇ ਭੂਰੇ ਹੋਠਾਂ ਦੇ ਨਾਲ਼-ਨਾਲ਼ ਰਿੜ੍ਹ ਜਾਂਦੇ।

"ਮੈਂ ਐਲਾਨ ਕਰਦਾ ਹਾਂ।... ਉਹਨਾਂ ਨੂੰ ਲਿਆਓ।..."

"ਵੇਖ," ਸਿਜ਼ੋਵ ਨੇ ਮਾਂ ਨੂੰ ਹੁੱਝ ਮਾਰਦੇ ਹੋਏ ਹੌਲ਼ੀ ਜਿਹੀ ਕਿਹਾ ਅਤੇ ਖੜਾ ਹੋ ਗਿਆ।

ਸੀਖ਼ਾਂ ਪਿੱਛੋਂ ਦਰਵਾਜ਼ਾ ਖੁੱਲ੍ਹਾ, ਇੱਕ ਫ਼ੌਜੀ ਜਿਸਦੇ ਮੋਢੇ ਉੱਤੇ ਨੰਗੀ ਤਲਵਾਰ ਸੀ ਅੰਦਰ ਆਇਆ, ਉਹਦੇ ਪਿੱਛੇ ਪਿੱਛੇ ਪਾਵੇਲ, ਆਂਦਰੇਈ, ਫ਼ਿਓਦੋਰ ਮਾਜ਼ੀਨ, ਦੋ ਗੁਸੇਵ ਭਰਾ, ਸਮੋਈਲੋਵ, ਬੂਕਿਨ, ਸੋਮੋਵ ਅਤੇ ਪੰਜ ਹੋਰ ਜਵਾਨ ਆਏ ਜਿਨ੍ਹਾਂ ਦੇ ਨਾਂ ਮਾਂ ਨਹੀਂ ਸੀ ਜਾਣਦੀ। ਪਾਵੇਲ ਉਹਨੂੰ ਵੇਖ ਕੇ ਮੁਸਕਰਾਇਆ ਅਤੇ ਆਂਦਰੇਈ ਖੁੱਲ੍ਹ ਕੇ ਮੁਸਕਰਾਇਆ ਅਤੇ ਸਿਰ ਹਿਲਾਇਆ; ਪਤਾ ਨਹੀਂ ਕਿਉਂ ਉਹਨਾਂ ਦੀਆਂ ਮੁਸਕਾਨਾਂ, ਉਹਨਾਂ ਦੇ ਛੁਹਲੇ ਮੂੰਹਾਂ ਅਤੇ ਹਰਕਤਾਂ ਨੇ ਅਦਾਲਤ ਦੇ ਕਮਰੇ ਵਿੱਚ ਖਿੱਚੇ-ਖਿੱਚੇ ਅਤੇ ਨਕਲੀ ਵਾਯੂ-ਮੰਡਲ ਨੂੰ ਹੌਲਾ ਕਰ ਦਿੱਤਾ; ਸੁਨਹਿਰੀ ਫ਼ੀਤੇ ਦੀ ਚਮਕ ਮੱਧਮ ਪੈ ਗਈ; ਮਾਂ ਦੀ ਹਿੰਮਤ ਉਸ ਭਰੋਸੇ ਅਤੇ ਬਲ ਕਾਰਨ ਸੁਰਜੀਤ ਹੋ ਗਈ ਜਿਹੜੀ ਕੈਦੀ ਆਪਣੇ ਨਾਲ਼ ਲਿਆਏ ਸਨ। ਪਿਛਲੇ ਬੈਂਚਾਂ ਤੋਂ ਭਿਣਕਾਰ ਜਿਹੀ ਉੱਠੀ, ਜਿੱਥੇ ਹੁਣ ਤੱਕ ਲੋਕ ਨੀਵੀਂ ਪਾਈ ਉਡੀਕ ਰਹੇ ਸਨ।

"ਉਹ ਡਰਦੇ ਨਹੀਂ!" ਸਿਜ਼ੋਵ ਨੇ ਬੁੜ-ਬੁੜ ਕੀਤੀ, ਉਧਰ ਸਮੋਈਲੋਵ ਦੀ ਮਾਂ ਹੌਲ਼ੀ-ਹੌਲ਼ੀ ਬੁਸ-ਬੁਸ ਕਰਨ ਲੱਗ ਪਈ।

"ਖਾਮੋਸ਼!" ਕਰੜਾ ਹੁਕਮ ਆਇਆ।

"ਮੈਂ ਤੁਹਾਨੂੰ ਤਾੜਨਾ ਕਰਦਾ ਹਾਂ।..." ਬੁੱਢਾ ਕੂਕਿਆ।

ਪਾਵੇਲ ਅਤੇ ਆਂਦਰੇਈ ਪਹਿਲੇ ਬੈਂਚ ਉੱਤੇ ਇੱਕ ਦੂਜੇ ਦੇ ਨਾਲ਼ ਬੈਠੇ ਸਨ, ਮਾਜ਼ੀਨ, ਸਮੋਈਲੋਵ ਅਤੇ ਦੋਵੇਂ ਗੁਸੇਵ ਉਹਨਾਂ ਦੇ ਨਾਲ਼ ਸਨ। ਆਂਦਰੇਈ ਨੇ ਆਪਣੀ ਦਾੜ੍ਹੀ ਮੁੰਨੀ ਹੋਈ ਸੀ ਪਰ ਮੁੱਛਾਂ ਵਧਾ ਲਈਆਂ ਸਨ, ਉਹ ਲੰਮਕੀਆਂ ਹੋਈਆਂ ਸਨ ਅਤੇ ਉਹਦੇ ਮੂੰਹ ਨੂੰ ਕਿਸੇ ਬਿੱਲੀ ਦੇ ਮੂੰਹ ਜਿਹਾ ਬਣਾ ਰਹੀਆਂ ਸਨ। ਉਹਦੀ ਦਿੱਖ ਵਿੱਚ ਕੁਝ ਨਵਾਂ ਸੀ — ਉਹਦੇ ਮੂੰਹ ਦੁਆਲੇ ਕੁਝ ਤਿੱਖਾ ਅਤੇ ਕਾਟਵਾਂ ਸੀ, ਉਹਦੀਆਂ ਅੱਖਾਂ ਵਿੱਚ ਕੁਝ ਹਨੇਰਾ ਜਿਹਾ ਸੀ। ਮਾਜ਼ੀਨ ਦੇ ਉਪਰਲੇ ਬੁੱਲ੍ਹ ਉੱਤੇ ਦੋ ਕਾਲ਼ੀਆਂ ਲਕੀਰਾਂ ਆ ਗਈਆਂ ਸਨ ਅਤੇ ਉਹਦਾ ਮੂੰਹ ਕੁਝ ਗੋਲ ਹੋ ਗਿਆ ਸੀ। ਸਮੋਈਲੋਵ ਹਮੇਸ਼ਾ ਵਾਂਗ ਘੁੰਗਰਿਆਲੇ ਵਾਲਾਂ ਵਾਲ਼ਾ ਸੀ ਅਤੇ ਈਵਾਨ ਗੁਸੇਵ ਹਮੇਸ਼ਾ ਵਾਂਗ ਖੁੱਲ੍ਹ ਕੇ ਮੁਸਕਰਾਉਂਦਾ।

"ਆਹ ਫ਼ਿਓਦੋਰ, ਫ਼ਿਓਦੋਰ," ਸਿਜ਼ੋਵ ਨੇ ਸਿਰ ਨੀਵਾਂ ਕਰ ਕੇ ਹਉਕਾ ਭਰਿਆ।

ਮਾਂ ਨੇ ਉਹ ਸੁਣਾਈ ਨਾ ਦੇਂਦੇ ਸਵਾਲ ਸੁਣੇ ਜਿਹੜੇ ਬੁੱਢਾ ਉਹਨਾਂ ਵੱਲ ਵੇਖੇ ਬਿਨਾਂ ਕੈਦੀਆਂ ਤੋਂ ਪੁੱਛ ਰਿਹਾ ਸੀ, ਉਹਦਾ ਸਿਰ ਅਹਿਲ ਆਪਣੇ ਕਾਲਰ ਉੱਤੇ ਟਿਕਿਆ ਹੋਇਆ ਸੀ। ਉਹਨੇ ਆਪਣੇ ਪੁੱਤਰ ਦੇ ਸ਼ਾਂਤ, ਸੰਖੇਪ ਜਵਾਬ ਸੁਣੇ ਅਤੇ ਉਹਨੂੰ ਜਾਪਿਆ ਕਿ ਵੱਡਾ

ਜੱਜ ਅਤੇ ਉਹਦੇ ਮਾਤਹਿਤ ਉਹਦੇ ਉੱਤੇ ਜ਼ੁਲਮ ਨਹੀਂ ਕਰ ਸਕਦੇ। ਜਦੋਂ ਉਹ ਮੁਕੱਦਮੇ ਦੇ ਨਤੀਜੇ ਦਾ ਅੰਦਾਜ਼ਾ ਲਾਉਣ ਦਾ ਜਤਨ ਕਰਦੀ ਲੰਮੀ ਮੇਜ਼ ਕੋਲ਼ ਬੈਠੇ ਲੋਕਾਂ ਦੇ ਮੂੰਹ ਵੇਖ ਰਹੀ ਸੀ ਤਾਂ ਉਹਨੂੰ ਆਪਣੇ ਦਿਲ ਵਿੱਚ ਵੱਧ ਰਹੀ ਆਸ ਦਾ ਅਨੁਭਵ ਹੋਇਆ।

ਚੀਨੀ ਦੇ ਬਣੇ ਅਫ਼ਸਰ ਨੇ ਅਪੁਹ ਅਵਾਜ਼ ਵਿੱਚ ਇੱਕ ਦਸਤਾਵੇਜ਼ ਪੜ੍ਹੀ, ਇੰਨੀ ਅਕਾਵੀਂ ਕਿ ਸ੍ਰੋਤੇ ਇਉਂ ਬੈਠੇ ਰਹੇ ਜਿਵੇਂ ਮਦਹੋਸ਼ ਹੋ ਗਏ ਹੋਣ। ਚਾਰ ਵਕੀਲ ਮੁਲਜ਼ਮਾਂ ਨਾਲ਼ ਗਰਮ-ਗਰਮ ਪਰ ਨੀਵੀਂ ਅਵਾਜ਼ ਵਿੱਚ ਗੱਲਬਾਤ ਕਰਦੇ ਰਹੇ। ਉਹਨਾਂ ਦੀਆਂ ਹਰਕਤਾਂ ਤੇਜ਼ ਤੇ ਤਕੜੀਆਂ ਸਨ ਅਤੇ ਉਹ ਮਾਂ ਨੂੰ ਵੱਡੇ ਕਾਲ਼ੇ ਪੰਛੀਆਂ ਦੀ ਯਾਦ ਦਿਵਾਉਂਦੇ।

ਬੁੱਢੇ ਦੇ ਇੱਕ ਪਾਸੇ ਵਾਲ਼ੀ ਅਰਾਮ-ਕੁਰਸੀ ਵਿੱਚੋਂ ਜੱਜ ਦਾ ਮੁਟਾਪਾ ਡੁੱਲ੍ਹ-ਡੁੱਲ੍ਹ ਪੈਂਦਾ, ਜਿਸ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਚਰਬੀ ਵਿੱਚ ਡੁੱਬੀਆਂ ਹੋਈਆਂ ਸਨ। ਬੁੱਢੇ ਦੇ ਦੂਜੇ ਪਾਸੇ ਬੈਠਾ ਸੀ ਇੱਕ ਗੋਲ਼ ਮੋਢਿਆਂ ਵਾਲ਼ਾ ਜੱਜ, ਜਿਸਦੀਆਂ ਮੁੱਛਾਂ ਲਾਲ ਭਾਹ ਮਾਰਦੀਆਂ ਸਨ ਅਤੇ ਜਿਸਦਾ ਮੂੰਹ ਭੂਸਲਾ ਸੀ। ਉਹਨੇ ਆਪਣਾ ਥੱਕਿਆ ਸਿਰ ਕੁਰਸੀ ਦੀ ਪਿੱਠ ਨਾਲ ਟਿਕਾਇਆ ਹੋਇਆ ਸੀ ਅਤੇ ਆਪਣੀਆਂ ਅੱਖਾਂ ਅੱਧੀਆਂ ਬੰਦ ਕਰ ਕੇ ਆਪਣੇ ਖ਼ਿਆਲਾਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਸੀ। ਸਰਕਾਰੀ ਵਕੀਲ ਦਾ ਮੂੰਹ ਵੀ ਥੱਕਿਆ ਅਤੇ ਅੱਕਿਆ ਜਾਪਦਾ ਸੀ। ਜੱਜਾਂ ਦੇ ਪਿੱਛੇ ਮੇਅਰ ਬੈਠਾ ਸੀ, ਠੁਲ੍ਹਾ, ਪ੍ਰਭਾਵਸ਼ਾਲੀ ਬੰਦਾ, ਜਿਹੜਾ ਸੋਚਦਾ ਹੋਇਆ ਆਪਣੀ ਗੱਲ੍ਹ ਪਲੋਸਦਾ ਰਹਿੰਦਾ; ਰਾਠਾਂ ਦਾ ਮੁਖੀ, ਧੌਲ-ਸਿਰਾ ਅਤੇ ਲਾਲ ਗੱਲ੍ਹਾਂ ਵਾਲ਼ਾ, ਜਿਸਦੀ ਲੰਮੀ ਦਾੜ੍ਹੀ ਅਤੇ ਵੱਡੀਆਂ ਮੁਲੱਗ ਅੱਖਾਂ ਸਨ; ਵੋਲੋਸਤ ਦਾ ਮੁਖੀ, ਜਿਸਦੀ ਮੋਟੀ ਗੋਗੜ 'ਤੇ ਉਹਨੂੰ ਸੰਗ ਆਉਂਦੀ ਜਾਪਦੀ, ਕਿਉਂਕਿ ਉਹ ਆਪਣੇ ਕੋਟ ਦੇ ਲੰਮੇ ਪਿਛਲੇ ਹਿੱਸੇ ਨਾਲ਼ ਇਹਨੂੰ ਘੜੀ ਮੁੜੀ ਕਜਦਾ, ਪਰ ਉਹ ਤਿਲਕ ਜਾਂਦਾ।

"ਇੱਥੇ ਨਾ ਮੁਜਰਮ ਹਨ ਅਤੇ ਨਾ ਜੱਜ," ਪਾਵੇਲ ਦੀ ਦ੍ਰਿੜ੍ਹ ਅਵਾਜ਼ ਆਈ। "ਇੱਥੇ ਬਸ ਕੈਦੀ ਹਨ ਅਤੇ ਉਹ ਲੋਕ ਜਿਨ੍ਹਾਂ ਉਹਨਾਂ ਨੂੰ ਕੈਦੀ ਬਣਾਇਆ ਹੈ।..."

ਚੁੱਪ ਛਾ ਗਈ। ਕੁਝ ਸਕਿੰਟਾਂ ਲਈ ਮਾਂ ਨੂੰ ਕਲਮ ਦੀ ਤਿੱਖੀ ਖੁਰ-ਖੁਰ ਅਤੇ ਉਹਦੇ ਆਪਣੇ ਦਿਲ ਦੀ ਧੜਕਣ ਤੋਂ ਬਿਨਾਂ ਕੁਝ ਸੁਣਾਈ ਨਾ ਦਿੱਤਾ।

ਜਾਪਦਾ ਸੀ ਵੱਡਾ ਜੱਜ ਵੀ ਸੁਣ ਰਿਹਾ ਸੀ ਅਤੇ ਉਡੀਕ ਕਰ ਰਿਹਾ ਸੀ ਕਿ ਹੁਣ ਕੀ ਵਾਪਰਦੈ। ਉਹਦੇ ਮਾਤਹਿਤਾਂ ਨੇ ਹਿਲਜੁਲ ਕੀਤੀ। ਅਖ਼ੀਰ ਉਹਨੇ ਕਿਹਾ:

"ਹੂੰ-ਊਂ। ਆਂਦਰੇਈ ਨਾਖੋਦਕਾ! ਤੂੰ ਜੁਰਮ ਦਾ ਇਕਬਾਲ ਕਰਦੈਂ?"

ਆਂਦਰੇਈ ਹੌਲ਼ੀ-ਹੌਲ਼ੀ ਉੱਠਿਆ, ਮੋਢੇ ਸਿੱਧੇ ਕੀਤੇ, ਆਪਣੀਆਂ ਮੁੱਛਾਂ ਖਿੱਚੀਆਂ ਅਤੇ ਘੂਰੀ ਵੱਟੇ ਭਰਵੱਟਿਆਂ ਹੇਠੋਂ ਬੁੱਢੇ ਵੱਲ ਵੇਖਿਆ।

"ਮੈਂ ਕਿਵੇਂ ਇਕਬਾਲ ਕਰ ਸਕਦਾਂ?" ਉਹਨੇ ਮੋਢੇ ਸੁੰਗੇੜ ਕੇ ਆਪਣੀ ਮੱਧਮ, ਸੁਰੀਲੀ ਅਵਾਜ਼ ਵਿੱਚ ਕਿਹਾ। "ਮੈਂ ਕਿਸੇ ਨੂੰ ਕਤਲ ਨਹੀਂ ਕੀਤਾ ਨਾ ਹੀ ਕੁਝ ਚੋਰੀ ਕੀਤੈ। ਮੈਂ ਤਾਂ ਬਸ ਜ਼ਿੰਦਗੀ ਦੇ ਉਸ ਢੰਗ ਦੇ ਖ਼ਿਲਾਫ਼ ਹਾਂ ਜਿਹੜਾ ਲੋਕਾਂ ਨੂੰ ਇੱਕ ਦੂਜੇ ਨੂੰ ਲੁੱਟਣ ਅਤੇ ਕਤਲ ਕਰਨ 'ਤੇ ਮਜ਼ਬੂਰ ਕਰਦੈ।..."

"ਆਪਣਾ ਜਵਾਬ ਘੱਟ ਲਫ਼ਜ਼ਾਂ ਵਿੱਚ ਦੇ," ਬੁੱਢੇ ਨੇ ਜਤਨ ਕਰ ਕੇ ਪਰ ਸਾਫ਼ ਸਾਫ਼

ਕਿਹਾ।

ਪਿਛਲੇ ਬੈਂਚਾਂ 'ਤੇ ਬੁੜ-ਬੁੜ ਹੋਈ। ਲੋਕਾਂ ਘੁਸਰ-ਮੁਸਰ ਕਰਨੀ ਅਤੇ ਹਿੱਲਣਾ ਸ਼ੁਰੂ ਕਰ ਦਿੱਤਾ, ਜਿਵੇਂ ਆਪਣੇ ਆਪ ਨੂੰ ਖੁੰਢੇ ਲਫ਼ਜ਼ਾਂ ਦੇ ਉਸ ਜਾਲ ਤੋਂ ਅਜ਼ਾਦ ਕਰਵਾ ਰਹੇ ਹੋਣ ਜਿਹੜਾ ਚੀਨੀ ਦੇ ਬੰਦੇ ਨੇ ਉਹਨਾਂ ਦੁਆਲੇ ਤਣਿਆ ਸੀ।

"ਸੁਣਿਆ ਈ ਉਹ ਕੀ ਕਹਿ ਰਿਹੈ ?" ਸਿਜ਼ੋਵ ਨੇ ਹੌਲ਼ੀ ਜਿਹੀ ਕਿਹਾ। "ਫ਼ਿਓਦੋਰ ਮਾਜ਼ੀਨ, ਜਵਾਬ ਦੇ।..."

"ਨਹੀਂ ਮੈਂ ਜਵਾਬ ਨਹੀਂ ਦਿਆਂਗਾ," ਫ਼ਿਓਦੋਰ ਨੇ ਉੱਛਲ ਕੇ ਖੜੇ ਹੁੰਦੇ ਹੋਏ ਕਿਹਾ। ਉਹਦਾ ਮੂੰਹ ਭਖਿਆ ਹੋਇਆ ਸੀ, ਉਹਦੀਆਂ ਅੱਖਾਂ ਚਮਕ ਰਹੀਆਂ ਸਨ ਅਤੇ ਪਤਾ ਨਹੀਂ ਕਿਉਂ ਉਹਨੇ ਆਪਣੇ ਹੱਥ ਆਪਣੇ ਪਿੱਛੇ ਕੀਤੇ ਹੋਏ ਸਨ।

ਸਿਜ਼ੋਵ ਨੇ ਹੌਲ਼ੀ ਜਿਹੇ ਹਉਕਾ ਲਿਆ ਅਤੇ ਮਾਂ ਨੇ ਹੈਰਾਨੀ ਨਾਲ਼ ਅੱਖਾਂ ਫੈਲਾ ਲਈਆਂ।

"ਮੈਂ ਆਪਣੀ ਸਫ਼ਾਈ ਪੇਸ਼ ਕਰਨ ਲਈ ਵਕੀਲ ਕਰਨੋਂ ਇਨਕਾਰ ਕਰ ਦਿੱਤਾ ਤੇ ਮੈਂ ਕਹਿਣੋਂ ਵੀ ਇਨਕਾਰੀ ਆਂ। ਮੈਂ ਇਸ ਮੁਕੱਦਮੇ ਨੂੰ ਗ਼ੈਰ-ਕਾਨੂੰਨੀ ਸਮਝਦਾਂ ! ਤੁਸੀਂ ਕੌਣ ਹੋ ? ਕੀ ਲੋਕਾਂ ਨੇ ਤੁਹਾਨੂੰ ਮੇਰੇ ਨਾਲ਼ ਇਨਸਾਫ਼ ਕਰਨ ਦਾ ਹੱਕ ਦਿੱਤੈ ? ਨਹੀਂ ਉਹਨਾਂ ਨਹੀਂ ਦਿੱਤਾ ! ਮੈਂ ਤੁਹਾਡਾ ਅਧਿਕਾਰ ਪ੍ਰਵਾਨ ਕਰਨੋਂ ਇਨਕਾਰੀ ਆਂ !"

ਉਹ ਬਹਿ ਗਿਆ ਅਤੇ ਆਪਣਾ ਭਖਿਆ ਮੂੰਹ ਆਂਦਰੇਈ ਦੇ ਮੋਢੇ ਪਿੱਛੇ ਕਰ ਲਿਆ।

ਮੋਟੇ ਜੱਜ ਨੇ ਵੱਡੇ ਜੱਜ ਨੂੰ ਸਿਰ ਨਾਲ਼ ਇਸ਼ਾਰਾ ਕੀਤਾ ਅਤੇ ਉਹਦੇ ਕੰਨ ਵਿੱਚ ਕੁਝ ਕਿਹਾ। ਭੂਸਲੇ ਜੱਜ ਨੇ ਆਪਣੀਆਂ ਅੱਖਾਂ ਖੋਹਲੀਆਂ, ਕਾਣੀ ਅੱਖ ਨਾਲ਼ ਕੈਦੀਆਂ ਵੱਲ ਵੇਖਿਆ ਅਤੇ ਆਪਣੇ ਸਾਹਮਣੇ ਪਏ ਕਾਗ਼ਜ਼ ਉੱਤੇ ਪੈਂਸਲ ਨਾਲ਼ ਕੁਝ ਲਿਖਿਆ। ਵੋਲੋਸਤ ਦੇ ਮੁਖੀ ਨੇ ਸਿਰ ਹਿਲਾਇਆ ਅਤੇ ਧਿਆਨ ਨਾਲ਼ ਆਪਣੇ ਪੈਰ ਇੱਧਰ-ਉੱਧਰ ਕੀਤੇ ਤਾਂ ਜੁ ਆਪਣੀ ਗੋਗੜ ਵਧੇਰੇ ਚੰਗੀ ਤਰ੍ਹਾਂ ਆਪਣੇ ਗੋਡਿਆਂ ਉੱਤੇ ਟਿਕਾ ਸਕੇ ਅਤੇ ਇਹਨੂੰ ਆਪਣੇ ਹੱਥਾਂ ਨਾਲ਼ ਕੱਜ ਸਕੇ। ਆਪਣੇ ਸਿਰ ਮੋੜੇ ਬਿਨਾਂ ਬੁੱਢੇ ਨੇ ਆਪਣੀ ਸਾਰੀ ਦੇਹ ਨੂੰ ਭੂਸਲੇ ਜੱਜ ਵੱਲ ਮਰੋੜ ਦਿੱਤਾ ਅਤੇ ਬੇਅਵਾਜ਼ ਆਪਣੇ ਬੁੱਲ੍ਹ ਹਿਲਾਏ। ਪਿਛਲੇਰੇ ਨੇ ਆਪਣਾ ਸਿਰ ਨਿਵਾਇਆ। ਰਾਠਾਂ ਦੇ ਮੁਖੀ ਨੇ ਸਰਕਾਰੀ ਵਕੀਲ ਨੂੰ ਕੁਝ ਕਿਹਾ, ਅਤੇ ਮੇਅਰ ਨੇ ਆਪਣੀ ਗੱਲ੍ਹ ਪਲੋਸਣਾ ਜਾਰੀ ਰੱਖਦੇ ਹੋਏ ਉਹਦੀ ਗੱਲ ਸੁਣਨ ਦਾ ਜਤਨ ਕੀਤਾ। ਵੱਡੇ ਜੱਜ ਨੇ ਇੱਕ ਵਾਰ ਫਿਰ ਆਪਣੀ ਅਕਾਊ ਅਵਾਜ਼ ਵਿੱਚ ਬੋਲਣਾ ਸ਼ੁਰੂ ਕਰ ਦਿੱਤਾ।

"ਸੁਣਿਆ ਈ ਕਿਵੇਂ ਉਹਨੇ ਉਹਨਾਂ ਨੂੰ ਜੜੀ ? ਸਿਜ਼ੋਵ ਨੇ ਹੈਰਾਨ ਹੋ ਕੇ ਮਾਂ ਦੇ ਕੰਨ ਵਿੱਚ ਕਿਹਾ। "ਲੈ, ਉਹ ਤਾਂ ਉਹਨਾਂ ਸਾਰਿਆਂ ਵਿੱਚੋਂ ਚੰਗਾ ਸੀ !"

ਮਾਂ ਮੁਸਕਰਾਈ, ਉਹ ਹੈਰਾਨ ਸੀ। ਜੋ ਕੁਝ ਵਾਪਰ ਰਿਹਾ ਸੀ ਉਹ ਉਹਨੂੰ ਉਸ ਭਿਆਨਕ ਗੱਲ ਲਈ ਜਿਹੜੀ ਛੇਤੀ ਹੀ ਵਾਪਰੇਗੀ ਅਤੇ ਆਪਣੇ ਠੰਢੇ ਜਬਰ ਨਾਲ਼ ਉਹਨਾਂ ਸਭਨਾਂ ਨੂੰ ਪੀਸ ਦੇਵੇਗੀ ਅਕਾਵੀਂ ਅਤੇ ਬੇਲੋੜੀ ਭੂਮਿਕਾ ਹੀ ਜਾਪਦੀ। ਪਰ ਪਾਵੇਲ ਅਤੇ ਆਂਦਰੇਈ ਦੀ ਸ਼ਾਂਤ ਗੱਲ ਇਉਂ ਨਿੱਡਰ ਅਤੇ ਤਕੜੀ ਜਾਪੀ ਸੀ ਜਿਵੇਂ ਉਹਨਾਂ ਅਦਾਲਤ ਦੇ ਕਮਰੇ ਵਿੱਚ ਨਹੀਂ ਸਗੋਂ ਕਿਰਤੀਆਂ ਦੀ ਬਸਤੀ ਵਿੱਚ ਆਪਣੇ ਨਿੱਕੇ ਘਰ ਵਿੱਚ ਗੱਲ ਕੀਤੀ ਹੋਵੇ।

ਫ਼ਿਓਦੋਰ ਦੇ ਜੋਸ਼ੀਲੇ ਬਿਆਨ ਨੇ ਉਹਨੂੰ ਉਤੇਜਤ ਕਰ ਦਿੱਤਾ ਸੀ। ਇਸ ਮੁਕੱਦਮੇ ਵਿੱਚ ਕੁਝ ਦਲੇਰ ਵਾਪਰ ਰਿਹਾ ਸੀ ਅਤੇ ਉਹਦੇ ਪਿੱਛੇ ਬੈਠੇ ਲੋਕਾਂ ਦੀ ਉਤੇਜਨਾ ਤੋਂ ਅਨੁਮਾਨ ਲਾਉਂਦਿਆਂ, ਉਹ ਇਕੱਲੀ ਹੀ ਨਹੀਂ ਸੀ ਜਿਸਨੂੰ ਇਸ ਗੱਲ ਦਾ ਅਨੁਭਵ ਸੀ।

"ਤੇਰਾ ਕੀ ਖ਼ਿਆਲ ਏ ?" ਬੁੱਢੇ ਨੇ ਪੁੱਛਿਆ।

ਗੰਜਾ ਸਰਕਾਰੀ ਵਕੀਲ ਖੜਾ ਹੋਇਆ ਅਤੇ ਅੰਕੜੇ ਪੇਸ਼ ਕਰਦੇ ਹੋਏ ਤਿੱਖੀ ਤਕਰੀਰ ਕਰਨ ਲਈ ਆਪਣਾ ਹੱਥ ਮੇਜ਼ ਉੱਤੇ ਟਿਕਾ ਦਿੱਤਾ। ਉਹਦੀ ਅਵਾਜ਼ ਵਿੱਚ ਕੁਝ ਵੀ ਭਿਆਨਕ ਨਹੀਂ ਸੀ।

ਉਸੇ ਸਮੇਂ ਮਾਂ ਨੂੰ ਆਪਣੇ ਦਿਲ ਵਿੱਚ ਇੱਕ ਖ਼ੁਸ਼ਕ, ਚੁਭਵਾਂ ਅਨੁਭਵ ਹੋਇਆ। ਉਹਨੂੰ ਹਵਾ ਵਿੱਚ ਕਿਸੇ ਦੋਖੀ ਸ਼ੈਅ ਦਾ ਅਨੁਭਵ ਹੋਇਆ, ਜਿਹੜੀ ਆਪਣਾ ਮੁੱਕਾ ਲਹਿਰਾ ਕੇ ਖੁੱਲ੍ਹ ਕੇ ਨਹੀਂ ਸੀ ਬੋਲਦੀ, ਪਰ ਜਿਹੜੀ ਹੌਲ਼ੀ ਹੌਲ਼ੀ ਅਤੇ ਅਪ੍ਰਤੱਖ ਤੌਰ 'ਤੇ ਵੱਧਦੀ ਜਾ ਰਹੀ ਸੀ। ਇਹ ਜੱਜਾਂ ਦੇ ਨੇੜੇ ਅਲਸਾਈ ਅਤੇ ਖੁੰਢੀ ਪਲ੍ਹਮਦੀ ਜਾਪਦੀ, ਉਹਨਾਂ ਨੂੰ ਇੱਕ ਸੰਘਣੇ ਬੱਦਲ ਵਿੱਚ ਲਪੇਟੀ ਜਾਂਦੀ, ਜਿਹੜਾ ਉਹਨਾਂ ਨੂੰ ਬਾਹਰ ਵਾਪਰਦੀ ਹਰ ਗੱਲ ਤੋਂ ਵੱਖ ਕਰ ਦੇਂਦਾ। ਉਹਨੇ ਜੱਜਾਂ ਵੱਲ ਵੇਖਿਆ ਅਤੇ ਉਹ ਉਹਨਾਂ ਨੂੰ ਸਮਝ ਨਾ ਸਕੀ। ਉਹ ਪਾਵੇਲ ਅਤੇ ਆਂਦਰੇਈ ਨਾਲ਼ ਉਸ ਤਰ੍ਹਾਂ ਗੁੱਸੇ ਨਾ ਹੋਏ ਜਿਵੇਂ ਮਾਂ ਦਾ ਖ਼ਿਆਲ ਸੀ ਕਿ ਉਹ ਹੋਣਗੇ ਅਤੇ ਉਹਨਾਂ ਨੇ ਉਹਨਾਂ ਦੀ ਬੇਇੱਜ਼ਤੀ ਨਾ ਕੀਤੀ ਅਤੇ ਮਾਂ ਨੂੰ ਇਉਂ ਜਾਪਿਆ ਕਿ ਜਿਹੜੇ ਸਵਾਲ ਉਹ ਪੁੱਛ ਰਹੇ ਸਨ, ਉਹਨਾਂ ਨੂੰ ਉਹ ਬਹੁਤ ਮਹੱਤਤਾ ਨਹੀਂ ਸਨ ਦੇਂਦੇ। ਉਹਨਾਂ ਦਾ ਵਤੀਰਾ ਇੰਨਾ ਲਾਪਰਵਾਹ ਸੀ ਕਿ ਉਹਨਾਂ ਨੂੰ ਆਪਣੇ ਆਪ ਨੂੰ ਜਵਾਬ ਸੁਣਨ ਲਈ ਮਜ਼ਬੂਰ ਕਰਨਾ ਪੈਂਦਾ, ਜਿਵੇਂ ਉਹਨਾਂ ਨੂੰ ਪਹਿਲਾਂ ਹੀ ਸਭ ਕੁਝ ਪਤਾ ਹੋਵੇ ਅਤੇ ਕਿਸੇ ਗੱਲ ਨਾਲ਼ ਫ਼ਰਕ ਨਾ ਪੈਂਦਾ ਹੋਵੇ।

ਹੁਣ ਇੱਕ ਜੈਨਡਾਰਮ ਉਹਨਾਂ ਦੇ ਸਾਹਮਣੇ ਖੜਾ ਸੀ ਅਤੇ ਡੂੰਘੀ ਖਰਜ ਦੀ ਅਵਾਜ਼ ਵਿੱਚ ਕਹਿ ਰਿਹਾ ਸੀ:

"ਪਾਵੇਲ ਵਲਾਸੋਵ ਮੁੱਖ ਭੜਕਾਊ ਦੱਸਿਆ ਜਾਂਦੈ।..."

"ਤੇ ਨਾਖੋਦਕਾ ?" ਮੋਟੇ ਜੱਜ ਨੇ ਬੇਦਿਲੀ ਨਾਲ਼ ਨਿੰਮ੍ਹੀ ਅਵਾਜ਼ ਵਿੱਚ ਪੁੱਛਿਆ।

"ਉਹ ਵੀ।..."

ਵਕੀਲਾਂ ਵਿੱਚੋਂ ਇੱਕ ਖੜਾ ਹੋ ਗਿਆ।

"ਮੈਨੂੰ ਕੁਝ ਕਹਿਣ ਦੀ ਆਗਿਆ ਏ ?"

"ਕੋਈ ਇਤਰਾਜ਼ ਏ ?" ਬੁੱਢੇ ਨੇ ਕਿਸੇ ਤੋਂ ਪੁੱਛਿਆ।

ਮਾਂ ਨੂੰ ਜਾਪਦਾ ਸੀ ਸਾਰੇ ਜੱਜਾਂ ਦੀ ਸਿਹਤ ਖ਼ਰਾਬ ਸੀ। ਉਹਨਾਂ ਦੇ ਢੰਗਾਂ ਅਤੇ ਅਵਾਜ਼ਾਂ ਵਿੱਚ ਇੱਕ ਬਿਮਾਰ ਥਕੇਵਾਂ ਸੀ ਅਤੇ ਉਹਨਾਂ ਦੇ ਮੂੰਹਾਂ ਉੱਤੇ ਵੀ ਉਹੋ ਬਿਮਾਰ ਥਕੇਵਾਂ ਅਤੇ ਖੁੰਢਾ ਅਕੇਵਾਂ ਸੀ। ਇਹ ਸਾਫ਼ ਸੀ ਕਿ ਉਹ ਇਸ ਸਭ ਕੁਝ ਨੂੰ ਇੱਕ ਭਾਰ ਸਮਝਦੇ ਸਨ—ਉਹਨਾਂ ਦੀਆਂ ਵਰਦੀਆਂ, ਅਦਾਲਤ ਦਾ ਕਮਰਾ, ਜੈਨਡਾਰਮ, ਵਕੀਲ, ਸਵਾਲ ਪੁੱਛਦੇ ਅਤੇ ਕਾਰਵਾਈ ਸੁਣਦੇ ਆਪਣੀਆਂ ਅਰਾਮ-ਕੁਰਸੀਆਂ ਵਿੱਚ ਬਹਿਣ ਦੀ ਲੋੜ।

ਭੂਸਲਾ ਅਫ਼ਸਰ, ਜਿਸਨੂੰ ਉਹ ਜਾਣਦੀ ਸੀ, ਹੁਣ ਉਹਨਾਂ ਦੇ ਸਾਹਮਣੇ ਖੜ੍ਹਾ ਸੀ ਤੇ ਪਾਵੇਲ ਅਤੇ ਆਂਦਰੇਈ ਬਾਰੇ ਜੋ ਕੁਝ ਜਾਣਦਾ ਸੀ ਉਹ ਉੱਚੀ, ਲੰਮਕਵੀਂ ਅਵਾਜ਼ ਵਿੱਚ ਦੱਸ ਰਿਹਾ ਸੀ।

"ਤੈਨੂੰ ਕੋਈ ਬਹੁਤ ਪਤਾ ਨਹੀਂ," ਮਾਂ ਨੇ ਉਹਦੀ ਗੱਲ ਸੁਣਦੇ ਹੋਏ ਸੋਚਿਆ।

ਉਹ ਉਹਨਾਂ ਲਈ ਤੌਖਲੇ ਤੋਂ ਬਿਨਾਂ, ਉਹਨਾਂ ਉੱਤੇ ਤਰਸ ਕੀਤੇ ਬਿਨਾਂ, ਸੀਖ਼ਾਂ ਪਿੱਛੇ ਖੜੇ ਲੋਕਾਂ ਵੱਲ ਵੇਖ ਰਹੀ ਸੀ। ਉਹਨੂੰ ਉਹਨਾਂ ਉੱਤੇ ਰਹਿਮ ਨਾ ਆਉਂਦਾ। ਉਹਨੂੰ ਤਾਂ ਬਸ ਪਿਆਰ ਅਤੇ ਹੈਰਾਨੀ ਦਾ ਅਨੁਭਵ ਹੁੰਦਾ—ਇੱਕ ਸ਼ਾਂਤ ਪਿਆਰ, ਉਹਦੇ ਦਿਲ ਨੂੰ ਵਲਗਣ ਵਿੱਚ ਲੈਂਦਾ ਅਤੇ ਹੈਰਾਨੀ ਸ਼ਾਂਤ ਜਿਹੀ ਸੀ ਅਤੇ ਪਿਆਰ ਖੁਸ਼ੀ ਭਰਿਆ ਨਿਰਮਲ। ਉੱਥੇ ਕੰਧ ਦੇ ਕੋਲ਼ ਬੈਠੇ ਸਨ ਉਹ, ਜਵਾਨ ਅਤੇ ਤਕੜੇ, ਗਵਾਹਾਂ ਅਤੇ ਜੱਜਾਂ ਦੀਆਂ ਅਕਾਊ ਗੱਲਾਂ, ਸਰਕਾਰੀ ਵਕੀਲ ਨਾਲ਼ ਵਕੀਲਾਂ ਦੀ ਬਹਿਸ ਵੱਲ ਉੱਕਾ ਹੀ ਧਿਆਨ ਨਾ ਦੇਂਦੇ ਹੋਏ। ਕਦੀ-ਕਦੀ ਉਹਨਾਂ ਵਿੱਚੋਂ ਕੋਈ ਵਿਅੰਗ ਨਾਲ਼ ਹੱਸਦਾ ਅਤੇ ਆਪਣੇ ਸਾਥੀਆਂ ਨੂੰ ਕੁਝ ਕਹਿੰਦਾ, ਉਹਨਾਂ ਦੇ ਮੂੰਹਾਂ ਉੱਤੇ ਵੀ ਉਹੋ ਮਸਖ਼ਰੀ-ਭਰੀ ਮੁਸਕਾਨ ਆ ਜਾਂਦੀ। ਪਾਵੇਲ ਅਤੇ ਆਂਦਰੇਈ ਲਗਭਗ ਲਗਾਤਾਰ ਸਫ਼ਾਈ ਦੇ ਉਸ ਵਕੀਲ ਨਾਲ਼ ਘੁਸਰ-ਮੁਸਰ ਕਰੀ ਜਾਂਦੇ ਜਿਸਨੂੰ ਮਾਂ ਨੇ ਪਿਛਲੀ ਰਾਤੇ ਨਿਕੋਲਾਈ ਦੇ ਘਰ ਵੇਖਿਆ ਸੀ। ਮਾਜ਼ੀਨ, ਜਿਹੜਾ ਹੋਰਨਾਂ ਨਾਲ਼ੋਂ ਵਧੇਰੇ ਨਿਚਲਾ ਅਤੇ ਉਤੇਜਤ ਸੀ, ਉਹਨਾਂ ਦੀ ਗੱਲਬਾਤ ਸੁਣਦਾ। ਕਦੀ-ਕਦੀ ਸਮੋਈਲੋਵ ਈਵਾਨ ਗੁਸੇਵ ਨੂੰ ਕੁਝ ਕਹਿੰਦਾ ਅਤੇ ਈਵਾਨ ਉਹਨੂੰ ਹੁੱਝ ਮਾਰਦਾ ਅਤੇ ਨਾ ਹੱਸਣ ਦਾ ਇੰਨਾ ਜ਼ੋਰਦਾਰ ਜਤਨ ਕਰਦਾ ਕਿ ਉਹਦਾ ਮੂੰਹ ਲਾਲ ਹੋ ਜਾਂਦਾ, ਉਹਦੀਆਂ ਗੱਲ੍ਹਾਂ ਫੁਲ ਜਾਂਦੀਆਂ ਅਤੇ ਉਹਨੂੰ ਨੀਵੀਂ ਪਾ ਲੈਣੀ ਪੈਂਦੀ। ਦੋ ਵਾਰ ਉਹ ਲਗਭਗ ਫੁੱਟ ਪਿਆ ਅਤੇ ਫਿਰ ਉਹ ਕੁਝ ਚਿਰ ਮੋਢੇ ਮਚਕੋੜੀ ਬੈਠਾ ਰਿਹਾ, ਆਪਣੇ ਆਪ ਉੱਤੇ ਕਾਬੂ ਪਾਉਣ ਦਾ ਜਤਨ ਕਰਦਾ ਹੋਇਆ। ਕੈਦੀ ਜਵਾਨ ਸਨ ਅਤੇ ਉਹਨਾਂ ਦੀ ਜਵਾਨੀ ਇਸ ਲੁੱਛ-ਲੁੱਛ ਕਰਦੇ ਜੋਸ਼ ਉੱਤੇ ਕਾਬੂ ਪਾਉਣ ਦੇ ਹਰ ਜਤਨ ਤੋਂ ਬਾਹਰੀ ਸੀ।

ਸਿਜ਼ੋਵ ਨੇ ਹੌਲ਼ੀ ਜਿਹੇ ਉਹਦੀ ਅਰਕ ਛੂਹੀ। ਮਾਂ ਮੁੜੀ ਅਤੇ ਵੇਖਿਆ ਕਿ ਉਹ ਖੁਸ਼ ਸੀ ਪਰ ਕੁਝ ਫ਼ਿਕਰਮੰਦ।

"ਜ਼ਰਾ ਵੇਖ ਇਹ ਗੱਭਰੂ ਕਿੰਨੇ ਦਲੇਰ ਨੇ," ਉਹਨੇ ਹੌਲ਼ੀ ਜਿਹੇ ਕਿਹਾ। "ਜਿਵੇਂ ਲਾਟ ਹੋਣ!"

ਅਦਾਲਤ ਦੇ ਕਮਰੇ ਵਿੱਚ ਗਵਾਹ ਕਾਹਲੀ-ਕਾਹਲੀ ਅਤੇ ਬੇਰੰਗ ਢੰਗ ਨਾਲ਼ ਬੋਲੀ ਗਏ। ਜੱਜ ਅਣਮੰਨਵੇਂ ਅਤੇ ਰੁਚੀ ਤੋਂ ਬਿਨਾਂ ਸਨ। ਮੋਟੇ ਜੱਜ ਨੇ ਉਬਾਸੀ ਲਈ, ਆਪਣਾ ਮੂੰਹ ਆਪਣੇ ਫੁੱਲੇ ਹੱਥ ਨਾਲ਼ ਕੱਜ ਲਿਆ; ਲਾਲ ਮੁੱਛਾਂ ਵਾਲ਼ਾ ਪਹਿਲਾਂ ਕਿਸੇ ਸਮੇਂ ਨਾਲ਼ੋਂ ਵਧੇਰੇ ਭੂਸਲਾ ਸੀ ਅਤੇ ਘੜੀ-ਮੁੜੀ ਉਹ ਆਪਣੀ ਪੁੜਪੁੜੀ ਇੱਕ ਉਂਗਲ ਨਾਲ਼ ਦਬਾਉਂਦਾ ਅਤੇ ਔਖਾ ਹੋ ਕੇ ਨਾ ਵੇਖਦੀਆਂ ਅੱਖਾਂ ਨਾਲ਼ ਛੱਤ ਵੱਲ ਤੱਕਦਾ। ਕਦੀ-ਕਦੀ ਸਰਕਾਰੀ ਵਕੀਲ ਕੁਝ ਲਿਖਦਾ ਅਤੇ ਫਿਰ ਬੇਅਵਾਜ਼ ਰਾਠਾਂ ਦੇ ਮੁਖੀ ਨਾਲ਼ ਗੱਲ ਕਰੀ ਜਾਂਦਾ, ਜਿਹੜਾ ਆਪਣੀ ਚਿੱਟੀ ਦਾੜ੍ਹੀ ਪਲੋਸਦਾ, ਆਪਣੀਆਂ ਸੋਹਣੀਆਂ ਗੋਲ਼ ਅੱਖਾਂ ਘੁਮਾਉਂਦਾ ਅਤੇ ਕੁਝ ਆਕੜ ਨਾਲ਼

ਆਪਣੀ ਗਰਦਨ ਮੋੜਦਾ। ਮੇਅਰ ਟੰਗ ਉੱਤੇ ਟੰਗ ਧਰੀ ਬੈਠਾ ਸੀ ਅਤੇ ਆਪਣੇ ਇੱਕ ਗੋਡੇ ਉੱਤੇ ਤਾਲ ਦੇਂਦਾ ਆਪਣੀਆਂ ਉਂਗਲਾਂ ਵੱਲ ਵੇਖੀ ਜਾ ਰਿਹਾ ਸੀ। ਅਤੇ ਬੜੀ ਇਕਾਗਰਤਾ ਨਾਲ਼ ਆਪਣੀਆਂ ਉਂਗਲਾਂ ਦੀ ਹਰਕਤ ਵੇਖ ਰਿਹਾ ਸੀ। ਵੋਲੋਸਤ ਦਾ ਮੁਖੀ, ਜਿਸਨੇ ਆਪਣੀ ਗੋਗੜ ਚੰਗੀ ਤਰ੍ਹਾਂ ਆਪਣੇ ਗੋਡਿਆਂ ਉੱਤੇ ਟਿਕਾ ਲਈ ਸੀ ਅਤੇ ਇਹਦੇ ਦੁਆਲੇ ਆਪਣੀਆਂ ਬਾਹਾਂ ਵਲ ਲਈਆਂ ਸਨ, ਇੱਕੋ-ਇੱਕ ਬੰਦਾ ਜਾਪਦਾ ਸੀ ਜਿਹੜਾ ਅਵਾਜ਼ਾਂ ਦੀ ਅਕਾਊ ਗੂੰਜ ਸੁਣ ਰਿਹਾ ਸੀ, ਜੇ ਬੁੱਢੇ ਬੰਦੇ ਨੂੰ, ਜਿਹੜਾ ਹਵਾ ਤੋਂ ਬਿਨਾਂ ਦਿਨ ਨੂੰ ਪੌਣ-ਕੁੱਕੜ ਵਾਂਗ ਅਹਿਲ ਬੈਠਾ ਸੀ, ਇਸ ਮਾਣ ਦਾ ਭਾਗੀ ਸਮਝਿਆ ਜਾ ਸਕਦਾ ਸੀ। ਇਹ ਗੱਲ ਇੰਨਾ ਚਿਰ ਚਲਦੀ ਰਹੀ ਕਿ ਸ੍ਰੋਤੇ ਅਕੇਵੇਂ ਨਾਲ਼ ਕੰਬ ਗਏ।

"ਮੈਂ ਐਲਾਨ ਕਰਦਾ ਹਾਂ।..." ਬੁੱਢੇ ਨੇ ਖੜੇ ਹੋ ਕੇ ਕਿਹਾ। ਉਹਦੇ ਬਾਕੀ ਲਫ਼ਜ਼ ਉਹਦੇ ਪਤਲੇ ਹੋਠਾਂ ਪਿੱਛੇ ਗਡ-ਮਡ ਹੋ ਗਏ।

ਹਉਕੇ, ਕੂਕਾਂ, ਖੰਘ ਅਤੇ ਪੈਰਾਂ ਦੀ ਘਸਰ ਸੁਣੀ ਜਾ ਸਕਦੀ ਸੀ। ਕੈਦੀਆਂ ਨੂੰ ਬਾਹਰ ਲਿਜਾਇਆ ਗਿਆ। ਉਹ ਮੁਸਕਰਾਏ ਅਤੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਵੇਖ ਕੇ ਸਿਰ ਹਿਲਾਇਆ।

"ਯੇਗੋਰ, ਦਿਲ ਨਾ ਹਾਰੀਂ!..." ਈਵਾਨ ਗੁਸੇਵ ਨੇ ਅਵਾਜ਼ ਦਿੱਤੀ।

ਮਾਂ ਅਤੇ ਸਿਜ਼ੋਵ ਬਾਹਰ ਲਾਂਘੇ ਵਿੱਚ ਗਏ।

"ਅਸੀਂ ਸਰਾਂ ਵਿੱਚ ਜਾ ਕੇ ਚਾਹ ਦਾ ਪਿਆਲਾ ਪੀਵੀਏ?" ਬੁੱਢੇ ਨੇ ਸੋਚਦੇ ਅਤੇ ਵਿਚਾਰਦੇ ਹੋਏ ਪੁੱਛਿਆ। "ਸਾਡੇ ਕੋਲ਼ ਡੇਢ ਘੰਟਾ ਏ।"

"ਸੱਚੀਂ ਮੇਰਾ ਜੀਅ ਨਹੀਂ ਕਰਦਾ।"

"ਨਾ ਹੀ ਮੇਰਾ ਕਰਦੈ। ਉਹਨਾਂ ਮੁੰਡਿਆਂ ਬਾਰੇ ਤੇਰਾ ਕੀ ਖ਼ਿਆਲ ਏ, ਹੈਂ? ਉਹ ਤਾਂ ਉੱਥੇ ਇਉਂ ਬੈਠੇ ਨੇ ਜਿਵੇਂ ਦੁਨੀਆਂ ਵਿੱਚ ਬਸ ਉਹੀਓ ਹੋਣ ਅਤੇ ਬਾਕੀ ਸਾਰਿਆਂ ਦਾ ਕੋਈ ਮੁੱਲ ਨਹੀਂ। ਉਹ ਫ਼ਿਓਦੋਰ!"

ਸਮੋਈਲੋਵ ਦਾ ਪਿਓ ਆਇਆ, ਉਹਨੇ ਆਪਣਾ ਹੈਟ ਹੱਥਾਂ ਵਿੱਚ ਫੜਿਆ ਹੋਇਆ ਸੀ।

"ਤੂੰ ਮੇਰੇ ਗ੍ਰਿਗੋਰੀ ਨੂੰ ਵੇਖਿਆ ਸੀ?" ਉਹਨੇ ਅਫ਼ਸੋਸੀ ਮੁਸਕਾਨ ਨਾਲ਼ ਕਿਹਾ। "ਉਹਨੇ ਸਫ਼ਾਈ ਦੇਣੋਂ ਨਾਂਹ ਕਰ ਦਿੱਤੀ ਅਤੇ ਉਹਨਾਂ ਨਾਲ਼ ਗੱਲ ਕਰਨ ਨੂੰ ਵੀ ਤਿਆਰ ਨਹੀਂ ਸੀ। ਸਭ ਤੋਂ ਪਹਿਲਾਂ ਉਹਨੇ ਹੀ ਅਜਿਹਾ ਕੀਤਾ। ਪੇਲਾਗੀਆ, ਤੇਰਾ ਪੁੱਤਰ ਵਕੀਲ ਕਰਨ ਦੇ ਹੱਕ ਵਿੱਚ ਸੀ, ਪਰ ਮੇਰੇ ਪੁੱਤਰ ਨੇ ਕਿਹਾ ਉੱਕਾ ਹੀ ਨਹੀਂ। ਉਸ ਤੋਂ ਪਿੱਛੋਂ ਚਾਰਾਂ ਨੇ ਨਾਂਹ ਕੀਤੀ।..."

ਉਹਦੀ ਘਰਵਾਲੀ ਉਹਦੇ ਕੋਲ਼ ਖੜੀ ਸੀ। ਅੱਥਰੂ ਰੋਕਣ ਲਈ ਉਹ ਅੱਖਾਂ ਝਮਕ ਰਹੀ ਸੀ ਅਤੇ ਆਪਣੇ ਰੁਮਾਲ ਦੀ ਨੁੱਕਰ ਨਾਲ਼ ਨੱਕ ਪੂੰਝੀ ਜਾਂਦੀ।

"ਬੜੀ ਅਜੀਬ ਗੱਲ ਏ," ਸਮੋਈਲੋਵ ਨੇ ਆਪਣੀ ਦਾੜ੍ਹੀ ਫੜ ਕੇ ਫ਼ਰਸ਼ ਵੱਲ ਝਾਕਦੇ ਹੋਏ ਕਿਹਾ। "ਜਦੋਂ ਤੁਸੀਂ ਉਹਨਾਂ ਵੱਲ ਵੇਖਦੇ ਓ, ਭੂਤਨਿਆਂ ਵੱਲ, ਤਾਂ ਤੁਸੀ ਇਹ ਸੋਚੇ ਬਿਨਾਂ ਨਹੀਂ ਰਹਿ ਸਕਦੇ ਕਿ ਇਹ ਬੜੀ ਮਾੜੀ ਗੱਲ ਏ ਉਹਨਾਂ ਆਪਣੇ ਆਪ ਨੂੰ ਇਸ ਮੁਸੀਬਤ

ਵਿੱਚ ਫਸਾ ਲਿਐ। ਪਰ ਫਿਰ ਤੁਸੀਂ ਸੋਚਦੇ ਓ ਸ਼ੈਦ ਅਖ਼ੀਰ ਉਹ ਠੀਕ ਨੇ! ਖ਼ਾਸ ਤੌਰ 'ਤੇ ਜਦੋਂ ਤੁਸੀਂ ਵੇਖਦੇ ਓ ਕਿ ਕਾਰਖ਼ਾਨੇ ਵਿੱਚ ਉਹਨਾਂ ਦੀ ਗਿਣਤੀ ਵੱਧਦੀ ਈ ਜਾਂਦੀ ਏ। ਪੁਲੀਸ ਇੱਕ ਤੋਂ ਪਿੱਛੋਂ ਦੂਜੇ ਨੂੰ ਫੜਦੀ ਏ, ਪਰ ਉਹ ਪਾਣੀ ਵਿੱਚ ਪੂੰਗ ਵਾਂਗ ਵਧੀ ਈ ਜਾਂਦੇ ਨੇ। ਤੁਸੀਂ ਸੋਚਣ ਲੱਗ ਪੈਂਦੇ ਓ ਸ਼ੈਦ ਤਾਕਤ ਉਹਨਾਂ ਵੱਲ ਏ।"

"ਸਾਡੇ ਲਈ ਤਾਂ ਇਹਦਾ ਸਿਰ ਪੈਰ ਸਮਝਣਾ ਔਖਾ ਏ, ਸਤੀਪਾਨ ਪੀਤਰੋਵਿਚ," ਸਿਜ਼ੋਵ ਨੇ ਕਿਹਾ।

"ਹਾਂ ਇਹ ਔਖਾ ਏ," ਸਮੋਈਲੋਵ ਨੇ ਹਾਮੀ ਭਰੀ।

"ਉਹ ਹੈਨ ਤਾਂ ਬੜੀ ਨਰੋਈ ਜੁੰਡੀ, ਸਹੁਰੇ ਭੂਤਨੇ," ਉਹਦੀ ਘਰਵਾਲੀ ਨੇ ਉੱਚੀ ਸੜ੍ਹਕਾ ਮਾਰ ਕੇ ਕਿਹਾ।

ਫਿਰ ਆਪਣੇ ਚੌੜੇ ਮੋਟੇ ਮੂੰਹ ਉੱਤੇ ਮੁਸਕਾਨ ਲਿਆ ਕੇ ਉਹ ਮਾਂ ਵੱਲ ਮੁੜੀ।

"ਨਿਲੋਵਨਾ, ਮੇਰੇ ਨਾਲ਼ ਗੁੱਸੇ ਨਾ ਹੋਵੀਂ," ਉਹਨੇ ਕਿਹਾ। "ਥੋੜ੍ਹਾ ਚਿਰ ਪਹਿਲਾਂ ਮੈਂ ਤੇਰੇ ਪੁੱਤਰ ਸਿਰ ਇਸ ਸਭ ਕੁਝ ਦਾ ਦੋਸ਼ ਥੱਪਿਆ ਸੀ। ਪਰ ਕਿਸ ਕੁੱਤੇ ਨੂੰ ਪਤੈ ਕਿਸਦਾ ਕਸੂਰ ਸਭ ਤੋਂ ਵੱਧ ਏ। ਤੂੰ ਸੁਣਿਆ ਜੈਨਡਾਰਮਾਂ ਅਤੇ ਜਾਸੂਸਾਂ ਨੇ ਗ੍ਰਿਗੋਰੀ ਬਾਰੇ ਕੀ ਕਿਹਾ? ਉਹਨੇ ਵੀ ਕੋਈ ਕਸਰ ਨਹੀਂ ਛੱਡੀ, ਸੁਰਖੇ ਭੌਂਦੂ ਨੇ।"

ਸ਼ਾਇਦ ਆਪਣੀ ਭਾਵਨਾ ਨੂੰ ਸਮਝੇ ਬਗ਼ੈਰ ਉਹਨੂੰ ਆਪਣੇ ਪੁੱਤਰ ਉੱਤੇ ਮਾਣ ਸੀ, ਪਰ ਮਾਂ ਇਸਨੂੰ ਸਮਝਦੀ ਸੀ ਅਤੇ ਉਹਨੇ ਦਿਆਲ ਮੁਸਕਾਨ ਅਤੇ ਦਿਲੋਂ ਕਹੀ ਗੱਲ ਨਾਲ਼ ਜਵਾਬ ਦਿੱਤਾ।

"ਜਵਾਨ ਦਿਲ ਸਦਾ ਸੱਚ ਨੂੰ ਛੇਤੀ ਕਬੂਲ ਕਰ ਲੈਂਦੇ ਨੇ।..."

ਲੋਕ ਲਾਂਘਿਆਂ ਵਿੱਚ ਇੱਧਰ-ਉੱਧਰ ਘੁੰਮ ਰਹੇ ਸਨ, ਨੀਵੀਆਂ, ਉਤੇਜਤ ਅਵਾਜ਼ਾਂ ਵਿੱਚ ਗੱਲਾਂ ਕਰਦੇ ਟੋਲੀਆਂ ਬਣ ਕੇ। ਲਗਭਗ ਕੋਈ ਵੀ ਇਕੱਲਾ ਖੜਾ ਨਹੀਂ ਸੀ ਅਤੇ ਸਾਰੇ ਮੂੰਹ ਗੱਲ ਕਰਨ, ਸਵਾਲ ਪੁੱਛਣ, ਅਤੇ ਹੋਰ ਲੋਕ ਜੋ ਕੁਝ ਕਹਿੰਦੇ ਸਨ ਉਹ ਸੁਣਨ ਲਈ ਉਤਾਵਲ ਪ੍ਰਗਟ ਕਰਦੇ ਸਨ। ਉਹ ਕੰਧਾਂ ਵਿਚਕਾਰ ਤੰਗ, ਚਿੱਟੀ ਗਲ਼ੀ ਵਿੱਚ ਇਉਂ ਇੱਧਰ-ਉਧਰ ਫਿਰਦੇ ਜਿਵੇਂ ਤੇਜ਼ ਹਵਾ ਉਹਨਾਂ ਨੂੰ ਇੱਧਰ-ਉੱਧਰ ਉਡਾ ਰਹੀ ਹੋਵੇ ਅਤੇ ਇਉਂ ਜਾਪਦਾ ਉਹ ਕਿਸੇ ਨਿੱਗਰ ਸ਼ੈਅ ਨੂੰ ਢੂੰਡ ਰਹੇ ਸਨ, ਜਿਸ ਨਾਲ਼ ਉਹ ਆਪਣੇ ਆਪ ਨੂੰ ਜਕੜ ਲੈਣ।

ਬੂਕਿਨ ਦਾ ਵੱਡਾ ਭਰਾ, ਜਿਹੜਾ ਉਹਦੇ ਵਾਂਗ ਹੀ ਸਾਫ਼ ਰੰਗ ਦਾ ਲੰਮਾ ਬੰਦਾ ਸੀ, ਕੁਝ ਸਾਬਤ ਕਰਨ ਦਾ ਜਤਨ ਕਰਦੇ ਹੋਏ ਜ਼ੋਰ-ਜ਼ੋਰ ਨਾਲ਼ ਆਪਣੀਆਂ ਬਾਹਾਂ ਹਿਲਾ ਰਿਹਾ ਸੀ।

"ਉਹ ਕਲੇਪਾਨੋਵ, ਵੋਲੋਸਤ ਦਾ ਮੁਖੀ, ਉਹਦਾ ਇੱਥੇ ਕੋਈ ਕੰਮ ਨਹੀਂ।..."

"ਕੋਨਸਤਨਤਿਨ, ਮੂੰਹ ਬੰਦ ਰੱਖ," ਬੁੱਢੇ ਨਿੱਕੇ ਬੰਦੇ ਨੇ, ਜਿਹੜਾ ਉਹਦਾ ਪਿਉ ਸੀ, ਇੱਧਰ-ਉੱਧਰ ਸੋਘੀ ਨਜ਼ਰਾਂ ਨਾਲ਼ ਵੇਖਦੇ ਹੋਏ ਕਿਹਾ।

"ਨਹੀਂ, ਮੈਂ ਮੂੰਹ ਬੰਦ ਨਹੀਂ ਰੱਖਾਂਗਾ! ਅਵਾਈਆਂ ਫੈਲੀਆਂ ਨੇ ਕਿ ਉਹਨੇ ਪਿਛਲੇ ਵਰ੍ਹੇ ਉਹਦੀ ਘਰਵਾਲੀ ਲਈ ਆਪਣੇ ਇੱਕ ਕਲਰਕ ਨੂੰ ਕਤਲ ਕਰ ਦਿੱਤਾ ਤੇ ਹੁਣ ਉਹਦੀ ਘਰਵਾਲੀ ਨਾਲ਼ ਰਹਿ ਰਿਹੈ। ਇਸ ਬਾਰੇ ਤੁਸੀਂ ਕੀ ਕਹਿੰਦੇ ਹੋ? ਨਾਲ਼ੇ ਸਭਨਾਂ ਨੂੰ ਪਤੈ, ਉਹ

ਚੋਰ ਏ।..."

"ਰੱਬ ਦਾ ਵਾਸਤਾ ਈ, ਕੋਨਸਤਨਤਿਨ!"

"ਠੀਕ ਏ," ਸਮੋਈਲੋਵ ਨੇ ਕਿਹਾ। "ਇਹ ਠੀਕ ਹੈ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸੁਣਵਾਈ ਮੁਨਸਫ਼ੀ ਹੋਈ ਏ।..."

ਬੂਕਿਨ ਨੇ ਇਹ ਗੱਲ ਸੁਣੀ ਅਤੇ ਉਸ ਕੋਲ਼ ਆ ਗਿਆ, ਬਾਕੀਆਂ ਨੂੰ ਆਪਣੇ ਨਾਲ਼ ਖਿੱਚਦਾ। ਉਹਦਾ ਮੂੰਹ ਲਾਲ ਸੀ ਅਤੇ ਉਹ ਆਪਣੀਆਂ ਬਾਹਾਂ ਹਿਲਾ ਰਿਹਾ ਸੀ।

"ਜੇ ਮਾਮਲਾ ਕਤਲ ਜਾਂ ਚੋਰੀ ਦਾ ਹੋਵੇ ਲੋਕਾਂ ਉੱਤੇ ਮੁਕੱਦਮਾ ਜਿਊਰੀ* ਸੁਣਦੀ ਏ — ਆਮ ਲੋਕ — ਕਿਸਾਨ, ਸ਼ਹਿਰੀ," ਉਹ ਚਿਲਾਇਆ। "ਪਰ ਜਦੋਂ ਲੋਕ ਹਾਕਮਾਂ ਦੇ ਖ਼ਿਲਾਫ਼ ਜਾਣ ਤਾਂ ਹਾਕਮ ਆਪ ਉਹਨਾਂ ਦੇ ਖ਼ਿਲਾਫ਼ ਮੁਕੱਦਮਾ ਸੁਣਦੇ ਨੇ! ਇਹਨੂੰ ਤੁਸੀਂ ਕੀ ਕਹੋਗੇ? ਜੇ ਤੁਸੀਂ ਮੇਰੀ ਬੇਇੱਜ਼ਤੀ ਕਰੋ ਤੇ ਮੈਂ ਤੁਹਾਨੂੰ ਇੱਕ ਜੜ ਦਿੱਤਾ ਤੇ ਤੁਸੀਂ ਹੀ ਫ਼ੈਸਲਾ ਕਰਨਾ ਹੋਵੇ ਤਾਂ ਤੁਸੀਂ ਜ਼ਰੂਰ ਹੀ ਮੈਨੂੰ ਦੋਸ਼ੀ ਠਹਿਰਾਓਗੇ। ਪਰ ਪਹਿਲਾਂ ਦੋਸ਼ ਕਿਸਦਾ ਸੀ? ਤੁਹਾਡਾ!"

ਧੌਲੇ ਵਾਲਾਂ ਅਤੇ ਤੋਤਾ-ਚੁੰਝ ਨੱਕ ਵਾਲ਼ੇ ਇੱਕ ਪਹਿਰੇਦਾਰ ਨੇ, ਜਿਸਦੀ ਛਾਤੀ ਤਮਗ਼ਿਆਂ ਨਾਲ਼ ਭਰੀ ਹੋਈ ਸੀ, ਇਕੱਠ ਨੂੰ ਖਿੰਡਾ ਦਿੱਤਾ ਅਤੇ ਬੂਕਿਨ ਵੱਲ ਉਂਗਲ ਹਿਲਾਈ।

"ਖੱਪ ਬੰਦ ਕਰੋ। ਇਹ ਸ਼ਰਾਬਖ਼ਾਨਾ ਨਹੀਂ!" ਉਹਨੇ ਕਿਹਾ।

"ਉਹ ਤਾਂ ਠੀਕ ਏ, ਸਾਹਿਬ ਜੀ। ਮੈਂ ਸਮਝਨਾਂ। ਪਰ ਜੇ ਮੈਂ ਤੈਨੂੰ ਕੁੱਟਾਂ ਤੇ ਫਿਰ ਮੈਂ ਹੀ ਜੱਜ ਹੋਵਾਂ, ਤੇਰਾ ਕੀ ਖ਼ਿਆਲ ਏ।..."

"ਮੇਰਾ ਖ਼ਿਆਲ ਏ ਚੰਗਾ ਹੋਵੇ ਮੈਂ ਤੈਨੂੰ ਇੱਥੋਂ ਕੱਢ ਦਿਆਂ, ਇਹੋ ਠੀਕ ਰਹੇਗਾ!" ਪਹਿਰੇਦਾਰ ਨੇ ਧਮਕੀ ਨਾਲ਼ ਕਿਹਾ।

"ਮੈਨੂੰ ਕੱਢ ਦੇਵੇਂ? ਕਾਹਦੇ ਲਈ?"

"ਇੰਨੀ ਡੰਡ ਪਾਉਣ ਲਈ। ਤੈਨੂੰ ਸੜਕ 'ਤੇ ਧੱਕ ਦਿਆਂ।"

ਬੂਕਿਨ ਨੇ ਆਪਣੇ ਆਲੇ-ਦੁਆਲੇ ਲੋਕਾਂ ਵੱਲ ਵੇਖਿਆ।

"ਉਹ ਤਾਂ ਬਸ ਲੋਕਾਂ ਦੇ ਮੂੰਹ ਹੀ ਬੰਦ ਕਰਨਾ ਚਾਹੁੰਦੇ ਨੇ!" ਉਹਨੇ ਦਬੀ ਅਵਾਜ਼ ਵਿੱਚ ਕਿਹਾ।

"ਜ਼ਰੂਰ। ਤੇਰਾ ਕੀ ਖ਼ਿਆਲ ਏ?" ਬੁੱਢਾ ਖਰ੍ਹਵੀ ਤਰ੍ਹਾਂ ਅਤੇ ਕਰੜਾਈ ਨਾਲ਼ ਬੋਲਿਆ।

ਬੂਕਿਨ ਨੇ ਆਪਣੇ ਮੋਢੇ ਸੰਗੋੜੇ ਅਤੇ ਵਧੇਰੇ ਨੀਵੀਂ ਅਵਾਜ਼ ਵਿੱਚ ਬੋਲਣ ਲੱਗ ਪਿਆ।

"ਤੇ ਆਮ ਲੋਕਾਂ ਨੂੰ ਮੁਕੱਦਮਾ ਕਿਉਂ ਨਾ ਸੁਣਨ ਦਿੱਤਾ ਜਾਵੇ। ਸਿਰਫ਼ ਰਿਸ਼ਤੇਦਾਰ ਈ ਕਿਉਂ? ਜੇ ਤੁਹਾਡਾ ਮੁਕੱਦਮਾ ਮੁਨਸਫ਼ੀ ਏ ਤਾਂ ਸਭ ਨੂੰ ਆਉਣ ਦਿਓ! ਤੁਸੀਂ ਡਰਦੇ ਕਾਹਦੇ ਤੋਂ ਹੋ?"

---

* ਯੂਰਪ ਅਤੇ ਅਮਰੀਕਾ ਵਿੱਚ ਫ਼ੌਜਦਾਰੀ ਮੁਕੱਦਮੇ ਦੀ ਸੁਣਵਾਈ ਜੱਜ ਅਤੇ ਬਾਰ੍ਹਾਂ ਆਮ ਸ਼ਹਿਰੀਆਂ ਦੀ ਜਿਊਰੀ ਸਾਹਮਣੇ ਹੁੰਦੀ ਹੈ। ਮੁਲਜ਼ਮ ਦੇ ਦੋਸ਼ੀ ਜਾਂ ਨਿਰੋਦਸ਼ ਹੋਣ ਦਾ ਫ਼ੈਸਲਾ ਜੱਜ ਨਹੀਂ ਕਰਦਾ, ਜਿਊਰੀ ਕਰਦੀ ਹੈ। — **ਅਨੁ:**

"ਸੁਣਵਾਈ ਮੁਨਸਫ਼ੀ ਨਹੀਂ, ਇਹਦੇ ਬਾਰੇ ਤਾਂ ਕੋਈ ਸ਼ੱਕ ਨਹੀਂ," ਸਮੋਈਲੋਵ ਨੇ ਉੱਚੀ ਅਵਾਜ਼ ਵਿੱਚ ਜ਼ੋਰ ਦੇ ਕੇ ਕਿਹਾ।

ਨਿਕੋਲਾਈ ਨੇ ਮੁਕੱਦਮੇ ਬਾਰੇ ਜੋ ਕਿਹਾ ਸੀ ਮਾਂ ਉਹ ਉਹਨੂੰ ਦੱਸਣਾ ਚਾਹੁੰਦੀ ਸੀ, ਪਰ ਉਹਨੂੰ ਸਾਰੀ ਗੱਲ ਦੀ ਸਮਝ ਨਹੀਂ ਸੀ ਆਈ ਤੇ ਉਹ ਕੁਝ ਲਫ਼ਜ਼ ਭੁੱਲ ਗਈ ਸੀ। ਉਹਨਾਂ ਨੂੰ ਯਾਦ ਕਰਨ ਦਾ ਜਤਨ ਕਰਦੀ ਹੋਈ ਉਹ ਇੱਕ ਪਾਸੇ ਚਲੀ ਗਈ ਅਤੇ ਵੇਖਿਆ ਕਿ ਕੱਕੀਆਂ ਮੁੱਛਾਂ ਵਾਲ਼ਾ ਇੱਕ ਨੌਜਵਾਨ ਉਹਨੂੰ ਧਿਆਨ ਨਾਲ਼ ਵੇਖ ਰਿਹਾ ਸੀ। ਆਪਣਾ ਸੱਜਾ ਹੱਥ ਉਹਨੇ ਆਪਣੀ ਪਤਲੂਨ ਦੀ ਜੇਬ ਵਿੱਚ ਪਾਈ ਰੱਖਿਆ ਅਤੇ ਇਹ ਉਹਦੇ ਖੱਬੇ ਮੋਢੇ ਨੂੰ ਸੱਜੇ ਮੋਢੇ ਨਾਲ਼ੋਂ ਕੁਝ ਨੀਵਾਂ ਕਰ ਦੇਂਦਾ, ਤੇ ਪਤਾ ਨਹੀਂ ਇਹ ਖ਼ਾਸੀਅਤ ਉਹਨੂੰ ਜਾਣੀ ਪਛਾਣੀ ਲੱਗਦੀ। ਪਰ ਉਹਨੇ ਮਾਂ ਵੱਲ ਪਿੱਠ ਕਰ ਲਈ ਅਤੇ ਆਪਣੇ ਹੀ ਖ਼ਿਆਲਾਂ ਵਿੱਚ ਮਗਨ ਉਹ ਛੇਤੀ ਉਹਨੂੰ ਭੁੱਲ ਗਈ।

ਪਰ ਇੱਕ ਮਿੰਟ ਪਿੱਛੋਂ ਉਹਨੇ ਕਿਸੇ ਨੂੰ ਹੌਲ਼ੀ ਜਿਹੇ ਪੁੱਛਦੇ ਸੁਣਿਆ:

"ਉਹ ?"

ਅਤੇ ਕਿਸੇ ਨੇ ਖੁਸ਼ੀ ਨਾਲ਼ ਅਤੇ ਉੱਚੀ ਅਵਾਜ਼ ਵਿੱਚ ਜਵਾਬ ਦਿੱਤਾ:

"ਹਾਂ।"

ਉਹਨੇ ਮੁੜ ਕੇ ਵੇਖਿਆ। ਉੱਚੇ ਮੋਢੇ ਵਾਲ਼ਾ ਬੰਦਾ ਮਾਂ ਵੱਲ ਮੋਢਾ ਮੋੜ ਕੇ ਖੜੇ ਕਾਲ਼ੀ ਦਾੜ੍ਹੀ ਵਾਲ਼ੇ ਇੱਕ ਹੋਰ ਬੰਦੇ ਨਾਲ਼ ਗੱਲ ਕਰ ਰਿਹਾ ਸੀ, ਜਿਸਨੇ ਨਿੱਕਾ ਕੋਟ ਅਤੇ ਗੋਡਿਆਂ ਤੱਕ ਬੂਟ ਪਹਿਨੇ ਹੋਏ ਸਨ।

ਪ੍ਰੇਸ਼ਾਨ ਹੋ ਕੇ ਉਹਨੇ ਯਾਦ ਕਰਨ ਦਾ ਜਤਨ ਕੀਤਾ ਕਿ ਉਹਨੇ ਉਹਨੂੰ ਕਿੱਥੇ ਵੇਖਿਆ ਸੀ, ਪਰ ਯਾਦ ਨਾ ਕਰ ਸਕੀ। ਉਹਦੇ ਮਨ ਵਿੱਚ ਇਹ ਅਮੋੜ ਇੱਛਾ ਸੀ ਕਿ ਉਹ ਲੋਕਾਂ ਨੂੰ ਆਪਣੇ ਪੁੱਤਰ ਦੇ ਕਾਜ਼ ਬਾਰੇ ਦੱਸੇ। ਉਹ ਜਾਣਨਾ ਚਾਹੁੰਦੀ ਸੀ ਕਿ ਉਹ ਉਹਦੇ ਖ਼ਿਲਾਫ਼ ਕੀ ਕਹਿਣਗੇ ਤਾਂ ਜੁ ਉਹ ਅੰਦਾਜ਼ਾ ਲਾ ਸਕੇ ਫ਼ੈਸਲਾ ਕੀ ਹੋਵੇਗਾ।

"ਇਹ ਮੁਕੱਦਮਾ ਸੁਣਨ ਦਾ ਕੋਈ ਢੰਗ ਏ ?" ਉਹਨੇ ਸਿਜ਼ੋਵ ਨਾਲ਼ ਗੱਲ ਕਰਦਿਆਂ ਸਾਵਧਾਨੀ ਨਾਲ਼ ਕਿਹਾ। "ਉਹ ਤਾਂ ਆਪਣਾ ਸਾਰਾ ਸਮਾਂ ਬਸ ਇਹ ਪਤਾ ਕਰਨ 'ਤੇ ਲਾਉਂਦੇ ਨੇ ਕਿ ਕਿਸ ਨੇ ਕੀ ਕੀਤਾ, ਇਸ ਗੱਲ ਵੱਲ ਉੱਕਾ ਹੀ ਧਿਆਨ ਦਿੱਤੇ ਬਿਨਾਂ ਕਿ ਉਹਨਾਂ ਅਜਿਹਾ ਕਿਉਂ ਕੀਤਾ। ਤੇ ਉਹ ਸਾਰੇ ਬੁੱਢੇ ਨੇ। ਜਵਾਨਾਂ ਦਾ ਮੁਕੱਦਮਾ ਜਵਾਨਾਂ ਨੂੰ ਸੁਣਨਾ ਚਾਹੀਦੈ।..."

"ਉਹਨਾਂ ਨੂੰ ਸੁਣਨਾ ਚਾਹੀਦੈ," ਸਿਜ਼ੋਵ ਨੇ ਹਾਮੀ ਭਰੀ। "ਸਾਡੇ ਲਈ ਅਜਿਹੀਆਂ ਗੱਲਾਂ ਸਮਝਣਾ ਔਖਾ ਏ। " ਉਹਨੇ ਸੋਚਦੇ ਹੋਏ ਆਪਣਾ ਸਿਰ ਹਿਲਾਇਆ।

ਪਹਿਰੇਦਾਰ ਨੇ ਅਦਾਲਤ ਦੇ ਕਮਰੇ ਦਾ ਦਰਵਾਜ਼ਾ ਖੋਹਲਿਆ।

"ਰਿਸ਼ਤੇਦਾਰੋ, ਆਪਣੀਆਂ ਟਿਕਟਾਂ ਵਿਖਾਓ!" ਉਹ ਉੱਚੀ ਜਿਹੇ ਬੋਲਿਆ।

"ਟਿਕਟਾਂ!" ਕਿਸੇ ਨੇ ਗ਼ੁਸੈਲੀ ਟਿੱਪਣੀ ਕੀਤੀ। "ਜਿਵੇਂ ਸਰਕਸ ਹੋਵੇ!"

ਲੋਕਾਂ ਵਿੱਚ ਇੱਕ ਧੁੰਦਲੀ ਜਿਹੀ ਖਿਝ ਵੇਖੀ ਜਾ ਸਕਦੀ ਸੀ। ਉਹ ਵਧੇਰੇ ਗੱਲਾਂ ਕਰ

ਰਹੇ ਸਨ ਅਤੇ ਉਹਨਾਂ ਵਿੱਚ ਖਿਚਾਅ ਘੱਟ ਸੀ ਅਤੇ ਉਹ ਪਹਿਰੇਦਾਰਾਂ ਨਾਲ਼ ਬਹਿਸਦੇ ਰਹੇ।

## 25

ਸਿਜ਼ੋਵ ਨੇ ਬੈਂਚ ਉੱਤੇ ਆਪਣੀ ਥਾਂ ਬਹਿੰਦੇ ਹੋਏ ਕੁਝ ਬੁੜ-ਬੁੜ ਕੀਤੀ।

"ਕੀ ਕਿਹਾ ?" ਮਾਂ ਨੇ ਪੁੱਛਿਆ।

"ਕੋਈ ਖ਼ਾਸ ਗੱਲ ਨਹੀਂ। ਲੋਕ ਬੇਵਕੂਫ਼ ਨੇ।..."

ਘੰਟੀ ਵੱਜੀ। ਕਿਸੇ ਨੇ ਬੇਪਰਵਾਹੀ ਨਾਲ਼ ਐਲਾਨ ਕੀਤਾ:

"ਅਦਾਲਤ ਵਿੱਚ ਮੌਜੂਦ ਸਭ ਸਾਵਧਾਨ ਹੋ ਜਾਓ।...

ਸਭ ਇੱਕ ਵਾਰ ਫਿਰ ਖੜੇ ਹੋ ਗਏ ਤੇ ਜੱਜ ਅੰਦਰ ਆਏ ਅਤੇ ਪਹਿਲੀ ਤਰਤੀਬ ਨਾਲ਼ ਹੀ ਆਪਣੀਆਂ ਥਾਵਾਂ 'ਤੇ ਬਹਿ ਗਏ। ਕੈਦੀਆਂ ਨੂੰ ਉਹਨਾਂ ਦੀਆਂ ਥਾਵਾਂ 'ਤੇ ਲਿਆਇਆ ਗਿਆ।

"ਹੁਣ ਹਿੰਮਤ ਕਰ!" ਸਿਜ਼ੋਵ ਨੇ ਹੌਲ਼ੀ ਜਿਹੇ ਕਿਹਾ। "ਸਰਕਾਰੀ ਵਕੀਲ ਆਪਣੀ ਤਕਰੀਰ ਸ਼ੁਰੂ ਕਰਨ ਲੱਗੇ।"

ਮਾਂ ਨੇ ਕਿਸੇ ਭਿਆਨਕ ਗੱਲ ਦੇ ਵਾਪਰਨ ਦੀ ਉਡੀਕ ਵਿੱਚ ਆਪਣਾ ਸਾਰਾ ਸਰੀਰ ਅੱਗੇ ਝੁਕਾ ਲਿਆ।

ਸਰਕਾਰੀ ਵਕੀਲ ਜੱਜਾਂ ਦੇ ਸੱਜੇ ਹੱਥ ਖੜਾ ਸੀ, ਉਹਦਾ ਮੂੰਹ ਉਹਨਾਂ ਵੱਲ ਮੁੜਿਆ ਹੋਇਆ ਸੀ, ਇੱਕ ਅਰਕ ਮੇਜ਼ ਉੱਤੇ ਸੀ। ਲੰਮਾ ਸਾਹ ਲੈ ਕੇ ਅਤੇ ਆਪਣਾ ਸੱਜਾ ਹੱਥ ਉਲਾਰ ਕੇ ਉਹਨੇ ਬੋਲਣਾ ਸ਼ੁਰੂ ਕਰ ਦਿੱਤਾ। ਮਾਂ ਨੂੰ ਉਹਦੇ ਪਹਿਲੇ ਲਫ਼ਜ਼ਾਂ ਦੀ ਸਮਝ ਨਾ ਆਈ। ਉਹਦੀ ਅਵਾਜ਼ ਚਲਦੀ ਗਈ, ਮੋਟੀ ਅਤੇ ਰਵਾਂ ਪਰ ਸਾਵੀਂ ਨਹੀਂ ਸੀ—ਕਦੀ ਉਹ ਤਿੱਖਾ ਬੋਲਦਾ, ਕਦੀ ਹੌਲ਼ੀ। ਕੁਝ ਚਿਰ ਉਹਦੇ ਲਫ਼ਜ਼ ਹੌਲੇ ਅਤੇ ਅਕਾਵੇ ਹੁੰਦੇ, ਮਿਹਨਤ ਨਾਲ਼ ਭਰੇ ਤਰੋਪੇ ਵਾਂਗ, ਫਿਰ ਅਚਾਨਕ ਖੰਡ ਦੀ ਡਲੀ ਦੁਆਲੇ ਮੱਖੀਆਂ ਵਾਂਗ ਉੱਭਰਦੇ ਅਤੇ ਚੱਕਰ ਕੱਟਦੇ। ਪਰ ਮਾਂ ਨੂੰ ਉਹਦੇ ਵਿੱਚ ਕੁਝ ਵੀ ਕੁਸ਼ਗਣਾ ਨਾ ਦਿਸਿਆ। ਉਹ ਕਮਰੇ ਵਿੱਚ ਤਰਦੇ ਰਹੇ, ਬਰਫ਼ ਵਾਂਗ ਠੰਢੇ ਅਤੇ ਸੁਆਹ ਵਾਂਗ ਭੂਰੇ ਅਤੇ ਬਾਰੀਕ, ਸੁੱਕੀ ਮਿੱਟੀ ਵਾਂਗ ਤੰਗ ਕਰਨ ਵਾਲ਼ੀ ਸ਼ੈਅ ਨਾਲ਼ ਇਹਨੂੰ ਹੌਲ਼ੀ-ਹੌਲ਼ੀ ਭਰਦੇ। ਉਹਦੀ ਤਕਰੀਰ, ਜਿਹੜੀ ਇੰਨੀ ਸੁਭਾਸ਼, ਇੰਨੀ ਜਜ਼ਬਿਆਂ ਤੋਂ ਖ਼ਾਲੀ ਸੀ, ਪਾਵੇਲ ਅਤੇ ਉਹਦੇ ਸਾਥੀਆਂ ਤੱਕ ਨਾ ਜਾਂਦੀ ਜਾਪਦੀ; ਸਾਫ਼ ਸੀ ਇਹਦਾ ਉਹਨਾਂ ਉੱਤੇ ਉੱਕਾ ਕੋਈ ਅਸਰ ਨਾ ਹੋਇਆ। ਉਹ ਬੈਠੇ ਰਹੇ, ਪਹਿਲਾਂ ਵਾਂਗ ਅਡੋਲ, ਹੌਲ਼ੀ-ਹੌਲ਼ੀ ਗੱਲਾਂ ਕਰਦੇ, ਕਈ ਵਾਰ ਮੁਸਕਰਾਉਂਦੇ, ਕਈ ਵਾਰ ਆਪਣਾ ਹਾਸਾ ਰੋਕਣ ਲਈ ਘੂਰੀ ਵੱਟਦੇ।

"ਉਹ ਝੂਠ ਬੋਲ ਰਿਹੈ," ਸਿਜ਼ੋਵ ਨੇ ਹੌਲ਼ੀ ਜਿਹੇ ਕਿਹਾ।

ਉਹਨੂੰ ਇਸ ਬਾਰੇ ਨਿਸ਼ਚਾ ਨਹੀਂ ਸੀ। ਸਰਕਾਰੀ ਵਕੀਲ ਬਿਨਾਂ ਛੋਟ ਸਭਨਾਂ ਮੁਲਜ਼ਮਾਂ ਉੱਤੇ ਦੋਸ਼ ਲਾ ਰਿਹਾ ਸੀ। ਪਾਵੇਲ ਬਾਰੇ ਬੋਲਣ ਤੋਂ ਪਿੱਛੋਂ ਉਹ ਫ਼ਿਓਦੋਰ ਬਾਰੇ ਬੋਲਣ ਲੱਗ ਪਿਆ ਅਤੇ ਜਦੋਂ ਫ਼ਿਓਦੋਰ ਬਾਰੇ ਗੱਲ ਮੁਕਾ ਲਈ ਤਾਂ ਬੂਕਿਨ ਵੱਲ ਮੁੜ ਪਿਆ। ਉਹ ਉਹਨਾਂ

ਸਭਨਾਂ ਨੂੰ ਬੜੀ ਸਫ਼ਾਈ ਨਾਲ਼ ਇੱਕੋ ਬੋਰੀ ਵਿੱਚ ਬੰਦ ਕਰਦਾ ਜਾਪਦਾ। ਪਰ ਮਾਂ ਉਹਦੇ ਲਫ਼ਜ਼ਾਂ ਦੇ ਰਸਮੀ ਅਰਥਾਂ 'ਤੇ ਸੰਤੁਸ਼ਟ ਨਹੀਂ ਸੀ, ਜਿਨ੍ਹਾਂ ਨਾ ਉਹਨੂੰ ਗੁੱਸੇ ਕੀਤਾ ਤੇ ਨਾ ਡਰਾਇਆ। ਉਹਨੂੰ ਅਜੇ ਵੀ ਕਿਸੇ ਡਰਾਉਣੀ ਗੱਲ ਦੀ ਉਡੀਕ ਸੀ ਅਤੇ ਉਹ ਉਹਦੇ ਲਫ਼ਜ਼ਾਂ ਤੋਂ ਪਰ੍ਹੇ ਇਹ ਢੂੰਡਦੀ ਰਹੀ — ਉਹਦੇ ਮੂੰਹ ਵਿੱਚ, ਉਹਦੀਆਂ ਅੱਖਾਂ ਵਿੱਚ, ਉਹਦੀ ਅਵਾਜ਼ ਵਿੱਚ, ਉਹਦੇ ਚਿੱਟੇ ਹੱਥ ਵਿੱਚ ਜਿਸ ਨਾਲ਼ ਉਹ ਕਦੀ ਕਦੀ ਕਾਹਲ ਕੀਤੇ ਬਗ਼ੈਰ ਇਸ਼ਾਰਾ ਕਰਦਾ। ਪਰ ਇਹਦੇ ਬਾਵਜੂਦ ਇਹਦੇ ਵਿੱਚ ਇੱਥੇ ਕੁਝ ਡਰਾਉਣਾ ਸੀ। ਉਹ ਜਾਣਦੀ ਸੀ ਕਿ ਇਹ ਸੀ, ਪਰ ਉਹ ਆਪਣੇ ਦਿਲ ਦੀ ਚਿਤਾਉਣੀ ਦੇ ਬਾਵਜੂਦ ਇਹਨੂੰ ਫੜ ਨਹੀਂ ਸੀ ਸਕਦੀ ਅਤੇ ਠੀਕ ਸ਼ਕਲ ਨਹੀਂ ਸੀ ਦੇ ਸਕਦੀ।

ਮਾਂ ਨੇ ਜੱਜਾਂ ਵੱਲ ਵੇਖਿਆ। ਉਹ ਤਾਂ ਤਕਰੀਰ ਤੋਂ ਬਸ ਅੱਕੇ ਹੀ ਹੋਏ ਸਨ। ਉਹਨਾਂ ਦੇ ਬੇਜਾਨ ਭੂਸਲੇ ਅਤੇ ਪੀਲ਼ੇ ਮੂੰਹਾਂ ਉੱਤੇ ਕੋਈ ਪ੍ਰਭਾਵ ਨਹੀ ਸੀ। ਸਰਕਾਰੀ ਵਕੀਲ ਦੇ ਲਫ਼ਜ਼ ਇੱਕ ਅੱਖਾਂ ਨੂੰ ਨਾ ਦਿੱਸਣ ਵਾਲ਼ੀ ਧੁੰਦ ਫੈਲਾ ਰਹੇ ਸਨ, ਜਿਹੜੀ ਜੱਜਾਂ ਦੁਆਲੇ ਗਾੜ੍ਹੀ ਹੋ ਜਾਂਦੀ, ਉਹਨਾਂ ਨੂੰ ਬੇਗ਼ਰਜ਼ੀ ਅਤੇ ਅਕਾਵੀਂ ਉਡੀਕ ਦੇ ਬੱਦਲ ਵਿੱਚ ਵਲ੍ਹੇਟਦੀ। ਵੱਡਾ ਜੱਜ ਸਿੱਧਾ ਆਕੜਿਆ ਬੈਠਾ ਸੀ ਅਤੇ ਕਦੀ-ਕਦੀ ਉਹਦੀ ਐਨਕ ਪਿੱਛੇ ਭੂਰੇ ਟਿਮਕਣੇ ਉਹਦੇ ਮੂੰਹ ਦੀ ਬੇਰੰਗ ਚੁੜਿੱਤਣ ਵਿੱਚ ਪਿਘਲ ਜਾਂਦੇ।

ਅਤੇ ਜਦੋਂ ਉਹਨੇ ਉਹ ਠੰਢੀ ਲਾਪ੍ਰਵਾਹੀ, ਭਾਵਹੀਣ ਵਖਰਤ ਵੇਖੀ ਤਾਂ ਉਹ ਆਪਣੇ ਆਪ ਤੋਂ ਇਹ ਪੁੱਛੇ ਬਿਨਾਂ ਨਾ ਰਹਿ ਸਕੀ:

"ਕੀ ਉਹ ਸੱਚ-ਮੁਚ ਇਨਸਾਫ਼ ਕਰਨ ਲਈ ਬੈਠੇ ਨੇ ?"

ਇਸ ਸਵਾਲ ਨੇ ਉਹਦਾ ਦਿਲ ਸੁਕੇੜ ਦਿੱਤਾ, ਹੌਲ਼ੀ-ਹੌਲ਼ੀ ਸਾਰਾ ਡਰ ਨਿਚੋੜ ਦਿੱਤਾ ਅਤੇ ਕੇਵਲ ਪੀੜ ਦਾ ਤਿੱਖਾ ਅਨੁਭਵ ਹੀ ਪਿੱਛੇ ਰਹਿਣ ਦਿੱਤਾ।

ਸਰਕਾਰੀ ਵਕੀਲ ਦੀ ਤਕਰੀਰ ਅਚਾਨਕ ਖ਼ਤਮ ਹੋ ਗਈ। ਉਹਨੇ ਕੁਝ ਅਖ਼ੀਰੀ ਟਾਂਕੇ ਲਾਏ, ਜੱਜਾਂ ਨੂੰ ਝੁਕ ਕੇ ਸਲਾਮ ਕੀਤੀ ਅਤੇ ਆਪਣੇ ਹੱਥ ਮਲਦਾ ਬਹਿ ਗਿਆ। ਰਾਠਾਂ ਦੇ ਮੁਖੀ ਨੇ ਉਹਦੇ ਵੱਲ ਵੇਖ ਕੇ ਸਿਰ ਹਿਲਾਇਆ ਅਤੇ ਅੱਖਾਂ ਘੁਮਾਈਆਂ; ਮੇਅਰ ਨੇ ਆਪਣਾ ਹੱਥ ਅੱਗੇ ਵੱਲ ਵਧਾਇਆ, ਜਦੋਂ ਕਿ ਵੋਲੋਸਤ ਦਾ ਮੁਖੀ ਬਸ ਆਪਣੀ ਗੋਗੜ ਵੱਲ ਵੇਖਦਾ ਅਤੇ ਮੁਸਕਰਾਉਂਦਾ ਰਿਹਾ।

ਪਰ ਜਾਪਦਾ ਸੀ ਕਿ ਜੱਜ ਤਕਰੀਰ 'ਤੇ ਖ਼ੁਸ਼ ਨਹੀਂ ਸਨ। ਉਹਨਾਂ ਕੋਈ ਹਿਲ-ਜੁਲ ਨਾ ਕੀਤੀ।

"ਹੁਣ," ਬੁੱਢੇ ਆਦਮੀ ਨੇ ਕਾਗ਼ਜ਼ ਆਪਣੇ ਮੂੰਹ ਅੱਗੇ ਕਰਦੇ ਹੋਏ ਕਿਹਾ, "ਅਦਾਲਤ ਫ਼ੇਦੋਸੇਯੇਵ, ਮਾਰਕੋਵ ਤੇ ਜ਼ਾਗਾਰੋਵ ਦੇ ਵਕੀਲ ਦੀਆਂ ਸਫ਼ਾਈ ਦੀਆਂ ਦਲੀਲਾਂ ਸੁਣੇਗੀ।"

ਮਾਂ ਨੇ ਜਿਹੜੇ ਵਕੀਲ ਨੂੰ ਨਿਕੋਲਾਈ ਦੇ ਘਰ ਵੇਖਿਆ ਸੀ ਉਹ ਖੜਾ ਹੋਇਆ। ਉਹਦਾ ਮੂੰਹ ਚੌੜਾ ਅਤੇ ਸੁਲੱਗ ਸੀ, ਉਹਦੀਆਂ ਅੱਖਾਂ ਨਿੱਕੀਆਂ-ਨਿੱਕੀਆਂ ਸਨ, ਜਿਹੜੀਆਂ ਇਉਂ ਚਮਕਦੀਆਂ ਜਿਵੇਂ ਉਹਦੇ ਲਾਲ ਭਾਹ ਮਾਰਦੇ ਭਰਵੱਟਿਆਂ ਹੇਠੋਂ ਦੋ ਤਿੱਖੀਆਂ ਛੁਰੀਆਂ ਨਿਕਲੀਆਂ ਹੋਣ, ਜਿਹੜੀਆਂ ਹਵਾ ਨੂੰ ਕੈਂਚੀ ਵਾਂਗ ਕੱਟਦੀਆਂ। ਉਹ ਉੱਚੀ-ਉੱਚੀ ਅਤੇ

ਸਾਫ਼ ਅਤੇ ਕਾਹਲ ਤੋਂ ਬਿਨਾਂ ਬੋਲ ਰਿਹਾ ਸੀ, ਪਰ ਮਾਂ ਨੂੰ ਉਹਦੀ ਤਕਰੀਰ ਦੀ ਸਮਝ ਨਹੀਂ ਸੀ ਆ ਰਹੀ।

"ਸਮਝਦੀ ਏਂ ਉਹ ਕੀ ਕਹਿ ਰਿਹੈ ?" ਸਿਜ਼ੋਵ ਨੇ ਮਾਂ ਦੇ ਕੰਨ ਵਿੱਚ ਕਿਹਾ। "ਸਮਝਦੀ ਏਂ ? ਉਹਨੇ ਕਿਹੈ ਕੈਦੀਆਂ ਦਾ ਸਿਰ ਫਿਰ ਗਿਆ ਸੀ। ਇਹ ਗੱਲ ਮੇਰੇ ਫ਼ਿਓਦੋਰ 'ਤੇ ਤਾਂ ਲਾਗੂ ਹੁੰਦੀ ਨਹੀਂ !"

ਮਾਂ ਇੰਨੀ ਨਿਰਾਸ਼ ਸੀ ਕਿ ਉਹ ਕੋਈ ਜਵਾਬ ਨਾ ਦੇ ਸਕੀ। ਉਹਦਾ ਪੀੜ ਦਾ ਅਨੁਭਵ ਵੱਧਦਾ ਗਿਆ, ਇੱਥੋਂ ਤੱਕ ਕਿ ਇਹ ਉਹਦੇ ਮਨ ਉੱਤੇ ਇੱਕ ਵੱਡਾ ਬੋਝ ਬਣ ਗਿਆ। ਹੁਣ ਉਹਦੇ ਲਈ ਇਹ ਗੱਲ ਸਾਫ਼ ਹੋ ਗਈ ਕਿ ਉਹਨੂੰ ਇਨਸਾਫ਼ ਦੀ ਆਸ ਸੀ। ਉਹਨੂੰ ਆਸ ਸੀ ਕਿ ਉਹਦੇ ਪੁੱਤਰ ਨੂੰ ਉਹਦੇ ਉੱਤੇ ਦੋਸ਼ ਲਾਉਣ ਵਾਲ਼ਿਆਂ ਦੇ ਮੁਕਾਬਲੇ ਉੱਤੇ ਸਖ਼ਤੀ ਅਤੇ ਇਮਾਨਦਾਰੀ ਨਾਲ਼ ਤੋਲਿਆ ਜਾਵੇਗਾ। ਉਹਨੂੰ ਆਸ ਸੀ ਕਿ ਜੱਜ ਉਸ ਤੋਂ ਲੰਮੇ ਸਮੇਂ ਲਈ ਅਤੇ ਧਿਆਨ ਨਾਲ਼ ਇਸ ਬਾਰੇ ਸਵਾਲ ਪੁੱਛਣਗੇ ਕਿ ਉਹਦੇ ਮਨ ਵਿੱਚ ਕੀ ਲੰਘ ਰਿਹਾ ਸੀ; ਕਿ ਉਹ ਉਹਦੇ ਵਿਚਾਰਾਂ ਅਤੇ ਅਮਲਾਂ ਉੱਤੇ ਤਿੱਖੀ ਨਿਗਾਹ ਮਾਰਨਗੇ। ਅਤੇ ਜਦੋਂ ਸੱਚ ਵੇਖ ਲੈਣਗੇ ਤਾਂ ਉਹ ਇਨਸਾਫ਼ ਨਾਲ਼ ਉੱਚੀ ਅਵਾਜ਼ ਵਿੱਚ ਕਹਿਣਗੇ:

"ਇਹ ਬੰਦਾ ਸੱਚਾ ਵੇ !"

ਪਰ ਅਜਿਹਾ ਕੁਝ ਵੀ ਨਾ ਹੋਇਆ। ਜੱਜਾਂ ਅਤੇ ਮੁਲਜ਼ਮਾਂ ਵਿਚਕਾਰ ਇੱਕ ਅਕੱਥ ਫ਼ਾਸਲਾ ਜਾਪਦਾ ਸੀ ਅਤੇ ਜਾਪਦਾ ਸੀ ਕਿ ਕੈਦੀਆਂ ਲਈ ਇਹ ਜੱਜ ਕਿਸੇ ਕੰਮ ਦੇ ਨਹੀਂ। ਆਪਣੇ ਅਕੇਵੇਂ ਕਾਰਨ ਮੁਕੱਦਮੇ ਵਿੱਚ ਮਾਂ ਦੀ ਸਾਰੀ ਦਿਲਚਸਪੀ ਜਾਂਦੀ ਰਹੀ ਅਤੇ ਜੋ ਕੁਝ ਕਿਹਾ ਜਾ ਰਿਹਾ ਸੀ ਉਹ ਹੁਣ ਸੁਣ ਨਹੀਂ ਸੀ ਸਕਦੀ।

"ਇਹਨੂੰ ਮੁਕੱਦਮਾ ਕਹਿੰਦੇ ਨੇ ?" ਉਹਨੇ ਗੁੱਸੇ ਨਾਲ਼ ਸੋਚਿਆ।

"ਟਿਕਾ ਕਸ ਕੇ !" ਸਿਜ਼ੋਵ ਨੇ ਸਹਿਮਤ ਹੁੰਦਿਆਂ ਹੌਲ਼ੀ ਜਿਹੇ ਕਿਹਾ।

ਹੁਣ ਇੱਕ ਹੋਰ ਵਕੀਲ ਬੋਲ ਰਿਹਾ ਸੀ — ਇੱਕ ਨਿੱਕਾ ਬੰਦਾ, ਜਿਸਦਾ ਮੂੰਹ ਤਿੱਖਾ, ਭੂਸਲਾ ਅਤੇ ਠੱਠਾ ਉਡਾਉਂਦਾ ਸੀ। ਜੱਜ ਉਹਦੀ ਤਕਰੀਰ ਟੋਕਦੇ ਰਹਿੰਦੇ।

ਸਰਕਾਰੀ ਵਕੀਲ ਗੁੱਸੇ ਨਾਲ਼ ਉਛਲਿਆ ਅਤੇ ਕਾਰਵਾਈ ਦੀ ਤਰਤੀਬ ਬਾਰੇ ਕੁਝ ਕਿਹਾ, ਜਿਸ ਤੇ ਬੁੱਢੇ ਬੰਦੇ ਨੇ ਮਾੜਾ ਜਿਹਾ ਇਤਰਾਜ਼ ਕੀਤਾ। ਸਫ਼ਾਈ ਦੇ ਵਕੀਲ ਨੇ ਸਤਿਕਾਰ ਨਾਲ਼ ਸਿਰ ਨੀਵਾਂ ਕਰ ਕੇ ਗੱਲ ਸੁਣੀ ਅਤੇ ਫਿਰ ਆਪਣੀ ਤਕਰੀਰ ਜਾਰੀ ਰੱਖੀ।

"ਇਹਦੀ ਤਹਿ ਤੱਕ ਅੱਪੜ," ਸਿਜ਼ੋਵ ਨੇ ਕਿਹਾ।

ਜਿਉਂ-ਜਿਉਂ ਵਕੀਲ ਦੇ ਤਿੱਖੇ ਅਲਜ਼ਾਮ ਜੱਜਾਂ ਦੀ ਸਖ਼ਤ ਚਮੜੀ ਛਿਲਦੇ, ਜਿਹੜੇ ਉਹਦੀ ਸੁਵਕਤਤਾ ਦੇ ਹਮਲੇ ਸਹਾਰਨ ਲਈ ਗੁੱਸੇ ਹੋਏ ਅਤੇ ਰੁੱਸੇ, ਇਕੱਠੇ ਹੋਈ ਜਾਂਦੇ ਜਾਪਦੇ ਸਨ, ਸ੍ਹੂਤੇ ਉਤੇਜਤ ਹੋ ਗਏ, ਇੱਥੋਂ ਤੱਕ ਕਿ ਭੜਕ ਉੱਠੇ।

ਹੁਣ ਪਾਵੇਲ ਖੜ੍ਹਾ ਹੋ ਗਿਆ ਸੀ ਅਤੇ ਅਚਾਨਕ ਕਮਰੇ ਵਿੱਚ ਮੁਕੰਮਲ ਚੁੱਪ ਛਾ ਗਈ। ਮਾਂ ਜ਼ੋਰ ਲਾ ਕੇ ਅੱਗੇ ਵੱਲ ਉੜੀ। ਪਾਵੇਲ ਬੜੇ ਠਰ੍ਹੰਮੇ ਨਾਲ਼ ਬੋਲ ਰਿਹਾ ਸੀ।

"ਪਾਰਟੀ ਦਾ ਮੈਂਬਰ ਹੋਣ ਦੇ ਨਾਤੇ ਮੈਂ ਕੇਵਲ ਪਾਰਟੀ ਦਾ ਫ਼ੈਸਲਾ ਹੀ ਕਬੂਲ ਕਰਦਾ ਹਾਂ,

ਸੋ ਮੈਂ ਆਪਣੀ ਸਫ਼ਾਈ ਵਿੱਚ ਕੁਝ ਨਹੀਂ ਕਹਾਂਗਾ; ਪਰ ਆਪਣੇ ਉਹਨਾਂ ਸਾਥੀਆਂ ਦੇ ਕਹਿਣ ’ਤੇ ਜਿਨ੍ਹਾਂ ਆਪਣੀ ਸਫ਼ਾਈ ਪੇਸ਼ ਕਰਨੋਂ ਨਾਂਹ ਕਰ ਦਿੱਤੀ ਹੈ, ਮੈਂ ਤੁਹਾਨੂੰ ਉਹ ਗੱਲਾਂ ਸਮਝਾਉਣ ਦਾ ਜਤਨ ਕਰਾਂਗਾ, ਜਿਹੜੀਆਂ ਤੁਸੀਂ ਨਹੀਂ ਸਮਝਦੇ। ਸਰਕਾਰੀ ਵਕੀਲ ਨੇ ਸੋਸ਼ਲ-ਡੈਮੋਕਰੇਸੀ ਦੇ ਝੰਡੇ ਹੇਠ ਸਾਡੇ ਮੁਜ਼ਾਹਰੇ ਨੂੰ ਹਾਕਮ ਸ਼ਕਤੀ ਵਿਰੁੱਧ ਬਗ਼ਾਵਤ ਕਿਹਾ ਹੈ ਅਤੇ ਸਾਰਾ ਸਮਾਂ ਸਾਨੂੰ ਅਜਿਹੇ ਲੋਕਾਂ ਵਜੋਂ ਪੇਸ਼ ਕੀਤਾ ਹੈ ਜਿਹੜੇ ਜ਼ਾਰ ਦਾ ਤਖ਼ਤਾ ਉਲਟਣ ਦਾ ਜਤਨ ਕਰ ਰਹੇ ਹਨ। ਮੈਂ ਇਹ ਗੱਲ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਅਸੀਂ ਇੱਕ-ਪੁਰਖੀ ਰਾਜ ਨੂੰ ਸਾਡੇ ਦੇਸ਼ ਨੂੰ ਜੋੜਨ ਵਾਲ਼ੀ ਇੱਕੋ-ਇੱਕ ਕੜੀ ਨਹੀਂ ਸਮਝਦੇ; ਇਹ ਤਾਂ ਬਸ ਪਹਿਲੀ ਜ਼ੰਜੀਰ ਹੈ ਜਿਸ ਤੋਂ ਲੋਕਾਂ ਨੂੰ ਮੁਕਤ ਕਰਾਉਣਾ ਸਾਡਾ ਫ਼ਰਜ਼ ਹੈ।...”

ਜਦੋਂ ਉਹ ਆਪਣੀ ਦ੍ਰਿੜ੍ਹ ਅਵਾਜ਼ ਵਿੱਚ ਬੋਲ ਰਿਹਾ ਸੀ ਤਾਂ ਚੁੱਪ ਹੋਰ ਡੂੰਘੀ ਹੋ ਗਈ; ਹਾਲ ਚੋੜੇਰਾ ਹੋ ਗਿਆ ਜਾਪਿਆ ਅਤੇ ਜਾਪਦਾ ਸੀ ਕਿ ਪਾਵੇਲ ਉੱਪਰ ਚੁੱਕਿਆ ਅਤੇ ਉਭਰ ਕੇ ਸਾਹਮਣੇ ਆ ਗਿਆ ਸੀ।

ਜੱਜਾਂ ਨੇ ਆਪਣੀਆਂ ਕੁਰਸੀਆਂ ਵਿੱਚ ਭਾਰੇ-ਭਾਰੇ ਅਤੇ ਬੇਅਰਾਮ ਉਸਲਵਟ ਖਾਧੇ। ਰਾਠਾਂ ਦੇ ਮੁਖੀ ਨੇ ਬੇਉਤਸ਼ਾਹ ਜੱਜ ਦੇ ਕੰਨ ਵਿੱਚ ਕੁਝ ਕਿਹਾ, ਜਿਸਨੇ ਸਿਰ ਹਿਲਾਇਆ ਅਤੇ ਬੁੱਢੇ ਆਦਮੀ ਦੇ ਸੱਜੇ ਕੰਨ ਵਿੱਚ ਕੁਝ ਕਿਹਾ, ਜਦੋਂ ਕਿ ਬਿਮਾਰ ਜੱਜ ਨੇ ਉਹਦੇ ਖੱਬੇ ਕੰਨ ਵਿੱਚ ਕੁਝ ਕਿਹਾ। ਸੱਜੇ ਅਤੇ ਖੱਬੇ ਵਿਚਕਾਰ ਖਿੱਚੇ ਜਾਂਦੇ ਬੁੱਢੇ ਆਦਮੀ ਨੇ ਉੱਚੀ ਅਵਾਜ਼ ਵਿੱਚ ਪਾਵੇਲ ਨੂੰ ਕੁਝ ਕਿਹਾ, ਪਰ ਉਹਦੀ ਅਵਾਜ਼ ਪਾਵੇਲ ਦੀ ਤਕਰੀਰ ਦੇ ਵਿਸ਼ਾਲ ਅਤੇ ਇਕਸਾਰ ਵਹਿਣ ਵਿੱਚ ਗਵਾਚ ਗਈ।

“ਅਸੀਂ ਸੋਸ਼ਲਿਸਟ ਹਾਂ। ਇਹਦਾ ਮਤਲਬ ਹੈ ਅਸੀਂ ਨਿੱਜੀ ਜਾਇਦਾਦ ਦੇ ਖ਼ਿਲਾਫ਼ ਹਾਂ, ਇੱਕ ਅਜਿਹੀ ਸੰਸਥਾ ਦੇ ਜਿਹੜੀ ਸਮਾਜ ਨੂੰ ਖੇਰੂੰ-ਖੇਰੂੰ ਕਰਦੀ ਹੈ, ਲੋਕਾਂ ਨੂੰ ਇੱਕ ਦੂਜੇ ਦੇ ਖ਼ਿਲਾਫ਼ ਕਰਦੀ ਹੈ, ਹਿੱਤਾਂ ਦਾ ਸਮਝੌਤਾ-ਰਹਿਤ ਵਿਰੋਧ ਪੈਦਾ ਕਰਦੀ ਹੈ, ਇਸ ਵਿਰੋਧ ਨੂੰ ਲੁਕਾਉਣ ਜਾਂ ਹੱਕੀ ਠਹਿਰਾਉਣ ਦਾ ਜਤਨ ਕਰਦੇ ਹੋਏ ਝੂਠ ਦਾ ਸਹਾਰਾ ਲੈਂਦੀ ਹੈ, ਸਭ ਲੋਕਾਂ ਨੂੰ ਝੂਠ, ਦੰਭ ਅਤੇ ਘਿਰਣਾ ਨਾਲ਼ ਭ੍ਰਿਸ਼ਟਾਚਾਰੀ ਬਣਾਉਂਦੀ ਹੈ। ਸਾਡਾ ਨਿਸ਼ਚਾ ਹੈ ਕਿ ਇੱਕ ਅਜਿਹਾ ਸਮਾਜ ਜਿਹੜਾ ਵਿਅਕਤੀ ਨੂੰ ਹੋਰਨਾਂ ਨੂੰ ਧਨੀ ਬਣਾਉਣ ਦੇ ਇੱਕ ਸਾਧਨ ਤੋਂ ਬਿਨਾਂ ਹੋਰ ਕੁਝ ਨਹੀਂ ਸਮਝਦਾ ਅਣਮਨੁੱਖੀ ਹੈ ਅਤੇ ਸਾਡੇ ਹਿੱਤਾਂ ਦਾ ਦੋਖੀ ਹੈ। ਅਸੀਂ ਇਹਦੀ ਸਦਾਚਾਰ ਦੀ ਝੂਠੀ ਅਤੇ ਦੰਭੀ ਪ੍ਰਣਾਲੀ ਨੂੰ ਕਬੂਲ ਨਹੀਂ ਕਰ ਸਕਦੇ। ਅਸੀਂ ਵਿਅਕਤੀ ਵੱਲ ਇਹਦੇ ਵਤੀਰੇ ਦੇ ਸਨਕੀਪੁਣੇ ਅਤੇ ਜ਼ੁਲਮ ਦੇ ਵਿਰੋਧੀ ਹਾਂ। ਅਸੀਂ ਅਜਿਹੇ ਸਮਾਜ ਵੱਲੋਂ ਮਨੁੱਖ ਉੱਤੇ ਠੋਸੀ ਸਰੀਰਕ ਅਤੇ ਸਦਾਚਾਰਕ ਗ਼ੁਲਾਮੀ ਵਿਰੁੱਧ, ਖੁਦਗ਼ਰਜ਼ ਲਾਲਚ ਦੇ ਹਿੱਤਾਂ ਵਿੱਚ ਇਨਸਾਨਾਂ ਨੂੰ ਕੁਚਲਣ ਦੇ ਸਭਨਾਂ ਸਾਧਨਾਂ ਵਿਰੁੱਧ ਲੜਨਾ ਚਾਹੁੰਦੇ ਹਾਂ ਅਤੇ ਲੜਾਂਗੇ। ਅਸੀਂ ਕਿਰਤੀ ਹਾਂ, ਜਿਨ੍ਹਾਂ ਦੀ ਕਿਰਤ ਰਾਹੀਂ ਸੱਭੇ ਸ਼ੈਆਂ ਬਣਦੀਆਂ ਹਨ, ਬੱਚਿਆਂ ਦੇ ਖਿਡੌਣਿਆਂ ਤੋਂ ਲੈਕੇ ਧੜਵੈਲ ਮਸ਼ੀਨਾਂ ਤੱਕ; ਪਰ ਇਹਦੇ ਬਾਵਜੂਦ ਅਸੀਂ ਅਜਿਹੇ ਲੋਕ ਹਾਂ ਜਿਨ੍ਹਾਂ ਤੋਂ ਆਪਣੀ ਮਨੁੱਖੀ ਸ਼ਾਨ ਦੀ ਰੱਖਿਆ ਕਰਨ ਦਾ ਹੱਕ ਖੋਹ ਲਿਆ ਗਿਆ ਹੈ। ਕੋਈ ਵੀ ਆਪਣੇ ਨਿੱਜੀ ਹਿੱਤਾਂ ਲਈ ਸਾਡੀ ਲੁੱਟ-ਚੋਂਘ ਕਰ ਸਕਦਾ ਹੈ। ਇਸ ਸਮੇਂ ਅਸੀਂ ਉਹ ਹੱਦ ਤੱਕ

ਅਜ਼ਾਦੀ ਹਾਸਲ ਕਰਨਾ ਚਾਹੁੰਦੇ ਹਾਂ ਜਿਹੜੀ ਅੰਤ ਸਾਨੂੰ ਕੁਲ ਸੱਤਾ ਆਪਣੇ ਹੱਥ ਲੈਣ ਦੇ ਯੋਗ ਬਣਾਵੇ। ਸਾਡੇ ਨਾਹਰੇ ਬਹੁਤ ਸਾਦੇ ਹਨ: 'ਨਿੱਜੀ ਜਾਇਦਾਦ ਮੁਰਦਾਬਾਦ!' 'ਉਤਪਾਦਨ ਦੇ ਸਭ ਸਾਧਨ ਜਨਤਾ ਦੀ ਮਿਲਖ ਹੋਣ!' 'ਕੁੱਲ ਸੱਤਾ ਲੋਕਾਂ ਦੇ ਹੱਥ ਹੋਵੇ!' 'ਕਿਸੇ ਨੂੰ ਕਿਰਤ ਕਰਨੋਂ ਛੋਟ ਨਾ ਮਿਲੇ!' ਇਸ ਤੋਂ ਤੁਸੀਂ ਆਪ ਵੇਖ ਸਕਦੇ ਹੋ ਕਿ ਅਸੀਂ ਬਾਗ਼ੀ ਨਹੀਂ।"

ਪਾਵੇਲ ਥੋੜ੍ਹਾ ਜਿਹਾ ਹੱਸਿਆ ਅਤੇ ਆਪਣੀਆਂ ਉਂਗਲਾਂ ਆਪਣੇ ਵਾਲਾਂ ਵਿੱਚ ਫੇਰੀਆਂ। ਉਹਦੀਆਂ ਨੀਲ਼ੀਆਂ ਅੱਖਾਂ ਦੀ ਜੋਤ ਪਹਿਲਾਂ ਨਾਲ਼ੋਂ ਵਧੇਰੇ ਲਿਸ਼ਕਣ ਲੱਗ ਪਈ।

"ਮਤਲਬ ਦੀ ਗੱਲ ਕਰ, ਤੂੰ," ਬੁੱਢੇ ਆਦਮੀ ਨੇ ਉੱਚੀ ਅਤੇ ਸਪਸ਼ਟ ਢੰਗ ਨਾਲ਼ ਕਿਹਾ। ਉਹ ਪਾਵੇਲ ਵੱਲ ਵੇਖਣ ਲਈ ਮੁੜਿਆ ਅਤੇ ਮਾਂ ਨੂੰ ਜਾਪਿਆ ਕਿ ਉਹਦੀ ਖੱਬੀ ਬੇਨੂਰ ਅੱਖ ਵਿੱਚ ਇੱਕ ਲਾਲਚੀ, ਖੋਰੀ ਲੋਅ ਲਿਸ਼ਕੀ। ਸਾਰੇ ਜੱਜ ਉਹਦੇ ਪੁੱਤਰ ਵੱਲ ਵੇਖ ਰਹੇ ਸਨ, ਉਹਨਾਂ ਦੀਆਂ ਅੱਖਾਂ ਉਹਦੇ ਮੂੰਹ ਉੱਤੇ ਜੜੀਆਂ ਹੋਈਆਂ ਸਨ, ਉਹਦਾ ਬਲ ਚੂਸਦੀਆਂ, ਉਹਦੀ ਰੱਤ ਲਈ ਤਿਹਾਈਆਂ ਤਾਂ ਜੁ ਇਹ ਉਹਨਾਂ ਦੀਆਂ ਸਾਹ-ਸਤ-ਹੀਣ ਦੇਹਾਂ ਨੂੰ ਮੁੜ ਨਰੋਆ ਬਣਾ ਦੇਵੇ। ਪਰ ਉਹ ਉੱਥੇ ਖੜਾ ਸੀ, ਲੰਮਾ, ਸਿੱਧਾ ਅਤੇ ਦਲੇਰ, ਆਪਣਾ ਹੱਥ ਅੱਗੇ ਵਧਾ ਕੇ ਸ਼ਾਂਤੀ ਅਤੇ ਸਪਸ਼ਟਤਾ ਨਾਲ਼ ਕਹਿੰਦਾ ਹੋਇਆ:

"ਅਸੀਂ ਇਨਕਲਾਬੀ ਹਾਂ ਅਤੇ ਉਦੋਂ ਤੱਕ ਇਨਕਲਾਬੀ ਰਹਾਂਗੇ ਜਦੋਂ ਤੱਕ ਕੁਝ ਲੋਕ ਹੁਕਮ ਦੇਣ ਤੋਂ ਬਿਨਾਂ ਕੁਝ ਨਹੀਂ ਕਰਦੇ ਤੇ ਹੋਰ ਕੰਮ ਕਰਨ ਤੋਂ ਬਿਨਾਂ ਕੁਝ ਨਹੀਂ ਕਰਦੇ। ਅਸੀਂ ਉਸ ਸਮਾਜ ਦੇ ਖ਼ਿਲਾਫ਼ ਹਾਂ ਜਿਸਦੇ ਹਿੱਤਾਂ ਦੀ ਰੱਖਿਆ ਕਰਨ ਦਾ ਤੁਹਾਨੂੰ ਜੱਜਾਂ ਨੂੰ ਹੁਕਮ ਦਿੱਤਾ ਗਿਐ; ਅਸੀਂ ਇਹਦੇ ਸਮਝੌਤਾ-ਰਹਿਤ ਦੁਸ਼ਮਣ ਹਾਂ ਤੇ ਤੁਹਾਡੇ ਵੀ ਤੇ ਸਾਡੇ ਅਤੇ ਤੁਹਾਡੇ ਵਿਚਕਾਰ ਉਸ ਸਮੇਂ ਤੱਕ ਕੋਈ ਮੰਨ-ਮਨੌਤ ਸੰਭਵ ਨਹੀਂ ਜਦੋਂ ਤੱਕ ਅਸੀਂ ਆਪਣੀ ਲੜਾਈ ਨਹੀਂ ਜਿੱਤ ਲੈਂਦੇ। ਅਤੇ ਅਸੀਂ, ਕਿਰਤੀ ਜ਼ਰੂਰ ਹੀ ਜਿੱਤਾਂਗੇ! ਤੁਹਾਡੇ ਮਾਲਕ ਉੱਨੇ ਤਕੜੇ ਨਹੀਂ ਜਿੰਨਾ ਉਹ ਆਪਣੇ ਆਪ ਨੂੰ ਸਮਝਦੇ ਹਨ! ਨਿੱਜੀ ਜਾਇਦਾਦ, ਜਿਸਨੂੰ ਇਕੱਠਾ ਕਰਨ ਅਤੇ ਜਿਸਦੀ ਰੱਖਿਆ ਕਰਨ ਲਈ ਉਹ ਆਪਣੇ ਹੁਕਮ 'ਤੇ ਲਖੂਖਾਂ ਮਨੁੱਖੀ ਜਾਨਾਂ ਕੁਰਬਾਨ ਕਰਦੇ ਨੇ, ਉਹੋ ਸ਼ਕਤੀ ਜਿਹੜੀ ਉਹਨਾਂ ਨੂੰ ਸਾਡੇ ਉੱਤੇ ਤਾਕਤ ਦੇਂਦੀ ਹੈ, ਉਹਨਾਂ ਵਿਚਕਾਰ ਰੜਕਾਂ ਪੈਦਾ ਕਰਦੀ ਹੈ, ਜਿਹੜੀਆਂ ਉਹਨਾਂ ਨੂੰ ਸਰੀਰਕ ਤੇ ਸਦਾਚਾਰਕ ਤੌਰ 'ਤੇ ਤਬਾਹ ਕਰਦੀਆਂ ਹਨ। ਨਿੱਜੀ ਜਾਇਦਾਦ ਦੀ ਰੱਖਿਆ ਦਾ ਮੁੱਲ ਬਹੁਤ ਜ਼ਿਆਦਾ ਹੈ। ਅਸਲ ਤੱਥ ਤਾਂ ਇਹ ਹੈ ਕਿ ਤੁਸੀ ਸਾਰੇ, ਸਾਡੇ ਮਾਲਕ, ਸਾਡੇ ਨਾਲ਼ੋਂ ਵੱਧ ਗ਼ੁਲਾਮਾਂ ਜਿਹੇ ਹੋ। ਤੁਸੀਂ ਆਤਮਕ ਤੌਰ 'ਤੇ ਗ਼ੁਲਾਮ ਬਣਾਏ ਗਏ ਹੋ, ਅਸੀਂ — ਕੇਵਲ ਸਰੀਰਕ ਤੌਰ 'ਤੇ। ਤੁਸੀਂ ਆਦਤ ਅਤੇ ਤਅਸਬ ਦਾ ਜੂਲਾ ਲਾਹ ਨਹੀਂ ਸਕਦੇ, ਇੱਕ ਅਜਿਹਾ ਜੂਲਾ ਜਿਸਨੇ ਤੁਹਾਨੂੰ ਆਤਮਕ ਤੌਰ 'ਤੇ ਮਾਰ ਦਿੱਤਾ ਹੈ। ਪਰ ਸਾਨੂੰ ਆਤਮਕ ਤੌਰ 'ਤੇ ਅਜ਼ਾਦ ਹੋਣੋਂ ਕੁਝ ਨਹੀਂ ਰੋਕ ਸਕਦਾ। ਤੁਸੀਂ ਸਾਨੂੰ ਜਿਹੜੇ ਜ਼ਹਿਰ ਦੇਂਦੇ ਹੋ ਉਹ ਉਹਨਾਂ ਤੋੜਾਂ ਨਾਲ਼ੋਂ ਬਹੁਤ ਕਮਜ਼ੋਰ ਹਨ, ਜਿਹੜੇ ਤੁਸੀਂ ਆਪਣੀ ਇੱਛਾ ਦੇ ਉਲਟ ਸਾਡੇ ਮਨਾਂ ਵਿੱਚ ਪਾਈ ਜਾਂਦੇ ਹੋ। ਸਾਡਾ ਸੱਚ ਦਾ ਗਿਆਨ ਲਗਾਤਾਰ ਵੱਧ ਰਿਹਾ ਹੈ ਅਤੇ ਇਹ ਸਭ ਤੋਂ ਚੰਗੇ ਲੋਕਾਂ ਨੂੰ ਖਿਚ ਰਿਹਾ ਹੈ — ਉਹਨਾਂ ਸਭਨਾਂ ਨੂੰ ਜਿਨ੍ਹਾਂ ਦੀਆਂ ਰੂਹਾਂ ਪਵਿੱਤਰ ਹਨ — ਤੁਹਾਡੀਆਂ ਸਫ਼ਾਂ ਵਿੱਚੋਂ ਵੀ। ਜ਼ਰਾ

ਵੇਖੋ — ਤੁਹਾਡੇ ਕੋਲ਼ ਹੁਣੇ ਹੀ ਕੋਈ ਨਹੀਂ ਜਿਹੜਾ ਤੁਹਾਡੀ ਸ਼੍ਰੇਣੀ ਦੇ ਨਿਯਮਾਂ ਦੀ ਰੱਖਿਆ ਕਰ ਸਕੇ; ਤੁਸੀਂ ਉਹ ਸਾਰੀਆਂ ਦਲੀਲਾਂ ਖੁਟਾ ਬੈਠੇ ਹੋ ਜਿਹੜੀਆਂ ਤੁਹਾਨੂੰ ਇਤਿਹਾਸਕ ਇਨਸਾਫ਼ ਦੇ ਕੁਚਲਣ ਵਾਲ਼ੇ ਦਬਾਅ ਤੋਂ ਬਚਾ ਸਕਣ; ਤੁਸੀਂ ਕੋਈ ਨਵੇਂ ਵਿਚਾਰ ਪੈਦਾ ਨਹੀਂ ਕਰ ਸਕਦੇ; ਤੁਸੀਂ ਆਤਮਕ ਤੌਰ 'ਤੇ ਫੰਡਰ ਹੋ ਗਏ ਹੋ। ਸਾਡੇ ਵਿਚਾਰ ਵੱਧ ਰਹੇ ਹਨ, ਬਲ ਪ੍ਰਾਪਤ ਕਰ ਰਹੇ ਹਨ, ਜਨਤਾ ਨੂੰ ਉਭਾਰ ਰਹੇ ਹਨ ਅਤੇ ਉਹਨਾਂ ਨੂੰ ਅਜ਼ਾਦੀ ਲਈ ਘੋਲ਼ ਲਈ ਲਾਮਬੰਦ ਕਰ ਰਹੇ ਹਨ। ਕਿਰਤੀ ਸ਼੍ਰੇਣੀ ਨੇ ਜਿਹੜਾ ਮਹਾਨ ਰੋਲ਼ ਅਦਾ ਕਰਨਾ ਹੈ, ਉਹਦਾ ਮਹਾਨ ਗਿਆਨ ਸਾਰੇ ਸੰਸਾਰ ਦੇ ਕਿਰਤੀਆਂ ਨੂੰ ਇੱਕ ਮਹਾਨ ਸ਼ਕਤੀ ਵਿੱਚ ਜੋੜ ਰਿਹਾ ਹੈ ਅਤੇ ਤੁਹਾਡੇ ਕੋਲ਼ ਜ਼ੁਲਮ ਅਤੇ ਸਨਕ ਤੋਂ ਛੁਟ ਕੁਝ ਨਹੀਂ ਜਿਸ ਨਾਲ਼ ਤੁਸੀਂ ਉਸ ਕਾਇਆ-ਪਲਟ ਦਾ ਵਿਰੋਧ ਕਰ ਸਕੋ ਜਿਹੜੀ ਉਹ ਇਸ ਦੁਨੀਆਂ ਲਈ ਲਿਆ ਰਹੇ ਹਨ। ਪਰ ਸਨਕਾਂ ਬਹੁਤ ਸਪਸ਼ਟ ਹਨ ਤੇ ਜ਼ੁਲਮ ਸਗੋਂ ਚਿੜ੍ਹ ਪੈਦਾ ਕਰਦਾ ਹੈ। ਜਿਹੜੇ ਹੱਥ ਅੱਜ ਸਾਡੇ ਗਲੇ ਵੱਲ ਵੱਧਦੇ ਹਨ ਉਹ ਭਲਕੇ ਸਾਡੇ ਨਾਲ਼ ਸਾਥੀਆਂ ਵਾਂਗ ਦਸਤ-ਪੰਜਾ ਲੈਣਗੇ। ਤੁਹਾਡਾ ਬਲ ਵਧ ਰਹੇ ਸੋਨੇ ਦਾ ਮਸ਼ੀਨੀ ਬਲ ਹੈ; ਇਹ ਤੁਹਾਨੂੰ ਟੁਕੜੀਆਂ ਵਿੱਚ ਵੰਡਦਾ ਹੈ, ਜਿਨ੍ਹਾਂ ਦੀ ਹੋਣੀ ਇੱਕ ਦੂਜੇ ਨੂੰ ਹੜਪਣਾ ਹੈ। ਸਾਡੇ ਬਲ ਦਾ ਸੋਮਾ ਕੁਲ ਕਿਰਤੀ ਲੋਕਾਂ ਦੀ ਇੱਕਮੁਠਤਾ ਦੀ ਸਦਾ ਵੱਧ ਰਹੀ ਚੇਤਨਤਾ ਹੈ। ਜੋ ਕੁਝ ਤੁਸੀਂ ਕਰਦੇ ਹੋ ਉਹ ਮੁਜਰਮਾਨਾ ਹੈ, ਕਿਉਂਕਿ ਇਹ ਲੋਕਾਂ ਨੂੰ ਗ਼ੁਲਾਮ ਬਣਾਉਂਦਾ ਹੈ। ਤੁਹਾਡੇ ਝੂਠਾਂ ਅਤੇ ਲੋਭ ਅਤੇ ਬਦਕਾਰੀਆਂ ਨੇ ਲੋਕਾਂ ਨੂੰ ਡਰਾਉਣ ਲਈ ਭੂਤਾਂ ਅਤੇ ਸ਼ੈਤਾਨਾਂ ਦੀ ਇੱਕ ਦੁਨੀਆਂ ਖੜੀ ਕੀਤੀ ਹੈ। ਉਹਨਾਂ ਨੂੰ ਇਹਨਾਂ ਸ਼ੈਤਾਨਾਂ ਤੋਂ ਮੁਕਤ ਕਰਾਉਣਾ ਸਾਡਾ ਕੰਮ ਹੈ। ਤੁਸਾਂ ਮਨੁੱਖ ਨੂੰ ਜ਼ਿੰਦਗੀ ਤੋਂ ਵਲੂੰਧਰ ਲਿਆ ਹੈ ਅਤੇ ਉਹਨੂੰ ਤਬਾਹ ਕੀਤਾ ਹੈ; ਸੋਸ਼ਲਿਜ਼ਮ ਉਸ ਦੁਨੀਆਂ ਨੂੰ ਲਵੇਗਾ ਜਿਹੜੀ ਤੁਸਾਂ ਤਬਾਹ ਕਰ ਦਿੱਤੀ ਹੈ ਅਤੇ ਇਹਨੂੰ ਨਵੇਂ ਸਿਰਿਉਂ ਇੱਕ ਮਹਾਨ ਇਕਾਈ ਵਿੱਚ ਉਸਾਰੇਗਾ ਤੇ ਤੁਹਾਡਾ ਕੋਈ ਜਤਨ ਇਹਨੂੰ ਰੋਕ ਨਹੀਂ ਸਕਦਾ!"

ਪਾਵੇਲ ਰੁਕਿਆ ਅਤੇ ਤਕੜੇਰੀ, ਵਧੇਰੇ ਨਰਮ ਅਵਾਜ਼ ਵਿੱਚ ਕਿਹਾ:

"ਤੁਹਾਡਾ ਕੋਈ ਜਤਨ ਇਹਨੂੰ ਰੋਕ ਨਹੀਂ ਸਕਦਾ!"

ਜੱਜਾਂ ਨੇ ਆਪੋ ਵਿੱਚ ਘੁਰ-ਘੁਰ ਕੀਤੀ, ਆਪਣੀਆਂ ਹਿਰਸੀ ਅੱਖਾਂ ਪਾਵੇਲ ਤੋਂ ਹਟਾਏ ਬਿਨਾਂ, ਅਜੀਬ-ਅਜੀਬ ਮੂੰਹ ਬਣਾਏ। ਮਾਂ ਨੇ ਮਹਿਸੂਸ ਕੀਤਾ ਕਿ ਉਹ ਆਪਣੀਆਂ ਨਜ਼ਰਾਂ ਨਾਲ਼, ਜਿਹੜੀਆਂ ਉਹਦੀ ਸਿਹਤ ਅਤੇ ਬਲ ਅਤੇ ਨਰੋਏਪੁਣੇ ਲਈ ਈਰਖਾ ਨਾਲ਼ ਭਰੀਆਂ ਸਨ, ਉਹਦੇ ਤਕੜੇ ਸਰੀਰ ਨੂੰ ਗੰਦਾ ਕਰ ਰਹੇ ਹਨ। ਕੈਦੀਆਂ ਨੇ ਆਪਣੇ ਸਾਥੀ ਦੀ ਤਕਰੀਰ ਇਕਾਗਰ ਧਿਆਨ ਨਾਲ਼ ਸੁਣੀ — ਉਹਨਾਂ ਦੇ ਮੂੰਹ ਪੀਲ਼ੇ ਪਏ ਸਨ, ਉਹਨਾਂ ਦੀਆਂ ਅੱਖਾਂ ਖੁਸ਼ੀ ਨਾਲ਼ ਚਮਕ ਰਹੀਆਂ ਸਨ। ਮਾਂ ਨੇ ਆਪਣੇ ਪੁੱਤਰ ਦੀ ਗੱਲ ਦੀ ਡੀਕ ਲਾ ਲਈ ਅਤੇ ਉਹਦੇ ਬੋਲ ਉਹਦੇ ਮਨ ਵਿੱਚ ਸਿੱਧੇ ਪਰ੍ਹੇ ਬੰਨ੍ਹ ਕੇ ਉਲੀਕੇ ਗਏ। ਬੁੱਢੇ ਆਦਮੀ ਨੇ ਕਈ ਵਾਰ ਪਾਵੇਲ ਨੂੰ ਟੋਕਿਆ, ਕੁਝ ਸਪਸ਼ਟ ਕਰਨ ਦਾ ਜਤਨ ਕਰਦੇ ਹੋਏ ਅਤੇ ਇੱਕ ਵਾਰ ਉਹ ਇੱਕ ਉਦਾਸ ਮੁਸਕਾਨ ਮੁਸਕਰਾਇਆ। ਪਾਵੇਲ ਹਰ ਵਾਰ ਰੁਕ ਜਾਂਦਾ, ਕੇਵਲ ਸ਼ਾਂਤ ਦ੍ਰਿੜ੍ਹਤਾ ਨਾਲ਼ ਗੱਲ ਮੁੜ ਸ਼ੁਰੂ ਕਰਨ ਲਈ ਜਿਹੜੀ ਲੋਕਾਂ ਨੂੰ ਸੁਣਨ 'ਤੇ ਮਜਬੂਰ ਕਰ ਦੇਂਦੀ, ਜੱਜਾਂ ਦੀ ਇੱਛਾ

ਨੂੰ ਆਪਣੀ ਇੱਛਾ ਦੇ ਅਧੀਨ ਕਰਦੀ। ਪਰ ਅਖ਼ੀਰ ਬੁੱਢਾ ਕੂਕਿਆ ਅਤੇ ਆਪਣਾ ਹੱਥ ਅੱਗੇ ਵਧਾਇਆ ਅਤੇ ਉਦੋਂ ਪਾਵੇਲ ਦੀ ਅਵਾਜ਼ ਵਿੱਚ ਕੁਝ–ਕੁਝ ਕਟਾਖ਼ਸ਼ ਆ ਗਿਆ।

"ਮੈਂ ਆਪਣੀ ਗੱਲ ਲਗਭਗ ਮੁਕਾ ਲਈ ਹੈ। ਮੈਂ ਤੁਹਾਨੂੰ ਨਿੱਜੀ ਤੌਰ 'ਤੇ ਨਰਾਜ਼ ਨਹੀਂ ਕਰਨਾ ਚਾਹੁੰਦਾ; ਇਹਦੇ ਉਲਟ ਜਦੋਂ ਮੈਂ ਇੱਥੇ ਬੈਠਾ, ਆਪਣੀ ਇੱਛਾ ਦੇ ਵਿਰੁੱਧ ਉਸ ਨਕਲ ਨੂੰ ਵੇਖ ਰਿਹਾ ਸਾਂ ਜਿਸਨੂੰ ਤੁਸੀਂ ਮੁਕੱਦਮਾ ਕਹਿੰਦੇ ਹੋ, ਤਾਂ ਮੈਨੂੰ ਤੁਹਾਡੇ ਨਾਲ਼ ਹਮਦਰਦੀ ਹੋ ਗਈ। ਅਖ਼ੀਰ ਤੁਸੀਂ ਇਨਸਾਨ ਹੋ ਅਤੇ ਇਨਸਾਨਾਂ ਨੂੰ, ਉਹਨਾਂ ਨੂੰ ਵੀ ਜਿਹੜੇ ਤੁਹਾਡੇ ਕਾਜ਼ ਦੇ ਵਿਰੋਧੀ ਹੋਣ, ਵਹਿਸ਼ੀ ਸ਼ਕਤੀ ਦੀ ਸੇਵਾ ਵਿੱਚ ਇਉਂ ਬੇਸ਼ਰਮੀ ਨਾਲ਼ ਡਿੱਗ ਜਾਂਦੇ ਵੇਖ ਕੇ, ਆਪਣੀ ਮਨੁੱਖੀ ਸ਼ਾਨ ਤੋਂ ਇਉਂ ਉੱਕਾ ਹੀ ਵਿਰਵੇ ਹੋਏ ਵੇਖ ਕੇ ਸ਼ਰਮ ਆਉਂਦੀ ਹੈ।..."

ਉਹ ਜੱਜਾਂ ਵੱਲ ਵੇਖੇ ਬਿਨਾਂ ਬਹਿ ਗਿਆ, ਅਤੇ ਮਾਂ ਸਾਹ ਰੋਕ ਕੇ ਉਹਨਾਂ ਵੱਲ ਵੇਖਦੀ ਰਹੀ।

ਆਂਦਰੇਈ ਨੇ ਪਾਵੇਲ ਦਾ ਹੱਥ ਦਬਾਇਆ ਤਾਂ ਉਹਦਾ ਮੂੰਹ ਲਿਸ਼ਕ ਰਿਹਾ ਸੀ। ਸਮੋਈਲੋਵ, ਮਾਜ਼ੀਨ ਅਤੇ ਹੋਰ ਉਹਦੇ ਵੱਲ ਝੁਕੇ ਅਤੇ ਪਾਵੇਲ ਉਹਨਾਂ ਦੀ ਸ਼ਲਾਘਾ ਉੱਤੇ ਸੰਗਦਾ ਹੋਇਆ ਮੁਸਕਰਾਇਆ। ਉਹਨੇ ਆਪਣੀ ਮਾਂ ਵੱਲ ਵੇਖਿਆ ਅਤੇ ਸਿਰ ਹਿਲਾਇਆ ਜਿਵੇਂ ਕਹਿ ਰਿਹਾ ਹੋਵੇ:

"ਸੰਤੁਸ਼ਟ ਏਂ ?"

ਉਹਨੇ ਖੁਸ਼ੀ ਦਾ ਹਉਕਾ ਭਰ ਕੇ ਜਵਾਬ ਦਿੱਤਾ ਅਤੇ ਪਿਆਰ ਦੀ ਇੱਕ ਨਿੱਘੀ ਲਹਿਰ ਉਹਦੇ ਮੂੰਹ ਉੱਤੇ ਖਿਲਰ ਗਈ।

"ਹੁਣ ਅਸਲੀ ਮੁਕੱਦਮਾ ਸ਼ੁਰੂ ਹੋ ਗਿਐ!" ਸਿਜ਼ੋਵ ਨੇ ਹੌਲ਼ੀ ਜਿਹੇ ਕਿਹਾ। "ਉਹਨੇ ਖਰੀ ਗੱਲ ਕੀਤੀ, ਹੈਂ ਨਾ ?"

ਮਾਂ ਨੇ ਕੁਝ ਬੋਲੇ ਬਿਨਾਂ ਸਿਰ ਹਿਲਾ ਦਿੱਤਾ, ਉਹ ਖੁਸ਼ ਸੀ ਕਿ ਉਹਦੇ ਪੁੱਤਰ ਨੇ ਇੰਨੀ ਦਲੇਰੀ ਨਾਲ਼ ਗੱਲ ਕੀਤੀ ਹੈ—ਸ਼ਾਇਦ ਵਧੇਰੇ ਖੁਸ਼ ਕਿ ਉਹਨੇ ਗੱਲ ਮੁਕਾ ਲਈ ਹੈ। ਪਰ ਇੱਕ ਸਵਾਲ ਉਹਦੇ ਮਨ ਵਿੱਚ ਧੜਕਦਾ ਰਿਹਾ:

"ਹੁਣ ਉਹ ਕੀ ਕਰਨਗੇ ?"

## 26

ਉਹਦੇ ਪੁੱਤ ਨੇ ਕੋਈ ਅਜਿਹੀ ਗੱਲ ਨਹੀਂ ਸੀ ਕਹੀ ਜਿਹੜੀ ਮਾਂ ਲਈ ਨਵੀਂ ਹੋਵੇ। ਉਹ ਉਹਦੇ ਖ਼ਿਆਲਾਂ ਤੋਂ ਜਾਣੂ ਸੀ, ਪਰ ਇੱਥੇ, ਅਦਾਲਤ ਸਾਹਮਣੇ ਉਹਨੇ ਪਹਿਲੀ ਵਾਰ ਉਹਦੇ ਨਿਸ਼ਚੇ ਦੀ ਅਜੀਬ ਖਿੱਚ ਮਹਿਸੂਸ ਕੀਤੀ। ਉਹ ਪਾਵੇਲ ਦੇ ਠਰ੍ਹੰਮੇ 'ਤੇ ਹੈਰਾਨ ਸੀ ਅਤੇ ਉਹਦੀ ਤਕਰੀਰ ਉਹਦੇ ਲਈ ਇੱਕ ਚਮਕਦਾ ਤਾਰਾ ਸੀ ਜਿਹੜਾ ਉਹਦੇ ਕਾਜ਼ ਅਤੇ ਉਹਦੀ ਅੰਤਿਮ ਜਿੱਤ ਵਿੱਚ ਉਹਦੇ ਨਿਸ਼ਚੇ ਦਾ ਪ੍ਰਤੀਕ ਸੀ। ਮਾਂ ਦਾ ਖ਼ਿਆਲ ਸੀ ਕਿ ਆਪਣੇ ਨਿਸ਼ਚੇ ਪੇਸ਼ ਕਰਦੇ ਹੋਏ ਜੱਜ ਹੁਣ ਉਹਦੇ ਨਾਲ਼ ਗਰਮਾ ਗਰਮ ਬਹਿਸ ਕਰਨਗੇ, ਗੁੱਸੇ ਨਾਲ਼ ਉਹਦੀਆਂ ਦਲੀਲਾਂ ਰੱਦ ਕਰਦੇ ਅਤੇ ਆਪਣੀਆਂ ਦਲੀਲਾਂ ਪੇਸ਼ ਕਰਦੇ ਹੋਏ। ਪਰ ਆਂਦਰੇਈ ਖੜ੍ਹਾ

ਹੋਇਆ, ਜੱਜਾਂ ਨੂੰ ਆਪਣੇ ਸੁੰਗੇੜੇ ਭਰਵੱਟਿਆਂ ਹੇਠੋਂ ਵੇਖਿਆ ਅਤੇ ਬੋਲਿਆ:

"ਸਤਿਕਾਰ ਯੋਗ ਮੁਦਾਲਿਓ।..."

"ਤੂੰ ਜੱਜਾਂ ਨਾਲ਼ ਗੱਲ ਕਰ ਰਿਹੈਂ। ਮੁਦਾਲਿਆਂ ਨਾਲ਼ ਨਹੀਂ!" ਬਿਮਾਰ ਜੱਜ ਨੇ ਉੱਚੀ ਗ਼ੁਸੈਲੀ ਅਵਾਜ਼ ਵਿੱਚ ਕਿਹਾ। ਮਾਂ ਨੂੰ ਆਂਦਰੇਈ ਦੇ ਮੂੰਹ ਉੱਤੇ ਕੁਝ ਖਚਰਾ ਦਿਸਿਆ; ਉਹਦੀਆਂ ਮੁੱਛਾਂ ਫਰਕ ਰਹੀਆਂ ਸਨ ਅਤੇ ਮਾਂ ਉਹਦੀਆਂ ਅੱਖਾਂ ਵਿੱਚ ਜਾਣੀ ਪਛਾਣੀ ਬਿੱਲੀਆਂ ਜਿਹੀ ਚਮਕ ਵੇਖ ਸਕਦੀ ਸੀ। ਉਹਨੇ ਆਪਣੇ ਲੰਮੇ, ਪਤਲੇ ਹੱਥ ਨਾਲ਼ ਆਪਣਾ ਸਿਰ ਜ਼ੋਰ ਨਾਲ਼ ਮਲਿਆ ਅਤੇ ਹਉਕਾ ਲਿਆ।

"ਇਹ ਗੱਲ ਏ ?" ਉਹਨੇ ਸਿਰ ਹਿਲਾਉਂਦੇ ਹੋਏ ਕਿਹਾ। "ਮੈਨੂੰ ਜਾਪਦੈ ਤੁਸੀਂ ਜੱਜ ਨਹੀਂ ਬਸ ਮੁਦਾਲੈ ਹੋ।..."

"ਮੈਂ ਕਹਿਨਾਂ ਮਤਲਬ ਦੀ ਗੱਲ ਕਰ!" ਬੁੱਢੇ ਆਦਮੀ ਨੇ ਖ਼ੁਸ਼ਕੀ ਨਾਲ਼ ਕਿਹਾ।

"ਮਤਲਬ ਦੀ ? ਬਹੁਤ ਅੱਛਾ, ਫ਼ਰਜ਼ ਕਰੋ ਮੈਂ ਆਪਣੇ ਆਪ ਨੂੰ ਮਨਾ ਲਵਾਂ ਕਿ ਤੁਸੀਂ ਸੱਚ-ਮੁਚ ਜੱਜ ਹੋ, ਪੱਤ-ਅਬਰੋ ਵਾਲ਼ੇ ਅਤੇ ਖ਼ੁਦ-ਮੁਖ਼ਤਾਰ ਬੰਦੇ ਹੋ।..."

"ਅਦਾਲਤ ਨੂੰ ਤੇਰੀ ਸਿਫ਼ਾਰਸ਼ ਦੀ ਲੋੜ ਨਹੀਂ!"

"ਇਹ ਗੱਲ ਏ ? ਚਲੋ ਮੈਂ ਸਿਫ਼ਾਰਸ਼ ਕਰ ਹੀ ਦੇਨਾਂ।... ਚਲੋ ਅਸੀਂ ਕਹਿ ਦੇਂਦੇ ਆਂ ਕਿ ਤੁਸੀਂ ਨਿਰਪੱਖ ਲੋਕ ਹੋ, ਬੇਤਅਸਬ, ਕਿਸੇ 'ਤੇਰੇ' ਅਤੇ 'ਮੇਰੇ' ਤੋਂ ਬਿਨਾਂ। ਦੋ ਲੋਕ ਤੁਹਾਡੇ ਸਾਹਮਣੇ ਲਿਆਏ ਜਾਂਦੇ ਨੇ। ਇੱਕ ਕਹਿੰਦੈ: ਉਹਨੇ ਮੈਨੂੰ ਲੁੱਟਿਆ ਅਤੇ ਕੁੱਟ-ਕੁੱਟ ਕੇ ਮੇਰੀ ਮਿੱਝ ਕੱਢ ਦਿੱਤੀ; ਦੂਜਾ ਕਹਿੰਦੈ ਮੈਨੂੰ ਹੱਕ ਏ ਮੈਂ ਲੋਕਾਂ ਨੂੰ ਲੁੱਟਾਂ ਤੇ ਮਾਰ-ਮਾਰ ਕੇ ਉਹਨਾਂ ਦੀ ਮਿੱਝ ਕੱਢ ਦਿਆਂ ਕਿਉਂਕਿ ਮੇਰੇ ਕੋਲ਼ ਡੰਡਾ ਏ।..."

"ਤੂੰ ਕੋਈ ਮਤਲਬ ਦੀ ਗੱਲ ਵੀ ਕਹਿਣੀ ਏ," ਬੁੱਢੇ ਆਦਮੀ ਨੇ ਆਪਣੀ ਅਵਾਜ਼ ਉੱਚੀ ਕਰਦੇ ਹੋਏ ਕਿਹਾ। ਉਹਦਾ ਹੱਥ ਕੰਬ ਰਿਹਾ ਸੀ ਅਤੇ ਮਾਂ ਇਹ ਵੇਖ ਕੇ ਖੁਸ਼ ਹੋਈ ਕਿ ਉਹ ਕਿੰਨਾ ਗੁੱਸੇ ਸੀ। ਪਰ ਉਹਨੂੰ ਆਂਦਰੇਈ ਦਾ ਵਤੀਰਾ ਚੰਗਾ ਨਹੀਂ ਸੀ ਲੱਗਦਾ — ਪਤਾ ਨਹੀਂ ਕਿਉਂ ਇਹ ਉਹਦੇ ਪੁੱਤਰ ਦੀ ਤਕਰੀਰ ਨਾਲ਼ ਮੇਲ ਨਹੀਂ ਸੀ ਖਾਂਦਾ। ਉਹ ਚਾਹੁੰਦੀ ਸੀ ਕਿ ਉਹਨਾਂ ਦੀਆਂ ਦਲੀਲਾਂ ਵਿੱਚ ਗੰਭੀਰਤਾ ਅਤੇ ਗੌਰਵ ਹੋਵੇ।

**ਖੋਖੋਲ** ਨੇ ਆਪਣੀ ਗੱਲ ਜਾਰੀ ਰੱਖਣ ਤੋਂ ਪਹਿਲਾਂ ਚੁੱਪ-ਚਾਪ ਬੁੱਢੇ ਆਦਮੀ ਵੱਲ ਵੇਖਿਆ।

"ਮਤਲਬ ਦੀ ?" ਉਹਨੇ ਆਪਣਾ ਮੱਥਾ ਮਲਦੇ ਹੋਏ ਗੰਭੀਰਤਾ ਨਾਲ਼ ਕਿਹਾ। "ਮੈਂ ਤੁਹਾਡੇ ਨਾਲ਼ ਮਤਲਬ ਦੀ ਗੱਲ ਕਿਉਂ ਕਰਾਂ ? ਮੇਰੇ ਸਾਥੀ ਨੇ ਉਹ ਕੁਝ ਤੁਹਾਨੂੰ ਪਹਿਲਾਂ ਦੀ ਦਸ ਦਿੱਤੈ ਜੋ ਕੁਝ ਜਾਣਨਾ ਤੁਹਾਡੇ ਲਈ ਜ਼ਰੂਰੀ ਏ। ਸਮਾਂ ਆਉਣ ਤੇ ਹੋਰ ਬਾਕੀ ਗੱਲਾਂ ਤੁਹਾਨੂੰ ਸਮਝਾ ਦੇਣਗੇ।"

ਬੁੱਢਾ ਆਪਣੀ ਕੁਰਸੀ ਤੋਂ ਉੱਠਿਆ।

"ਬਹਿ ਜਾ!" ਉਹਨੇ ਚੀਕ ਕੇ ਕਿਹਾ। "ਅਗਲਾ, ਗ੍ਰਿਗੋਰੀ ਸਮੋਈਲੋਵ!"

**ਖੋਖੋਲ** ਨੇ ਆਪਣੇ ਹੋਂਠ ਭਿਚ ਲਏ ਅਤੇ ਕਾਹਲ ਕੀਤੇ ਬਿਨਾਂ ਬਹਿ ਗਿਆ। ਸਮੋਈਲੋਵ

ਉੱਠਿਆ ਅਤੇ ਆਪਣੇ ਘੁੰਗਰਿਆਲੇ ਵਾਲ ਪਿੱਛੇ ਵੱਲ ਸੁੱਟਦਾ ਉਹਦੇ ਨਾਲ਼ ਖੜਾ ਹੋ ਗਿਆ।

"ਸਰਕਾਰੀ ਵਕੀਲ ਨੇ ਮੇਰੇ ਸਾਥੀਆਂ ਨੂੰ ਵਹਿਸ਼ੀ, ਸਭਿਅਤਾ ਦੇ ਵੈਰੀ ਕਿਹੈ।..."

"ਮੁਕੱਦਮੇ ਤੋਂ ਬਿਨਾਂ ਹੋਰ ਕੋਈ ਗੱਲ ਨਾ ਕਰ!"

"ਇਹਦਾ ਉਹਦੇ ਨਾਲ਼ ਸਬੰਧ ਏ। ਕੋਈ ਗੱਲ ਅਜਿਹੀ ਨਹੀਂ ਜਿਸਦਾ ਇਮਾਨਦਾਰ ਲੋਕਾਂ ਨਾਲ਼ ਸਬੰਧ ਨਹੀਂ ਹੋਣਾ ਚਾਹੀਦਾ। ਤੇ ਮਿਹਰਬਾਨੀ ਕਰ ਕੇ ਮੇਰੀ ਗੱਲ ਨਾ ਟੋਕੋ। ਤੁਸੀਂ ਕਿਸਨੂੰ ਸਭਿਅਤਾ ਕਹਿੰਦੇ ਹੋ — ਮੈਂ ਇਹ ਜਾਣਨਾ ਚਾਹੁੰਦਾਂ?"

"ਅਸੀਂ ਇੱਥੇ ਤੇਰੇ ਨਾਲ਼ ਬਹਿਸ ਕਰਨ ਲਈ ਨਹੀਂ ਬੈਠੇ! ਉਰਲੀਆਂ ਪਰਲੀਆਂ ਨਾ ਪਿਆ ਮਾਰ!" ਬੁੱਢੇ ਨੇ ਆਪਣੇ ਹੇਠਲੇ ਦੰਦ ਨੰਗੇ ਕਰਦੇ ਹੋਏ ਕਿਹਾ।

ਆਂਦਰੇਈ ਦੇ ਵਤੀਰੇ ਨੇ ਜੱਜਾਂ ਵਿੱਚ ਤਬਦੀਲੀ ਲਿਆ ਦਿੱਤੀ ਸੀ — ਜਿਵੇਂ ਉਹਨਾਂ ਉੱਤੋਂ ਕੋਈ ਛਿਲੜ ਲਾਹ ਦਿੱਤਾ ਹੋਵੇ। ਉਹਨਾਂ ਦੇ ਭੂਰੇ ਮੂੰਹਾਂ ਉੱਤੇ ਖ਼ੂਨ ਦੇ ਧੱਬੇ ਦਿੱਸਣ ਲੱਗ ਪਏ ਅਤੇ ਉਹਨਾਂ ਦੀਆਂ ਅੱਖਾਂ ਵਿੱਚ ਠੰਢੀਆਂ, ਹਰੀਆਂ ਚਿਣਗਾਂ ਭਖ ਰਹੀਆਂ ਸਨ। ਉਹ ਪਾਵੇਲ ਦੀ ਤਕਰੀਰ 'ਤੇ ਨਰਾਜ਼ ਹੋਏ ਸਨ। ਪਰ ਉਹਦੇ ਲਫ਼ਜ਼ਾਂ ਦੇ ਬਲ ਨੇ ਉਹਨਾਂ ਨੂੰ ਮਜ਼ਬੂਰ ਕਰ ਦਿੱਤਾ ਸੀ ਕਿ ਉਹ ਉਹਦੀ ਇੱਜ਼ਤ ਕਰਨ ਅਤੇ ਵਿਖਾਵਾ ਕਾਇਮ ਰੱਖਣ। **ਖੋਖੋਲ** ਨੇ ਰੱਖ-ਰਖਾ ਦਾ ਪਰਦਾ ਲਾਹ ਸੁੱਟਿਆ ਸੀ ਅਤੇ ਉਹਦੇ ਹੇਠਾਂ ਜੋ ਕੁਝ ਸੀ ਉਹਨੂੰ ਨੰਗਾ ਕਰ ਦਿੱਤਾ ਸੀ। ਉਹ ਆਪੋ ਵਿੱਚ ਘੁਸਰ ਮੁਸਰ ਕਰਦੇ, ਅਤੇ ਅਜਿਹੇ ਢੰਗ ਨਾਲ਼ ਮੂੰਹ ਬਣਾਉਂਦੇ ਅਤੇ ਇਸ਼ਾਰੇ ਕਰਦੇ ਜਿਹੜਾ ਉਹਨਾਂ ਲਈ ਬਹੁਤ ਬਲ ਵਾਲ਼ਾ ਸੀ।

"ਤੁਸੀਂ ਲੋਕਾਂ ਨੂੰ ਜਾਸੂਸ ਬਣਨ ਦੀ ਸਿੱਖਿਆ ਦੇਂਦੇ ਹੋ, ਤੁਸੀਂ ਜ਼ਨਾਨੀਆਂ ਅਤੇ ਕੁੜੀਆਂ ਨੂੰ ਵਿਗਾੜਦੇ ਹੋ, ਤੁਸੀਂ ਮਰਦਾਂ ਨੂੰ ਚੋਰ ਤੇ ਕਾਤਲ ਬਣਾ ਦੇਂਦੇ ਹੋ, ਤੁਸੀਂ ਵੋਦਕਾ, ਕੌਮਾਂਤਰੀ ਜੰਗਾਂ, ਝੂਠਾਂ, ਅਯਾਸ਼ੀ ਅਤੇ ਵਹਿਸ਼ਤ ਨਾਲ਼ ਉਹਨਾਂ ਦੀਆਂ ਰੂਹਾਂ ਵਿੱਚ ਜ਼ਹਿਰ ਭਰਦੇ ਹੋ— ਇਹ ਹੈ ਤੁਹਾਡੀ ਸਭਿਅਤਾ! ਅਸੀਂ ਅਜਿਹੀ ਸਭਿਅਤਾ ਦੇ ਵੈਰੀ ਹਾਂ!"

"ਮੈਂ ਕਹਿਨਾਂ!..." ਬੁੱਢਾ ਆਦਮੀ ਆਪਣੀ ਠੋਡੀ ਹਿਲਾਉਂਦਾ ਹੋਇਆ ਕੂਕਿਆ। ਪਰ ਸਮੋਈਲੋਵ, ਜਿਸਦਾ ਮੂੰਹ ਲਾਲ ਸੀ ਅਤੇ ਅੱਖਾਂ ਲਿਸ਼ਕ ਰਹੀਆਂ ਸਨ, ਜਵਾਬ ਵਿੱਚ ਚਿਲਕਿਆ:

"ਅਸੀਂ ਉਸ ਦੂਜੀ ਸਭਿਅਤਾ ਦੀ ਕਦਰ ਕਰਦੇ ਹਾਂ, ਜਿਹੜੀ ਉਹ ਲੋਕ ਤਜਵੀਜ਼ ਕਰਦੇ ਨੇ ਜਿਨ੍ਹਾਂ ਨੂੰ ਸੜਨ ਲਈ ਜਾਂ ਪਾਗਲ ਹੋ ਜਾਣ ਲਈ ਤੁਸਾਂ ਜੇਲ੍ਹਾਂ ਵਿੱਚ ਸੁੱਟ ਦਿੱਤੈ।..."

"ਬੈਠ ਜਾ! ਅਗਲਾ, ਫ਼ਿਓਦੋਰ ਮਾਜ਼ੀਨ!"

ਮੱਧਰਾ ਫ਼ਿਓਦੋਰ ਕਿਸੇ ਕਟਾਰ ਵਾਂਗ ਸਿੱਧਾ ਅਤੇ ਪਤਲਾ ਉੱਛਲ ਕੇ ਖੜਾ ਹੋ ਗਿਆ।

"ਮੈਂ ਰੱਬ ਦੀ ਸੌਂਹ ਖਾਂਦਾ ਹਾਂ ਮੈਂ ਕੰਮ ਕਰੀ ਜਾਵਾਂਗਾ," ਉਹਨੇ ਹੌਂਕ ਕੇ ਕਿਹਾ, ਉਹਦਾ ਰੰਗ ਇੰਨਾ ਪੀਲ਼ਾ ਪੈ ਗਿਆ ਸੀ ਕਿ ਬਸ ਉਹਦੀਆਂ ਅੱਖਾਂ ਹੀ ਦਿਸਦੀਆਂ ਸਨ। "ਮੈਂ ਜਾਣਦਾਂ ਤੁਸਾਂ ਪਹਿਲਾਂ ਹੀ ਸਜ਼ਾ ਦਾ ਫ਼ੈਸਲਾ ਕਰ ਲਿਐ, ਪਰ ਮੈਂ ਰੱਬ ਦੀ ਸੌਂਹ ਖਾਂਦਾ ਕਿ ਭਾਵੇਂ ਤੁਸੀਂ ਮੈਨੂੰ ਕਿਧਰੇ ਵੀ ਘੱਲੋ, ਮੈਂ ਉਥੋਂ ਨੱਠ ਜਾਵਾਂਗਾ ਤੇ ਸਦਾ, ਆਪਣੀ ਸਾਰੀ ਉਮਰ ਕੰਮ ਕਰਦਾ ਰਹਾਂਗਾ।" ਉਹਨੇ ਇੱਕ ਹੱਥ ਉਪਰ ਚੁੱਕਿਆ ਜਿਵੇਂ ਸੌਂਹ ਖਾ ਰਿਹਾ ਹੋਵੇ। "ਮੈਂ ਸੌਂਹ ਖਾਂਦਾ!"

ਸਿਜ਼ੋਵ ਉੱਚੀ ਜਿਹੇ ਗ਼ੁਰਾਇਆ ਅਤੇ ਆਪਣੀ ਥਾਂ 'ਤੇ ਮਰੋੜਾ ਖਾਧਾ। ਉਤਸੁਕਤਾ ਦੀ ਵੱਧਦੀ ਲਹਿਰ ਦੇ ਚੁੱਕੇ ਲੋਕ ਅਜੀਬ ਅਤੇ ਅਸਪਸ਼ਟ ਤਰ੍ਹਾਂ ਬੁੜਬੁੜਾਉਣ ਲੱਗ ਪਏ। ਇੱਕ ਔਰਤ ਡੁਸਕੀ ਅਤੇ ਕਿਸੇ ਨੂੰ ਖੰਘ ਦਾ ਦੌਰਾ ਪੈ ਗਿਆ। ਜੈਨਡਾਰਮਾਂ ਨੇ ਖੁੰਢੀ ਹੈਰਾਨੀ ਨਾਲ਼ ਕੈਦੀਆਂ ਵੱਲ ਅਤੇ ਗੁੱਸੇ ਨਾਲ਼ ਲੋਕਾਂ ਵੱਲ ਵੇਖਿਆ।

ਜੱਜ ਅੱਗੇ ਪਿੱਛੇ ਝੂਲੇ।

"ਅਗਲਾ, ਈਵਾਨ ਗੁਸੇਵ!" ਬੁੱਢਾ ਆਦਮੀ ਕੂਕਿਆ।

"ਮੈਂ ਕੁਝ ਨਹੀਂ ਕਹਿਣਾ ਚਾਹੁੰਦਾ!"

"ਅਗਲਾ, ਵਾਸਿਲੀ ਗੁਸੇਵ!"

"ਮੈਂ ਵੀ ਕੁਝ ਨਹੀਂ ਕਹਿਣਾ!"

"ਫ਼ਿਓਦੋਰ ਬੂਕਿਨ!"

ਬੱਗਾ, ਰੰਗ-ਹੀਣ ਬੰਦਾ ਜ਼ਰਾ ਔਖ ਨਾਲ਼ ਖੜਾ ਹੋਇਆ।

"ਤੁਹਾਨੂੰ ਆਪਣੇ ਆਪ ਉੱਤੇ ਸ਼ਰਮ ਆਉਣੀ ਚਾਹੀਦੀ ਏ," ਉਹਨੇ ਆਪਣਾ ਸਿਰ ਹਿਲਾਉਂਦੇ ਕਿਹਾ। "ਗਿਆਨ ਹਾਸਲ ਕਰਨਾ ਔਖਾ ਕੰਮ ਏ, ਪਰ ਜੋ ਕੁਝ ਮੁਨਸਫ਼ੀ ਏ ਉਹ ਤਾਂ ਮੈਂ ਵੀ ਵੇਖ ਸਕਨਾਂ।" ਉਹਨੇ ਇੱਕ ਹੱਥ ਆਪਣੇ ਸਿਰ ਦੇ ਉੱਤੇ ਚੁੱਕਿਆ ਅਤੇ ਚੁੱਪ ਕਰ ਗਿਆ, ਆਪਣੀਆਂ ਅੱਖਾਂ ਅੱਧੀਆਂ ਬੰਦ ਕਰ ਕੇ ਜਿਵੇਂ ਕਿਸੇ ਦੁਰਾਡੀ ਸ਼ੈ ਵੱਲ ਵੇਖ ਰਿਹਾ ਹੋਵੇ।

"ਕੀ ਕਿਹਾ?" ਬੁੱਢੇ ਨੇ ਹੈਰਾਨ ਅਤੇ ਗੁੱਸੇ ਹੋ ਕੇ, ਆਪਣੀ ਕੁਰਸੀ ਪਿੱਛੇ ਕਰਦੇ ਹੋਏ ਕਿਹਾ।

"ਪਓ ਢੱਠੇ ਖੂਹ ਵਿੱਚ!"

ਬੂਕਿਨ ਉਦਾਸੀ ਨਾਲ਼ ਬਹਿ ਗਿਆ। ਉਹਦੀ ਗੱਲ ਵਿੱਚ ਕੋਈ ਅਥਾਹ ਮਹੱਤਤਾ ਵਾਲ਼ੀ, ਕੁਝ ਸਿੱਧੜ ਅਤੇ ਸੋਗੀ ਤਾਹਨੇ ਵਾਲ਼ੀ ਗੱਲ ਸੀ। ਸਭਨਾਂ ਨੂੰ ਇਸ ਦਾ ਅਨੁਭਵ ਹੋਇਆ ਅਤੇ ਜੱਜਾਂ ਨੇ ਵੀ ਆਪਣੇ ਕੰਨ ਖੜੇ ਕਰ ਲਏ ਜਿਵੇਂ ਉਹਨਾਂ ਨੂੰ ਕਿਸੇ ਗੂੰਜ ਦੀ ਆਸ ਹੋਵੇ, ਜਿਹੜੀ ਬੂਕਿਨ ਦੀ ਗੱਲ ਨਾਲ਼ੋਂ ਵਧੇਰੇ ਸਪਸ਼ਟ ਹੋਵੇ। ਹਾਲ ਵਿੱਚ ਇੱਕ ਯਖ਼ ਹੋਈ ਚੁੱਪ ਛਾ ਗਈ, ਜਿਸਨੂੰ ਬਸ ਰੋਣ ਦੀ ਮਾੜੀ-ਮਾੜੀ ਅਵਾਜ਼ ਹੀ ਤੋੜ ਰਹੀ ਸੀ। ਅਖ਼ੀਰ ਸਰਕਾਰੀ ਵਕੀਲ ਨੇ ਆਪਣੇ ਮੋਢੇ ਸੰਗੋੜੇ, ਨਿੱਕਾ ਜਿਹਾ ਹਾਸਾ ਹੱਸਿਆ, ਰਾਠਾਂ ਦਾ ਮੁਖੀ ਜ਼ੋਰ ਨਾਲ਼ ਖੰਘਿਆ ਅਤੇ ਲੋਕ ਫਿਰ ਘੁਸਰ-ਮੁਸਰ ਕਰਨ ਲੱਗ ਪਏ। ਉਹਨਾਂ ਦੀ ਘੁਸਰ-ਮੁਸਰ ਹਾਲ ਵਿੱਚ ਵਲ ਵਲੇਵੇਂ ਖਾ ਰਹੀ ਸੀ ਅਤੇ ਲੋਕਾਂ ਵਿੱਚ ਉਤਸੁਕਤਾ ਪੈਦਾ ਕਰ ਰਹੀ ਸੀ।

"ਜੱਜ ਵੀ ਬੋਲਣਗੇ?" ਮਾਂ ਨੇ ਸਿਜ਼ੋਵ ਤੋਂ ਹੌਲ਼ੀ ਜਿਹੇ ਪੁੱਛਿਆ।

"ਸਜ਼ਾ ਸੁਣਾਉਣ ਤੋਂ ਛੁੱਟ ਸਭ ਕੁਝ ਮੁੱਕ ਗਿਐ।..."

"ਸਭ ਕੁਝ?"

"ਹਾਂ ਸਭ ਕੁਝ।..."

ਮਾਂ ਨੂੰ ਇਤਬਾਰ ਨਹੀਂ ਸੀ ਆ ਰਿਹਾ।

ਸਮੋਈਲੋਵ ਦੀ ਮਾਂ ਔਖੀ ਹੋਈ ਬੈਂਚ ਉੱਤੇ ਉਸਲਵਟ ਖਾ ਰਹੀ ਸੀ, ਆਪਣੇ ਮੋਢੇ ਅਤੇ ਅਰਕ ਨਾਲ਼ ਪੇਲਾਗੀਆ ਨੂੰ ਧੱਕਦੀ।

"ਕੀ ਹੋਇਐ ? ਮੁਕੱਦਮਾ ਖ਼ਤਮ ਤਾਂ ਹੋ ਨਹੀਂ ਸਕਦਾ ਕਿ ਹੋ ਗਿਐ ?" ਉਹਨੇ ਆਪਣੇ ਘਰਵਾਲੇ ਤੋਂ ਹੌਲੇ ਜਿਹੇ ਪੁੱਛਿਆ।

"ਖ਼ਤਮ ਹੋ ਸਕਦਾ ਏ, ਤੇ ਤੂੰ ਛੇਤੀ ਹੀ ਵੇਖ ਲਵੇਂਗੀ !"

"ਉਹ ਸਾਡੇ ਗ੍ਰੀਸ਼ਾ ਨੂੰ ਕੀ ਸਜ਼ਾ ਦੇਣਗੇ ?"

"ਗੱਲਾਂ ਬੰਦ ਕਰ।..."

ਹਰ ਇੱਕ ਨੂੰ ਕਿਸੇ ਉਲੰਘਣਾ ਦਾ, ਕਿਸੇ ਉਖਾੜ ਦਾ, ਕਿਸੇ ਸ਼ੈ ਦੇ ਟੁੱਟਣ ਦਾ ਅਨੁਭਵ ਸੀ। ਲੋਕ ਸਮਝੇ ਬਿਨਾਂ ਅੱਖਾਂ ਝਮਕੀ ਜਾਂਦੇ ਜਿਵੇਂ ਉਹ ਕਿਸੇ ਅਜਿਹੇ ਢੇਰ ਨੂੰ ਬਲਦਾ ਵੇਖ ਰਹੇ ਹੋਣ, ਜਿਸਦੀ ਨੁਹਾਰ ਬਿਆਨ ਨਾ ਕੀਤੀ ਜਾ ਸਕਦੀ ਹੋਵੇ, ਜਿਸਦੀ ਮਹੱਤਤਾ ਅਸਪਸ਼ਟ ਹੋਵੇ, ਪਰ ਜਿਸਦੀ ਸ਼ਕਤੀ ਅਮੋੜ ਹੋਵੇ। ਜਿਹੜੀ ਮਹਾਨ ਗੱਲ ਉਹਨਾਂ 'ਤੇ ਅਚਾਨਕ ਪ੍ਰਗਟ ਹੋਈ ਸੀ ਉਹਨੂੰ ਸਮਝਣੋਂ ਅਸਮਰੱਥ ਰਹਿੰਦੇ ਹੋਏ ਉਹ ਆਪਣੇ ਜਜ਼ਬੇ ਉਹਨਾਂ ਨਿੱਕੇ ਵਿਸਥਾਰਾਂ ਉੱਤੇ ਕੱਢਦੇ ਜਿਹੜੇ ਉਹ ਸਮਝਦੇ ਸਨ।

"ਸੁਣ, ਉਹਨਾਂ ਮੁੰਡਿਆਂ ਨੂੰ ਬੋਲਣ ਕਿਉਂ ਨਾ ਦਿੱਤਾ ?" ਵੱਡੇ ਬੂਕਿਨ ਨੇ ਸੰਕੋਚ ਤੋਂ ਬਿਨਾਂ ਉੱਚੀ ਘੁਸਰ-ਮੁਸਰ ਵਿੱਚ ਪੁੱਛਿਆ। "ਉਹਨਾਂ ਸਰਕਾਰੀ ਵਕੀਲ ਨੂੰ ਤਾਂ ਜਿੰਨਾ ਚਿਰ ਉਹਦਾ ਜੀਅ ਕੀਤਾ ਤੇ ਜੋ ਉਹਦਾ ਜੀਅ ਕੀਤਾ ਬੋਲਣ ਦਿੱਤਾ।..."

ਇੱਕ ਅਧਿਕਾਰੀ ਬੈਂਚਾਂ ਦੇ ਕੋਲ਼ ਖੜਾ ਸੀ ਅਤੇ ਉਹਨੇ ਇੱਕ ਹੱਥ ਲੋਕਾਂ ਦੇ ਸਿਰਾਂ ਉੱਤੇ ਹਿਲਾਇਆ।

"ਖ਼ਾਮੋਸ਼, ਖ਼ਾਮੋਸ਼," ਉਹਨੇ ਤਾੜਨਾ ਕੀਤੀ।

ਸਮੋਈਲੋਵ ਆਪਣੀ ਘਰਵਾਲੀ ਦੀ ਪਿੱਠ ਪਿੱਛੇ ਝੁਕਿਆ ਅਤੇ ਟੁੱਟੇ-ਫੁੱਟੇ ਫ਼ਿਕਰੇ ਬੁੜਬੁੜਾਇਆ।

"ਚੰਗਾ, ਮੰਨ ਲਓ ਉਹ ਮੁਜਰਮ ਨੇ। ਪਰ ਉਹਨਾਂ ਨੂੰ ਆਪਣੀ ਗੱਲ ਤਾਂ ਕਹਿਣ ਦਿਓ ! ਉਹ ਕਿਸਦੇ ਖ਼ਿਲਾਫ਼ ਨੇ ? ਮੈਂ ਇਹ ਗੱਲ ਜਾਣਨੀ ਚਾਹੁੰਨਾ ! ਮੈਂ ਵੀ ਆਪਣੇ ਹਿੱਤਾਂ ਨੂੰ ਚੰਗੀ ਤਰ੍ਹਾਂ ਜਾਣਦਾਂ।..."

"ਚੁੱਪ !" ਅਧਿਕਾਰੀ ਨੇ ਸਮੋਈਲੋਵ ਵੱਲ ਉਂਗਲੀ ਹਿਲਾਉਂਦੇ ਹੋਏ ਕਿਹਾ।

ਸਿਜ਼ੋਵ ਨੇ ਅਫ਼ਸੋਸ ਨਾਲ਼ ਸਿਰ ਹਿਲਾ ਦਿੱਤਾ।

ਮਾਂ ਦੀਆਂ ਅੱਖਾਂ ਜੱਜਾਂ ਉੱਤੇ ਲੱਗੀਆਂ ਹੋਈਆਂ ਸਨ ਅਤੇ ਉਹਨੇ ਵੇਖਿਆ ਕਿ ਆਪੋ ਵਿੱਚ ਗੱਲਾਂ ਕਰਦੇ-ਕਰਦੇ ਉਹਨਾਂ ਦੀ ਉਤੇਜਨਾ ਵਧ ਗਈ। ਉਹਨਾਂ ਦੀਆਂ ਗੱਲਾਂ ਦੀ ਠੰਢੀ, ਚਿਪਚਿਪੀ ਅਵਾਜ਼ ਉਹਦੇ ਮੂੰਹ ਨੂੰ ਛੂੰਹਦੀ ਜਿਸ ਨਾਲ਼ ਉਹਦੀਆਂ ਗੱਲ੍ਹਾਂ ਕੰਬਦੀਆਂ ਅਤੇ ਉਹਦੇ ਮੂੰਹ ਵਿੱਚ ਇੱਕ ਕੋਝਾ, ਭੈੜਾ ਜਿਹਾ ਸਵਾਦ ਛੱਡ ਜਾਂਦੀ। ਪਤਾ ਨਹੀਂ ਕਿਉਂ ਉਹਨੂੰ ਜਾਪਿਆ ਕਿ ਉਹ ਉਹਦੇ ਪੁੱਤਰ ਅਤੇ ਉਹਦੇ ਸਾਥੀਆਂ ਦੀਆਂ ਦੇਹਾਂ ਬਾਰੇ ਗੱਲ ਕਰ ਰਹੇ ਹਨ, ਉਹਨਾਂ ਦੀਆਂ ਲੱਤਾਂ ਬਾਹਵਾਂ ਅਤੇ ਪੱਠਿਆਂ ਬਾਰੇ, ਜਿਹੜੇ ਇੰਨੇ ਗਰਮ ਲਹੂ ਅਤੇ ਜ਼ਿੰਦਗੀ

ਨਾਲ਼ ਭਰੇ ਹੋਏ ਹਨ। ਅਜਿਹੀਆਂ ਦੇਹਾਂ ਉਹਨਾਂ ਦੇ ਦਿਲਾਂ ਵਿੱਚ ਮੰਗਤਿਆਂ ਵਾਲ਼ਾ ਕਮੀਨਾ ਸਾੜਾ ਪੈਦਾ ਕਰਦੇ, ਬਿਮਾਰਾਂ ਅਤੇ ਸਾਹ-ਸਤ-ਹੀਣ ਲੋਕਾਂ ਦਾ ਚਿਪਚਿਪਾ ਲੋਭ ਉਭਾਰਦੀਆਂ, ਉਹ ਪਚਕਾਰੇ ਮਾਰਦੇ ਅਤੇ ਉਹਨਾਂ ਦੇਹਾਂ ਦੀ ਲਾਲਸਾ ਕਰਦੇ, ਜਿਹੜੀਆਂ ਕੰਮ ਕਰ ਸਕਦੀਆਂ ਅਤੇ ਅਮੀਰ ਬਣ ਸਕਦੀਆਂ ਸਨ, ਸਿਰਜਣਾ ਕਰ ਸਕਦੀਆਂ ਸਨ ਅਤੇ ਜਿਨ੍ਹਾਂ ਨੂੰ ਖ਼ੁਸ਼ੀ ਦਾ ਗਿਆਨ ਸੀ। ਹੁਣ ਇਹ ਦੇਹਾਂ ਨਿੱਤ ਦੇ ਗੇੜ ਵਿੱਚੋਂ ਕੱਢੀਆਂ ਜਾ ਰਹੀਆਂ ਸਨ, ਰੱਦ ਕੀਤੀਆਂ ਜਾ ਰਹੀਆਂ ਸਨ, ਅਤੇ ਇਹਦਾ ਅਰਥ ਸੀ ਉਹਨਾਂ ਉੱਤੇ ਹੁਣ ਕਬਜ਼ਾ ਨਹੀਂ ਸੀ ਕੀਤਾ ਜਾ ਸਕਦਾ, ਲੁੱਟ-ਚੋਂਘ ਨਹੀਂ ਸੀ ਕੀਤੀ ਜਾ ਸਕਦੀ ਜਾਂ ਉਹਨਾਂ ਨੂੰ ਹੜਪਿਆ ਨਹੀਂ ਸੀ ਜਾ ਸਕਦਾ। ਅਤੇ ਇਸੇ ਕਾਰਨ ਜਵਾਨ ਲੋਕ ਬੁੱਢੇ ਜੱਜਾਂ ਵਿੱਚ ਨਿਤਾਣੇ ਹੋਏ ਜਾਨਵਰਾਂ ਦਾ ਕੁਤਰਵਾਂ ਬਦਲੇਖ਼ੋਰ ਝਲਿਅਸ ਜਗਾਉਂਦੇ ਜਿਹੜੇ ਆਪਣੇ ਸਾਹਮਣੇ ਤਾਜ਼ਾ ਖ਼ੁਰਾਕ ਵੇਖਦੇ ਹਨ, ਪਰ ਜਿਨ੍ਹਾਂ ਵਿੱਚ ਇਹਨੂੰ ਫੜ ਲੈਣ ਲਈ ਸ਼ਕਤੀ ਦੀ ਘਾਟ ਹੁੰਦੀ ਹੈ। ਜਾਨਵਰ, ਜਿਹੜੇ ਹੁਣ ਹੋਰਨਾਂ ਜੀਵਾਂ ਦੇ ਬਲ ਨੂੰ ਭਰਪੂਰ ਤੌਰ 'ਤੇ ਪ੍ਰਾਪਤ ਕਰਨ ਯੋਗ ਨਹੀਂ ਰਹੇ ਅਤੇ ਰੱਜ ਦੇ ਸਾਧਨ ਆਪਣੇ ਸਾਹਮਣਿਓਂ ਲੰਘੀ ਜਾਂਦੇ ਵੇਖ ਕੇ ਸਿਰਫ਼ ਦੁੱਖ ਨਾਲ਼ ਬਿਸੂੰਗਰ ਹੀ ਸਕਦੇ ਹਨ।

ਜੱਜਾਂ ਵੱਲ ਵਧੇਰੇ ਧਿਆਨ ਨਾਲ਼ ਵੇਖਦੀ ਹੋਈ ਮਾਂ ਦੇ ਮਨ ਵਿੱਚ ਇਹਨਾਂ ਅਜੀਬ, ਭੱਦੇ ਵਿਚਾਰਾਂ ਨੇ ਵਧੇਰੇ ਸਪਸ਼ਟ ਰੂਪ ਧਾਰ ਲਿਆ। ਉਹ ਭੁੱਖੇ ਮਰਦੇ ਜੀਵਾਂ ਦਾ ਲੋਭ ਅਤੇ ਖੱਸੀ ਗੁੱਸਾ ਲੁਕਾਉਣ ਦਾ ਕੋਈ ਜਤਨ ਕਰਦੇ ਨਹੀਂ ਸਨ ਜਾਪਦੇ, ਜਿਹੜੇ ਜਾਣਦੇ ਹਨ ਕਿ ਗੁਲਛਰੇ ਕਿਵੇਂ ਉਡਾਈਦੇ ਹਨ। ਉਹਦੇ ਲਈ, ਇੱਕ ਇਸਤਰੀ ਅਤੇ ਮਾਂ ਲਈ, ਜਿਸ ਲਈ ਉਹਦੇ ਪੁੱਤਰ ਦੀ ਦੇਹ ਉਸ ਨਾਲੋਂ ਵਧੇਰੇ ਪਿਆਰੀ ਸੀ ਜਿਸਨੂੰ ਰੂਹ ਕਿਹਾ ਜਾਂਦਾ ਹੈ, ਉਹਨਾਂ ਦੀਆਂ ਬੇਨੂਰ ਅੱਖਾਂ ਉਹਦੇ ਮੂੰਹ ਉੱਤੇ ਰਿੜ੍ਹਦੀਆਂ, ਉਹਦੇ ਸੀਨੇ, ਉਹਦੇ ਮੋਢਿਆਂ, ਉਹਦੀਆਂ ਬਾਹਾਂ ਨੂੰ ਛੂੰਹਦੀਆਂ, ਉਹਦੇ ਜਿਊਂਦੇ ਮਾਸ ਨਾਲ਼ ਇਉਂ ਖਹਿਸਰਦੀਆਂ ਜਿਵੇਂ ਇਹ ਰਗੜ ਉਹਨਾਂ ਦੀਆਂ ਆਪਣੀਆਂ ਸਖ਼ਤ ਹੋਈਆਂ ਨਾੜੀਆਂ ਅਤੇ ਮਰ ਚੁੱਕੇ ਪੱਠਿਆਂ ਵਿੱਚ ਵਹਿੰਦੇ ਲਹੂ ਨੂੰ ਗਰਮ ਕਰ ਦੇਵੇਗੀ, ਵੇਖਣਾ ਭਿਆਨਕ ਸੀ। ਹੁਣ ਉਹ ਇਹਨਾਂ ਨੌਜਵਾਨਾਂ ਨੂੰ, ਜਿਨਾਂ ਨੂੰ ਸਜ਼ਾ ਉਹਨਾਂ ਦੇਣੀ ਹੀ ਸੀ ਅਤੇ ਇਉਂ ਆਪਣੇ ਆਪ ਨੂੰ ਉਹਨਾਂ ਦੀਆਂ ਦੇਹਾਂ ਤੋਂ ਵਿਰਵਿਆ ਕਰ ਲੈਣਾ ਸੀ, ਵੇਖਣ ਤੋਂ ਪੈਦਾ ਹੋਈ ਵਾਸ਼ਨਾ ਅਤੇ ਈਰਖਾ ਨੇ ਉਹਨਾਂ ਨੂੰ ਕੁਝ ਸੁਰਜੀਤ ਕਰ ਦਿੱਤਾ ਸੀ। ਮਾਂ ਨੂੰ ਜਾਪਿਆ ਕਿ ਪਾਵੇਲ ਨੂੰ ਇਸ ਗਿੱਲੀ, ਅਸੁਖਾਵੀਂ ਛੁਹ ਦਾ ਪਤਾ ਸੀ ਅਤੇ ਉਹਨੇ ਕਾਂਬੇ ਨਾਲ਼ ਮਾਂ ਵੱਲ ਵੇਖਦਾ।

ਉਹ ਮਾਂ ਵੱਲ ਠਰ੍ਹੰਮੇ ਅਤੇ ਪਿਆਰ ਨਾਲ਼ ਵੇਖ ਰਿਹਾ ਸੀ, ਉਹਦੀ ਨਿਗਾਹ ਵਿੱਚ ਕੁਝ ਥਕੇਵਾਂ ਸੀ। ਕਦੀ-ਕਦੀ ਉਹ ਮਾਂ ਵੱਲ ਵੇਖ ਕੇ ਸਿਰ ਹਿਲਾਉਂਦਾ ਅਤੇ ਮੁਸਕਰਾਉਂਦਾ।

"ਛੇਤੀ — ਅਜ਼ਾਦੀ!" ਇਹ ਸਨ ਉਹ ਲਫ਼ਜ਼ ਜਿਹੜੇ ਮਾਂ ਨੇ ਉਹਦੀ ਮੁਸਕਾਨ ਵਿੱਚ ਪੜ੍ਹੇ, ਇਹ ਕਿਸੇ ਲਾਡ ਵਾਂਗ ਸਨ।

ਉਸੇ ਛਿਣ ਜੱਜ ਖੜੇ ਹੋ ਗਏ। ਮਾਂ ਵੀ ਆਪ-ਮੁਹਾਰੇ ਖੜੀ ਹੋ ਗਈ।

"ਉਹ ਤਿਆਰ ਹੋ ਗਏ ਨੇ," ਸਿਜ਼ੋਵ ਨੇ ਕਿਹਾ।

"ਸਜ਼ਾ ਦੇਣ ਲਈ ?" ਮਾਂ ਨੇ ਪੁੱਛਿਆ।

'ਹਾਂ।..."

ਉਹ ਜਿਹੜੇ ਖਿਚਾਅ ਹੇਠ ਸੀ ਉਹ ਅਚਾਨਕ ਟੁੱਟ ਗਿਆ ਅਤੇ ਥਕਾਵਟ ਕਾਰਨ ਉਹ ਬਹੁਤ ਕਮਜ਼ੋਰੀ ਮਹਿਸੂਸ ਕਰਨ ਲੱਗੀ। ਉਹਦੇ ਭਰਵੱਟੇ ਕੰਬੇ ਅਤੇ ਉਹਦੇ ਮੱਥੇ ਉੱਤੇ ਤਰੇਲੀ ਆ ਗਈ। ਦੁੱਖ ਅਤੇ ਨਾਉਮੀਦੀ ਦਾ ਇੱਕ ਭਾਰ ਜਿਹੜਾ ਉਹਦੀ ਰੂਹ ਨੂੰ ਦਬਾ ਰਿਹਾ ਸੀ, ਉਹਦੇ ਦਿਲ ਉੱਤੇ ਵੱਜਾ ਅਤੇ ਛੇਤੀ ਹੀ ਅਦਾਲਤ ਅਤੇ ਜੱਜਾਂ ਲਈ ਘਿਰਣਾ ਵਿੱਚ ਤਬਦੀਲ ਹੋ ਗਿਆ। ਸਿਰ ਪੀੜ ਦਾ ਅਨੁਭਵ ਹੋਣ ਤੇ ਉਹਨੇ ਆਪਣਾ ਮੱਥਾ ਆਪਣੇ ਹੱਥ ਨਾਲ਼ ਘੁੱਟਿਆ ਅਤੇ ਅੱਖ ਚੁੱਕ ਕੇ ਵੇਖਿਆ: ਕੈਦੀਆਂ ਦੇ ਰਿਸ਼ਤੇਦਾਰ ਸੀਖ਼ਾਂ ਕੋਲ਼ ਗਏ ਸਨ ਅਤੇ ਕਮਰਾ ਗੱਲਬਾਤ ਦੀ ਭਿਣਕਾਰ ਨਾਲ਼ ਭਰਿਆ ਹੋਇਆ ਸੀ। ਉਹ ਵੀ ਪਾਵੇਲ ਕੋਲ਼ ਗਈ, ਉਹਦਾ ਹੱਥ ਫੜਿਆ ਅਤੇ ਰੋਣ ਲੱਗ ਪਈ, ਦਰਦ ਅਤੇ ਖ਼ੁਸ਼ੀ ਦੀ ਝੰਬੀ, ਟਾਕਰਵੀਆਂ ਭਾਵਨਾਵਾਂ ਵਿੱਚ ਜਕੜੀ। ਪਾਵੇਲ ਨੇ ਉਹਦੇ ਨਾਲ਼ ਪਿਆਰ ਨਾਲ਼ ਗੱਲ ਕੀਤੀ ਅਤੇ ਖੋਖੋਲ ਹੱਸਿਆ ਅਤੇ ਠੱਠਾ ਉਡਾਉਣ ਲੱਗ ਪਿਆ।

ਸਾਰੀਆਂ ਇਸਤਰੀਆਂ ਰੋ ਰਹੀਆਂ ਸਨ, ਪਰ ਦੁੱਖ ਤੋਂ ਵੱਧ ਆਦਤ ਕਾਰਨ। ਇਹ ਕੋਈ ਅਣ-ਦਿਸਿਆ ਅਤੇ ਆਸੋ ਉਲਟ ਪਿਆ ਸ਼ਸ਼ਿਦਰ ਕਰਨ ਵਾਲ਼ਾ ਦੁੱਖ ਨਹੀਂ ਸੀ; ਕੇਵਲ ਆਪਣੇ ਬੱਚਿਆਂ ਤੋਂ ਵਿਛੜਨ ਦੀ ਸੋਗੀ ਲੋੜ ਸੀ, ਪਰ ਇਹਨੂੰ ਵੀ ਦਿਨ ਦੇ ਪ੍ਰਭਾਵਾਂ ਨੇ ਘਟਾ ਦਿੱਤਾ ਸੀ। ਪਿਤਾ ਅਤੇ ਮਾਵਾਂ ਆਪਣੇ ਪੁੱਤਰਾਂ ਵੱਲ ਮਿਲੇ-ਜੁਲੇ ਜਜ਼ਬਿਆਂ ਨਾਲ਼ ਵੇਖਦੇ, ਜਿਸ ਵਿੱਚ ਜਵਾਨੀ ਲਈ ਬੇਇਤਬਾਰੀ ਅਤੇ ਆਪਣੀ ਵਡਿੱਤਣ ਦੀ ਆਮ ਭਾਵਨਾ ਕਿਸੇ ਅਜਿਹੀ ਸ਼ੈਅ ਨਾਲ਼ ਰਲੀ ਹੋਈ ਸੀ ਜਿਹੜੀ ਸਤਿਕਾਰ ਜਿਹੀ ਸੀ। ਇਹਨਾਂ ਸੋਗੀ ਵਿਚਾਰਾਂ ਉੱਤੇ ਕਿ ਹੁਣ ਉਹ ਕਿਵੇਂ ਜਿਊਂਦੇ ਰਹਿਣਗੇ, ਇੰਨੀ ਦਲੇਰੀ ਅਤੇ ਨਿਡਰਤਾ ਨਾਲ਼ ਜ਼ਿੰਦਗੀ ਦੇ ਇੱਕ ਨਵੇਂ ਚੰਗੇਰੇ ਢੰਗ ਬਾਰੇ ਗੱਲ ਕਰਨ ਵਾਲ਼ੇ ਜਵਾਨਾਂ ਵੱਲੋਂ ਪੈਦਾ ਕੀਤਾ ਅਚੰਭੇ ਨੇ ਪਰਦਾ ਪਾ ਦਿੱਤਾ ਸੀ। ਜਜ਼ਬੇ ਉਨ੍ਹਾਂ ਨੇ ਨੇ ਬਿਆਨ ਕਰਨ ਦੀ ਅਸਮਰੱਥਾ ਕਾਰਨ ਦਬਾਏ ਹੋਏ ਸਨ; ਲਫ਼ਜ਼ਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ, ਪਰ ਕੱਪੜਿਆਂ, ਉਹਨਾਂ ਦੀ ਧੁਆਈ ਅਤੇ ਸਿਹਤ ਜਿਹੀਆਂ ਸਾਦੀਆਂ ਗੱਲਾਂ ਬਾਰੇ।

ਵੱਡਾ ਬੂਕਿਨ ਆਪਣੇ ਛੋਟੇ ਭਰਾ ਨਾਲ਼ ਗੱਲ ਕਰਦਾ ਹੱਥ ਹਿਲਾ ਰਿਹਾ ਸੀ।

"ਅਸਲ ਮੁੱਲ ਤਾਂ ਇਨਸਾਫ਼ ਦਾ ਏ। ਕਿਸੇ ਹੋਰ ਸ਼ੈਅ ਦਾ ਨਹੀਂ!"

"ਮੇਰੇ ਪਾਲਤੂ ਚੰਡੋਲ ਦਾ ਧਿਆਨ ਰੱਖੀਂ।..." ਨਿੱਕੇ ਨੇ ਜਵਾਬ ਦਿੱਤਾ।

"ਮੈਂ ਰੱਖਾਂਗਾ।..."

ਸਿਜ਼ੋਵ ਨੇ ਆਪਣੇ ਭਣੇਵੇਂ ਦਾ ਹੱਥ ਫੜ ਲਿਆ।

"ਸੋ, ਫ਼ਿਓਦੋਰ ਤੂੰ ਸਾਨੂੰ ਛੱਡ ਚੱਲਿਐਂ," ਉਹਨੇ ਕਿਹਾ।

ਫ਼ਿਓਦੋਰ ਝੁਕਿਆ ਅਤੇ ਮੁਸਕਰਾਉਂਦੇ ਹੋਏ ਉਹਦੇ ਕੰਨ ਵਿੱਚ ਕੁਝ ਕਿਹਾ। ਪਹਿਰੇਦਾਰ ਮੁਸਕਰਾਇਆ, ਪਰ ਛੇਤੀ ਹੀ ਆਪਣੀ ਮੁਸਕਾਨ ਰੋਕ ਲਈ ਅਤੇ ਗਲਾ ਸਾਫ਼ ਕੀਤਾ।

ਮਾਂ ਨੇ ਆਪਣੇ ਪੁੱਤਰ ਨਾਲ਼ ਉਸੇ ਤਰ੍ਹਾਂ ਗੱਲ ਕੀਤੀ ਜਿਵੇਂ ਬਾਕੀ ਇਸਤਰੀਆਂ ਨੇ ਕੀਤੀ

— ਕੱਪੜਿਆਂ ਅਤੇ ਉਹਦੀ ਸਿਹਤ ਬਾਰੇ — ਪਰ ਉਹ ਸਾਸ਼ਾ ਬਾਰੇ ਅਤੇ ਆਪਣੇ ਬਾਰੇ ਅਤੇ ਉਹਦੇ ਬਾਰੇ ਹਜ਼ਾਰ ਸਵਾਲ ਪੁੱਛਣਾ ਚਾਹੁੰਦੀ ਸੀ। ਇਹਨਾਂ ਸਭਨਾਂ ਗੱਲਾਂ ਦੇ ਉੱਤੇ ਆਪਣੇ ਪੁੱਤਰ ਲਈ ਅਸੀਮ ਪਿਆਰ ਸੀ, ਉਹਨੂੰ ਖੁਸ਼ ਕਰਨ ਅਤੇ ਉਹਨੂੰ ਪਿਆਰਾ ਲੱਗਣ ਦੀ ਇੱਛਾ। ਜੋ ਕੁਝ ਆ ਰਿਹਾ ਸੀ ਉਹਦਾ ਡਰ ਉੱਡ-ਪੁੱਡ ਗਿਆ, ਆਪਣੇ ਪਿੱਛੇ ਜੱਜਾਂ ਅਤੇ ਮੁਕੱਦਮੇ ਦੇ ਕੁਸ਼ਗਣੇ ਪ੍ਰਭਾਵਾਂ ਦੀ ਯਾਦ ਉੱਤੇ ਇਕ ਅਸੁਖਾਵਾਂ ਕਾਂਬਾ ਛੱਡਦਾ ਹੋਇਆ। ਉਹਦੇ ਅੰਦਰ ਕੋਈ ਲਿਸ਼-ਲਿਸ਼ ਕਰਦੀ ਖੁਸ਼ੀ-ਭਰੀ ਸ਼ੈਅ ਜੰਮ ਪਈ ਸੀ, ਅਜੇ ਉਹਨੂੰ ਸਮਝ ਨਹੀਂ ਸੀ ਕਿ ਇਹ ਕੀ ਹੈ ਅਤੇ ਉਹ ਇਹਨੂੰ ਝਕਦੀ-ਝਕਦੀ ਕਬੂਲ ਕਰਦੀ। ਖੋਖੋਲ ਨੂੰ ਲੋਕਾਂ ਨਾਲ਼ ਗੱਲਾਂ ਕਰਦੇ ਵੇਖ ਕੇ ਅਤੇ ਇਹ ਜਾਣਦੇ ਹੋਏ ਕਿ ਉਹਨੂੰ ਸਨੇਹ ਦੀ ਪਾਵੇਲ ਨਾਲ਼ੋਂ ਵੱਧ ਲੋੜ ਹੈ, ਉਹ ਉਹਦੇ ਵੱਲ ਮੁੜੀ।

"ਤੁਹਾਡੇ ਇਸ ਮੁਕੱਦਮੇ ਦਾ ਮੇਰੇ ਉੱਤੇ ਕੋਈ ਖ਼ਾਸ ਅਸਰ ਨਹੀਂ ਹੋਇਆ।" ਮਾਂ ਨੇ ਕਿਹਾ।

"ਕਿਉਂ ਨੈਨਕੋ ?" ਉਸ ਸ਼ੁਕਰਗੁਜ਼ਾਰ ਮੁਸਕਾਨ ਨਾਲ਼ ਪੁੱਛਿਆ। "ਚੱਕੀ ਪੁਰਾਣੀ ਏ, ਪਰ ਇਹ ਪੀਹੀ ਜਾਂਦੀ ਏ।..."

"ਇਸ ਤੋਂ ਡਰਿਆ ਤਾਂ ਕੋਈ ਨਹੀਂ, ਪਰ ਇਹਨੇ ਕਿਸੇ ਨੂੰ ਕੁਝ ਦੱਸਿਆ ਵੀ ਨਹੀਂ ? ਕੌਣ ਠੀਕ ਵੇ ਤੇ ਕੌਣ ਗ਼ਲਤ ?" ਉਹਨੇ ਰੁਕ-ਰੁਕ ਕੇ ਕਿਹਾ।

"ਓਹੋ ! ਸੋ ਤੂੰ ਇਹ ਚਾਹੁੰਦੀ ਸੈਂ !" ਆਂਦਰੇਈ ਉੱਚੀ ਅਵਾਜ਼ ਵਿੱਚ ਬੋਲਿਆ। "ਤੇਰਾ ਖ਼ਿਆਲ ਏ ਉਹਨਾਂ ਨੂੰ ਸੱਚ ਤੱਕ ਅਪੜਨ ਵਿੱਚ ਦਿਲਚਸਪੀ ਏ ?"

"ਮੇਰਾ ਖ਼ਿਆਲ ਸੀ ਇਹ ਬਹੁਤ ਡਰਾਉਣਾ ਹੋਵੇਗਾ," ਮਾਂ ਨੇ ਇੱਕ ਡੂੰਘਾ ਸਾਹ ਲੈ ਕੇ ਮੁਸਕਰਾਉਂਦੇ ਹੋਏ ਕਿਹਾ।

"ਅਦਾਲਤ ਵਿੱਚ ਮੌਜੂਦ ਸਭ ਸਾਵਧਾਨ ਜੋ ਜਾਓ !"

ਲੋਕ ਕਾਹਲ ਨਾਲ਼ ਆਪੋ ਆਪਣੀਆਂ ਥਾਵਾਂ ਉੱਤੇ ਗਏ।

ਵੱਡੇ ਜੱਜ ਨੇ ਇੱਕ ਹੱਥ ਨਾਲ਼ ਮੇਜ਼ ਦਾ ਸਹਾਰਾ ਲਿਆ ਅਤੇ ਦੂਜੇ ਨਾਲ਼ ਆਪਣੇ ਮੂੰਹ ਸਾਹਮਣੇ ਇੱਕ ਕਾਗ਼ਜ਼ ਲਿਆਂਦਾ। ਉਹਨੇ ਬਾਰੀਕ, ਕਿਸੇ ਭਿਣ-ਭਿਣ ਕਰਦੀ ਮੱਖੀ ਵਾਂਗ ਸਸਕਾਰੀ ਅਵਾਜ਼ ਵਿੱਚ ਬੋਲਣਾ ਸ਼ੁਰੂ ਕੀਤਾ।

"ਉਹ ਸਜ਼ਾ ਸੁਣਾ ਰਿਹੈ," ਸਿਜ਼ੋਵ ਨੇ ਜ਼ੋਰ ਨਾਲ਼ ਅੱਗੇ ਵੱਲ ਝੁਕਦੇ ਹੋਏ ਕਿਹਾ।

ਕਮਰੇ ਵਿੱਚ ਚੁੱਪ ਛਾ ਗਈ। ਸਭ ਬੁੱਢੇ ਆਦਮੀ ਵੱਲ ਤਾੜੀ ਲਾ ਕੇ ਵੇਖਦੇ ਖੜੇ ਹੋ ਗਏ। ਮੱਧਰਾ, ਪਤਲਾ ਅਤੇ ਸਿੱਧਾ, ਉਹ ਕਿਸੇ ਅਣ-ਦਿੱਸਦੇ ਹੱਥ ਵਿੱਚ ਫੜੀ ਸੋਟੀ ਜਿਹਾ ਜਾਪਦਾ ਸੀ। ਬਾਕੀ ਜੱਜ ਵੀ ਖੜੇ ਹੋ ਗਏ। ਵੋਲੋਸਤ ਦੇ ਮੁਖੀ ਨੇ ਆਪਣਾ ਸਿਰ ਇੱਕ ਪਾਸੇ ਸੁੱਟਿਆ ਹੋਇਆ ਸੀ ਅਤੇ ਅੱਖਾਂ ਛੱਤ ਉੱਤੇ ਗੱਡੀਆਂ ਹੋਈਆਂ ਸਨ; ਮੇਅਰ ਨੇ ਆਪਣੀਆਂ ਬਾਹਾਂ ਛਾਤੀ ਉੱਤੇ ਦੋਹਰੀਆਂ ਕੀਤੀਆਂ ਹੋਈਆਂ ਸਨ; ਰਾਠਾਂ ਦਾ ਮੁਖੀ ਆਪਣੀ ਦਾੜ੍ਹੀ ਪਲੋਸ ਰਿਹਾ ਸੀ; ਬਿਮਾਰ ਜੱਜ, ਉਹਦਾ ਢਿੱਡਲ ਸਾਥੀ ਅਤੇ ਸਰਕਾਰੀ ਵਕੀਲ ਸਭ ਕੈਦੀਆਂ ਵੱਲ ਵੇਖ ਰਹੇ ਸਨ। ਜੱਜਾਂ ਦੇ ਪਿੱਛੇ ਜ਼ਾਰ ਆਪਣੀ ਤਸਵੀਰ ਵਿੱਚੋਂ ਝਾਕ ਰਿਹਾ ਸੀ, ਲਾਲ ਵਰਦੀ ਵਿੱਚ ਸੱਜਿਆ, ਉਹਦੇ ਬੱਗੇ ਮੂੰਹ ਉੱਤੇ ਜਿਸ ਉੱਤੇ ਇੱਕ ਮੱਖੀ ਚੱਲ ਰਹੀ ਸੀ, ਬੇਪ੍ਰਵਾਹੀ ਦੀ ਦਿੱਖ

ਸੀ।

"ਜਲਾਵਤਨੀ!" ਸਿਜ਼ੋਵ ਨੇ ਸੁੱਖ ਦਾ ਸਾਹ ਲੈਂਦੇ ਹੋਏ ਕਿਹਾ। "ਸੋ ਰੱਬ ਦਾ ਸ਼ੁਕਰ ਏ ਸਭ ਕੁਝ ਮੁੱਕ ਗਿਐ। ਮੈਨੂੰ ਡਰ ਸੀ ਉਹਨਾਂ ਨੂੰ ਸਖ਼ਤ ਮੁਸ਼ਕਤ ਦੀ ਸਜ਼ਾ ਮਿਲੇਗੀ। ਇਹ ਚੰਗੇਰੀ ਏ, ਮਾਂ!"

"ਮੈਨੂੰ ਤਾਂ ਪਹਿਲਾਂ ਈ ਪਤਾ ਸੀ ਇਹੋ ਸਜ਼ਾ ਮਿਲਣੀ ਏ," ਮਾਂ ਨੇ ਥੱਕੀ ਅਵਾਜ਼ ਵਿੱਚ ਕਿਹਾ।

"ਚੱਲ, ਹੁਣ ਪੱਕ ਹੋ ਗਿਆ! ਕੀ ਪਤਾ ਉਹ ਕੀ ਕਰ ਦੇਂਦੇ।"

ਉਹ ਕੈਦੀਆਂ ਵੱਲ ਮੁੜਿਆ ਜਿਨ੍ਹਾਂ ਨੂੰ ਪਹਿਲਾਂ ਹੀ ਬਹਾਰ ਲਿਜਾਇਆ ਜਾ ਰਿਹਾ ਸੀ।

"ਰੱਬ ਰਾਖਾ ਫ਼ਿਓਦੋਰ!" ਉਹ ਉੱਚੀ ਜਿਹੇ ਬੋਲਿਆ। "ਤੇ ਤੁਹਾਡਾ ਬਾਕੀ ਸਾਰਿਆਂ ਦਾ ਵੀ! ਰੱਬ ਤੁਹਾਡੇ 'ਤੇ ਮਿਹਰ ਕਰੇ!"

ਮਾਂ ਨੇ ਚੁੱਪ-ਚਾਪ ਆਪਣੇ ਪੁੱਤਰ ਅਤੇ ਹੋਰਨਾਂ ਵੱਲ ਸਿਰ ਹਿਲਾਇਆ। ਉਹਦਾ ਜੀਅ ਰੋਣ ਨੂੰ ਕਰਦਾ ਸੀ, ਪਰ ਉਹਨੂੰ ਸ਼ਰਮ ਆ ਰਹੀ ਸੀ।

## 27

ਅਦਾਲਤ ਚੋਂ ਬਾਹਰ ਆ ਕੇ ਉਹ ਹੈਰਾਨ ਰਹਿ ਗਈ ਕਿ ਰਾਤ ਹੋ ਵੀ ਚੁੱਕੀ ਸੀ। ਸੜਕਾਂ ਦੇ ਮੋੜਾਂ 'ਤੇ ਬੱਤੀਆਂ ਜਗ ਰਹੀਆਂ ਸਨ ਅਤੇ ਅਸਮਾਨ ਵਿੱਚ ਤਾਰੇ ਚਮਕ ਰਹੇ ਸਨ। ਅਦਾਲਤ ਦੇ ਨੇੜੇ ਲੋਕਾਂ ਦੀਆਂ ਟੋਲੀਆਂ ਇਕੱਠੀਆਂ ਹੋਈਆਂ ਸਨ, ਠੰਢੀ ਹਵਾ ਵਿੱਚ ਬਰਫ਼ ਉਹਨਾਂ ਦੇ ਪੈਰਾਂ ਹੇਠ ਕਰਿਚ-ਕਰਿਚ ਕਰਦੀ, ਜਵਾਨ ਅਵਾਜ਼ਾਂ ਇੱਕ ਦੂਜੇ ਨੂੰ ਕੱਟਦੀਆਂ ਸੁਣੀਆਂ ਜਾ ਸਕਦੀਆਂ ਸਨ। ਭੂਰੀ, ਕਲੰਦਰੀ ਟੋਪੀ ਪਹਿਨੀ ਇੱਕ ਬੰਦੇ ਨੇ ਸਿਜ਼ੋਵ ਦੇ ਮੂੰਹ ਵੱਲ ਝਾਕਿਆ।

"ਕੀ, ਸਜ਼ਾ ਸੁਣਾਈ ਗਈ?" ਉਹਨੇ ਕਾਹਲੀ-ਕਾਹਲੀ ਪੁੱਛਿਆ।

"ਜਲਾਵਤਨੀ।"

"ਸਭਨਾਂ ਲਈ?"

"ਹਾਂ।"

"ਤੇਰਾ ਭਲਾ ਹੋਵੇ।"

ਬੰਦਾ ਚਲਾ ਗਿਆ।

"ਵੇਖਿਆ," ਸਿਜ਼ੋਵ ਨੇ ਕਿਹਾ। "ਉਹਨਾਂ ਨੂੰ ਦਿਲਚਸਪੀ ਏ।..."

ਅਚਾਨਕ ਦਰਜਨ ਕੁ ਮੁਟਿਆਰਾਂ ਅਤੇ ਗੱਭਰੂਆਂ ਨੇ ਉਹਨਾਂ ਨੂੰ ਘੇਰ ਲਿਆ, ਜਿਨ੍ਹਾਂ ਦੀਆਂ ਉੱਚੀਆਂ ਚੀਕਾਂ ਨੇ ਹੋਰਨਾਂ ਨੂੰ ਖਿੱਚ ਕੇ ਨਿੱਕੀ ਜਿਹੀ ਭੀੜ ਬਣਾ ਦਿੱਤੀ। ਮਾਂ ਅਤੇ ਸਿਜ਼ੋਵ ਰੁਕ ਗਏ। ਉਹਨਾਂ ਤੋਂ ਪੁੱਛਿਆ ਗਿਆ ਕਿ ਕੀ ਸਜ਼ਾ ਸੁਣਾਈ ਗਈ, ਕੈਦੀਆਂ ਦਾ ਵਤੀਰਾ ਕਿਹੋ ਜਿਹਾ ਸੀ, ਕਿਸ-ਕਿਸ ਨੇ ਤਕਰੀਰਾਂ ਕੀਤੀਆਂ ਅਤੇ ਉਹਨਾਂ ਕੀ ਕਿਹਾ; ਅਤੇ ਸਾਰੇ ਸਵਾਲ ਇੰਨੀ ਸੱਚੀ ਫ਼ਿਕਰਮੰਦੀ ਨਾਲ਼ ਪੁੱਛੇ ਗਏ ਕਿ ਮਾਂ ਉਹਨਾਂ ਦੇ ਜਵਾਬ ਦੇ ਕੇ ਬਹੁਤ

ਹੀ ਖੁਸ਼ ਹੋਈ।

"ਭਲੇ ਲੋਕੋ! ਇਹ ਪਾਵੇਲ ਵਲਾਸੋਵ ਦੀ ਮਾਂ ਏ," ਕਿਸੇ ਨੇ ਕਿਹਾ ਅਤੇ ਇੱਕ ਦਮ ਨਹੀਂ ਪਰ ਕਾਹਲ ਨਾਲ਼ ਚੁੱਪ ਛਾ ਗਈ।

"ਮੈਂ ਤੁਹਾਡੇ ਨਾਲ਼ ਹੱਥ ਮਿਲਾ ਸਕਦਾਂ?"

ਕਿਸੇ ਤਕੜੇ ਹੱਥ ਨੇ ਮਾਂ ਦੀਆਂ ਉਂਗਲਾਂ ਜਕੜ ਲਈਆਂ ਅਤੇ ਕਿਸੇ ਦੀ ਉਤੇਜਤ ਅਵਾਜ਼ ਨੇ ਕਿਹਾ:

"ਤੇਰਾ ਪੁੱਤਰ ਸਾਡੇ ਸਾਰਿਆਂ ਲਈ ਦਲੇਰੀ ਦੀ ਮਿਸਾਲ ਏ।..."

"ਰੂਸੀ ਕਿਰਤੀ ਜ਼ਿੰਦਾਬਾਦ!" ਇੱਕ ਉੱਚਾ ਨਾਹਰਾ ਆਇਆ।

ਨਾਹਰੇ ਵਧੇ ਅਤੇ ਬਹੁਤੇ ਹੋ ਗਏ, ਕਦੀ ਇੱਕ ਥਾਂ ਅਤੇ ਕਦੀ ਦੂਜੀ ਥਾਂ ਉੱਭਰਦੇ। ਲੋਕ ਸਭਨਾਂ ਪਾਸਿਆਂ ਤੋਂ ਨੱਠਦੇ ਹੋਏ ਆਏ ਅਤੇ ਸਿਜ਼ੋਵ ਅਤੇ ਮਾਂ ਦੁਆਲੇ ਭੀੜ ਲਾ ਲਈ। ਪੁਲਸੀਆਂ ਦੀਆਂ ਸੀਟੀਆਂ ਵੱਜੀਆਂ, ਪਰ ਉਹ ਨਾਹਰਿਆਂ ਨੂੰ ਦਬਾ ਨਾ ਸਕੀਆਂ। ਸਿਜ਼ੋਵ ਹੱਸਿਆ। ਮਾਂ ਨੂੰ ਇਹ ਕਿਸੇ ਖੁਸ਼ ਸੁਪਨੇ ਵਾਂਗ ਜਾਪਿਆ। ਉਹ ਮੁਸਕਰਾਉਂਦੀ, ਝੁਕਦੀ ਅਤੇ ਲੋਕਾਂ ਦੇ ਹੱਥ ਘੁੱਟਦੀ ਅਤੇ ਉਹਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਉਮਡ ਕੇ ਆਉਂਦੇ। ਉਹਦੀਆਂ ਲੱਤਾਂ ਥਕਾਵਟ ਨਾਲ਼ ਚੂਰ ਸਨ, ਪਰ ਉਹਦਾ ਡੁਲ੍ਹ-ਡੁਲ੍ਹ ਪੈਂਦਾ ਦਿਲ ਕਿਸੇ ਝੀਲ ਦੇ ਲਿਸ਼ਕਦੇ ਤੱਲ ਵਾਂਗ ਪ੍ਰਭਾਵ ਪਰਤਾਉਂਦਾ।

ਉਹਦੇ ਨੇੜੇ ਹੀ ਕਿਸੇ ਨੇ ਸਾਫ਼, ਖਿੜਕਦੀ ਅਵਾਜ਼ ਵਿੱਚ ਬੋਲਣਾ ਸ਼ੁਰੂ ਕਰ ਦਿੱਤਾ।

"ਸਾਥੀਓ! ਰੂਸੀ ਲੋਕਾਂ ਨੂੰ ਹੜਪੀ ਜਾ ਰਹੇ ਦੈਂਤ ਨੇ ਆਪਣੇ ਲਾਲਚੀ ਜਬਾੜੇ।..."

"ਮਾਂ ਅਸੀਂ ਚੱਲੀਏ," ਸਿਜ਼ੋਵ ਨੇ ਕਿਹਾ।

ਉਸ ਸਮੇਂ ਸਾਸ਼ਾ ਆਈ, ਮਾਂ ਦੀ ਬਾਂਹ ਫੜੀ ਅਤੇ ਉਹਨੂੰ ਕਾਹਲ ਨਾਲ਼ ਸੜਕ ਦੇ ਦੂਜੇ ਪਾਸੇ ਲੈ ਗਈ।

"ਉਹਨਾਂ ਦੇ ਝਗੜਾ ਸ਼ੁਰੂ ਕਰਨ ਜਾਂ ਗ੍ਰਿਫ਼ਤਾਰੀਆਂ ਕਰਨ ਤੋਂ ਪਹਿਲਾਂ ਇੱਥੋਂ ਚਲੀ ਚੱਲ," ਉਹਨੇ ਕਿਹਾ। "ਜਲਾਵਤਨੀ? ਸਾਇਬੇਰੀਆ ਨੂੰ?"

"ਹਾਂ।"

"ਉਹ ਕਿਵੇਂ ਬੋਲਿਆ ਸੀ? ਪਰ ਮੈਂ ਜਾਣਦੀ ਆਂ — ਉਹ ਸਭ ਤੋਂ ਤਕੜਾ ਅਤੇ ਸਭ ਤੋਂ ਸਾਦਾ ਸੀ। ਤੇ ਸੁਭਾਵਕ ਹੀ ਸਭ ਤੋਂ ਕਰੜਾ। ਉਹ ਬੜੇ ਕੋਮਲ, ਭਾਵੁਕ ਖ਼ਾਸੇ ਵਾਲ਼ਾ ਏ, ਪਰ ਉਹ ਇਹਨੂੰ ਪ੍ਰਗਟ ਕਰਨੋਂ ਡਰਦੈ।"

ਉਹਦੇ ਪਿਆਰ ਦੇ ਬੋਲਾਂ ਨੇ, ਜਿਹੜੇ ਇੰਨੇ ਜੋਸ਼ ਨਾਲ਼ ਬੋਲੇ ਗਏ ਸਨ, ਮਾਂ ਨੂੰ ਸ਼ਾਂਤ ਕੀਤਾ ਅਤੇ ਉਹਨੂੰ ਨਵਾਂ ਬਲ ਦਿੱਤਾ।

"ਤੂੰ ਉਹਦੇ ਨਾਲ਼ ਰਲਣ ਕਦੋਂ ਜਾਵੇਂਗੀ?" ਉਹਨੇ ਪਿਆਰ ਨਾਲ਼ ਸਾਸ਼ਾ ਦੀ ਬਾਂਹ ਘੁੱਟ ਕੇ ਆਪਣੇ ਨਾਲ਼ ਲਾਉਂਦੇ ਹੋਏ ਹੌਲ਼ੀ ਜਿਹੇ ਪੁੱਛਿਆ।

"ਜਿਉਂ ਹੀ ਮੈਨੂੰ ਆਪਣਾ ਕੰਮ ਸਾਂਭਣ ਲਈ ਕੋਈ ਮਿਲ ਗਿਆ," ਕੁੜੀ ਨੇ ਭਰੋਸੇ ਨਾਲ਼ ਸਾਹਮਣੇ ਵੇਖਦੇ ਹੋਏ ਕਿਹਾ। "ਵੇਖੋ ਨਾ ਮੈਂ ਵੀ ਸਜ਼ਾ ਉਡੀਕ ਰਹੀ ਆਂ। ਤੇ ਮੇਰਾ ਖ਼ਿਆਲ

ਏ ਇਹ ਸਾਇਬੇਰੀਆ ਵਿੱਚ ਜਲਾਵਤਨੀ ਹੀ ਹੋਵੇਗੀ। ਜੇ ਅਜਿਹਾ ਹੋਇਆ ਤਾਂ ਮੈਂ ਉਹਨਾਂ ਨੂੰ ਕਹਾਂਗੀ ਮੈਨੂੰ ਉਥੇ ਭੇਜਣ ਜਿੱਥੇ ਉਹ ਹੋਵੇ।"

"ਤਾਂ ਫਿਰ ਉਹਨੂੰ ਮੇਰਾ ਸਲਾਮ ਦੇਵੀਂ," ਸਿਜ਼ੋਵ ਦੀ ਅਵਾਜ਼ ਆਈ। "ਬਸ ਇੰਨਾ ਕਹਿ ਦੇਵੀਂ, 'ਸਿਜ਼ੋਵ ਵੱਲੋਂ'। ਉਹ ਮੈਨੂੰ
ਜਾਣਦੈ। ਫ਼ਿਓਦੋਰ ਮਾਜ਼ੀਨ ਦਾ ਮਾਮਾ।..."

ਸਾਸ਼ਾ ਮੁੜੀ ਅਤੇ ਆਪਣਾ ਹੱਥ ਅੱਗੇ ਕੀਤਾ।

"ਮੈਂ ਫ਼ਿਓਦੋਰ ਨੂੰ ਜਾਣਦੀ ਆਂ। ਮੇਰਾ ਨਾਂ ਸਾਸ਼ਾ ਏ।"

"ਤੇ ਤੇਰਾ ਪਿਤਰੀ ਨਾਂ ?"

ਸਾਸ਼ਾ ਨੇ ਉਹਦੇ ਵੱਲ ਦ੍ਰਿੜ੍ਹਤਾ ਨਾਲ਼ ਵੇਖਿਆ।

"ਮੇਰਾ ਕੋਈ ਪਿਉ ਨਹੀਂ," ਉਹਨੇ ਕਿਹਾ।

"ਮਰ ਗਿਐ ?"

"ਨਹੀਂ, ਮਾਰਿਆ ਨਹੀਂ।" ਕੁੜੀ ਦੀ ਅਵਾਜ਼ ਵਿੱਚ ਕੁਝ ਅੜੀ ਅਤੇ ਪਕਿਆਈ ਆ ਗਈ, ਜਿਹੜੀ ਉਹਦੇ ਮੂੰਹ 'ਤੇ ਪ੍ਰਗਟ ਹੋਈ। "ਉਹ ਜਾਗੀਰਦਾਰ ਏ ਤੇ ਹੁਣ ਪੇਂਡੂ ਇਲਾਕੇ ਦਾ ਪ੍ਰਬੰਧਕ — ਉਹ ਕਿਸਾਨਾਂ ਨੂੰ ਲੁੱਟਦੈ।..."

"ਹੂੰ," ਸਿਜ਼ੋਵ ਨੇ ਔਖੇ ਹੋ ਕੇ ਕਿਹਾ। ਇਸ ਪਿੱਛੋਂ ਜਿਹੜੀ ਚੁੱਪ ਛਾਈ, ਉਹਦੇ ਵਿੱਚ ਉਹ ਕੁੜੀ ਨੇ ਨਾਲ਼ ਨਾਲ਼ ਟੁਰੀ ਗਿਆ ਅਤੇ ਕਾਣੀ ਅੱਖ ਨਾਲ਼ ਉਹਨੂੰ ਵੇਖਦਾ ਰਿਹਾ।

"ਚੰਗਾ, ਰੱਬ ਰਾਖਾ ਮਾਂ," ਉਹਨੇ ਅਖ਼ੀਰ ਕਿਹਾ। "ਮੈਂ ਇੱਥੋਂ ਖੱਬੇ ਮੁੜਨੈ। ਰੱਬ ਰਾਖਾ ਕੁੜੀਏ। ਤੂੰ ਆਪਣੇ ਪਿਉਂ ਬਾਰੇ ਕੁਝ ਸਖ਼ਤ ਏਂ ? ਪਰ ਜ਼ਰੂਰ ਹੀ ਇਹ ਤੇਰਾ ਆਪਣਾ ਮਾਮਲਾ ਏ।..."

"ਜੇ ਤੁਹਾਡਾ ਪੁੱਤਰ ਨਿਕੰਮਾ ਹੁੰਦਾ, ਜੇ ਉਹ ਲੋਕਾਂ ਨੂੰ ਨੁਕਸਾਨ ਪੁਚਾਉਂਦਾ, ਤੇ ਤੁਸੀਂ ਉਹਨੂੰ ਘਿਰਣਾ ਕਰਦੇ ਹੁੰਦੇ ਤਾਂ ਤੁਸੀਂ ਉਸ ਤੋਂ ਇਨਕਾਰੀ ਨਾ ਹੋ ਜਾਂਦੇ।" ਸਾਸ਼ਾ ਨੇ ਜੋਸ਼ ਨਾਲ਼ ਕਿਹਾ।

"ਹੂੰ — ਸ਼ਾਇਦ ਮੈਂ ਹੋ ਜਾਂਦਾ," ਬੁੱਢੇ ਆਦਮੀ ਨੇ ਛਿਣ ਭਰ ਸੋਚ ਕੇ ਉੱਤਰ ਦਿੱਤਾ।

"ਜੇ ਤੁਹਾਨੂੰ ਇਨਸਾਫ਼ ਆਪਣੇ ਪੁੱਤਰ ਨਾਲ਼ੋਂ ਪਿਆਰਾ ਹੁੰਦਾ ਤਾਂ ਤੁਸੀਂ ਅਜਿਹਾ ਕਰਦੇ ਤੇ ਇਹ ਮੈਨੂੰ ਆਪਣੇ ਪਿਉਂ ਨਾਲ਼ੋਂ ਪਿਆਰਾ ਏ।..."

ਸਿਜ਼ੋਵ ਮੁਸਕਰਾਇਆ ਅਤੇ ਸਿਰ ਹਿਲਾਇਆ।

"ਵਾਹ, ਵਾਹ, ਤੂੰ ਡਾਢੀ ਏਂ!" ਉਹਨੇ ਹਉਕਾ ਲੈ ਕੇ ਕਿਹਾ। "ਜੇ ਤੁਹਾਡੇ ਵਿੱਚ ਇਹ ਕਾਇਮ ਰੱਖਣ ਦੀ ਹਿੰਮਤ ਹੋਈ ਤਾਂ ਤੁਸੀਂ ਬੁੱਢੇ ਲੋਕਾਂ ਉੱਤੇ ਜਿੱਤ ਪ੍ਰਾਪਤ ਕਰਦੇ ਰਹੋਗੇ! ਤੁਹਾਡੇ ਵਿੱਚ ਬਹੁਤ ਭਾਫ਼ ਏ! ਸੋ, ਰੱਬ ਰਾਖਾ ਤੇ ਸ਼ੁਭ ਇਛਾਵਾਂ! ਪਰ ਲੋਕਾਂ ਬਾਰੇ ਕੁਝ ਨਰਮੀ ਕਿਉਂ ਨਾ ਵਰਤੀ ਜਾਵੇ ? ਰੱਬ ਰਾਖਾ, ਨਿਲੋਵਨਾ! ਜਦੋਂ ਪਾਵੇਲ ਨੂੰ ਮਿਲੇਂ ਉਹਨੂੰ ਦੱਸੀਂ ਮੈਂ ਉਹਦੀ ਤਕਰੀਰ ਸੁਣੀ ਸੀ। ਉਹ ਸਾਰੀ ਤਾਂ ਮੇਰੇ ਸਮਝ ਨਹੀਂ ਆਈ, ਉਹਦੇ ਕੁਝ ਹਿੱਸੇ ਡਰਾਉਂਣੇ ਵੀ ਨੇ, ਪਰ ਕੁਲ ਮਿਲਾ ਕੇ ਇਹ ਚੰਗੀ ਸੀ।"

ਉਹਨੇ ਆਪਣੀ ਟੋਪੀ ਚੁੱਕੀ ਅਤੇ ਸ਼ਾਂਤੀ ਨਾਲ਼ ਮੋੜ ਮੁੜ ਗਿਆ।

"ਚੰਗਾ ਬੰਦਾ ਜਾਪਦੈ," ਸਾਸ਼ਾ ਨੇ ਉਹਦੇ ਪਿੱਛੇ ਆਪਣੀਆਂ ਵੱਡੀਆਂ ਅੱਖਾਂ ਨਾਲ਼ ਵੇਖਦੇ ਹੋਏ ਮੁਸਕਰਾ ਕੇ ਕਿਹਾ।

ਮਾਂ ਨੇ ਵੇਖਿਆ ਕਿ ਅੱਜ ਕੁੜੀ ਦਾ ਮੂੰਹ ਸਧਾਰਨ ਨਾਲ਼ੋਂ ਵਧੇਰੇ ਦਿਆਲ ਅਤੇ ਮਿਹਰਬਾਨ ਸੀ।

ਜਦੋਂ ਉਹ ਘਰ ਅੱਪੜੀਆਂ ਤਾਂ ਉਹ ਕੌਚ ਉੱਤੇ ਇੱਕ ਦੂਜੇ ਦੇ ਨਾਲ਼-ਨਾਲ਼ ਬਹਿ ਗਈਆਂ ਅਤੇ ਪਾਵੇਲ ਕੋਲ਼ ਜਾਣ ਲਈ ਸਾਸ਼ਾ ਦੇ ਭਾਵੀ ਸਫ਼ਰ ਬਾਰੇ ਗੱਲਾਂ ਕਰਨ ਲੱਗ ਪਈਆਂ। ਚੁੱਪ ਅਰਾਮ ਦੇਣ ਵਾਲ਼ੀ ਸੀ। ਸਾਸ਼ਾ ਨੇ ਆਪਣੇ ਭਰਵੇਂ ਭਰਵੱਟੇ ਉੱਚੇ ਚੁੱਕੇ ਅਤੇ ਆਪਣੀਆਂ ਵੱਡੀਆਂ, ਸੁਪਨਿਆਲੀਆਂ ਅੱਖਾਂ ਨਾਲ਼ ਦੁਰਾਡੇ ਤੱਕਿਆ ਅਤੇ ਉਹਦੇ ਪੀਲ਼ੇ ਪਏ ਮੂੰਹ ਉੱਤੇ ਸ਼ਾਂਤ ਸੋਚ ਦੀ ਦਿੱਖ ਸੀ।

"ਫਿਰ ਜਦੋਂ ਤੁਹਾਡੇ ਬੱਚੇ ਹੋਏ ਤਾਂ ਮੈਂ ਆ ਕੇ ਖਿਡਾਵੀ ਦਾ ਕੰਮ ਕਰਾਂਗੀ। ਤੇ ਉੱਥੇ ਸਾਡੀ ਜ਼ਿੰਦਗੀ ਇੱਥੋਂ ਨਾਲ਼ੋਂ ਮਾੜੀ ਨਹੀਂ ਹੋਵੇਗੀ। ਪਾਵੇਲ ਲਈ ਕੰਮ ਲੱਭਣਾ ਔਖਾ ਨਹੀਂ ਹੋਵੇਗਾ — ਉਹ ਆਪਣੇ ਹੱਥਾਂ ਨਾਲ਼ ਹਰ ਕੰਮ ਕਰ ਲੈਂਦੈ।..."

ਸਾਸ਼ਾ ਨੇ ਸਵਾਲੀਆਂ ਨਜ਼ਰਾਂ ਨਾਲ਼ ਮਾਂ ਵੱਲ ਵੇਖਿਆ।

"ਤੂੰ ਹੁਣ ਉਹਦੇ ਨਾਲ਼ ਜਾਣ ਬਾਰੇ ਨਹੀਂ ਸੋਚ ਰਹੀ ?" ਉਹਨੇ ਪੁੱਛਿਆ।

"ਉਹਨੇ ਮੈਥੋਂ ਕੀ ਲੈਣੈ ?" ਮਾਂ ਨੇ ਹਉਂਕਾ ਲੈ ਕੇ ਜਵਾਬ ਦਿੱਤਾ। "ਜੇ ਉਹ ਨੱਠਣਾ ਚਾਹੇ ਤਾਂ ਮੈਂ ਉਹਦੇ ਲਈ ਰੋਕ ਹੀ ਬਣਾਂਗੀ। ਅਤੇ ਉਹ ਇਹ ਨਹੀਂ ਚਾਹੇਗਾ ਕਿ ਮੈਂ ਜਾਵਾਂ।..."

ਸਾਸ਼ਾ ਨੇ ਸਿਰ ਹਿਲਾਇਆ।

"ਤੇਰੀ ਗੱਲ ਠੀਕ ਏ। ਉਹ ਨਹੀਂ ਚਾਹੇਗਾ।"

"ਨਾਲ਼ੇ ਇੱਥੇ ਮੈਂ ਆਪਣਾ ਕੰਮ ਵੀ ਤਾਂ ਕਰਨੈ," ਮਾਂ ਨੇ ਕੁਝ ਕੁ ਮਾਣ ਨਾਲ਼ ਵਾਧਾ ਕੀਤਾ।

"ਹਾਂ," ਸਾਸ਼ਾ ਨੇ ਜਵਾਬ ਦਿੱਤਾ। "ਤੇ ਉਹ ਵੀ ਚੰਗਾ ਏ।..."

ਅਚਾਨਕ ਉਹਨੇ ਇਉਂ ਹਰਕਤ ਕੀਤੀ ਜਿਵੇਂ ਕੁਝ ਸੁੱਟ ਰਹੀ ਹੋਵੇ ਅਤੇ ਸ਼ਾਂਤੀ ਅਤੇ ਸਾਦਗੀ ਨਾਲ਼ ਗੱਲ ਕਰਨ ਲੱਗ ਪਈ।

"ਉਹ ਉੱਥੇ ਨਹੀਂ ਰਹਿਣ ਲੱਗਾ। ਉਹ ਜ਼ਰੂਰ ਨੱਠ ਆਵੇਗਾ।..."

"ਤੇ ਤੂੰ ? ਤੇ ਜੇ ਕੋਈ ਬੱਚਾ ਹੋਇਆ, ਤਾਂ ?"

"ਸਮਾਂ ਆਉਣ 'ਤੇ ਵੇਖਾਂਗੇ। ਉਹਨੂੰ ਮੇਰੇ ਬਾਰੇ ਨਹੀਂ ਸੋਚਣਾ ਚਾਹੀਦਾ ਤੇ ਮੈਂ ਆਪਣੇ ਆਪ ਨੂੰ ਕਦੀ ਉਹਦੇ ਰਾਹ ਵਿੱਚ ਖੜਾ ਹੋਣ ਦੀ ਇਜਾਜ਼ਤ ਨਹੀਂ ਦਿਆਂਗੀ। ਮੇਰੇ ਲਈ ਉਸ ਤੋਂ ਵੱਖ ਹੋਣਾ ਔਖਾ ਹੋਵੇਗਾ, ਪਰ ਮੈਂ ਅਜਿਹਾ ਕਰ ਸਕਦੀ ਹਾਂ। ਮੈਂ ਕਦੀ ਉਹਦੇ ਰਾਹ ਵਿੱਚ ਖੜੀ ਨਹੀਂ ਹੋਵਾਂਗੀ !"

ਮਾਂ ਨੇ ਮਹਿਸੂਸ ਕੀਤਾ ਕਿ ਸਾਸ਼ਾ ਜੋ ਕੁਝ ਕਹਿ ਰਹੀ ਸੀ ਉਹ ਕਰਨ ਦੇ ਐਨ ਯੋਗ ਸੀ ਅਤੇ ਉਹਨੂੰ ਕੁੜੀ ਉੱਤੇ ਤਰਸ ਆ ਗਿਆ।

"ਤੇਰੇ ਲਈ ਇਹ ਬਹੁਤ ਔਖਾ ਹੋਵੇਗਾ, ਚੰਨੀ," ਉਹਨੇ ਕੁੜੀ ਨੂੰ ਜੱਫੀ ਪਾਉਂਦੇ ਹੋਏ ਕਿਹਾ।

ਸਾਸ਼ਾ ਹੌਲ਼ੀ ਜਿਹੀ ਮੁਸਕਰਾਈ ਅਤੇ ਮਾਂ ਦੇ ਹੋਰ ਨੇੜੇ ਹੋ ਗਈ।

ਉਸੇ ਛਿਣ ਨਿਕੋਲਾਈ ਅੰਦਰ ਆਇਆ, ਥੱਕਿਆ ਅਤੇ ਨਿਢਾਲ।

"ਸਾਸ਼ਾ, ਵੇਲਾ ਹੁੰਦਿਆਂ ਇੱਥੋਂ ਚਲੀ ਜਾ," ਉਹਨੇ ਆਪਣਾ ਕੋਟ ਲਾਹੁੰਦੇ ਹੋਏ ਕਾਹਲੀ ਨਾਲ਼ ਕਿਹਾ। "ਦੋ ਜਸੂਸ ਸਵੇਰ ਤੋਂ ਇਉਂ ਮੇਰੇ ਪਿੱਛੇ ਲੱਗੇ ਹੋਏ ਨੇ — ਇੰਨੀ ਖੁੱਲ੍ਹੀ ਤਰ੍ਹਾਂ ਕਿ ਗ੍ਰਿਫ਼ਤਾਰੀ ਦੀ ਬੋ ਆਉਂਦੀ ਏ। ਮੇਰੀ ਬਿਰਤੀ ਮੈਨੂੰ ਕਦੀ ਧੋਖਾ ਨਹੀਂ ਦੇਂਦੀ। ਕੁਝ ਹੋ ਗਿਐ। ਹਾਂ ਸੱਚ, ਇਹ ਹੈ ਪਾਵੇਲ ਦੀ ਤਕਰੀਰ — ਅਸਾਂ ਇਹਨੂੰ ਛਾਪਣ ਦਾ ਫ਼ੈਸਲਾ ਕੀਤੈ। ਇਹ ਲਿਉਦਮੀਲਾ ਕੋਲ਼ ਲੈ ਜਾ ਅਤੇ ਉਹਨੂੰ ਕਹੁ ਕਿ ਜਿੰਨੀ ਤੇਜ਼ ਹੋ ਸਕੇ ਕੰਮ ਕਰੇ। ਪਾਵੇਲ ਨੇ ਬਹੁਤ ਸੋਹਣੀ ਤਕਰੀਰ ਕੀਤੀ ਨਿਲੋਵਨਾ!...ਸਾਸ਼ਾ, ਜਾਸੂਸਾਂ ਤੋਂ ਬਚ ਕੇ ਰਹੀਂ।..."

ਬੋਲਦਾ ਹੋਇਆ ਉਹ ਆਪਣੇ ਯਖ਼ ਹੋਏ ਹੱਥ ਮਲਦਾ ਰਿਹਾ, ਫਿਰ ਆਪਣੇ ਮੇਜ਼ ਕੋਲ਼ ਗਿਆ ਅਤੇ ਦਰਾਜ਼ਾਂ ਵਿੱਚੋਂ ਕਾਗ਼ਜ਼ ਕੱਢਣੇ ਸ਼ੁਰੂ ਕਰ ਦਿੱਤੇ। ਕੁਝ ਉਹਨੇ ਪਾੜ ਦਿੱਤੇ, ਹੋਰ ਇੱਕ ਪਾਸੇ ਰੱਖ ਦਿੱਤੇ। ਉਹ ਨਿਢਾਲ ਅਤੇ ਫ਼ਿਕਰਮੰਦ ਜਾਪਦਾ ਸੀ।

"ਅਜੇ ਬਹੁਤ ਸਮਾਂ ਨਹੀਂ ਹੋਇਆ ਮੈਂ ਇਹ ਦਰਾਜ਼ ਸਾਫ਼ ਕੀਤੇ ਸਨ; ਰੱਬ ਜਾਣੇ ਇਹ ਸਾਰੀ ਨਵੀਂ ਸਮੱਗਰੀ ਕਿੱਥੋਂ ਆਈ ਏ! ਮੇਰਾ ਖ਼ਿਆਲ ਏ ਚੰਗਾ ਹੋਵੇ ਜੇ ਤੂੰ ਰਾਤ ਘਰ ਨਾ ਗੁਜ਼ਾਰੇ, ਨਿਲੋਵਨਾ! ਕੀ ਖ਼ਿਆਲ ਏ? ਤਮਾਸ਼ਾ ਵੇਖਣਾ ਅਕਾਊ ਹੁੰਦੈ। ਨਾਲ਼ੇ ਹੋ ਸਕਦੈ ਉਹ ਤੈਨੂੰ ਵੀ ਫੜ ਲੈਣ। ਤੇਰੀ ਲੋੜ ਰਹੇਗੀ, ਪਾਵੇਲ ਦੀ ਤਕਰੀਰ ਵੰਡਣ ਲਈ ਸਫ਼ਰ ਕਰਨ ਦੀ।..."

"ਮੈਥੋਂ ਉਹਨਾਂ ਕੀ ਲੈਣੈ?"

ਨਿਕੋਲਾਈ ਨੇ ਆਪਣਾ ਹੱਥ ਹਿਲਾਇਆ।

"ਮੈਂ ਇਹੋ ਜਿਹੀਆਂ ਗੱਲਾਂ ਸੁੰਘ ਲੈਂਦਾਂ," ਉਹਨੇ ਪਕਿਆਈ ਨਾਲ਼ ਕਿਹਾ। "ਤੇ ਤੂੰ ਲਿਉਦਮੀਲਾ ਦੀ ਬਹੁਤ ਮਦਦ ਕਰ ਸਕਦੀ ਏਂ। ਐਵੇਂ ਖ਼ਤਰਾ ਨਾ ਸਹੇੜ।..."

ਮਾਂ ਆਪਣੇ ਪੁੱਤਰ ਦੀ ਤਕਰੀਰ ਛਾਪਣ ਵਿੱਚ ਹੱਥ ਵਟਾਉਣ ਦੇ ਵਿਚਾਰ ਨਾਲ਼ ਖ਼ੁਸ਼ ਸੀ।

"ਜੇ ਗੱਲ ਇੰਞ ਵੇ, ਤਾਂ ਮੈਂ ਚਲੀ ਜਾਵਾਂਗੀ," ਉਹਨੇ ਭਰੋਸੇ ਨਾਲ਼ ਪਰ ਮੱਧਮ ਅਵਾਜ਼ ਵਿੱਚ ਕਿਹਾ।

ਅਤੇ ਉਹ ਆਪਣੀ ਅਗਲੀ ਗੱਲ 'ਤੇ ਆਪ ਹੈਰਾਨ ਰਹਿ ਗਈ:

"ਹੁਣ ਮੈਂ ਕਿਸੇ ਗੱਲੋਂ ਨਹੀਂ ਡਰਦੀ, ਰੱਬ ਦਾ ਸ਼ੁਕਰ ਵੇ!"

"ਚੰਗਾ!" ਨਿਕੋਲਾਈ ਨੇ ਸਿਰ ਚੁੱਕੇ ਬਿਨਾਂ ਉੱਚੀ ਅਵਾਜ਼ ਵਿੱਚ ਕਿਹਾ। "ਪਰ ਮੈਨੂੰ ਇਹ ਦੱਸ ਜਾ ਕਿ ਮੇਰਾ ਬੈਗ ਤੇ ਕੱਪੜੇ ਕਿੱਥੇ ਨੇ। ਹਰ ਕੰਮ ਕਾਬੂ ਕਰਨ ਦੀ ਆਦਤ ਅਨੁਸਾਰ ਤੂੰ ਸਭ ਕੁਝ ਇਉਂ ਸਾਂਭ ਲਿਐ ਕਿ ਮੈਨੂੰ ਆਪਣੀਆਂ ਚੀਜ਼ਾਂ ਵੀ ਨਹੀਂ ਮਿਲਦੀਆਂ।"

ਸਾਸ਼ਾ ਸਟੋਵ ਵਿੱਚ ਕਾਗ਼ਜ਼ ਸਾੜ ਰਹੀ ਸੀ ਅਤੇ ਸੁਆਹ ਨੂੰ ਕੋਲਿਆਂ ਵਿੱਚ ਪੂਰੀ ਤਰ੍ਹਾਂ

ਮਿਲਾ ਰਹੀ ਸੀ।

"ਸਾਸ਼ਾ, ਹੁਣ ਜਾਣ ਦਾ ਸਮਾਂ ਹੋ ਗਿਐ," ਨਿਕੋਲਾਈ ਨੇ ਆਪਣਾ ਹੱਥ ਵਧਾਉਂਦੇ ਹੋਏ ਕਿਹਾ। "ਰੱਬ ਰਾਖਾ! ਜਿਹੜੀਆਂ ਸਵਾਦੀ ਕਿਤਾਬਾਂ ਆਉਣ ਉਹ ਮੈਨੂੰ ਘੱਲਣਾ ਨਾ ਭੁੱਲੀਂ। ਰੱਬ ਰਾਖਾ, ਪਿਆਰੀ ਸਾਥੀ। ਧਿਆਨ ਰੱਖੀਂ।..."

"ਤੇਰਾ ਖ਼ਿਆਲ ਏ ਤੈਨੂੰ ਲੰਮੀ ਸਜ਼ਾ ਮਿਲੇਗੀ?" ਸਾਸ਼ਾ ਨੇ ਪੁੱਛਿਆ।

"ਪਵੇ ਢੱਠੇ ਖੂਹ ਵਿੱਚ? ਸ਼ਾਇਦ। ਮੇਰੇ ਖ਼ਿਲਾਫ਼ ਉਹਨਾਂ ਕੋਲ਼ ਬਹੁਤ ਕੁਝ ਏ। ਚੰਗਾ ਨਾ ਹੋਵੇ ਜੇ ਤੂੰ ਵੀ ਉਹਦੇ ਨਾਲ਼ ਚਲੀ ਜਾਵੇਂ, ਨਿਲੋਵਨਾ? ਇੱਕੋ ਸਮੇਂ ਦੋ ਜਣਿਆ ਦਾ ਪਿੱਛਾ ਕਰਨਾ ਵਧੇਰੇ ਔਖਾ ਹੁੰਦੈ।"

"ਚੰਗਾ," ਮਾਂ ਨੇ ਜਵਾਬ ਦਿੱਤਾ। "ਮੈਂ ਆਪਣਾ ਕੋਟ ਤੇ ਸ਼ਾਲ ਪਹਿਨ ਲਵਾਂ।..."

ਉਹਨੇ ਧਿਆਨ ਨਾਲ਼ ਨਿਕੋਲਾਈ ਵੱਲ ਵੇਖਿਆ, ਉਹ ਆਮ ਵਾਂਗ ਹੀ ਸੀ, ਇਸ ਤੋਂ ਬਿਨਾਂ ਕਿ ਉਹਦੇ ਮੂੰਹ ਦੀ ਸਧਾਰਨ ਦਿਆਲ ਅਤੇ ਕੋਮਲ ਦਿੱਖ ਉੱਤੇ ਫ਼ਿਕਰ ਦਾ ਪਰਛਾਵਾਂ ਆ ਗਿਆ ਸੀ। ਇਸ ਬੰਦੇ ਵਿੱਚ, ਜਿਹੜਾ ਉਹਦੇ ਲਈ ਕਿਸੇ ਹੋਰ ਨਾਲ਼ੋਂ ਵੱਧ ਪਿਆਰਾ ਬਣ ਗਿਆ ਸੀ, ਕੋਈ ਘਾਬਰੀਆਂ ਹਰਕਤਾਂ ਨਹੀਂ ਸਨ, ਫ਼ਿਕਰਮੰਦੀ ਦਾ ਕੋਈ ਨਿਸ਼ਾਨ ਨਹੀਂ ਸੀ। ਉਹਨੇ ਸਦਾ ਸਭਨਾਂ ਲਈ ਇਕੋ ਜਿਹਾ ਧਿਆਨ ਵਿਖਾਇਆ ਸੀ, ਸਦਾ ਦਿਆਲ ਅਤੇ ਇਕਸਾਰ ਤਬੀਅਤ ਵਾਲ਼ਾ ਰਿਹਾ ਸੀ ਅਤੇ ਬੜੀ ਸ਼ਾਂਤੀ ਨਾਲ਼ ਇਕੱਲਾ। ਅਤੇ ਹੁਣ ਉਹ ਸਭਨਾਂ ਲਈ ਉਹੋ ਕੁਝ ਸੀ ਜੋ ਉਹ ਸਦਾ ਰਿਹਾ ਸੀ — ਇੱਕ ਗੁਪਤ ਅੰਦਰਲਾ ਜੀਵਨ ਜੀ ਰਿਹਾ ਮਨੁੱਖ, ਜਿਹੜਾ ਹੋਰਨਾਂ ਜੀਵਨਾਂ ਤੋਂ ਕਿਧਰੇ ਉੱਪਰ ਅਤੇ ਅੱਗੇ ਸੀ। ਮਾਂ ਜਾਣਦੀ ਸੀ ਕਿ ਨਿਕੋਲਾਈ ਨੂੰ ਉਹਦੇ ਵਿੱਚ ਆਪਣੇ ਜਿਹੀ ਹੀ ਇੱਕ ਰੂਹ ਮਿਲ ਗਈ ਸੀ ਅਤੇ ਉਹ ਉਹਨੂੰ ਅਜਿਹੇ ਪਿਆਰ ਨਾਲ਼ ਪਿਆਰਦੀ ਜਿਸਨੂੰ ਆਪਣੇ ਬਾਰੇ ਪੂਰਾ ਨਿਸ਼ਚਾ ਨਹੀਂ ਸੀ। ਹੁਣ ਉਹਨੂੰ ਉਹਦੇ ਉੱਤੇ ਜਿਹੜਾ ਤਰਸ ਆਉਂਦਾ ਉਹ ਅਸਹਿ ਸੀ, ਪਰ ਉਹ ਇਹ ਪ੍ਰਗਟ ਨਹੀਂ ਸੀ ਕਰ ਸਕਦੀ ਮਤੇ ਨਿਕੋਲਾਈ ਪ੍ਰੇਸ਼ਾਨ ਹੋ ਜਾਵੇ ਅਤੇ ਘਾਬਰ ਜਾਵੇ, ਅਜਿਹੀ ਹਾਲਤ ਵਿੱਚ ਉਹ ਕੁਝ ਹਾਸੋ-ਹੀਣਾ ਜਾਪੇਗਾ ਅਤੇ ਉਹ ਨਹੀਂ ਸੀ ਚਾਹੁੰਦੀ ਕਿ ਉਹ ਹਾਸੋ-ਹੀਣਾ ਜਾਪੇ।

ਉਹ ਮੁੜ ਕੇ ਕਮਰੇ ਵਿੱਚ ਆਈ ਅਤੇ ਵੇਖਿਆ ਕਿ ਨਿਕੋਲਾਈ ਨੇ ਸਾਸ਼ਾ ਦਾ ਹੱਥ ਫੜਿਆ ਹੋਇਆ ਹੈ।

"ਬਹੁਤ ਖ਼ੂਬ! ਮੈਨੂੰ ਯਕੀਨ ਹੈ ਕਿ ਇਹ ਉਹਦੇ ਅਤੇ ਤੇਰੇ ਲਈ ਐਨ ਠੀਕ ਗੱਲ ਹੋਵੇਗੀ," ਉਹ ਕਹਿ ਰਿਹਾ ਸੀ। "ਥੋੜ੍ਹੀ ਜਿਹੀ ਨਿੱਜੀ ਖੁਸ਼ੀ ਨਾਲ਼ ਕਿਸੇ ਨੂੰ ਨੁਕਸਾਨ ਨਹੀਂ ਪੁੱਜਣ ਲੱਗਾ। ਤੂੰ ਤਿਆਰ ਏਂ ਨਿਲੋਵਨਾ?"

ਉਹ ਉਹਦੇ ਕੋਲ਼ ਆਇਆ, ਮੁਸਕਰਾਉਂਦਾ ਅਤੇ ਆਪਣੀ ਐਨਕ ਉੱਚੀ ਚੁੱਕਦਾ।

"ਅੱਛਾ, ਰੱਬ ਰਾਖਾ — ਤਿੰਨ ਜਾਂ ਚਾਰ ਮਹੀਨਿਆਂ ਲਈ — ਮੈਨੂੰ ਆਸ ਏ ਛੇ ਮਹੀਨੇ ਤੋਂ ਵੱਧ ਨਹੀਂ। ਛੇ ਮਹੀਨੇ! ਇਹ ਜ਼ਿੰਦਗੀ ਦਾ ਵੱਡਾ ਹਿੱਸਾ ਏ!... ਆਪਣਾ ਖ਼ਿਆਲ ਰੱਖੀਂ, ਰੱਖੇਂਗੀ ਨਾ? ਲੈ, ਮੈਂ ਤੈਨੂੰ ਚੁੰਮਾ।"

ਪਤਲਾ ਅਤੇ ਨਾਜ਼ਕ, ਉਹਨੇ ਆਪਣੇ ਤਕੜੇ ਹੱਥ ਮਾਂ ਦੁਆਲੇ ਵਲੇ ਅਤੇ ਉਹਦੀਆਂ

ਅੱਖਾਂ ਵਿੱਚ ਝਾਕਿਆ।

"ਜਾਪਦੈ ਮੈਂ ਤੇਰੇ 'ਤੇ ਆਸ਼ਕ ਹੋ ਗਿਆਂ," ਉਹ ਹੱਸਿਆ। "ਤੈਨੂੰ ਇਉਂ ਜੱਫੀਆਂ ਪਾਉਂਦਾ।..."

ਮਾਂ ਨੇ ਬੋਲੇ ਬਿਨਾਂ ਉਹਦਾ ਮੱਥਾ ਤੇ ਗੱਲ੍ਹਾਂ ਚੁੰਮੀਆਂ, ਪਰ ਉਹਦੀਆਂ ਬਾਹਾਂ ਕੰਬ ਰਹੀਆਂ ਸਨ। ਉਹਨੇ ਬਾਹਾਂ ਹਟਾ ਲਈਆਂ ਤਾਂ ਜੁ ਨਿਕੋਲਾਈ ਇਹ ਵੇਖ ਨਾ ਲਵੇ।

"ਭਲਕੇ ਖ਼ਾਸ ਤੌਰ 'ਤੇ ਸਾਵਧਾਨ ਰਹਿਣਾ! ਸਵੇਰੇ ਇੱਕ ਨਿੱਕੇ ਮੁੰਡੇ ਨੂੰ ਇੱਧਰ ਭੇਜਣਾ — ਲਿਉਦਮੀਲਾ ਨੂੰ ਅਜਿਹੇ ਇੱਕ ਮੁੰਡੇ ਦਾ ਪਤੈ—ਤਾਂ ਜੁ ਉਹ ਸੂਹ ਲੈ ਜਾਵੇ। ਚੰਗਾ, ਰੱਬ ਰਾਖਾ, ਸਾਥੀਓ! ਸਭ ਕੁਝ ਉਸੇ ਤਰ੍ਹਾਂ ਹੈ ਜਿਵੇਂ ਹੋਣਾ ਚਾਹੀਦੈ।..."

ਜਦੋਂ ਉਹ ਬਾਹਰ ਗਈਆਂ ਤਾਂ ਸਾਸ਼ਾ ਹੌਲ਼ੀ ਜਿਹੇ ਬੋਲੀ:

"ਜੇ ਉਹ ਮਰਨ ਵੀ ਜਾ ਰਿਹਾ ਹੁੰਦਾ ਤਾਂ ਉਹ ਐਨ ਇਸੇ ਤਰ੍ਹਾਂ ਕਰਦਾ, ਇਸੇ ਸਾਦੀ ਤਰ੍ਹਾਂ, ਕਾਹਲ ਕੀਤੇ ਬਿਨਾਂ। ਤੇ ਜਦੋਂ ਮੌਤ ਉਹਦੇ ਸਾਹਮਣੇ ਖੜ੍ਹੀ ਹੁੰਦੀ ਤਾਂ ਉਹ ਆਪਣੀ ਐਨਕ ਉੱਚੀ ਕਰਦਾ ਅਤੇ ਮਰਨ ਤੋਂ ਪਹਿਲਾਂ ਕਹਿੰਦਾ, 'ਬਹੁਤ ਖ਼ੂਬ!' "

"ਮੈਂ ਤਾਂ ਉਹਨੂੰ ਬਹੁਤ ਪਿਆਰ ਕਰਨ ਲੱਗ ਪਈ ਵਾਂ," ਮਾਂ ਨੇ ਨਰਮੀ ਨਾਲ਼ ਕਿਹਾ।

"ਉਹ ਮੈਨੂੰ ਹੈਰਾਨ ਕਰਦੈ, ਪਰ ਮੈਂ ਉਹਨੂੰ ਪਿਆਰ ਨਹੀਂ ਕਰਦੀ। ਮੈਂ ਉਹਦਾ ਅਥਾਹ ਸਤਿਕਾਰ ਕਰਦੀ ਆਂ। ਉਹ ਮਿਹਰਬਾਨ ਏ ਅਤੇ ਕਦੀ-ਕਦੀ ਦਿਆਲ ਵੀ ਹੋ ਜਾਂਦੈ, ਪਰ ਉਹਦੇ ਵਿੱਚ ਕੁਝ ਰੁੱਖਾ ਏ — ਉਹ ਚੋਖਾ ਮਨੁੱਖੀ ਨਹੀਂ।... ਪਰ ਜਾਪਦੈ ਸਾਡਾ ਪਿੱਛਾ ਕੀਤਾ ਜਾ ਰਿਹੈ। ਚੰਗਾ ਹੋਵੇ ਜੇ ਅਸੀਂ ਵੱਖ-ਵੱਖ ਹੋ ਜਾਈਏ। ਜੇ ਤੇਰਾ ਪਿੱਛਾ ਕੀਤਾ ਜਾ ਰਿਹਾ ਹੋਵੇ ਤਾਂ ਲਿਉਦਮੀਲਾ ਦੇ ਨਾ ਜਾਈਂ।"

"ਮੈਂ ਨਹੀਂ ਜਾਵਾਂਗੀ," ਮਾਂ ਨੇ ਕਿਹਾ।

"ਪੱਕੀ ਗੱਲ ਏ ਉੱਥੇ ਨਾ ਜਾਈ," ਸਾਸ਼ਾ ਨੇ ਜ਼ੋਰ ਦਿੱਤਾ। "ਉਹਦੀ ਥਾਂ ਮੇਰੇ ਘਰ ਆ ਜਾਵੀਂ। ਹਾਲ ਦੀ ਘੜੀ ਰੱਬ ਰਾਖਾ!"

ਉਹ ਤੇਜ਼ੀ ਨਾਲ਼ ਮੁੜੀ ਅਤੇ ਜਿਧਰੋਂ ਆਈ ਸੀ ਉੱਧਰ ਚਲੀ ਗਈ।

## 28

ਕੁਝ ਮਿੰਟ ਪਿੱਛੋਂ ਮਾਂ ਲਿਉਦਮੀਲਾ ਦੇ ਨਿੱਕੇ ਕਮਰੇ ਵਿੱਚ ਬੈਠੀ ਸਟੋਵ ਸਾਹਮਣੇ ਆਪਣੇ ਆਪ ਨੂੰ ਨਿੱਘਾ ਕਰ ਰਹੀ ਸੀ। ਲਿਉਦਮੀਲਾ, ਜਿਸਨੇ ਚਮੜੇ ਦੀ ਪੇਟੀ ਵਾਲ਼ਾ ਕਾਲ਼ਾ ਲਿਬਾਸ ਪਹਿਨਿਆ ਹੋਇਆ ਸੀ, ਫ਼ਰਸ਼ ਉੱਤੇ ਹੌਲ਼ੀ-ਹੌਲ਼ੀ ਇੱਧਰ ਉੱਧਰ ਜਾ ਰਹੀ ਸੀ, ਕਮਰੇ ਨੂੰ ਆਪਣੇ ਘੱਗਰੀ ਦੀ ਸਰ-ਸਰ ਅਤੇ ਆਪਣੀ ਹਾਕਮਾਨਾ ਅਵਾਜ਼ ਨਾਲ਼ ਭਰਦੀ।

ਸਟੋਵ ਵਿੱਚ ਅੱਗ ਤਿੜ-ਤਿੜ ਕਰ ਰਹੀ ਅਤੇ ਗੜ੍ਹਕ ਰਹੀ ਸੀ, ਹਵਾ ਨੂੰ ਖਿੱਚਦੀ ਅਤੇ ਇਸਤਰੀ ਦੀ ਅਵਾਜ਼ ਇਕਸਾਰ ਚਲਦੀ ਜਾਂਦੀ।

"ਲੋਕ ਇੰਨੇ ਭੈੜੇ ਨਹੀਂ ਜਿੰਨੇ ਮੂਰਖ ਨੇ। ਉਹ ਤਾਂ ਉਹੋ ਕੁਝ ਵੇਖ ਸਕਦੇ ਨੇ ਜੋ ਕੁਝ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਏ ਤੇ ਇੱਕ ਦਮ ਸਮਝਿਆ ਜਾ ਸਕਦੈ। ਪਰ ਨੇੜੇ ਦੀ ਹਰ ਗੱਲ

ਤੁੱਛ ਹੁੰਦੀ ਏ — ਬਸ ਦੁਰਾਡੀਆਂ ਸ਼ੈਆਂ ਈ ਵਡਮੁੱਲੀਆਂ ਹੁੰਦੀਆਂ ਨੇ। ਜੇ ਅਸੀਂ ਮਾਮਲੇ ਦੀ ਤਹਿ 'ਤੇ ਅੱਪੜੀਏ ਤਾਂ, ਜੇ ਜ਼ਿੰਦਗੀ ਵੱਖਰੀ ਤਰ੍ਹਾਂ ਦੀ ਹੁੰਦੀ ਤਾਂ ਹਰ ਇੱਕ ਵਧੇਰੇ ਖ਼ੁਸ਼ ਅਤੇ ਚੰਗੇਰਾ ਹੁੰਦਾ — ਜੇ ਇਹ ਸੌਖੇਰੀ ਹੁੰਦੀ ਤੇ ਲੋਕ ਵਧੇਰੇ ਰਾਹ 'ਤੇ ਹੁੰਦੇ। ਪਰ ਇਹ ਕੁਝ ਪ੍ਰਾਪਤ ਕਰਨ ਲਈ ਮਨੁੱਖ ਨੂੰ ਹੁਣੇ ਹੀ ਜ਼ਹਿਮਤ ਸਹੇੜਨੀ ਪਵੇਗੀ।"

ਅਚਾਨਕ ਉਹ ਮਾਂ ਦੇ ਸਾਹਮਣੇ ਰੁਕ ਗਈ।

"ਮੈਂ ਲੋਕਾਂ ਨੂੰ ਘੱਟ ਈ ਮਿਲਦੀ ਆਂ ਤੇ ਜਦੋਂ ਮਿਲਦੀ ਆਂ ਮੈਂ ਤਕਰੀਰ ਝਾੜਨੀ ਸ਼ੁਰੂ ਕਰ ਦੇਨੀ ਆਂ," ਉਹਨੇ ਮੁਆਫ਼ੀ ਮੰਗਦੇ ਢੰਗ ਨਾਲ਼ ਮੱਧਮ ਅਵਾਜ਼ ਵਿੱਚ ਕਿਹਾ। "ਤੁਸੀਂ ਜ਼ਰੂਰ ਸਮਝਦੇ ਹੋਵੋਗੇ ਮੈਂ ਝੱਲੀ ਆਂ।"

"ਕਿਉਂ ?" ਮਾਂ ਨੇ ਕਿਹਾ। ਉਹਨੇ ਇਹ ਪਤਾ ਕੱਢਣ ਦਾ ਜਤਨ ਕੀਤਾ ਕਿ ਇਹ ਇਸਤਰੀ ਇਸ਼ਤਿਹਾਰ ਕਿੱਥੇ ਛਾਪਦੀ ਸੀ, ਪਰ ਪਤਾ ਨਾ ਕੱਢ ਸਕੀ। ਇਸ ਕਮਰੇ ਵਿੱਚ, ਜਿਸਦੀਆਂ ਤਿੰਨ ਬਾਰੀਆਂ ਸੜਕ ਵੱਲ ਖੁੱਲ੍ਹਦੀਆਂ ਸਨ, ਇੱਕ ਕੌਚ ਸੀ, ਇੱਕ ਕਿਤਾਬਾਂ ਦੀ ਅਲਮਾਰੀ, ਇੱਕ ਮੇਜ਼, ਕੁਰਸੀਆਂ ਅਤੇ ਇੱਕ ਮੰਜਾ। ਇੱਕ ਨੁੱਕਰੇ ਹੱਥ ਮੂੰਹ ਧੋਣ ਲਈ ਇੱਕ ਘੋੜੀ ਉੱਤੇ ਚਿਲਮਚੀ ਅਤੇ ਆਫ਼ਤਾਬਾ ਸੀ, ਇੱਕ ਹੋਰ ਵਿੱਚ ਇੱਕ ਸਟੋਵ। ਕੰਧਾਂ ਉੱਤੇ ਫ਼ੋਟੋਆਂ ਟੰਗੀਆਂ ਹੋਈਆਂ ਸਨ। ਸਭ ਕੁਝ ਨਰੋਆ ਅਤੇ ਸਾਫ਼-ਸੁਥਰਾ ਸੀ ਅਤੇ ਸੋਹਣੀ ਹਾਲਤ ਵਿੱਚ ਸੀ ਅਤੇ ਇਸ ਸਭ ਕੁਝ ਉੱਤੇ ਇਹਨਾਂ ਦੀ ਮਾਲਕ ਇੱਕ ਠੰਢਾ ਪਰਛਾਵਾਂ ਸੁੱਟਦੀ। ਮਾਂ ਨੇ ਮਹਿਸੂਸ ਕੀਤਾ ਕਿ ਕੁਝ ਛੁਪਿਆ ਹੋਇਆ ਸੀ, ਪਰ ਕਿੱਥੇ ਉਹ ਲੱਭ ਨਾ ਸਕੀ। ਉਹਨੇ ਦਰਵਾਜ਼ਿਆਂ ਵੱਲ ਵੇਖਿਆ; ਇੱਕ ਰਾਹੀਂ ਉਹ ਅੰਦਰ ਆਈ ਸੀ, ਜਿਹੜਾ ਬਾਹਰ ਲਾਂਘੇ ਵਿੱਚ ਖੁੱਲ੍ਹਦਾ ਸੀ; ਇੱਕ ਹੋਰ ਸੀ, ਤੰਗ ਅਤੇ ਉੱਚਾ, ਸਟੋਵ ਦੇ ਕੋਲ਼।

"ਮੈਂ ਕੰਮ ਦੀ ਗੱਲ ਕਰਨ ਆਈ ਵਾਂ," ਮਾਂ ਨੇ ਚੇਤੰਨ ਹੋ ਕੇ ਕਿਹਾ। ਉਹ ਵੇਖ ਰਹੀ ਸੀ ਕਿ ਲਿਉਦਮੀਲਾ ਉਹਨੂੰ ਤਾੜ ਰਹੀ ਹੈ।

"ਉਹ ਤਾਂ ਮੈਂ ਜਾਣਦੀ ਆਂ। ਲੋਕ ਹੋਰ ਕਿਸੇ ਕਾਰਨ ਮੈਨੂੰ ਮਿਲਣ ਨਹੀਂ ਆਉਂਦੇ।..."

ਮਾਂ ਨੂੰ ਲਿਉਦਮੀਲਾ ਦੇ ਢੰਗ ਵਿੱਚ ਕੁਝ ਅਜੀਬ ਜਾਪਿਆ। ਉਹਨੇ ਉਹਦੇ ਮੂੰਹ ਵੱਲ ਝਾਕਿਆ; ਉਹਦੇ ਪਤਲੇ ਹੋਠਾਂ ਉੱਤੇ ਨਿੰਮ੍ਹੀ ਜਿਹੀ ਮੁਸਕਾਨ ਸੀ ਅਤੇ ਉਹਦੀ ਐਨਕ ਦੇ ਪਿੱਛੇ ਉਹਦੀਆਂ ਅੱਖਾਂ ਵਿੱਚ ਨਿੰਮ੍ਹੀ ਜਿਹੀ ਲਿਸ਼ਕ ਸੀ। ਮਾਂ ਨੇ ਅੱਖਾਂ ਇੱਕ ਪਾਸੇ ਕਰ ਲਈਆਂ ਅਤੇ ਪਾਵੇਲ ਦੀ ਤਕਰੀਰ ਅੱਗੇ ਕੀਤੀ।

"ਐਹ ਲੈ। ਉਹ ਚਾਹੁੰਦੇ ਨੇ ਕਿ ਜਿੰਨੀ ਛੇਤੀ ਹੋ ਸਕੇ ਇਹ ਛਾਪ ਦਿੱਤੀ ਜਾਵੇ।..."

ਫਿਰ ਉਹਨੇ ਕਿਹਾ ਕਿ ਨਿਕੋਲਾਈ ਦਾ ਖ਼ਿਆਲ ਏ ਉਹ ਫੜਿਆ ਜਾਵੇਗਾ।

ਲਿਉਦਮੀਲਾ ਨੇ ਕਾਗ਼ਜ਼ ਚੁੱਪ-ਚਾਪ ਆਪਣੀ ਪੇਟੀ ਵਿੱਚ ਅੜਾ ਲਿਆ ਅਤੇ ਬਹਿ ਗਈ। ਨਿੱਘੀ ਅੱਗ ਉਹਦੀ ਐਨਕ ਵਿੱਚ ਲਾਲ ਚਮਕ ਪਾ ਰਹੀ ਸੀ ਅਤੇ ਇਹਦੀ ਨਿੱਘੀ ਲੋਅ ਉਹਦੇ ਅਹਿਲ ਮੂੰਹ ਉੱਤੇ ਖੇਡਦੀ।

"ਜਦੋਂ ਉਹ ਮੈਨੂੰ ਫੜਨ ਆਏ ਤਾਂ ਮੈਂ ਉਹਨਾਂ ਉੱਤੇ ਗੋਲ਼ੀ ਚਲਾ ਦੇਣੀ ਏ," ਜਦੋਂ ਮਾਂ ਨੇ ਗੱਲ ਮੁਕਾਈ ਤਾਂ ਉਹਨੇ ਸ਼ਾਂਤੀ ਅਤੇ ਦ੍ਰਿੜ੍ਹਤਾ ਨਾਲ਼ ਕਿਹਾ। "ਹਿੰਸਾ ਦੇ ਖ਼ਿਲਾਫ਼ ਆਪਣੀ

ਰੱਖਿਆ ਕਰਨ ਦਾ ਹੱਕ ਮੈਨੂੰ ਏ ਤੇ ਜੇ ਮੈਂ ਹੋਰਨਾਂ ਨੂੰ ਅਜਿਹਾ ਕਰਨ ਲਈ ਵੰਗਾਰਦੀ ਆਂ ਤਾਂ ਮੈਨੂੰ ਮੁਕਾਬਲਾ ਕਰਨਾ ਚਾਹੀਦੈ।"

ਅੱਗ ਦਾ ਲਿਸ਼ਕਾਰਾ ਉਹਦੇ ਮੂੰਹ ਤੋਂ ਹਟ ਗਿਆ ਅਤੇ ਉਹ ਪਹਿਲਾਂ ਵਾਂਗ ਕੁਝ-ਕੁਝ ਸਖ਼ਤ ਅਤੇ ਕੁਝ ਮਜ਼ਾਜੀ ਜਾਪਣ ਲੱਗ ਪਈ।

"ਇਹ ਵੀ ਜਿਉਣ ਦਾ ਕੋਈ ਵਲ ਵੇ," ਮਾਂ ਨੇ ਅਚਾਨਕ ਤਰਸ ਦੀ ਲਹਿਰ ਦੇ ਅਸਰ ਹੇਠ ਸੋਚਿਆ।

ਲਿਉਦਮੀਲਾ ਨੇ ਬੇਦਿਲੀ ਨਾਲ਼ ਪਾਵੇਲ ਦੀ ਤਕਰੀਰ ਪੜ੍ਹਨੀ ਸ਼ੁਰੂ ਕੀਤੀ, ਪਰ ਪੜ੍ਹਦੇ-ਪੜ੍ਹਦੇ ਉਹ ਵਧੇਰੇ ਦਿਲਚਸਪੀ ਲੈਣ ਲੱਗ ਪਈ ਅਤੇ ਅਖ਼ੀਰ ਉਤਸੁਕਤ ਬੇਸਬਰੀ ਨਾਲ਼ ਸਫ਼ੇ ਪਰਤਣ ਲੱਗ ਪਈ। ਜਦੋਂ ਉਹਨੇ ਇਹ ਮੁਕਾ ਲਈ ਤਾਂ ਉਹ ਖੜੀ ਹੋ ਗਈ, ਆਪਣੇ ਮੋਢੇ ਸਿੱਧੇ ਕੀਤੇ ਅਤੇ ਮਾਂ ਕੋਲ਼ ਆਈ।

"ਬਹੁਤ ਸੋਹਣੀ ਤਕਰੀਰ ਏ," ਉਹਨੇ ਕਿਹਾ।

ਉਹ ਸਿਰ ਨੀਵਾਂ ਕਰਕੇ ਕੁਝ ਦੇਰ ਸੋਚਦੀ ਖੜੀ ਰਹੀ।

"ਮੈਂ ਤੁਹਾਡੇ ਨਾਲ਼ ਤੁਹਾਡੇ ਪੁੱਤਰ ਬਾਰੇ ਗੱਲ ਨਹੀਂ ਸਾਂ ਕਰਨਾ ਚਾਹੁੰਦੀ — ਮੈਂ ਉਹਨੂੰ ਕਦੀ ਮਿਲੀ ਨਹੀਂ ਤੇ ਦੁਖਦੇ ਮਾਮਲੇ ਛੁਹਣ ਦੀ ਮੇਰੀ ਆਦਤ ਨਹੀਂ। ਮੈਂ ਜਾਣਦੀ ਆਂ ਕਿਸੇ ਅਜਿਹੇ ਬੰਦੇ ਦਾ ਜਲਾਵਤਨ ਕੀਤਾ ਜਾਣਾ ਕੀ ਹੁੰਦੈ ਜਿਹੜਾ ਤੁਹਾਨੂੰ ਪਿਆਰਾ ਹੋਵੇ। ਪਰ — ਮੈਂ ਸੋਚ ਰਹੀ ਸਾਂ — ਤੁਸੀਂ ਖ਼ੁਸ਼ ਓ ਕਿ ਤੁਹਾਡਾ ਪੁੱਤਰ ਇਹੋ ਜਿਹੈ ?"

"ਬਹੁਤ," ਮਾਂ ਨੇ ਕਿਹਾ।

"ਤੇ ਡਰਦੇ — ਨਹੀਂ ?"

"ਹੁਣ ਨਹੀਂ ਡਰਦੀ," ਮਾਂ ਨੇ ਸ਼ਾਂਤ ਮੁਸਕਾਨ ਨਾਲ਼ ਜਵਾਬ ਦਿੱਤਾ।

ਲਿਉਦਮੀਲਾ ਨੇ ਇੱਕ ਸਾਂਵਲੇ ਹੱਥ ਨਾਲ਼ ਆਪਣੇ ਸਾਦੇ ਵਾਲ ਥਪਕੇ ਅਤੇ ਬਾਰੀ ਵੱਲ ਮੁੜੀ। ਅਤੇ ਉਹਦੇ ਮੂੰਹ ਉੱਤੇ ਇੱਕ ਪਰਛਾਵਾਂ ਜਿਹਾ ਫਿਰ ਗਿਆ — ਸ਼ਾਇਦ ਕਿਸੇ ਦਬਾਈ ਮੁਸਕਾਨ ਦਾ ਪਰਛਾਵਾਂ।

"ਟਾਈਪ ਜੋੜਦਿਆਂ ਮੈਂ ਬਹੁਤਾ ਚਿਰ ਨਹੀਂ ਲਾਉਣਾ। ਲੰਮੇ ਪੈ ਜਾਓ। ਤੁਸੀਂ ਔਖਾ ਦਿਨ ਕੱਟਿਐ ਤੇ ਜ਼ਰੂਰ ਹੀ ਥੱਕੇ ਹੋਵੋਗੇ। ਐਥੇ ਮੰਜੇ ਉੱਤੇ ਲੇਟ ਜਾਓ। ਮੈਂ ਤਾਂ ਸੌਣਾ ਨਹੀਂ ਤੇ ਜੇ ਲੋੜ ਪਈ ਤਾਂ ਹੱਥ ਵਟਾਉਣ ਲਈ ਰਾਤੀਂ ਤੁਹਾਨੂੰ ਵੀ ਜਗਾ ਲਵਾਂਗੀ।... ਜਦੋਂ ਸੌਣ ਲਈ ਤਿਆਰ ਹੋ ਜਾਓ ਤਾਂ ਲੈਂਪ ਬੁਝਾ ਦੇਣਾ।"

ਉਹਨੇ ਦੋ ਲੱਕੜਾਂ ਸਟੋਵ ਵਿੱਚ ਸੁੱਟੀਆਂ ਅਤੇ ਤੰਗ ਦਰਵਾਜ਼ੇ ਵਿੱਚੋਂ ਚਲੀ ਗਈ, ਦਰਵਾਜ਼ਾ ਉਹਨੇ ਆਪਣੇ ਪਿੱਛੇ ਘੁੱਟ ਕੇ ਬੰਦ ਕਰ ਦਿੱਤਾ। ਮਾਂ ਨੇ ਉਹਨੂੰ ਜਾਂਦੇ ਵੇਖਿਆ ਅਤੇ ਉਹਦੇ ਬਾਰੇ ਸੋਚਦੀ ਕੱਪੜੇ ਲਾਹੁਣ ਲੱਗ ਪਈ।

"ਉਹਨੂੰ ਕਿਸੇ ਗੱਲ ਦਾ ਗ਼ਮ ਏ।..."

ਮਾਂ ਥੱਕ ਕੇ ਚੂਰ ਤਾਂ ਹੈ ਹੀ ਸੀ, ਪਰ ਉਹਦੇ ਮਨ ਵਿੱਚ ਅਜੀਬ ਸ਼ਾਂਤੀ ਸੀ, ਅਤੇ ਸਭ ਕੁਝ ਇੱਕ ਮੁਲਾਇਮ, ਨਿੰਮ੍ਹੀ ਲੋਅ ਵਿੱਚ ਲਿਸ਼ਕਦਾ ਜਾਪਦਾ ਸੀ, ਜਿਹੜੀ ਛੋਪਲੇ ਜਿਹੇ ਉਹਦੀ

ਰੂਹ ਉੱਤੇ ਛਾ ਗਈ। ਉਹਨੂੰ ਪਹਿਲਾਂ ਵੀ ਅਜਿਹੀ ਸ਼ਾਂਤੀ ਦਾ ਅਹਿਸਾਸ ਹੋਇਆ ਸੀ। ਕਿਸੇ ਵੱਡੇ ਜਜ਼ਬਾਤੀ ਦਬਾਅ ਤੇ ਪਿੱਛੋਂ ਇਹ ਸਦਾ ਉਹਦੇ ਉੱਤੇ ਛਾ ਜਾਂਦਾ। ਇੱਕ ਸਮਾਂ ਸੀ ਜਦੋਂ ਇਹ ਉਹਨੂੰ ਥੋੜ੍ਹਾ ਜਿਹਾ ਡਰਾ ਦੇਂਦਾ, ਪਰ ਹੁਣ ਇਹ ਬਸ ਉਹਦੀ ਰੂਹ ਨੂੰ ਫੈਲਾ ਦੇਂਦਾ, ਇਹਨੂੰ ਮਹਾਨ, ਬਲਵਾਨ ਜਜ਼ਬੇ ਨਾਲ਼ ਮਜ਼ਬੂਤ ਕਰਦਾ। ਉਹਨੇ ਬੱਤੀ ਬੁਝਾ ਦਿੱਤੀ ਅਤੇ ਠੰਢੇ ਬਿਸਤਰੇ ਵਿੱਚ ਲੇਟ ਗਈ, ਆਪਣੇ ਆਪ ਨੂੰ ਕੰਬਲ ਹੇਠਾਂ ਗੁੱਛਾ-ਮੁੱਛਾ ਕਰ ਲਿਆ ਅਤੇ ਛੇਤੀ ਹੀ ਡੂੰਘੀ ਨੀਂਦੇ ਸੌਂ ਗਈ।...

ਜਦੋਂ ਉਹਨੇ ਅੱਖਾਂ ਖੋਹਲੀਆਂ ਤਾਂ ਕਮਰੇ ਵਿੱਚ ਸਿਆਲ ਦੇ ਖਰੇ ਦਿਨ ਦੀ ਠਰੀ, ਚਿੱਟੀ ਲੋਅ ਸੀ। ਲਿਉਦਮੀਲਾ ਨੇ ਕੌਚ ਤੋਂ, ਜਿੱਥੇ ਉਹ ਹੱਥ ਵਿੱਚ ਕਿਤਾਬ ਲੈ ਕੇ ਲੇਟੀ ਹੋਈ ਸੀ, ਵੇਖਿਆ ਅਤੇ ਓਪਰੇ ਜਿਹੇ ਢੰਗ ਨਾਲ਼ ਮੁਸਕਰਾਈ।

"ਭਲਾ ਹੋਵੇ!" ਮਾਂ ਸ਼ਰਮਾ ਕੇ ਕੂਕੀ। "ਮੈਂ ਕਿਹੋ ਜਿਹਾ ਜੀਅ ਵਾਂ! ਬਹੁਤ ਦੇਰ ਹੋ ਗਈ ਏ?"

"ਸ਼ੁਭ ਸਵੇਰ!" ਲਿਉਦਮੀਲਾ ਨੇ ਜਵਾਬ ਦਿੱਤਾ। "ਲਗਭਗ ਦਸ ਵੱਜ ਗਏ ਨੇ। ਉਠੋ, ਅਸੀਂ ਚਾਹ ਪੀਵੀਏ।

"ਤੂੰ ਮੈਨੂੰ ਜਗਾਇਆ ਕਿਉਂ ਨਹੀਂ?"

"ਮੈਂ ਜਗਾਉਣ ਲੱਗੀ ਸਾਂ, ਪਰ ਜਦੋਂ ਮੈਂ ਤੁਹਾਡੇ ਕੋਲ਼ ਗਈ ਤਾਂ ਤੁਸੀਂ ਨੀਂਦ ਵਿੱਚ ਇੰਨੀ ਮਿੱਠੀ ਤਰ੍ਹਾਂ ਮੁਸਕਰਾ ਰਹੇ ਸਾਓ ਕਿ ਮੇਰੀ ਹਿੰਮਤ ਨਾ ਪਈ।..."

ਉਹ ਇੱਕ ਛੁਹਲੀ ਹਰਕਤ ਨਾਲ਼ ਕੌਚ ਤੋਂ ਉੱਠੀ, ਮੰਜੇ ਕੋਲ਼ ਗਈ ਅਤੇ ਝੁਕੀ। ਛੁਟੇਰੀ ਇਸਤਰੀ ਦੀਆਂ ਬੇਚਮਕ ਅੱਖਾਂ ਵਿੱਚ ਮਾਂ ਨੇ ਇੱਕ ਅਜਿਹਾ ਜਜ਼ਬਾ ਵੇਖਿਆ ਜਿਸਨੂੰ ਉਹ ਜਾਣਦੀ ਅਤੇ ਪਿਆਰ ਕਰਦੀ ਸੀ।

"ਤੁਹਾਨੂੰ ਜਗਾਉਣਾ ਬਹੁਤ ਮਾੜਾ ਲੱਗਦਾ ਸੀ। ਸ਼ਾਇਦ ਤੁਸੀਂ ਕੋਈ ਸੁਹਾਣਾ ਸੁਪਨਾ ਲੈ ਰਹੇ ਸਾਓ।..."

"ਨਹੀਂ, ਮੈਂ ਨਹੀਂ ਸਾਂ ਲੈ ਰਹੀ!"

"ਕੋਈ ਗੱਲ ਨਹੀਂ! ਮੈਨੂੰ ਤੁਹਾਡੀ ਮੁਸਕਾਨ ਚੰਗੀ ਲੱਗੀ। ਇਹ ਇੰਨੀ ਸ਼ਾਂਤ ਅਤੇ ਚੰਗੀ ਸੀ।... ਤੇ ਸਭ ਕੁਝ ਨੂੰ ਆਪਣੀ ਵਲਗਣ ਵਿੱਚ ਲੈਣ ਵਾਲ਼ੀ।"

ਲਿਉਦਮੀਲਾ ਹੱਸੀ ਅਤੇ ਉਹਦਾ ਹਾਸਾ ਨਰਮ ਅਤੇ ਮਖ਼ਮਲੀ ਸੀ।

"ਇਹਨੇ ਮੈਨੂੰ ਤੁਹਾਡੇ ਬਾਰੇ ਸੋਚਣ 'ਤੇ ਮਜ਼ਬੂਰ ਕਰ ਦਿੱਤਾ। ...ਕੀ ਤੁਹਾਡੀ ਜ਼ਿੰਦਗੀ ਔਖੀ ਏ?"

ਇਹ ਸੋਚਦੇ ਹੋਏ ਕਿ ਇਹ ਔਖੀ ਹੈ ਜਾਂ ਨਹੀਂ, ਮਾਂ ਦੇ ਭਰਵੱਟੇ ਕੰਬਣ ਲੱਗ ਪਏ।

"ਜ਼ਰੂਰ ਹੋਣੀ ਏ," ਲਿਉਦਮੀਲਾ ਕੂਕੀ।

"ਮੈਨੂੰ ਪਕ ਨਹੀਂ," ਮਾਂ ਨੇ ਸੋਘੀ ਢੰਗ ਨਾਲ਼ ਕਿਹਾ। "ਕਈ ਵਾਰ ਇਹ ਔਖੀ ਜਾਪਦੀ ਵੇ। ਪਰ ਇਹ ਕਿੰਨੀ ਭਰਪੂਰ ਵੇ—ਸਭ ਕੁਝ ਇੰਨਾ ਅਹਿਮ ਅਤੇ ਹੈਰਾਨ ਕਰਨ ਵਾਲ਼ਾ ਵੇ ਅਤੇ ਇੱਕ ਤੋਂ ਪਿੱਛੋਂ ਦੂਜੀ ਸ਼ੈ ਕਾਹਲੀ ਨਾਲ਼ ਆਉਂਦੀ ਵੇ।..."

ਜਿਵੇਂ ਹੁਣ ਅਕਸਰ ਹੁੰਦਾ ਸੀ, ਉਹਦੇ ਵਿੱਚ ਉਤੇਜਨਾ ਦਾ ਉਬਾਲ ਆ ਗਿਆ; ਉਹਦੇ ਮਨ ਵਿੱਚ ਵਿਚਾਰਾਂ ਅਤੇ ਬਿੰਬਾਂ ਦਾ ਹੜ੍ਹ ਆ ਗਿਆ ਅਤੇ ਉਹ ਮੰਜੇ ਉੱਤੇ ਬਹਿ ਗਈ ਅਤੇ ਉਹਨਾਂ ਨੂੰ ਲਫ਼ਜ਼ਾਂ ਦਾ ਜਾਮਾ ਪਹਿਨਾਉਣ ਲੱਗ ਪਈ।

"ਇਹ ਚਲੀ ਈ ਜਾਂਦੀ ਵੇ — ਸਭ ਕੁਝ ਇਕੋ ਨਿਸ਼ਾਨੇ ਵੱਲ।... ਪਰ ਕਈ ਵਾਰ ਇਹ ਔਖੀ ਹੁੰਦੀ ਵੇ। ਲੋਕ ਦੁੱਖ ਸਹਿੰਦੇ ਨੇ, ਉਹਨਾਂ ਨੂੰ ਕੁੱਟਿਆ ਜਾਂਦੈ — ਬੇਕਿਰਕੀ ਨਾਲ਼ ਕੁੱਟਿਆ ਜਾਂਦੈ — ਤੇ ਖੁਸ਼ ਨਹੀਂ ਹੋਣ ਦਿੱਤਾ ਜਾਂਦਾ। ਇਹ ਗੱਲ ਬਹੁਤ ਔਖੀ ਵੇ!"

ਲਿਉਦਮੀਲਾ ਨੇ ਆਪਣਾ ਸਿਰ ਠਰ੍ਹੰਮੇ ਨਾਲ਼ ਪਿੱਛੇ ਸੁੱਟਿਆ ਅਤੇ ਪਿਆਰ ਨਾਲ਼ ਮਾਂ ਵੱਲ ਵੇਖਿਆ।

"ਪਰ ਤੁਸੀਂ ਆਪਣੇ ਬਾਰੇ ਗੱਲ ਨਹੀਂ ਕਰ ਰਹੇ!"

ਮਾਂ ਨੇ ਉਹਦੇ ਵੱਲ ਨਿਗਾਹ ਸੁੱਟੀ, ਬਿਸਤਰੇ ਵਿੱਚੋਂ ਨਿਕਲੀ ਅਤੇ ਕੱਪੜੇ ਪਾਉਣ ਲੱਗ ਪਈ।

"ਜਦੋਂ ਤੁਸੀਂ ਇਹਨੂੰ ਤੇ ਉਹਨੂੰ ਪਿਆਰ ਕਰਦੇ ਹੋਵੋ ਤੇ ਉਹਨਾਂ ਸਭਨਾਂ ਲਈ, ਆਪਣੇ ਦਿਲ ਵਿੱਚ ਲੋਕਾਂ ਦੀ ਵੱਡੀ ਭੀੜ ਲਈ, ਡਰਦੇ ਹੋਵੋ ਤੇ ਉਹਨਾਂ ਉੱਤੇ ਤਰਸ ਖਾਂਦੇ ਹੋਵੋ ਤਾਂ ਤੁਸੀਂ ਹੋਰਨਾਂ ਤੋਂ ਵੱਖ ਹੋ ਕੇ ਆਪਣੇ ਬਾਰੇ ਕਿਵੇਂ ਸੋਚ ਸਕਦੇ ਓ?... ਤੁਸੀਂ ਉਹਨਾਂ ਤੋਂ ਵੱਖ ਕਿਵੇਂ ਹੋ ਸਕਦੇ ਓ?"

ਉਹ ਕੁਝ ਦੇਰ ਕਮਰੇ ਦੇ ਵਿਚਕਾਰ ਅੱਧੜਵੰਜੇ ਖੜੀ ਰਹੀ, ਸੋਚਾਂ ਵਿੱਚ ਡੁੱਬੀ। ਉਹਨੇ ਮਹਿਸੂਸ ਕੀਤਾ ਕਿ ਇਹ ਉਹੋ ਇਸਤਰੀ ਨਹੀਂ ਜਿਹੜੀ ਆਪਣੇ ਪੁੱਤਰ ਬਾਰੇ ਡਰਾਂ ਅਤੇ ਤੌਖਲਿਆਂ ਨਾਲ਼ ਇੰਨੀ ਭਰੀ ਹੋਈ ਸੀ, ਜਿਹੜੀ ਉਹਦਾ ਸਰੀਰ ਬਚਾਉਣ ਲਈ ਇੰਨੀ ਤਤਪਰ ਸੀ। ਉਸ ਇਸਤਰੀ ਦਾ ਹੁਣ ਵਜੂਦ ਨਹੀਂ ਸੀ ਰਿਹਾ। ਉਹ ਪਿੱਛੇ ਹਟ ਗਈ ਸੀ, ਕਿੱਧਰੇ ਬਹੁਤ ਦੁਰਾਡੇ ਚਲੀ ਗਈ ਸੀ, ਜਾਂ ਸ਼ਾਇਦ ਜਜ਼ਬਿਆਂ ਦੀ ਅੱਗ ਨੇ ਉਹਨੂੰ ਭਸਮ ਕਰ ਦਿੱਤਾ ਸੀ ਅਤੇ ਇਸ ਗੱਲ ਨੇ ਉਹਦੀ ਆਤਮਾ ਨੂੰ ਸਾਫ਼ ਕੀਤਾ ਅਤੇ ਕੁੰਦਨ ਬਣਾਇਆ ਸੀ ਅਤੇ ਇਹਦੇ ਵਿੱਚ ਨਵਾਂ ਬਲ ਭਰਿਆ ਸੀ। ਉਹ ਆਪਣਾ ਦਿਲ ਫਰੋਲਦੀ ਰਹੀ, ਇਹਦੀ ਧੜਕਣ ਸੁਣਦੀ, ਪੁਰਾਣੇ ਸੰਸਿਆਂ ਦੇ ਸੁਰਜੀਤ ਹੋਣੋਂ ਡਰਦੀ।

"ਤੁਸੀਂ ਕੀ ਸੋਚ ਰਹੇ ਹੋ?" ਲਿਉਦਮੀਲਾ ਨੇ ਉਹਦੇ ਵੱਲ ਜਾਂਦੇ ਹੋਏ ਪਿਆਰ ਨਾਲ਼ ਕਿਹਾ।

"ਮੈਨੂੰ ਪਤਾ ਨਹੀਂ," ਮਾਂ ਨੇ ਜਵਾਬ ਦਿੱਤਾ।

ਚੁੱਪ-ਚਾਪ ਉਹਨਾਂ ਇੱਕ ਦੂਜੇ ਵੱਲ ਵੇਖਿਆ ਅਤੇ ਮੁਸਕਰਾਈਆਂ ਫਿਰ ਲਿਉਦਮੀਲਾ ਕਮਰੇ ਵਿੱਚੋਂ ਬਾਹਰ ਚਲੀ ਗਈ, ਇਹ ਕਹਿੰਦੀ:

"ਪਤਾ ਨਹੀਂ ਮੇਰੇ ਸਾਮਾਵਰ ਦਾ ਕੀ ਬਣਿਆ।"

ਮਾਂ ਨੇ ਬਾਰੀ 'ਚੋਂ ਬਾਹਰ ਵੇਖਿਆ। ਠੰਢਾ, ਧੁਪਿਆਲਾ ਦਿਨ ਸੀ। ਉਹਦਾ ਦਿਲ ਵੀ ਧੁਪਿਆਲਾ ਸੀ ਤੇ ਨਿੱਘਾ ਵੀ। ਉਹ ਹਰ ਸ਼ੈ ਬਾਰੇ ਗੱਲਾਂ ਕਰਨੀਆਂ ਚਾਹੁੰਦੀ ਸੀ — ਲੰਮੀ ਅਤੇ ਖੁਸ਼ੀ-ਭਰੀ ਗੱਲ, ਉਸ ਸਭ ਕੁਝ ਲਈ, ਜਿਹੜਾ ਉਹਦੀ ਰੂਹ ਵਿੱਚ ਰਚ ਗਿਆ ਸੀ ਅਤੇ ਉਥੇ

ਸੂਰਜ ਅਸਤ ਹੋਣ ਤੋਂ ਪਹਿਲਾਂ ਜਿਹੀ ਸੋਹਣੀ ਲੋਅ ਨਾਲ਼ ਲਿਸ਼ਕ ਰਿਹਾ ਸੀ, ਕਿਸੇ ਲਈ ਸ਼ੁਕਰਾਨੇ ਦੀ ਧੁੰਦਲੀ ਭਾਵਨਾ ਨਾਲ਼। ਦੁਆ ਕਰਨ ਦੀ ਇੱਛਾ, ਜਿਹੜੀ ਉਹਨੇ ਲੰਮੇ ਸਮੇਂ ਤੋਂ ਅਨੁਭਵ ਨਹੀਂ ਸੀ ਕੀਤੀ, ਹੁਣ ਮੁੜ ਆਈ। ਇੱਕ ਜਵਾਨ ਮੂੰਹ ਉਹਦੀਆਂ ਅੱਖਾਂ ਸਾਹਮਣਿਉਂ ਤੇਜ਼ੀ ਨਾਲ਼ ਲੰਘਿਆ ਅਤੇ ਉਹਨੇ ਇੱਕ ਸਾਫ਼ ਅਵਾਜ਼ ਨੂੰ ਉੱਚੀ-ਉੱਚੀ ਕਹਿੰਦੇ ਸੁਣਿਆ, "ਇਹ ਪਾਵੇਲ ਵਲਾਸੋਵ ਦੀ ਮਾਂ ਏ!" ਉਹਨੂੰ ਸਾਸ਼ਾ ਦੀਆਂ ਸਿਲ੍ਹੀਆਂ, ਚਮਕਦੀਆਂ ਅੱਖਾਂ ਦਿਸੀਆਂ, ਰੀਬਿਨ ਦਾ ਕਾਲ਼ਾ ਅਕਾਰ, ਆਪਣੇ ਪੁੱਤਰ ਦਾ ਤਕੜਾ ਕਹਿੰ-ਰੰਗਾਂ ਮੂੰਹ, ਨਿਕੋਲਾਈ ਦੀ ਸ਼ਰਮੀਲੀ, ਝਮਕਦੀ ਤੱਕਣੀ ਵੇਖੀ ਅਤੇ ਅਚਾਨਕ ਇਹ ਸਭ ਕੁਝ ਇੱਕ ਪਾਰਦਰਸ਼ੀ, ਅਸਮਾਨੀ ਪੀਂਘ ਰੰਗੇ ਬੱਦਲ ਵਿੱਚ ਇੱਕ-ਮਿਕ ਹੋ ਗਿਆ ਜਿਸਨੇ ਉਹਦੇ ਸਾਰੇ ਵਿਚਾਰਾਂ ਨੂੰ ਆਪਣੀ ਵਲਗਣ ਵਿੱਚ ਲੈ ਲਿਆ ਅਤੇ ਅਮਨ ਦਾ ਅਹਿਸਾਸ ਲਿਆ ਦਿੱਤਾ।

"ਨਿਕੋਲਾਈ ਠੀਕ ਸੀ," ਲਿਉਦਮੀਲਾ ਨੇ ਕਮਰੇ ਵਿੱਚ ਮੁੜਦੇ ਹੋਏ ਕਿਹਾ। "ਉਹਨਾਂ ਉਹਨੂੰ ਗ੍ਰਿਫ਼ਤਾਰ ਕਰ ਲਿਐ। ਮੈਂ ਤੁਹਾਡੇ ਕਹੇ ਮੁਤਾਬਕ ਮੁੰਡੇ ਨੂੰ ਭੇਜਿਆ ਸੀ। ਉਹਨੇ ਦੱਸਿਐ ਕਿ ਬਾਗ਼ ਵਿੱਚ ਪੁਲਸੀਏ ਸਨ ਅਤੇ ਉਹਨੇ ਇੱਕ ਪੁਲਸੀਏ ਨੂੰ ਫਾਟਕ ਪਿੱਛੇ ਲੁਕੇ ਹੋਏ ਵੇਖਿਆ। ਅਤੇ ਹਰ ਥਾਂ ਜਾਸੂਸ ਸਨ। ਮੁੰਡਾ ਉਹਨਾਂ ਨੂੰ ਪਛਾਣਦੈ।"

"ਵਿਚਾਰਾ!" ਮਾਂ ਨੇ ਸਿਰ ਹਿਲਾ ਕੇ ਕਿਹਾ।

ਉਹਨੇ ਹਉਕਾ ਭਰਿਆ, ਪਰ ਕਿਸੇ ਦੁੱਖ ਤੋਂ ਬਿਨਾਂ ਅਤੇ ਇਸ ਗੱਲ 'ਤੇ ਮਨ ਹੀ ਮਨ ਵਿੱਚ ਉਹ ਹੈਰਾਨ ਹੋਈ।

"ਉਹ ਪਿੱਛੇ ਜਿਹੇ ਤੋਂ ਸ਼ਹਿਰ ਵਿੱਚ ਕਿਰਤੀਆਂ ਨੂੰ ਪੜ੍ਹਾ ਰਿਹਾ ਸੀ। ਮੇਰਾ ਖ਼ਿਆਲ ਏ ਉਹਦੇ ਫੜੇ ਜਾਣ ਦਾ ਸਮਾਂ ਆ ਗਿਆ ਸੀ," ਲਿਉਦਮੀਲਾ ਨੇ ਵਿਹਾਰੀ ਢੰਗ ਨਾਲ਼ ਕਿਹਾ, ਪਰ ਉਹਦੇ ਮੂੰਹ ਉੱਤੇ ਤਿਊੜੀ ਸੀ। "ਉਹਦੇ ਸਾਥੀਆਂ ਉਹਨੂੰ ਕਿਹਾ ਉਹ ਉੱਥੋਂ ਚਲਾ ਜਾਵੇ, ਪਰ ਉਹਨੇ ਉਹਨਾਂ ਦੀ ਇੱਕ ਨਾ ਸੁਣੀ। ਮੇਰਾ ਖ਼ਿਆਲ ਏ ਅਜਿਹੀਆਂ ਹਾਲਤਾਂ ਵਿੱਚ ਲੋਕਾਂ ਨੂੰ ਜਾਣ ਲਈ ਮਜ਼ਬੂਰ ਕਰਨਾ ਚਾਹੀਦੈ, ਮਨਾਉਣਾ ਨਹੀਂ ਚਾਹੀਦਾ।..."

ਉਸੇ ਛਿਣ ਕਾਲ਼ੇ ਵਾਲਾਂ ਵਾਲ਼ਾ, ਲਾਲ ਗੱਲ੍ਹਾਂ, ਸੋਹਣੀਆਂ ਨੀਲ਼ੀਆਂ ਅੱਖਾਂ ਅਤੇ ਤਿੱਖੇ ਨੱਕ ਵਾਲ਼ਾ ਇੱਕ ਮੁੰਡਾ ਦਰਵਾਜ਼ੇ ਵਿੱਚ ਆਇਆ।

"ਮੈਂ ਸਾਮਾਵਰ ਅੰਦਰ ਲੈ ਆਵਾਂ?" ਉਹਨੇ ਗੂੰਜਦੀ ਅਵਾਜ਼ ਵਿੱਚ ਪੁੱਛਿਆ।

"ਹਾਂ, ਤੇਰੀ ਮਿਹਰਬਾਨੀ ਸਰਗੇਈ," ਉਹ ਮਾਂ ਵੱਲ ਮੁੜੀ, "ਇਹ ਮੇਰੀ ਸਾਂਭ ਵਿੱਚ ਹੈ।"

ਅੱਜ ਲਿਉਦਮੀਲਾ ਮਾਂ ਨੂੰ ਵੱਖਰੀ-ਵੱਖਰੀ ਲੱਗੀ; ਉਹ ਵਧੇਰੇ ਸਾਦੀ ਅਤੇ ਸੁਲੱਗ ਸੀ। ਉਹਦੇ ਸਡੌਲ ਸਰੀਰ ਦੀਆਂ ਛਬੀਲੀਆਂ ਹਰਕਤਾਂ ਵਿੱਚ ਬਹੁਤ ਹੁਸਨ ਤੇ ਬਲ ਸੀ, ਅਤੇ ਇਸ ਨਾਲ਼ ਉਹਦੇ ਭੂਸਲੇ, ਕਰੜੇ ਮੂੰਹ ਦਾ ਪ੍ਰਭਾਵ ਨਰਮ ਹੋ ਗਿਆ ਸੀ। ਰਾਤੀਂ ਕੀਤੇ ਕੰਮ ਨੇ ਉਹਦੀਆਂ ਅੱਖਾਂ ਹੇਠ ਕਾਲ਼ੇ ਟੋਏ ਡੂੰਘੇ ਕਰ ਦਿੱਤੇ ਸਨ ਅਤੇ ਵੇਖਣ ਵਾਲ਼ੇ ਨੂੰ ਇੱਕ ਖਿਚਾਅ, ਉਹਦੀ ਰੂਹ ਵਿੱਚ ਇੱਕ ਤਣਿਆ ਭਾਰ ਜਾਪਦਾ ਸੀ।

ਮੁੰਡਾ ਸਾਮਾਵਰ ਅੰਦਰ ਲੈ ਆਇਆ।

"ਲੈ ਮੈਂ ਤੇਰੀ ਜਾਣ-ਪਛਾਣ ਕਰਾਵਾਂ ਸਰਗੇਈ। ਇਹ ਪੇਲਾਗੀਆ ਨਿਲੋਵਨਾ ਏ,

ਜਿਹੜੇ ਕਿਰਤੀਆਂ ਨੂੰ ਕੱਲ੍ਹ ਸਜ਼ਾ ਹੋਈ ਸੀ ਉਹਨਾਂ ਵਿੱਚੋਂ ਇੱਕ ਮਾਂ।"

ਸਰਗੇਈ ਬੋਲੇ ਬਗ਼ੈਰ ਝੁਕਿਆ, ਮਾਂ ਨਾਲ਼ ਹੱਥ ਮਿਲਾਇਆ, ਕਮਰੇ ਵਿੱਚੋਂ ਬਾਹਰ ਗਿਆ, ਇੱਕ ਡਬਲ ਰੋਟੀ ਲੈ ਕੇ ਮੁੜਿਆ ਅਤੇ ਮੇਜ਼ ਕੋਲ਼ ਆਪਣੀ ਥਾਵੇਂ ਬਹਿ ਗਿਆ। ਜਦੋਂ ਉਹ ਚਾਹ ਪੀ ਰਹੇ ਸਨ ਤਾਂ ਲਿਉਦਮੀਲਾ ਨੇ ਮਾਂ ਨੂੰ ਮਨਾਉਣ ਦਾ ਜਤਨ ਕੀਤਾ ਕਿ ਉਹ ਉਦੋਂ ਤੱਕ ਘਰ ਨਾ ਜਾਵੇ ਜਦੋਂ ਤੱਕ ਇਹ ਪਤਾ ਨਾ ਲੱਗ ਜਾਵੇ ਕਿ ਪੁਲੀਸ ਕਿਸਦੀ ਉਡੀਕ ਕਰ ਰਹੀ ਹੈ।

"ਸ਼ਾਇਦ ਉਹ ਤੁਹਾਨੂੰ ਪਏ ਉਡੀਕਦੇ ਨੇ। ਸ਼ਾਇਦ ਉਹ ਪੁੱਛ-ਗਿੱਛ ਲਈ ਤੁਹਾਨੂੰ ਬੁਲਾਉਣਗੇ।..."

"ਬੁਲਾ ਲੈਣ," ਮਾਂ ਨੇ ਕਿਹਾ। "ਤੇ ਜੇ ਉਹ ਚਾਹੁਨ ਤਾਂ ਮੈਨੂੰ ਗ੍ਰਿਫ਼ਤਾਰ ਕਰ ਲੈਣ, ਇਹਦੇ ਨਾਲ਼ ਬਹੁਤ ਕੁਝ ਵਿਗੜਨ ਨਹੀਂ ਲੱਗਾ। ਜੇ ਅਸੀਂ ਉਸ ਤੋਂ ਪਹਿਲਾਂ ਪਾਵੇਲ ਦੀ ਤਕਰੀਰ ਵੰਡ ਲਈਏ।"

"ਟਾਈਪ ਤਾਂ ਜੁੜਿਆ ਪਿਐ। ਕੱਲ੍ਹ ਸ਼ਹਿਰ ਤੇ ਕਿਰਤੀਆਂ ਦੀ ਬਸਤੀ ਲਈ ਚੋਖੀਆਂ ਨਕਲਾਂ ਤਿਆਰ ਹੋ ਜਾਣਗੀਆਂ।...ਤੁਸੀਂ ਨਤਾਸ਼ਾ ਨੂੰ ਜਾਣਦੇ ਓ ?"

"ਹਾਂ, ਜ਼ਰੂਰ !"

"ਇਹ ਉਹਨੂੰ ਦੇ ਆਉਣੀਆਂ।..."

ਮੁੰਡਾ ਅਖ਼ਬਾਰ ਪੜ੍ਹ ਰਿਹਾ ਸੀ ਅਤੇ ਇਉਂ ਜਾਪਦਾ ਜਿਵੇਂ ਉਹ ਉਹਨਾਂ ਦੀ ਗੱਲ ਨਹੀਂ ਸੁਣ ਰਿਹਾ, ਪਰ ਕਦੀ-ਕਦੀ ਉਹ ਮਾਂ ਦੇ ਮੂੰਹ ਵੱਲ ਝਾਤ ਮਾਰਦਾ; ਮਾਂ ਨੂੰ ਉਹਦੀਆਂ ਲਿਸ਼ਕਦੀਆਂ ਅੱਖਾਂ ਚੰਗੀਆਂ ਲੱਗਦੀਆਂ ਅਤੇ ਉਹ ਉਹਦੇ ਵੱਲ ਵੇਖ ਕੇ ਮੁਸਕਰਾਉਂਦੀ। ਲਿਉਦਮੀਲਾ ਗ਼ਮ ਤੋਂ ਬਿਨਾਂ ਨਿਕੋਲਾਈ ਦੀ ਗੱਲ ਕਰ ਰਹੀ ਸੀ। ਅਤੇ ਮਾਂ ਨੂੰ ਇਹ ਐਨ ਸੁਭਾਵਕ ਲੱਗਦਾ। ਸਮਾਂ ਛੇਤੀ ਲੰਘੀ ਗਿਆ; ਜਦੋਂ ਉਹਨਾਂ ਨਾਸ਼ਤਾ ਖ਼ਤਮ ਕੀਤਾ ਤਾਂ ਲਗਭਗ ਦੁਪਹਿਰ ਹੋ ਗਈ ਸੀ।

"ਕਿੰਨੀ ਦੇਰ ਹੋ ਗਈ ਏ !" ਲਿਉਦਮੀਲਾ ਉੱਚੀ ਅਵਾਜ਼ ਵਿੱਚ ਬੋਲੀ।

ਉਸ ਛਿਣ ਕਿਸੇ ਨੇ ਕਾਹਲ ਨਾਲ਼ ਦਰਵਾਜ਼ਾ ਖੜਕਾਇਆ। ਮੁੰਡਾ ਉੱਠਿਆ ਅਤੇ ਆਪਣੀਆਂ ਅੱਖਾਂ ਸੁਕੇੜਦੇ ਹੋਏ ਸਵਾਲੀ ਢੰਗ ਨਾਲ਼ ਲਿਉਦਮੀਲਾ ਵੱਲ ਵੇਖਿਆ।

"ਸਰਗੇਈ ਬੂਹਾ ਖੋਹਲ ਦੇ। ਕੌਣ ਹੋ ਸਕਦੈ ?"

ਘਾਬਰੇ ਬਿਨਾਂ ਉਹਨੇ ਆਪਣਾ ਹੱਥ ਆਪਣੀ ਘੱਗਰੀ ਦੀ ਜੇਬ ਵਿੱਚ ਪਾਇਆ ਅਤੇ ਮਾਂ ਨੂੰ ਕਿਹਾ :

"ਜੇ ਇਹ ਜੈਨਡਾਰਮ ਹੋਣ ਤਾਂ ਤੁਸੀਂ ਔਸ ਨੁੱਕਰੇ ਖੜੇ ਹੋ ਜਾਣਾ, ਤੇ ਤੂੰ, ਸਰਗੇਈ।..."

"ਮੈਨੂੰ ਪਤੈ," ਮੁੰਡੇ ਨੇ ਕਿਹਾ ਅਤੇ ਬਾਹਰ ਚਲਾ ਗਿਆ।

ਮਾਂ ਮੁਸਕਰਾਈ। ਇਹ ਤਿਆਰੀਆਂ ਹੁਣ ਉਹਨੂੰ ਪ੍ਰੇਸ਼ਾਨ ਨਹੀਂ ਸਨ ਕਰਦੀਆਂ — ਉਹਨੂੰ ਤਬਾਹੀ ਦਾ ਆਗਮ-ਗਿਆਨ ਨਾ ਹੁੰਦਾ।

ਪਰ ਉਹਨਾਂ ਨੂੰ ਮਿਲਣ ਆਉਣ ਵਾਲ਼ਾ ਤਾਂ ਬਸ ਨਿੱਕਾ ਡਾਕਟਰ ਹੀ ਸੀ।

"ਸਭ ਤੋਂ ਪਹਿਲੀ ਗੱਲ," ਉਹਨੇ ਕਾਹਲੀ-ਕਾਹਲੀ ਕਿਹਾ। "ਨਿਕੋਲਾਈ ਗ੍ਰਿਫ਼ਤਾਰ ਹੋ ਗਿਐ। ਆਹਾ! ਸੋ ਤੂੰ ਇੱਥੇ ਏਂ, ਨਿਲੋਵਨਾ! ਜਦੋਂ ਉਹ ਫੜਿਆ ਗਿਆ ਤਾਂ ਤੂੰ ਘਰ ਨਹੀਂ ਸੀ?"

"ਉਹਨੇ ਮੈਨੂੰ ਇੱਥੇ ਭੇਜ ਦਿੱਤਾ।"

"ਹੂੰ। ਮੈਨੂੰ ਡਰ ਏ ਇਹਦਾ ਕੋਈ ਲਾਭ ਨਹੀਂ ਹੋਣ ਲੱਗਾ।... ਅਤੇ ਦੂਜੀ, ਕੱਲ੍ਹ ਰਾਤ ਕੁਝ ਗੱਭਰੂਆਂ ਨੇ ਮੀਮੋਗਰਾਫ਼ ਮਸ਼ੀਨ ਉੱਤੇ ਤਕਰੀਰ ਦੀਆਂ ਪੰਜ ਸੌ ਨਕਲਾਂ ਤਿਆਰ ਕਰ ਦਿੱਤੀਆਂ ਨੇ। ਮੈਂ ਉਹ ਵੇਖੀਆਂ ਨੇ — ਮਾੜੀਆਂ ਨਹੀਂ — ਸਾਫ਼ ਤੇ ਪੜ੍ਹੀਆਂ ਜਾਣ ਵਾਲ਼ੀਆਂ। ਉਹ ਅੱਜ ਰਾਤ ਸ਼ਹਿਰ ਵਿੱਚ ਵੰਡਣਾ ਚਾਹੁੰਦੇ ਨੇ, ਪਰ ਮੈਂ ਇਹਦੇ ਖ਼ਿਲਾਫ਼ ਹਾਂ। ਮੇਰਾ ਖ਼ਿਆਲ ਏ ਇਹ ਗੱਲ ਵਧੇਰੇ ਚੰਗੀ ਹੋਵੇਗਾ ਜੇ ਅਸੀਂ ਛਪੀਆਂ ਨਕਲਾਂ ਸ਼ਹਿਰ ਵਿੱਚ ਨਾ ਵੰਡੀਏ ਤੇ ਉਹਨਾਂ ਨੂੰ ਕਿਸੇ ਹੋਰ ਥਾਂ ਲਈ ਰੱਖ ਲਈਏ।"

"ਮੈਂ ਉਹ ਨਤਾਸ਼ਾ ਨੂੰ ਦੇ ਆਵਾਂਗੀ," ਮਾਂ ਨੇ ਉਤਸੁਕਤਾ ਨਾਲ਼ ਕਿਹਾ। "ਉਹ ਮੈਨੂੰ ਦੇ ਦਿਓ!"

ਉਹ ਆਪਣੇ ਪੁੱਤਰ ਦੀ ਤਕਰੀਰ ਜਿੰਨੀ ਛੇਤੀ ਹੋ ਸਕੇ ਲੋਕਾਂ ਵਿੱਚ ਫੈਲਾਉਣ ਲਈ ਹੱਦੋਂ ਵੱਧ ਉਤਾਵਲੀ ਸੀ, ਸਾਰੀ ਧਰਤੀ ਉੱਤੇ ਆਪਣੇ ਪੁੱਤਰ ਦੀ ਗੱਲ ਖਿੰਡਾਉਣ ਲਈ, ਅਤੇ ਜਵਾਬ ਉਡੀਕਦੇ ਹੋਏ ਉਹਨੇ ਆਪਣੀਆਂ ਤਰਲੇ ਕਰਦੀਆਂ ਅੱਖਾਂ ਡਾਕਟਰ ਉੱਤੇ ਗੱਡ ਦਿੱਤੀਆਂ।

"ਰੱਬ ਈ ਜਾਣਦੈ ਤੈਨੂੰ ਇਹ ਕੰਮ ਕਰਨਾ ਚਾਹੀਦੈ ਜਾਂ ਨਹੀਂ," ਡਾਕਟਰ ਨੇ ਆਪਣੀ ਘੜੀ ਕੱਢਦੇ ਹੋਏ, ਬੇਦਿਲੀ ਨਾਲ਼ ਕਿਹਾ। "ਹੁਣ ਬਾਰਾਂ ਵੱਜਣ ਵਿੱਚ ਵੀਹ ਮਿੰਟ ਨੇ। ਦੋ ਵੱਜ ਕੇ ਪੰਜ ਮਿੰਟ 'ਤੇ ਇੱਕ ਗੱਡੀ ਚਲਦੀ ਏ, ਉਹ ਤੈਨੂੰ ਪੰਜ ਵੱਜ ਕੇ ਪੰਦਰਾਂ ਮਿੰਟ 'ਤੇ ਉੱਥੇ ਅੱਪੜਾ ਦੇਵੇਗੀ। ਉਦੋਂ ਤੱਕ ਸ਼ਾਮ ਹੋ ਜਾਵੇਗੀ। ਪਰ ਚੋਖਾ ਹਨੇਰਾ ਨਹੀਂ ਹੋਣ ਲੱਗਾ। ਪਰ ਵੱਡੀ ਗੱਲ ਇਹ ਨਹੀਂ।..."

"ਨਹੀਂ ਇਹ ਨਹੀਂ," ਲਿਉਦਮੀਲਾ ਨੇ ਤਿਊੜੀ ਵੱਟ ਕੇ ਕਿਹਾ।

"ਵੱਡੀ ਗੱਲ ਕੀ ਏ?" ਮਾਂ ਨੇ ਡਾਕਟਰ ਵੱਲ ਜਾਂਦੇ ਹੋਏ ਕਿਹਾ। "ਬਸ ਇਹੋ ਕਿ ਕੰਮ ਠੀਕ ਤਰ੍ਹਾਂ ਕੀਤਾ ਜਾਵੇ।..."

ਲਿਉਦਮੀਲਾ ਨੇ ਉਹਦੇ ਵੱਲ ਘੋਖਵੀਂ ਨਿਗਾਹ ਮਾਰੀ।

"ਤੁਹਾਡੇ ਲਈ ਇਹ ਕੰਮ ਕਰਨਾ ਖ਼ਤਰਨਾਕ ਏ," ਉਹਨੇ ਮੱਥੇ ਉੱਤੇ ਹੱਥ ਫੇਰਦੇ ਹੋਏ ਕਿਹਾ।

"ਕਿਉਂ?" ਮਾਂ ਨੇ ਨਿੱਘੀ ਅੜੀ ਨਾਲ਼ ਕਿਹਾ।

"ਇਸ ਕਰਕੇ," ਡਾਕਟਰ ਨੇ ਤਿੱਖੇ, ਟੁੱਟੇ ਲਹਿਜੇ ਵਿੱਚ ਕਿਹਾ। "ਤੂੰ ਨਿਕੋਲਾਈ ਦੇ ਘਰੋਂ ਉਹਦੀ ਗ੍ਰਿਫ਼ਤਾਰੀ ਤੋਂ ਇੱਕ ਘੰਟਾ ਪਹਿਲਾ ਚੱਲੀ। ਤੂੰ ਕਾਰਖ਼ਾਨੇ ਵਿੱਚ ਗਈ, ਜਿੱਥੇ ਲੋਕ ਤੈਨੂੰ ਨਤਾਸ਼ਾ ਦੀ ਮਾਸੀ ਕਰਕੇ ਜਾਣਦੇ ਨੇ। ਥੋੜ੍ਹਾ ਚਿਰ ਪਿੱਛੋਂ ਉੱਥੇ ਪਾਬੰਦੀ ਲੱਗੇ ਇਸ਼ਤਿਹਾਰ ਕਾਰਖ਼ਾਨੇ ਵਿੱਚ ਆ ਗਏ। ਇਹ ਸਭ ਕੁਝ ਤੇਰੇ ਗਲੇ ਦੁਆਲੇ ਨਿੱਕੀ ਜਿਹੀ ਸੋਹਣੀ ਫਾਹੀ

ਬਣ ਸਕਦਾ ਏ।"

"ਕਿਸੇ ਨੇ ਮੇਰੇ ਵੱਲ ਧਿਆਨ ਨਹੀਂ ਦੇਣਾ," ਮਾਂ ਨੇ ਉਤਾਵਲ ਨਾਲ਼ ਕਿਹਾ। "ਤੇ ਜੇ ਉਹਨਾਂ ਵਾਪਸੀ 'ਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਮੈਂ ਕਹਾਂਗੀ।..."

ਮਾਂ ਇੱਕ ਛਿਣ ਜਕੋ-ਤਕੇ ਵਿੱਚ ਰਹੀ।

"ਮੈਨੂੰ ਪਤੈ ਮੈਂ ਕੀ ਕਹਾਂਗੀ," ਮਾਂ ਕੂਕੀ। "ਮੈਂ ਉੱਥੋਂ ਸਿੱਧੀ ਬਸਤੀ ਵਿੱਚ ਜਾਵਾਂਗੀ। ਉੱਥੇ ਮੇਰਾ ਇੱਕ ਮਿੱਤਰ ਏ—ਸਿਜ਼ੋਵ—ਮੈਂ ਕਹਾਂਗੀ ਮੈਂ ਮੁਕੱਦਮੇ ਤੋਂ ਪਿੱਛੋਂ ਉੱਥੇ ਗਈ ਸਾਂ—ਤਾਂ ਜੁ ਅਸੀਂ ਇੱਕ ਦੂਜੇ ਨੂੰ ਦਿਲਾਸਾ ਦੇ ਸਕੀਏ। ਉਹਦੇ ਭਾਣਜੇ ਨੂੰ ਵੀ ਤਾਂ ਸਜ਼ਾ ਹੋਈ ਵੇ। ਉਹ ਮੇਰੀ ਹਾਮੀ ਭਰੇਗਾ।"

ਇਹ ਪੱਕੀ ਜਾਣ ਕੇ ਉਹ ਉਹਦੀ ਬੇਨਤੀ ਮੰਨ ਲੈਣਗੇ ਅਤੇ ਮਾਮਲੇ ਵਿੱਚ ਕਾਹਲ ਕਰਨ ਲਈ, ਉਹ ਜ਼ੋਰ ਦਈ ਗਈ। ਅਖ਼ੀਰ ਉਹ ਮੰਨ ਗਏ।

"ਚੰਗਾ, ਕਰ ਲੈ," ਡਾਕਟਰ ਨੇ ਬੇਦਿਲੀ ਨਾਲ਼ ਕਿਹਾ।

ਲਿਉਦਮੀਲਾ ਨੇ ਕੁਝ ਨਾ ਕਿਹਾ, ਉਹ ਖ਼ਿਆਲਾਂ ਵਿੱਚ ਡੁੱਬੀ ਬਸ ਚੱਕਰ ਕੱਟਦੀ ਰਹੀ। ਉਹਦਾ ਮੂੰਹ ਪਤਲਾ ਤੇ ਸੁਤਿਆ ਹੋਇਆ ਸੀ ਅਤੇ ਉਹਦੀ ਗਰਦਨ ਦੇ ਤਣੇ ਪੱਠਿਆਂ ਤੋਂ ਇਹ ਪਤਾ ਚਲਦਾ ਸੀ ਕਿ ਆਪਣਾ ਸਿਰ ਛਾਤੀ ਉੱਤੇ ਡਿੱਗਣੋ ਰੋਕਣ ਲਈ ਉਹਨੂੰ ਕਿੰਨਾ ਜ਼ੋਰ ਲਾਉਣਾ ਪੈ ਰਿਹਾ ਸੀ। ਮਾਂ ਨੇ ਇਹ ਗੱਲ ਵੇਖੀ।

"ਤੁਸੀਂ ਮੇਰੇ ਬਾਰੇ ਫ਼ਿਕਰ ਕਰ ਰਹੇ ਓ," ਉਹ ਮੁਸਕਰਾਈ, "ਪਰ ਤੁਸੀਂ ਆਪਣੇ ਬਾਰੇ ਤਾਂ ਉੱਕਾ ਹੀ ਫ਼ਿਕਰ ਨਹੀਂ ਕਰਦੇ।..."

"ਉਹ, ਅਸੀਂ ਜ਼ਰੂਰ ਕਰਦੇ ਹਾਂ," ਡਾਕਟਰ ਨੇ ਕਿਹਾ। "ਸਾਨੂੰ ਕਰਨਾ ਹੀ ਪੈਂਦੈ! ਤੇ ਜਿਨ੍ਹਾਂ ਨੂੰ ਅਸੀਂ ਆਪਣਾ ਬਲ ਅਕਾਰਣ ਨਸ਼ਟ ਕਰਦਿਆਂ ਵੇਖਦੇ ਹਾਂ ਅਸੀਂ ਉਹਨਾਂ ਨਾਲ਼ ਬਹੁਤ ਕਰੜਾਈ ਨਾਲ਼ ਪੇਸ਼ ਆਉਂਦੇ ਹਾਂ। ਸੋ ਫਿਰ—ਤੈਨੂੰ ਤਕਰੀਰ ਦੀਆਂ ਨਕਲਾਂ ਸਟੇਸ਼ਨ 'ਤੇ ਮਿਲ ਜਾਣਗੀਆਂ।..."

ਉਹਨੇ ਉਹਨੂੰ ਸਮਝਾਇਆ ਇਹ ਕਿਵੇਂ ਹੋਵੇਗਾ।

"ਚੰਗਾ, ਕਿਸਮਤ ਤੇਰਾ ਸਾਥ ਦੇਵੇ!" ਗੱਲ ਮੁਕਾਉਂਦੇ ਹੋਏ ਉਹਨੇ ਮਾਂ ਦੇ ਮੂੰਹ ਵੱਲ ਵੇਖਿਆ।

ਪਰ ਜਦੋਂ ਉਹ ਬਾਹਰ ਚਲਾ ਗਿਆ ਤਾਂ ਉਹ ਕਿਸੇ ਗੱਲ 'ਤੇ ਨਾਖੁਸ਼ ਸੀ। ਲਿਉਦਮੀਲਾ ਮਾਂ ਕੋਲ਼ ਗਈ।

"ਮੈਂ ਤੁਹਾਡੀ ਗੱਲ ਸਮਝਦੀ ਆਂ," ਉਹਨੇ ਪੋਲੇ ਜਿਹੇ ਹਾਸੇ ਨਾਲ਼ ਕਿਹਾ।

ਉਹਨੇ ਮਾਂ ਦਾ ਹੱਥ ਫੜ ਲਿਆ ਅਤੇ ਫਿਰ ਇੱਧਰ-ਉੱਧਰ ਫਿਰਨ ਲੱਗ ਪਈ।

"ਮੇਰਾ ਵੀ ਇੱਕ ਪੁੱਤਰ ਏ। ਉਹ ਤੇਰ੍ਹਾਂ ਵਰ੍ਹਿਆਂ ਦਾ ਏ, ਪਰ ਆਪਣੇ ਪਿਉ ਕੋਲ਼ ਰਹਿੰਦੈ। ਮੇਰਾ ਘਰਵਾਲਾ ਨਾਇਬ ਸਰਕਾਰੀ ਵਕੀਲ ਏ। ਤੇ ਮੁੰਡਾ ਉਹਦੇ ਕੋਲ਼ ਏ। ਉਹਦਾ ਕੀ ਬਣੇਗਾ? ਮੈਂ ਅਕਸਰ ਸੋਚਦੀ ਆਂ।..."

ਉਹਦੀ ਰੇਸ਼ਮੀ ਅਵਾਜ਼ ਕੰਬੀ ਅਤੇ ਫਿਰ ਉਹਦਾ ਬੋਲ ਸੋਚਵਾਨ ਅਤੇ ਸ਼ਾਂਤ ਢੰਗ ਨਾਲ਼

ਵਹਿਣ ਲੱਗ ਪਿਆ।

"ਉਹਦੀ ਪਾਲਣਾ ਇੱਕ ਅਜਿਹਾ ਬੰਦਾ ਕਰ ਰਿਹੈ ਜਿਹੜਾ ਉਹਨਾਂ ਲੋਕਾਂ ਦਾ ਚੇਤੰਨ ਦੁਸ਼ਮਣ ਏ ਜਿੰਨ੍ਹਾਂ ਨੂੰ ਮੈਂ ਪਿਆਰ ਕਰਦੀ ਆਂ ਤੇ ਦੁਨੀਆਂ ਵਿੱਚ ਸਭ ਤੋਂ ਚੰਗੇ ਲੋਕ ਸਮਝਦੀ ਆਂ। ਮੇਰਾ ਪੁੱਤਰ ਵੱਡਾ ਹੋ ਕੇ ਮੇਰਾ ਆਪਣਾ ਵੈਰੀ ਬਣ ਸਕਦੈ। ਉਹਨੂੰ ਮੈਂ ਆਪਣੇ ਕੋਲ਼ ਨਹੀਂ ਰੱਖ ਸਕਦੀ। ਮੈਂ ਇੱਕ ਝੂਠੇ ਨਾਂ ਹੇਠ ਰਹਿੰਦੀ ਆਂ। ਅੱਠਾਂ ਵਰ੍ਹਿਆਂ ਤੋਂ ਮੈਂ ਉਹਨੂੰ ਨਹੀਂ ਵੇਖਿਆ— ਅੱਠਾਂ ਵਰ੍ਹਿਆਂ ਤੋਂ! ਕਿੰਨਾ ਲੰਮਾ ਸਮਾਂ ਏ!"

ਉਹ ਬਾਰੀ ਕੋਲ਼ ਖੜੀ ਹੋ ਗਈ ਅਤੇ ਪੀਲ਼ੇ, ਖ਼ਾਲੀ ਆਸਮਾਨ ਵੱਲ ਵੇਖਿਆ।

"ਜੇ ਉਹ ਮੇਰੇ ਕੋਲ਼ ਰਹਿੰਦਾ ਤਾਂ ਮੈਂ ਵਧੇਰੇ ਤਕੜੀ ਹੁੰਦੀ। ਤਾਂ ਮੇਰੇ ਦਿਲ ਵਿੱਚ ਹਰ ਵੇਲੇ ਹੋਣ ਵਾਲ਼ੀ ਪੀੜ ਨਾ ਹੁੰਦੀ। ਜੇ ਉਹ ਮਰ ਗਿਆ ਹੁੰਦਾ — ਇਹ ਗੱਲ ਮੇਰੇ ਲਈ ਸੌਖੇਰੀ ਹੁੰਦੀ।..."

"ਹਾਏ, ਮੇਰੀ ਵਿਚਾਰੀ ਬੱਲੋ!" ਮਾਂ ਨੇ ਹਉਕਾ ਲਿਆ, ਉਹਦਾ ਦਿਲ ਤਰਸ ਨਾਲ਼ ਪਾਟ ਰਿਹਾ ਸੀ।

"ਤੁਸੀਂ ਕਿੰਨੇ ਵਡ-ਭਾਗੇ ਹੋ!" ਲਿਉਦਮੀਲਾ ਕੌੜੀ ਮੁਸਕਾਨ ਨਾਲ਼ ਬੁੜਬੁੜਾਈ। "ਮਾਂ ਅਤੇ ਪੁੱਤਰ ਦਾ ਮੋਢੇ ਨਾਲ਼ ਮੋਢਾ ਜੋੜ ਕੇ ਖੜਾ ਹੋਣਾ ਬੜੀ ਸ਼ਾਨਦਾਰ ਗੱਲ ਏ—ਅਤੇ ਬੜੀ ਟਾਵੀਂ ਵੀ!"

"ਹਾਂ, ਇਹ ਸ਼ਾਨਦਾਰ ਏ," ਪੇਲਾਗੀਆ ਨੇ ਕਿਹਾ ਅਤੇ ਉਹ ਆਪਣੀ ਗੱਲ ਉੱਤੇ ਆਪ ਹੈਰਾਨ ਹੋ ਗਈ, ਫਿਰ ਆਪਣੀ ਅਵਾਜ਼ ਨੀਵੀਂ ਕਰ ਕੇ, ਜਿਵੇਂ ਕੋਈ ਭੇਤ ਦੱਸ ਰਹੀ ਹੋਵੇ, "ਤੂੰ, ਨਿਕੋਲਾਈ ਈਵਾਨੋਵਿਚ ਅਤੇ ਉਹ ਸਾਰੇ ਜਿਹੜੇ ਸੱਚ ਦੇ ਹਾਮੀ ਨੇ — ਅਸੀਂ ਸਾਰੇ — ਮੋਢੇ ਨਾਲ਼ ਮੋਢਾ ਜੋੜ ਕੇ ਖੜੇ ਵਾਂ! ਅਚਾਨਕ ਅਸੀਂ ਸਾਰੇ ਇੱਕ ਦੂਜੇ ਦੇ ਸਕੇ ਬਣ ਗਏ ਵਾਂ ਤੇ ਮੈਂ ਤੁਹਾਨੂੰ ਸਾਰਿਆਂ ਨੂੰ ਸਮਝਦੀ ਵਾਂ। ਮੈਨੂੰ ਹਮੇਸ਼ਾ ਤੁਹਾਡੀਆਂ ਗੱਲਾਂ ਦੀ ਸਮਝ ਨਹੀਂ ਆਉਂਦੀ, ਪਰ ਮੈਂ ਬਾਕੀ ਹਰ ਗੱਲ ਸਮਝਦੀ ਵਾਂ।"

"ਹਾਂ ਸਭ ਕੁਝ ਇਸੇ ਤਰ੍ਹਾਂ ਏ," ਲਿਉਦਮੀਲਾ ਬੁੜਬੁੜਾਈ। "ਸਭ ਕੁਝ ਇਸੇ ਤਰ੍ਹਾਂ ਏ।..."

ਮਾਂ ਨੇ ਆਪਣਾ ਹੱਥ ਲਿਉਦਮੀਲਾ ਦੀ ਛਾਤੀ ਉੱਤੇ ਰੱਖਿਆ ਅਤੇ ਇਹਦੇ ਨਾਲ਼ ਉਹਨੂੰ ਛਾਤੀ 'ਤੇ ਪਲੋਸਿਆ ਅਤੇ ਨਿੰਮ੍ਹੀ ਅਵਾਜ਼ ਵਿੱਚ ਬੋਲੀ ਗਈ, ਜਿਵੇਂ ਉਹ ਆਪਣੇ ਮਨ ਦੀ ਅੱਖ ਨਾਲ਼ ਉਹ ਗੱਲਾਂ ਵੇਖ ਰਹੀ ਹੋਵੇ ਜਿਹੜੀਆਂ ਉਹ ਕਹਿ ਰਹੀ ਸੀ।

"ਸਾਡੇ ਬੱਚੇ ਦੁਨੀਆਂ ਵਿੱਚ ਵੱਧ ਪਏ ਨੇ—ਮੈਂ ਇਹਨੂੰ ਇਉਂ ਵੇਖਦੀ ਵਾਂ—ਸਾਰੀ ਦੁਨੀਆਂ ਵਿੱਚ, ਇਹਦੀ ਹਰ ਨੁੱਕਰੋਂ ਆਉਂਦੇ ਅਤੇ ਇੱਕੋ ਇੱਕ ਨਿਸ਼ਾਨੇ ਵੱਲ ਵੱਧਦੇ! ਅਤਿ-ਅੰਤ ਪਵਿੱਤਰ ਦਿਲਾਂ ਅਤੇ ਸੋਹਣੇ ਮਨਾਂ ਵਾਲ਼ੇ ਉਹ ਬੁਰਾਈ ਵਿਰੁੱਧ ਵਧ ਰਹੇ ਨੇ ਅਤੇ ਝੂਠ ਨੂੰ ਆਪਣੇ ਤਕੜੇ ਪੈਰਾਂ ਹੇਠ ਲਿਤਾੜ ਰਹੇ ਨੇ। ਉਹ ਜਵਾਨ ਅਤੇ ਨਰੋਏ ਨੇ ਤੇ ਉਹਨਾਂ ਦੀ ਸਾਰੀ ਅਜਿੱਤ ਤਾਕਤ ਇੱਕੋ ਇੱਕ ਗੱਲ — ਇਨਸਾਫ਼ ਪ੍ਰਾਪਤ ਕਰਨ ਲਈ ਵਰਤੀ ਜਾ ਰਹੀ ਹੈ! ਉਹ ਮਨੁੱਖੀ ਗ਼ਮ ਦਾ ਅੰਤ ਕਰਨ ਲਈ ਅੱਗੇ ਵਧੇ ਨੇ, ਧਰਤੀ ਦੇ ਮੂੰਹ ਤੋਂ ਮੰਦੇ ਭਾਗ ਪੂੰਝ ਦੇਣ ਲਈ, ਕੋਝ ਉੱਤੇ ਜਿੱਤ ਪਾਉਣ ਲਈ — ਤੇ ਜਿੱਤ ਉਹ ਲੈਣਗੇ! ਜਿਵੇਂ ਕਿ ਉਹਨਾਂ ਵਿੱਚੋਂ ਇੱਕ ਨੇ ਕਿਹਾ ਹੈ, ਇੱਕ ਨਵਾਂ ਸੂਰਜ ਬਾਲਣ ਲਈ — ਤੇ ਬਾਲ ਉਹ ਲੈਣਗੇ! ਮਾਯੂਸਾਂ ਨੂੰ ਇੱਕਮੁਠ ਕਰਨ

ਲਈ — ਤੇ ਇੱਕਮੁਠ ਉਹ ਕਰ ਲੈਣਗੇ!"

ਉਹਨੂੰ ਭੁਲਾਈਆਂ ਦੁਆਵਾਂ ਦੇ ਲਫ਼ਜ਼ ਯਾਦ ਆਏ, ਜਿਹੜੇ ਉਹਦੇ ਦਿਲ ਵਿੱਚ ਚਿਣਗਾਂ ਵਾਂਗ ਉੱਭਰੇ, ਨਵਾਂ ਭਰੋਸਾ ਜਗਾਉਂਦੇ ਹੋਏ।

"ਸਾਡੇ ਬੱਚੇ ਸੱਚ ਅਤੇ ਤਰਕ ਦੇ ਰਾਹ ਉੱਤੇ ਚੱਲ ਰਹੇ ਨੇ, ਲੋਕਾਂ ਦੇ ਮਨਾਂ ਵਿੱਚ ਪਿਆਰ ਲਿਆਉਂਦੇ, ਉਹਨਾਂ ਨੂੰ ਨਵੀਂ ਜਨਤ ਵਿਖਾਉਂਦੇ, ਧਰਤੀ ਨੂੰ ਇੱਕ ਨਵੀਂ ਅੱਗ ਨਾਲ਼ ਰੁਸ਼ਨਾਉਂਦੇ — ਆਤਮਾ ਦੀ ਬੁਝਾਈ ਨਾ ਜਾ ਸਕਣ ਵਾਲ਼ੀ ਅੱਗ। ਇਹਦੀਆਂ ਲਾਟਾਂ ਵਿੱਚੋਂ ਇੱਕ ਨਵੀਂ ਜ਼ਿੰਦਗੀ ਪੈਦਾ ਹੋ ਰਹੀ ਵੇ, ਸਾਰੀ ਮਨੁੱਖਤਾ ਲਈ ਸਾਡੇ ਬੱਚਿਆਂ ਦੇ ਪਿਆਰ ਵਿੱਚੋਂ ਪੈਦਾ ਹੋਈ। ਕੌਣ ਇਸ ਪਿਆਰ ਨੂੰ ਬੁਝਾ ਸਕਦੈ? ਕੌਣ? ਕਿਹੜੀ ਤਾਕਤ ਇਹਨੂੰ ਤਬਾਹ ਕਰ ਸਕਦੀ ਵੇ? ਕਿਹੜੀ ਤਾਕਤ ਇਹਦਾ ਵਿਰੋਧ ਕਰ ਸਕਦੀ ਵੇ? ਧਰਤੀ ਨੇ ਇਹਨੂੰ ਜਨਮ ਦਿੱਤੈ ਅਤੇ ਖ਼ੁਦ ਜ਼ਿੰਦਗੀ ਇਹਦੀ ਜਿੱਤ ਲਈ ਲੁਛਦੀ ਵੇ। ਖ਼ੁਦ ਜ਼ਿੰਦਗੀ!"

ਆਪਣੇ ਜੋਸ਼ ਦੇ ਬਲ ਦੀ ਝੰਬੀ ਉਹ ਪਰ੍ਹੇ ਗਈ, ਅਤੇ ਬਹਿ ਗਈ ਭਾਰੇ ਸਾਹ ਲੈਂਦੀ। ਲਿਉਦਮੀਲਾ ਵੀ ਚਲੀ ਗਈ, ਚੁੱਪ-ਚਾਪ, ਬੜੇ ਧਿਆਨ ਨਾਲ਼, ਜਿਵੇਂ ਡਰਦੀ ਹੋਵੇ ਕਿ ਉਹ ਕਿਸੇ ਗੱਲ ਦੀ ਉਲੰਘਣਾ ਕਰ ਦੇਵੇਗੀ। ਛੁਹਲੇ ਪੈਰੀਂ ਉਹ ਕਮਰੇ ਵਿੱਚ ਚੱਲ ਫਿਰ ਰਹੀ ਸੀ, ਉਹਦੀਆਂ ਬੇਚਮਕ ਅੱਖਾਂ ਦੀ ਡੂੰਘੀ ਤੱਕਣੀ ਉਹਦੇ ਸਾਹਮਣੇ ਟਿਕੀ। ਉਹ ਵਧੇਰੇ ਲੰਮੀ, ਵਧੇਰੇ ਸਿੱਧੀ ਅਤੇ ਵਧੇਰੇ ਪਤਲੀ ਹੋ ਗਈ ਜਾਪਦੀ ਸੀ। ਉਹਦੇ ਪਤਲੇ ਕਰੜੇ ਮੂੰਹ ਉੱਤੇ ਡੂੰਘੀ ਇਕਾਗਰਤਾ ਸੀ ਅਤੇ ਉਹਦੇ ਪਤਲੇ ਹੋਠ ਘਬਰਾਹਟ ਵਿੱਚ ਕਸੇ ਹੋਏ ਸਨ। ਕਮਰੇ ਦੀ ਚੁੱਪ ਨੇ ਛੇਤੀ ਹੀ ਮਾਂ ਦਾ ਦਿਲ ਟਿਕਾਣੇ ਲਿਆ ਦਿੱਤਾ।

"ਸ਼ੈਦ ਮੈਂ ਕੁਝ ਅਜਿਹਾ ਕਹਿ ਦਿੱਤੈ, ਜਿਹੜਾ ਮੈਨੂੰ ਨਹੀਂ ਸੀ ਕਹਿਣਾ ਚਾਹੀਦਾ?" ਮਾਂ ਨੇ ਲਿਉਦਮੀਲਾ ਦੀ ਘਬਰਾਹਟ ਭਾਂਪਦੇ ਹੋਏ ਖਿਮਾ ਮੰਗਦੇ ਢੰਗ ਨਾਲ਼ ਕਿਹਾ।

ਲਿਉਦਮੀਲਾ ਕਾਹਲੀ-ਕਾਹਲੀ ਮੁੜੀ ਅਤੇ ਲਗਭਗ ਡਰੀ ਹੋਈ ਨੇ ਮਾਂ ਵੱਲ ਵੇਖਿਆ। ਫਿਰ ਉਹ ਕਾਹਲੀ-ਕਾਹਲੀ ਬੋਲੀ, ਆਪਣਾ ਹੱਥ ਅੱਗੇ ਵਧਾ ਕੇ ਜਿਵੇਂ ਕਿਸੇ ਸ਼ੈਅ ਨੂੰ ਰੋਕਣਾ ਚਾਹੁੰਦੀ ਹੋਵੇ।

"ਨਹੀਂ, ਨਹੀਂ! ਸਭ ਕੁਝ ਇਸੇ ਤਰ੍ਹਾਂ ਏ। ਪਰ ਅਸੀਂ ਇਹਦੇ ਬਾਰੇ ਹੋਰ ਗੱਲ ਨਹੀਂ ਕਰਾਂਗੇ। ਇਹਨੂੰ ਉਸੇ ਤਰ੍ਹਾਂ ਰਹਿਣ ਦਿਓ ਜਿਵੇਂ ਤੁਸੀਂ ਕਿਹੈ।" ਜਦੋਂ ਉਹਨੇ ਅੱਗੋਂ ਗੱਲ ਕੀਤੀ ਤਾਂ ਉਹਦੀ ਅਵਾਜ਼ ਸ਼ਾਂਤ ਸੀ, ਉਹਨੇ ਕਿਹਾ, "ਤੁਸੀਂ ਝਬਦੇ ਹੀ ਚਲੇ ਜਾਓ, ਤੁਸੀਂ ਦੂਰ ਜਾਣੈ!"

"ਜੇ ਕਿਤੇ ਤੈਨੂੰ ਪਤਾ ਹੁੰਦਾ ਕਿ ਮੈਂ ਕਿੰਨੀ ਖੁਸ਼ ਵਾਂ! ਆਪਣੇ ਪੁੱਤਰ ਦੀ ਗੱਲ ਲੋਕਾਂ ਤੱਕ ਲਿਜਾਂਦੀ ਹੋਈ, ਆਪਣੇ ਹੱਡ-ਮਾਸ ਦੀ ਗੱਲ! ਇਹ ਤਾਂ ਮੇਰੀ ਆਪਣੀ ਰੂਹ ਦੇਣ ਵਾਂਗ ਏ!"

ਉਹ ਮੁਸਕਰਾਈ, ਪਰ ਉਹਦੀ ਮੁਸਕਾਨ ਦਾ ਲਿਉਦਮੀਲਾ ਦੇ ਮੂੰਹ ਉੱਤੋਂ ਧੁੰਦਲਾ ਜਿਹਾ ਪਰਛਾਵਾਂ ਹੀ ਆਇਆ। ਮਾਂ ਨੇ ਮਹਿਸੂਸ ਕੀਤਾ ਕਿ ਛੁਟੇਰੀ ਇਸਤਰੀ ਦੀ ਰੋਕ ਉਹਦੀ ਆਪਣੀ ਖੁਸ਼ੀ ਨੂੰ ਘਟਾ ਰਹੀ ਹੈ, ਅਤੇ ਅਚਾਨਕ ਉਹਦੇ ਮਨ ਵਿੱਚ ਇੱਛਾ ਜਾਗ ਪਈ ਕਿ ਉਹ ਆਪਣੀ ਸਾਰੀ ਅੱਗ ਉਸ ਕਰੜੀ ਰੂਹ ਵਿੱਚ ਪਾ ਦੇਵੇ — ਦੂਜੀ ਇਸਤਰੀ ਕੋਲ਼ੋਂ ਖੁਸ਼ੀ ਨਾਲ਼ ਫਟਦੇ ਜਾਂਦੇ ਦਿਲ ਦਾ ਹੁੰਗਾਰਾ ਭਰਾਵੇ। ਉਹ ਨੇ ਲਿਉਦਮੀਲਾ ਦੇ ਹੱਥ ਫੜ ਲਏ ਅਤੇ

ਉਹਨਾਂ ਨੂੰ ਜ਼ੋਰ ਨਾਲ਼ ਘੁੱਟਿਆ ਅਤੇ ਕਿਹਾ :

"ਪਿਆਰੀ ਜਿੰਦੜੀਏ! ਇਹ ਜਾਣਨਾ ਕਿੰਨੀ ਚੰਗੀ ਗੱਲ ਵੇ ਕਿ ਇੱਕ ਰੌਸ਼ਨੀ ਸਭਨਾਂ ਲੋਕਾਂ ਨੂੰ ਰਾਹ ਵਿਖਾ ਰਹੀ ਵੇ ਤੇ ਸਮਾਂ ਆਵੇਗਾ ਜਦੋਂ ਸਾਰੇ ਇਹ ਵੇਖ ਲੈਣਗੇ ਅਤੇ ਆਪਣੇ ਪੂਰੇ ਦਿਲਾਂ ਨਾਲ਼ ਇਹਦੇ ਪਿੱਛੇ ਚੱਲਣਗੇ।"

ਮਾਂ ਦੇ ਵੱਡੇ, ਦਿਆਲ ਮੂੰਹ ਉੱਤੇ ਇੱਕ ਕੰਬਣੀ ਜਿਹੀ ਲੰਘ ਗਈ, ਉਹਦੀਆਂ ਅੱਖਾਂ ਚਮਕੀਆਂ ਅਤੇ ਉਹਨਾਂ ਉੱਤੇ ਉਹਦੇ ਭਰਵੱਟੇ ਕੰਬੇ ਜਿਵੇਂ ਅੱਖਾਂ ਦੀ ਚਮਕ ਨੂੰ ਖੰਭ ਲਾ ਰਹੇ ਹੋਣ। ਉਹਦਾ ਮਨ ਮਹਾਨ ਵਿਚਾਰਾਂ ਨਾਲ਼ ਡੋਲਿਆ, ਜਿਨ੍ਹਾਂ ਵਿੱਚ ਉਹਨੇ ਆਪਣਾ ਸਾਰਾ ਆਪ ਪਾ ਦਿੱਤਾ, ਹਰ ਉਹ ਗੱਲ ਜਿਸ ਦਾ ਉਹਨੂੰ ਕਦੀ ਗਿਆਨ ਹੋਇਆ ਸੀ ਜਾਂ ਜਿਹੜੀ ਉਹਨੇ ਸਹਾਰੀ ਸੀ। ਉਹਨੇ ਇਹਨਾਂ ਵਿਚਾਰਾਂ ਦੇ ਤੱਤ ਨੂੰ ਸ਼ਬਦਾਂ ਦੀਆਂ ਲਿਸ਼ਕਦੀਆਂ ਕਲਮਾਂ ਵਿੱਚ ਸੰਘਣਾ ਕੀਤਾ, ਜਿਹੜੀਆਂ ਉਹਦੇ ਪਤ-ਝੜੀ ਦਿਲ ਵਿੱਚ ਵਧੀਆਂ ਅਤੇ ਅਨੇਕ ਬਣ ਗਈਆਂ, ਬਸੰਤ ਦੇ ਸੂਰਜ ਦੀ ਰਚਨਾਤਮਕ ਸ਼ਕਤੀ ਦੀਆਂ ਰੁਸ਼ਨਾਈਆਂ, ਵਧ ਰਹੀ ਲਿਸ਼ਕ ਨਾਲ਼ ਉੱਥੇ ਬਲਦੀਆਂ ਅਤੇ ਲਿਸ਼ਕਦੀਆਂ।

"ਇਹ ਤਾਂ ਇਉਂ ਏ ਜਿਵੇਂ ਮਨੁੱਖ ਦੇ ਇੱਕ ਨਵਾਂ ਰੱਬ ਜੰਮ ਪਿਆ ਹੋਵੇ! ਹਰ ਸ਼ੈ ਸਭਨਾਂ ਲਈ—ਸਭੇ ਹਰ ਇੱਕ ਲਈ! ਮੈਂ ਇਹਨੂੰ ਇਸੇ ਤਰ੍ਹਾਂ ਵੇਖਦੀ ਵਾਂ। ਅਸਲ ਸੱਚ ਤਾਂ ਇਹ ਵੇ ਕਿ ਅਸੀਂ ਸਾਰੇ ਸਾਥੀ ਵਾਂ, ਸਾਰੀਆਂ ਸਕੀਆਂ ਰੂਹਾਂ ਵਾਂ, ਸਾਰੇ ਇੱਕ ਮਾਂ ਦੇ ਬੱਚੇ, ਜਿਸ ਮਾਂ ਦਾ ਨਾਂ ਸੱਚ ਵੇ!"

ਇੱਕ ਵਾਰ ਫਿਰ ਉਹ ਜਜ਼ਬੇ ਦੀ ਇੱਕ ਲਹਿਰ ਦੇ ਵਸ ਹੋ ਗਈ ਸੀ। ਉਹ ਰੁਕੀ, ਲੰਮਾ ਸਾਹ ਲਿਆ ਅਤੇ ਆਪਣੀਆਂ ਬਾਹਾਂ ਫੈਲਾ ਦਿੱਤੀਆਂ ਜਿਵੇਂ ਉਹ ਉਹਨਾਂ ਨੂੰ ਜੱਫੀ ਪਾਉਣਾ ਚਾਹੁੰਦੀ ਹੋਵੇ।

"ਤੇ ਜਦੋਂ ਮੈਂ ਆਪਣੇ ਮਨ ਵਿੱਚ 'ਸਾਥੀ' ਸ਼ਬਦ ਕਹਿੰਦੀ ਵਾਂ ਤਾਂ ਮੈਂ ਉਹਨਾਂ ਸਾਰਿਆਂ ਨੂੰ ਆਪਣੇ ਦਿਲ ਵਿੱਚੋਂ ਲੰਘਦਿਆਂ ਵੇਖ ਸਕਦੀ ਵਾਂ!"

ਉਹ ਜੋ ਕੁਝ ਕਰਨਾ ਚਾਹੁੰਦੀ ਸੀ ਉਹਨੇ ਕਰ ਲਿਆ ਸੀ : ਲਿਉਦਮੀਲਾ ਦਾ ਮੂੰਹ ਹੈਰਾਨੀ ਨਾਲ਼ ਭਖ ਰਿਹਾ ਸੀ, ਉਹਦੇ ਬੁੱਲ੍ਹ ਫਰਕ ਰਹੇ ਸਨ ਅਤੇ ਉਹਦੀਆਂ ਗੱਲ੍ਹਾਂ ਉੱਤੇ ਵੱਡੇ ਸ਼ਫ਼ਾਫ਼ ਹੰਝੂ ਵਹਿ ਰਹੇ ਸਨ।

ਮਾਂ ਨੇ ਉਹਨੂੰ ਕਲਾਵੇ ਵਿੱਚ ਵਲ੍ਹੇਟ ਲਿਆ, ਖ਼ਾਮੋਸ਼ੀ ਨਾਲ਼ ਮੁਸਕਰਾਉਂਦਿਆਂ ਅਤੇ ਆਪਣੇ ਦਿਲ ਦੀ ਜਿੱਤ ਉੱਤੇ ਪਿਆਰ ਭਰੀ ਖੁਸ਼ੀ ਮਨਾਉਂਦਿਆਂ।

ਜਦੋਂ ਉਹ ਵਿਛੜੀਆਂ ਤਾਂ ਲਿਉਦਮੀਲਾ ਨੇ ਮਾਂ ਦੇ ਮੂੰਹ ਵੱਲ ਤੱਕਿਆ ਅਤੇ ਬੋਲੀ :

"ਪਤਾ ਜੇ, ਤੁਹਾਡੇ ਨਾਲ਼ ਹੋਣਾ ਕਿੰਨਾ ਚੰਗਾ ਏ!"

## 29

ਜਿਉਂ ਹੀ ਉਹਨੇ ਬਾਹਰ ਪੈਰ ਧਰਿਆ, ਠੰਢੀ ਹਵਾ ਨੇ ਸਖ਼ਤੀ ਨਾਲ਼ ਉਹਨੂੰ ਫੜ ਲਿਆ, ਉਹਦੇ ਗਲੇ ਵਿੱਚ ਘੁਸ ਗਈ, ਉਹਦੇ ਨੱਕ ਉੱਤੇ ਡੰਗ ਮਾਰੇ, ਉਹਦਾ ਸਾਹ ਰੋਕ ਦਿੱਤਾ। ਉਹ

ਰੁਕੀ ਅਤੇ ਆਪਣੇ ਆਲੇ-ਦੁਆਲੇ ਵੇਖਿਆ। ਮੋੜ ਉੱਤੇ ਇੱਕ ਦਰੋਸ਼ਕੀ ਵਾਲ਼ਾ ਇੱਕ ਜੱਤਲ ਟੋਪੀ ਪਾਈ ਖੜਾ ਸੀ; ਹੋਰ ਅੱਗੇ ਇੱਕ ਬੰਦਾ ਲਗਭਗ ਦੂਹਰਾ ਹੋਇਆ ਸੜਕ ਉੱਤੇ ਜਾ ਰਿਹਾ ਸੀ, ਅਤੇ ਉਹਦੇ ਅੱਗੇ-ਅੱਗੇ ਇੱਕ ਫ਼ੌਜੀ ਆਪਣੇ ਕੰਨ ਮਲਦਾ ਨੱਠਦਾ ਜਾ ਰਿਹਾ ਸੀ।

"ਫ਼ੌਜੀ ਨੂੰ ਕਿਸੇ ਦੁਕਾਨ 'ਤੇ ਭੇਜਿਆ ਗਿਆ ਹੋਣੈ," ਮਾਂ ਨੇ ਸੋਚਿਆ ਅਤੇ ਆਪਣੇ ਰਾਹ ਪੈ ਗਈ, ਉਹ ਆਪਣੇ ਪੈਰਾਂ ਹੇਠ ਬਰਫ਼ ਦੀ ਉੱਚੀ-ਉੱਚੀ ਕਰਿਚ-ਕਰਿਚ ਸੁਣ ਕੇ ਖੁਸ਼ ਹੋ ਰਹੀ ਸੀ। ਉਹ ਗੱਡੀ ਦੇ ਸਮੇਂ ਤੋਂ ਪਹਿਲਾਂ ਸਟੇਸ਼ਨ ਉੱਤੇ ਅੱਪੜ ਗਈ, ਪਰ ਗੰਦਾ, ਧੁਆਂਖਿਆ, ਤੀਜੇ ਦਰਜੇ ਦਾ ਮੁਸਾਫ਼ਰਖ਼ਾਨਾ ਲੋਕਾਂ ਨਾਲ਼ ਭਰਿਆ ਪਿਆ ਸੀ। ਠੰਢ ਨੇ ਪਟੜੀ 'ਤੇ ਕੰਮ ਕਰਨ ਵਾਲ਼ਿਆਂ ਨੂੰ ਅੰਦਰ ਧੱਕ ਦਿੱਤਾ ਸੀ, ਅਤੇ ਦਰੋਸ਼ਕੀ ਵਾਲ਼ਿਆਂ ਨੂੰ ਵੀ ਅਤੇ ਬਹੁਤ ਸਾਰੇ ਬੇਘਰ, ਭੈੜੇ ਕੱਪੜਿਆਂ ਵਾਲ਼ੇ ਲੋਕਾਂ ਨੂੰ ਵੀ। ਮੁਸਾਫਰ ਵੀ ਸਨ, ਜਿਨ੍ਹਾਂ ਵਿੱਚ ਕੁਝ ਕਿਸਾਨ ਸਨ, ਰੇਕੂਨ ਦੇ ਚਰੂ ਦਾ ਕੋਟ ਪਹਿਨੀ ਇੱਕ ਮੋਟਾ ਵਪਾਰੀ ਸੀ, ਇੱਕ ਪਾਦਰੀ ਅਤੇ ਮਾਤਾ ਦੇ ਦਾਗ਼ਾਂ ਵਾਲ਼ੀ ਉਹਦੀ ਧੀ ਸੀ, ਪੰਜ ਛੇ ਫ਼ੌਜੀ ਸਨ ਅਤੇ ਕੁਝ ਉਸਲਵੱਟ ਲੈਂਦੇ ਸ਼ਹਿਰੀਏ। ਲੋਕ ਸਿਗਰਟਾਂ ਪੀਂਦੇ ਅਤੇ ਗੱਲਾਂ ਕਰਦੇ, ਚਾਹ ਵੋਦਕਾ ਪੀਂਦੇ। ਜਿੱਥੇ ਖਾਣ ਪੀਣ ਦੀਆਂ ਸ਼ੈਆਂ ਵਿਕਦੀਆਂ ਸਨ, ਉੱਥੇ ਕੋਈ ਉੱਚੀ-ਉੱਚੀ ਹੱਸਿਆ; ਹਰ ਸ਼ੈਅ ਉੱਤੇ ਧੂੰ ਛਾਇਆ ਹੋਇਆ ਸੀ। ਜਦੋਂ ਦਰਵਾਜ਼ਾ ਖੁੱਲ੍ਹਦਾ ਤਾਂ ਉਹ ਚੀਂ-ਚੀਂ ਕਰਦਾ ਅਤੇ ਜਦੋਂ ਇਹ ਸ਼ੋਰ ਕਰਦਾ ਹੋਇਆ ਬੰਦ ਕੀਤਾ ਜਾਂਦਾ ਤਾਂ ਬਾਰੀਆਂ ਦੇ ਸ਼ੀਸ਼ੇ ਹਿਲਦੇ ਅਤੇ ਖੜ-ਖੜ ਕਰਦੇ। ਕਮਰੇ ਵਿੱਚ ਤੰਮਾਕੂ ਅਤੇ ਲੂਣੀ ਮੱਛੀ ਦੀ ਬੋ ਫੈਲੀ ਹੋਈ ਸੀ।

ਮਾਂ ਦਰਵਾਜ਼ੇ ਕੋਲ਼ ਇੱਕ ਉਘੜਵੀ ਥਾਂ 'ਤੇ ਬਹਿ ਗਈ ਅਤੇ ਉਡੀਕਣ ਲੱਗੀ। ਜਦੋਂ ਵੀ ਦਰਵਾਜ਼ਾ ਖੁੱਲ੍ਹਦਾ ਉਹਨੂੰ ਠੰਢੀ ਹਵਾ ਦਾ ਬੁੱਲ੍ਹਾ ਲੱਗਦਾ; ਇਹ ਗੱਲ ਉਹਨੂੰ ਚੰਗੀ ਲੱਗਦੀ ਅਤੇ ਹਰ ਵਾਰ ਉਹ ਡੀਕ ਲਾ ਕੇ ਇਹਦੇ ਲੰਮੇ ਘੁੱਟ ਭਰਦੀ। ਅਕਸਰ ਲੋਕਾਂ ਦੇ ਹੱਥਾਂ ਵਿੱਚ ਬੰਡਲ ਹੁੰਦੇ, ਉਹਨਾਂ ਭਾਰੇ ਕੱਪੜੇ ਪਹਿਨੇ ਹੁੰਦੇ ਜਿਨ੍ਹਾਂ ਕਰਕੇ ਉਹ ਦਰਵਾਜ਼ੇ ਵਿੱਚ ਅਵੈੜ ਢੰਗ ਨਾਲ਼ ਫਸ ਜਾਂਦੇ, ਗਾਹਲਾਂ ਕੱਢਦੇ ਅਤੇ ਉਹਨਾਂ ਨੂੰ ਫ਼ਰਸ਼ ਜਾਂ ਬੈਂਚਾਂ ਉੱਤੇ ਸੁੱਟਦੇ, ਆਪਣੀਆਂ ਬਾਹਾਂ ਅਤੇ ਕਾਲਰਾਂ, ਦਾੜ੍ਹੀਆਂ ਅਤੇ ਮੁੱਛਾਂ ਉੱਤੋਂ ਕੱਕਰ ਝਾੜਦੇ ਹੋਏ ਬੁੜ-ਬੁੜ ਕਰਦੇ।

ਗੂੜ੍ਹੇ ਬਦਾਮੀ ਰੰਗ ਦਾ ਸੂਟਕੇਸ ਫੜੀ ਇੱਕ ਜਵਾਨ ਅੰਦਰ ਆਇਆ, ਕਾਹਲੀ-ਕਾਹਲੀ ਆਲੇ-ਦੁਆਲੇ ਤੱਕਿਆ ਅਤੇ ਸਿੱਧਾ ਮਾਂ ਕੋਲ਼ ਗਿਆ।

"ਮਾਸਕੋ ਜਾ ਰਹੇ ਓ ?" ਉਹਨੇ ਨਿੰਮ੍ਹੀ ਅਵਾਜ਼ ਵਿੱਚ ਪੁੱਛਿਆ।

"ਹਾਂ, ਤਾਨੀਆ ਵੱਲ," ਮਾਂ ਨੇ ਜਵਾਬ ਦਿੱਤਾ।

"ਲਓ ਫਿਰ !"

ਉਹਨੇ ਸੂਟਕੇਸ ਬੈਂਚ ਉੱਤੇ ਮਾਂ ਕੋਲ਼ ਰੱਖ ਦਿੱਤਾ, ਸਿਗਰਟ ਲਾਈ, ਆਪਣਾ ਹੈਟ ਛੂਹਿਆ ਅਤੇ ਦੂਜੇ ਦਰਵਾਜ਼ੇ ਵਿੱਚੋਂ ਬਾਹਰ ਨਿਕਲ ਗਿਆ। ਮਾਂ ਨੇ ਸੂਟਕੇਸ ਦੇ ਠੰਢੇ ਚਮੜੇ ਨੂੰ ਪਲੋਸਿਆ, ਆਪਣੀ ਅਰਕ ਉਹਦੇ ਉੱਤੇ ਰੱਖੀ ਅਤੇ ਤਸੱਲੀ ਨਾਲ਼ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੇਖਣ ਲੱਗ ਪਈ। ਫਿਰ ਮਿੰਟ ਪਿੱਛੋਂ ਉਹ ਉੱਠੀ ਅਤੇ ਬਾਹਰ ਜਾਣ ਵਾਲ਼ੇ ਦਰਵਾਜ਼ੇ

ਕੋਲ਼ ਇਕ ਹੋਰ ਥਾਂ ਬਹਿ ਗਈ। ਉਹ ਸਿਰ ਉੱਚਾ ਕਰ ਕੇ ਚੱਲ ਰਹੀ ਸੀ, ਆਪਣੇ ਕੋਲ਼ੋਂ ਲੰਘਦੇ ਲੋਕਾਂ ਦੇ ਮੂੰਹਾਂ ਵਿੱਚ ਝਾਕਦੀ, ਸੂਟਕੇਸ ਨੂੰ, ਜਿਹੜਾ ਬਹੁਤਾ ਭਾਰੀ ਨਹੀਂ ਸੀ, ਸੌਖੇ ਹੀ ਚੁੱਕਦੀ ਹੋਈ।

ਛੋਟਾ ਕੋਟ ਪਹਿਨੀ, ਕਾਲਰ ਉੱਪਰ ਚੁੱਕੀ ਇੱਕ ਜਵਾਨ ਦੀ ਉਹਦੇ ਨਾਲ਼ ਟੱਕਰ ਹੋ ਗਈ। ਚੁੱਪ-ਚਾਪ ਉਹ ਇੱਕ ਪਾਸੇ ਹੋ ਗਿਆ ਅਤੇ ਆਪਣਾ ਹੱਥ ਆਪਣੇ ਹੈਟ ਵੱਲ ਚੁੱਕਿਆ। ਮਾਂ ਨੂੰ ਜਾਪਿਆ ਕਿ ਉਹ ਕੁਝ ਪਛਾਣਿਆ ਜਿਹਾ ਲੱਗਦਾ ਹੈ। ਉਹਨੇ ਮੁੜ ਕੇ ਵੇਖਿਆ, ਜਵਾਨ ਦੇ ਕਾਲਰ ਦੇ ਉੱਤੋਂ ਇੱਕ ਪੀਲ਼ੀ ਜਿਹੀ ਅੱਖ ਉਹਦੇ ਵੱਲ ਤਾੜ ਰਹੀ ਸੀ। ਉਹਦੀ ਤਾੜੀ ਕਿਸੇ ਛੁਰੀ ਦੀ ਚੋਭ ਜਿਹੀ ਸੀ; ਉਹਨੇ ਜਿਹੜੇ ਹੱਥ ਨਾਲ਼ ਸੂਟਕੇਸ ਫੜਿਆ ਹੋਇਆ ਸੀ ਉਹਦੇ ਵਿੱਚ ਕੜਵਲ ਜਿਹਾ ਪਿਆ, ਅਤੇ ਅਚਾਨਕ ਉਹਦਾ ਬੋਝ ਭਾਰਾ ਹੋ ਗਿਆ।

"ਮੈਂ ਉਹਨੂੰ ਪਹਿਲਾਂ ਕਿਧਰੇ ਵੇਖਿਐ," ਮਾਂ ਨੇ ਸੋਚਿਆ, ਇਸ ਵਿਚਾਰ ਨੂੰ ਉਸ ਅਸੁਖਾਵੇਂ ਅਨੁਭਵ ਦੀ ਥਾਂ ਦੇਂਦੇ ਹੋਏ ਜਿਹੜਾ ਜਵਾਨ ਦੀ ਤੱਕਣੀ ਨੇ ਉਹਦੇ ਵਿੱਚ ਪੈਦਾ ਕੀਤਾ ਸੀ, ਉਹ ਜਜ਼ਬੇ ਨੂੰ ਸਪਸ਼ਟ ਕਰਨੋਂ ਇਨਕਾਰ ਕਰਦੇ ਹੋਏ ਜਿਹੜਾ ਹੌਲ਼ੀ-ਹੌਲ਼ੀ ਪਰ ਅਮੋੜ ਤੌਰ 'ਤੇ ਉਹਦੇ ਦਿਲ ਨੂੰ ਯਖ਼ ਕਰੀ ਜਾ ਰਿਹਾ ਸੀ। ਪਰ ਇਹ ਵੱਧਦਾ ਗਿਆ ਅਤੇ ਉਹਦੇ ਗਲੇ ਵਿੱਚ ਉੱਭਰਿਆ, ਉਹਦੇ ਮੂੰਹ ਨੂੰ ਸੁੱਕੀ ਕੁੜੱਤਣ ਨਾਲ਼ ਭਰਦਾ ਹੋਇਆ। ਉਹ ਮੁੜ ਕੇ ਉਸ ਵੱਲ ਦੁਬਾਰਾ ਵੇਖਣੋਂ ਨਾ ਰਹਿ ਸਕੀ। ਉਹ ਉਸੇ ਥਾਂ ਖੜਾ ਸੀ, ਕਦੀ ਇੱਕ ਪੈਰ ਭਾਰ ਹੁੰਦਾ ਕਦੀ ਦੂਜੇ ਭਾਰ, ਜਿਵੇਂ ਉਹ ਸੋਚ ਰਿਹਾ ਹੋਵੇ ਕਿ ਹੁਣ ਕੀ ਕਰੇ। ਉਹਨੇ ਆਪਣਾ ਖੱਬਾ ਹੱਥ ਜੇਬ ਵਿੱਚ ਪਾਇਆ ਹੋਇਆ ਸੀ ਅਤੇ ਸੱਜਾ ਕੋਟ ਦੇ ਬਟਨਾਂ ਵਿੱਚ ਦਿੱਤਾ ਹੋਇਆ ਸੀ, ਜਿਸ ਨਾਲ਼ ਉਹਦਾ ਸੱਜਾ ਮੋਢਾ ਖੱਬੇ ਨਾਲ਼ੋਂ ਉੱਚਾ ਜਾਪਦਾ।

ਉਹ ਬੈਂਚ ਕੋਲ਼ ਗਈ ਅਤੇ ਹੌਲ਼ੀ ਜਿਹੇ ਅਤੇ ਧਿਆਨ ਨਾਲ਼ ਬਹਿ ਗਈ ਜਿਵੇਂ ਆਪਣੇ ਅੰਦਰੋਂ ਕੁਝ ਖੋਹਣੋਂ ਡਰਦੀ ਹੋਵੇ। ਆਪਣੇ ਤੌਖਲਿਆਂ ਦੇ ਦਬਾਅ ਹੇਠ ਉਹਨੇ ਆਪਣੀ ਯਾਦ ਨੂੰ ਫਰੋਲਿਆ ਅਤੇ ਉਹ ਦੋ ਅਵਸਰ ਯਾਦ ਕਰਨ ਵਿੱਚ ਸਫ਼ਲ ਹੋ ਗਈ ਜਦੋਂ ਉਹਨੇ ਇਸ ਬੰਦੇ ਨੂੰ ਪਹਿਲਾਂ ਵੇਖਿਆ ਸੀ : ਇੱਕ ਵਾਰ ਖੁੱਲ੍ਹੀ ਸਫ਼ੈਦ ਜ਼ਮੀਨ ਵਿੱਚ ਜਦੋਂ ਰੀਬਿਨ ਜੇਲ੍ਹ ਤੋਂ ਨੱਠਿਆ ਸੀ ਅਤੇ ਦੂਜੀ ਵਾਰ ਮੁਕੱਦਮੇ ਸਮੇਂ। ਅਦਾਲਤ ਵਿੱਚ ਉਹ ਉਸ ਪੁਲੀਸ ਅਫ਼ਸਰ ਦੇ ਕੋਲ਼ ਖੜਾ ਸੀ ਜਿਸਨੂੰ ਮਾਂ ਨੇ ਉਸ ਤੋਂ ਦੂਜੇ ਪਾਸੇ ਭੇਜਿਆ ਜਿਸ ਪਾਸੇ ਰੀਬਿਨ ਗਿਆ ਸੀ। ਉਹ ਸਮਝ ਗਈ ਕਿ ਉਹਦਾ ਪਿੱਛਾ ਕੀਤਾ ਜਾਂਦਾ ਰਿਹਾ ਸੀ। ਇਸ ਬਾਰੇ ਕੋਈ ਸ਼ੱਕ ਨਹੀਂ ਸੀ ਹੋ ਸਕਦਾ।

"ਫੜੀ ਗਈ ?" ਉਹਨੇ ਆਪਣੇ ਆਪ ਤੋਂ ਪੁੱਛਿਆ।

"ਸ਼ਾਇਦ ਅਜੇ ਨਹੀਂ," ਉਹਨੇ ਕੰਬਣੀ ਨਾਲ਼ ਜਵਾਬ ਦਿੱਤਾ।

"ਫੜੀ ਗਈ !" ਉਹਨੇ ਆਪਣੇ ਆਪ ਨੂੰ ਸੱਚ ਦਾ ਸਾਹਮਣਾ ਕਰਨ 'ਤੇ ਮਜ਼ਬੂਰ ਕਰਦੇ ਹੋਏ, ਛਿਣ ਭਰ ਪਿੱਛੋਂ ਕਿਹਾ।

ਉਸ ਬਿਨਾਂ ਕੁਝ ਵੇਖੇ ਆਲੇ-ਦੁਆਲੇ ਤੱਕਿਆ, ਜਦੋਂ ਕਿ ਚੰਗਿਆੜੀਆਂ ਵਾਂਗ ਵਿਚਾਰ ਉਹਦੇ ਮਨ ਵਿੱਚ ਉੱਡੇ ਅਤੇ ਬੁਝ ਗਏ।

"ਮੈਂ ਸੂਟਕੇਸ ਇੱਥੇ ਛੱਡ ਕੇ ਚਲੀ ਜਾਵਾਂ?"

ਇਹਦੀ ਥਾਂ ਇੱਕ ਵਧੇਰੇ ਲਿਸ਼ਕਦੀ ਚੰਗਿਆੜੀ ਨੇ ਲੈ ਲਈ।

"ਕੀ? ਆਪਣੇ ਪੁੱਤਰ ਦੇ ਬੋਲ ਛੱਡ ਜਾਵਾਂ? ਉਹਨਾਂ ਨੂੰ ਅਜਿਹੇ ਹੱਥਾਂ ਵਿੱਚ ਦੇ ਦੇਵਾਂ?"

ਉਹਨੇ ਸੂਟਕੇਸ ਘੁੱਟ ਕੇ ਫੜ ਲਿਆ।

"ਮੈਂ ਇਹ ਲੈ ਕੇ ਚਲੀ ਜਾਵਾਂ? ਨੱਠ ਜਾਵਾਂ?"

ਅਜਿਹੇ ਵਿਚਾਰ ਦੁਸ਼ਮਣ ਸਨ, ਜਿਹੜੇ ਬਾਹਰੋਂ ਉਹਦੇ ਉੱਤੇ ਠੋਸੇ ਗਏ ਸਨ। ਉਹ ਉਹਦੇ ਮਨ ਨੂੰ ਲੂੰਹਦੇ ਅਤੇ ਉਹਦੇ ਦਿਲ ਦੇ ਸੜਦੇ ਧਾਗਿਆਂ ਨਾਲ਼ ਤੋਪੇ ਭਰਦੇ। ਉਹਨਾਂ ਦੀ ਪੀੜ ਉਹਨੂੰ ਆਪਣੇ ਆਪ ਤੋਂ ਦੂਰ ਧੱਕ ਦੇਂਦੀ, ਪਾਵੇਲ ਤੋਂ ਅਤੇ ਉਸ ਸਭ ਕੁਝ ਤੋਂ ਪਰ੍ਹੇ ਕਰ ਦੇਂਦੀ ਜਿਹੜਾ ਉਹਨੂੰ ਪਿਆਰਾ ਲੱਗਣ ਲੱਗ ਪਿਆ ਸੀ। ਉਹਨੂੰ ਜਾਪਿਆ ਕਿ ਕੋਈ ਦੋਖੀ ਸ਼ੈ ਉਹਦੇ ਮੋਢਿਆਂ ਅਤੇ ਸੀਨੇ ਉੱਤੇ ਦਬਾ ਪਾ ਰਹੀ ਹੈ, ਮਾਰੂ ਡਰ ਨਾਲ਼ ਉਹਦਾ ਗਲ ਘੁੱਟ ਰਹੀ ਹੈ। ਉਹਦੀਆਂ ਪੁੜਪੁੜੀਆਂ ਦੀਆਂ ਨਾੜਾਂ ਜ਼ੋਰ-ਜ਼ੋਰ ਨਾਲ਼ ਫਰਕਣ ਲੱਗ ਪਈਆਂ ਅਤੇ ਉਹਨੂੰ ਜਾਪਿਆ ਕਿ ਨਿੱਘ ਉਹਦੇ ਵਾਲਾਂ ਦੀਆਂ ਜੜ੍ਹਾਂ ਤੱਕ ਖਿਸਕ ਆਇਆ ਹੈ।

ਅਚਾਨਕ, ਇੱਕੋ ਵਾਰ ਅਤਿ-ਅੰਤ ਜ਼ੋਰ ਲਾ ਕੇ, ਉਹਨੇ ਇਹਨਾਂ ਵਿਚਾਰਾਂ ਨੂੰ ਲਾਹ ਸੁੱਟਿਆ, ਇਹਨਾਂ ਸਭਨਾਂ ਨੀਚ, ਲਿਸੜ, ਨਿੱਕੀਆਂ ਚੰਗਿਆੜੀਆਂ ਨੂੰ ਮਧੋਲ ਦਿੱਤਾ ਅਤੇ ਬੜੇ ਹਾਕਮਾਨਾ ਢੰਗ ਨਾਲ਼ ਆਪਣੇ ਆਪ ਨੂੰ ਕਿਹਾ:

"ਤੈਨੂੰ ਸ਼ਰਮ ਆਉਣੀ ਚਾਹੀਦੀ ਵੇ!"

ਉਹ ਇੱਕ ਦਮ ਠੀਕ ਹੋ ਗਈ — ਅਸਲ ਵਿੱਚ ਦਲੇਰੀ ਨਾਲ਼ ਭਰ ਗਈ ਅਤੇ ਵਾਧਾ ਕੀਤਾ:

"ਆਪਣੇ ਪੁੱਤਰ ਦੇ ਮੱਥੇ ਕਲੰਕ ਨਾ ਲਾ! ਤੂੰ ਡਰਨਾ ਨਹੀਂ!"

ਉਹਦੀਆਂ ਅੱਖਾਂ ਦਾ ਇੱਕ ਸਾਹਮਣਾ ਇੱਕ ਬੇਰੰਗ, ਡਰਦੀ ਤੱਕਣੀ ਨਾਲ਼ ਹੋਇਆ। ਉਹਦੇ ਮਨ ਵਿੱਚ ਰੀਬਿਨ ਦੇ ਮੂੰਹ ਦਾ ਝਲਕਾਰਾ ਪਿਆ। ਜਕੋ ਤਕੇ ਦੇ ਕੁਝ ਛਿਣਾਂ ਨੇ ਉਹਨੂੰ ਵਧੇਰੇ ਪੱਕਿਆਂ ਕਰ ਦਿੱਤਾ ਜਾਪਦਾ ਸੀ। ਹੁਣ ਉਹਦਾ ਦਿਲ ਅਰਾਮ ਨਾਲ਼ ਧੜਕ ਰਿਹਾ ਸੀ।

"ਹੁਣ ਕੀ ਹੋਵੇਗਾ?" ਉਹਨੇ ਆਪਣੇ ਆਲੇ-ਦੁਆਲੇ ਵੇਖਦੇ ਹੋਏ ਕਿਹਾ।

ਜਾਸੂਸ ਨੇ ਸਟੇਸ਼ਨ ਦੇ ਇੱਕ ਪਹਿਰੇਦਾਰ ਨੂੰ ਬੁਲਾਇਆ ਅਤੇ ਅੱਖਾਂ ਨਾਲ਼ ਮਾਂ ਵੱਲ ਇਸ਼ਾਰਾ ਕਰਦੇ ਹੋਏ ਉਹਦੇ ਕੰਨ ਵਿੱਚ ਕੁਝ ਕਿਹਾ। ਪਹਿਰੇਦਾਰ ਨੇ ਜਾਸੂਸ ਵੱਲ ਵੇਖਿਆ ਅਤੇ ਪਿੱਛੇ ਹਟ ਗਿਆ। ਇੱਕ ਹੋਰ ਪਹਿਰੇਦਾਰ ਆਇਆ, ਜਾਸੂਸ ਦੀ ਗੱਲ ਸੁਣੀ ਅਤੇ ਘੂਰੀ ਵੱਟੀ। ਉਹ ਬੁੱਢਾ ਆਦਮੀ ਸੀ, ਲੰਮਾ, ਧੌਲ-ਸਿਰਾ, ਵਧੀ ਹੋਈ ਦਾੜ੍ਹੀ ਵਾਲ਼ਾ। ਉਹਨੇ ਜਾਸੂਸ ਵੱਲ ਸਿਰ ਹਿਲਾਇਆ ਅਤੇ ਬੈਂਚ ਦੇ ਨਾਲ਼-ਨਾਲ਼ ਉੱਧਰ ਆਇਆ ਜਿੱਥੇ ਮਾਂ ਬੈਠੀ ਸੀ। ਜਾਸੂਸ ਗ਼ਾਇਬ ਹੋ ਗਿਆ।

ਪਹਿਰੇਦਾਰ ਕਾਹਲ ਕੀਤੇ ਬਿਨਾਂ ਆਇਆ, ਘੂਰੀ ਵੱਟਦਾ ਅਤੇ ਮਾਂ ਵੱਲ ਵੇਖਦਾ। ਮਾਂ ਬੈਂਚ 'ਤੇ ਸਹਿਮ ਗਈ।

"ਬਸ ਜੇ ਉਹ ਮੈਨੂੰ ਕੁੱਟਣ ਨਾਂਹ!" ਮਾਂ ਨੇ ਸੋਚਿਆ।

ਉਹ ਮਾਂ ਦੇ ਸਾਹਮਣੇ ਰੁੱਕਿਆ ਅਤੇ ਇੱਕ ਮਿੰਟ ਕੁਝ ਨਾ ਕਿਹਾ।

"ਕੀ ਵੇਖਦੀ ਪਈ ਏਂ ?" ਅਖ਼ੀਰ ਪਹਿਰੇਦਾਰ ਨੇ ਕਰੜਾਈ ਨਾਲ਼ ਪੁੱਛਿਆ।

"ਕੁਝ ਨਹੀਂ।"

"ਇਹ ਗੱਲ ਏ ? ਚੋਰਨੀਏ ! ਐਸ ਉਮਰੇ ਇਹੋ ਜਿਹੇ ਕੰਮ !"

ਉਹਦੇ ਲਫ਼ਜ਼ ਮਾਂ ਦੇ ਮੂੰਹ 'ਤੇ ਵਜੇ — ਇੱਕ ਵਾਰ — ਦੋ ਵਾਰ ! ਉਹਨਾਂ ਦਾ ਖਰ੍ਹਵਾ ਖੋਰ ਉਸੇ ਤਰ੍ਹਾਂ ਦੁਖਦਾਈ ਸੀ ਜਿਵੇਂ ਉਹਨੇ ਉਹਦੀ ਗੱਲ੍ਹ ਚੀਰ ਦਿੱਤੀ ਹੋਵੇ ਜਾਂ ਉਹਦੀਆਂ ਅੱਖਾਂ ਕੱਢ ਲਈਆਂ ਹੋਣ।...

"ਮੈਂ ? ਮੈਂ ਚੋਰ ਨਹੀਂ ! ਤੂੰ ਝੂਠ ਬੋਲਦੈ !" ਮਾਂ ਨੇ ਪੂਰਾ ਜ਼ੋਰ ਲਾ ਕੇ ਕਿਹਾ ਅਤੇ ਉਹਦੇ ਆਲੇ-ਦੁਆਲੇ ਦੀ ਹਰ ਸ਼ੈ ਉਹਦੇ ਰੋਹ ਦੇ ਝੱਖੜ ਵਿੱਚ ਡੋਲਣ ਲੱਗ ਪਈ, ਉਹਦੇ ਦਿਲ ਨੂੰ ਗਿਲੇ ਦੀ ਕੁੜੱਤਣ ਨਾਲ਼ ਨਸ਼ਿਆਉਂਦੀ। ਮਾਂ ਨੇ ਸੂਟਕੇਸ ਨੂੰ ਖਿੱਚਿਆ ਅਤੇ ਉਹ ਖੁੱਲ੍ਹ ਗਿਆ।

"ਵੇਖੋ ! ਸਾਰੇ ਲੋਕ ਵੇਖੋ !" ਉਹ ਚੀਕੀ, ਛਾਲ ਮਾਰ ਕੇ ਖੜੀ ਹੋ ਗਈ ਅਤੇ ਇਸ਼ਤਿਹਾਰਾਂ ਦੀ ਇੱਕ ਮੁੱਠੀ ਆਪਣੇ ਸਿਰ ਉੱਤੇ ਲਹਿਰਾਈ। ਆਪਣੇ ਕੰਨਾਂ ਵਿੱਚ ਹੁੰਦੀ ਸਾਂ-ਸਾਂ ਵਿੱਚੋਂ ਉਹ ਉਹਨਾਂ ਲੋਕਾਂ ਦੀਆਂ ਕੂਕਾਂ ਸੁਣ ਸਕਦੀ ਸੀ ਜਿਹੜੇ ਨੱਠਦੇ ਹੋਏ ਸਭਨਾਂ ਪਾਸਿਆਂ ਤੋਂ ਆਏ ਸਨ।

"ਕੀ ਹੋਇਐ ?"

"ਔਧਰ — ਇੱਕ ਜਾਸੂਸ।..."

"ਕੀ ਕਿਹਾ ?"

"ਕਹਿੰਦੇ ਨੇ ਉਹ ਚੋਰ ਏ।..."

"ਤੇ ਵੇਖਣ ਨੂੰ ਐਨੀ ਸਾਊ ਜ਼ਨਾਨੀ ? 'ਚ, 'ਚ !"

"ਮੈਂ ਕੋਈ ਚੋਰ ਨਹੀਂ !" ਮਾਂ ਉੱਚੀ ਅਵਾਜ਼ ਵਿੱਚ ਕੂਕੀ, ਉਹਦੇ ਜਜ਼ਬਿਆਂ ਨੂੰ ਆਪਣੇ ਦੁਆਲੇ ਖੜੇ ਲੋਕਾਂ ਦੀ ਭੀੜ ਨੇ ਰੋਕ ਲਿਆ।

"ਕੱਲ੍ਹ ਸਿਆਸੀ ਕੈਦੀਆਂ ਦੇ ਮੁਕੱਦਮੇ ਦੀ ਸੁਣਵਾਈ ਹੋਈ ਸੀ ਤੇ ਮੇਰਾ ਪੁੱਤਰ ਪਾਵੇਲ ਵਲਾਸੋਵ ਉਹਨਾਂ ਵਿੱਚੋਂ ਇੱਕ ਸੀ। ਉਹਨੇ ਤਕਰੀਰ ਕੀਤੀ—ਐਹ ਜੇ ਉਹ ! ਮੈਂ ਇਹ ਲੋਕਾਂ ਤੱਕ ਲਿਜਾ ਰਹੀ ਵਾਂ ਤਾਂ ਜੁ ਉਹ ਇਹਨੂੰ ਪੜ੍ਹ ਲੈਣ ਅਤੇ ਸੱਚ ਜਾਣ ਲੈਣ।..."

ਕਿਸੇ ਨੇ ਬੜੇ ਝਕਦੇ-ਝਕਦੇ ਉਹਨਾਂ ਵਿੱਚੋਂ ਇੱਕ ਇਸ਼ਤਿਹਾਰ ਲਿਆ ਜਿਹੜੇ ਉਹ ਵੰਡ ਰਹੀ ਸੀ। ਉਹਨੇ ਉਹ ਹਵਾ ਵਿੱਚ ਲਹਿਰਾਏ ਅਤੇ ਲੋਕਾਂ ਵਿੱਚ ਸੁੱਟ ਦਿੱਤੇ।

"ਇਹਦੇ ਲਈ ਉਹ ਤੇਰੀ ਚੰਗੀ ਖ਼ਬਰ ਲੈਣਗੇ," ਇੱਕ ਡਰੀ ਹੋਈ ਅਵਾਜ਼ ਆਈ।

ਮਾਂ ਨੇ ਵੇਖਿਆ ਉਹ ਕਾਹਲੀ-ਕਾਹਲੀ ਇਸ਼ਤਿਹਾਰ ਚੁੱਕ ਰਹੇ ਸਨ ਅਤੇ ਆਪਣੇ ਕੋਟਾਂ ਅਤੇ ਆਪਣੀਆਂ ਜੇਬਾਂ ਵਿੱਚ ਤੂੜ ਰਹੇ ਸਨ। ਇਸ ਨਾਲ਼ ਉਹਦੇ ਵਿੱਚ ਨਵਾਂ ਬਲ ਆ ਗਿਆ। ਉਹ ਵਧੇਰੇ ਠਰ੍ਹੰਮੇ ਅਤੇ ਬਲ ਨਾਲ਼ ਬੋਲਣ ਲੱਗ ਪਈ, ਉਹ ਆਪਣੇ ਅੰਦਰ ਉਮਡ ਰਹੇ ਮਾਣ ਅਤੇ ਦਬੀ-ਦਬੀ ਖੁਸ਼ੀ ਬਾਰੇ ਚੇਤੰਨ ਸੀ। ਬੋਲਦੇ-ਬੋਲਦੇ ਉਹ ਸੂਟਕੇਸ ਵਿੱਚੋਂ ਕਾਹਲੀ-ਕਾਹਲੀ ਇਸ਼ਤਿਹਾਰ ਫੜਦੀ, ਉਹਨਾਂ ਨੂੰ ਸੱਜੇ ਖੱਬੇ ਸੁੱਟਦੀ, ਉਹਨਾਂ ਹੱਥਾਂ ਵਿੱਚ

ਜਿਹੜੇ ਉਤਾਵਲ ਨਾਲ਼ ਉਹਨਾਂ ਨੂੰ ਫੜ ਲੈਂਦੇ।

"ਪਤਾ ਜੇ ਉਹ ਮੇਰੇ ਪੁੱਤਰ ਅਤੇ ਉਹਦੇ ਮਿੱਤਰਾਂ ਨੂੰ ਕਚਹਿਰੀ ਕਿਉਂ ਲਿਆਏ। ਮੈਂ ਤੁਹਾਨੂੰ ਦੱਸਦੀ ਵਾਂ ਤੇ ਤੁਸੀਂ ਮਾਂ ਦੇ ਦਿਲ ਅਤੇ ਉਹਦੇ ਧੌਲੇ ਵਾਲਾਂ ਉੱਤੇ ਇਤਬਾਰ ਕਰ ਸਕਦੇ ਓ। ਉਹ ਉਹਨਾਂ ਨੂੰ ਬਸ ਇਸ ਕਰਕੇ ਹੀ ਕਚਹਿਰੀ ਲਿਆਏ ਕਿ ਉਹ ਲੋਕਾਂ ਨੂੰ ਸੱਚ ਦੱਸਦੇ ਸਨ! ਅਤੇ ਕੱਲ੍ਹ ਮੈਨੂੰ ਪਤਾ ਲੱਗਾ ਕਿ ਕੋਈ ਅਜਿਹਾ ਨਹੀਂ ਜਿਹੜਾ ਸੱਚ ਤੋਂ ਮੁਨਕਰ ਹੋ ਸਕੇ — ਕੋਈ ਵੀ ਨਹੀਂ!"

ਭੀੜ ਵੱਧ ਗਈ, ਘਣੀ ਹੁੰਦੀ ਜਾ ਰਹੀ ਸੀ ਅਤੇ ਚੁੱਪ ਸੀ, ਉਹਨਾਂ ਇਸਤਰੀ ਦੁਆਲੇ ਜਿਉਂਦੀਆਂ ਦੇਹਾਂ ਦਾ ਘੇਰਾ ਬਣਾਇਆ ਹੋਇਆ ਸੀ।

"ਗ਼ਰੀਬੀ, ਭੁੱਖ ਅਤੇ ਬਿਮਾਰੀ — ਲੋਕਾਂ ਨੂੰ ਆਪਣੇ ਕੰਮ ਤੋਂ ਇਹੋ ਕੁਝ ਮਿਲਦੈ! ਸਭ ਸਾਡੇ ਖ਼ਿਲਾਫ਼ ਨੇ — ਆਪਣੀ ਸਾਰੀ ਉਮਰ, ਨਿੱਤ ਦਿਹਾੜੀ ਅਸੀਂ ਆਪਣੇ ਬਲ ਦਾ ਅਖ਼ੀਰੀ ਕਿਣਕਾ ਕੰਮ ਨੂੰ ਦੇਂਦੇ, ਸਦਾ ਗੰਦੇ, ਸਦਾ ਮੁੱਠੇ, ਜਦੋਂ ਕਿ ਹੋਰ ਲੋਕ ਕੁੱਲ ਖ਼ੁਸ਼ੀ ਅਤੇ ਲਾਭ ਵਲ ਲੈਂਦੇ ਨੇ, ਸਾਨੂੰ ਅਗਿਆਨਤਾ ਵਿੱਚ ਜ਼ੰਜੀਰ ਨਾਲ਼ ਬੰਨ੍ਹੇ ਕੁੱਤਿਆਂ ਵਾਂਗ ਰੱਖਦੇ ਨੇ — ਅਸੀਂ ਕੁਝ ਨਹੀਂ ਜਾਣਦੇ, ਸਾਨੂੰ ਡਰਾਈ ਰੱਖਦੇ ਨੇ — ਅਸੀਂ ਹਰ ਸ਼ੈਅ ਤੋਂ ਡਰਦੇ ਵਾਂ! ਸਾਡੀਆਂ ਜ਼ਿੰਦਗੀਆਂ ਬਸ ਇੱਕ ਲੰਮੀ, ਹਨੇਰੀ ਰਾਤ ਨੇ!"

"ਸੱਚੀ ਗੱਲ ਏ!" ਫਿੱਕਾ ਜਿਹਾ ਹੁੰਗਾਰਾ ਆਇਆ।

"ਇਹਦਾ ਮੂੰਹ ਬੰਦ ਕਰ!"

ਮਾਂ ਨੇ ਵੇਖਿਆ ਭੀੜ ਦੇ ਪਿੱਛੇ ਜਾਸੂਸ ਅਤੇ ਦੋ ਜੈਨਡਾਰਮ ਸਨ ਅਤੇ ਉਹਨੇ ਅਖ਼ੀਰੀ ਇਸ਼ਤਿਹਾਰ ਵੰਡਣ ਦੀ ਕਾਹਲ ਕੀਤੀ। ਪਰ ਜਦੋਂ ਉਹਨੇ ਸੂਟਕੇਸ ਵਿੱਚ ਹੱਥ ਪਾਇਆ ਤਾਂ ਉਹ ਕਿਸੇ ਹੋਰ ਦੇ ਹੱਥ ਨੂੰ ਲੱਗਿਆ।

"ਲੈ ਲਓ, ਲੈ ਲਓ," ਉਹ ਝੁਕੀ ਹੋਈ ਬੋਲੀ।

"ਚਲੋ, ਨੱਠੋ ਇੱਥੋ!" ਜੈਨਡਾਰਮਾਂ ਨੇ ਧੱਕੇ ਮਾਰ ਕੇ ਲੋਕਾਂ ਨੂੰ ਇੱਕ ਪਾਸੇ ਕਰਦੇ ਹੋਏ ਕਿਹਾ। ਲੋਕ ਰੁਕਦੇ-ਰੁਕਦੇ ਰਾਹ ਛੱਡੀ ਗਏ, ਜੈਨਡਾਰਮਾਂ ਨਾਲ਼ ਖਹਿਸਰਦੇ, ਉਹਨਾਂ ਨੂੰ ਪਿੱਛੇ ਰੋਕਦੇ ਹੋਏ, ਸ਼ਾਇਦ ਅਜਿਹਾ ਕਰਨਾ ਚਾਹੁਣ ਤੋਂ ਬਿਨਾਂ ਵੀ। ਲੋਕ ਇਸ ਧੌਲ-ਸਿਰੀ ਦਿਆਲ ਮੂੰਹ ਵਿੱਚ ਵੱਡੀਆਂ ਖਰੀਆਂ ਅੱਖਾਂ ਵਾਲ਼ੀ ਇਸਤਰੀ ਵੱਲ ਅਮੋੜ ਤੌਰ 'ਤੇ ਖਿੱਚੇ ਆਏ ਸਨ। ਜ਼ਿੰਦਗੀ ਵਿੱਚ ਵੱਖ-ਵੱਖ, ਇੱਕ ਦੂਜੇ ਨਾਲ਼ੋਂ ਪਾਟੇ, ਹੁਣ ਉਹਨਾਂ ਆਪਣੇ ਆਪ ਨੂੰ ਇੱਥੇ ਇਕੱਠੇ ਵੇਖਿਆ, ਡੂੰਘੇ ਨਿਸ਼ਚੇ ਨਾਲ਼ ਉਹਨਾਂ ਸ਼ਬਦਾਂ ਨੂੰ ਸੁਣਦੇ ਜਿਹੜੇ ਜ਼ਿੰਦਗੀ ਦੀ ਬੇਇਨਸਾਫ਼ੀ ਹੱਥੋਂ ਸਤਾਏ ਸ਼ਾਇਦ ਉਹਨਾਂ ਵਿੱਚੋਂ ਕਈ ਚਿਰਾਂ ਤੋਂ ਲੱਭਦੇ ਰਹੇ ਸਨ। ਜਿਹੜੇ ਉਹਦੇ ਸਭ ਤੋਂ ਨੇੜੇ ਸਨ ਉਹ ਚੁੱਪ ਖੜੇ ਸਨ, ਉਹਨਾਂ ਦੀਆਂ ਅੱਖਾਂ ਉਤਾਵਲੀ ਇਕਾਗਰਤਾ ਨਾਲ਼ ਉਹਦੇ ਉੱਤੇ ਲੱਗੀਆਂ ਹੋਈਆਂ ਸਨ ਅਤੇ ਮਾਂ ਨੂੰ ਉਹਨਾਂ ਦਾ ਨਿੱਘਾ ਸਾਹ ਆਪਣੇ ਮੂੰਹ ਉੱਤੇ ਲੱਗਦਾ ਜਾਪਦਾ।

"ਚੱਲ ਬੁੱਢੀਏ!"

"ਹੋਰ ਮਿੰਟ ਕੁ ਨੂੰ ਉਹਨਾਂ ਤੈਨੂੰ ਬੋਚ ਲੈਣੈ!"

"ਕਿੰਨੀ ਦਲੇਰ ਜ਼ਨਾਨੀ ਏ!"

"ਚਲੋ ਨੱਠੋ ਇੱਥੋਂ! ਆਪਣੀ-ਆਪਣੀ ਥਾਂ ਜਾਓ!" ਜੈਨਡਾਰਮਾਂ ਨੇ ਧੱਕੇ ਮਾਰ ਕੇ ਅੱਗੇ ਵੱਧਦੇ ਹੋਏ ਕਿਹਾ। ਮਾਂ ਦੇ ਸਾਹਮਣੇ ਖੜ੍ਹੇ ਲੋਕ ਹਿੱਲੇ ਅਤੇ ਇੱਕ ਦੂਜੇ ਨੂੰ ਫੜ ਲਿਆ।

ਮਾਂ ਨੂੰ ਮਹਿਸੂਸ ਹੋਇਆ ਕਿ ਉਹ ਉਹਦੀ ਗੱਲ ਸਮਝਣ ਅਤੇ ਇਹਦੇ ਉੱਤੇ ਇਤਬਾਰ ਕਰਨ ਲਈ ਤਿਆਰ ਸਨ ਅਤੇ ਉਹ ਕਾਹਲ ਕਰਦੀ ਅਤੇ ਜੋ ਕੁਝ ਉਹ ਜਾਣਦੀ ਸੀ ਉਨ੍ਹਾਂ ਨੂੰ ਦੱਸਣਾ ਚਾਹੁੰਦੀ ਸੀ, ਉਹ ਸਾਰੇ ਵਿਚਾਰ ਜਿਨ੍ਹਾਂ ਦਾ ਬਲ ਉਹਨੇ ਮਹਿਸੂਸ ਕੀਤਾ ਸੀ। ਉਹ ਉਹਦੇ ਦਿਲ ਦੀਆਂ ਡੂੰਘਾਈਆਂ ਵਿੱਚੋਂ ਸੌਖ ਨਾਲ਼ ਉੱਠੇ ਅਤੇ ਇੱਕ ਗੀਤ ਬਣ ਗਏ, ਪਰ ਉਹਨੇ ਇੱਕ ਚੀਸ ਨਾਲ਼ ਮਹਿਸੂਸ ਕੀਤਾ ਕਿ ਉਹ ਇਹ ਗੀਤ ਗਾ ਨਹੀਂ ਸੀ ਸਕਦੀ—ਉਹਦੀ ਅਵਾਜ਼ ਭਰੜਾਈ ਅਤੇ ਤਿੜਕੀ ਹੋਈ ਸੀ।

"ਮੇਰੇ ਪੁੱਤਰ ਦੀ ਗੱਲ ਇੱਕ ਅਜਿਹੇ ਕਿਰਤੀ ਦੀ ਇਮਾਨਦਾਰ ਗੱਲ ਵੇ ਜਿਸਨੇ ਆਪਣੀ ਰੂਹ ਵੇਚੀ ਨਹੀਂ! ਤੁਸੀਂ ਉਹਦੀ ਦਲੇਰੀ ਤੋਂ ਇਮਾਨਦਾਰ ਗੱਲ ਪਛਾਣ ਸਕਦੇ ਓ।"

ਡਰ ਅਤੇ ਵਿਸਮਾਦ ਨਾਲ਼ ਭਰੀਆਂ ਦੋ ਜਵਾਨ ਅੱਖਾਂ ਉਹਦੇ ਉੱਤੇ ਟਿਕੀਆਂ ਹੋਈਆਂ ਸਨ।

ਕਿਸੇ ਨੇ ਉਹਨੂੰ ਸੀਨੇ ਵਿੱਚ ਮਾਰਿਆ ਅਤੇ ਉਹ ਬੈਂਚ ਉੱਤੇ ਡਿੱਗ ਪਈ। ਜੈਨਡਾਰਮਾਂ ਦੀਆਂ ਬਾਹਾਂ ਲੋਕਾਂ ਦੇ ਸਿਰਾਂ ਉੱਪਰ ਲਹਿਰਾਈਆਂ, ਕਾਲਰ ਅਤੇ ਮੋਢੇ ਫੜਦੀਆਂ, ਲੋਕਾਂ ਨੂੰ ਪਾਸੇ ਕਰਦੀਆਂ, ਟੋਪੀਆਂ ਖੋਹਦੀਆਂ ਅਤੇ ਉਹਨਾਂ ਨੂੰ ਕਮਰੇ ਦੇ ਦੂਜੇ ਪਾਸੇ ਸੁੱਟਦੀਆਂ। ਮਾਂ ਦੀਆਂ ਅੱਖਾਂ ਸਾਹਮਣੇ ਹਰ ਸ਼ੈਅ ਘੁੰਮਣ ਲੱਗ ਪਈ, ਪਰ ਉਹਨੇ ਆਪਣੀ ਬਚੀ-ਖੁਚੀ ਅਵਾਜ਼ ਨਾਲ਼ ਉੱਚੀ ਉੱਚੀ ਬੋਲਣ ਲਈ ਆਪਣੀ ਕਮਜ਼ੋਰੀ ਉੱਤੇ ਕਾਬੂ ਪਾ ਲਿਆ ਅਤੇ ਕਿਹਾ:

"ਲੋਕੋ ਇੱਕਮੁਠ ਹੋ ਜਾਓ, ਇੱਕ ਬਲਵਾਨ ਸ਼ਕਤੀ ਵਿੱਚ!"

ਇੱਕ ਜੈਨਡਾਰਮ ਨੇ ਵੱਡ ਮਾਸਲ ਹੱਥ ਨਾਲ਼ ਉਹਨੂੰ ਗਲਮੇ ਤੋਂ ਫੜ ਲਿਆ ਅਤੇ ਝੰਝੋੜਿਆ।

"ਮੂੰਹ ਬੰਦ ਕਰ!"

ਉਹਦਾ ਸਿਰ ਕੰਧ ਨਾਲ਼ ਲੱਗਾ; ਇੱਕ ਸਕਿੰਟ ਲਈ ਡਰ ਦਾ ਸਾੜਵਾਂ ਧੂੰ ਉਹਦੇ ਦਿਲ ਵਿੱਚ ਉੱਠਿਆ, ਪਰ ਹਿੰਮਤ ਫਿਰ ਭੜਕੀ, ਧੂੰ ਨੂੰ ਪਰ੍ਹਾਂ ਧੱਕਦੀ।

"ਟੁਰਦੇ ਹੋਵੋ!" ਜੈਨਡਾਰਮ ਨੇ ਕਿਹਾ।

"ਕਿਸੇ ਗੱਲੋਂ ਡਰੋ ਨਹੀਂ! ਜਿਹੜੀਆਂ ਜ਼ਿੰਦਗੀਆਂ ਤੁਸੀਂ ਜਿਊਂ ਰਹੇ ਓ ਉਸ ਤੋਂ ਭੈੜਾ ਕੁਝ ਨਹੀਂ ਹੋ ਸਕਦਾ।..."

"ਮੈਂ ਤੈਨੂੰ ਕਿਹੈ ਬਕ-ਬਕ ਬੰਦ ਕਰ!"

ਜੈਨਡਾਰਮ ਨੇ ਉਹਦੀ ਬਾਂਹ ਫੜ ਲਈ ਅਤੇ ਉਹਨੂੰ ਝੰਝੋੜਿਆ। ਇੱਕ ਹੋਰ ਜੈਨਡਾਰਮ ਨੇ ਉਹਦੀ ਦੂਜੀ ਬਾਂਹ ਫੜ ਲਈ ਅਤੇ ਇਕੱਠੇ ਤਿੱਖੇ ਕਦਮ ਪੁੱਟਦੇ ਉਹ ਉਹਨੂੰ ਉੱਥੋਂ ਲੈ ਚੱਲੇ।

"...ਉਸ ਕੁੜੱਤਣ ਨਾਲ਼ੋਂ ਜਿਹੜੀ ਹਰ ਰੋਜ਼ ਤੁਹਾਡੇ ਦਿਲ ਨੂੰ ਖਾਈ ਜਾਂਦੀ ਵੇ, ਤੁਹਾਡੀ

ਰੂਹ ਨੂੰ ਕੁਤਰਦੀ ਵੇ!"

ਜਾਸੂਸ ਉਹਦੇ ਅੱਗੇ-ਅੱਗੇ ਨੱਠ ਰਿਹਾ ਸੀ, ਆਪਣਾ ਮੁੱਕਾ ਉਹਦੇ ਮੂੰਹ ਸਾਹਮਣੇ ਹਿਲਾਉਂਦਾ।

"ਤੂੰ ਚੁੱਪ ਕਰਨੀ ਏਂ ਕਿ ਨਹੀਂ ਕੁੱਤੀਏ!" ਉਹ ਕੂਕਿਆ।

ਮਾਂ ਦੀਆਂ ਅੱਖਾਂ ਲਿਸ਼ਕਦੀਆਂ ਅਤੇ ਚੌੜ-ਚੁੱਪਟ ਖੁੱਲ੍ਹ ਗਈਆਂ ਅਤੇ ਉਹਦੇ ਬੁੱਲ੍ਹ ਕੰਬੇ। "ਉਹ ਮੇਰੀ ਰੂਹ ਨੂੰ ਕਤਲ ਨਹੀਂ ਕਰ ਸਕਦੇ—ਮੇਰੀ ਜਿਊਂਦੀ ਰੂਹ ਨੂੰ!" ਉਹ ਕੂਕੀ, ਆਪਣੇ ਪੈਰ ਤਿਲਕਵੇਂ ਪੱਥਰ ਦੇ ਫ਼ਰਸ਼ ਉੱਤੇ ਗੱਡ ਕੇ।

"ਸਾਲੀ ਕੁੱਤੀ!"

ਜਾਸੂਸ ਨੇ ਉਹਦੇ ਮੂੰਹ 'ਤੇ ਇੱਕ ਜੜੀ।

"ਇਸ ਨਾਲ਼ ਇਸੇ ਤਰ੍ਹਾਂ ਹੋਣੀ ਚਾਹੀਦੀ ਏ, ਬੁੱਢੀ ਫਾਫਾਂ," ਇੱਕ ਖੋਰੀ ਅਵਾਜ਼ ਆਈ।

ਇੱਕ ਛਿਣ ਲਈ ਕਿਸੇ ਕਾਲ਼ੀ ਅਤੇ ਲਾਲ ਸ਼ੈਅ ਨੇ ਮਾਂ ਨੂੰ ਅੰਨ੍ਹਾ ਕਰ ਦਿੱਤਾ ਅਤੇ ਲਹੂ ਦੇ ਲੂਣੇ ਸਵਾਦ ਨਾਲ਼ ਉਹਦਾ ਮੂੰਹ ਭਰ ਗਿਆ।

ਨਿੱਕੀਆਂ-ਨਿੱਕੀਆਂ ਤਿੱਖੀਆਂ ਕੂਕਾਂ ਨੇ ਉਹਨੂੰ ਹੋਸ਼ ਵਿੱਚ ਲਿਆਂਦਾ।

"ਹੁਣ ਉਹਨੂੰ ਹੱਥ ਲਾ ਕੇ ਵੇਖ!"

"ਆ ਜਾਓ, ਜਣਿਓ!"

"ਕੁੱਤੇ, ਹਰਾਮਜ਼ਾਦੇ!"

"ਜੜੋ ਸਾਲੇ ਨੂੰ ਇੱਕ!"

"ਉਹ ਸਾਡੇ ਮਨਾਂ ਨੂੰ ਖ਼ੂਨੀ ਨਹੀਂ ਬਣਾ ਸਕਦੇ!"

ਉਹਨਾਂ ਮਾਂ ਨੂੰ ਪਿੱਠ ਤੋਂ, ਗਰਦਨ ਤੋਂ ਧੱਕਿਆ, ਮੋਢਿਆਂ ਅਤੇ ਸਿਰ ਉੱਤੇ ਕੁੱਟਿਆ; ਚੀਕਾਂ, ਵੈਣਾਂ ਅਤੇ ਸੀਟੀਆਂ ਦੇ ਝੱਖੜ ਵਿੱਚ ਹਰ ਸ਼ੈਅ ਚਮਕਦੀ ਅਤੇ ਘੁੰਮੀ, ਕੋਈ ਖੁੰਢੀ ਅਤੇ ਬੋਲਾ ਕਰਨ ਵਾਲ਼ੀ ਸ਼ੈਅ ਮਾਂ ਦੇ ਕੰਨ ਵਿੱਚ ਵੱਜੀ, ਉਹਦੇ ਗਲੇ ਨੂੰ ਭਰ ਦਿੱਤਾ, ਉਹਦਾ ਸੰਘ ਘੁੱਟ ਦਿੱਤਾ, ਉਹਦੇ ਪੈਰਾਂ ਹੇਠੋਂ ਫ਼ਰਸ਼ ਨਿਕਲ ਗਿਆ, ਉਹਦੇ ਗੋਡੇ ਰਹਿ ਗਏ, ਪੀੜ ਦੀਆਂ ਤਿੱਖੀਆਂ ਤਰਾਟਾਂ ਕਾਰਨ ਉਹਦੀ ਦੇਹ ਕੰਬ ਰਹੀ ਸੀ, ਉਹਦਾ ਸਰੀਰ ਭਾਰਾ ਹੋ ਗਿਆ, ਉਹ ਨਿਤਾਣੀ ਹੋਈ ਝੂਲੀ। ਪਰ ਉਹਦੀਆਂ ਅੱਖਾਂ ਦੀ ਚਮਕ ਨਾ ਗਈ। ਅਤੇ ਉਹਨੇ ਹੋਰ ਅੱਖਾਂ ਵੇਖੀਆਂ, ਉਹ ਸੱਭੇ ਉਸ ਤਿੱਖੀ ਦਲੇਰ ਅੱਗ ਨਾਲ਼ ਚਮਕ ਰਹੀਆਂ ਸਨ ਜਿਸ ਤੋਂ ਉਹ ਚੰਗੀ ਤਰ੍ਹਾਂ ਜਾਣੂ ਸੀ।

ਉਹਨਾਂ ਉਹਨੂੰ ਇੱਕ ਦਰਵਾਜ਼ੇ ਵਿੱਚੋਂ ਅੰਦਰ ਧੱਕਾ ਦੇ ਦਿੱਤਾ।

ਮਾਂ ਨੇ ਆਪਣੀ ਇੱਕ ਬਾਹ ਛੁਡਾ ਲਈ ਅਤੇ ਦਰਵਾਜ਼ੇ ਦੀ ਬਾਹੀ ਨੂੰ ਫੜ ਲਿਆ।

"ਰੱਤ ਦਾ ਸਮੁੰਦਰ ਵੀ ਸੱਚ ਨੂੰ ਗਰਕ ਨਹੀਂ ਕਰ ਸਕਦਾ!..."

ਉਹਨਾਂ ਉਹਦੇ ਹੱਥ ਉੱਤੇ ਸੱਟ ਮਾਰੀ।

"ਤੁਸੀਂ ਮੂਰਖ ਤਾਂ ਹੋ ਈ, ਤੁਸੀਂ ਸਾਡੇ ਦਿਲਾਂ ਵਿੱਚ ਵਧੇਰੇ ਨਫ਼ਰਤ ਹੀ ਜਗਾ ਸਕਦੇ ਓ! ਅਤੇ ਇਹ ਸਾਰੀ ਤੁਹਾਡੇ ਸਿਰਾਂ ਉੱਤੇ ਪਵੇਗੀ!"

ਇੱਕ ਜੈਨਡਾਰਮ ਨੇ ਉਹਦੀ ਸੰਘੀ ਫੜ ਲਈ ਅਤੇ ਉਹਦਾ ਗਲਾ ਘੁੱਟਣ ਲੱਗ ਪਿਆ।
"ਭੈੜੇ ਚੰਦਰੇ ਲੋਕ।..." ਉਹਨੇ ਉੱਭਾ ਸਾਹ ਲਿਆ।
ਕਿਸੇ ਨੇ ਹਉਕਾ ਲੈ ਕੇ ਹੁੰਗਾਰਾ ਭਰਿਆ।

**1907**

• • •


## ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | |
|---|---|
| 1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ) | 80.00 |
| 2. ਮੇਰੇ ਸ਼ਗਿਰਦੀ ਦੇ ਦਿਨ (ਨਾਵਲ) (ਮੈਕਸਿਮ ਗੋਰਕੀ) | 100.00 |
| 3. ਮੇਰੇ ਵਿਸ਼ਵ-ਵਿਦਿਆਲੇ (ਨਾਵਲ) (ਮੈਕਸਿਮ ਗੋਰਕੀ) | 70.00 |
| 4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ) | 20.00 |
| 5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15.00 |
| 6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15.00 |
| 7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10.00 |
| 8. ਪਹਿਲਾ ਅਧਿਆਪਕ (ਨਾਵਲੈੱਟ—ਚੰਗੀਜ਼ ਆਇਤਮਾਤੋਵ) | 20.00 |
| 9. ਸ਼ੋਲੋਖੋਵ ਦੀਆਂ ਕਹਾਣੀਆਂ | 30.00 |
| 10. ਸ਼ਾਂਤ ਸਰਘੀ ਵੇਲਾ (ਨਾਵਲ—ਬੋਰਿਸ ਵਾਸੀਲਿਯੇਵ) | 30.00 |
| 11. ਭਾਂਜ (ਨਾਵਲ—ਐਲੈਗਜ਼ਾਂਦਰ ਫ਼ਦੇਯੇਵ) | 100.00 |
| 12. ਫ਼ੌਲਾਦੀ ਹੜ੍ਹ (ਨਾਵਲ—ਅਲੈਗਜ਼ਾਂਦਰ ਸਰਾਫ਼ੀਮੋਵਿਚ) | 100.00 |
| 13. ਇਕਤਾਲ਼ੀਵਾਂ (ਨਾਵਲੈੱਟ—ਬੋਰਿਸ ਲਵਰੇਨਿਓਵ) | 30.00 |

## ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਨਵੀਆਂ ਕਿਤਾਬਾਂ

| | |
|---|---|
| 1. ਅਸਲੀ ਇਨਸਾਨ ਦੀ ਕਹਾਣੀ (ਬੋਰਿਸ ਪੋਲੇਵੋਈ) | 200.00 |
| 2. ਪੀਲ਼ੇ ਦੈਂਤ ਦਾ ਸ਼ਹਿਰ (ਮੈਕਸਿਮ ਗੋਰਕੀ) | 80.00 |
| 3. ਸਾਹਿਤ ਬਾਰੇ (ਮੈਕਸਿਮ ਗੋਰਕੀ) | 200.00 |
| 4. ਮਾਂ (ਮੈਕਸਿਮ ਗੋਰਕੀ) | 150.00 |
| 5. ਅੱਠੇ ਪਹਿਰ (ਕਹਾਣੀਆਂ) | 125.00 |

**‘ਦਸਤਕ ਪ੍ਰਕਾਸ਼ਨ’** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ ’ਤੇ ਅੱਗੇ ਵੱਧ ਰਿਹਾ ਹੈ।



ਮੈਕਸਿਮ ਗੋਰਕੀ

ਦਸਤਕ ਪ੍ਰਕਾਸ਼ਨ
ਲੁਧਿਆਣਾ

ਕੀਮਤ
₹ 150